ੴ ਸਤਿਗੁਰ ਪ੍ਰਸਾਦਿ ॥

# ਸਿੱਖ ਧਰਮ ਦੀਆਂ ਬੁਨਿਆਦਾਂ

—ਕ੍ਰਿਤ—


## ਨਰੈਣ ਸਿੰਘ



ਪ੍ਰਕਾਸ਼ਕ :–ਡਾ.ਇੰਦਰਜੀਤ ਕੌਰ

ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)

ਅੰਮ੍ਰਿਤਸਰ ।

ਫ਼ੋਨ ਨੂੰ : 0183-2584586, 2584713, ਫੈਕਸ :0183-2584586

ਪੂਰਨ ਪ੍ਰਿੰਟਿੰਗ ਪ੍ਰੈਸ, ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ,

ਜੀ.ਟੀ.ਰੋਡ, ਅੰਮ੍ਰਿਤਸਰ ।

ਦਸੰਬਰ 2015 ਨੂੰ ਛਪੀ 5,000


## ਮੁੱਖ–ਬੰਦ

ਮੁਫ਼ਤ ਵੰਡੀ ਜਾਣ ਲਈ ਛਾਪੀ ਗਈ ਇਹ ਪੁਸਤਕ ਸਕੂਲਾਂ, ਕਾਲਜਾਂ, ਗੁਰਦੁਆਰਿਆਂ ਦੇ ਗ੍ਰੰਥੀ ਸਿੰਘਾਂ, ਰਾਗੀ ਸਿੰਘਾਂ, ਢਾਡੀ ਸਿੰਘਾਂ ਤੇ ਲਾਇਬ੍ਰੇਰੀਆਂ ਲਈ ਉਚੇਚੇ ਤੌਰ 'ਤੇ ਦਿੱਤੇ ਜਾਣ ਵਾਲੀ ਹੈ ।

ਵਾਹਿਗੁਰੂ ਨੇ ਮੈਨੂੰ ਧਾਰਮਿਕ ਪੁਸਤਕਾਂ, ਕਿਤਾਬਚਿਆਂ ਤੇ ਇਸ਼ਤਿਹਾਰਾਂ ਨੂੰ ਮੁਫ਼ਤ ਵੰਡਣ ਦੀ ਹਨੇਰੀ ਚਲਾਉਣ ਦਾ ਚਾਅ ਬਖ਼ਸ਼ਿਆ ਹੈ। ਗੁਰੂ ਘਰ ਦੀਆਂ ਸੰਗਤਾਂ ਮੈਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬੂਹੇ ਅੱਗੇ ਬੈਠੇ ਨੂੰ ਇਹ ਹਨੇਰੀ ਚਲਾਉਣ ਦੀ ਸਮਰੱਥਾ (ਦਾਨ ਦੇ ਗੱਫਿਆਂ ਨਾਲ) ਬਖ਼ਸ਼ ਰਹੀਆਂ ਹਨ । ਇਹ ਹਨੇਰੀ ਤਾਂ ਹੀ ਵਗਦੀ ਤੇ ਵਧਦੀ ਰਹਿ ਸਕਦੀ ਹੈ ਜੇਕਰ ਗੁਰੂ ਦਾ ਹਰ ਸਿੱਖ, ਸਿੱਖੀ ਦੀ ਰਹਿਤ-ਮਰਯਾਦਾ ਨੂੰ ਮੰਨਦਾ ਹੋਇਆ ਆਪਣੀ ਕਮਾਈ ਵਿਚੋਂ ਗੁਰੂ ਕੀ ਗੋਲਕ ਦਾ ਦਸਵੰਧ ਕੱਢਣ ਦਾ ਉਸੇ ਤਰ੍ਹਾਂ ਫ਼ਿਕਰ ਕਰੇ ਜਿਸ ਤਰ੍ਹਾਂ ਉਹ ਆਪਣੇ ਘਰ ਵਿਚ ਆਟੇ ਦਾਲ ਦਾ ਫ਼ਿਕਰ ਕਰਦਾ ਹੈ ।

**ਨੰਦ ਲਾਲ ਤੁਮ ਬਚ ਸੁਣੋ ਸਿਖ ਕਰਮ ਹੈ ਇਹ ।**<br>
**ਨਾਮ ਦਾਨ ਇਸ਼ਨਾਨ ਬਿਨ ਕਰੈ ਨ ਅੰਨ ਸਿਓ ਨੇਹ ।**<br>
**ਦਸਵੰਧ ਗੁਰੂ ਨਹਿ ਦੇਵਈ, ਝੂਠ ਬੋਲ ਜੋ ਖਾਇ ।**<br>
**ਕਹੈ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੁ ਨਾ ਬਿਸਾਇ ।**<br>
**ਅਤਿਥਿ ਦੇਖ ਨਾਹਿ ਦੇਵੇ ਦਾਨ ।**<br>
**ਸੋ ਨਹਿ ਪਾਵੈ ਦਰਗਹਿ ਮਾਨ ।**

**(ਰਹਿਤਨਾਮਾ ਭਾਈ ਨੰਦ ਲਾਲ ਜੀ)**

ਹੁਣ ਤਕ ਇਸ ਪੁਸਤਕ ਵਿਚੋਂ ਹੇਠ ਲਿਖੇ ਲੇਖਾਂ ਦੇ ਟ੍ਰੈਕਟ ਛਪ ਚੁੱਕੇ ਹਨ : 1. ਧਰਮ ਕੀ ਹੈ, 2. ਸਹਿਜ, 3. ਆਦਰਸ਼ਕ ਸੇਵਕ, 4. ਸ਼ਹੀਦੀ ਅਤੇ 5. ਕਰਮ

ਬਾਕੀ ਦੇ ਲੇਖਾਂ ਨੂੰ ਵੀ ਜਲਦੀ ਹੀ ਛਾਪਣ ਦਾ ਵਿਚਾਰ ਹੈ ।

# ਸਮਰਪਣ

ਬੜੇ ਆਦਰ-ਪਿਆਰ, ਡੂੰਘੇ ਅਦਬ ਅਤੇ ਅਤਿ ਨਿੰਮ੍ਰਤਾ ਸਹਿਤ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ, ਜਿਨ੍ਹਾਂ ਦੀ ਅਪਾਰ ਕਿਰਪਾ ਨਾਲ, ਗੁਰਮਤਿ ਨੂੰ ਸਮਝਣ ਦਾ ਇਕ ਨਿਮਾਣਾ ਜਿਹਾ ਯਤਨ, ਇਸ ਪੁਸਤਕ ਵਿਚ ਕੀਤਾ ਗਿਆ ਹੈ । ਇਸ 'ਚ ਹੋਈਆਂ ਭੁੱਲਾਂ ਸੇਵਕ ਦੀਆਂ ਹਨ ਤੇ ਗੁਰਮਤਿ ਦਾ ਸਹੀ ਸਰੂਪ ਮਾਲਕ ਦੀ ਕ੍ਰਿਪਾ ਹੈ, ਜਿਸ ਤੋਂ ਪ੍ਰਾਪਤ ਕਰ ਕੇ ਮੁੜ ਓਸੇ ਨੂੰ ਵਾਪਸ ਮੋੜਦਾ ਹਾਂ ।

-ਨਰੈਣ ਸਿੰਘ

* * * * *

'ਬਾਬੇ ਕੇ', 'ਬਾਬਰ ਕੇ' ਦੋਊ ।
ਆਪ ਕਰੇ ਪਰਮੇਸਰ ਸੋਊ ।
ਦੀਨਸ਼ਾਹ ਇਨ ਕੋ ਪਹਿਚਾਨੋ ।
ਦੁਨੀਪੱਤਿ ਉਨ ਕੋ ਅਨੁਮਾਨੋ ।੯ ।
'ਜੋ ਬਾਬੇ ਕੇ ਦਾਮ ਨ ਦੈ ਹੈ ।
ਤਿਨ ਤੇ ਗਹਿ ਬਾਬਰ ਕੇ ਲੈ ਹੈ ।
ਦੈ ਦੈ ਤਿਨ ਕੋ ਬਡੀ ਸਜਾਇ ।
ਪੁਨਿ ਲੈ ਹੈ ਗ੍ਰਹਿ ਲੂਟਿ ਬਨਾਇ । ੧੦

(ਦਸਮ ਗ੍ਰੰਥ ਵਿਚੋਂ)

"ਦੁਨੀਆਂ ਦੇ ਬੰਦਿਆਂ ਨੂੰ ਅਨੇਕਾਂ ਖ਼ਤਰਿਆਂ ਤੋਂ ਬਚਾਉਣ ਤੇ ਜੀਵਨ ਨੂੰ ਸਫਲ ਕਰਨ ਦੇ ਰਾਹ 'ਤੇ ਤੋਰਨ ਲਈ ਬਹੁਤ ਕੁਝ ਦੱਸੇ ਜਾਣ ਦੀ ਲੋੜ ਹੁੰਦੀ ਹੈ । ਦਸਵੰਧ ਦੇਣ ਵਾਲੇ ਹੀ ਭਗਤਾਂ ਨੂੰ ਪ੍ਰਚਾਰ ਕਰਨ ਦੀ ਸਮਰਥਾ ਦੇਂਦੇ ਹਨ । ਦਸਵੰਧ ਦੀ ਮਰਿਯਾਦਾ ਨੂੰ ਨਾ ਮੰਨਣ ਵਾਲੇ ਅਗਿਆਨਤਾ ਦਾ ਪ੍ਰਗਟਾਵਾ ਕਰਦੇ ਹਨ ।"

-ਭਗਤ ਪੂਰਨ ਸਿੰਘ



# ਤਤਕਰਾ

ਕ੍ਰਮ ਅੰਕ ਪੰਨਾ

੧. ਮੁੱਖ-ਬੰਦ
੨. ਧਰਮ ਕੀ ਹੈ ?
੩. ਗੁਰੂ ਸਿਧਾਂਤ
੪. ਨਾਮ ਸਿਮਰਨ
੫. ਪ੍ਰਾਰਥਨਾ
੬. ਸਹਿਜ
੭. ਅਦ੍ਵੈਤਵਾਦ ਅਤੇ ਜੀਵਨ ਅੰਦਰ ਇਹਦੀ ਵਰਤੋਂ ਕੀ ਹੋਵੇ ?
੮. ਆਦਰਸ਼ਕ ਸੇਵਕ
੯. ਗ੍ਰਿਹਸਥ ਦੀ ਪ੍ਰਧਾਨਤਾ
੧੦. ਧਰਮੀ ਸਿਆਸਤ (ਰਾਜਨੀਤੀ)
੧੧. ਸ਼ਹੀਦੀ
੧੨. ਖ਼ਾਲਸਾ ਖੜਗਧਾਰੀ ਕਿਉਂ ?
੧੩. ਕਰਮ
੧੪. ਅਪੀਲ

# ਮੁੱਖ-ਬੰਦ

**"ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥"**

(ਗਉੜੀ ਗੁਆਰੇਰੀ ਮਹਲਾ ੫)

ਅਰਥਾਤ-"ਵੱਡੇ ਵਡੇਰਿਆਂ ਦਾ ਬਖ਼ਸ਼ਿਆ ਇਹ ਆਤਮਕ ਭੰਡਾਰ ਮੈਂ ਖੋਲ੍ਹ ਕੇ ਵੇਖ ਲਿਆ ਹੈ (ਤੇ ਮੈਂ ਰੱਜ ਗਿਆ ਹਾਂ)।"

**"ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ ਰਹਾਉ ॥ ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ॥੧॥ ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨ । ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩ ॥ ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥"**

**ਅੰਗ ੧੮੫ (ਗਉੜੀ ਗੁਆਰੇਰੀ ਮਹਲਾ ੫)**

ਅਰਥਾਤ "ਸੱਚੇ ਨਾਮ ਦੇ ਪ੍ਰਤਾਪ ਨਾਲ ਅਸੀਂ ਵੱਡੇ ਭਾਗਾਂ ਵਾਲੇ, ਧਨਾਢ ਹੋ ਗਏ ਹਾਂ । ਹੁਣ ਹਰੀ ਗਾਇਣ ਵੀ ਸੁਤੇ ਹੀ ਹੁੰਦਾ ਰਹਿੰਦਾ ਹੈ (ਇਸ ਨਾਲ ਅਸੀਂ ਸਦਾ ਰੱਜੇ ਰਹਿੰਦੇ ਹਾਂ ) । ਆਪਣੇ ਵੱਡਿਆਂ ਵਡੇਰਿਆਂ ਦਾ ਵਿਰਾਸਤ ਵਿਚ ਮਿਲਿਆ ਇਹ ਅਮੋਲਕ ਆਤਮਕ ਭੰਡਾਰ ਅਸਾਂ ਖੋਲ੍ਹ ਕੇ ਵੇਖਿਆ ਹੈ, ਤਾਂ ਹੀ ਸਾਡੇ ਮਨ ਅੰਦਰ ਇਸ ਖ਼ਜ਼ਾਨੇ ਦੀ ਅਮੋਲਕਤਾ ਦਾ ਪੱਕਾ ਵਿਸ਼ਵਾਸ ਬਣਿਆ ਹੈ । ਇਹ ਰਤਨਾਂ, ਲਾਲਾਂ ਦਾ ਐਸਾ ਖ਼ਜ਼ਾਨਾ ਹੈ ਜਿਸ ਦਾ ਮੁੱਲ ਨਹੀਂ ਪੈ ਸਕਦਾ। ਇਸ ਦੇ ਭੰਡਾਰ ਭਰੇ ਪਏ ਹਨ ਜੋ ਨਾ ਕਦੇ ਮੁਕਦੇ ਹਨ, ਨਾ ਤੁੱਲ ਸਕਦੇ ਹਨ । ਟੱਬਰ ਦੇ ਅਸੀਂ ਸਾਰੇ ਭਰਾ ਹੁਣ ਇਸ ਨੂੰ ਖਾਂਦੇ ਖ਼ਰਚਦੇ ਹਾਂ, ਪਰ ਇਸ ਵਿਚ ਤੋਟਾ ਨਹੀਂ ਪੈਂਦਾ, ਸਗੋਂ ਇਹ ਦਿਨੋਂ ਦਿਨ ਜਾਗ੍ਰਤ ਆ ਜਾਣ ਨਾਲ ਇਹ ਹੋਰ ਵਧਦਾ ਹੀ ਜਾ ਰਿਹਾ ਹੈ । ਪਰ, ਗੁਰੂ ਨਾਨਕ ਜੀ ਆਖਦੇ ਹਨ ਕਿ ਜਿਸ ਕਿਸੇ ਨੇ ਮੱਥੇ 'ਤੇ ਲੇਖ ਲਿਖਾਇਆ ਹੈ ਉਸੇ ਨੂੰ ਹੀ ਇਸ ਖ਼ਜ਼ਾਨੇ ਦਾ ਭਾਈਵਾਲ ਬਣਾਇਆ ਜਾਂਦਾ ਹੈ ।"

ਉਂਵ ਤਾਂ ਸਭ ਥਾਈਂ ਸੂਝਵਾਨ ਧਰਮਧਾਰੀ ਲੋਕ ਇਸ ਗੱਲ ਦੀ ਸ਼ਿਕਾਇਤ ਕਰਦੇ ਰਹਿੰਦੇ ਹਨ ਕਿ ਧਰਮ ਵੱਲੋਂ ਰੁਚੀ ਘਟਦੀ ਜਾ ਰਹੀ ਹੈ,



ਮਾਦਾ ਪ੍ਰਸਤੀ ਵਧ ਰਹੀ ਹੈ ਅਤੇ ਨਾਸਤਿਕਤਾ ਖਿਲਰ ਰਹੀ ਹੈ ; ਪਰ ਸਾਡੇ ਆਪਣੇ ਦੇਸ਼ ਵਿਚ ਇਹ ਚਰਚਾ ਵਧੇਰੀ ਹੈ, ਕਿਉਂਕਿ ਏਥੇ ਧਰਮ ਦੀ ਹਾਨੀ ਨੂੰ ਬਰਦਾਸ਼ਤ ਕਰਨਾ ਵਧੇਰੇ ਕਠਨ ਹੈ । ਇਹ ਰਿਸ਼ੀਆਂ, ਮੁਨੀਆਂ, ਗੁਰੂਆਂ ਤੇ ਅਵਤਾਰਾਂ ਦਾ ਦੇਸ਼ ਹੈ । ਏਥੇ ਧਰਮ, ਆਤਮਕ ਜੀਵਨ ਤੇ ਮਾਨਸਿਕ ਕਲਚਰ ਨੂੰ, ਜੋ ਵਿਸ਼ੇਸ਼ ਦਰਜਾ ਪ੍ਰਾਪਤ ਹੈ ਉਹ ਕਿਸੇ ਹੋਰ ਥਾਂ ਨਹੀਂ । ਇਹ ਸਾਡਾ ਵਿਰਾਸਤ ਵਿਚ ਮਿਲਿਆ ਪਿਉ ਦਾਦੇ ਦਾ ਖ਼ਜ਼ਾਨਾ ਹੈ, ਜਿਸ ਨੂੰ ਅਸੀਂ ਆਪਣੀ ਸਭ ਤੋਂ ਵੱਡੀ ਜਾਇਦਾਦ ਸਮਝ ਕੇ ਇਸ 'ਤੇ ਸਦਾ ਮਾਣ ਕਰਦੇ ਰਹੇ ਹਾਂ । ਜੇ ਅਸੀਂ ਅਜੇ ਵੀ ਕਦੀ ਇਸ ਖ਼ਜ਼ਾਨੇ ਨੂੰ ਖੋਲ੍ਹਦੇ ਹਾਂ ਤੇ ਇਸ ਤੋਂ ਅਗਵਾਈ ਲੈ ਕੇ ਜੀਵਨ ਸਮੱਸਿਆਵਾਂ ਦੇ ਹੱਲ ਲੱਭਦੇ ਹਾਂ ਤਾਂ ਦੁਨੀਆਂ ਸਾਡੇ ਵੱਲ ਵੇਖਦੀ ਹੈ, ਸਾਨੂੰ ਸਤਿਕਾਰਦੀ ਹੈ ਤੇ ਸਾਥੋਂ ਪ੍ਰੇਰਨਾ ਲੈਣਾ ਲੋਚਦੀ ਹੈ। ਪ੍ਰੇਮ, ਸੱਚ ਤੇ ਅਹਿੰਸਾ ਦੇ ਤਜਰਬੇ ਅਸਾਂ ਰਾਜਨੀਤਕ ਖੇਤਰ ਵਿਚ ਕੀਤੇ ਸਨ ਜੋ ਇਨ੍ਹਾਂ ਦੀ ਸ਼ਕਤੀ ਨਾਲ ਹੀ ਇਕ ਬੜੀ ਮਜ਼ਬੂਤ ਬਦੇਸੀ ਸਰਕਾਰ 'ਤੇ ਵਿਜੇ ਪ੍ਰਾਪਤ ਕੀਤੀ ਸੀ ।

ਸਿੱਖ ਗੁਰੂ ਸਾਹਿਬਾਨ ਨੇ ਵੀ ਅੱਜ ਤੋਂ ਕੋਈ ੫੦੦ ਸਾਲ ਪਹਿਲਾਂ ਇਸ ਪੁਰਾਣੇ ਅਮੋਲਕ ਭੰਡਾਰੇ ਨੂੰ ਖੋਲ੍ਹਿਆ ਸੀ ਤੇ ਉਸ ਵਿਚ ਜੋ ਘਾਟੇ ਰਹਿ ਗਏ ਸਨ ਜਾਂ ਸਮੇਂ ਨਾਲ ਭੁੱਲਾਂ ਦਾਖ਼ਲ ਹੋ ਗਈਆਂ ਸਨ, ਉਨ੍ਹਾਂ ਨੂੰ ਦਰੁੱਸਤ ਜਾਂ ਤਰਮੀਮ ਕਰਕੇ ਪੁਰਾਣੀ ਭਾਰਤੀ ਕਲਚਰ ਤੇ ਫ਼ਿਲਾਸਫ਼ੀ ਨੂੰ ਨਵੇਂ ਜਾਮੇ ਵਿਚ ਸੁਰਜੀਤ ਕਰ ਦਿੱਤਾ ਸੀ । ਸਿੱਖੀ ਓਸੇ ਕਲਚਰ ਤੇ ਫ਼ਿਲਾਸਫ਼ੀ ਦੀ ਇਕ ਬੜੀ ਚੰਗੀ ਮਹਿਕ ਕਹੀ ਜਾ ਸਕਦੀ ਹੈ । ਸਿੱਖ ਗੁਰੂ ਸਾਹਿਬਾਨ ਦਾ ਜਨਮ ਹਿੰਦੂ ਘਰਾਂ ਵਿਚ ਹੋਇਆ ਸੀ । ਹਿੰਦੂ ਵਾਤਾਵਰਨ ਦੇ ਕਈ ਡੂੰਘੇ ਪ੍ਰਭਾਵ ਉਨ੍ਹਾਂ ਕਬੂਲੇ ਸਨ ਤੇ ਜਦੋਂ ਉਨ੍ਹਾਂ ਆਪਣੇ ਧਰਮ ਨੂੰ ਸਿੱਖ ਮਤ ਦਾ ਨਾਮ ਦਿੱਤਾ ਸੀ ਤਾਂ ਹਿੰਦੂਆਂ ਇਸ ਨੂੰ ਭੱਜ ਭੱਜ ਕੇ ਅਪਨਾਇਆ ਸੀ ਤੇ ਇਸ ਨੂੰ ਸਭ ਤੋਂ ਪਿਆਰੀ ਜਾਇਦਾਦ ਸਮਝ ਕੇ ਇਸ ਦੀ ਸੇਵਾ ਤੇ ਪ੍ਰਵਰਸ਼ ਤਨ, ਮਨ ਧਨ ਨਾਲ ਅਤੇ ਬੜੇ ਪਿਆਰ, ਆਦਰ ਤੇ ਉਤਸ਼ਾਹ ਵਿਚ ਹੋ ਕੇ ਕੀਤੀ ਸੀ। ਹਿੰਦੂ-ਸਿੱਖ ਏਕਤਾ ਇਸ ਹੱਦ ਤਕ ਚਲੀ ਗਈ ਕਿ ਹਿੰਦੂ ਤੇ ਸਿੱਖ ਘਰਾਂ ਵਿਚ ਫ਼ਰਕ ਕਰਨੇ ਔਖੇ ਹੋ ਗਏ ਸਨ—ਇਹ ਕੋਈ ਗ਼ੈਰ-ਕੁਦਰਤੀ ਗੱਲ ਨਹੀਂ ਸੀ; ਕਿਉਂਕਿ ਜਦ ਸਾਂਝ ਬੁਨਿਆਦਾਂ ਵਿਚ ਚਲੀ ਗਈ ਹੋਵੇ, ਤਾਂ ਉਸ ਸਾਂਝ ਤੋਂ ਏਕਤਾ ਆਪ ਮੁਹਾਰੇ ਨਿਕਲਦੀ ਹੈ । ਇਹ ਵਿਸ਼ਾਲ ਸਾਂਝ ਸਮੁੱਚੇ ਤੌਰ 'ਤੇ ਹੁਣ ਤਕ ਕਾਇਮ ਹੈ ਤੇ ਅਟੱਲ ਹੈ , ਜਿਸ ਨੂੰ ਸਿਆਸੀ ਲੋਕਾਂ ਦੇ

ਵਕਤੀ ਵਖੇਵੇਂ ਪੱਕੇ ਤੌਰ ’ਤੇ ਮੇਟ ਨਹੀਂ ਸਕਦੇ । ਕੁਝ ਭੁਲੇਖੇ ਆਰਜ਼ੀ ਤੌਰ ’ਤੇ ਹੀ ਪੈ ਸਕਦੇ ਹਨ ।

ਇਸ ਪੁਸਤਕ ਵਿਚ ਭਾਵੇਂ ਸਿੱਖ ਧਰਮ ’ਤੇ ਚਾਨਣਾ ਪਾਇਆ ਗਿਆ ਹੈ ਤੇ ਇਸ ਨੂੰ ਸਮਝਣ ਸਮਝਾਣ ਲਈ ਗੁਰਬਾਣੀ ਨੂੰ ਹੀ ਵਿਸ਼ੇਸ਼ ਸਹਾਰਾ ਬਣਾਇਆ ਗਿਆ ਹੈ, ਪਰ ਕਿਸੇ ਹਿੰਦੂ ਲਈ ਇਹ ਦੱਸਣਾ ਬਹੁਤਾ ਆਸਾਨ ਨਹੀਂ ਹੋਵੇਗਾ ਕਿ ਹਿੰਦੂ ਵਿਚਾਰਧਾਰਾ ਤੇ ਖ਼ਾਸ ਕਰਕੇ ਇਸ ਦੇ ਵੇਂਦਾਤ ਅੰਗ ਤੋਂ ਸਿਖ ਮਤ ਦਾ ਕਿੱਥੇ, ਕਿੰਨਾ ਤੇ ਕੀ ਫ਼ਰਕ ਹੈ ? ਗੁਰੂ ਦੀ ਲੋੜ, ਨਾਮ ਸਿਮਰਨ, ਪ੍ਰਾਰਥਨਾ, ਅਦਵੈਤਵਾਦ, ਸਹਜ, ਸੇਵਕ, ਕਰਮਾਂ ਦਾ ਮਸਲਾ ਇਤਿਆਦਿਕ ਅਜਿਹੇ ਵਿਸ਼ਿਆਂ ਦੀ ਇਸ ਵਿਚ ਵਿਆਖਿਆ ਹੈ, ਜਿਨ੍ਹਾਂ ਨੂੰ ਹਰ ਹਿੰਦੂ, ਕੁਝ ਨਾ ਕੁਝ, ਸਮਝ ਲੈਂਦਾ ਹੈ, ਕਿਉਂਕਿ ਉਹ ਰੋਜ਼ ਆਪਣੇ ਮੰਦਰਾਂ ਤੇ ਹੋਰ ਧਰਮ ਅਸਥਾਨਾਂ ਵਿਚ ਇਨ੍ਹਾਂ ਗੱਲਾਂ ਦਾ ਪ੍ਰਚਾਰ ਹੁੰਦਾ ਸੁਣਦਾ ਹੈ । ਰਾਮਾਇਣ ਤੇ ਗੀਤਾ ਜੀ ਤੋਂ ਖੁੱਲ੍ਹੇ ਹਵਾਲੇ ਦੇ ਕੇ ਇਸ ਗੱਲ ਦੀ ਕੁਝ ਪੁਸ਼ਟੀ ਵੀ ਕਰ ਦਿੱਤੀ ਗਈ ਹੈ । ਗੁਰੂ ਨਾਨਕ ਦੇਵ ਜੀ ਨੇ ਐਸਾ ਧਰਮ ਵਜੂਦ ਵਿਚ ਲਿਆਂਦਾ ਸੀ ਜੋ ਸਹੀ ਅਰਥਾਂ ਵਿਚ ਹਿੰਦੂ ਕਲਚਰ, ਫ਼ਿਲਾਸਫ਼ੀ ਤੇ ਧਰਮ ਦਾ ਪ੍ਰਤੀਨਿਧ ਕਿਹਾ ਜਾ ਸਕਦਾ ਹੈ—ਜਿਸ ਵਿਚ ਭਗਤ(ਕਬੀਰ ਜੀ), ਸੂਫੀ ਮੁਸਲਮਾਨ (ਫਰੀਦ ਜੀ) ਆਦਿਕ, ਕਈ ਦੇਸ਼ ਦੇ ਅਨੁਭਵੀ ਨੇਤਾਵਾਂ ਅਤੇ ਵੱਖ ਵੱਖ ਪ੍ਰਾਂਤਾਂ ਤੇ ਮਤਾਂ ਦੇ ਵਿਚਾਰਾਂ ਨੂੰ ਵੱਡਾ ਸਤਿਕਾਰ ਮਿਲਿਆ ਸੀ । ਇਸ ਤੋਂ ਵੀ ਵੱਧ ਇਹ ਹੈ ਕਿ ਸਿੱਖੀ ਦੇ ਬਾਨੀ ਗੁਰੂ ਨਾਨਕ ਦੇਵ ਜੀ ਚੀਨ, ਲੰਕਾ, ਬਰਮਾ, ਮਿਸਰ, ਅਰਬ, ਤੁਰਕੀ, ਅਫ਼ਗਾਨਿਸਤਾਨ, ਈਰਾਨ ਆਦਿਕ ਦੇਸ਼ ਦੇਸ਼ਾਂਤਰਾਂ ਵਿਚ ਪੈਦਲ ਚੱਲ ਕੇ ਗਏ ਸਨ ਤੇ ਉਥੇ ਚਲ ਰਹੇ ਸਭ ਧਰਮਾਂ ਦੀ ਪੜਚੋਲ ਹੋ ਗਈ ਸੀ। ਇਸ ਲਈ ਉਨ੍ਹਾਂ ਦਾ ਮਤ ਸਭ ਮਤਾਂ ਦਾ ਨਿਖਰਿਆ ਨਿਚੋੜ ਸਮਝਣਾ ਚਾਹੀਦਾ ਹੈ। ਉਹ ਜਗਤ ਗੁਰੂ ਕਹਾਏ ਸਨ । ਭਾਈ ਗੁਰਦਾਸ ਜੀ ਦੱਸਦੇ ਹਨ :

**“ਚੜ੍ਹਿਆ ਸੋਧਣਿ ਧਰਤਿ ਲੁਕਾਈ ॥”**

**(ਵਾਰ ੧ ਭਾਈ ਗੁਰਦਾਸ ਜੀ)**

ਅਰਥਾਤ “ਉਹ ਸਾਰੇ ਜਗਤ ਦੇ ਉਧਾਰ ਲਈ ਤੁਰ ਪਏ ਸਨ।”

ਹੋਰ: **“ਕਲਿ ਤਾਰਣ ਗੁਰੁ ਨਾਨਕੁ ਆਇਆ ।**

ਇਸ ਕਲਜੁਗ ਦੀ ਸਾਰੀ ਦੁਨੀਆਂ ਦੇ ਉਧਾਰ ਲਈ ਗੁਰੂ ਨਾਨਕ



ਦੇਵ ਆਏ ਸਨ । ਉਹਨਾਂ ਦਾ ਧਰਮ ਆਲਮਗੀਰ ਤੇ ਸਰਬਸਾਂਝ ਵਾਲਾ ਹੈ, ਭਾਵੇਂ ਹਿੰਦੂ ਧਰਮ ਨਾਲ ਇਹ ਸਾਂਝ ਵਿਸ਼ੇਸ਼ ਹੈ ।

ਇਹ ਕਿੰਨੀ ਅਫ਼ਸੋਸਨਾਕ ਗੱਲ ਹੈ ਕਿ ਇਸ ਅਮੋਲਕ ਖ਼ਜ਼ਾਨੇ ਦੇ ਵਾਰਸ ਤੇ ਖਾਸ ਕਰਕੇ ਪੜ੍ਹੇ ਲਿਖੇ ਨੌਜਵਾਨ ਆਪਣੇ ਇਸ ਖ਼ਜ਼ਾਨੇ ਨੂੰ ਨਾ ਸਿਰਫ਼ ਖੋਲ੍ਹਦੇ ਨਹੀਂ ਸਗੋਂ ਇਸ ਨੂੰ ਹਵਾਈ ਜਾਂ ਘਟੀਆ ਜੇਹੀ ਚੀਜ਼ ਸਮਝ ਕੇ ਇਸ ਦਾ ਮਜ਼ਾਕ ਉਡਾਂਦੇ ਵੇਖੇ ਜਾਂਦੇ ਹਨ । ਧਰਮ ਵੱਲੋਂ ਇਸ ਤਰ੍ਹਾਂ ਸਾਡੀ ਅਧੋਗਤੀ ਦਾ ਸੂਚਕ ਹੈ ਤੇ ਇਸ ਦਾ ਅਵੱਸ਼ ਨਤੀਜਾ ਖੁਆਰੀ ਤੇ ਬਰਬਾਦੀ ਹੈ।ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਪੱਲੇ ਬੰਨ੍ਹਣ ਵਾਲੇ ਹਨ :

**“ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ।੩॥”**

**ਅੰਗ ੪੧੭ (ਆਸਾ ਮਹਲਾ ੧ )**

ਭਾਵ, ਜਿਸ ਪੁਰਖ ਜਾਂ ਕੌਮ ਨੇ ਗਰਕ ਹੋਣਾ ਹੁੰਦਾ ਹੈ ਉਸ ਤੋਂ ਧਰਮ ਦੀ ਦਾਤ ਚੰਗਿਆਈ ਪਹਿਲਾਂ ਹੀ ਖੋਹ ਲਈ ਜਾਂਦੀ ਹੈ ।

ਇਸ ਅਰੁਚੀ ਦੇ ਕਾਰਨ ਕਈ ਹੋ ਸਕਦੇ ਹਨ ; ਪਰ ਸਭ ਤੋਂ ਵੱਡਾ ਕਾਰਨ ਇਹ ਦਿਸਦਾ ਹੈ ਕਿ ਧਰਮ ਨੂੰ ਆਪਣੇ ਠੀਕ ਤੇ ਨਿਰੋਲ ਰੂਪ ਵਿਚ ਦੁਨੀਆਂ ਦੇ ਸਾਹਮਣੇ ਨਾ ਲਿਆਇਆ ਹੀ ਜਾਂਦਾ ਹੈ ਤੇ ਨਾ ਇਸ ’ਤੇ ਜ਼ੋਰ ਹੀ ਦਿੱਤਾ ਜਾਂਦਾ ਹੈ । ਇਸ ਪੁਸਤਕ ਦੇ ਅਧਿਐਨ ਤੋਂ ਅਸੀਂ ਵੇਖ ਸਕਾਂਗੇ ਕਿ ਸਿੱਖ ਮਤ ਸਹਿਜ ਮਤ ਦਾ ਦੂਜਾ ਨਾਉਂ ਹੈ, ਇਹ ਸਹਿਜ ਯੋਗ ਹੈ । ਇਸ ਨੂੰ ਕੁਦਰਤੀ ਧਰਮ ਕਿਹਾ ਜਾ ਸਕਦਾ ਹੈ, ਜਿਸ ਨੂੰ ਨਾਮ ਅਧਾਰਤ ਜੀਵਨ ਦੇ ਮਜ਼ਬੂਤ ਪੈਰਾਂ ’ਤੇ ਖੜ੍ਹਾ ਕੀਤਾ ਗਿਆ ਸੀ । ਗੁਰੂ ਜੀ ਨੇ ਇਸ ਵਿਚ ਕੋਈ ਰਲਾ ਜਾਂ ਮਿਲਾਵਟ ਵੀ ਨਹੀਂ ਸੀ ਹੋਣ ਦਿੱਤੀ । ਦਲੀਲ ਤੋਂ ਨਿਰਣਾ ਸ਼ਕਤੀ ਦੀ ਨਸ਼ਤਰ ਥਾਂ ਥਾਂ ਲਾਈ ਸੀ ਤੇ ਕੱਚ ਨੂੰ ਸੱਚ ਨਾਲੋਂ ਨਿਖੇੜ ਕੇ ਵੱਖ ਕਰ ਸੁੱਟਿਆ ਸੀ । ਰਲਿਆਂ ਤੋਂ ਬਚਾਉਣ ਦਾ ਉਹਨਾਂ ਨੂੰ ਏਨਾ ਫ਼ਿਕਰ ਸੀ ਕਿ ਉਹਨਾਂ ਗੁਰਬਾਣੀ ਉਤੇ ਇਕ ਆਪਣੀ ਖ਼ਾਸ ਵਿਆਕਰਣ ਲਾਗੂ ਕਰ ਦਿੱਤੀ ਸੀ, ਤਾਂ ਜੋ ਗੁਰਮਤਿ ਦੇ ਅਸਲ ਭਾਵ ਗ਼ਲਤ ਮਲਤ ਨਾ ਹੋ ਜਾਣ । ਪਰ ਫਿਰ ਵੀ ਗ਼ਲਤ ਲੀਹਾਂ ਪੈ ਗਈਆਂ ਹਨ ਤੇ ਸਮੇਂ ਨਾਲ ਇਨ੍ਹਾਂ ਨੂੰ ਠੀਕ ਮੰਨ ਲਿਆ ਗਿਆ ਹੈ । ਇਸ ਤੋਂ ਛੁੱਟ, ਜਿਵੇਂ ਉਪਰ ਦੱਸਿਆ ਹੈ, ਧਰਮ ਦੀਆਂ ਅਸਲ ਬੁਨਿਆਦੀ ਕੀਮਤਾਂ ’ਤੇ ਜ਼ੋਰ ਨਹੀਂ ਦਿੱਤਾ ਜਾਂਦਾ । ਧਰਮ ਦਾ ਨਿਸ਼ਾਨਾ ਤਾਂ ਜੀਵਨ ਰਹਿਣੀ ਹੁੰਦਾ ਹੈ । ਇਸ ਨੂੰ ਮੁੱਖ ਨਹੀਂ ਰੱਖਿਆ ਜਾਂਦਾ ਤੇ ਸਾਰਾ ਤ੍ਰਾਣ ਕਰਮਕਾਂਡ, ਬਾਣੀਆਂ ਦੇ ਰਸਮੀ ਪੜ੍ਹਨ ਤੇ ਬਾਹਰਲੀ ਰਹਿਤ ਬਹਿਤ

ਆਦਿਕ ’ਤੇ ਹੀ ਖ਼ਤਮ ਕਰ ਦਿੱਤਾ ਜਾਦਾ ਹੈ ।

ਇਹ ਸਭ ਚੀਜ਼ਾਂ ਤਾਂ ਹੀ ਚੰਗੀਆਂ ਹਨ ਜੇ ਅੰਦਰਲੀ ਜੀਵਨ ਰਹਿਣੀ ਨੂੰ ਮੁੱਖ ਰਖਿਆ ਜਾਏ । ਉਸ ਜੀਵਣ-ਰਹਿਣੀ ਲਈ ਇਹ ਸਹਾਇਕ ਵੀ ਹੋ ਜਾਂਦੀਆਂ ਹਨ ਜੇ ਨਿਸ਼ਾਨਾ ਧੁੰਦਲਾ ਨਾ ਹੋਣ ਦਿੱਤਾ ਜਾਏ । ਮੁਖ ਲੋੜ ਤਾਂ ਅੰਦਰਲੀ ਸਿੱਖੀ ਮਜ਼ਬੂਤ ਕਰਨ ਦੀ ਹੈ । ਜੇ ਇਹ ਹੋ ਜਾਏ ਤਾਂ ਬਾਹਰਲੀ ਸਿੱਖੀ ਆਪੇ ਮਜ਼ਬੂਤ ਰਹਿੰਦੀ ਹੈ, ਕਿਉਂਕਿ ਬਾਹਰਲੀ ਸਿੱਖੀ ਅੰਦਰਲੀ ਸਿੱਖੀ ਦੀ ਲਖਾਇਕ ਬਣਨਾ ਚਾਹੁੰਦੀ ਹੈ । ਪਰ ਨਿਰੀ ਬਾਹਰਲੀ ਸਿੱਖੀ ਤੋਂ ਅੰਦਰਲੀ ਸਿੱਖੀ ਕੱਢਣ ਦਾ ਯਤਨ ਲੰਬਾ ਸਮਾਂ ਚਲ ਨਹੀਂ ਸਕਦਾ। ਹਰ ਹਾਲਤ ਵਿਚ ਇਸ ਗੱਲ ਦੀ ਲੋੜ ਸਭ ਤੋਂ ਪਹਿਲਾਂ ਹੈ ਕਿ ਸਿੱਖੀ ਨੂੰ ਨਿਰੋਲ ਰੂਪ ਵਿਚ ਸਮਝਿਆ ਜਾਏ ਤਾਂ ਹੀ ਉਸ ’ਤੇ ਅਮਲ ਦਾ ਸਵਾਲ ਚਲਦਾ ਹੈ।

ਦੁਨੀਆਂ ਅੱਜ ਬਹੁਤ ਅੱਗੇ ਜਾ ਚੁੱਕੀ ਹੈ । ਸਾਇੰਸ ਨੇ ਰੌਸ਼ਨੀ ਦੇ ਕੇ ਮਨੁੱਖ ਜਾਤੀ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ । ਹੁਣ ਕਿਸੇ ਗੱਲ ਨੂੰ ਦਲੀਲ ਵਿਚਾਰ ਤੋਂ ਬਿਨਾਂ ਨਿਰੀ ਧਾਰਮਿਕ ਅਪੀਲ ਦੇ ਸਹਾਰੇ ਪਰਵਾਨ ਨਹੀਂ ਕੀਤਾ ਜਾ ਸਕਦਾ । Russel ਵਰਗੇ ਮੰਨੇ ਪਰਮੰਨੇ ਸਤਿਕਾਰ ਯੋਗ ਨੇਤਾ ਹੁਣ ਇਉਂ ਬੋਲਦੇ ਹਨ:

“The scientist is slow to believe and never speaks without modifications. The distinctive feature of the unintelligent man is the hastiness and absoluteness of his opinions. Better the world should perish than that I or any human being should believe a lie.”

ਅਰਥਾਤ-“ਸਾਇੰਸਦਾਨ ਕਿਸੇ ਚੀਜ਼ ਨੂੰ ਪਰਵਾਨ ਕਰਨ ਵਿਚ ਹੌਲਾ ਚਲਦਾ ਹੈ ਤੇ ਬਿਨਾਂ ਤਰਮੀਮ ਕੋਈ ਗੱਲ ਮੂੰਹੋਂ ਨਹੀਂ ਕੱਢਦਾ । ਮੂਰਖ ਆਦਮੀ ਦਾ ਇਹ ਖਾਸਾ ਹੁੰਦਾ ਹੈ ਕਿ ਉਸ ਨੇ ਆਪਣੀਆਂ ਰਾਵਾਂ ਕਾਹਲੀ ਨਾਲ ਬਣਾਈਆਂ ਹਨ ਤੇ ਫਿਰ ਵੀ ਉਨ੍ਹਾਂ ਨੂੰ ਅਟੱਲ ਸਚਾਈਆਂ ਸਮਝ ਲੈਂਦਾ ਹੈ । ਇਸ ਗੱਲ ਨਾਲੋਂ ਕਿ ਮੈਂ ਜਾਂ ਕੋਈ ਹੋਰ ਮਨੁੱਖ ਕਿਸੇ ਝੂਠ ਨੂੰ ਪਰਵਾਨ ਕਰ ਲਏ, ਇਹ ਗੱਲ ਵਧੇਰੀ ਚੰਗੀ ਹੈ ਕਿ ਦੁਨੀਆਂ ਖ਼ਤਮ ਹੋ ਜਾਏ ।

ਅੱਜ ਦੇ ਇਸ ਮਾਹੌਲ ਵਿਚ ਇਹ ਸਮਝਣਾ ਮੁਸ਼ਕਲ ਨਹੀਂ ਕਿ ਮਜ਼੍ਹਬ ਦੀਆਂ ਸਹੀ ਕੀਮਤਾਂ ਹੀ ਉਸ ਦੀ ਖ਼ੂਬਸੂਰਤੀ ਬਣ ਸਕਦੀਆਂ ਹਨ । ਇਸ ਲਈ ਧਰਮ ਦੀਆਂ ਬੁਨਿਆਦੀ ਗੱਲਾਂ ਨੂੰ ਮੂਹਰੇ ਕੀਤਾ ਜਾਣਾ ਚਾਹੀਦਾ



ਹੈ । ਇਸ ਖ਼ਿਆਲ ਨੂੰ ਮੁੱਖ ਰੱਖ ਕੇ ਇਸ ਪੁਸਤਕ ਵਿਚ ਸਿੱਖ ਧਰਮ ਦੀਆਂ ਕੇਵਲ ਬੁਨਿਆਦਾਂ ’ਤੇ ਹੀ ਵਿਚਾਰ ਕੀਤੀ ਗਈ ਹੈ, ਭਾਵੇਂ ਹੋਰ ਸਿਧਾਂਤ ਵੀ ਇਨ੍ਹਾਂ ਨਾਲ ਸੰਬੰਧਤ ਹੋ ਕੇ ਸੁਤੇ ਵਿਚਾਰੇ ਗਏ ਹਨ । ਇਹ ਦਾਹਵਾ ਨਹੀਂ ਕੀਤਾ ਜਾ ਸਕਦਾ ਕਿ ਸਭ ਵਿਚਾਰ ਠੀਕ ਹਨ ਪਰ ਇਹ ਦਾਹਵਾ ਤਾਂ ਕੀਤਾ ਹੀ ਜਾ ਸਕਦਾ ਹੈ ਕਿ ਗੁਰੂ ਜੀ ਦੇ ਆਪਣੇ ਬਚਨਾਂ ਦਵਾਰਾ ਸਿੱਖ ਧਰਮ ਨੂੰ ਸਮਝਣ ਦਾ ਇਹ ਇਕ ਨਿਮਾਣਾ ਯਤਨ ਜ਼ਰੂਰ ਹੈ । ਇਸ ’ਤੇ ਮਿਹਨਤ ਵੀ ਹੋਈ ਹੈ । ਵਿਚਾਰਾਂ ਨੂੰ ਕਾਹਲੀ ਨਾਲ ਨਹੀਂ ਬਣਾਇਆ ਗਿਆ ਸਗੋਂ ਸਾਰੀ ਉਮਰ ਦੇ ਅਧਿਐਨ ਦਾ ਸਿੱਟਾ ਹਨ । ਲਗਨ ਵਾਲੇ ਤੇ ਵਿਚਾਰਵਾਨ ਖੋਜੀ ਪੁਰਸ਼ਾਂ ਨਾਲ ਲੰਮੇ ਸਤਿਸੰਗਾਂ ਦਾ ਅਵਸਰ ਪ੍ਰਾਪਤ ਹੁੰਦਾ ਰਿਹਾ ਹੈ ਤੇ ਖ਼ਿਆਲਾਂ ਦੇ ਵਟਾਂਦਰੇ ਹੋ ਕੇ ਵਿਚਾਰ ਨਿਸ਼ਚਿਤ ਹੋਏ ਹਨ । ਗੁਰੂ ਗ੍ਰੰਥ ਸਾਹਿਬ ਜੀ ਦਾ ਮੁਤਾਲਿਆ ਸਤਸੰਗੀਆਂ ਨਾਲ ਮਿਲ ਕੇ ਤੇ ਇਕੱਲਿਆਂ ਕਈ ਵਾਰ ਕੀਤਾ ਹੈ । ਫਿਰ ਜਦ ਸ਼ਬਦਾਰਥ ਤਿਆਰ ਕਰਨ ਦਾ ਅਵਸਰ ਗੁਰੂ ਸੇਵਕ ਸਭਾ ਰਾਹੀਂ ਪ੍ਰਾਪਤ ਹੋਇਆ ਤਾਂ ਸਾਰਾ ਗੁਰੂ ਗ੍ਰੰਥ ਸਾਹਿਬ ਚੰਗੀ ਤਰ੍ਹਾਂ ਵਾਚਿਆ ਤੇ ਆਪਣੀ ਹੱਥੀਂ ਲਿਖਿਆ, ਜਿਸ ਨਾਲ ਗੁਰਮਤ ਦੇ ਆਸ਼ਿਆਂ ਦੀ ਵਧੇਰੇ ਸਮਝ ਆਈ ਤੇ ਵਿਸ਼ਵਾਸਾਂ ਵਿਚ ਪਕਿਆਈ ਵਧੀ, ਪਰ ਫਿਰ ਵੀ ਭੁੱਲਾਂ ਦੀ ਸੰਭਾਵਨਾ ਰਹਿ ਹੀ ਜਾਂਦੀ ਹੈ ।

ਸਾਰੀ ਵਿਚਾਰ ਦਾ ਸਹਾਰਾ ਗੁਰਬਾਣੀ ਨੂੰ ਹੀ ਬਣਾਇਆ ਗਿਆ ਹੈ। ਪਰ, ਕਿਉਂਕਿ ਅੱਜਕੱਲ੍ਹ ਦੇ ਪੜ੍ਹੇ ਲਿਖੇ ਨੌਜਵਾਨ ਪੱਛਮ ਦੇ ਅਸਰ ਵਧੇਰੇ ਕਬੂਲਦੇ ਹਨ, ਇਸ ਲਈ ਗੁਰਮਤਿ ਦੀ ਪੁਸ਼ਟੀ ਜਾਂ ਵਿਸ਼ੇਸ਼ਤਾ ਕਈ ਪੱਛਮ ਦੇ ਪ੍ਰਤਿਸ਼ਠਿਤ ਵਿਦਵਾਨਾਂ ਤੇ ਫ਼ਿਲਾਸਫ਼ਰਾਂ ਦੇ ਖ਼ਿਆਲਾਂ ਨਾਲ ਟਕਰਾ ਕੇ ਕਰਾਈ ਗਈ ਹੈ । ਬੇਕਨ, ਸੁਕਰਾਤ, ਪਲੈਟੋ, ਕੈਂਟ, ਸਪੈਨਸਰ, ਅਰਿਸਟਾਟਲ, ਨਿਟਸ਼ੇ, ਬਰਗਸਨ, ਰਸਲ, ਵਿਲੀਅਮ ਜੇਮਜ਼, ਸਪਾਈਨੋਜ਼ਾ, ਵਾਲਟੇਅਰ, ਸ਼ਾਪਨਹਾਅਰ, ਟਰਾਇਨ ਆਦਿ ਦੇ ਵਿਚਾਰਾਂ ਦੇ ਖੁੱਲ੍ਹੇ ਹਵਾਲੇ ਦਿੱਤੇ ਹਨ ।

ਪੁਸਤਕ ਨੂੰ ਲੇਖਾਂ ਵਿਚ ਵੰਡਿਆ ਹੈ । ਹਰ ਲੇਖ ਸਿੱਖੀ ਦੇ ਕਿਸੇ ਬੁਨਿਆਦੀ ਮਸਲੇ ਦੀ ਵਿਆਖਿਆ ਹੈ । ਇਸ ਦਾ ਆਰੰਭ, ਇਕ ਸ਼ਬਦ ਨਾਲ ਕੀਤਾ ਗਿਆ ਹੈ, ਜਿਸ ਵਿਚ ਲੇਖ ਦਾ ਭਾਵ ਚੰਗੀ ਤਰ੍ਹਾਂ ਸਪੱਸ਼ਟ ਆ ਜਾਂਦਾ ਹੈ । ਸਾਰਾ ਲੇਖ ਇਸ ਸ਼ਬਦ ਵਿਚ ਆਏ ਸਿਧਾਂਤ ਦੀ ਇਕ ਤਰ੍ਹਾਂ ਕਥਾ ਹੈ । ਸ਼ਬਦ ਦਾ ਤਰਜਮਾ ਵੀ ਕਰ ਦਿੱਤਾ ਹੈ । ਤਰਜਮੇ ਦੀਆਂ ਸਤਰਾਂ

ਨੂੰ ਕਿਤੇ ਕਿਤੇ ਵਧੇਰੇ ਸਪੱਸ਼ਟ ਤੇ ਸਮਝ-ਗੋਚਰਾ ਕਰਨ ਦਾ ਯਤਨ ਬਰੈਕਟਾਂ (ਕਮਾਣੀਆਂ) ਅੰਦਰ ਕੀਤਾ ਹੈ । ਸ਼ਬਦ ਤੋਂ ਵੀ ਪਹਿਲਾਂ ਗੁਰਬਾਣੀ ਦੀ ਇਕ ਤੁਕ ਐਸੀ ਚੁਣ ਕੇ ਦਿੱਤੀ ਹੈ, ਜਿਸ ਨੂੰ ਗਹੁ ਨਾਲ ਵਿਚਾਰਿਆਂ ਸਾਰੇ ਲੇਖ ਦਾ ਸਿਧਾਂਤ ਸਾਹਮਣੇ ਆ ਜਾਂਦਾ ਹੈ । ਇਸ ਤੁਕ ਨੂੰ ਸਾਰੀ ਵਿਚਾਰ ਦਾ ਇਕ ਤਰ੍ਹਾਂ ਨਿਚੋੜ ਸਮਝਣਾ ਚਾਹੀਦਾ ਹੈ । ਪਾਠਕ ਇਸ ਵਿਉਂਤ ਨੂੰ ਮੁੱਖ ਬੰਦ ਦੇ ਆਰੰਭ ਵਿਚ ਵੀ ਵੇਖ ਲੈਣਗੇ ।

"ਕਥਾ" ਦਾ ਇਹ ਪੁਰਾਣਾ ਤਰੀਕਾ ਹੈ ਤੇ ਇਸ ਲਈ ਚੁਣਿਆ ਹੈ ਕਿ ਇਸ ਨਾਲ ਇਕ ਤਾਂ ਸਮਝਣ ਸਮਝਾਣ ਵਿਚ ਆਸਾਨੀ ਹੋ ਜਾਂਦੀ ਹੈ ਤੇ ਦੂਜਾ ਗੁਰੂ ਸਾਹਿਬ ਦੇ ਆਪਣੇ ਬਚਨਾਂ ਦਵਾਰਾ ਕੀਤੀ ਵਿਚਾਰ ਦੀ ਅਹਿਮੀਅਤ ਵਧ ਜਾਂਦੀ ਹੈ । ਨਿਰੀਆਂ ਆਪਣੀਆਂ ਉਕਤੀਆਂ ਯੁਕਤੀਆਂ ਦੀ ਥਾਂ ਜੇ ਗੁਰੂ ਜੀ ਨੂੰ ਹੀ ਬੋਲਣ ਦਿੱਤਾ ਜਾਏ ਤਾਂ ਸ਼ੰਕਿਆਂ ਦੀ ਗੁੰਜਾਇਸ਼ ਨਹੀਂ ਰਹਿੰਦੀ—ਘਟ ਜਾਂਦੀ ਹੈ ।

ਲੇਖਾਂ ਦੀ ਤਰਤੀਬ ਕੋਈ ਬੇਸੁਰੀ ਨਹੀਂ, ਇਸ ਵਿਚ ਬਾਕਾਇਦਾ ਸੋਚਿਆ ਇਕ ਪਲੈਨ ਚੱਲ ਰਿਹਾ ਹੈ । ਸਾਰੀ ਪੁਸਤਕ ਇਕ ਮਜ਼ਮੂਨ ਹੈ, ਜਿਸ ਦੀ ਉਸਾਰੀ ਲੜੀਵਾਰ ਹੋ ਰਹੀ ਹੈ । ਪੁਸਤਕ ਨੂੰ '**ਧਰਮ ਕੀ ਹੈ**' ਦੇ ਲੇਖ ਨਾਲ ਸ਼ੁਰੂ ਕੀਤਾ ਗਿਆ ਹੈ । ਇਸ ਵਿਚ ਗੁਰੂ ਸਾਹਿਬ ਦੇ ਧਰਮ ਸੰਬੰਧੀ ਵਿਚਾਰ ਦਿੱਤੇ ਹਨ ਤਾਂ ਜੋ ਧਰਮ ਦੀਆਂ ਸਹੀ ਤੇ ਬੁਨਿਆਦੀ ਕੀਮਤਾਂ ਸਾਹਮਣੇ ਆ ਜਾਣ । ਅਗ੍ਹਾਂ ਮਜ਼ਮੂਨ ਬਾਕਾਇਦਾ ਚਲਦਾ ਹੈ । ਇਹ ਮਜ਼ਮੂਨ ਓਹੋ ਹੈ ਜਿਸ ਦੀ ਪੂਰਤੀ ਲਈ ਸਿਖ ਧਰਮ ਨੇ ਜਨਮ ਲਿਆ ਹੈ—ਮਨੁੱਖ ਨੂੰ ਦੇਵਤਾ ਬਣਨ ਦਾ ਰਾਹ ਦੱਸਣਾ ਜਾਂ ਉਸ ਨੂੰ ਆਪਣੇ ਅਸਲ ਆਪੇ ਦੀ ਪਛਾਣ ਕਰਾਣੀ ਜਾਂ ਇਉਂ ਕਹਿ ਸਕਦੇ ਹਾਂ ਕਿ ਉਸ ਨੂੰ ਰੱਬ ਦੇ ਦਰਸ਼ਨ ਕਰਾਣੇ। ਪਰ, ਕਿਉਂਕਿ ਇਹ ਪਰੀਵਰਤਣ ਗੁਰੂ ਰਾਹੀਂ ਹੋਣਾ ਹੈ ਇਸ ਲਈ ਅਗਲਾ ਲੇਖ '**ਗੁਰੂ ਸਿਧਾਂਤ**' 'ਤੇ ਹੈ, ਇਸ ਦੀ ਮਹਿਮਾ ਇਉਂ ਕੀਤੀ ਗਈ ਹੈ:

**"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥**
**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ ੧ ॥"**

**(ਵਾਰ ਆਸਾ ਮਹਲਾ ੧) ਅੰਗ ੪੬੨**

ਅਰਥਾਤ-"ਦਿਨ ਵਿਚ ਸੈਂਕੜੇ ਵਾਰ ਮੈਂ ਆਪਣੇ ਗੁਰੂ ਤੋਂ ਸਦਕੇ ਹੋ



ਹੋ ਜਾਂਦਾ ਹਾਂ, ਜਿਸ ਨੇ ਜੀਵਾਂ ਨੂੰ ਮਨੁੱਖਾਂ ਤੋਂ ਦੇਵਤੇ ਕਰ ਦਿੱਤਾ ਹੈ ਤੇ ਇਹ ਕਰਦਿਆਂ ਨੂੰ ਦੇਰੀ ਨਹੀਂ ਲੱਗੀ ਜਦੋਂ ਪੂਰੇ ਸਿਦਕ ਨਾਲ ਗੁਰੂ ਦੇ ਦੱਸੇ ਰਾਹ ਉਤੇ ਅਮਲ ਹੋਣਾ ਸ਼ੁਰੂ ਹੋ ਜਾਵੇ ।"

ਅਗਲਾ ਲੇਖ '**ਨਾਮ ਸਿਮਰਨ ਹੈ**' । ਵਾਹਿਗੁਰੂ ਪ੍ਰਾਪਤੀ ਲਈ ਸਭ ਤੋਂ ਉੱਤਮ ਰਾਹ ਇਹੋ ਹੈ, ਇਸ ਲਈ ਇਸ ਨੂੰ ਪਹਿਲੀ ਥਾਂ ਦੇਣਾ ਕੁਦਰਤੀ ਤੇ ਮੁਨਾਸਬ ਹੈ । ਇਸ ਤੋਂ ਅੱਗੇ '**ਪ੍ਰਾਰਥਨਾ**' ਦਾ ਲੇਖ ਹੈ । ਪ੍ਰਾਰਥਨਾ ਹੈ ਤਾਂ ਨਾਮ ਸਿਮਰਨ ਦਾ ਹੀ ਇਕ ਅੰਗ । ਇਨ੍ਹਾਂ ਦੋਹਾਂ ਨੂੰ ਇਕੱਠਿਆਂ ਕਰਕੇ ਇਕ ਲੇਖ ਵੀ ਹੋ ਸਕਦਾ ਸੀ ਪਰ ਪ੍ਰਾਰਥਨਾ ਦਾ ਅਸਲ ਮਨੋਰਥ ਵਧੇਰੇ ਸਪੱਸ਼ਟ ਕਰਨ ਲਈ ਇਸ ਨੂੰ ਵੱਖਰਾ ਦੇਣਾ ਉਚਿਤ ਸਮਝਿਆ ਹੈ ।

ਨਾਮ ਸਿਮਰਨ ਤੋਂ ਸਹਜ ਦੀ ਪ੍ਰਾਪਤੀ ਹੁੰਦੀ ਹੈ ; ਸੋ, ਸਹਜ ਪਦ ਦੀ ਵਿਆਖਿਆ ਅਗਲੇ ਲੇਖ '**ਸਹਜ**' ਦੇ ਨਾਮ ਹੇਠ ਕਰ ਦਿੱਤੀ ਹੈ । ਸਹਜ ਤੋਂ ਜੀਵਨ ਕੀਮਤਾਂ ਠੀਕ ਹੋ ਗਈਆਂ ਹਨ । ਸੁੱਖ,ਸ਼ਾਂਤੀ ਅਤੇ ਰੱਬੀ ਗਿਆਨ ਪ੍ਰਵੇਸ਼ ਕਰ ਗਏ ਹਨ। ਨਜ਼ਰ ਵਿਚ ਐਸੀ ਏਕਤਾ ਆ ਗਈ ਹੈ ਕਿ ਵਖੇਵੇਂ ਖ਼ਤਮ ਹੋ ਗਏ ਹਨ । ਏਥੇ ਹੀ '**ਅਦਵੈਤਵਾਦ**' (ਏਕਤਾ) ਦਾ ਲੇਖ ਆਇਆ ਹੈ। ਏਕਤਾ ਤੋਂ ਪ੍ਰੇਮ ਉਪਜਦਾ ਹੈ। ਬੇਗਾਨਾ ਤਾਂ ਕੋਈ ਰਹਿ ਹੀ ਨਹੀਂ ਗਿਆ। ਪ੍ਰੇਮ ਤੋਂ ਸੇਵਾ ਆਪੇ ਨਿਕਲਦੀ ਹੈ, ਜੋ ਗ੍ਰਿਹਸਤੀ ਹੋ ਕੇ ਕੀਤੀ ਜਾਣੀ ਹੈ। ਏਥੇ ਪੁੱਜ ਕੇ '**ਆਦਰਸ਼ਕ ਸੇਵਕ**' ਤੇ '**ਗ੍ਰਿਹਸਤੀ ਦੀ ਪਰਧਾਨਤਾ**' ਦੀ ਵਿਚਾਰ ਦੋ ਵੱਖਰੇ ਲੇਖਾਂ ਵਿਚ ਖੋਲ੍ਹ ਕੇ ਕੀਤੀ ਹੈ । ਸੇਵਾ ਜੀਵਨ ਦੇ ਹਰ ਖੇਤਰ ਵਿਚ ਹੋਣੀ ਚਾਹੀਦੀ ਹੈ । ਇਸ ਵਿਚ ਸਿਆਸਤ ਵੀ ਆ ਜਾਂਦੀ ਹੈ, ਪਰ ਇਹ ਸਿਆਸਤ ਕਿਹੋ ਜਿਹੀ ਹੋਵੇ, '**ਧਰਮੀ ਸਿਆਸਤ**' ਦੇ ਸਿਰਲੇਖ ਹੇਠ ਬਿਆਨ ਕੀਤੀ ਗਈ ਹੈ । ਸਿਆਸਤ ਦੇ ਮੈਦਾਨ ਵਿਚ ਬੇਗਰਜ਼ੀ, ਤਿਆਗ ਤੇ ਕੁਰਬਾਨੀ ਦੀ ਸਭ ਤੋਂ ਵੱਧ ਲੋੜ ਹੈ । ਧੱਕੇ, ਜ਼ੋਰ ਤੇ ਜ਼ੁਲਮਾਂ ਦਾ ਟਾਕਰਾ ਕਰਨਾ ਪੈਂਦਾ ਹੈ ਤੇ ਇਸ ਤਰ੍ਹਾਂ ਕਰਦਿਆਂ ਜਾਨ ਵੀ ਦੇਣੀ ਪੈ ਸਕਦੀ ਹੈ। ਪਰ ਕਦੀ ਕਦੀ ਖ਼ਾਸ ਹਾਲਾਤ ਵਿਚ ਸ਼ਕਤੀ ਨੂੰ ਵਰਤਣਾ ਵੀ ਜ਼ਰੂਰੀ ਧਰਮ ਬਣ ਜਾਂਦਾ ਹੈ । ਅਗਲੇ ਦੋ ਲੇਖ '**ਸ਼ਹੀਦੀ ਤੇ** '**ਖ਼ਾਲਸਾ ਖੜਗਧਾਰੀ ਕਿਉਂ?**' ਹਨ। ਸੇਵਕ ਹੁਣ ਪ੍ਰਮਾਤਮਾ ਦਾ ਆਗਿਆਕਾਰੀ ਟਹਿਲੀਆ ਹੋ ਗਿਆ ਹੋਇਆ ਹੈ ਤੇ ਉਸ ਦੇ ਹੁਕਮ ਵਿਚ ਹੀ ਸਭ ਕਾਰ ਕਮਾਂਵਦਾ ਹੈ । ਇਹ ਕਰਮਯੋਗੀ ਸੇਵਕ ਹੁਣ ਆਪਣੇ ਕਰਮਾਂ ਦੀ ਕਮਾਈ ਨਾਲ ਕਰਮਾਂ ਦੀ ਕੱਦ ਤੋਂ ਨਿਕਲ ਕੇ ਮੋਖ ਪ੍ਰਾਪਤ ਕਰ ਗਿਆ ਹੈ । ਕਰਮਾਂ ਦੇ ਮਸਲੇ 'ਤੇ ਏਥੇ ਆਖਰੀ ਲੇਖ

'**ਕਰਮ**' ਦੇ ਨਾਮ ਹੇਠ ਦੇ ਦਿੱਤਾ ਹੈ ਜੋ ਬੜਾ ਹੀ ਮਹਾਨ ਹੈ ।

ਕਈ ਲੇਖ ਕੁਝ ਲੰਮੇ ਹੋ ਗਏ ਹਨ ਪਰ ਇਸ ਦਾ ਲਾਭ ਜ਼ਰੂਰ ਹੋਇਆ ਹੈ ਕਿ ਵਿਚਾਰ ਖੁੱਲ੍ਹ ਕੇ ਸਪੱਸ਼ਟ ਕਹਿ ਲਏ ਗਏ ਹਨ । ਇਹ ਕੋਸ਼ਿਸ਼ ਕੀਤੀ ਹੈ ਕਿ ਲੇਖ ਵਿਚ ਆਇਆ ਖ਼ਿਆਲ ਦੂਜੇ ਲੇਖ ਵਿਚ ਦੁਹਰਾਇਆ ਨਾ ਜਾਵੇ ; ਪਰ, ਕਿਉਂਕਿ ਲੇਖਾਂ ਦਾ ਕੁਝ ਨਾ ਕੁਝ ਪ੍ਰਸਪਰ ਆਤਮਕ ਮੇਲ ਹੁੰਦਾ ਹੈ, ਇਸ ਲਈ ਕਿਤੇ ਕਿਤੇ ਚਲਦੇ ਮਜ਼ਮੂਨ ਨੂੰ ਖੋਲ੍ਹਣ ਲਈ ਸੰਖੇਪ ਦੁਹਰਾਨਾ ਜ਼ਰੂਰੀ ਹੋ ਜਾਂਦਾ ਹੈ । ਨਾਲੇ ਕਥਾ ਲਈ ਚੁਣੇ ਸ਼ਬਦ ਦੀਆਂ ਸਾਰੀਆਂ ਤੁਕਾਂ ਦਾ ਭਾਵ ਦੇਣਾ ਹੁੰਦਾ ਹੈ ਤੇ ਵਖਰੇ ਵਖਰੇ ਲੇਖਾਂ ਲਈ ਚੁਣੇ ਸ਼ਬਦਾਂ ਵਿਚ ਇਕੋ ਖ਼ਿਆਲ ਦੀਆਂ ਤੁਕਾਂ ਦਾ ਆ ਜਾਣਾ ਕੋਈ ਅਨੋਖੀ ਗੱਲ ਨਹੀਂ । ਸ਼ਬਦ ਦੀਆਂ ਸਾਰੀਆਂ ਤੁਕਾਂ ਦਾ ਭਾਵ ਦੇਣ ਲਈ ਕਿਤੇ ਕਿਤੇ ਚਲਦੇ ਮਜ਼ਮੂਨ ਤੋਂ ਜ਼ਰਾ ਲਾਂਭੇ ਵੀ ਹਟਣਾ ਪਿਆ ਹੈ ਪਰ ਮਜ਼ਮੂਨ ਦੀ ਲਗਾਤਾਰਤਾ ਵਿਚ ਫ਼ਰਕ ਨਹੀਂ ਆਇਆ । ਇਨ੍ਹਾਂ ਲੇਖਾਂ ਨੂੰ ਗਹੁ ਨਾਲ ਪੜ੍ਹਿਆਂ ਇਹ ਗੱਲ ਨਿਸ਼ਚਿਤ ਹੋ ਜਾਂਦੀ ਹੈ ਕਿ ਧਰਮ ਦੇ ਵਖੇਵੇਂ ਬਹੁਤ ਹੱਦ ਤਕ ਫ਼ਰਜ਼ੀ ਤੇ ਓਪਰੇ ਹਨ । ਜੇ ਧਰਮਾਂ ਦੇ ਪੈਰੋਕਾਰ ਕੇਵਲ ਧਰਮ ਦੀਆਂ ਬੁਨਿਆਦਾਂ ਨੂੰ ਹੀ ਸਾਹਮਣੇ ਰੱਖਣ ਤਾਂ ਮਜ਼੍ਹਬੀ ਝਗੜੇ ਕਦੇ ਪੈਦਾ ਨਹੀਂ ਹੋ ਸਕਦੇ । ਤਅੱਸਬ ਤੇ ਤੰਗ ਦਿਲੀ ਤੋਂ ਬਿਖਾਦ ਵਧਦੀ ਹੈ ਤੇ ਵਿਰੋਧ ਜਾਂ ਖਿੱਚੋਤਾਣ ਨਿਕਲਦੇ ਰਹਿੰਦੇ ਹਨ ।

ਇਸੇ ਖ਼ਿਆਲ ਨਾਲ ਇਸ ਪੁਸਤਕ ਵਿਚ ਸਿੱਖੀ ਦੀਆਂ ਕੇਵਲ ਬੁਨਿਆਦਾਂ ਦੀ ਵਿਆਖਿਆ ਹੀ ਕੀਤੀ ਗਈ ਹੈ । ਜੇ ਗੁਰਸਿੱਖਾਂ ਦਾ ਧਿਆਨ ਇਨ੍ਹਾਂ ਲੇਖਾਂ ਤੋਂ ਪ੍ਰੇਰਿਤ ਹੋ ਕੇ ਕੁਝ ਥੋੜ੍ਹਾ ਵੀ ਇਸ ਤਰਫ਼ ਆ ਜਾਵੇ ਤਾਂ ਇਸ ਪੁਸਤਕ ਦਾ ਲਿਖਿਆ ਜਾਣਾ ਸਫਲ ਹੈ ।

ਇਹ ਪੁਸਤਕ ਠੀਕ ਸਮੇਂ ਪ੍ਰਕਾਸ਼ਤ ਹੋਈ ਸੀ । ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਬਰਸੀ, ਤੇ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌ ਸਾਲਾ ਬਰਸੀ, ਉਸ ਤੋਂ ਪਹਿਲਾਂ ਵੀ ਆਈ ਸੀ । ਇਨ੍ਹਾਂ ਮਹਾਨ ਵਿਅਕਤੀਆਂ ਦੀ ਜੀਵਨ ਫ਼ਿਲਾਸਫ਼ੀ ਨੂੰ ਦੁਨੀਆਂ ਦੇ ਸਾਹਮਣੇ ਲਿਆਉਣ ਲਈ ਇਹ ਸਮਾਂ ਬਹੁਤ ਸ਼ੁੱਭ ਸੀ । ਇਸ ਮਨੋਰਥ ਦੀ ਪੂਰਤੀ ਲਈ ਇਹ ਪੁਸਤਕ ਇਕ ਨਿਮਾਣਾ ਜਿਹਾ ਯਤਨ ਸਮਝਣਾ ਚਾਹੀਦਾ ਹੈ ।

ਪਾਠਕਾਂ ਦੀ ਸੇਵਾ ਵਿਚ ਇਕ ਗੱਲ ਹੋਰ ਕਹਿਣ ਵਾਲੀ ਹੈ । ਸਿੱਖ ਧਰਮ ਦੀ ਫ਼ਿਲਾਸਫ਼ੀ ਸੰਬੰਧੀ 'ਆਵਰ ਹੈਰੀਟੇਜ਼' (Our heritage) ਨਾਮੀ



ਸਾਡੀ ਇਕ ਪੁਸਤਕ ਅੱਗੇ ਛਪ ਚੁੱਕੀ ਹੋਈ ਹੈ ਜੋ ਚੀਫ਼ ਖ਼ਾਲਸਾ ਦੀਵਾਨ ਨੇ ਪ੍ਰਕਾਸ਼ਤ ਕੀਤੀ ਸੀ । ਉਸ ਪੁਸਤਕ ਤੋਂ ਇਹ ਪੁਸਤਕ ਬਹੁਤ ਭਿੰਨ ਹੈ। ਲੇਖਾਂ ਦੀ ਤਰਤੀਬ ਤੇ ਉਹਨਾਂ ਵਿਚ ਆਏ ਗੁਰਮਤਿ ਸਿਧਾਂਤ ਤਾਂ ਲੱਗਭੱਗ ਓਹੋ ਹਨ, ਪਰ, ਕਿਉਂਕਿ ਇਹ ਪੁਸਤਕ ਗੁਰੂ ਦੇ ਨਾਮ-ਲੇਵਾ ਪੰਜਾਬੀ ਲੋਕਾਂ ਦੀ ਵਿਸ਼ੇਸ਼ ਸੇਵਾ ਦੇ ਖ਼ਿਆਲ ਨਾਲ ਲਿਖੀ ਗਈ ਹੈ, ਇਸ ਲਈ ਇਸ ਦਾ ਰੂਪ ਬਹੁਤ ਵਟਿਆ ਹੋਇਆ ਦਿਸੇਗਾ । ਆਪਣਿਆਂ ਨਾਲ ਗੱਲ ਜ਼ਰਾ ਵਧੇਰੇ ਖੁਲ੍ਹ ਕੇ ਕਰ ਲਈਦੀ ਹੈ । ਇਹ ਆਸਾਨ ਵੀ ਹੁੰਦਾ ਹੈ ਤੇ ਕੁਝ ਫ਼ਰਜ਼ ਵੀ ਬਣ ਜਾਂਦਾ ਹੈ । ਇਸ ਫ਼ਰਜ਼ ਨੂੰ ਨਿਭਾਉਣ ਦਾ ਪੂਰਾ ਯਤਨ ਕੀਤਾ ਗਿਆ ਹੈ। ਗੁਰੂ ਆਸ਼ਿਆਂ ਦੇ ਉਲਟ ਦਾਖ਼ਲ ਹੋ ਚੁੱਕੀਆਂ ਗ਼ਲਤ ਕੀਮਤਾਂ ਨੂੰ ਚੰਗੀ ਤਰ੍ਹਾਂ ਖੋਲ੍ਹਿਆ ਗਿਆ ਹੈ। ਗੁਰਬਾਣੀ ਦੇ ਹਵਾਲਿਆਂ ਵਿਚ ਚੋਖਾ ਵਾਧਾ ਹੋਇਆ ਦਿਸੇਗਾ ਤੇ ਸਿਧਾਂਤਾਂ ਦੀ ਵਿਆਖਿਆ ਵਿਚ ਵੀ । 'ਅਦਵੈਤਵਾਦ' ਦਾ ਉਥੇ ਆਇਆ ਇਕ ਲੇਖ ਏਥੇ ਦੋ ਹਿੱਸਿਆਂ ਵਿਚ ਕਰ ਦਿੱਤਾ ਗਿਆ ਹੈ—ਜਿਸ ਲਈ '**ਧਰਮੀ ਸਿਆਸਤ**' ਇਕ ਵੱਖਰਾ ਲੇਖ ਬਣ ਗਿਆ ਹੈ । ਪੁਸਤਕ ਨੂੰ ਆਸਾਨ ਪੰਜਾਬੀ ਵਿਚ ਲਿਖਣ ਦਾ ਯਤਨ ਕੀਤਾ ਹੈ ਤਾਂ ਜੋ ਹਰ ਕੋਈ ਇਸ ਨੂੰ ਸਮਝ ਲਵੇ । ਪੰਜਾਬੀ ਭਰਾਵਾਂ ਨਾਲ ਸਾਂਝ ਕਰਨ ਕਰਾਣ ਦੇ ਖ਼ਿਆਲ ਨਾਲ ਹੀ ਇਹ ਪੁਸਤਕ ਜਨਮ ਲੈ ਰਹੀ ਸਮਝਣੀ ਚਾਹੀਦੀ ਹੈ ।

ਗੁਰੂ ਨਾਨਕ ਦੇਵ ਜੀ ਨੇ ਇਉਂ ਕਿਹਾ ਸੀ :

**"ਜਬ ਲਗੁ ਦੁਨੀਆ ਰਹੀਐ ਨਾਨਕ**
**ਕਿਛੁ ਸੁਣੀਐ ਕਿਛੁ ਕਹੀਐ ॥"**

**ਅੰਗ ੬੬੧ (ਧਨਾਸਰੀ ਮਹਲਾ ੧)**

ਅਰਥਾਤ-ਜਿੰਨਾ ਚਿਰ ਦੁਨੀਆਂ ਵਿਚ ਰਹਿਣਾ ਹੈ, ਦੁਨੀਆਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਕੀਤੀ ਜਾਣੀ ਚਾਹੀਦੀ ਹੈ , ਤਾਂ ਹੀ ਸਹੀ ਰਸਤਾ ਲੱਭਦਾ ਹੈ ।

ਨਰੈਣ ਸਿੰਘ
੨੬-ਕ੍ਰਿਸ਼ਨਾ ਸੁਕੇਅਰ
ਸ਼ਿਵਾਲਾ ਰੋਡ,
ਅੰਮ੍ਰਿਤਸਰ ।

## ਧਰਮ ਕੀ ਹੈ ?

**"ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥"**

**ਗਉੜੀ ਮਹਲਾ ੫ (ਅੰਗ ੨੬੬)**

ਅਰਥਾਤ "ਸਭ ਧਰਮਾਂ ਤੋਂ ਉੱਤਮ ਧਰਮ ਉਹ ਹੈ ਜਿਸ ਵਿਚ ਹਰੀ ਦੇ ਨਾਮ ਦਾ ਸਿਮਰਨ ਮੁੱਖ ਰਖਿਆ ਜਾਂਦਾ ਹੈ। ਇਹੋ ਇਕ ਕਰਮ ਨਿਰੋਲ ਸ਼ੁਧ ਕਰਮ ਹੈ ।"

**"ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥ ੧ ॥ ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥੧ ॥ ਰਹਾਉ ॥ ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥ ੨ ॥੨ ॥ (ਆਸਾ ਮਹਲਾ ੧) ਅੰਗ ੧੨**

ਅਰਥਾਤ- "ਛੇ ਸ਼ਾਸਤ੍ਰ (ਸਾਂਖ, ਨਿਆਇ, ਵਿਸ਼ੇਸ਼ਿਕ, ਮੀਮਾਨਸਾ ਯੋਗ ਅਤੇ ਵੇਦਾਂਤ) ਹਨ, ਛੇ ਹੀ ਉਨ੍ਹਾਂ ਦੇ ਚਲਾਣ ਵਾਲੇ ਗੁਰੂ (ਕਪਲ, ਗੋਤਮ, ਕਨਾਦ, ਜੈਮਨੀ, ਪਤੰਜਲੀ ਤੇ ਵਿਆਸ) ਹਨ ਅਤੇ ਛੇ ਹੀ ਉਨ੍ਹਾਂ ਦੇ ਸਿਧਾਂਤ ਹਨ । ਪਰ ਗੁਰੂਆਂ ਦਾ ਮੂਲ ਗੁਰੂ (ਵਾਹਿਗੁਰੂ) ਇਕ ਹੈ। (ਇਨ੍ਹਾਂ ਸ਼ਾਸਤ੍ਰਾਂ ਦਵਾਰਾ ਕੇਵਲ ਉਸੇ ਦਾ ਪ੍ਰਕਾਸ਼ ਭਿੰਨ ਭਿੰਨ ਹੋਇਆ ਹੈ । ਸਭ ਕਿਸੇ ਨੂੰ ਰੋਸ਼ਨੀ ਉਸ ਤੋਂ ਹੀ ਮਿਲੀ ਹੈ । ਇਸ ਲਈ ਉਹ ਆਪ ਹੀ ਸਭ ਗੁਰੂਆਂ ਦਾ ਗੁਰੂ ਹੈ )। ਹੇ ਭਾਈ,ਜਿਸ ਕਿਸੇ ਸਿਧਾਂਤ ਦਵਾਰਾ ਉਸ ਕਰਤੇ ਦੀ ਸਿਫ਼ਤ ਸਲਾਹ ਹੁੰਦੀ ਹੋਵੇ ਤੂੰ ਓਸੇ ਸਿਧਾਂਤ ਨੂੰ ਆਪਣਾ ਸਮਝ । ਇਸੇ ਵਿਚ ਤੇਰੀ ਵਡਿਆਈ ਜਾਂ ਤੇਰੇ ਵਾਧੇ ਦਾ ਰਾਜ਼ ਲੁਕਿਆ ਹੋਇਆ ਹੈ। ਜਿਵੇਂ ਸੂਰਜ ਇਕ ਹੈ ਪਰ ਉਸ ਤੋਂ ਅਨੇਕ ਰੁੱਤਾਂ ਉਤਪੰਨ ਹੋ ਜਾਂਦੀਆਂ ਹਨ,ਉਸ ਦੇ ਕਾਰਨ ਹੀ ਵਿਸੇ, ਚਸੇ, ਘੜੀਆਂ, ਪਹਰ, ਥਿਤਾਂ, ਵਾਰ, ਮਹੀਨੇ ਆਦਿਕ ਬਣਦੇ ਹਨ ਤਿਵੇਂ ਕਰਤਾ ਪੁਰਖ ਵਾਹਿਗੁਰੂ ਇਕ ਹੈ ਪਰ ਉਸ ਦਾ ਪ੍ਰਗਟਾਵਾ ਕਈ ਤਰ੍ਹਾਂ ਹੋ ਜਾਂਦਾ ਹੈ(ਭਿੰਨ ਭਿੰਨ ਧਰਮਾਂ ਤੇ ਭਿੰਨ ਭਿੰਨ ਖ਼ਿਆਲਾਂ ਦੇ ਹੁੰਦਿਆਂ ਸਭਨਾਂ ਦਾ ਸੋਮਾ ਵਾਹਿਗੁਰੂ ਇਕ ਹੈ)।"

ਮਜਹਬ ਜਾਂ ਧਰਮ ਦਾ ਅਸਲ ਮਨੋਰਥ ਮਨੁੱਖ ਨੂੰ ਜੀਵਨ-ਜਾਚ ਦੱਸ ਕੇ ਉਸ ਦੀਆਂ ਸਾਰੀਆਂ ਜੀਵਨ ਸਮੱਸਿਆਵਾਂ ਹੱਲ ਕਰਨਾ ਅਤੇ ਉਸ



ਨੂੰ ਸੁਖੀ ਜੀਵਣ ਦੇਣਾ ਹੈ । ਦੇਸ਼, ਨਸਲ, ਜ਼ਾਤ, ਕੁਲ ਅਤੇ ਰੰਗ ਆਦਿ ਦੇ ਫ਼ਰਕਾਂ ਦੇ ਬਾਵਜੂਦ ਸਭ ਮਨੁੱਖਾਂ ਦੀਆਂ ਜੀਵਨ ਸਮੱਸਿਆਵਾਂ ਇਕੋ ਜਿਹੀਆਂ ਹਨ ਅਤੇ ਇਨ੍ਹਾਂ ਦੇ ਹੱਲ ਵੀ ਲਗਭਗ ਇਕ ਹੀ ਹਨ । ਇਸ ਲਈ ਉਨ੍ਹਾਂ ਦੇ ਧਰਮ ਬੁਨਿਆਦੀ ਤੌਰ 'ਤੇ ਵੱਖ ਵੱਖ ਨਹੀਂ ਹੋ ਸਕਦੇ । ਇਸ ਦਾ ਭਾਵ ਇਹ ਹੈ ਕਿ ਧਰਮ ਦਾ ਪੈਗ਼ਾਮ ਸਭ ਦੁਨੀਆਂ ਲਈ ਸਾਂਝਾ ਹੈ ਤੇ ਇਕੱਲੀ ਕਿਸੇ ਜਮਾਤ ਦੀ ਮੌਰੂਸ ਜਾਂ ਇਜਾਰਾ ਨਹੀਂ ਹੋ ਸਕਦਾ । ਇਸ ਤੋਂ ਛੁੱਟ, ਮਨੁੱਖ ਦਾ ਕਿਉਂਕਿ ਵਿਕਾਸ ਹੋ ਰਿਹਾ ਹੈ, ਉਸ ਦੇ ਧਰਮ ਵਿਚ ਵੀ ਏਨੀ ਕੁ ਲਚਕ ਜ਼ਰੂਰ ਹੋਣੀ ਚਾਹੀਦੀ ਹੈ ਕਿ ਉਸ ਦਾ ਵਾਧਾ ਰੁਕ ਨਾ ਜਾਏ ਤੇ ਉਹ ਕੋਈ ਨਿਰਜ਼ਿੰਦ ਜਿਹੀ ਚੀਜ਼ ਹੋ ਕੇ ਰਹਿ ਨਾ ਜਾਏ । ਗੁਰੂ, ਪੀਰ, ਪੈਗ਼ੰਬਰ ਜਾਂ ਅਵਤਾਰ ਸਮੇਂ ਸਮੇਂ ਪ੍ਰਗਟ ਹੁੰਦੇ ਰਹਿੰਦੇ ਹਨ । ਪ੍ਰਮਾਤਮਾ ਤੋਂ ਉਹ ਰੌਸ਼ਨੀ ਪ੍ਰਾਪਤ ਕਰਦੇ ਹਨ ਤੇ ਦੁਨੀਆਂ ਨੂੰ ਰਾਹ ਵਿਖਾਲਦੇ ਹਨ, ਪਰ, ਕਿਉਂਕਿ ਉਹ ਪ੍ਰਮਾਤਮਾ ਬੇਅੰਤ ਹੈ, ਸਮਝ ਤੋਂ ਪਰ੍ਹੇ ਹੈ ਅਤੇ ਉਸ ਦਾ ਪ੍ਰਕਾਸ਼ ਮਨੁੱਖੀ ਆਤਮਾ ਦੇ ਅੰਦਰ ਹੀ ਹੋਣਾ ਹੁੰਦਾ ਹੈ, ਇਸ ਪ੍ਰਕਾਸ਼ ਨੂੰ ਸਾਰੇ ਇਕੋ ਤਰ੍ਹਾਂ ਨਹੀਂ ਵੇਖਦੇ । ਉਸ ਦੀ ਸ਼ਖ਼ਸੀਅਤ ਦੇ ਬੇਅੰਤ ਪਹਿਲੂ ਹਨ । ਉਸ ਦੇ ਦਰਸ਼ਨ ਵਿਸਮਾਦ ਦੀ ਹਾਲਤ ਵਿਚ ਲੈ ਜਾਂਦੇ ਹਨ । ਇਸ ਦਰਸ਼ਨ ਨੂੰ ਜਦੋਂ ਉਸ ਹਾਲਤ ਤੋਂ ਹੇਠਾਂ ਉਤਰ ਕੇ ਵਰਣਨ ਕਰਨਾ ਹੁੰਦਾ ਹੈ ਤਾਂ ਕਠਿਨਾਈ ਪ੍ਰਤੀਤ ਹੁੰਦੀ ਹੈ । ਆਪਣੇ ਆਪਣੇ ਸੁਭਾਉ, ਵੱਖ ਵੱਖ ਮਾਨਸਿਕ, ਕਲਚਰਲ ਤੇ ਆਤਮਕ ਹਾਲਤਾਂ, ਸੁਆਦਾਂ ਤੇ ਤਾਲੀਮਾਂ ਦੇ ਪ੍ਰਸਪਰ, ਫ਼ਰਕ ਅਤੇ ਖ਼ਿਆਲਾਂ ਦੇ ਥੋੜ੍ਹੇ ਜਾਂ ਬਹੁਤ ਵਖੇਵੇਂ, ਸਭ ਇਸ ਵਰਣਨ 'ਤੇ ਅਸਰ ਪਾਂਦੇ ਹਨ । ਜਦ ਆਤਮਿਕ ਪੱਧਰ ਤੋਂ ਉਤਰ ਕੇ ਦਿਮਾਗੀ ਪੱਧਰ 'ਤੇ ਆ ਕੇ ਇਸ ਦਾ ਵਰਣਨ ਕੀਤਾ ਜਾਂਦਾ ਹੈ ਤਾਂ ਵੀ ਕਿਤੇ ਕਿਤੇ ਫ਼ਰਕ ਹੋ ਜਾਣਾ ਗ਼ੈਰ ਕੁਦਰਤੀ ਨਹੀਂ । ਕੋਈ ਪੂਰਣਤਾ ਤਕ ਪੁੱਜਾ ਵਿਰਲਾ ਮਹਾਂਪੁਰਸ਼ ਹੀ ਨਿਰੋਲ ਸੱਚ ਵੇਖਦਾ ਤੇ ਉਸ ਨੂੰ ਸਹੀ ਰੂਪ ਵਿਚ ਪ੍ਰਗਟ ਕਰ ਸਕਦਾ ਹੈ। ਇਸ ਦਰਸ਼ਨ ਦੀ ਮਹਿਮਾ ਕਿਉਂਕਿ ਅਪਰ ਅਪਾਰ ਹੈ, ਇਸ ਦੇ ਪ੍ਰਗਟਾਵੇ ਵਿਚ ਥੋੜ੍ਹੀ ਜਾਂ ਬਹੁਤ ਭਿੰਨਤਾ ਅਵੱਸ਼ ਤੇ ਕੁਦਰਤੀ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਚਾਈ ਨੂੰ ਇਉਂ ਪ੍ਰਗਟ ਕੀਤਾ ਸੀ :

**"ਆਪ ਆਪਨੀ ਬੁਧ ਹੈ ਜੇਤੀ ॥**
**ਬਰਨਤ ਭਿੰਨ ਭਿੰਨ ਤੋਹਿ ਤੇਤੀ ॥"**

**(ਚੌਪਈ ਪਾਤਸ਼ਾਹੀ ੧੦)**

ਅਰਥਾਤ "ਹਰ ਕੋਈ ਆਪਣੀ ਵਿਚਾਰ ਅਨੁਸਾਰ ਉਸ ਨੂੰ ਵੱਖ ਵੱਖ

ਤਰ੍ਹਾਂ ਬਿਆਨ ਕਰਦਾ ਹੈ ।"

ਇਸ ਵਿਚਾਰ ਦਾ ਸਪੱਸ਼ਟ ਭਾਵ ਇਹ ਹੈ ਕਿ ਸਾਰੇ ਧਰਮ ਰੱਬ ਦੇ ਇਸ ਦਰਸ਼ਨ ਤੋਂ ਹੀ ਉਤਪੰਨ ਹੁੰਦੇ ਹਨ ਤੇ ਉਨ੍ਹਾਂ ਦੇ ਪ੍ਰਸਪਰ ਛੋਟੇ ਮੋਟੇ ਫ਼ਰਕਾਂ ਦਾ ਕਾਰਨ ਇਹੋ ਹੈ ਕਿ ਇਸ ਦਰਸ਼ਨ ਨੂੰ ਸਾਰੇ ਇਕ ਤਰ੍ਹਾਂ ਨਹੀਂ ਵੇਖ ਸਕਦੇ । ਪਰ ਸਮੁੱਚੇ ਤੌਰ 'ਤੇ ਅਤੇ ਆਤਮਕ ਦ੍ਰਿਸ਼ਟੀ-ਕੋਣ ਤੋਂ ਸਭ ਧਰਮਾਂ ਦਾ ਨਿਸ਼ਾਨਾ ਪ੍ਰਮਾਤਮਾ ਹੈ ; ਜਿਵੇਂ ਸਭ ਨਦੀਆਂ ਨਾਲੇ ਅੰਤ ਨੂੰ ਸਮੁੰਦਰ ਵਿਚ ਹੀ ਜਾ ਮੁਕਦੇ ਹਨ, ਭਾਵੇਂ ਉਹਨਾਂ ਦੇ ਰਾਹਾਂ ਵਿਚ ਕਿਤੇ ਕਿਤੇ ਫ਼ਰਕ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :-

**"ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥"**

**(ਆਸਾ ਮਹਲਾ ੧) ਅੰਗ ੧੨**

ਆਰੰਭ ਦੇ ਸ਼ਬਦ ਵਿਚ ਗੁਰੂ ਸਾਹਿਬ ਛੇ ਹਿੰਦੂ ਦਰਸ਼ਨਾਂ (ਘਰਾਂ) ਦਾ ਜ਼ਿਕਰ ਕਰ ਰਹੇ ਹਨ । ਹਰ ਇਕ ਦਰਸ਼ਨ ਦਾ ਆਪਣਾ ਆਪਣਾ ਗੁਰੂ (ਬਾਨੀ) ਤੇ ਆਪਣਾ ਆਪਣਾ ਸਿਧਾਂਤ ਹੈ ; ਪਰ ਮਹਾਰਾਜ ਕਹਿੰਦੇ ਹਨ ਕਿ ਇਨ੍ਹਾਂ ਸਭ ਗੁਰੂਆਂ ਦਾ ਗੁਰੂ ਉਹ ਪ੍ਰਮਾਤਮਾ ਹੈ ਜਿਸ ਤੋਂ ਸਭ ਨੇ ਰੌਸ਼ਨੀ ਲਈ ਹੈ । '**ਦਰਸ਼ਨ**' ਸ਼ਬਦ ਦਾ ਆਖਰੀ ਅਰਥ ਹੈ ਦੀਦਾਰ ; ਕਿਉਂਕਿ ਸਭ ਧਰਮ ਇਸ ਰੱਬੀ ਪ੍ਰਕਾਸ਼ ਦੇ ਦੀਦਾਰ ਜਾਂ ਵੇਖਣ ਤੋਂ ਉਤਪੰਨ ਹੁੰਦੇ ਹਨ, ਇਸ ਲਈ '**ਦਰਸ਼ਨ**' ਸ਼ਬਦ ਨੂੰ ਧਰਮ ਜਾਂ ਫ਼ਿਲਾਸਫ਼ੀ ਦੇ ਕਿਸੇ ਮਤ (ਸਕੂਲ) ਲਈ ਵਰਤਿਆ ਜਾਣ ਲੱਗ ਪਿਆ ਹੈ । ਏਥੇ ਜ਼ਿਕਰ ਤਾਂ ਭਾਵੇਂ ਛੇ ਹਿੰਦੂ ਦਰਸ਼ਨਾਂ ਦਾ ਹੋ ਰਿਹਾ ਹੈ ਪਰ ਜੋ ਸਿਖਿਆ ਮਹਾਰਾਜ ਦ੍ਰਿੜ੍ਹ ਕਰਾਉਣੀ ਚਾਹੁੰਦੇ ਹਨ ਉਹ ਸਭ ਧਰਮਾਂ 'ਤੇ ਇਕੋ ਜੇਹੀ ਲਾਗੂ ਹੁੰਦੀ ਹੈ । ਇਸ ਸਿਖਿਆ ਦਾ ਨਿਚੋੜ ਇਹ ਹੈ ਕਿ ਧਰਮਾਂ ਦੀ ਬੁਨਿਆਦ ਵਾਹਿਗੁਰੂ ਹੈ । ਜਿਸ ਕਿਸੇ ਧਰਮ ਅੰਦਰ ਵੀ ਉਸ ਪ੍ਰਮਾਤਮਾ ਦਾ ਜੱਸ ਹੁੰਦਾ ਹੋਵੇ ਓਸੇ ਨੂੰ ਆਦਰਯੋਗ ਸਮਝਿਆ ਜਾਏ, ਇਸ ਵਿਚ ਹੀ ਮਨੁੱਖੀ ਵਾਧੇ ਦਾ ਭੇਦ ਲੁਕਿਆ ਪਿਆ ਹੈ । ਜਿਵੇਂ ਸੂਰਜ ਇਕ ਹੈ ਪਰ ਉਸ ਤੋਂ ਵਿਸੁਏ, ਚਸਏ, ਘੜੀਆਂ, ਪਹਿਰ, ਥਿਤ, ਵਾਰ ਆਦਿਕ ਸਮੇਂ ਦੀ ਸਾਰੀ ਵੰਡ ਹੋ ਜਾਂਦੀ ਹੈ, ਤਿਵੇਂ ਪ੍ਰਮਾਤਮਾ ਇਕ ਹੈ ਤੇ ਉਸ ਤੋਂ ਹੀ ਪ੍ਰਕਾਸ਼ ਲੈ ਕੇ, ਉਸ ਪ੍ਰਕਾਸ਼ ਦਾ ਵੱਖ ਵੱਖ ਤਰ੍ਹਾਂ ਪ੍ਰਗਟਾਵਾ ਵੱਖ ਵੱਖ ਧਰਮਾਂ ਦੇ ਰੂਪ ਲੈ ਲੈਂਦਾ ਹੈ; ਕਿਉਂਕਿ ਉਹ ਬੇਅੰਤ ਹੈ, ਇਸ ਲਈ ਉਸਨੂੰ ਬੇਅੰਤ ਤਰ੍ਹਾਂ ਵੇਖਿਆ ਜਾ ਸਕਦਾ ਹੈ ।

ਮਹਾਤਮਾ ਬੁੱਧ ਨੇ ਪੱਤਿਆਂ ਨਾਲ ਭਰੀ ਆਪਣੀ ਇਕ ਮੁੱਠੀ ਨੂੰ ਆਪਣੇ ਚੇਲੇ 'ਅਨੰਦ' ਦੇ ਸਾਹਮਣੇ ਰੱਖ ਕੇ ਪੁੱਛਿਆ ਸੀ ਕਿ ਇਸ ਮੁੱਠੀ



ਦੇ ਪੱਤਿਆਂ ਤੋਂ ਬਿਨਾਂ ਕਿੰਨੇ ਕੁ ਹੋਰ ਪੱਤੇ ਹੋ ਸਕਦੇ ਹਨ । ਉਹਨਾਂ ਉੱਤਰ ਦਿੱਤਾ ਕਿ ਮੌਸਮ ਬਦਲਦਾ ਹੈ ਤੇ ਰੰਗ ਬਿਰੰਗਾ ਖਿੜਦਾ ਰਹਿੰਦਾ ਹੈ ਤੇ ਨਵੇਂ ਨਵੇਂ ਬੇਅੰਤ ਪੱਤੇ ਪੈਦਾ ਕਰਦਾ ਰਹਿੰਦਾ ਹੈ । ਬੁੱਧ ਜੀ ਨੇ ਇਸ ਦ੍ਰਿਸ਼ਟਾਂਤ ਨਾਲ ਇਹ ਸਮਝਾਇਆ ਕਿ ਸੱਚ ਬੇਅੰਤ ਹੈ ਤੇ ਜੋ ਕੁਝ ਕਿਸੇ ਨੇ ਉਸ ਸੱਚ ਨੂੰ ਵੇਖਿਆ ਜਾਂ ਦੱਸਿਆ ਹੈ, ਉਸ ਦੀ ਹੈਸੀਅਤ ਇਸ ਮੁੱਠੀ ਦੇ ਪੱਤਿਆਂ ਤੋਂ ਵੱਧ ਨਹੀਂ ।

ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਇਸੇ ਤਰ੍ਹਾਂ ਦੇ ਖ਼ਿਆਲ ਇਉਂ ਕਹੇ ਹਨ :-

**"ਜਿਸ ਸ਼ਕਲ ਵਿਚ ਵੀ ਮੈਨੂੰ ਮਨੁੱਖ ਪੂਜਦੇ ਹਨ, ਓਸੇ**
**ਵਿਚ ਹੀ ਮੈਂ ਇਹ ਪੂਜਾ ਪਰਵਾਨ ਕਰ ਲੈਂਦਾ ਹਾਂ ।**
**ਮਨੁੱਖ ਮੈਨੂੰ ਭਾਵੇਂ ਕਈ ਤਰ੍ਹਾਂ ਪੂਜਦੇ ਹਨ ਪਰ ਉਹ**
**ਸਾਰੇ ਅੰਤ ਨੂੰ ਮੇਰੇ ਤਕ ਪੁੱਜਦੇ ਹਨ ।"**

ਉਨ੍ਹਾਂ ਸ੍ਰੀ ਅਰਜਨ ਨੂੰ ਅਲੰਕਾਰਕ ਤਰੀਕੇ ਨਾਲ ਹੋਰ ਸਮਝਾਇਆ ਕਿ ਪਾਰਬ੍ਰਹਮ ਇਉਂ ਹੈ ਜਿਵੇਂ ਪਹਾੜ ਦੀ ਚੋਟੀ, ਤੇ ਉਸ ਚੋਟੀ 'ਤੇ ਪੁੱਜਣ ਲਈ ਬੇਅੰਤ ਰਾਹ ਹਨ । ਜੋ ਜੋ ਰਾਹ ਵੀ ਕੋਈ ਅਪਨਾਉਂਦਾ ਹੈ ਉਹ ਆਖਰਕਾਰ ਉਸ ਚੋਟੀ 'ਤੇ ਹੀ ਪੁੱਜ ਜਾਂਦਾ ਹੈ । ਵੱਖ ਵੱਖ ਗਾਈਂ ਤੇ ਬੱਕਰੀਆਂ ਦੇ ਰੰਗ ਭਾਵੇਂ ਵੱਖ ਵੱਖ ਹੁੰਦੇ ਹਨ ਪਰ ਉਨ੍ਹਾਂ ਦੇ ਦੁੱਧ ਦਾ ਰੰਗ ਚਿੱਟਾ ਹੀ ਰਹਿੰਦਾ ਹੈ। ਇਸੇ ਤਰ੍ਹਾਂ ਸਭ ਧਰਮਾਂ ਦਾ ਨਿਸ਼ਾਨਾ ਇਕ ਪ੍ਰਮਾਤਮਾ ਹੀ ਹੈ ਭਾਵੇਂ ਉਸ ਨੂੰ ਵੇਖਿਆ ਭਿੰਨ ਭਿੰਨ ਜਾਂਦਾ ਹੈ ।

ਜੇ ਇਹ ਗੱਲ ਠੀਕ ਹੈ ਕਿ ਸਭ ਧਰਮਾਂ ਦੀ ਬੁਨਿਆਦ ਵਾਹਿਗੁਰੂ ਹੈ ਤਾਂ ਧਰਮਾਂ ਦੇ ਆਧਾਰ 'ਤੇ ਖਿਚੋਤਾਣ ਵਧਾਣੀ ਅਤੇ ਇਹ ਦਾਹਵਾ ਕਰਨਾ ਕਿ ਸੱਚ ਦਾ ਸਹੀ ਪ੍ਰਕਾਸ਼ ਕਿਸੇ ਇਕ ਨੂੰ ਹੀ ਹੋ ਸਕਿਆ ਹੈ ਤੇ ਦੂਜਿਆਂ ਨੂੰ ਉਹੋ ਪ੍ਰਕਾਸ਼ ਸਾਰੇ ਦਾ ਸਾਰਾ ਭੁਲੇਖਾ ਹੈ ਜਾਂ ਅਪੂਰਨ ਹੈ, ਧਰਮ ਦੇ ਹਿੱਤਾਂ ਦੇ ਵਿਰੁੱਧ ਹੈ । ਸਿੱਖ ਗੁਰੂਆਂ ਨੇ ਇਸ ਬੁਨਿਆਦੀ ਗੱਲ ਨੂੰ ਪਰਵਾਣ ਕਰ ਲਿਆ ਸੀ ਕਿ ਸਭ ਧਰਮ ਆਪਣੇ ਆਪਣੇ ਥਾਂ ਚੰਗੇ ਹਨ । ਵਾਹਿਗੁਰੂ ਆਪਣੀ ਖੁਦਾਈ ਕਿਸੇ ਇਕ 'ਤੇ ਜਾ ਕੇ ਖ਼ਤਮ ਨਹੀਂ ਕਰਦਾ । ਸਭ ਧਰਮਾਂ ਅੰਦਰ ਉਸ ਦਾ ਹੀ ਜ਼ਹੂਰ ਹੈ ਤੇ ਸਾਰੇ ਹੀ ਧਰਮ ਮਨੁੱਖੀ ਜੀਵਨ ਨੂੰ ਅਮੀਰ ਕਰਨ ਵਿਚ ਗੁਣਕਾਰੀ ਹੋ ਸਕਦੇ ਹਨ । ਇਸ ਲਈ ਹਰ ਕਿਸੇ ਨੂੰ ਇਹ ਹੱਕ ਪ੍ਰਾਪਤ ਹੈ ਕਿ ਉਹ ਆਪਣੀ ਰੁਚੀ ਅਨੁਸਾਰ ਉਸ ਬੇਅੰਤ ਨੂੰ ਵੇਖੇ । ਇਸ

ਵਿਚਾਰਧਾਰਾ ਅਨੁਸਾਰ ਸਭ ਧਰਮਾਂ ਦੇ ਜ਼ਾਹਰਾ ਫ਼ਰਕਾਂ ਦੇ ਪਿੱਛੋਂ ਏਕਤਾ ਦਿੱਸਣੀ ਚਾਹੀਦੀ ਹੈ । ਗੁਰੂ ਗੋਬਿੰਦ ਸਿੰਘ ਜੀ ਨੇ '**ਅਕਾਲ ਉਸਤਤਿ**' ਵਿਚ ਇਉਂ ਕਿਹਾ ਸੀ :-

**"ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ;**
**ਮਾਨਸ ਸਬੈ ਏਕ, ਪੈ ਅਨੇਕ ਕੋ ਭ੍ਰਮਾਉ ਹੈ ।**
**ਦੇਵਤਾ ਅਦੇਵ, ਜਛ ਗੰਧ੍ਰਬ ਤੁਰਕ ਹਿੰਦੂ ;**
**ਨਿਆਰੇ ਨਿਆਰੇ ਦੇਸਨ ਕੇ, ਭੇਸ ਕੋ ਪ੍ਰਭਾਉ ਹੈ ।**
**ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ ;**
**ਖਾਕ ਬਾਦ ਆਤਿਸ਼, ਔ ਆਬ ਕੋ ਰਲਾਉ ਹੈ ।**
**ਅੱਲਹ ਅਭੇਖ ਸੋਈ, ਪੁਰਾਨ ਅਉ ਕੁਰਾਨ ਓਈ ;**
**ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ।"੯੬**

ਅਰਥਾਤ—"ਮੰਦਰ ਤੇ ਮਸਜਦ ਇਕ ਹਨ, ਪੂਜਾ ਤੇ ਨਿਮਾਜ ਇਕ ਹਨ । ਸਭ ਮਨੁੱਖ ਇਕ ਹਨ, ਕੇਵਲ ਵੱਖ ਵੱਖ ਪਏ ਪ੍ਰਭਾਉ ਦੇ ਕਾਰਨ ਵੱਖ ਵੱਖ ਹੋ ਗਏ ਹਨ । ਦੇਵਤੇ, ਰਾਖ਼ਸ਼, ਜਛ, ਗੰਧਰਬ ਮੁਸਲਮਾਨ ਤੇ ਹਿੰਦੂ ਵੱਖ ਵੱਖ ਦੇਸ਼ਾਂ ਦੇ ਪ੍ਰਭਾਵ ਕਰਕੇ ਵੱਖ ਵੱਖ ਸੁਭਾਵ ਵਾਲੇ ਹੋਏ ਹਨ । ਸਭ ਦੇ ਨੈਣ, ਕੰਨ, ਦੇਹ ਤੇ ਹੋਰ ਬਣਾਵਟਾਂ ਇਕ ਹਨ, ਚਾਰ ਤੱਤਾਂ (ਮਿੱਟੀ, ਹਵਾ, ਅਗਨੀ ਤੇ ਜਲ) ਤੋਂ ਸਭ ਉਤਪਤੀ ਹੋਈ ਹੈ । ਅੱਲਾ ਅਤੇ ਭੇਖ ਰਹਿਤ ਹਰੀ ਇਕ ਹਨ,ਪੁਰਾਣ ਤੇ ਕੁਰਾਣ ਇਕ ਹਨ, ਸਭ ਸਰੂਪ ਤੇ ਬਣਤਰਾਂ ਇਕ ਹਨ ।"

ਭਾਵ ਇਹ ਹੈ ਕਿ ਦੇਸ, ਮਤ ਤੇ ਜਾਤੀ ਭੇਦ ਕਰਕੇ ਭਾਵੇਂ ਦੁਨੀਆਂ ਖੰਡ ਖੰਡ ਹੋ ਗਈ ਹੈ, ਪਰ ਵਾਸਤਵ ਵਿਚ ਸਭ ਇਕ ਹਨ । ਸਭ ਧਰਮਾਂ ਅੰਦਰ ਵੀ ਉਹ ਬੁਨਿਆਦੀ ਸਚਾਈਆਂ ਮੌਜੂਦ ਹਨ ਜਿਨ੍ਹਾਂ ਦੀ ਸਭ ਮਨੁੱਖ ਜਾਤੀ ਨੂੰ ਲੋੜ ਹੈ । ਸਾਰੇ ਹੀ ਪ੍ਰਮਾਤਮਾ ਨੂੰ ਪਿਤਾ ਮੰਨਦੇ ਹਨ ਤੇ ਮਨੁੱਖ ਜਾਤੀ ਅੰਦਰ ਪ੍ਰੇਮ ਪਿਆਰ ਦਾ ਪ੍ਰਚਾਰ ਕਰਦੇ ਰਹਿੰਦੇ ਹਨ । ਮਨੁੱਖੀ ਵਿਕਾਸ ਲਈ ਧਰਮ ਨੇ ਬੜੀ ਸਹਾਇਤਾ ਕੀਤੀ ਹੈ । ਮਨੁੱਖ ਦੀ ਰਹਿਨੁਮਾਈ ਲਈ ਉੱਚੀਆਂ ਕੀਮਤਾਂ ਅਤੇ ਸੁੰਦਰ ਜੀਵਨ ਮਿਆਰ ਕਾਇਮ ਕਰਕੇ ਇਸ ਨੇ ਸਹੀ ਰਾਹ ਵਿਖਾਲਿਆ ਹੈ । ਦੁਨੀਆਂ ਨੇ ਵੇਖ ਲਿਆ ਹੈ ਕਿ ਧਰਮ ਤੋਂ ਪ੍ਰੇਰਨਾ ਲੈ ਕੇ ਸੇਵਾ, ਤਿਆਗ, ਬੀਰਤਾ ਤੇ ਕੁਰਬਾਨੀ ਦੇ ਹੈਰਾਨ ਕਰਨ ਵਾਲੇ ਤਜਰਬੇ ਹੋ ਸਕੇ ਹਨ । ਇਸ ਲਈ ਧਰਮ ਦੀਵਾ ਹੈ, ਜਿਸ ਨੂੰ ਜੇ ਬੁੱਝਣ



ਦਿੱਤਾ ਜਾਏ ਤਾਂ ਦੁਨੀਆਂ ਅੰਧਕਾਰ ਦੀ ਖੱਡ ਵਿਚ ਪੈ ਕੇ ਪਸ਼ੂਆਂ ਦੀ ਪੱਧਰ 'ਤੇ ਚਲੀ ਜਾਏਗੀ ਤੇ ਫਿਰ 'ਜਿਸ ਕੀ ਲਾਠੀ ਤਿਸ ਕੀ ਭੈਂਸ' ਵਾਲੀ ਖੇਡ ਵਰਤ ਜਾਏਗੀ । ਇਸ ਲਈ ਸਭ ਧਰਮ ਚੰਗੇ ਤੇ ਮੁਬਾਰਕ ਹਨ ਅਤੇ ਸਭ ਦਾ ਸਤਿਕਾਰ ਹੋਣਾ ਚਾਹੀਦਾ ਹੈ । ਪ੍ਰਸਪਰ ਫ਼ਰਕਾਂ ਤੇ ਵਖੇਵਿਆਂ ਨੂੰ ਛੱਡ ਕੇ ਸਾਂਝਾਂ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ । ਸਿੱਖ ਗੁਰੂ ਸਾਹਿਬਾਨ ਨੇ ਇਸ ਖ਼ਿਆਲ ਨੂੰ ਇਸ ਹੱਦ ਤਕ ਅਪਨਾਇਆ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਸਮੇਂ ਉਹਨਾਂ ਕਈ ਮਹਾਂਪੁਰਸ਼ ਭਗਤਾਂ ਦੀਆਂ ਰਚਨਾਵਾਂ ਨੂੰ ਬੀੜ ਵਿਚ ਥਾਂ ਦੇ ਕੇ ਉਹਨਾਂ ਰਚਨਾਵਾਂ ਦੀ ਆਪਣੀਆਂ ਬਾਣੀਆਂ ਨਾਲ ਬਰਾਬਰੀ ਕਰ ਦਿੱਤੀ ਸੀ ਤੇ ਇਸ ਤਰ੍ਹਾਂ ਉਹਨਾਂ ਨੂੰ ਇਕੋ ਜਿੰਨਾ ਸਤਿਕਾਰ ਵੀ ਮਿਲਿਆ ਸੀ । ਧਰਮ ਦਾ ਮਨੋਰਥ ਤਾਂ ਦੁਨੀਆਂ ਨੂੰ ਸਹੀ ਰਾਹ ਵਿਖਾਣਾ ਹੈ ਤੇ ਸੁਖੀ ਜੀਵਨ ਦੇਣਾ ਹੈ । ਇਹ ਸਭ ਧਰਮਾਂ ਦਾ ਮੁੱਢਲਾ ਤੇ ਬੁਨਿਆਦੀ ਕੰਮ ਹੈ ਤੇ ਜਿਥੇ ਵੀ ਸਭ ਧਰਮਾਂ ਦੀ ਬੁਨਿਆਦੀ ਏਕਤਾ ਹੋਵੇ ਉਥੇ ਮੋਟੇ ਫ਼ਰਕਾਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਣਾ ਚਾਹੀਦਾ ਹੈ । ਗੁਰੂ ਤੇਗ਼ ਬਹਾਦਰ ਸਾਹਿਬ ਕੇਵਲ ਧਰਮ ਦੀ ਅਜ਼ਾਦੀ ਲਈ ਸ਼ਹੀਦ ਹੋਏ ਸਨ । ਉਹ ਤਿਲਕ-ਜੰਞੂ ਦੇ ਧਾਰਨੀ ਨਹੀਂ ਸਨ । ਪਰ ਤਿਲਕ-ਜੰਞੂ ਦੀ ਰਾਖੀ ਉਨ੍ਹਾਂ ਆਪਣੀ ਜਾਨ ਦੇ ਕੇ ਕੀਤੀ ਸੀ, ਕਿਉਂਕਿ ਉਹ ਚਾਹੁੰਦੇ ਸਨ ਕਿ ਹਰ ਇਕ ਨੂੰ ਅਜ਼ਾਦੀ ਨਾਲ ਆਪਣਾ ਧਰਮ ਚੁਣਨ ਦਾ ਹੱਕ ਹੋਵੇ । ਸਿੱਖ ਗੁਰੂ ਸਾਹਿਬਾਨ ਕਿਉਂਕਿ ਧਰਮ ਨੂੰ ਏਕਤਾ ਤੇ ਪ੍ਰੇਮ ਪਿਆਰ ਦੀ ਬੁਨਿਆਦ 'ਤੇ ਖੜ੍ਹਾ ਕਰਨਾ ਚਾਹੁੰਦੇ ਸਨ, ਇਸ ਲਈ ਦੂਜਿਆਂ ਦੇ ਦ੍ਰਿਸ਼ਟੀਕੋਣ ਨੂੰ ਬੜੀ ਹਮਦਰਦੀ ਤੇ ਵੱਡੇ ਦਿਲ ਨਾਲ ਵੇਖਦੇ ਸਨ । ਇਸ ਦਾ ਭਾਵ ਇਹ ਨਹੀਂ ਕਿ ਉਹਨਾਂ ਦੇ ਦੂਜਿਆਂ ਨਾਲ ਮਤਭੇਦ ਜਾਂ ਟਕਰਾਓ ਸਨ, ਪਰ ਉਹ ਧਰਮਾਂ ਦੀਆਂ ਸਾਂਝਾਂ 'ਤੇ ਜ਼ੋਰ ਦਿੰਦੇ ਸਨ, ਫ਼ਰਕਾਂ ਜਾਂ ਭਿੰਨਤਾ 'ਤੇ ਨਹੀਂ । ਜੋ ਯਤਨ ਭਾਰਤ ਵਿਚ ਕੁਝ ਸਮੇਂ ਤੋਂ ਭਾਵੁਕ ਜਾਂ ਜਜ਼ਬਾਤੀ ਏਕਤਾ ਲਈ ਹੋ ਰਹੇ ਹਨ ਇਹਨਾਂ ਵਿਚ ਸਫਲਤਾ ਇਹੋ ਜਿਹੇ ਦ੍ਰਿਸ਼ਟੀਕੋਣ ਅਪਨਾਇਆਂ ਹੀ ਹੋ ਸਕਦੀ ਹੈ। ਧਰਮਾਂ ਦੀ ਆਪੋ ਆਪਣੀ ਸ਼ਰਹ ਸ਼ਰੀਅਤ, ਵੱਖ ਵੱਖ ਧਾਰਮਿਕ ਚਿੰਨ੍ਹ ਅਤੇ ਅੱਡਰੀ ਰਹੁ ਰੀਤੀ ਆਦਿਕ ਹੋ ਸਕਦੇ ਹਨ । ਪਰ ਸੈਂਕੜੇ ਥਾਈਂ ਕੋਈ ਭਿੰਨਤਾ ਨਹੀਂ ਹੈ । ਇਹੋ ਬੁਨਿਆਦੀ ਚੀਜ਼ ਸਮਝਣੀ ਚਾਹੀਦੀ ਹੈ । ਇਸ ਤਰ੍ਹਾਂ ਵੇਖਿਆਂ ਦ੍ਰਿਸ਼ਟੀਕੋਣ ਬੜਾ ਵਿਸ਼ਾਲ ਹੋ ਜਾਂਦਾ ਹੈ ਤੇ ਫ਼ਰਕ ਦੇ ਵਖੇਵੇਂ ਪਿਛੇ ਰਹਿ ਜਾਂਦੇ ਹਨ।

ਇਹੋ ਕਾਰਨ ਹੈ ਕਿ ਗੁਰੂ ਸਾਹਿਬ ਦਾ ਕਿਸੇ ਦੇਸ਼, ਕੌਮ ਜਾਂ ਫਿਰਕੇ

ਨਾਲ ਕੋਈ ਝਗੜਾ ਉਤਪੰਨ ਨਹੀਂ ਹੁੰਦਾ ਸੀ ਤੇ ਨਾ ਹੀ ਉਹ ਕਿਸੇ ਨੂੰ ਕਦੇ ਛੁਟਿਆਨਾ ਚਾਹੁੰਦੇ ਸਨ । ਇਸੇ ਲਈ ਉਹ ਜਗਤ ਗੁਰੂ ਕਹਾਏ ਸਨ । ਉਹ ਸਭ ਦੇ ਇਕੋ ਜਿਹੇ ਸਾਂਝੇ ਤੇ ਸਭ ਲਈ ਇਕੋ ਜਿੰਨੀ ਤੜਪ ਰੱਖਦੇ ਸਨ :

**"ਚੜ੍ਹਿਆ ਸੋਧਣਿ ਧਰਤਿ ਲੁਕਾਈ ।"**

**(ਵਾਰ ਭਾਈ ਗੁਰਦਾਸ)**

ਅਰਥਾਤ "ਧਰਤੀ ਦੀ ਸਭ ਲੋਕਾਈ ਦੀ ਸੋਧ ਲਈ ਉਹ ਘਰੋਂ ਚਲੇ ਸਨ ।"

**"ਕਲਿ ਤਾਰਣ ਗੁਰੁ ਨਾਨਕੁ ਆਇਆ ।**

**(ਵਾਰ ਭਾਈ ਗੁਰਦਾਸ)**

ਅਰਥਾਤ "ਕਲਿਯੁਗ ਦੀ ਸਾਰੀ ਦੁਨੀਆਂ ਦੇ ਉਧਾਰ ਲਈ ਗੁਰੂ ਨਾਨਕ ਆਏ ਸਨ ।"

ਉਹਨਾਂ ਦੇ ਵਿਸ਼ਾਲ ਹਿਰਦੇ ਦੀ ਅਰਦਾਸ ਇਹ ਹੁੰਦੀ ਸੀ :

**"ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥"**

**(ਵਾਰ ਬਿਲਾਵਲ ਮਹਲਾ ੩) ਅੰਗ ੮੫੩**

ਅਰਥਾਤ "ਹੇ ਵਾਹਿਗੁਰੂ, ਆਪਣੀ ਕਿਰਪਾ ਦਵਾਰਾ ਇਸ ਜਲ ਰਹੇ ਸੰਸਾਰ ਨੂੰ ਬਚਾਉ ।"

ਹੋਰ: **"ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥੧॥"**

**(ਵਡਹੰਸ ਮਹਲਾ ੧) ਅੰਗ ੫੫੭**

ਅਰਥਾਤ "ਜੋ ਆਪਣੇ ਮਾਲਕ ਦੇ ਰੰਗ ਵਿਚ ਰੰਗੇ ਹੁੰਦੇ ਹਨ, ਉਹਨਾਂ ਨੂੰ ਹਰ ਕੋਈ ਚੰਗਾ ਲੱਗਦਾ ਹੈ ।"

ਦਿਲ ਵਿਚ ਵਸਦੀ ਪ੍ਰੇਮ ਦੀ ਇਕ ਤੜਪ ਨੇ ਉਨ੍ਹਾਂ ਨੂੰ ਆਪਣਾ ਘਰ ਬਾਹਰ ਛੱਡ ਕੇ ਦੇਸਾਂ ਪਰਦੇਸਾਂ ਵਿਚ ਜਾਣ ਲਈ ਮਜ਼ਬੂਰ ਕੀਤਾ ਸੀ। ਮਾਤਾ, ਪਿਤਾ, ਭੈਣ, ਭਰਾ, ਸਨਬੰਧੀਆਂ ਤੇ ਖ਼ਾਸ ਤੌਰ 'ਤੇ ਭੈਣ ਨਾਨਕੀ ਜੀ ਨਾਲ ਉਨ੍ਹਾਂ ਦਾ ਡੂੰਘਾ ਪਿਆਰ ਸੀ ; ਪਰ ਦੂਜੇ ਪਾਸੇ ਜਗਤ ਦੇ ਦੁੱਖ ਉਨ੍ਹਾਂ ਦੇ ਆਪਣੇ ਦੁੱਖ ਸਨ ਜੋ ਉਹਨਾਂ ਨੂੰ ਘਰ ਬੈਠਣ ਨਹੀਂ ਦਿੰਦੇ ਸਨ । ਉਸ ਹਨੇਰ ਤੇ ਜਹਾਲਤ ਦੇ ਜ਼ਮਾਨੇ ਵਿਚ ਜਦੋਂ ਸਫ਼ਰ ਦੇ ਵਸੀਲੇ ਵੀ ਨਹੀਂ ਸਨ, ਉਹਨਾਂ ਆਪਣੀਆਂ ਲੱਤਾਂ ਪੈਰਾਂ ਦੇ ਬਲ, ਚਲ ਕੇ ਕਈ ਉਦਾਸੀਆਂ ਕੀਤੀਆਂ ਸਨ । ਉਹਨਾਂ ਪਿਆਰ ਦੀਆਂ ਐਸੀਆਂ ਖਿੱਚਾਂ ਖਾਧੀਆਂ ਸਨ ਕਿ ਸਭ ਮੁਸ਼ਕਲਾਂ ਤੇ



ਖ਼ਤਰਿਆਂ ਦੇ ਹੁੰਦਿਆਂ, ਜੰਗਲਾਂ ਤੇ ਪਹਾੜਾਂ ਨੂੰ ਕੱਟ ਕੇ ਥਾਂ ਥਾਂ ਪੁੱਜੇ ਸਨ। ਉਨ੍ਹਾਂ ਨਿਰਾ ਪੰਜਾਬ ਜਾਂ ਹਿੰਦ ਨੂੰ ਹੀ ਆਪਣੇ ਕੰਮ ਦਾ ਦਾਇਰਾ ਨਹੀਂ ਸੀ ਬਣਾਇਆ । ਕਾਬਲ, ਈਰਾਨ, ਅਰਬ, ਮਿਸਰ, ਚੀਨ, ਤਿੱਬਤ, ਬਰਮਾ, ਸੀਲੋਨ, ਅਫ਼ਗਾਨਿਸਤਾਨ ਆਦਿਕ ਥਾਵਾਂ 'ਤੇ ਪੁੱਜ ਕੇ ਸਭ ਨੂੰ ਸੱਚ ਦਾ ਰਾਹ ਦਸਿਆ ਤੇ ਇਸ ਤਰ੍ਹਾਂ ਸਭ ਦੇ ਕਸ਼ਟ ਕੱਟੇ । ਉਹ ਸਹੀ ਅਰਥਾਂ ਵਿਚ ਜਗਤ-ਗੁਰੂ ਸਨ । ਉਹ ਇਕੱਲੀ ਕਿਸੇ ਇਕ ਕੌਮ ਦੇ ਨਹੀਂ ਸਨ । ਹਿੰਦੂ, ਮੁਸਲਮਾਨ, ਜੋਗੀ, ਤਪੱਸਵੀ, ਸੰਨਿਆਸੀ, ਬੋਧੀ ਸਭ ਨੂੰ ਉਹਨਾਂ ਇਕੋ ਜਿਹਾ ਸਤਿਕਾਰਿਆ ਤੇ ਉਹ ਵੀ ਸਾਰੇ ਉਹਨਾਂ ਨੂੰ ਆਪਣਾ ਗੁਰੂ ਸਮਝਦੇ ਸਨ । ਨਾਨਕ ਤਪਾ, ਨਾਨਕ ਪੀਰ, ਨਾਨਕ ਜੋਗੀ, ਨਾਨਕ ਹਾਜੀ, ਨਾਨਕ ਗੁਰੂ, ਕਰਕੇ ਉਹ ਬੜੇ ਪਿਆਰ ਨਾਲ ਸੱਦੇ ਜਾਂਦੇ ਰਹੇ । ਉਨ੍ਹਾਂ ਦੇ ਜੋਤੀ ਜੋਤ ਸਮਾਣ ਸਮੇਂ ਹਿੰਦੂ ਮੁਸਲਮਾਨਾਂ ਵਿਚ ਇਸ ਗੱਲ ਦਾ ਝਗੜਾ ਹੋ ਗਿਆ ਕਿ ਉਹ ਹਿੰਦੂ ਸਨ ਜਾਂ ਮੁਸਲਮਾਨ । ਦੋਵੇਂ ਧਿਰਾਂ ਉਹਨਾਂ ਨੂੰ ਆਪਣਾ ਸਮਝਦੇ ਸਨ ਤੇ ਉਨ੍ਹਾਂ ਦਾ ਅੰਤਮ ਸੰਸਕਾਰ ਆਪਣੀ ਮਰਯਾਦਾ ਅਨੁਸਾਰ ਕਰਨਾ ਚਾਹੁੰਦੇ ਸਨ। ਪਰ ਉਹ ਕਿਸੇ ਵੀ ਇਕੱਲੇ ਇਕ ਦੇ ਨਹੀਂ ਸਨ । ਉਹ ਥਾਂ ਥਾਂ ਪਈਆਂ ਭੁੱਲਾਂ ਬੜੇ ਪਿਆਰ ਨਾਲ ਦਰੁੱਸਤ ਕਰਦੇ ਸਨ ; ਪਰ ਕੁਵੱਲੀਆਂ ਬਹਿਸਾਂ ਛੇੜ ਕੇ ਕੋਈ ਕੁੜਿੱਤਣ ਪੈਦਾ ਨਹੀਂ ਹੋਣ ਦਿੰਦੇ ਸਨ । ਛੋਟੇ ਮੋਟੇ ਫ਼ਰਕਾਂ ਨੂੰ ਉਹ ਨਜ਼ਰ-ਅੰਦਾਜ਼ ਕਰ ਦਿੰਦੇ ਸਨ, ਪਰ ਜਿਥੇ ਕੋਈ ਮੁੱਢਲਾ ਜਾਂ ਬੁਨਿਆਦੀ ਇਖ਼ਤਲਾਫ਼ ਹੁੰਦਾ ਸੀ, ਉਸ ਨੂੰ ਉਹ ਬੜੇ ਜ਼ੋਰ ਨਾਲ ਕਹਿ ਦਿੰਦੇ ਸਨ ਤੇ ਬੜਾ ਸਪਸ਼ਟ ਕਹਿੰਦੇ ਸਨ, ਭਾਵੇਂ ਨਿਮਰਤਾ ਤੇ ਮਿਠਾਸ ਨਾਲ ਕਹਿੰਦੇ ਸਨ, ਕਿਉਂਕਿ ਧਰਮਾਂ ਦੀ ਬੁਨਿਆਦੀ ਆਪਸੀ ਏਕਤਾ ਵੇਖ ਲੈਂਦੇ ਸਨ।

ਇਹ ਤਾਂ ਹੋ ਨਹੀਂ ਸਕਦਾ ਸੀ ਕਿ ਜੋ ਕੁਝ ਵੀ ਧਰਮ ਦੇ ਨਾਮ ਪਰ ਚਾਲੂ ਹੋ ਚੁਕਿਆ ਸੀ ਉਹ ਸਾਰੇ ਦਾ ਸਾਰਾ ਅੱਖਾਂ ਮੀਟ ਕੇ ਪਰਵਾਣ ਕਰ ਲੈਂਦੇ। ਉਹਨਾਂ ਦੀ ਸੂਝ ਬੂਝ ਤੇ ਪੜਚੋਲ ਦੇ ਸਾਹਮਣੇ ਕੱਚ, ਝੂਠ ਜਾਂ ਨਕਲ ਨੰਗੇ ਹੋ ਖੜੋਂਦੇ ਸਨ ਤੇ ਸੱਚ ਅਸਲ ਰੂਪ ਵਿਚ ਦਿੱਸਣ ਲੱਗ ਜਾਂਦਾ ਸੀ । ਸਮੇਂ ਨਾਲ ਸੱਚ ਵਿਚ ਜੋ ਰਲੇ ਜਾਂ ਮਿਲਾਵਟ ਹੋ ਜਾਂਦੀ ਉਸ ਨੂੰ ਤੁਰੰਤ ਨਿਖੇੜ ਕੇ ਨਿਰੋਲ ਸੱਚ ਵਿਖਾਲ ਦਿੰਦੇ ਸਨ ਤੇ ਇਹ ਆਮ ਤੌਰ 'ਤੇ ਸਭ ਕੁਝ ਇਸ ਤਰ੍ਹਾਂ ਬੇਮਲੂਮਾ ਹੋ ਜਾਂਦਾ ਸੀ ਕਿ ਸਮਝਦਾਰ ਦੁਨੀਆਂ ਨੂੰ ਸੁਖਾਵਾਂ ਲੱਗਦਾ ਸੀ ਤੇ ਉਸ ਤੋਂ ਕੁੜਿੱਤਣ ਪੈਦਾ ਨਹੀਂ ਹੁੰਦੀ ਸੀ । ਫਿਰ ਵੀ ਪ੍ਰਚੱਲਤ ਧਰਮਾਂ ਨਾਲ ਉਹਨਾਂ ਦੇ ਇਖ਼ਤਲਾਫ਼ ਵਡੇ ਵਡੇ ਵੀ ਹੋ ਜਾਂਦੇ ਸਨ ਤੇ ਉਹਨਾਂ ਵਿਚ ਕਈ

ਬੁਨਿਆਦੀ ਇਖ਼ਤਲਾਫ਼ ਵੀ ਹੁੰਦੇ ਸਨ ਜੋ ਮੁਤਅਸਬ ਫਿਰਕਾ-ਪ੍ਰਸਤਾਂ ਲਈ ਅਸਹਿ ਹੋ ਜਾਂਦੇ ਸਨ । ਇਕ ਸਮੇਂ ਬ੍ਰਾਹਮਣਾਂ ਮਿਲਕੇ ਬਾਦਸ਼ਾਹ ਦੇ ਦਰਬਾਰ ਸ਼ਿਕਾਇਤ ਵੀ ਕੀਤੀ ਸੀ ਕਿ ਗੁਰੂ ਸਾਹਿਬਾਨ ਨੇ ਪੁਰਾਣੇ ਸੰਸਕ੍ਰਿਤੀ ਹਿੰਦੂ ਧਰਮ ਨੂੰ ਤਿਆਗ ਦਿੱਤਾ ਹੈ, ਇਸ ਦੀ ਕਲਚਰਲ ਤੇ ਸਮਾਜਕ ਰਹੁ ਰੀਤ ਛੱਡ ਦਿੱਤੀ ਹੈ, ਜਾਤ-ਪਾਤ, ਵਰਣ, ਆਸ਼ਰਮ ਦਾ ਮਖੌਲ ਉਡਾਇਆ ਹੈ, ਦੇਵੀ ਦੇਵਤੇ ਤੇ ਅਵਤਾਰਾਂ ਦੀ ਪੂਜਾ ਤੋਂ ਨਿਸ਼ਚਾ ਚੁੱਕ ਲਿਆ ਹੈ, ਵੇਦਾਂ ਸ਼ਾਸਤ੍ਰਾਂ ਦੀ ਤਾਲੀਮ ਨੂੰ ਆਖ਼ਰੀ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ, ਪੁੰਨ, ਦਾਨ, ਹਵਨ ਯੱਗ ਕਰਨ ਕਰਾਉਣ ਦੇ ਵੇਦ ਸ਼ਾਸਤਰ, ਗਾਇਤ੍ਰੀ ਪੜ੍ਹਣ ਪੜ੍ਹਾਉਣ ਨੂੰ ਬੇਲੋੜਾ ਕਹਿ ਦਿੱਤਾ ਹੈ ਤੇ ਹਰ ਕਿਸਮ ਦੀ ਰਸਮੀ ਪੂਜਾ ਪਾਠ ਦਾ ਖੰਡਨ ਕਰ ਦਿੱਤਾ ਹੈ । ਇਸ ਸ਼ਿਕਾਇਤ ਦੀ ਬੁਨਿਆਦ ਨਿਰਮੂਲ ਨਹੀਂ ਸੀ ।

ਕਈ ਮੁਤਅੱਸਬੀ ਮੁਸਲਮਾਨਾਂ ਵੀ ਇਸ ਭਾਵ ਦੀਆਂ ਸ਼ਿਕਾਇਤਾਂ ਕੀਤੀਆਂ ਸਨ ਕਿ ਗੁਰੂ ਸਾਹਿਬਾਨ ਦੀ ਤਾਲੀਮ ਕਈ ਥਾਵਾਂ 'ਤੇ ਇਸਲਾਮ ਵਿਰੁੱਧ ਹੈ । ਪਰ ਇਸ ਦਾ ਇਲਾਜ ਮਹਾਰਾਜ ਪਾਸ ਕੀ ਹੋ ਸਕਦਾ ਸੀ ? ਜੋ ਸੱਚ ਉਹਨਾਂ ਨੂੰ ਦਿੱਸਦਾ ਸੀ ਉਹ ਓਸੇ ਦਾ ਪਰਚਾਰ ਹੀ ਕਰ ਸਕਦੇ ਸਨ। ਉਹ ਰਸਮੀ ਧਰਮਾਂ ਤੋਂ ਉਤਾਂਹ ਹੋ ਕੇ ਧਰਮ ਦੀ ਅਸਲ ਬੁਨਿਆਦ ਪੱਕੀ ਕਰਨੀ ਚਾਹੁੰਦੇ ਸਨ । ਉਹ ਮੰਨਦੇ ਸਨ ਕਿ ਉਨ੍ਹਾਂ ਦੇ ਧਰਮ ਦਾ ਪ੍ਰਚੱਲਤ ਧਰਮਾਂ ਨਾਲ ਕਈ ਥਾਈਂ ਫ਼ਰਕ ਹੈ । ਗੁਰੂ ਅਰਜਨ ਦੇਵ ਜੀ ਨੇ ਭੈਰਉ ਰਾਗ ਵਿਚ ਇਉਂ ਕਿਹਾ ਸੀ :-

**"ਵਰਤ ਨ ਰਹਉ ਨ ਮਹਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥ ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ਰਹਾਉ॥ ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨ ॥ ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩ ॥ ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥ ੪ ॥ ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥ ੫॥੩॥"**

ਅੰਗ-੧੧੩੬



ਅਰਥਾਤ—"ਮੈਂ ਵਰਤ ਨਹੀਂ ਰਖਦਾ ਤੇ ਨ ਰੋਜੇ ਰਖਦਾ ਹਾਂ । ਮੈਂ ਕੇਵਲ ਉਸ ਨਿਰੰਕਾਰ ਦਾ ਪੁਜਾਰੀ ਹਾਂ ਜੋ ਓੜਕ ਸਭ ਦਾ ਰਾਖਾ ਹੈ । ਮੇਰੇ ਲਈ ਉਹ ਹੀ ਗੁਸਾਈਂ (ਹਿੰਦੂਆ ਦਾ ਰੱਬ) ਜੋ (ਮੁਸਲਮਾਨਾਂ ਦਾ) ਅੱਲਾ ਹੈ। ਹਿੰਦੂ ਮੁਸਲਮਾਨ ਦੋਹਾਂ ਨਾਲ ਮੈਂ ਨਿਬੇੜ ਲਈ ਹੈ, ਭਾਵ ਸਭ ਝਗੜੇ ਖ਼ਤਮ ਕਰ ਲਏ ਹਨ । ਨਾ ਮੈਂ ਮੁਸਲਮਾਨਾਂ ਦੇ ਕਾਬੇ ਯਾਤਰਾ ਕਰਨ ਜਾਂਦਾ ਹਾਂ ਤੇ ਨਾ ਹਿੰਦੂਆਂ ਦੇ ਤੀਰਥਾਂ 'ਤੇ ਪੂਜਾ ਕਰਨ । ਮੈਂ ਏਕੋ ਹਰੀ ਨੂੰ ਸੇਂਵਦਾ ਹਾਂ, ਹੋਰ ਕਿਸੇ ਦੂਜੇ ਨੂੰ ਨਹੀਂ । ਨਾ ਮੈਂ ਹਿੰਦੂਆਂ ਵਾਲੀ ਰਾਜਸੀ ਪੂਜਾ ਕਰਦਾ ਹਾਂ, ਨਾ ਮੈਂ ਮੁਸਲਮਾਨਾਂ ਵਾਲੀ ਨਿਮਾਜ਼ ਪੜ੍ਹਦਾ ਹਾਂ । ਮੈਂ ਕੇਵਲ ਉਸ ਨਿਰੰਕਾਰ ਨੂੰ ਹਿਰਦੇ ਵਿਚ ਨਮਸਕਾਰਦਾ ਹਾਂ । ਮੈਂ ਨਾ ਹਿੰਦੂ ਹਾਂ ਤੇ ਨਾ ਮੁਸਲਮਾਨ; ਕਿਉਂਕਿ ਮੈਂ ਸਮਝਦਾ ਹਾਂ ਕਿ ਸਭ ਦੇਹ ਪਰਾਣ ਉਸ ਅੱਲਾ-ਰਾਮ ਦੇ ਹਨ। ਹੇ ਕਬੀਰ, ਮੇਰੇ ਇਹੋ ਬਚਨ ਦ੍ਰਿੜ੍ਹ ਕਰਨ ਵਾਲੇ ਹਨ ਕਿ ਮੈਂ ਗੁਰੂ ਪੀਰ ਨੂੰ ਮਿਲ ਕੇ ਆਪ ਮਾਲਕ ਦੀ ਪਛਾਣ ਕੀਤੀ ਹੈ (ਤੇ ਇਹੋ ਧਰਮ ਦਾ ਅਸਲ ਨਿਸ਼ਾਨਾ ਹੈ )।"

ਵੇਖੋ, ਉਹ ਏਥੇ ਕਿਸੇ ਵੀ ਧਰਮ ਨੂੰ ਮਾੜਾ ਨਹੀਂ ਕਹਿ ਰਹੇ ਸਨ, ਕੇਵਲ ਧਰਮ ਦੇ ਅਸਲ ਮਨੋਰਥ ਨੂੰ ਸਾਹਮਣੇ ਰੱਖਣਾ ਚਾਹੁੰਦੇ ਸਨ । ਬੜੇ ਚਾਉ, ਸ਼ਰਧਾ ਤੇ ਪਿਆਰ ਭਰੇ ਹੁਲਾਰੇ ਵਿਚ ਗੁਰੂ ਅਮਰਦਾਸ ਰਾਗ ਆਸਾ ਵਿਚ, ਇਸ ਤਰ੍ਹਾਂ ਦੇ ਆਪਣੇ ਪ੍ਰਵਾਨ ਕੀਤੇ ਧਰਮ ਦੀ ਉਪਮਾ ਇਉਂ ਕਰਦੇ ਹਨ :

**"ਹਰਿ ਦਰਸਨੁ ਪਾਵੈ ਵਡਭਾਗਿ ॥ ਗੁਰ ਕੈ ਸਬਦਿ ਸਚੈ ਬੈਰਾਗਿ ॥ ਖਟੁ ਦਰਸਨੁ ਵਰਤੈ ਵਰਤਾਰਾ ॥ ਗੁਰ ਕਾ ਦਰਸਨੁ ਅਗਮ ਅਪਾਰਾ ॥੧॥ ਗੁਰ ਕੈ ਦਰਸਨਿ ਮੁਕਤਿ ਗਤਿ ਹੋਇ ॥ ਸਾਚਾ ਆਪਿ ਵਸੈ ਮਨਿ ਸੋਇ ॥੧॥ ਰਹਾਉ ॥ ਗੁਰ ਦਰਸਨਿ ਉਧਰੈ ਸੰਸਾਰਾ ॥ ਜੇ ਕੋ ਲਾਏ ਭਾਉ ਪਿਆਰਾ ॥"** **ਅੰਗ ੩੬੦**

ਅਰਥਾਤ-"ਇਹ ਹਰੀ ਦਾ ਦਰਸ਼ਨ (ਧਰਮ) ਵਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ । ਇਹ ਗੁਰੂ ਦੇ ਸ਼ਬਦ ਦੁਆਰਾ ਅਸਲੀ ਤਿਆਗੀ ਹੋ ਕੇ ਪ੍ਰਾਪਤ ਕਰੀਦਾ ਹੈ । ਜਗਤ ਵਿਚ ਛੇ ਦਰਸ਼ਨਾਂ ਦਾ ਵਰਤਾਰਾ ਤਾਂ ਹੈ ਹੀ, ਪਰ ਹਰੀ ਦਰਸ਼ਨ ਜਾਂ ਗੁਰੂ ਦਰਸਨ ਦੀ ਮਹਿਮਾ ਅਪਾਰ ਹੈ । ਗੁਰੂ ਦੇ ਇਸ ਦਰਸ਼ਨ ਦਵਾਰਾ ਮੁਕਤੀ ਪ੍ਰਾਪਤ ਹੁੰਦੀ ਹੈ, ਕਿਉਂਕਿ ਉਹ ਸੱਚਾ ਆਪ ਮਨ

ਵਿਚ ਆ ਵਸਦਾ ਹੈ । ਇਸ ਦਰਸ਼ਨ ਦਵਾਰਾ ਸਾਰਾ ਸੰਸਾਰ ਤਰ ਜਾਂਦਾ ਹੈ, ਪਰ ਜੇ ਕੋਈ ਪ੍ਰੇਮ ਭਾਵਨਾ ਨਾਲ ਅਜੇਹੀ ਪ੍ਰੇਰਨਾ ਲਏ ।"

ਏਥੇ ਗੁਰੂ ਜੀ ਨੇ ਆਪਣੇ ਧਰਮ ਨੂੰ ਹਰਿ ਦਰਸ਼ਨ (ਧਰਮ) ਜਾਂ ਗੁਰ ਦਰਸ਼ਨ ਕਰਕੇ ਆਖਿਆ ਹੈ । ਜਦ ਲਾਂਭੇ ਚਾਂਭੇ ਉਹ ਸੱਚ ਵਿਚ ਪਏ ਹੋਏ ਰਲੇ ਵੇਖਦੇ ਸਨ ਤੇ ਗੁਰ ਦਰਸ਼ਨ ਦਵਾਰਾ ਉਹ ਉਸ ਸੱਚ ਨੂੰ ਇਨ੍ਹਾਂ ਰਲਿਆਂ ਤੋਂ ਬਚਾ ਕੇ ਨਿਰੋਲ ਰੂਪ ਵਿਚ ਵੇਖ ਲੈਂਦੇ ਸਨ ਤਾਂ ਗਦ ਗਦ ਹੁੰਦੇ ਸਨ ਤੇ ਸ਼ੁਕਰਾਨੇ ਵਿਚ ਇਸ ਤਰ੍ਹਾਂ ਗਾ ਉਠਦੇ ਸਨ ਜਿਵੇਂ ਉੱਪਰ ਸ਼ਬਦ ਗਾਵਿਆ ਹੈ। ਇਹ ਧਰਮ ਸੱਚ ਹੈ ਤੇ ਸੱਚ ਆਪਣੇ ਨਿਰੋਲ ਰੂਪ ਵਿਚ ਸਦਾ ਅਟੱਲ ਹੈ। ਇਹ ਪੁਰਾਣਾ ਨਹੀਂ ਹੋ ਸਕਦਾ ।

**"ਸਚੁ ਪੁਰਾਣਾ ਹੋਵੈ ਨਾਹੀ...॥"**

**(ਵਾਰ ਰਾਮਕਲੀ ਮਹਲਾ ੧) ਅੰਗ ੯੫੫**

ਗੁਰੂ ਅਮਰਦਾਸ ਜੀ ਇਉਂ ਆਖਦੇ ਹਨ :-

**"ਸਚੁ ਪੁਰਾਣਾ ਨਾ ਥੀਐ........॥"**

**(ਵਾਰ ਸਾਰੰਗ ਮਹਲਾ ੩) ਅੰਗ ੧੨੪੯**

ਲੋੜ ਉਸ ਸਦਾ ਨਵੇਂ ਤੇ ਨਰੋਏ ਰਹਿਣ ਵਾਲੇ ਸੱਚ ਨੂੰ ਪਰਗਟ ਕਰਨ ਦੀ ਹੁੰਦੀ ਹੈ ਜੋ ਸਮੇਂ ਸਮੇਂ ਮਹਾਂਪੁਰਸ਼ ਕਰਦੇ ਰਹਿੰਦੇ ਹਨ । ਮਹਾਰਾਜ ਨੂੰ ਵੀ ਵੱਖ ਵੱਖ ਧਰਮਾਂ ਅੰਦਰ ਪਈਆਂ ਗ਼ਲਤ ਲੀਹਾਂ ਵਿਚੋਂ ਕੱਢ ਕੇ ਸਹੀ ਰਾਹ ਵਿਖਾਣਾ ਪਿਆ ਸੀ, ਪਰ ਇਹ ਕਾਰਜ ਉਨ੍ਹਾਂ ਆਪਣੇ ਨਿਰਾਲੇ ਢੰਗ ਨਾਲ ਕੀਤਾ ਸੀ ਜੋ ਪ੍ਰੇਮ ਭਰੇ ਦਿਲ ਵਿਚੋਂ ਉਤਪੰਨ ਹੋ ਕੇ ਸਭ ਨੂੰ ਆਮ ਤੌਰ 'ਤੇ ਚੰਗਾ ਲੱਗ ਜਾਂਦਾ ਸੀ । ਉਹਨਾਂ ਨੇ ਜਗ੍ਹਾ ਜਗ੍ਹਾ ਗ਼ਲਤ ਢਾਣੀਆਂ ਢਾਹੀਆਂ ਸਨ, ਪਰ ਵੱਸ ਲੱਗਦੇ ਕਿਸੇ ਦਾ ਦਿਲ ਨਹੀਂ ਦੁਖਾਂਦੇ ਸਨ । ਸਦੀਆਂ ਦੇ ਬਣੇ ਖ਼ਿਆਲ ਢਾਹਣੇ ਸੌਖੇ ਨਹੀਂ ਹੁੰਦੇ ਪਰ ਕੋਈ ਚੰਗੀ ਚੀਜ਼ ਖੜ੍ਹੀ ਕਰਨ ਤੋਂ ਪਹਿਲਾਂ ਪੁਰਾਣੀਆਂ ਬਦਸ਼ਕਲ ਤੇ ਹਾਨੀਕਾਰਕ ਚੀਜ਼ਾਂ ਢਾਹਣੀਆਂ ਪੈਂਦੀਆਂ ਹਨ । ਪਰ ਇਸ ਵਿਚ ਖੂਬੀ ਇਹ ਸੀ ਕਿ ਪੁਰਾਣੀਆਂ ਗ਼ਲਤ ਲੀਹਾਂ ਨੂੰ ਤੋੜਦੇ ਹੋਏ ਵੀ ਉਹ ਸਭ ਨੂੰ ਚੰਗੇ ਲੱਗਦੇ ਸਨ, ਕਿਉਂਕਿ ਉਹ ਨਿਰਭੈ ਤੇ ਨਿਰਵੈਰ ਹੋ ਕੇ ਗੱਲ ਕਰਦੇ ਸਨ ਤੇ ਨਾਲ ਹੀ ਉਹ ਪੂਰੀ ਨਿਮ੍ਰਤਾ ਵਿਚ ਰਹਿ ਕੇ ਕਰਦੇ ਸਨ । ਗੁਰੂ ਅਰਜਨ ਦੇਵ ਜੀ ਫ਼ੁਰਮਾਂਦੇ ਹਨ ।

**"ਜਨ ਨਿਰਵੈਰ ਨਿੰਦਕ ਅਹੰਕਾਰੀ ॥ ਜਨ ਭਲ ਮਾਨਹਿ ਨਿੰਦਕ ਵੇਕਾਰੀ ॥"**

(ਗੋਂਡ ਮਹਲਾ ੫) ਅੰਗ ੮੬੯



ਅਰਥਾਤ "ਵਾਹਿਗੁਰੂ ਦੇ ਸੇਵਕ ਨਿਰਵੈਰ ਹੁੰਦੇ ਹਨ ਪਰ ਨਿੰਦਕ (ਸੁਧਾਰ ਵਿਚ ਲੱਗੇ ਵੀ) ਹੰਕਾਰੀ ਹੁੰਦੇ ਹਨ । ਸੇਵਕ ਸਭ ਦਾ ਭਲਾ ਮੰਗਦੇ ਹਨ ਪਰ ਨਿੰਦਕ ਕਈ ਬੁਰਾਈਆਂ ਖੜ੍ਹੀਆਂ ਕਰ ਦਿੰਦੇ ਹਨ ।"

ਵਡੇ ਵਡੇ ਕੰਮ ਪੂਰੀ ਬੇਗ਼ਰਜ਼ੀ ਨਾਲ ਹੀ ਸਿਰੇ ਚੜ੍ਹਦੇ ਹਨ । ਗੁਰੂ ਸਾਹਿਬ ਆਪ ਕਿਸੇ ਤਰ੍ਹਾਂ ਦੀ ਕੀਮਤ ਨਹੀਂ ਮੰਗਦੇ ਸਨ । ਕਿਸੇ ਨੂੰ ਮਜ਼ਹਬ ਛੱਡ ਕੇ ਆਪਣੇ ਮਜ਼ਹਬ ਵਿਚ ਲਿਆਉਣ ਦੀ ਬੇਸੁਰੀ ਪ੍ਰੇਰਨਾ ਕਰਨ ਦੀ ਥਾਂ ਉਹਨਾਂ ਦੀਆਂ ਭੁੱਲਾਂ ਦਰੁੱਸਤ ਕਰ ਕੇ ਕਹਿੰਦੇ ਸਨ ਕਿ ਇਸ ਤਰ੍ਹਾਂ ਦੇ ਧਰਮ ਧਾਰਨੀ ਹੋਣਾ ਚਾਹੀਦਾ ਹੈ । ਉਹਨਾਂ ਨੂੰ ਕਿਸੇ ਮਜ਼ਹਬ ਦਾ ਨਾਮ ਬਦਲਾਣ ਦਾ ਫ਼ਿਕਰ ਨਹੀਂ ਸੀ ਸਗੋਂ ਹਰ ਇਕ ਨੂੰ ਆਪਣੇ ਆਪਣੇ ਮਜ਼ਹਬ ਵਿਚ ਰੱਖ ਕੇ ਮਜ਼ਹਬ ਦੀਆਂ ਬੁਨਿਆਦੀ ਗੱਲਾਂ ਵਿਚ ਪੱਕਾ ਕਰਨਾ ਸੀ, ਕਿਉਂਕਿ ਤਤ ਰੂਪ ਵਿਚ ਸਭ ਮਜ਼ਹਬ ਇਕ ਹੋ ਜਾਂਦੇ ਹਨ ।

ਗੁਰੂ ਸਾਹਿਬ ਦਾ ਮੰਤਵ ਇਹ ਸੀ ਕਿ ਧਰਮ ਕਿਸੇ ਦਾ ਕੋਈ ਪਿਆ ਹੋਵੇ ਪਰ ਉਹ ਸਹੀ ਅਰਥਾਂ ਵਿਚ ਧਰਮੀ ਹੋਵੇ :

**"ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥"**

**(ਮਾਝ ਮਹਲਾ ੧, ਸਲੋਕ) ਅੰਗ ੧੪੧**

ਅਰਥਾਤ—"ਮੁਸਲਮਾਨ ਹੋਣਾ ਅਸਾਨ ਨਹੀਂ ਪਰ ਜੇ ਕੋਈ ਸਹੀ ਅਰਥਾਂ ਵਿਚ ਮੁਸਲਮਾਨ ਹੋਵੇ ਤਾਂ ਉਹ ਮੁਸਲਮਾਨ ਕਹਾਵੇ ।"

**"ਸੋ ਪੰਡਿਤੁ ਜੋ ਮਨੁ ਪਰਬੋਧੈ ॥"**

**(ਗਉੜੀ ਮਹਲਾ ੫) ਅੰਗ ੨੭੪**

ਭਾਵ ਜੋ ਆਪਣੇ ਮਨ ਨੂੰ ਪਰਬੋਧ ਲੈਂਦਾ ਹੈ ਉਹ ਹੀ ਠੀਕ ਪੰਡਤ ਹੈ । ਨਾਂਵਾਂ ਦੇ ਫ਼ਰਕ ਅਸਲ ਨੂੰ ਬਦਲ ਨਹੀਂ ਸਕਦੇ । ਇਹੋ ਕਾਰਨ ਹੈ ਕਿ ਉਨ੍ਹਾਂ ਦਾ ਸਾਰਾ ਜ਼ੋਰ ਜੀਵਨ-ਰਹਿਣੀ 'ਤੇ ਲੱਗਦਾ ਸੀ ।

ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ

**"ਰਹਿਣੀ ਰਹੈ ਸੋਈ ਸਿਖ ਮੇਰਾ ।**

**ਓਹ ਸਾਹਿਬ ਮੈ ਉਸ ਕਾ ਚੇਰਾ ।"**

ਅਰਥਾਤ "ਜੋ ਜੀਵਣ ਰਹਿਣੀ ਰਹਿੰਦਾ ਹੈ ਉਹ ਮੇਰਾ ਅਸਲ ਸਿਖ ਹੈ ; ਸਗੋਂ ਉਹ ਤਾਂ ਮੇਰਾ ਸਾਹਿਬ ਹੈ ਤੇ ਮੈਂ ਉਸ ਦਾ ਚੇਲਾ ਹਾਂ ।'

ਗੁਰੂ ਨਾਨਕ ਦੇਵ ਜੀ ਤੋਂ ਹਾਜੀਆਂ ਪੁੱਛਿਆ :-

**"ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?"**

**(ਵਾਰ ਭਾਈ ਗੁਰਦਾਸ ੧)**

ਅਰਥਾਤ "ਵਡਾ ਹਿੰਦੂ ਹੈ ਜਾਂ ਮੁਸਲਮਾਨ ?"

ਅਗੋਂ ਗੁਰੂ ਸਾਹਿਬ ਦਾ ਉੱਤਰ ਇਹ ਸੀ :

**"ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ ।"**

**(ਵਾਰ ਭਾਈ ਗੁਰਦਾਸ ੧)**

ਅਰਥਾਤ "ਗੁਰੂ ਨਾਨਕ ਦੇਵ ਜੀ ਨੇ ਹਾਜੀਆਂ ਨੂੰ ਦੱਸਿਆ ਕਿ ਸ਼ੁਭ ਅਮਲਾਂ ਤੋਂ ਖ਼ਾਲੀ ਦੋਵੇਂ ਹਿੰਦੂ ਤੇ ਮੁਸਲਮਾਨ ਖੁਆਰ ਹੋਣਗੇ ॥"

ਕਿਸੇ ਦਾ ਧਰਮ ਉਹ ਨਹੀਂ ਜਿਸ ਦਾ ਉਹ ਇਕਬਾਲ ਜਾਂ ਦਾਅਵਾ ਕਰਦਾ ਹੈ, ਸਗੋਂ ਉਹ ਹੈ ਜੋ ਉਸ ਦੇ ਜੀਵਨ ਵਿਚ ਦਾਖ਼ਲ ਹੋ ਚੁੱਕਾ ਹੈ ਤੇ ਜਿਸ ਅਨੁਸਾਰ ਉਸ ਦੀ ਸ਼ਖ਼ਸੀਅਤ ਬਣੀ ਹੈ । ਸਾਰੀ ਚੀਜ਼ ਤਾਂ ਆਖਰ ਇਸ ਗੱਲ 'ਤੇ ਜਾ ਮੁਕਣੀ ਹੈ ਕਿ ਧਰਮ ਨੇ ਕਿਸੇ ਦੇ ਅੰਦਰ ਦੀ ਮਾਨਸਿਕ ਤਬਦੀਲੀ ਆਂਦੀ ਹੈ ।

**ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥**
**ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥੧॥**

**(ਬਿਲਾਵਲ ਮਹਲਾ ੯) ਅੰਗ ੮੩੧**

ਅਰਥਾਤ "ਜੇ ਕੋਈ ਤੀਰਥ ਕਰਦਾ ਹੈ ਅਤੇ ਵਰਤ ਆਦਿ ਵੀ ਰੱਖਦਾ ਹੈ ਪਰ ਜੇ ਉਸਦਾ ਮਨ ਵਸ ਵਿਚ ਨਹੀਂ ਤਾਂ ਉਸ ਦਾ ਧਰਮ ਨਿਸਫਲ ਹੈ, ਇਹ ਮੈਂ ਸੱਚ ਕਹਿੰਦਾ ਹਾਂ ।"

ਕਿਸੇ ਦੇ ਧਾਰਮਿਕ ਹੋਣ ਦੀ ਨਿਸ਼ਾਨੀ ਇਹ ਹੈ ਕਿ ਉਸ ਨੇ ਆਪਣੇ ਮਨ ਦੀ ਗ਼ੁਲਾਮੀ ਤੋਂ ਉੱਠ ਕੇ ਮਨ ਦੇ ਜੋਤ ਸਰੂਪ ਹੋਣ ਦੀ ਪਛਾਣ ਕਿੰਨੀ ਕੁ ਕਰ ਲਈ ਹੈ ਤੇ ਇਸ ਤਰ੍ਹਾਂ ਕਿੰਨਾ ਕੁ ਉਹ ਸਹੀ ਅਰਥਾਂ ਵਿਚ ਮਨੁੱਖ ਬਣਿਆ ਹੈ । ਬੇਕਨ ਨੇ ਠੀਕ ਕਿਹਾ ਹੈ:

"Seek ye first the good things of the mind and the rest will either be supplied or its loss will not be felt."

ਅਰਥਾਤ—"ਆਪਣੇ ਮਨ ਅੰਦਰ ਛਿਪੀਆਂ ਚੰਗੀਆਂ ਚੀਜ਼ਾਂ ਦੀ ਭਾਲ ਪਹਿਲਾਂ ਕਰੋ । ਬਾਕੀ ਸਭ ਕੁਝ ਜਾਂ ਤਾਂ ਆਪੇ ਪ੍ਰਾਪਤ ਹੋ ਜਾਵੇਗਾ ਜਾਂ ਉਸ ਦੀ ਥੁੜ੍ਹ ਮਹਿਸੂਸ ਨਹੀਂ ਹੋਵੇਗੀ ।"



ਸੁਕਰਾਤ ਨੇ ਬੜੇ ਜ਼ੋਰ ਨਾਲ ਇਹੋ ਗੱਲ ਕਹੀ ਹੈ—

"There is no real philosophy until the mind turns round and examines itself."

"ਭਾਵ ਅਸਲੀ ਜੀਵਨ ਫ਼ਿਲਾਸਫ਼ੀ ਉਤਨਾ ਚਿਰ ਨਹੀਂ ਲੱਭਦੀ ਜਿੰਨਾ ਚਿਰ ਮਨ ਪਰਤ ਕੇ ਆਪਣੇ ਆਪ ਦੀ ਪਛਾਣ ਨਾ ਕਰੇ ।"

**"ਆਤਮੁ ਚੀਨਿ ਪਰਮ ਰੰਗ ਮਾਨੀ ॥"**

**(ਗਉੜੀ ਮਹਲਾ ੫) ਅੰਗ ੧੨੭**

ਅਰਥਾਤ "ਆਤਮਾ ਨੂੰ ਸਮਝਣ ਨਾਲ ਵੱਡਾ ਅਨੰਦ ਪਰਾਪਤ ਕਰ ਲਈਦਾ ਹੈ ।"

ਇਸ ਨਿੱਕੀ ਜਿਹੀ ਤੁੱਕ ਵਿਚ ਸਾਰੀ ਧਰਮ ਫ਼ਿਲਾਸਫ਼ੀ ਦਾ ਨਿਚੋੜ ਹੈ । ਆਤਮਕ ਤੇ ਇਖ਼ਲਾਕੀ ਜੀਵਨ ਮਨੁੱਖ ਦੀ ਸਭ ਤੋਂ ਵੱਡੀ ਜਾਇਦਾਦ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਹਰ ਇਕ ਨੂੰ ਮਿਹਨਤ ਤੇ ਯਤਨ ਕਰਨਾ ਪੈਂਦਾ ਹੈ । ਇਹ ਬਾਹਰਲੀਆਂ ਰਿਆਇਤਾਂ ਨਾਲ ਨਹੀਂ ਬਣਦੀ । ਨਾ ਇਸ ਨੂੰ ਕੋਈ ਦੇ ਸਕਦਾ ਹੈ ਤੇ ਨਾ ਕੋਈ ਇਸ ਨੂੰ ਚੁਰਾ ਸਕਦਾ ਹੈ । ਇਹ ਐਸੇ ਮਾਣਕ ਮੋਤੀ ਹਨ ਜਿਨ੍ਹਾਂ ਨੂੰ ਸੰਨ੍ਹ ਨਹੀਂ ਲੱਗਦੀ । ਧਨ, ਇੱਜ਼ਤ ਜਾਂ ਰਸੂਖ਼ ਇਸ ਨੂੰ ਖ਼ਰੀਦ ਨਹੀਂ ਸਕਦੇ । ਪਰ ਇਸ ਅਮੋਲਕ ਜਾਇਦਾਦ ਦੀ ਪ੍ਰਾਪਤੀ ਲਈ ਮਨ ਨਾਲ ਘੁਲਣਾ ਪੈਂਦਾ ਹੈ ।

ਇਕ ਵਿਦਵਾਨ ਨੇ ਸੱਚ ਕਿਹਾ ਹੈ :

"The greatest of all wonders is not the conquerer of the world but the subduer of himself."

ਭਾਵ "ਸਭ ਤੋਂ ਵੱਡੀ ਕਰਾਮਾਤ ਇਹ ਨਹੀਂ ਕਿ ਸਾਰੀ ਦੁਨੀਆਂ ਨੂੰ ਆਪਣੇ ਤਾਬਿਆ ਕਰ ਲਿਆ ਜਾਏ, ਸਗੋਂ ਆਪਣੇ ਆਪ ਤੇ ਕਾਬੂ ਪਾਇਆ ਜਾਏ ।"

"ਮਨਿ ਜੀਤੈ ਜਗੁ ਜੀਤੁ ॥" ਅੰਗ ੬

ਅਰਥਾਤ "ਜਿਸ ਨੇ ਮਨ ਜਿਤਿਆ ਹੈ ਉਸ ਨੇ ਦੁਨੀਆਂ ਜਿੱਤੀ ਹੈ।" ਕਿਉਂਕਿ ਇਕ ਸੱਚ ਇਹ ਹੈ "Minds are conquered not by arms but by the greatness of the soul."

ਭਾਵ "ਤਲਵਾਰ ਦੇ ਜ਼ੋਰ ਨਾਲ ਦੂਜਿਆਂ ਦੇ ਮਨ ਨਹੀਂ ਜਿਤੇ ਜਾ ਸਕਦੇ, ਇਹ ਆਪਣੀ ਆਤਮਕ ਉਚਾਈ ਨਾਲ ਜਿਤੇ ਜਾਂਦੇ ਹਨ ।"

ਇਹ ਆਤਮਕ ਉਚਾਈ ਓਹੋ ਹੈ ਜੋ ਉਤੇ ਦੱਸੀ ਗਈ ਹੈ । ਇਸ ਨੂੰ ਸਪਾਈਨੋਜ਼ਾ ਫ਼ਿਲਾਸਫ਼ਰ ਨੇ ਇਸ ਤਰ੍ਹਾਂ ਦੱਸਿਆ ਸੀ,

"To be great is not to be placed above men but to stand above the partialities and futilities of uninformed desire and to rule one's self."

ਅਰਥਾਤ "ਅਸਲ ਵਡਿਤ ਇਸ ਗੱਲ ਵਿਚ ਨਹੀਂ ਹੁੰਦੀ ਕਿ ਕੋਈ ਮਨੁੱਖ ਦੂਜਿਆਂ 'ਤੇ ਹਾਵੀ ਹੋ ਜਾਵੇ, ਸਗੋਂ ਆਪਣੀਆਂ ਬੇਥਵੀਆਂ ਖ਼ਾਹਸਾਂ ਦੀ ਇਕ ਪੱਖੀ ਤੇ ਵਿਅਰਥ ਰੁਚੀਆਂ ਤੋਂ ਉੱਪਰ ਉਠ ਸਕੇ ਅਤੇ ਆਪਣੇ ਆਪ ਉਤੇ ਕਾਬੂ ਪਾ ਲਵੇ ।" ਇਹੋ ਮਨੁੱਖ ਦੀ ਅਸਲ ਜਾਇਦਾਦ ਹੈ ਕਿਉਂਕਿ ਇਹ ਸੁਤੰਤਰਤਾ ਦਿੰਦੀ ਹੈ ।

"Truth will not make us rich but will make us free."

ਭਾਵ "ਸੱਚ ਸਾਨੂੰ ਭਾਵੇਂ ਧਨ ਤਾਂ ਨਾ ਦੇ ਸਕੇ ਪਰ (ਸਭ ਤੋਂ ਅਮੋਲਕ ਚੀਜ਼) ਮਾਨਸਿਕ ਸੁਤੰਤਰਤਾ ਜ਼ਰੂਰ ਦੇਵੇਗਾ ।"

ਇਹ ਅਸਲ ਧਰਮ ਹੈ ਜਿਸ ਨੂੰ ਪ੍ਰਾਪਤ ਕਰਨਾ ਖਾਲਾ ਜੀ ਦਾ ਵਾੜਾ ਨਹੀਂ । ਇਸ ਲਈ ਲਗਾਤਾਰ ਵਰ੍ਹਿਆਂ ਬੱਧੀ ਮਿਹਨਤ ਕਰਨੀ ਹੁੰਦੀ ਹੈ ।

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ॥**

**(ਸਲੋਕ ਵਾਰਾਂ ਤੇ ਵਧੀਕ ਮਹਲਾ ੧) ਅੰਗ ੧੪੧੨**

ਅਰਥਾਤ "ਜੇ ਤੈਨੂੰ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ ਅਪਨੀ ਤਲੀ 'ਤੇ ਸਿਰ ਰਖ ਕੇ ਮੇਰੇ ਪਾਸ ਆਉ । ਇਸ ਰਾਹ 'ਤੇ ਤਾਂ ਹੀ ਪੈਰ ਧਰਨਾ ਚਾਹੀਦਾ ਹੈ ਜੇ ਸਿਰ ਦੇ ਕੇ ਵੀ ਇਹ ਨਾ ਸਮਝਿਆ ਜਾਏ ਕਿ ਕਿਸੇ 'ਤੇ ਕੋਈ ਅਹਿਸਾਨ ਕੀਤਾ ਹੈ ।"

ਸੁਨਿਆਰੇ ਦੇ ਪਹਾਰੇ ਭੱਠੀ ਚੜ੍ਹਕੇ, ਸੋਨੇ ਦੇ ਸ਼ੁੱਧ ਹੋਣ ਵਾਂਗ ਪਹਿਲਾਂ ਤਾਉ ਕਸੌਟੀ ਲੱਗਦੀ ਹੈ । ਸੇਵਾ, ਤਿਆਗ ਤੇ ਕੁਰਬਾਨੀ ਦੇ ਰਾਹ ਤੁਰਨਾ ਪੈਂਦਾ ਹੈ ।

**"ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ**



**ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥**

**(ਜਪੁ ਜੀ ਸਾਹਿਬ) ਅੰਗ ੮**

ਅਰਥਾਤ "ਜਤ ਦਾ ਪਹਾਰਾ ਤੇ ਧੀਰਜ ਨੂੰ ਸੁਨਿਆਰਾ ਬਣਾਇਆ ਜਾਏ । ਬੁਧੀ ਨੂੰ ਅਹਰਣ ਬਣਾ ਕੇ ਇਸ ਉਤੇ ਧਰਮ ਗ੍ਰੰਥਾਂ ਦੇ ਉਪਦੇਸ਼ ਦਾ ਹਥੌੜਾ ਇਸ ਨੂੰ ਚੰਡ ਦੇਵੇ । ਹਰੀ ਦੇ ਭਉ ਦੀਆਂ ਖਲਾਂ ਤੇ ਕਰੜੀ ਘਾਲ ਅਗਨੀ ਦਾ ਕੰਮ ਦੇਵੇ। ਪ੍ਰੇਮ ਦਾ ਭਾਂਡਾ ਹੋਵੇ ਜਿਸ ਵਿਚ ਨਾਮ ਅੰਮ੍ਰਿਤ ਦੁਆਰਾ ਅਮਰ ਜੀਵਣ ਢਾਲਿਆ ਜਾਏ । ਇਸ ਤਰ੍ਹਾਂ ਹੀ ਹਰੀ ਦੀ ਸਚੀ ਟਕਸਾਲ ਦਾ ਸ਼ਬਦ ਘੜੀਦਾ ਹੈ, ਅਰਥਾਤ ਮਹਾਂਪੁਰਸ਼ਾਂ ਰਾਹੀਂ ਬਾਣੀ ਉਤਰਦੀ ਹੈ ; ਪਰ ਇਹ ਕਾਰ ਕਦੇ ਕਦਾਈਂ ਉਹ ਹੀ ਕਰਦੇ ਹਨ, ਜਿਨ੍ਹਾਂ ਉਤੇ ਹਰੀ ਦੀ ਮਿਹਰ ਦੀ ਨਜ਼ਰ ਪੈਂਦੀ ਹੈ ।"

ਇਸ ਤਰ੍ਹਾਂ ਦੀ ਸਚੀ ਟਕਸਾਲ ਵਿਚ ਜੀਵਨ ਘੜਿਆ ਜਾਣਾ ਹੁੰਦਾ ਹੈ । ਧਾਰਮਿਕ ਜ਼ਿੰਦਗੀ ਨਿਰਾ ਕਿਸੇ ਫ਼ਿਲਾਸਫ਼ੀ ਦਾ ਸਮਝਣ ਸਮਝਾਣ ਨਹੀਂ। ਇਸ ਲਈ ਅਮਲੀ ਕੰਮ ਕਰਨਾ ਪੈਂਦਾ ਹੈ । ਜਿਵੇਂ ਸੁਨਿਆਰਾ ਧਾਤ ਨੂੰ ਅੱਗ ਵਿਚ ਪਾਂਦਾ ਤੇ ਢਾਲਦਾ ਹੈ ਤੇ ਉਸ 'ਤੇ ਹਥੌੜੇ ਨਾਲ ਜ਼ੋਰ ਦੀਆਂ ਸੱਟਾਂ ਮਾਰ ਕੇ ਚੰਡਦਾ ਤੇ ਕਿਸੇ ਸ਼ਕਲ ਵਿਚ ਲਿਆਂਵਦਾ ਹੈ, ਤਿਵੇਂ ਜੀਵਨ ਘੜਨ ਲਈ ਮਿਹਨਤ ਕਰਨੀ ਹੁੰਦੀ ਹੈ । ਇਹ ਰਾਹ ਖੰਡੇ ਦੀ ਧਾਰ ਨਾਲੋਂ ਵੱਧ ਤੇਜ਼ ਤੇ ਵਾਲ ਨਾਲੋਂ ਵੱਧ ਬਾਰੀਕ ਹੈ ; ਜਿਵੇਂ ਗੁਰੂ ਅਮਰਦਾਸ ਜੀ ਨੇ ਇਉਂ ਦੱਸਿਆ ਹੈ :

**"ਖੰਨਿਆਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥"**

(ਰਾਮਕਲੀ ਮਹਲਾ ੩, ਅਨੰਦ) ਅੰਗ ੯੧੮

ਇਸ ਅਨੋਖੇ ਮਾਰਗ ਦਾ ਨਾਮ ਸਿੱਖੀ ਹੈ । ਇਹੋ ਪੰਥ (ਰਾਹ) ਹੈ ਜੋ ਸੇਵਾ ਤੇ ਤਿਆਗ ਦੀ ਮੰਗ ਪਹਿਲੇ ਕਰਦਾ ਹੈ । ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਨੋਟ ਕਰਨ ਵਾਲੇ ਹਨ :

**"ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥"**

**(ਸੂਹੀ ਮਹਲਾ ੧ ) ਅੰਗ ੭੩੦**

ਅਰਥਾਤ "ਸਤਿਗੁਰ ਦੇ ਮਿਲਣ ਨਾਲ ਸਭ ਸ਼ੰਕੇ ਟੁਟ ਜਾਣ ਤੇ ਦੌੜਦੇ ਮਨ ਨੂੰ ਰੋਕ ਲਿਆ ਜਾਏ ॥"

ਨਿਰਭਉ ਪਦ ਪ੍ਰਾਪਤ ਕਰਨਾ ਹੈ, ਜੀਵਤ ਭਾਵ ਤੋਂ ਮਰਨਾ ਹੈ ਤੇ ਅੰਦਰ ਬਾਹਰ ਵਰਤ ਰਹੇ ਰੱਬ ਹੀ ਰੱਬ ਦੇ ਦਰਸ਼ਨ ਕਰਨੇ ਹਨ । ਇਹ ਅਸਲ ਧਰਮ ਹੈ, ਬਾਕੀ ਸਭ ਨਕਲ ਹੈ ।

**"ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥"**

**(ਸੂਹੀ ਮਹਲਾ ੧ ) ਅੰਗ ੭੩੦**

ਅਰਥਾਤ "ਐਸਾ ਜੋਗ ਕਮਾਣਾ ਹੈ, ਜਿਸ ਵਿਚ ਜੀਵਤ ਭਾਵ ਤੋਂ ਮਰਿਆ ਜਾਣਾ ਹੈ ।"

ਇਸ ਲਈ ਮਨ ਨਾਲ ਘੁਲਣਾ ਪੈਣਾ ਹੈ । ਗੁਰੂਆਂ, ਪੀਰਾਂ, ਅਵਤਾਰਾਂ, ਸਭ ਨੂੰ ਇਸ ਮਨ ਨਾਲ ਘੁਲਣਾ ਪਿਆ ਹੈ, ਤਾਂ ਹੀ ਉਹ ਕੋਈ ਉਚੇਰੀ ਆਤਮਕ ਅਵਸਥਾ ਪ੍ਰਾਪਤ ਕਰ ਸਕਦੇ ਸਨ । ਗੁਰੂ ਸਾਹਿਬਾਨ ਦੀ ਬਾਣੀ ਵਿਚ ਥਾਂ ਥਾਂ ਇਸ ਘੋਲ ਦਾ ਜ਼ਿਕਰ ਹੈ :

**"ਮਨ ਰੇ ਕਉਨੁ ਕੁਮਤਿ ਤੈ ਲੀਨੀ ॥"**

**(ਸੋਰਠਿ ਮਹਲਾ ੯) ਅੰਗ ੬੩੨**

**"ਮਨ ਰੇ ਰਾਮ ਭਗਤਿ ਚਿਤੁ ਲਾਈਐ ॥"**

**(ਭੈਰਉ ਮਹਲਾ ੧) ਅੰਗ ੧੧੨੭**

**"ਮਨ ਰੇ ਕਹਾ ਭਇਓ ਤੈ ਬਉਰਾ ॥"**

**(ਗਉੜੀ ਮਹਲਾ ੯) ਅੰਗ ੨੨੦**

ਅਰਥਾਤ—"ਹੇ ਮਨ ਤੂੰ ਕਿਉਂ ਪਾਗਲ ਹੋਇਆ ਫਿਰਦਾ ਹੈਂ ।"

**"ਮਾਈ ਮਨੁ ਮੇਰੋ ਬਸਿ ਨਾਹਿ ॥"**

**(ਸੋਰਠਿ ਮਹਲਾ ੯) ਅੰਗ ੬੩੨**

**"ਬਿਰਥਾ ਕਹਉ ਕਉਨ ਸਿਉ ਮਨ ਕੀ ॥"**

**(ਆਸਾ ਮਹਲਾ ੯) ਅੰਗ ੪੧੧**

ਅਰਥਾਤ "ਕਿਸ ਨੂੰ ਆਪਣੇ ਮਨ ਦੀ ਹਾਲਤ ਦੱਸਾਂ ।"

**"ਯਹ ਮਨੁ ਨੈਕ ਨ ਕਹਿਓ ਕਰੈ ॥ ਸੀਖ ਸਿਖਾਇ**
**ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥"**

**(ਦੇਵ ਗੰਧਾਰੀ ਮਹਲਾ ੯) ਅੰਗ ੫੩੬**



ਅਰਥਾਤ "ਇਹ ਮਨ ਰਤਾ ਆਖੇ ਨਹੀਂ ਲਗਦਾ । ਸਿੱਖਿਆ ਦੇਂਦਿਆਂ ਸਾਰਾ ਜ਼ੋਰ ਲਾਂਦਾ ਹਾਂ, ਪਰ ਇਹ ਦੁਰਮਤਿ ਤੋਂ ਟਲਦਾ ਨਹੀਂ।"

**"ਕੋਊ ਮਾਈ ਭੂਲਿਓ ਮਨੁ ਸਮਝਾਵੈ ॥"**

**(ਗਉੜੀ ਮਹਲਾ ੯) ਅੰਗ ੨੧੯**

ਅਰਥਾਤ "ਹੇ ਮਾਈ, ਮੇਰੇ ਭੁਲੇ ਹੋਏ ਮਨ ਨੂੰ ਕੋਈ ਸਮਝਾਵੇ।"

ਇਹ ਤੁਕਾਂ ਪੜ੍ਹਦਿਆਂ ਇਉਂ ਮਾਲੂਮ ਹੁੰਦਾ ਹੈ ਕਿ ਜਿਵੇਂ ਆਪਣੇ ਮਨ ਨਾਲ ਘੁਲਦੇ ਘੁਲਦੇ ਇਸ ਤੋਂ ਕਈ ਵਾਰ ਮਾਯੂਸ ਹੋ ਜਾਂਦੇ ਸਨ । ਇਹ ਗੱਲ ਭਾਵੇਂ ਠੀਕ ਹੈ ਕਿ ਉਹਨਾਂ ਆਪਣੇ ਆਪ ਨੂੰ ਜਗਤ ਨਾਲ ਅਭੇਦ ਕੀਤਾ ਹੁੰਦਾ ਸੀ ਤੇ ਜਗਤ ਦੀਆਂ ਕਮਜ਼ੋਰੀਆਂ ਆਪਣੀਆਂ ਕਮਜ਼ੋਰੀਆਂ ਸਮਝ ਕੇ ਉਹਨਾਂ ਕਮਜ਼ੋਰੀਆਂ ਨੂੰ ਬਾਣੀ ਦਵਾਰਾ ਪਰਗਟ ਕਰ ਰਹੇ ਹੁੰਦੇ ਦਿਸਦੇ ਸਨ। ਪਰ ਇਹ ਵੀ ਠੀਕ ਹੈ ਕਿ ਆਪਣੇ ਅੰਦਰ ਵਰਤ ਰਹੀਆਂ ਮਨ ਦੀਆਂ ਖੇਡਾਂ ਨੂੰ ਬੜੇ ਗਹੁ ਨਾਲ ਤੱਕਦੇ ਸਨ ਤੇ ਹਰ ਛੋਟੀ ਤੋਂ ਛੋਟੀ ਕਮਜ਼ੋਰੀ ਨੂੰ ਵੀ ਉਹ ਬਰਦਾਸ਼ਤ ਨਹੀਂ ਕਰਦੇ ਸਨ । ਜਿੰਨਾ ਕੋਈ ਆਦਮੀ ਆਤਮਕ ਤੌਰ 'ਤੇ ਵਧੇਰੇ ਵੱਡਾ ਹੋ ਜਾਂਦਾ ਹੈ ਉਤਨਾ ਵਧੇਰੇ ਉਸ ਨੂੰ ਨਿੱਕੀਆਂ ਨਿੱਕੀਆਂ ਭੁੱਲਾਂ ਜਾਂ ਕਮਜ਼ੋਰੀਆਂ ਦਾ ਵੀ ਫ਼ਿਕਰ ਨਹੀਂ ਰਹਿੰਦਾ ਹੈ ਤੇ ਉਨ੍ਹਾਂ ਭੁੱਲਾਂ ਨੂੰ ਦੂਰ ਕਰਨ ਦੀ ਕਾਹਲ ਵੀ ਓਨੀ ਹੀ ਤੇਜ਼ ਹੋ ਜਾਂਦੀ ਹੈ। ਜਿੰਨਾ ਕੋਈ ਛੋਟਾ ਹੈ, ਓਨਾ ਉਹ ਆਪਣੇ ਗੁਣਾਂ ਨੂੰ ਵੱਧ ਤੇ ਅਵਗੁਣਾਂ ਨੂੰ ਘੱਟ ਵੇਖਦਾ ਹੈ । ਖ਼ਾਲੀ ਭਾਂਡਾ ਬੋਲਦਾ ਹੈ, ਭਰਿਆ ਨਹੀਂ ਬੋਲਦਾ । ਜਿਸ ਪੁਰਸ਼ ਨੇ ਰੋਜ਼ ਆਪਣੇ ਮਨ ਦੀ ਪੜਤਾਲ ਕਰਨੀ ਹੁੰਦੀ ਹੈ ਉਸ ਨੂੰ ਆਪਣੀ ਹਰ ਕਮਜ਼ੋਰੀ ਦਾ ਇਲਮ ਹੋ ਜਾਂਦਾ ਹੈ ਤੇ ਉਹ ਮਨ, ਬਚ ਤੇ ਕਰਮ ਕਰਕੇ ਹਰ ਤਰ੍ਹਾਂ ਬੁਰਾਈ ਤੋਂ ਬਚਣਾ ਚਾਹੁੰਦਾ ਹੈ । ਮਨ ਦੀਆਂ ਕਈ ਕਮਜ਼ੋਰੀਆਂ ਤਾਂ ਬਹੁਤ ਠੋਸ ਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਪਤਾ ਝਟਪੱਟ ਹੋ ਜਾਂਦਾ ਹੈ, ਪਰ ਕਈ ਕਮਜ਼ੋਰੀਆਂ ਬਹੁਤ ਬਾਰੀਕ ਹੁੰਦੀਆਂ ਹਨ ਜਿਨ੍ਹਾਂ ਤੋਂ ਛੁਟਕਾਰਾ ਵਧੇਰੇ ਮੁਸ਼ਕਲ ਹੁੰਦਾ ਹੈ; ਜਿਵੇਂ ਸੱਚੀ ਗੱਲ ਕਹਿੰਦੇ ਹੋਏ ਜ਼ਰਾ ਕੌੜੇ ਹੋ ਜਾਣਾ ਜਾਂ ਕਿਸੇ ਨਾਲ ਰੁੱਖਾ ਬੋਲਣਾ, ਜਾਂ ਵਧੀਕ ਤੇ ਬੇਲੋੜਾ ਖ਼ਰਚ ਕਰਨਾ, ਜਾਂ ਕਿਸੇ ਨੂੰ ਤਕਲੀਫ਼ ਵਿਚ ਵੇਖ ਕੇ ਵੀ ਲਾਂਭੇ ਹੋ ਜਾਣਾ, ਜਾਂ ਸਮਾਂ ਨਿਕੰਮਾ ਗਵਾਉਣਾ, ਜਾਂ ਸਵਾਦਾਂ ਦੇ ਗ਼ੁਲਾਮ ਹੋ ਕੇ ਖਾਣਾ, ਜਾਂ ਵਕਤ ਦੇ ਪਾਬੰਦ ਨਾ ਰਹਿਣਾ ਆਦਿਕ । ਜਿਸ ਨੂੰ ਆਪਣੀ ਆਤਮਕ ਬ੍ਰਿਧੀ ਦਾ ਫ਼ਿਕਰ ਹੁੰਦਾ ਹੈ ਉਹ ਸੂਖਮ ਕਮਜ਼ੋਰੀਆਂ ਤੋਂ ਬਚਣਾ ਚਾਹੁੰਦਾ ਹੈ । ਇਸ ਦਾ ਸਾਫ਼ ਭਾਵ ਇਹ ਹੈ ਕਿ ਧਰਮ ਦਾ ਇਹ

ਰਾਹ ਬੜਾ ਕਠਨ ਹੈ, ਪਰ ਅਸਲ ਧਰਮ ਹੈ ਹੀ ਇਹੋ ਕੁਝ । ਜੋ ਪੁਰਸ਼ ਇਸ ਰਾਹੇ ਸਫਲ ਹੁੰਦਾ ਹੈ ਉਸ ਨੇ ਸਭ ਸ਼ਕਤੀਆਂ ਪ੍ਰਾਪਤ ਕਰ ਲਈਆਂ ਹੁੰਦੀਆਂ ਹਨ, ਕਿਉਂਕਿ ਮਨ ਬੇਅੰਤ ਸ਼ਕਤੀਆਂ ਦਾ ਮਾਲਕ ਹੈ । ਇਹ ਮਨ ਤਾਂ ਰੱਬ ਦਾ ਹੀ ਰੂਪ ਹੈ :

**"ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥੩॥"**

**(ਗਉੜੀ ਕਬੀਰ ਜੀ) ਅੰਗ ੩੨੯**

ਅਰਥਾਤ "ਮਨ ਰੱਬ ਹੈ। ਇਹ ਤਿੰਨਾਂ ਭਵਨਾਂ ਦਾ ਦੇਵਤਾ ਹੈ।

ਪਰ ਯਾਦ ਰੱਖੋ ਕਿ ਇਹ ਇਕ ਮਾਨਸਿਕ ਦਸ਼ਾ ਐਸੀ ਹੈ ਜੋ ਮਿਹਨਤ ਮੰਗਦੀ ਹੈ:

**"ਗੁਰਮੁਖਿ ਕਰਣੀ ਕਾਰ ਕਮਾਵੈ ॥**
**ਤਾ ਇਸੁ ਮਨ ਕੀ ਸੋਝੀ ਪਾਵੈ ॥"**

**(ਧਨਾਸਰੀ ਮਹਲਾ ੩) ਅੰਗ ੬੬੫**

ਅਰਥਾਤ—"ਜੋ ਗੁਰੂ ਦੁਆਰਾ ਸ਼ੁਭ ਕਰਣੀ ਰੂਪ ਕਾਰ ਕਮਾਂਦਾ ਹੈ, ਉਹ ਹੀ ਇਸ ਮਨ ਦੀ ਸੋਝੀ ਪ੍ਰਾਪਤ ਕਰਦਾ ਹੈ ।"

ਪੁਰਾਣੇ ਖ਼ਿਆਲ ਅਨੁਸਾਰ ਅੰਤਸ਼-ਕਰਨ ਦੇ ਚਾਰ ਹਿੱਸੇ ਮੰਨੇ ਗਏ ਹਨ—ਮਨ, ਬੁਧ, ਚਿਤ ਤੇ ਹੰਕਾਰ । ਪਰ ਅੱਜਕੱਲ੍ਹ ਦੇ ਮਾਨਸਕ ਖੋਜੀ ਇਸ ਦੇ ਤਿੰਨ ਹਿੱਸੇ ਕਰਦੇ ਹਨ—ਇਕ ਹਿੱਸਾ ਸੁਚੇਤ ਮਨ (Conscious mind) ਹੈ ਜੋ ਜਾਗ੍ਰਤ ਵਿਚ ਹੁਕਮ ਦਿੰਦਾ ਰਹਿੰਦਾ ਹੈ,ਇਸ ਤੋਂ ਹੇਠਾਂ ਇਕ ਹੋਰ ਹਿੱਸਾ (Sub-conscious mind) ਹੈ ਜਿਸਦੇ ਕ੍ਰਿਸ਼ਮੇ ਅੱਜ ਦੁਨੀਆਂ ਦੇ ਸਾਹਮਣੇ ਕਈ ਸ਼ਕਲਾਂ ਵਿਚ ਆ ਚੁੱਕੇ ਹਨ , ਤੀਸਰਾ ਅਚੇਤ ਮਨ (Un-conscious mind) ਹੈ ਜਿਸ ਦੀਆਂ ਬੇਅੰਤ ਸ਼ਕਤੀਆਂ ਦਾ ਹਾਲੇ ਬਹੁਤਾ ਪਤਾ ਨਹੀਂ ਲੱਗ ਸਕਿਆ । ਖ਼ੈਰ, ਸਾਡਾ ਭਾਵ ਏਨਾ ਹੀ ਹੈ ਕਿ ਮਨ ਦੀਆਂ ਸ਼ਕਤੀਆਂ ਦੀ ਕੋਈ ਹੱਦ ਨਹੀਂ, ਪਰ ਇਨ੍ਹਾਂ ਨੂੰ ਪ੍ਰਗਟਾਣ ਲਈ ਜੀਵਤ ਭਾਵ ਤੋਂ ਮਰਨਾ ਤੇ ਸ੍ਵੈ-ਸਰੂਪ ਵਿਚ ਜੀਣਾ ਹੁੰਦਾ ਹੈ । ਇਹ ਸਰੂਪ ਸਾਡਾ ਅਸਲ ਆਪਾ ਹੈ ਤੇ ਇਹੋ ਸਾਡਾ ਰੱਬ ਹੈ । ਗੁਰੂ ਅਮਰਦਾਸ ਜੀ ਦੇ ਇਹ ਬਚਨ ਨੋਟ ਕੀਤੇ ਜਾਣੇ ਚਾਹੀਦੇ ਹਨ :

**"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥"**

**(ਆਸਾ ਮਹਲਾ ੩) ਅੰਗ ੪੪੧**



ਇਸ ਪਛਾਣ ਨੂੰ '**ਆਪਾ ਚੀਨਣ**' ਕਹਿੰਦੇ ਹਨ । ਇਹ ਆਤਮ ਸਰੂਪ ਦੀ ਪਛਾਣ ਹੈ, ਤੇ ਇਹ ਧਰਮ ਦਾ ਅਸਲ ਮਨੋਰਥ ਹੈ । ਜੇ ਇਹ ਨਹੀਂ ਤਾਂ ਇਹ ਬਾਕੀ ਕੁਝ ਵੀ ਨਹੀਂ । ਜੇ ਇਹ ਹੈ ਸਭ ਕੁਝ ਤੇ ਇਹ ਐਸੀ ਚੀਜ਼ ਹੈ ਜਿਸ ਦੀ ਹਰ ਮਨੁੱਖ ਨੂੰ ਲੋੜ ਹੈ। ਇਸ ਤਰ੍ਹਾਂ ਵੇਖਿਆਂ ਸਭ ਮਜ਼ਹਬਾਂ ਦੀ ਬੁਨਿਆਦ ਇਕ ਹੋ ਜਾਂਦੀ ਹੈ ਤੇ ਫ਼ਰਕ ਓਪਰੇ ਹੋ ਕੇ ਰਹਿ ਜਾਂਦੇ ਹਨ। ਕਿਸੇ ਦੇ ਧਰਮੀ ਹੋਣ ਦੀ ਪਰਖ ਇਹ ਹੈ ਕਿ ਉਸ ਨੇ ਇਸ ਰਾਹ 'ਤੇ ਤੁਰ ਕੇ ਕਿੰਨੀ ਕੁ ਮੰਜ਼ਲ ਤੈਅ ਕੀਤੀ ਹੈ ਅਤੇ ਸਹੀ ਜੀਵਨ ਜਾਚ ਸਿਖ ਕੇ ਕਿੰਨਾ ਕੁ ਸੁਖੀ ਜੀਵਨ ਪ੍ਰਾਪਤ ਕੀਤਾ ਹੈ। ਮਜ਼ਹਬੀ ਰਹੁ ਰੀਤ, ਮਜ਼ਹਬ ਦੇ ਬੈਰੂਨੀ ਚਿੰਨ੍ਹ ਉਸ ਦੀ ਪੂਜਾ ਪਾਠ ਦੇ ਤਰੀਕੇ ਅਤੇ ਉਸਦੇ ਹੋਰ ਸਾਰੇ ਕਰਮ ਕਾਂਡ ਇਸ ਰਾਹ 'ਤੇ ਉਸਦੀ ਸਹਾਇਤਾ ਲਈ ਕੇਵਲ ਵਸੀਲੇ ਹੋ ਸਕਦੇ ਹਨ, ਪ੍ਰਯੋਜਨ ਨਹੀਂ। ਇਸ ਲਈ ਇਨ੍ਹਾਂ ਨੂੰ ਨਿੰਦਿਆ ਵੀ ਹੈ ਤੇ ਸਲਾਹਿਆ ਵੀ ਹੈ। ਅਸਲ ਧਰਮ ਉਹ ਹੈ ਜੋ ਬਲਵਾਨ ਬਣਾਂਦਾ ਹੈ ਅਤੇ ਸ੍ਵੈ-ਭਰੋਸਾ ਤੇ ਸ੍ਵੈ-ਮਾਨ ਵਿਚ ਵਾਧਾ ਕਰਦਾ ਹੈ। ਨਿਰੀ ਰਵਾਇਤੀ ਸ਼ਰਧਾ ਜਾਂ ਰਿਵਾਜੀ ਪੂਜਾ ਪਾਠ 'ਤੇ ਜ਼ੋਰ ਦੇਣਾ ਅੰਦਰੂਨੀ ਜ਼ਾਬਤੇ ਨੂੰ ਕਮਜ਼ੋਰ ਕਰਨਾ ਹੁੰਦਾ ਹੈ। ਨਿਰੇ ਕਰਮਕਾਂਡੀ ਜ਼ਾਬਤੇ ਤੋਂ ਜੀਵਨ ਸਮੱਸਿਆਵਾਂ ਦੇ ਹੱਲ ਨਹੀਂ ਮਿਲਣਗੇ। ਅੰਜਾਣੀ ਦੁਨੀਆਂ ਵਿਚਾਰ ਤੇ ਦਲੀਲ ਨੂੰ ਗ਼ਲਤ ਕਿਸਮ ਦੀ ਸ਼ਰਧਾ ਤੋਂ ਕੁਰਬਾਨ ਕਰ ਦਿੰਦੀ ਹੈ। ਚੰਦ ਗੇਣਵੀਆਂ ਗੱਲਾਂ ਨੂੰ ਆਖਰੀ ਸੱਚ ਮੰਨ ਲਿਆ ਜਾਂਦਾ ਹੈ ਤੇ ਉਹਨਾਂ ਗੱਲਾਂ ਤੋਂ ਅਗਾਂਹ ਪਿਛਾਂਹ ਹੋਣਾ ਕੁਫ਼ਰ ਹੋ ਜਾਂਦਾ ਹੈ। ਇਹ ਗੱਲ ਭੁੱਲ ਜਾਂਦੀ ਹੈ ਕਿ ਅਟੱਲ ਸਚਾਈ ਤਾਂ ਕੇਵਲ ਪ੍ਰਮਾਤਮਾ ਹੀ ਹੈ ਜੋ ਸਦਾ ਇਕ ਰਸ ਹੈ:-

**"ਜੁਗੁ ਜੁਗੁ ਏਕੋ ਵੇਸੁ॥"** **(ਜਪੁਜੀ, ਗੁਰੂ ਨਾਨਕ)**

ਅਰਥਾਤ "ਪ੍ਰਮਾਤਮਾ ਹਰ ਸਮੇਂ ਇਕੋ ਜੇਹਾ ਹੈ॥"

ਉਸ ਨਾਲ ਸੰਬੰਧਤ ਸਚਾਈਆਂ ਤੋਂ ਛੁਟ, ਬਾਕੀ ਸਚਾਈਆਂ ਅਟੱਲ ਨਹੀਂ ਹਨ। ਮਨੁੱਖ ਦੇਸ਼ ਤੇ ਕਾਲ ਦੀਆਂ ਹੱਦਾਂ ਵਿਚ ਕੈਦ ਹੋਣ ਕਰਕੇ ਮਹਿਦੂਦ ਹੈ ਤੇ ਉਸ ਦਾ ਵਿਕਾਸ ਅਪੂਰਣ ਹੈ। ਸਮੇਂ, ਹਾਲਾਤ ਤੇ ਉਸ ਦੀ ਆਪਣੀ ਵਿਕਾਸ ਮੰਜ਼ਲ ਅਨੁਸਾਰ ਸੱਚ ਸੰਬੰਧੀ ਉਸ ਦਾ ਤਸੱਵਰ ਬਦਲਦਾ ਰਹਿੰਦਾ ਹੈ। ਇਸ ਲਈ ਆਪਣੇ ਵਿਸ਼ਵਾਸ ਨੂੰ ਆਖਰੀ ਮੰਨ ਕੇ ਦੂਜਿਆਂ ਨੂੰ ਮੰਨਣ ਲਈ ਮਜਬੂਰ ਕਰਨਾ ਠੀਕ ਗੱਲ ਨਹੀਂ ਹੋ ਸਕਦੀ। ਇਸ ਤਰ੍ਹਾਂ ਦੇ ਧਰਮੀ ਲੋਕ ਰਸਮ-ਪ੍ਰਸਤੀ ਤੇ ਲਕੀਰ ਦੇ ਫ਼ਕੀਰ ਬਣ ਕੇ ਰਹਿ ਜਾਂਦੇ ਹਨ। ਦੂਜਿਆਂ ਨੂੰ ਮਜ਼ਬੂਰ ਕਰਦੇ ਹਨ ਕਿ ਉਹ ਵੀ ਉਨ੍ਹਾਂ ਵਾਂਗ ਹੀ ਸੋਚਣ। ਇਸ

ਤਰ੍ਹਾਂ ਧਰਮ ਕੈਦਖ਼ਾਨਾ ਬਣ ਜਾਂਦਾ ਹੈ ਜਿਸ ਵਿਚ ਜ਼ਬਾਨ ਤੇ ਕਲਮ ਦੋਹਾਂ 'ਤੇ ਪਾਬੰਦੀ ਲੱਗ ਜਾਂਦੀ ਹੈ। ਜਦ ਆਜ਼ਾਦ ਨਾ ਸੋਚਣ ਤੇ ਚਲਣ ਦੀ ਖੁੱਲ੍ਹ ਹੀ ਨਾ ਰਹੇ ਤੇ ਸਭ ਨੂੰ ਇਕੋ ਤਰ੍ਹਾਂ ਤੁਰਨ ਲਈ ਮਜਬੂਰ ਹੋਣਾ ਪਏ ਤਾਂ ਇਖ਼ਲਾਕੀ ਤੇ ਧਾਰਮਿਕ ਤਰੱਕੀ ਰੁਕ ਜਾਂਦੀ ਹੈ।

ਸੁਕਰਾਤ ਜੀ ਕਿਹਾ ਕਰਦੇ ਸਨ, "Philosophy begins when one learns to doubt-particularly to doubt one's beliefs, one's dogmas and one's axioms."

ਅਰਥਾਤ "ਫ਼ਿਲਾਸਫ਼ੀ ਦਾ ਅਸਲ ਆਰੰਭ ਓਦੋਂ ਹੁੰਦਾ ਹੈ ਜਦੋਂ ਕਿਸੇ ਦੀ ਰੁਚੀ ਸ਼ੰਕਿਆਂ ਵਾਲੀ ਹੋ ਜਾਂਦੀ ਹੈ—ਖ਼ਾਸ ਕਰਕੇ ਜਦੋਂ ਉਹ ਆਪਣੇ ਵਿਸ਼ਵਾਸਾਂ, ਆਪਣੇ ਸਿਧਾਂਤਾਂ ਅਤੇ ਆਪਣੀਆਂ ਮੰਨੀਆਂ ਹੋਈਆਂ ਪ੍ਰਗਟ ਸੱਚਾਈਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗ ਪੈਂਦਾ ਹੈ।"

ਸੁਕਰਾਤ ਜੀ ਨੂੰ ਆਪਣੀ ਸਮਝ ਸ਼ਕਤੀ 'ਤੇ ਇਤਬਾਰ ਹੀ ਨਹੀਂ ਸੀ। ਉਹ ਕਹਿੰਦੇ ਸਨ ਕਿ ਹੋ ਸਕਦਾ ਹੈ ਉਹਨਾਂ ਦੇ ਬਣੇ ਬਣਾਏ ਵਿਸ਼ਵਾਸ ਗ਼ਲਤ ਹੋਣ, ਕਿਉਂਕਿ ਇਹ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਉਨ੍ਹਾਂ ਨੂੰ ਠੀਕ ਸਮਝ ਆ ਗਈ ਹੈ। ਉਹ ਸਗੋਂ ਇਸ ਤਰ੍ਹਾਂ ਕਹਿੰਦੇ ਸਨ:

"One thing only I know and that is that I know nothing."

ਅਰਥਾਤ "ਮੈਨੂੰ ਕੇਵਲ ਇਸ ਗੱਲ ਦਾ ਹੀ ਪਤਾ ਹੈ ਕਿ ਮੈਨੂੰ ਕੁਝ ਪੱਕਾ ਵੀ ਪਤਾ ਨਹੀਂ।"

ਜਿਹੜੇ ਲੋਕ ਆਪਣੀ ਹਉਮੈਂ ਤੇ ਮਾਇਆ ਵਾਲੀ ਪੱਖਪਾਤੀ ਦ੍ਰਿਸ਼ਟੀ ਨੂੰ ਛੱਡ ਕੇ ਨਿਮ੍ਰਤਾ ਦੇ ਘਰ ਵਿਚ ਆ ਜਾਦੇ ਹਨ, ਉਹ ਰੱਬ ਦੇ ਹੋ ਜਾਂਦੇ ਹਨ ਤੇ ਉਨ੍ਹਾਂ ਨੂੰ ਸੱਚ ਦਾ ਸਹੀ ਪ੍ਰਕਾਸ਼ ਹੁੰਦਾ ਹੈ। ਬਾਕੀ ਭੰਬਲਭੂਸੇ ਖਾਂਦੇ ਰਹਿੰਦੇ ਹਨ। ਉਹਨਾਂ ਨੂੰ ਆਪਣੀ ਅਧੂਰੀ ਅਕਲ 'ਤੇ ਏਨਾ ਭਰੋਸਾ ਹੁੰਦਾ ਹੈ ਕਿ ਦੂਜਾ ਪੱਖ ਉਹਨਾਂ ਦੀ ਨਜ਼ਰੋਂ ਓਹਲੇ ਰਹਿੰਦਾ ਹੈ, ਸਗੋਂ ਦੂਜਿਆਂ ਦੇ ਖ਼ਿਆਲ ਜਾਂ ਪੱਖ ਨੂੰ ਉਹ ਵੇਖ ਹੀ ਨਹੀਂ ਸਕਦੇ। ਇਸੇ ਲਈ ਸਪਾਈਨੋਜ਼ਾ ਨੇ ਇਉਂ ਕਿਹਾ ਹੈ:

"It is hard to judge another justly, as to get out of one's skin."

ਅਰਥਾਤ—"ਕਿਸੇ ਦੂਜੇ ਦੇ ਵਿਚਾਰਾਂ ਨੂੰ ਇਨਸਾਫ਼ ਨਾਲ ਵੇਖਣਾ



ਉਤਨਾ ਹੀ ਕਠਿਨ ਹੈ, ਜਿਤਨਾ ਆਪਣੀ ਚਮੜੀ ਨੂੰ ਛੱਡਣਾ।"

ਜੋ ਇਸ ਤਰ੍ਹਾਂ ਸੋਚਦੇ ਹਨ, ਉਹੋ ਹੀ ਜੀਵਨ ਦੇ ਮਸਲਿਆਂ ਦੀ ਸੱਚਾਈ ਨੂੰ ਲੱਭ ਸਕਦੇ ਹਨ ਨਹੀਂ ਤਾਂ ਟੱਕਰਾਂ ਹੀ ਮਾਰਨੀਆਂ ਪੈਂਦੀਆਂ ਹਨ।

ਦੂਜਿਆਂ ਤੋਂ ਆਜ਼ਾਦੀ ਨਾਲ ਸੋਚਣ ਦੀ ਖੁੱਲ੍ਹ ਖੋਹਣਾ, ਸੱਚ ਨੂੰ ਕੈਦ ਕਰਨਾ ਹੈ। ਅੰਨ੍ਹਾਂ ਜੋਸ਼, ਤਅੱਸਬ ਤੇ ਤੰਗ-ਦਿਲੀ, ਵਿਕਾਸ ਰੋਕ ਦਿੰਦੇ ਹਨ। ਇਸ ਤਰ੍ਹਾਂ ਸੋਚਣ ਵਾਲਾ ਮਨੁੱਖ ਆਪਣੇ ਪੈਰਾਂ ਤੇ ਖੜੋਣ ਦੀ ਥਾਂ ਅਸਮਾਨਾਂ ਵਿਚ ਹੀ ਸਹਾਰੇ ਵੇਖਦਾ ਰਹਿੰਦਾ ਹੈ। ਉਸ ਦੀ ਆਪਣੀ ਵਿਚਾਰ, ਪੜਚੋਲ ਤੇ ਤਲਾਸ਼ ਦੇ ਕੀਮਤੀ ਅੰਗ ਮਾਰੇ ਜਾਂਦੇ ਹਨ ਤੇ ਗ਼ੈਰ-ਜ਼ਿੰਮੇਵਾਰੀ ਵਧਦੀ ਜਾਂਦੀ ਹੈ। ਇਸ ਦਾ ਕੁਦਰਤੀ ਸਿੱਟਾ ਇਹ ਹੁੰਦਾ ਹੈ ਕਿ ਦੁਨੀਆਂ ਵਿਚ ਚਲ ਰਹੇ ਧੱਕੇ ਤੇ ਵਧੀਕੀਆਂ ਦੀ ਪੁਸ਼ਟੀ ਹੁੰਦੀ ਚਲੀ ਜਾਂਦੀ ਹੈ। ਇਹੋ ਕਾਰਨ ਹੈ ਕਿ ਜਿਥੇ ਧਰਮ ਨੇ ਇਕ ਪਾਸੇ ਨੇਕ, ਤਿਆਗੀ, ਬਹਾਦਰ ਤੇ ਕੁਰਬਾਨੀ ਦੇ ਪੁਤਲੇ ਪੈਦਾ ਕੀਤੇ ਹਨ ਉਥੇ ਦੂਜੇ ਪਾਸੇ ਨਿਰੀ ਸ਼ਰਹ ਸ਼ਰੀਅਤ, ਮਜ਼ਹਬੀ ਜਨੂੰਨ, ਵਿਖਾਲਾ, ਰਸਮ-ਪ੍ਰਸਤੀ, ਤਅੱਸਬ ਆਦਿਕ ਵਿਚ ਰੁੜ੍ਹੇ ਬੇਅੰਤ ਜ਼ਾਲਮ ਤੇ ਤੰਗ-ਦਿਲ ਵੀ ਪੈਦਾ ਕੀਤੇ ਹਨ। ਬੇਕਨ (Bacon) ਦੇ ਸਾਹਮਣੇ ਕੋਈ ਇਹੋ ਜਿਹੀ ਤਸਵੀਰ ਹੀ ਹੋਣੀ ਹੈ ਜਦੋਂ ਉਨ੍ਹਾਂ ਇਉਂ ਕਿਹਾ ਸੀ:

"A little philosophy inclineth a man to atheism but depth in philosophy bringeth man's mind about to religion."

ਅਰਥਾਤ "ਥੋੜ੍ਹੀ ਤੇ ਓਪਰੀ ਵਿਚਾਰਧਾਰਾ ਮਨੁੱਖ ਨੂੰ ਨਾਸਤਕ ਜਿਹਾ ਕਰਕੇ ਰੱਖ ਦਿੰਦੀ ਹੈ, ਪਰ ਵਿਚਾਰ ਦੀ ਡੂੰਘਾਈ ਹੀ ਮਨ ਨੂੰ ਧਰਮ ਨਾਲ ਜੋੜਦੀ ਹੈ।"

ਧਾਰਮਿਕ ਜੀਵਨ ਪ੍ਰਾਪਤ ਕਰਨ ਲਈ ਸਹੀ ਸੂਝ ਬੂਝ ਦੀ ਬੜੀ ਲੋੜ ਹੈ ; ਕਿਉਂਕਿ ਬੇਸਮਝੀ ਤੇ ਗ਼ਲਤ ਕੀਮਤਾਂ ਵਿਕਾਸ ਰੋਕ ਛਡਦੀਆਂ ਹਨ। ਗੁਰੂ ਅਰਜਨ ਦੇਵ ਜੀ ਫ਼ੁਰਮਾਂਦੇ ਹਨ :

**"ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥"**

**(ਟੋਡੀ ਮਹਲਾ ੫) ਅੰਗ ੭੧੨**

ਅਰਥਾਤ "ਬਿਨਾਂ ਸਹੀ ਸੂਝ ਬੂਝ ਦੇ ਮਨੁੱਖ ਦਾ ਇਸ ਸੰਸਾਰ ਵਿਚ ਆਣਾ ਬੇਅਰਥ ਹੋ ਜਾਂਦਾ ਹੈ (ਇਹੋ ਕਾਰਨ ਹੈ ਆਵਾਗਵਨ ਦੇ ਚੱਕਰਾਂ ਵਿਚ ਪੈਣ ਦਾ)।"

ਅਮਰੀਕਨ ਫ਼ਿਲਾਸਫ਼ਰ ਥੋਰੋ ਨੇ ਕਿਹਾ ਸੀ:

"To be a philosopher is not merely to have subtle thoughts nor even to found a School, but so to love wisdom as to live, according to its dictates, a life of simplicity, independence, magnanimity and trust."

ਅਰਥਾਤ "ਫ਼ਿਲਾਸਫ਼ਰ ਉਹ ਨਹੀਂ ਜਿਸ ਦੇ ਵਿਚਾਰ ਬਾਰੀਕ ਹਨ ਜਾਂ ਜਿਸ ਨੇ ਕੋਈ ਸਿਧਾਂਤਕ ਆਸ਼ਰਮ ਚਲਾ ਦਿੱਤਾ ਹੈ ; ਸਗੋਂ ਉਹ ਹੈ ਜੋ ਸੂਝ ਬੂਝ (ਸਿਆਣਪ) ਦਾ ਪਿਆਰਾ ਅਤੇ ਇਸ ਅਨੁਸਾਰ ਚੱਲ ਕੇ ਆਪਣੇ ਜੀਵਨ ਵਿਚ ਸਾਦਗੀ, ਸੁਤੰਤਰਤਾ, ਉਦਾਰਤਾ ਅਤੇ ਪ੍ਰਤੀਤ (ਇਤਬਾਰ) ਦਾਖ਼ਲ ਕਰ ਲੈਂਦਾ ਹੈ।"

ਇਕ ਹੋਰ ਫ਼ਿਲਾਸਫ਼ਰ ਨੇ ਇਉਂ ਵੀ ਕਿਹਾ ਹੈ:

"If we can but find wisdom, all things else will be added unto us."

ਅਰਥਾਤ "ਜੇ ਸਾਨੂੰ ਸਹੀ ਸੂਝ ਬੂਝ ਪ੍ਰਾਪਤ ਹੋ ਜਾਏ, ਤਾਂ ਹੋਰ ਸਭ ਚੀਜ਼ਾਂ ਸੁਤੇ ਹੀ ਪ੍ਰਾਪਤ ਹੋ ਜਾਂਦੀਆਂ ਹਨ ।"

ਗੁਰੂ ਸਾਹਿਬ ਰੱਬੀ ਗਿਆਨ ਦੀ ਰੌਸ਼ਨੀ ਵਿਚ, ਉਹ ਕੁਦਰਤੀ ਜੀਵਨ ਦੇਣਾ ਚਾਹੁੰਦੇ ਹਨ ਜੋ ਦੁੱਖਾਂ ਕਲੇਸ਼ਾਂ ਤੇ ਭੁੱਲਾਂ ਤੋਂ ਰਹਿਤ ਹੋਵੇ । ਇਸ ਨੂੰ ਉਹ ਸਹਿਜ ਜੀਵਨ ਕਹਿੰਦੇ ਹਨ । ਇਹ ਸਹਿਜ ਜੀਵਨ ਕੀ ਹੈ ? ਇਸ ਨੂੰ ਇਕ ਵੱਖਰੇ ਲੇਖ ਵਿਚ ਅਗੇ ਜਾ ਕੇ ਬਿਆਨ ਕੀਤਾ ਗਿਆ ਹੈ । ਜਿਨ੍ਹਾਂ ਮਹਾਂਪੁਰਸ਼ਾਂ ਨੂੰ ਇਹ ਜੀਵਨ ਪ੍ਰਾਪਤ ਹੋ ਜਾਂਦਾ ਹੈ, ਉਹ ਸੱਚ ਤੇ ਕੱਚ, ਅਸਲ ਤੇ ਨਕਲ, ਗਿਰੀ ਤੇ ਛਿੱਲੜ-ਫੋਕ, ਇਉਂ ਨਿਖੇੜ ਕੇ ਵੇਖ ਲੈਂਦੇ ਹਨ ਕਿ ਮੁੜ ਕਿਸੇ ਸ਼ੱਕ ਜਾਂ ਭੁਲੇਖੇ ਦੀ ਗੁੰਜਾਇਸ਼ ਨਹੀਂ ਰਹਿੰਦੀ । ਉਹਨਾਂ ਦੀ ਗੱਲਬਾਤ ਵਿਚ, ਸਾਦਗੀ ਹੁੰਦੀ ਹੈ ਤੇ ਇਹ ਖ਼ਿਆਲ ਸਪੱਸ਼ਟ ਹੁੰਦੇ ਹਨ । ਉਹਨਾਂ ਲਈ ਮਜ਼ਹਬ ਦੀਵਾ ਹੋ ਜਾਂਦਾ ਹੈ । ਮਜ਼ਹਬ ਦਾ ਕੰਮ ਹਨੇਰਾ ਕੱਟ ਕੇ ਅਸਲੀਅਤ ਦਾ ਪ੍ਰਕਾਸ਼ ਕਰਨਾ ਹੈ ਤੇ ਇਨਸਾਨ ਨੂੰ ਸਹੀ ਜੀਵਨ ਰਾਹ ਦੱਸ ਕੇ ਸਹੀ ਇਨਸਾਨ ਬਣਨ ਦੀ ਜਾਚ ਦੱਸਣੀ ਹੈ ਤੇ ਜੀਵਨ ਨੂੰ ਸੁਖੀ ਤੇ ਸਫਲ ਕਰਨ ਲਈ ਸਹਾਈ ਹੋਣਾ ਹੈ । ਉਹ ਮਜ਼ਹਬ ਕੀ ਹੋਇਆ ਜੋ ਸਭ ਚੀਜ਼ਾਂ ਨੂੰ ਗੁੰਝਲਦਾਰ ਕਰਦਾ ਜਾਏ, ਇਨਸਾਨ ਨੂੰ ਭੈ ਭੀਤ ਕਰਕੇ , ਉਸ ਦੀਆਂ ਮੁਸ਼ਕਲਾਂ ਘਟਾਉਣ ਦੀ ਥਾਂ ਉਹਨਾਂ ਵਿਚ ਵਾਧਾ ਕਰਦਾ ਜਾਏ ਅਤੇ



ਪ੍ਰਸਪਰ ਖਿਚੋਤਾਣ ਤੇ ਵਖੇਵੇਂ ਵਧਾ ਕੇ ਪਾੜਨ ਦਾ ਕੰਮ ਕਰੇ । ਮਜ਼ਹਬ ਦੀ ਇਸ ਕਿਸਮ ਦੀ ਗ਼ਲਤ ਤਾਲੀਮ ਤੋਂ ਮਜ਼ਹਬ ਦੇ ਨਾਮ ਪਰ ਕੀ ਕੀ ਉਪਦ੍ਰੱਵ ਨਹੀਂ ਹੋਏ । ਗੁਰੂ ਗੋਬਿੰਦ ਸਿੰਘ ਜੀ ਠੀਕ ਹੀ ਕਹਿੰਦੇ ਸਨ :-

**"ਪਾਪ ਕਰਹਿ ਪਰਮਾਰਥ ਕੈ ਜਿਹ**
**ਪਾਪਨ ਤੇ ਅਤ ਪਾਪ ਲਜਾਹੀਂ ।"**

ਅਰਥਾਤ —"ਧਰਮ ਦੇ ਨਾਮ ਪਰ ਉਹ ਪਾਪ ਹੁੰਦੇ ਆਏ ਹਨ ਜਿਨ੍ਹਾਂ ਤੋਂ ਮਹਾਨ ਪਾਪ ਵੀ ਲੱਜਿਆਵਾਨ ਹੁੰਦੇ ਹਨ ।"

ਸਾਡੇ ਆਪਣੇ ਦੇਸ਼ ਅੰਦਰ ਧਰਮ ਦੇ ਨਾਮ ਪਰ ਹੀ ਖ਼ੂਨ ਦੀਆਂ ਨਦੀਆਂ ਵਗਦੀਆਂ ਰਹੀਆਂ ਹਨ । ਕੀ ਯਹੂਦੀਆਂ ਨਾਲ ਈਸਾਈਆਂ ਦੇ ਕੀਤੇ ਜ਼ੁਲਮ ਰੌਂਗਟੇ ਖੜ੍ਹੇ ਨਹੀਂ ਕਰ ਦਿੰਦੇ ? ਇਸ ਮਾਨਸਿਕ ਹਾਲਤ ਦਾ ਕੁਝ ਜ਼ਿਕਰ ਸਪਾਈਨੋਜ਼ਾ ਨੇ ਇਉਂ ਕੀਤਾ ਸੀ :

"People who profess boast of christianity as love, joy, peace, temperance, charity to all men, quarrel with bitter animosity."

ਅਰਥਾਤ "ਉਹ ਲੋਕ ਜੋ ਈਸਾਈ ਮਤ ਨੂੰ ਪ੍ਰੇਮ, ਅਨੰਦ, ਸ਼ਾਂਤੀ ਸਬਰ, ਖ਼ੈਰਾਤ ਆਦਿਕ ਦਾ ਰੂਪ ਮੰਨਦੇ ਤੇ ਉਸ 'ਤੇ ਫ਼ਖ਼ਰ ਵੀ ਕਰਦੇ ਹਨ, ਉਹੀ ਸਖ਼ਤ ਵੈਰ ਭਾਵ ਨਾਲ ਲੜਦੇ ਰਹਿੰਦੇ ਹਨ ।"

ਅਜਿਹੀ ਗ਼ਲਤ ਤਾਲੀਮ ਦੇ ਕੌੜੇ ਫਲ ਵੇਖ ਕੇ ਹੀ ਮਜ਼ਹਬ ਦੀ ਕਦਰ ਘਟੀ ਹੈ ਤੇ ਹੁਣ ਦੁਨੀਆਂ ਵਾਹੋ ਦਾਹੀ ਮਜ਼ਹਬ ਤੋਂ ਦੂਰ ਹੁੰਦੀ ਜਾਂਦੀ ਹੈ । ਗੁਰੂ ਸਾਹਿਬ ਨੇ ਮਜ਼ਹਬ ਨੂੰ ਗਾਡੀ ਰਾਹ ਬਨਾਣ ਦਾ ਯਤਨ ਕੀਤਾ ਸੀ, ਜਿਸ ਵਿਚ ਤੰਗ ਖ਼ਿਆਲੀ, ਤਅੱਸਬ, ਵੱਟ ਬੰਨੇ ਜਾਂ ਦਿਮਾਗ਼ੀ ਗੁੰਝਲਾਂ ਨਹੀਂ ਪੈਣ ਦਿੱਤੀਆਂ ਸਨ, ਤਾਂ ਜੋ ਹਰ ਕੋਈ ਇਸ 'ਤੇ ਨੇਕ ਨੀਅਤ ਨਾਲ ਚੱਲ ਕੇ ਅਸਲ ਧਰਮ ਨਾਲ ਆਪਣਾ ਪੱਕਾ ਨਾਤਾ ਜੋੜੇ ਤੇ ਆਪਣਾ ਜੀਵਨ ਸਫਲ ਕਰੇ। ਗੁਰੂ ਸਾਹਿਬ ਕਹਿੰਦੇ ਸਨ :

**"ਮੰਨੈ ਮਾਰਗਿ ਠਾਕ ਨ ਪਾਇ ॥**
**ਮੰਨੈ ਪਤਿ ਸਿਉ ਪਰਗਟੁ ਜਾਇ ॥**
**ਮੰਨੈ ਮਗੁ ਨ ਚਲੈ ਪੰਥੁ ॥**
**ਮੰਨੈ ਧਰਮ ਸੇਤੀ ਸਨਬੰਧੁ ॥**

**(ਜਪੁਜੀ, ਗੁਰੂ ਨਾਨਕ) ਅੰਗ ੩**

ਅਰਥਾਤ–"ਗੁਰੂ ਦੀ ਸਿੱਖਿਆ ਨੂੰ ਅਮਲ ਵਿਚ ਲਿਆਇਆਂ ਮਨੁੱਖ ਲਈ ਉਸ ਦੇ ਰਾਹ 'ਤੇ ਰੋਕ ਨਹੀਂ ਰਹਿੰਦੀ ਤੇ ਉਹ ਇੱਜ਼ਤ ਨਾਲ ਆਪਣੇ ਰਾਹ 'ਤੇ ਤੁਰਿਆ ਜਾਂਦਾ ਹੈ । ਉਸ ਲਈ ਕੋਈ ਵੱਟ ਬੰਨਿਆਂ ਵਾਲਾ ਮਗ (ਪੰਥ) ਨਹੀਂ ਚੱਲਦਾ ; ਕਿਉਂਕਿ ਉਸ ਦਾ ਧਰਮ ਨਾਲ ਪੱਕਾ ਨਾਤਾ ਹੋ ਗਿਆ ਹੁੰਦਾ ਹੈ ।" ਬੜੀ ਮੋਟੀ ਤੇ ਠੁਲ੍ਹੀ ਸ਼ਕਲ ਵਿਚ ਜਲ੍ਹਣ ਨੇ ਇਹੋ ਗੱਲ ਇਉਂ ਕਹੀ ਸੀ :

**"ਜਲ੍ਹਣਾ ਰੱਬ ਦਾ ਕੀ ਪਾਣਾ,**
**ਇਧਰੋਂ ਪੁਟਣਾ ਤੇ ਇਧਰ ਲਾਣਾ ।"**

ਅਰਥਾਤ "ਰੱਬ ਦਾ ਪਾਣਾ ਇਹ ਹੀ ਕ੍ਰਿਨਾਇਕੀ ਸੰਸਾਰ ਤੋਂ ਉਠਣਾ ਤੇ ਸੱਚ ਦਾ ਰਾਹ ਫੜਨਾ, ਭਾਵ ਝੂਠ ਦੇ ਟੋਏ ਟਿੱਬੇ, ਵੱਟ ਬੰਨੇ ਢਹਿ ਢੇਰੀ ਕਰਕੇ ਹੀ ਰੱਬ ਦਾ ਰਾਹ ਲੱਭਦਾ ਹੈ । ਜਿਥੇ ਸਭ ਏਕਤਾ ਹੀ ਏਕਤਾ ਵਰਤ ਜਾਂਦੀ ਹੈ । ਇਹ ਗਾਡੀ ਰਾਹ ਹੈ ਜਿਸ ਵਿਚ ਵਿਚਾਰ ਤੇ ਨਿਰਣਾ ਸ਼ਕਤੀ ਪਰਬਲ ਹਨ । ਇਨ੍ਹਾਂ ਦੀ ਅਣਹੋਂਦ ਦੇ ਕਾਰਨ ਹੀ ਪ੍ਰਸਪਰ ਮਜ਼ਹਬੀ ਫ਼ਰਕ ਪੈਦਾ ਹੁੰਦੇ ਹਨ; ਸਗੋਂ ਇਕੋ ਮਜ਼੍ਹਬ ਦੇ ਮੰਨਣ ਵਾਲਿਆਂ ਵਿਚ ਥਾਂ ਥਾਂ ਫ਼ਰਕ ਪਏ ਹੁੰਦੇ ਹਨ । ਮੁੜ, ਅੱਡ ਅੱਡ ਢਾਣੀਆਂ ਬਣ ਜਾਂਦੀਆਂ ਹਨ ਜਿਨ੍ਹਾਂ ਦੇ ਪੂਜਾ ਪਾਠ, ਰਸਮਾਂ, ਮਰਯਾਦਾਵਾਂ ਤੇ ਅਕੀਦਿਆਂ ਵਿਚ ਥਾਂ ਥਾਂ ਫ਼ਰਕ ਹੋ ਜਾਂਦੇ ਹਨ । ਖ਼ੁਦ ਸਿੱਖਾਂ ਵਿਚ ਨਾਮਧਾਰੀਏ, ਨਿਰੰਕਾਰੀਏ, ਨਿਰਮਲੇ, ਉਦਾਸੀ, ਅਡਨਸ਼ਾਹੀਏ, ਆਦਿਕ ਕਈ ਫਿਰਕੇ ਬਣ ਗਏ ਹਨ—ਤੇ ਇਹਨਾਂ ਫਿਰਕਿਆਂ ਦੇ ਪ੍ਰਸਪਰ ਪਏ ਫ਼ਰਕਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ, ਸਾਂਝਾਂ 'ਤੇ ਨਹੀਂ। ਇਸ ਹਾਲਤ ਨੂੰ ਵੇਖ ਕੇ ਹਰ ਈਮਾਨਦਾਰ ਆਦਮੀ ਮਾਯੂਸ ਹੋ ਕੇ ਪੁੱਛਦਾ ਹੈ ਕਿ ਸੱਚ ਕੀ ਤੇ ਕਿਥੇ ਹੈ । ਗੁਰੂ ਸਾਹਿਬ ਧਰਮਾਂ ਕਰਮਾਂ ਦੀ ਗਿਣਤੀ ਕਰ ਕਰ ਦੱਸਦੇ ਹਨ ਕਿ ਉਹ ਸਭ ਕਰਮ, ਸਾਧਨ ਤੇ ਉਪਾਇ ਨਿਸਫਲ ਹਨ ਜਿਨ੍ਹਾਂ ਦਵਾਰਾ ਦਿਲ ਅੰਦਰ ਪ੍ਰਮਾਤਮਾ ਦਾ ਵਾਸਾ ਨਹੀਂ ਹੋ ਜਾਂਦਾ :

**ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੈ ॥੧॥ ਰਹਾਉ ॥ ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥ ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥ ਤੀਰਥਿ ਨਾਇ ਅਰੁ ਧਰਨੀ ਭ੍ਰਮਤਾ**



**ਆਗੈ ਠਉਰ ਨ ਪਾਵੈ ॥ ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥੨॥ ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥ ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥੩॥ ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥ ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥"**

**(ਗਉੜੀ ਮਹਲਾ ੫) ਅੰਗ ੨੧੬**

ਅਰਥਾਤ "ਹਰੀ ਪ੍ਰਾਪਤੀ ਤੋਂ ਬਿਨਾਂ ਧਰਮ ਦੇ ਸਾਰੇ ਕਰਮਕਾਂਡ ਬੇਅਰਥ ਹਨ। ਜਪ, ਤਪ (ਵਿਸ਼ਿਆਂ ਵਲੋਂ ਰੋਕਣ ਦੇ ਖ਼ਾਸ ਖ਼ਾਸ ਸਾਧਨ ਤੇ ਹੋਰ ਕਰਮਕਾਂਡ ਉਰੇ ਉਰੇ ਹੀ ਲੁਟੇ ਜਾਂਦੇ ਹਨ (ਰੱਬ ਦੀ ਦਰਗਾਹ ਤਕ ਨਹੀਂ ਪੁਜਦੇ) । ਜੋ ਮਨੁੱਖ ਵਰਤਾਂ, ਨੇਮਾਂ ਤੇ ਸੰਜਮਾਂ ਵਿਚ ਲੱਗਾ ਰਹਿੰਦਾ ਹੈ ਉਸ ਨੂੰ ਇਨ੍ਹਾਂ ਦਾ ਅੱਧੀ ਕੌਡੀ ਮੁੱਲ ਪ੍ਰਾਪਤ ਨਹੀਂ ਹੁੰਦਾ । ਅੱਗੇ ਧਰਮ ਦੇ ਮੇਆਰ ਹੋਰ ਹਨ ਤੇ ਇਹ ਚੀਜ਼ਾਂ ਉਥੇ ਕੰਮ ਨਹੀਂ ਆਉਂਦੀਆਂ । ਓਥੇ ਤੀਰਥਾਂ 'ਤੇ ਨ੍ਹਾਵਣ ਵਾਲੇ ਅਤੇ (ਸਾਧੂ ਹੋ ਕੇ)ਧਰਤੀ 'ਤੇ ਫਿਰਨ ਵਾਲੇ ਨੂੰ ਕੋਈ ਥਾਂ ਨਹੀਂ ਮਿਲਦੀ। ਉਹ ਭਾਵੇਂ ਇੱਥੋਂ ਦੇ ਲੋਕਾਂ ਨੂੰ ਖ਼ੁਸ਼ ਕਰਦਾ ਹੈ ਪਰ ਉਸ ਦਾ ਅਗੇ ਜਾ ਕੇ ਇਨ੍ਹਾਂ ਨਾਲ ਕੁਝ ਨਹੀਂ ਸੰਵਰਦਾ । ਜੇ ਉਹ ਇਕ ਸ਼ੁੱਧ ਅੱਖਰ (ਨਾਮ) ਦੀ ਗੱਲ ਨਹੀਂ ਸਮਝਦਾ ਤਾਂ ਉਸ ਦਾ (ਵੇਦਾਂ ਦਾ ਪੜ੍ਹਨ ਪੜ੍ਹਾਉਣ ਆਦਿ) ਸਭ ਖਪਣ ਖਪਾਣ ਹੈ । ਗੁਰੂ ਨਾਨਕ ਜੀ ਇਹ ਵਿਚਾਰ ਕਹਿੰਦੇ ਹਨ ਕਿ ਗੁਰੂ ਦੀ ਸੇਵਾ ਗੁਰੂ ਦੀ ਅਗਵਾਈ ਵਿਚ ਹੋ ਜਾਵੇ) । ਨਾਮ ਦਾ ਸਿਮਰਨ ਕਰੋ ਅਤੇ ਮਨ ਦਾ ਗੁਮਾਨ ਤਿਆਗ ਦਿਉ । ਜੋ ਇਸ ਤਰ੍ਹਾਂ ਕਰੇਗਾ ਓਹੋ ਪਾਰ ਹੋਵੇਗਾ ।"

ਮਹਾਰਾਜ ਸਾਫ਼ ਦੱਸਦੇ ਹਨ ਕਿ ਜਪ, ਤਪ, ਸੰਜਮ, ਬਰਤ, ਨੇਮ ਤੀਰਥ ਇਸ਼ਨਾਨ, ਭੇਖ ਧਾਰ ਕੇ ਦੇਸ਼–ਦੇਸ਼ਾਂਤਰਾਂ ਦੇ ਕੀਤੇ ਰਮਣ, ਫ਼ਿਲਾਸਫ਼ੀਆਂ ਤੇ ਉਹਨਾਂ 'ਤੇ ਕੀਤੀਆਂ ਬਹਿਸਾਂ, ਪੂਜਾ ਪਾਠ, ਪੁੰਨ–ਦਾਨ, ਰਹਿਤ–ਬਹਿਤ, ਰਸਮਾਂ, ਤਿਉਹਾਰ, ਆਦਿਕ ਇਹ ਸਭ ਚੀਜ਼ਾਂ ਓਨਾ ਚਿਰ ਹੀ ਲਾਭਦਾਇਕ ਹਨ, ਜਿੰਨਾ ਚਿਰ ਇਹ ਸਾਨੂੰ ਰੱਬ ਦੇ ਨੇੜੇ ਲੈ ਜਾਂਦੀਆਂ ਹਨ ਤੇ ਸਾਡੀ ਆਤਮਿਕ ਬ੍ਰਿਧੀ ਦਾ ਕਾਰਨ ਬਣ ਕੇ ਸਾਨੂੰ ਸਾਡੇ ਆਪੇ ਦੀ ਸੋਝੀ ਕਰਾਉਂਦੀਆਂ ਹਨ, ਕਿਉਂਕਿ ਇਹ ਤਾਂ ਸਦਾ ਵਸੀਲੇ ਹੀ ਸਮਝਣੇ ਹਨ, ਮਨਰੋਥ ਨਹੀਂ । ਤੀਰਥਾਂ ਦੇ ਇਸ਼ਨਾਨ ਮਨ ਦੇ ਇਸ਼ਨਾਨ ਲਈ ਸਹਾਇਕ ਹੋ

ਸਕਦੇ ਹਨ, ਪਰ ਨਿਰੀ ਸਰੀਰਕ ਟੁੱਭੀ ਲਾਣ ਨਾਲ ਮੁਕਤੀ ਨਹੀਂ ਲੱਭਦੀ। ਬਜ਼ੁਰਗਾਂ ਦੀਆਂ ਯਾਦਾਂ ਮਨਾਇਆਂ ਜੇ ਧਾਰਮਿਕ ਭਾਵ ਸੁਰਜੀਤ ਕੀਤੇ ਜਾ ਸਕਣ ਤਾਂ ਤਿਉਹਾਰ ਮਨਾਣੇ ਸਫਲ ਹਨ, ਪਰ ਨਿਰੀ ਰਸਮ-ਪ੍ਰਸਤੀ ਜਾਂ ਵਿਖਾਵੇ ਦੀਆਂ ਚੀਜ਼ਾਂ ਨਾਲ ਮਨ ਅਭਿੱਜ ਹੀ ਰਹਿੰਦਾ ਹੈ, ਕਿਉਂਕਿ ਇਉਂ ਰੱਬ ਦਿਲ ਵਿਚ ਨਹੀਂ ਵੱਸਦਾ । ਪੜ੍ਹਨ ਪੜ੍ਹਾਉਣ ਤੇ ਗਿਆਨ ਵਿਚਾਰ ਦੀਆਂ ਗੱਲਾਂ ਮਨ ਨੂੰ ਠੀਕ ਤਰ੍ਹਾਂ ਸੋਚਣ ਦੇ ਯੋਗ ਤਾਂ ਕਰ ਸਕਦੀਆਂ ਹਨ , ਪਰ ਕੁਵੱਲੀਆਂ ਬਹਿਸਾਂ ਵਿਚ ਪਏ ਰਹਿਣ ਨਾਲ ਜਾਂ ਵਿਦਵਤਾ ਦਾ ਵਿਖਾਲਾ ਪਾਂਦੇ ਰਹਿਣ ਨਾਲ ਰੱਬ ਦੇ ਨੇੜੇ ਜਾਣ ਦੀ ਥਾਂ ਸਗੋਂ ਹੰਕਾਰ ਵਧਾ ਕੇ ਉਸ ਤੋਂ ਬਹੁਤ ਦੂਰ ਚਲੇ ਜਾਈਦਾ ਹੈ । ਵਰਤ, ਨੇਮ, ਸੰਜਮ ਤੇ ਹੋਰ ਜ਼ਬਤ ਗੁਣਕਾਰੀ ਹੋ ਸਕਦੇ ਹਨ, ਪਰ ਮਨ ਤੇ ਸਰੀਰ ਨੂੰ ਕਠਨ ਤਪੱਸਿਆ ਨਾਲ ਕੋਹਣਾ ਗ਼ੈਰ-ਕੁਦਰਤੀ ਹੈ ਜਿਸ ਨਾਲ ਜੀਵਨ ਰੁੱਖਾ ਤੇ ਬੇਸੁਆਦਾ ਹੋ ਜਾਂਦਾ ਹੈ । ਇਸੇ ਲਈ ਗੁਰੂ ਸਾਹਿਬ ਕਹਿੰਦੇ ਹਨ :

**"ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥"**

(ਵਾਰ ਆਸਾ ਮਹਲਾ ੧) ਅੰਗ ੪੬੭

ਅਰਥਾਤ ਮਤਲਬ ਦੀ ਗੱਲ ਤਾਂ ਇਕੋ ਹੈ ਕਿ ਰੱਬ ਦੀ ਪ੍ਰਾਪਤੀ ਹੋਵੇ। ਜੇ ਇਹ ਨਹੀਂ ਤਾਂ ਸਮਝੋ ਬਾਕੀ ਸਭ ਹਉਮੈਂ ਦੀ ਹੀ ਖੇਡ ਹੈ ।' ਗੁਰੂ ਅਮਰਦਾਸ ਜੀ ਦੇ ਇਹ ਬਚਨ ਨੋਟ ਕਰੋ :-

**"ਬਿਨ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥"**

**(ਸਿਰੀ ਰਾਗ ਮਹਲਾ ੩) ਅੰਗ ੩੩**

ਅਰਥਾਤ "ਇਕ ਰੱਬ ਨੂੰ ਬੁਝਣ ਤੋਂ ਬਿਨਾਂ ਜੋ ਵੀ ਕਰਮ ਕਰੀਦੇ, ਹਨ ਉਹਨਾਂ ਨਾਲ ਮਨੁੱਖਾ ਜਨਮ ਰੂਪ ਪਦਾਰਥ ਗਵਾਚਦਾ ਹੈ ।"

ਜਿਨ੍ਹਾਂ ਕੰਮਾਂ ਦੇ ਪਿਛੇ ਹੰਕਾਰ, ਖ਼ੁਦਗ਼ਰਜ਼ੀ, ਵਾਹ ਵਾਹ ਦੀ ਭੁੱਖ, ਚੌਧਰ, ਰਸਮ-ਪ੍ਰਸਤੀ, ਦੰਭ, ਹਠ, ਗੁੱਸਾ ਲੋਭ ਜਾਂ ਮੋਹ ਹੈ ਉਨ੍ਹਾਂ ਵਿਚ ਰੱਬ ਨਹੀਂ ਹੋ ਸਕਦਾ। ਜੇਲ੍ਹਾਂ ਵਿਚ ਕੈਦ ਕੱਟਣ ਵਾਲੇ ਤੇ ਫ਼ਾਂਸੀ ਦੀ ਰੱਸੀ ਨੂੰ ਜੱਫੀ ਪਾਉਣ ਵਾਲੇ ਹੰਕਾਰੀ ਹੋ ਸਕਦੇ ਹਨ । ਭਾਈ ਜੋਗਾ ਸਿੰਘ ਨੇ ਗੁਰੂ ਦਾ ਹੁਕਮ ਵੀ ਮੰਨ ਲਿਆ ਸੀ ਪਰ ਸ਼ੈਤਾਨ ਨੇ ਉਸ ਨੂੰ ਭਰਮਾ ਲਿਆ ਤੇ ਹੰਕਾਰ ਉਸ ਦੇ ਸਿਰ 'ਤੇ ਚੜ੍ਹ ਗਿਆ—ਤੇ ਫਿਰ ਕਿੱਥੇ ਜਾ ਕੇ ਡਿੱਗਾ ਸੀ ? ਕਿਸੇ ਕੰਮ ਵਿਚ ਭਾਵੇਂ ਕਿੰਨੀ ਵੀ ਕੁਰਬਾਨੀ ਹੋਵੇ ਤੇ ਉਸ ਵਿਚੋਂ ਫੌਰੀ ਕਾਮਯਾਬੀਆਂ ਵੀ ਹੋ ਜਾਂਦੀਆਂ ਹੋਣ, ਪਰ ਜੇ ਆਚਰਣ ਦੀ ਬੁਨਿਆਦ ਪੱਕੀ ਨਾ ਹੋਈ ਹੋਵੇ ਤਾਂ



ਗੁਮਰਾਹ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ । ਇਹ ਬੁਨਿਆਦ ਸਹਿਜ ਵਿਚ ਨਾਮ ਦੁਆਰਾ ਪੁਜ ਕੇ ਪੱਕਦੀ ਹੈ । ਸਹਜ ਦੀ ਪ੍ਰਾਪਤੀ ਕੁਦਰਤੀ ਆਪੇ ਦੀ ਪ੍ਰਾਪਤੀ ਹੈ । ਇਹ ਪੂਰਨ ਗਿਆਨ ਦੀ ਹਾਲਤ ਹੈ । ਇਹ ਉਹ ਗਿਆਨ ਨਹੀਂ ਜੋ ਨਿਰਾ ਬੁਲ੍ਹਾਂ ਤਕ ਜਾਂ ਵੱਧ ਤੋਂ ਵੱਧ ਦਿਮਾਗ ਤਕ ਰਹਿੰਦਾ ਹੈ । ਇਹ ਗਿਆਨ ਅਮਲ ਵਿਚ ਆਂਦਾ ਹੈ ਤੇ ਜੀਵਣ ਦਾ ਅੰਗ ਹੋ ਗਿਆ ਹੁੰਦਾ ਹੈ । ਇਹ ਜੀਵਣ ਆਤਮਾ ਦਾ ਅਸਲ ਆਪਣਾ ਜੀਵਣ ਹੈ ਜਿਸ ਵਿਚ ਰੌਸ਼ਨੀ ਹੈ ਤੇ ਸਭ ਭੁਲੇਖੇ ਖ਼ਤਮ ਹੋ ਚੁੱਕੇ ਹਨ । ਕਿਸੇ ਕੌਮ ਦੇ ਚੰਗੇ ਜਾਂ ਮੰਦੇ ਹੋਣ ਦੀ ਇਕੋ ਇਕ ਪਰਖ ਹੈ । ਹਰ ਆਦਮੀ ਇਸ ਪਰਖ ਨਾਲ ਆਪਣੇ ਮਨ ਤੋਂ ਪੁੱਛ ਸਕਦਾ ਹੈ ਕਿ ਉਸ ਦੇ ਧਾਰਮਿਕ ਕਰਮ ਉਸ ਨੂੰ ਕਿੰਨਾ ਕੁ ਰੱਬ ਦੇ ਨੇੜੇ ਲੈ ਜਾ ਸਕੇ ਹਨ । ਨਿਰੇ ਰਸਮੀ ਪੂਜਾ ਪਾਠ ਤੋਂ ਇਹ ਫ਼ੈਸਲਾ ਨਹੀਂ ਹੋ ਜਾਂਦਾ ਕਿ ਕੋਈ ਪੁਰਸ਼ ਧਾਰਮਿਕ ਹੋ ਗਿਆ ਹੈ । ਕਿਸੇ ਗ਼ਲਤ ਜੇਹੀ ਤਸੱਲੀ ਨਾਲ ਕੋਈ ਆਪਣੇ ਆਪ ਨੂੰ ਜਾਂ ਦੁਨੀਆਂ ਨੂੰ ਧੋਖਾ ਦੇ ਸਕਦਾ ਹੈ, ਪਰ ਰੱਬ ਨੂੰ ਕੋਈ ਧੋਖਾ ਨਹੀਂ ਦੇ ਸਕਦਾ ।

**"ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥"**

**(ਗਉੜੀ ਮਹਲਾ ੫) ਅੰਗ ੨੧੬**

ਉਸ ਦਰਗਾਹ ਵਿਚ ਪਰਖ ਦੇ ਮੇਆਰ ਹੋਰ ਹਨ । ਓਥੇ ਤਾਂ

**"ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥"**

**(ਜਪੁ ਜੀ ਗੁਰੂ ਨਾਨਕ) ਅੰਗ ੭**

ਅਰਥਾਤ "ਓਥੇ ਕਰਮਾਂ ਅਨੁਸਾਰ ਨਿਬੇੜਾ ਹੁੰਦਾ ਹੈ, ਉਹ ਆਪ ਸੱਚ ਹੈ ਤੇ ਉਸ ਦਾ ਦਰਬਾਰ ਸੱਚਾ ਹੈ, ਭਾਵ ਓਥੇ ਕੱਚੇ ਸਫਲ ਨਹੀਂ ਸਮਝੇ ਜਾ ਸਕਦੇ ।"

**"ਕਚ ਪਕਾਈ ਓਥੈ ਪਾਇ ॥"** **(ਜਪੁ ਜੀ, ਗੁਰੂ ਨਾਨਕ)**

ਅਰਥਾਤ "ਓਥੇ ਕਚੇ ਪੱਕੇ ਸਭ ਦੀ ਪਰਖ ਹੋ ਜਾਂਦੀ ਹੈ ।"

ਓਥੇ ਤੀਰਥ ਇਸ਼ਨਾਨ ਦੇ ਫਲ ਦੀ ਪਰਖ ਇਹ ਹੈ,

**"ਤੀਰਥਿ ਨਾਵਾ ਜੇ ਤਿਸੁ ਭਾਵਾ....." ਅੰਗ ੨**

**(ਜਪੁ ਜੀ, ਗੁਰੂ ਨਾਨਕ)**

ਅਰਥਾਤ "ਤੀਰਥਾਂ 'ਤੇ ਮੈਂ ਤਾਂ ਨ੍ਹਾਵਾਂ ਜੇ ਇਸ ਤਰ੍ਹਾਂ ਕਰਨ ਨਾਲ ਰੱਬ ਦੀ ਪ੍ਰਸੰਨਤਾ ਪ੍ਰਾਪਤ ਕਰ ਸਕਾਂ ।"

ਉਹ ਰੱਬ ਕੀ ਹੈ ਜੋ ਇਕ ਟੁੱਬੀ ਲਾਣ ਨਾਲ ਹੀ ਖ਼ੁਸ਼ ਹੋ ਜਾਂਦਾ ਹੈ। ਜੇ ਕੋਈ ਮੂਰਖ ਗੰਗਾ ਵਿਚ ਰੁੜ੍ਹ ਕੇ ਡੁਬ ਜਾਏ ਤਾਂ ਉਹ ਮੁਕਤ ਕਿਵੇਂ ਹੋ ਗਿਆ ? ਦਸਮ ਪਾਤਸ਼ਾਹ ਨੇ ਇਸ ਤਰ੍ਹਾਂ ਦੀਆਂ ਸਾਰੀਆਂ ਗ਼ਲਤ ਕੀਮਤਾਂ ਨੂੰ ਬੜੇ ਹਾਸ ਰਸ ਵਿਚ ਨਿੰਦਿਆ ਹੈ । ਆਪ ਕਹਿੰਦੇ ਹਨ: *ਜੇ ਦੁਖ ਸਹਾਰਨੇ ਹੀ ਧਰਮ ਹੈ ਤਾਂ ਜ਼ਖ਼ਮੀ ਪੀੜਾ ਸਹਾਰਦਾ ਹੈ, ਇਸ ਤਰ੍ਹਾਂ ਤਾਂ ਸਤੀ ਦੇ ਹੱਥ ਮੁਕਤੀ ਆ ਜਾਣੀ ਚਾਹੀਦੀ ਹੈ ; ਜੇ ਜਾਪ ਜਪਣੇ ਜੀਵਨ ਦਾ ਮਨਰੋਥ ਹੈ ਤਾਂ ਪਿਦਾ "**ਤੂੰ ਹੀ**" ਪੁਕਾਰਦਾ ਰਹਿੰਦਾ ਹੈ; ਜੇ ਅਸਮਾਨਾਂ ਵਿਚ ਉਡਣ ਜਾਂ ਪਾਤਾਲਾਂ ਵਿਚ ਪਹੁੰਚਣ ਨਾਲ ਰਿਧੀਆਂ ਸਿਧੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਪੰਛੀ ਉਡਦੇ ਹਨ ਤੇ ਸੱਪ ਪਾਤਾਲਾਂ ਦੇ ਵਾਸੀ ਹਨ ; ਜੇ ਸਰੀਰ 'ਤੇ ਬਿਭੂਤੀ (ਸੁਆਹ) ਮਲਣੀ ਉੱਤਮ ਕਰਮ ਹੈ ਤਾਂ ਹਾਥੀ, ਘੋੜੇ ਤੇ ਖੋਤੇ ਖੇਹ ਉਡਾ ਪਿੰਡੇ 'ਤੇ ਪਾ ਲੈਂਦੇ ਹਨ ਤੇ ਬਿਭੂਤ ਧਾਰੀ ਹੋ ਜਾਂਦੇ ਹਨ ; ਜੇ ਕੁਚੀਲ ਰਹਿਣ ਵਿਚ ਕਲਿਆਣ ਹੈ ਤਾਂ ਸੂਰ ਮਲ ਖਾਂਦੇ ਹਨ ; ਜੇ ਮਟਾਂ ਮਸਾਣਾਂ ਵਿਚ ਵਾਸਾ ਲੈਣਾ ਪੁੰਨ ਕਰਮ ਹੈ ਤਾਂ ਸਿਉਂਕ ਮਿੱਟੀ ਵਿਚ ਰੁਲਦੀ ਹੈ ; ਘੁਘੂ ਮਟਵਾਸੀ ਤੇ ਗਿੱਦੜ ਮਸਾਣ ਵਾਸੀ ਹਨ ; ਜੇ ਕਾਮ ਰੋਕਣਾ ਕਲਿਆਣ ਦਾ ਰਾਹ ਖੋਲ੍ਹਦਾ ਹੈ ਤਾਂ "**ਖੁਸਰੈ ਕਿਉ ਨ ਪਰਮਗਤਿ ਪਾਈ**" ; ਜੇ ਨੰਗੇ ਰਹਿਣਾ ਉੱਤਮ ਕਰਮ ਹੈ ਤਾਂ ਬੰਦਰ ਵੀ ਨੰਗੇ ਹਨ ਤੇ ਸਭ ਰੁੱਖ ਨਾਂਗੇ ਫਕੀਰ ਤੇ ਮੋਨਧਾਰੀ ਹਨ ; ਜੇ ਫਿਰਨਾ ਧਰਮ ਦਾ ਕੰਮ ਹੈ ਤਾਂ ਭੂਤ ਬਨਾਂ ਵਿਚ ਫਿਰਦਾ ਹੈ , ਚੀਲ ਦੇਸ ਦੇਸ ਫਿਰਦੀ ਹੈ ਅਤੇ ਲਾਟੂ, ਮਧਾਣੀਆਂ ਤੇ ਕੋਹਲੂ ਚਲਦੇ ਹੀ ਰਹਿੰਦੇ ਹਨ । ਲੇਲੇ ਦੂਧਾ ਧਾਰੀ ਹਨ, ਸੱਪ ਪੌਣ ਅਹਾਰੀ ਹਨ ਬੱਕਰਾ ਅੱਕ ਤੇ ਫ਼ਲ ਖਾ ਕੇ ਗੁਜ਼ਾਰਾ ਕਰ ਲੈਂਦਾ ਹੈ, ਮੋਰ ਤੇ ਬਾਂਦਰ ਨੱਚਦੇ ਫਿਰਦੇ ਹਨ । ਬਿਜਲੀ ਨਾਲੋਂ ਵੱਧ ਜੋਤਾਂ ਜਗਾਣ ਵਾਲਾ ਕੌਣ ਹੈ ? ਪਹਿਲਵਾਨ ਡੰਡ ਕਢਦਾ ਹੈ ਪਰ ਇਸ ਤਰ੍ਹਾਂ ਡੰਡੌਤ ਤਾਂ ਨਹੀਂ ਹੋ ਜਾਂਦੀ । ਤੋਪਚੀ ਸਿਜਦੇ ਕਰਦਾ ਹੈ ਤੇ ਪੋਸਤੀ ਸਿਰ ਨਿਵਾਂਦਾ ਹੈ ਪਰ ਇਸ ਨੂੰ ਕੋਈ ਪੂਜਾ ਨਹੀਂ ਕਹਿੰਦਾ, ਇਤਆਦਿਕ।*

ਫਿਰ ਕਹਿੰਦੇ ਹਨ:

**"ਸੀਸ ਪਟਕਤ, ਜਾਕੇ ਕਾਨ ਮੈ ਖਜੂਰਾ ਧਸੈ ;**

**ਮੂੰਡ ਛਟਕਤ, ਮਿਤ੍ਰ ਪੁੱਤ੍ਰ ਹੂੰ ਕੇ ਸੋਕ ਸੋਂ ।"**

**(ਅਕਾਲ ਉਸਤਤਿ ਪਾਤਿਸ਼ਾਹੀ ੧੦)**

ਅਰਥਾਤ "ਜਿਸ ਕੰਨ ਵਿਚ ਕੰਨਖਜੂਰਾ ਵੜ ਜਾਏ ਉਹ ਸਿਰ ਪਟਕਦਾ ਹੈ, ਮਿੱਤ੍ਰ ਅਤੇ ਪੁਤ੍ਰ ਦੇ ਸ਼ੋਕ ਤੋਂ ਵੀ ਦੁਨੀਆਂ ਸਿਰ ਪਟਕਦੀ



ਰਹਿੰਦੀ ਹੈ ।" ਪਰ ਇਸ ਤਰ੍ਹਾਂ ਸਿਰ ਮਾਰਨ ਨਾਲ ਕੋਈ ਵੈਰਾਗੀ ਤਾਂ ਨਹੀਂ ਹੁੰਦਾ। ਗਿੱਦੜ ਪੰਜ ਵਾਰ ਪੁਕਾਰਦਾ ਹੈ ਤੇ ਖੋਤਾ ਤੇ ਹਾਥੀ ਕਈ ਵਾਰ ; ਪਰ ਕੀ ਉਹ ਨਿਮਾਜ਼ ਪੜ੍ਹਦੇ ਹਨ ਜਾਂ ਨਿਤਨੇਮ ਕਰਦੇ ਹਨ ? ਇਸ ਤਰ੍ਹਾਂ ਹੋਰ ਕਈ ਪਰਕਾਰ ਦੇ ਕਰਮ ਕਰਦਾ ਹੋਇਆ ਮਨੁੱਖ ਕੁਝ ਵੀ ਪ੍ਰਾਪਤ ਨਹੀਂ ਕਰਦਾ। ਕਰਮ ਆਪਣੇ ਆਪ ਵਿਚ ਮਾੜੇ ਨਹੀਂ ਹੁੰਦੇ, ਪਰ ਜਦੋਂ ਗ਼ਲਤ ਕੀਮਤਾਂ ਹੋ ਜਾਂਦੀਆਂ ਹਨ ਤਾਂ ਉਹ ਕਰਮ ਨਿਸਫਲ ਹੋ ਜਾਂਦੇ ਹਨ । ਫਿਰ ਇਹ ਕਰਮ ਜੰਜਾਲ ਹਨ, ਫਾਹੀ ਹਨ, ਬੰਧਨ ਹਨ । ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ:

**"ਕਰਮ ਕਰਤ ਜੀਅ ਕਉ ਜੰਜਾਰ ॥"**

**(ਗਉੜੀ ਮਹਲਾ ੫) ਅੰ : ੩੯੫**

ਅਰਥਾਤ "ਕਰਮ ਕਰਦਿਆਂ ਹੋਇਆਂ ਵੀ ਆਤਮਾ ਜੰਜਾਲਾਂ ਵਿਚ ਪੈ ਜਾਂਦੀ ਹੈ ।"

ਜੋ ਕਰਮ ਆਤਮਾ ਨੂੰ ਬੰਨ੍ਹਦਾ ਹੈ ਉਹ, ਚਾਹੇ ਪੁੰਨ ਗਿਣਿਆਂ ਜਾਂਦਾ ਹੈ ਚਾਹੇ ਪਾਪ, ਬੰਧਨ ਹੈ । ਬੇੜੀ ਚਾਹੇ ਸੋਨੇ ਦੀ ਹੋਵੇ ਚਾਹੇ ਲੋਹੇ ਦੀ, ਹੈ ਤਾਂ ਆਖ਼ਰ ਉਹ ਬੇੜੀ । ਵਾਹ ਵਾਹ ਦੀ ਖ਼ਾਤਰ ਮਨੁੱਖ ਬੜੇ ਬੜੇ ਸੂਰਮਗਤੀ, ਦਲੇਰੀ ਤੇ ਦ੍ਰਿੜ੍ਹਤਾ ਦੇ ਕੰਮ ਕਰ ਲੈਂਦੇ ਹਨ , ਹਠ ਨਾਲ ਵੱਡੀਆਂ ਵੱਡੀਆਂ ਕੁਰਬਾਨੀਆਂ ਦੇ ਲੈਂਦੇ ਹਨ ਤੇ ਬੇਅੰਤ ਦੁਖ ਕਸ਼ਟ ਵੀ ਸਹਾਰ ਸਕਦੇ ਹਨ। ਲੋਕ ਲਾਜ ਦੀ ਖ਼ਾਤਰ ਸਤੀਆਂ ਚਿਖ਼ਾ ਚੜ੍ਹ ਜਾਂਦੀਆਂ ਹਨ । ਪਰ ਇਹ ਜ਼ਰੂਰੀ ਨਹੀਂ ਕਿ ਇਹ ਸਾਰੇ ਕੰਮ ਆਤਮਿਕ ਉਚਤਾ ਦੇ ਲਖਾਇਕ ਹੋਣ । ਇਸੇ ਲਈ ਗੁਰੂ ਸਾਹਿਬ ਨੇ ਪੁੰਨ, ਦਾਨ, ਜਪ, ਤਪ ਆਦਿ ਨੂੰ ਨਿੰਦਿਆ ਵੀ ਹੈ ਤੇ ਸਲਾਹਿਆ ਵੀ ਹੈ । ਦੁਨੀਆਂ ਚੰਦ ਗਿਣਵੇਂ ਨੇਮਾਂ ਨੂੰ ਮੰਨ ਲੈਂਦੀ ਹੈ ਤੇ ਉਨ੍ਹਾਂ ਦੇ ਲਫ਼ਜ਼ੀ ਭਾਵ ਤੇ ਵਰਤੋਂ ਕਰਕੇ ਉਸ ਦੀ ਸਹੀ ਸਪਿਰਟ ਨੂੰ ਛੱਡ ਦਿੰਦੀ ਹੈ ਤੇ ਫਿਰ ਵੀ ਚੰਗੇ ਨਤੀਜਿਆਂ ਦੀ ਉਮੀਦ ਕਰਦੀ ਰਹਿੰਦੀ ਹੈ । ਕਿਸੇ ਦਾ ਘਰ ਭੰਨ ਕੇ ਚੋਰੀ ਤਾਂ ਨਹੀਂ ਕਰਨਾ ਪਰ ਚੀਜ਼ ਨੂੰ ਬਹੁਤ ਮਹਿੰਗੀ ਵੇਚ ਕੇ ਕਿਸੇ ਨੂੰ ਲੁੱਟ ਲੈਣਾ ਬੁਰਾ ਨਹੀਂ ਸਮਝਣਾ । ਕੀੜਿਆਂ ਦੀਆਂ ਖੁੱਡਾਂ ਤੇ ਚਾਵਲ ਪਾਣੇ ਧਰਮ ਹੈ ਪਰ ਗਵਾਂਢੀ ਭੁੱਖਾ ਮਰਦਾ ਵੇਖ ਕੇ ਉਸ ਦੀ ਸਹਾਇਤਾ ਨਹੀਂ ਕਰਨੀ । ਮਾਸ ਖਾਣਾ ਪਾਪ ਹੈ ਪਰ ਰੱਬ ਦੇ ਬੰਦਿਆਂ ਦਾ ਲਹੂ ਪੀਣਾ ਪਾਪ ਨਹੀਂ । ਸੂਰਦਾਸ ਇਕ ਵਿਭਚਾਰਨ ਦੀ ਸੰਗਤ ਵਿਚ ਰਹਿ ਕੇ ਵੀ ਸੱਚ ਦੀ ਪ੍ਰਾਪਤੀ ਕਰ ਸਕਿਆ ਸੀ ਪਰ ਕਈ ਤਪੱਸਵੀ

ਤੇ ਵਿਦਵਾਨ ਸੱਚ ਸੱਚ ਕੂਕਦੇ ਹੋਏ ਵੀ ਸੱਚ ਤੋਂ ਕੋਹਾਂ ਦੂਰ ਰਹਿੰਦੇ ਹਨ । ਰਸਮ-ਪ੍ਰਸਤੀ ਜਾਂ ਗ਼ਰਜ਼ਾਂ ਦੇ ਅਧੀਨ ਕਰਮ ਕਰਨ ਵਾਲੇ ਲੋਕਾਂ ਦੀਆਂ ਧਰਮ ਸੰਬੰਧੀ ਸਭ ਕੀਮਤਾਂ ਗ਼ਲਤ ਹੁੰਦੀਆਂ ਹਨ । ਉਹਨਾਂ ਦਾ ਰੱਬ ਉਹਨਾਂ ਦੇ ਅੰਦਰ ਨਹੀਂ, ਅਸਮਾਨਾਂ ਵਿਚ ਰਹਿੰਦਾ ਹੈ ਤੇ ਉਹਨਾਂ ਦੀਆਂ ਖ਼ੁਸ਼ਾਮਦ ਭਰੀਆਂ ਅਰਦਾਸਾਂ ਸੁਣ ਕੇ ਉਹਨਾਂ 'ਤੇ ਖ਼ੁਸ਼ ਹੁੰਦਾ ਹੈ ਤੇ ਉਹਨਾਂ ਦੇ ਸਾਰੇ ਜਾਇਜ਼ ਤੇ ਨਜਾਇਜ਼ ਕੰਮ ਕੱਢਦਾ ਹੈ । ਇਨ੍ਹਾਂ ਲੋਕਾਂ ਨੇ ਧਰਮ ਨੂੰ ਕੋਈ ਗੁੰਝਲਦਾਰ ਚੀਜ਼ ਬਣਾ ਛੱਡਿਆ ਹੈ ਜੋ ਆਮ ਸਮਝ ਵਿਚ ਆਣ ਵਾਲੀ ਚੀਜ਼ ਹੀ ਨਹੀਂ, ਤੇ ਕੇਵਲ ਅਵਤਾਰ ਜਾਂ ਗੁਰੂ ਹੀ ਇਸ ਨੂੰ ਸਮਝਣ ਦੀ ਸ਼ਕਤੀ ਰੱਖਦੇ ਹਨ, ਬਾਕੀ ਦੁਨੀਆਂ ਤਾਂ ਬਣੀ ਹੀ ਇਨ੍ਹਾਂ ਅਵਤਾਰਾਂ ਦੀ ਪੂਜਾ ਲਈ ਹੈ । ਇਸ ਤਰ੍ਹਾਂ ਸਭ ਕੀਮਤਾਂ ਗ਼ਲਤ ਮਲਤ ਕਰ ਦਿੱਤੀਆਂ ਜਾਂਦੀਆਂ ਹਨ । ਫਿਰ ਕਈ ਸਮਝਣ ਲੱਗ ਜਾਂਦੇ ਹਨ ਕਿ ਧਰਮ ਹਰ ਮਨੁੱਖ ਨੂੰ ਇਕੋ ਜਿਹੀ ਨਜਾਤ ਜਾਂ ਸਹਾਰਾ ਨਹੀਂ ਦੇ ਸਕਦਾ ਤੇ ਕੁਝ ਖਾਸ ਖਾਸ ਮਨੁੱਖ ਹੀ ਧਰਮ ਦੇ ਠੇਕੇਦਾਰ ਹੋ ਸਕਦੇ ਹਨ । ਇਸ ਤਰ੍ਹਾਂ ਧਰਮ ਦੇ ਬਾਨੀਆਂ ਦਾ ਦਰਜਾ ਆਮ ਮਨੁੱਖਾਂ ਨਾਲੋਂ ਵੱਖਰਾ ਸਮਝ ਲਿਆ ਜਾਂਦਾ ਹੈ । ਅਵਤਾਰ ਗੁਰੂ, ਰਸੂਲ, ਪੀਰ ਤੇ ਪੈਗ਼ੰਬਰ ਆਮ ਮਨੁੱਖਾਂ ਵਾਂਗ ਨਹੀਂ ਹੋ ਸਕਦਾ ; ਇਨ੍ਹਾਂ ਦੀ ਸ਼ਕਲ ਵੱਖਰੀ ਹੋਣੀ ਚਾਹੀਦੀ ਹੈ। ਮਛ, ਕਛ, ਨਰਸਿੰਘ,ਚਾਰ ਸਿਰਾਂ ਵਾਲੇ ਬ੍ਰਹਮਾ ਆਦਿਕ ਅਵਤਾਰ ਬੜੇ ਭਿਆਨਕ ਰੂਪਾਂ ਵਿਚ ਜਗਤ ਦੇ ਸਾਹਮਣੇ ਆਉਂਦੇ ਰਹੇ ਹਨ। ਜਿਥੇ ਉਹਨਾਂ ਦਾ ਪਹਿਰਾਵਾ ਵੱਖਰਾ ਕਰ ਦਿੱਤਾ ਜਾਂਦਾ ਹੈ ਉਥੇ ਬੋਲੀ ਵੀ ਵੱਖਰੀ ਕਰ ਦਿੱਤੀ ਜਾਂਦੀ ਹੈ । ਇਹ ਸਮਝ ਲਿਆ ਜਾਂਦਾ ਹੈ ਕਿ ਸੰਸਕ੍ਰਿਤ ਜਾਂ ਅਰਬੀ ਹੀ ਦੇਵ ਬੋਲੀ ਹੈ ਕਿਉਂਕਿ ਗਿਆਨ ਤੇ ਵਿਚਾਰ ਦੀਆਂ ਗੱਲਾਂ ਡੂੰਘੀਆਂ ਹਨ ਤੇ ਇਹ ਆਮ ਬੋਲੀ ਵਿਚ ਨਹੀਂ ਦਿੱਤੀਆਂ ਜਾ ਸਕਦੀਆਂ । ਐਸੇ ਅਵਤਾਰਾਂ ਦਾ ਵਾਸਾ ਵੀ ਵੱਖਰਾ ਚਾਹੀਦਾ ਹੈ । ਉਹ ਕੰਦਰਾਂ, ਗੁਫਾਵਾਂ, ਅਸਮਾਨਾਂ, ਪਹਾੜਾਂ ਜਾਂ ਦਰਿਆਵਾਂ ਦੇ ਕਿਨਾਰਿਆਂ 'ਤੇ ਰਹਿੰਦੇ ਹੀ ਸ਼ੋਭਦੇ ਹਨ, ਆਮ ਮਨੁੱਖਾਂ ਵਿਚ ਨਹੀਂ ।

ਗੱਲ ਕੀ, ਇਹ ਅਵਤਾਰ ਹਰ ਤਰ੍ਹਾਂ ਵਖਰੇ ਤੇ ਰੱਬ ਤੋਂ ਖ਼ਾਸ ਅਧਿਕਾਰ ਲੈ ਕੇ ਆਏ ਸਮਝ ਲਏ ਜਾਂਦੇ ਹਨ । ਇਸ ਤਰ੍ਹਾਂ, ਅਕਲ, ਦਲੀਲ ਜਾਂ ਵਿਚਾਰ ਨੂੰ ਧਰਮ ਨਾਲੋਂ ਅੱਡਰਾ ਕਰਨ ਨਾਲ ਨਰੋਈ ਸੋਚ-ਸ਼ਕਤੀ ਮਾਰੀ ਜਾਂਦੀ ਹੈ ਤੇ ਆਤਮਾ ਲੰਗੜੀ ਹੋ ਕੇ ਰਹਿ ਜਾਂਦੀ ਹੈ । ਗੁਰੂ ਸਾਹਿਬ ਨੇ ਧਰਮ ਨੂੰ ਗਿਆਨ ਦੇ ਪੱਕੇ ਪੈਰਾਂ 'ਤੇ ਖੜ੍ਹਾ ਕਰਨ ਦਾ ਯਤਨ ਕੀਤਾ ਸੀ । ਉਹਨਾਂ ਦੇ ਧਰਮ ਦੀ ਵਡਿਆਈ ਇਹ ਹੈ ਕਿ ਇਸ ਵਿਚ, ਸਮਝ ਵਿਚ ਨਾ ਆ ਸਕਣ



ਵਾਲੀ ਗੱਲ ਕੋਈ ਨਹੀਂ । ਸਿਧੀਆਂ ਸਾਫ਼ ਗੱਲਾਂ ਸਿਧੀ ਸਾਦੀ ਲੋਕਾਂ ਦੀ ਬੋਲੀ ਵਿਚ ਕਹੀਆਂ ਹਨ, ਜਿਨ੍ਹਾਂ ਨੂੰ ਮਨੁੱਖੀ ਸਮਝ ਤੇ ਦਲੀਲ ਛੇਤੀ ਨਾਲ ਪਰਵਾਨ ਕਰ ਲੈਂਦੀ ਹੈ । ਉਹਨਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਦੇਸ਼ ਵਿਚ ਲੋਕਾਂ ਨੂੰ ਧਰਮੀ ਬਨਾਉਣ ਵਿਚ ਇਹ ਰੋਕ ਨਹੀਂ ਕਿ ਉਨ੍ਹਾਂ ਵਿਚ ਧਾਰਮਿਕ ਰੁਚੀ ਜਾਂ ਮਾਦਾ ਨਹੀਂ ਸੀ, ਸਗੋਂ ਉਹਨਾਂ ਦੀ ਸਾਰੀ ਸੋਚਣੀ ਹੀ ਗ਼ਲਤ ਬਣਾ ਦਿਤੀ ਗਈ ਸੀ । ਗੁਰੂ ਅਮਰਦਾਸ ਜੀ ਇਸ ਵਿਚਾਰ ਨੂੰ ਇਉਂ ਸਮਝਾਂਦੇ ਸਨ:

**"ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥"**

**(ਸਿਰੀ ਰਾਗ ਮਹਲਾ ੩) ਅੰਗ ੨੭**

ਅਰਥਾਤ "ਮਤਿ ਬੁਧ ਕਈ ਜੀਵਾਂ ਦੀ ਐਸੀ ਫਿਰ ਗਈ ਹੈ ਕਿ ਉਹ ਸੱਚ ਨੂੰ ਬੁੱਝ ਹੀ ਨਹੀਂ ਸਕਦੇ ਤੇ ਇਹਨਾਂ ਦੇ ਅੰਦਰ ਥਾਂ ਲੋਭ ਵਿਕਾਰਾਂ ਨੇ ਮੱਲੀ ਹੈ ।"

ਉਨ੍ਹਾਂ ਦੇ ਦਿਲ ਤੇ ਦਿਮਾਗ਼ ਦਾ ਢਾਂਚਾ ਵਿਗੜਿਆ ਪਿਆ ਸੀ ਜਿਸ ਨੂੰ ਥਾਂ 'ਤੇ ਲਿਆਉਣਾ ਜ਼ਰੂਰੀ ਸੀ । ਗੁਰੂ ਸਾਹਿਬ ਨੇ ਬਿਨਾਂ ਕਿਸੇ ਦਾਹਵਾ ਬੱਧੇ ਬੜੇ ਨਿਰਮਾਣ ਹੋ ਕੇ ਆਪਣਾ ਕੰਮ ਸ਼ੁਰੂ ਕੀਤਾ ਸੀ । ਉਹ ਆਮ ਮਨੁੱਖਾਂ ਵਾਂਗ ਖੱਦਰ ਦੇ ਕੁਰਤੇ, ਪਜਾਮੇ ਤੇ ਦਸਤਾਰ ਵਿਚ ਦੁਨੀਆਂ ਪਾਸ ਆਏ ਤੇ ਉਹਨਾਂ ਦੀਆਂ ਜੀਵਨ ਸਮੱਸਿਆਵਾਂ ਨੂੰ ਉਹਨਾਂ ਨਾਲ ਮਿਲ ਕੇ ਹੱਲ ਕੀਤਾ। ਉਹਨਾਂ ਦਾ ਸਭ ਕੁਝ ਕੁਦਰਤੀ ਸੀ ਕਿ ਉਹ ਸਭ ਨੂੰ ਕੁਦਰਤੀ ਜੀਵਨ ਜਾਂ ਜਿਸ ਨੂੰ ਉਪਰ ਸਹਿਜ ਜੀਵਨ ਕਿਹਾ ਹੈ, ਦੇਣਾ ਚਾਹੁੰਦੇ ਸਨ । ਉਨ੍ਹਾਂ ਦੀ ਪੈਦਾਇਸ਼ ਅਵਤਾਰਾਂ ਵਾਂਗ ਨਹੀਂ, ਆਮ ਦੁਨੀਆਂ ਵਾਂਗ ਮਾਂ ਦੀ ਕੁੱਖੋਂ ਹੋਈ । ਦੁਨੀਆਂ ਦੇ ਸਾਹਮਣੇ ਜੋ ਪ੍ਰੋਗਰਾਮ ਉਹਨਾਂ ਬਣਾਇਆ ਸੀ ਉਸ ਵਿਚ ਉਹਨਾਂ ਕੋਈ ਸਬਜ਼ਬਾਗ ਨਹੀਂ ਦਿਖਾਇਆ ਸੀ, ਕੋਈ ਫੋਕੇ ਲਾਰੇ ਨਹੀਂ ਦਿੱਤੇ ਸਨ । ਹੂਰਾਂ, ਸ਼ਰਾਬ ਦੀਆਂ ਨਦੀਆਂ, ਕਾਮਧੇਨਾ ਤੇ ਪਾਰਜਾਤ ਦੇ ਲਾਲਚ ਨਹੀਂ ਵਿਖਾਏ ਸਨ, ਕੋਈ ਸਫਾਇਤ ਦਾ ਮਸਲਾ ਨਹੀਂ ਦੱਸਿਆ ਸੀ । ਗੁਰੂ ਅਰਜਨ ਦੇਵ ਜੀ ਫ਼ੁਰਮਾਂਦੇ ਸਨ :-

**"ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥"**

**(ਮਾਝ ਮਹਲਾ ੫) ਅੰ: ੧੩੪**

ਅਰਥਾਤ "ਜੋ ਕੁਝ ਕੋਈ ਬੀਜੇਗਾ ਓਹੋ ਕੱਟੇਗਾ । ਇਹ ਜੀਵਣ ਕਰਮਾਂ ਦਾ ਖੇਤ ਹੈ ।"

ਕੋਈ ਸਿਫ਼ਾਰਸ਼ ਨਾਲ ਬਚਾਣ ਦਾ ਭਰੋਸਾ ਨਹੀਂ ਦਿੱਤਾ । ਜੀਵਾਂ ਦੀ

ਸੇਵਾ ਤੇ ਉਹਨਾਂ ਦੇ ਵਾਧੇ ਲਈ ਕੁਰਬਾਨੀ ਕੀਤਿਆਂ ਰੱਬ ਨੂੰ ਖ਼ੁਸ਼ ਕੀਤਾ ਜਾ ਸਕਦਾ ਹੈ ਤੇ ਇਹ ਰਾਹ ਸਭ ਲਈ ਇਕੋ ਜਿਹਾ ਸਫਲ ਹੈ । ਜੋ ਉਪਦੇਸ਼ ਉਨ੍ਹਾਂ ਕੀਤਾ ਉਸ 'ਤੇ ਪਹਿਲਾਂ ਆਪ ਅਮਲ ਕੀਤਾ । ਸਾਰੀ ਉਮਰ ਸੇਵਾ ਵਿਚ ਗੁਜਾਰੀ । ਗ੍ਰਹਿਸਤੀ ਹੋ ਕੇ ਸਿਰਾਂ 'ਤੇ ਆਪ ਗਾਰੇ ਚੁਕੇ ਅਤੇ ਵਧ ਚੜ੍ਹ ਕੇ ਪਿਆਰ ਤੇ ਕੁਰਬਾਨੀ ਦੇ ਪੂਰਨੇ ਪਾਏ । ਕੁਦਰਤ ਦੇ ਕਾਨੂੰਨ ਉਹਨਾਂ 'ਤੇ ਵੀ ਆਮ ਮਨੁੱਖਾਂ ਵਾਂਗ ਲਾਗੂ ਹੋਏ ਸਨ । ਜਿਹੜੀ ਅੱਗ ਸਭ ਕਿਸੇ ਨੂੰ ਸਾੜਦੀ ਹੈ ਉਹ ਉਹਨਾਂ ਦੇ ਸਰੀਰਾਂ ਨੂੰ ਵੀ ਝੁਲਸ ਦਿੰਦੀ ਸੀ । ਗਰਮ ਰੇਤੇ ਪੈਣ ਨਾਲ ਉਹਨਾਂ ਦੇ ਸਰੀਰ 'ਤੇ ਵੀ ਛਾਲੇ ਹੋ ਜਾਂਦੇ ਸਨ । ਰੋੜਾਂ 'ਤੇ ਵਿਛਾਈ ਕੀਤਿਆਂ ਰੋੜ ਚੁੱਭਦੇ ਸਨ ਤੇ ਪੀੜ ਹੁੰਦੀ ਸੀ , ਭਾਵੇਂ ਉਹ ਆਤਮਕ ਬਲ ਨਾਲ ਸਭ ਪੀੜਾਂ ਤੋਂ ਉਤਾਂਹ ਰਹਿੰਦੇ ਸਨ । ਜਿਹੜੀ ਤਲਵਾਰ ਸਭ ਕਿਸੇ ਨੂੰ ਜ਼ਖ਼ਮੀ ਕਰਦੀ ਹੈ ਉਹਨਾਂ ਦੇ ਸਿਰਾਂ ਨੂੰ ਵੀ ਧੜਾਂ ਤੋਂ ਜੁਦਾ ਕਰਦੀ ਸੀ ਤੇ ਉਹਨਾਂ ਦੇ ਲਹੂ ਡੁਲ੍ਹਦੇ ਸਨ । ਇਸੇ ਤਰ੍ਹਾਂ ਆਤਮਕ ਜੀਵਨ ਦੇ ਸਿਖਰ 'ਤੇ ਪੁੱਜਣ ਲਈ ਜਿਸ ਘਾੜਤ ਵਿਚੋਂ ਲੰਘਣ ਦਾ ਉਪਦੇਸ਼ ਦਿੰਦੇ ਸਨ ਉਸ ਵਿਚੋਂ ਪਹਿਲਾਂ ਆਪ ਲੰਘੇ । ਉਹਨਾਂ ਨੂੰ ਵੀ ਪਹਿਲੀ ਉਮਰ ਵਿਚ ਦੂਜੇ ਲੋਕਾਂ ਵਾਂਗ ਸ਼ੈਤਾਨ ਭਰਮਾਨ ਆਂਵਦਾ ਸੀ ਪਰ, ਜਦ ਉਹ ਪੱਕ ਗਏ ਸਨ ਤਾਂ ਉਸ ਸ਼ੈਤਾਨ ਦੀ ਪੇਸ਼ ਨਹੀਂ ਸੀ ਜਾਂਦੀ। ਉਹਨਾਂ ਨੇ ਸਭ ਮਨੁੱਖਾਂ ਨੂੰ ਬਤੌਰ ਮਨੁੱਖ ਉਚਿਆਂ ਕੀਤਾ ਤੇ ਇਹ ਅਹਿਸਾਸ ਕਰਾਇਆ ਕਿ ਹਰ ਕੋਈ ਧਰਮ ਅਨੁਸਾਰ ਜੀਵਨ ਢਾਲ ਕੇ ਧਰਮੀ ਹੋ ਸਕਦਾ ਹੈ, ਸਭ ਨੂੰ ਰੱਬ ਦੀ ਹਜ਼ੂਰੀ ਇਕੋ ਜਿਹੀ ਪ੍ਰਾਪਤ ਹੋ ਸਕਦੀ ਹੈ ਤੇ ਬਿਨਾਂ ਕਿਸੇ ਦੀ ਸਿਫ਼ਾਰਸ਼ ਦੇ ਹੋ ਸਕਦੀ ਹੈ । ਧਰਮ ਕਿਸੇ ਇਕ ਅੱਧੇ ਦੀ ਮੌਰੂਸ ਨਹੀਂ ਤੇ ਨਾ ਹੀ ਸੱਚ ਕੋਈ ਐਸੀ ਚੀਜ਼ ਰੱਬ ਨੇ ਬਣਾਈ ਹੈ ਜੋ ਕੇਵਲ ਦਾਨੀਆਂ, ਤਪੱਸਵੀਆਂ, ਸੂਰਮਿਆਂ ਜਾਂ ਵਿਦਵਾਨਾਂ ਕੋਲ ਹੀ ਹੋ ਸਕਦੀ ਹੈ । ਹਰ ਇਕ ਨੂੰ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ ਤੇ ਜੀਵਨ ਦੇ ਹਰ ਦਾਇਰੇ ਵਿਚ ਹੋ ਸਕਦੀ ਹੈ । ਪਰ ਇਉਂ :

"Greatness is to take the common things of life and to move truly among them."

ਅਰਥਾਤ —"ਅਸਲ ਉਚਤਾ ਜੀਵਣ ਦੀ ਆਮ ਚੀਜ਼ਾਂ ਵਿਚ ਹੈ ਤੇ ਉਹਨਾਂ ਵਿਚ ਠੀਕ ਤਰ੍ਹਾਂ ਵਿਚਰਿਆਂ ਪ੍ਰਾਪਤ ਹੁੰਦੀ ਹੈ ।"

ਹੋਰ : **"ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ ॥"**

**(ਵਡਹੰਸ ਮਹਲਾ ੩) ਅੰਗ ੫੬੮**



ਅਰਥਾਤ—"ਗੁਰਮੁਖ ਦੇ ਸਾਰੇ ਕੰਮ ਕਾਜ ਠੀਕ ਹੁੰਦੇ ਹਨ ਕਿਉਂਕਿ ਉਹ ਸਹਿਜ ਵਿਚ ਕਰਦਾ ਹੈ ।"

ਇਸ ਤਰ੍ਹਾਂ ਉਨਾਂ ਨੇ ਸਿੱਖ ਧਰਮ ਨੂੰ ਬੜੇ ਨਰੋਏ ਤੇ ਕੁਦਰਤੀ ਰੂਪ ਵਿਚ ਪੇਸ਼ ਕੀਤਾ। ਬਨਾਵਟ ਤੇ ਗ਼ੈਰ-ਕੁਦਰਤੀ ਸਭ ਚੀਜ਼ਾਂ ਇਸ ਵਿਚੋਂ ਲਾਂਭੇ ਕੀਤੀਆਂ । ਜੋ ਗ਼ਲਤ ਲੀਹਾਂ ਪੈ ਗਈਆਂ ਸਨ, ਉਨ੍ਹਾਂ ਨੂੰ ਲਾਂਭੇ ਹਟਾ ਕੇ ਠੀਕ ਤੇ ਕੁਦਰਤੀ ਰਾਹ 'ਤੇ ਲਿਆਂਦਾ ਗਿਆ ਸੀ । ਇਸੇ ਲਈ ਹੀ ਉਹਨਾਂ ਆਪਣੇ ਮਤ ਨੂੰ ਸਹਜ ਮਤ ਦਾ ਨਾਮ ਦਿੱਤਾ ਸੀ ।

ਇਹ ਕੁਦਰਤੀ ਧਰਮ ਹੈ, ਜਿਸ ਦਵਾਰਾ ਸਾਰਾ ਜੀਵਨ ਮਨੁੱਖ ਦੇ ਕੁਦਰਤੀ ਅਸਲੇ ਅਨੁਸਾਰ ਕੁਦਰਤੀ ਹੋ ਜਾਂਦਾ ਹੈ । ਮਹਾਰਾਜ ਦਾ ਸਾਰਾ ਯਤਨ ਇਕ ਪਾਸੇ ਹੁੰਦਾ ਸੀ ਕਿ ਮਨੁੱਖ ਨੇ ਆਪਣੀ ਬੇਸਮਝੀ ਦੇ ਕਾਰਨ ਭਰਮਾਂ ਵਹਿਮਾਂ ਤੇ ਪਖੰਡ ਦੀਆਂ ਜੋ ਚਾਰ ਦੀਵਾਰੀਆਂ ਆਪਣੇ ਲਾਂਭੇ ਚਾਂਭੇ ਉਸਾਰੀਆਂ ਹਨ ਉਨ੍ਹਾਂ ਨੂੰ ਉਸ ਦੀ ਸ਼ਖ਼ਸੀ ਜਾਂ ਸਮਾਜਕ ਜ਼ਿੰਦਗੀ ਵਿਚੋਂ ਤੋੜ ਦਿਤਾ ਜਾਵੇ ਤੇ ਉਸ ਦੀ ਥਾਂ ਸੁਖ ਦੇਣ ਵਾਲੇ ਕੁਦਰਤੀ ਜੀਵਨ ਨੂੰ ਦਿੱਤੀ ਜਾਵੇ, ਤਾਂ ਜੋ ਉਸ ਦੇ ਸਾਰੇ ਕੰਮ ਧਾਰਮਿਕ ਜਾਂ ਹੋਰ ਸਹਿਜ ਵਿਚ ਹੋਣ । ਦੁਖਾਂ ਦਾ ਕਾਰਨ ਅਗਿਆਨਤਾ ਤੇ ਭੁਲੇਖਾ ਹੈ। ਮੋਹ, ਮਮਤਾ ਆਦਿ ਅਗਿਆਨਤਾ ਤੋਂ ਉਪਜਦੇ ਹਨ ਤੇ ਇਹੋ ਧਨ ਦੁਖਾਂ ਦਾ ਕਾਰਨ ਬਣਦੇ ਹਨ । ਜੇ ਕਿਸੇ ਨੂੰ ਇਹ ਪਤਾ ਹੋਵੇ ਕਿ ਉਸ ਦਾ ਧਨ ਕੱਚਾ ਹੈ ਤਾਂ ਉਸ ਨੂੰ ਧਨ ਦੇ ਵਿਛੋੜੇ ਨਾਲ ਦੁਖ ਨਹੀਂ ਹੁੰਦਾ । ਕਹਿੰਦੇ ਹਨ, ਕਿਸੇ ਨੇ ਆਪਣੀ ਔਰਤ ਨੂੰ ਮੁਲੰਮੇ ਦਾ ਹਾਰ ਦਿੱਤਾ ਜੋ ਗੁਆਚ ਗਿਆ ਤੇ ਇਸ ਨਾਲ ਉਸ ਦੀ ਔਰਤ ਨੂੰ ਬਹੁਤ ਦੁਖ ਹੋਇਆ । ਪਰ ਉਸ ਆਦਮੀ ਨੂੰ ਕਿਉਂਕਿ ਅਸਲੀਅਤ ਦਾ ਪਤਾ ਸੀ ਇਸ ਘਾਟੇ ਤੋਂ ਕੋਈ ਦੁਖ ਨਹੀਂ ਹੋਇਆ ਸੀ । ਗੁਰੂ ਅਰਜਨ ਦੇਵ ਜੀ ਇਉਂ ਸਮਝਾਂਦੇ ਹਨ ।

**"ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥"**

**(ਸੋਰਠਿ ਮਹਲਾ ੫ ) ਅੰਗ ੬੧੦**

ਅਰਥਾਤ—"ਜਿਨ੍ਹਾਂ ਦੀਆਂ ਅੱਖਾਂ ਵਿਚ ਗਿਆਨ ਦਾ ਸੁਰਮਾ ਪੈ ਜਾਂਦਾ ਹੈ ਉਹਨਾਂ ਨੂੰ ਸਾਰੀ ਸੂਝ ਬੂਝ ਹੋ ਜਾਂਦੀ ਹੈ ।"

ਫਿਰ ਉਹਨਾਂ ਦਾ ਗਾਵਿਆ, ਪੜ੍ਹਿਆ ਤੇ ਵਿਚਾਰਿਆ ਸਭ ਸਹਜ ਵਿਚ ਹੋ ਜਾਂਦਾ ਹੈ । ਸਿਰੀ ਰਾਗ ਵਿਚ ਗੁਰੂ ਅਮਰਦਾਸ ਜੀ ਕਹਿੰਦੇ ਹਨ:

**"ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥**

**ਸਹਜੇ ਹੀ ਭਗਤਿ ਉਪਜੈ ਸਹਜਿ ਪਿਆਰਿ ਬੈਰਾਗਿ ॥**
**ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥**
**ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥**
**ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥"**

ਸਾਰਾ ਸ਼ਬਦ ਸਹਜ ਦੇ ਲੇਖ ਵਿਚ ਦਿੱਤਾ ਹੈ। ਓਥੇ ਇਨ੍ਹਾਂ ਤੁਕਾਂ ਦੇ ਅਰਥ ਵੀ ਨਾਲ ਹੀ ਕਰ ਦਿਤੇ ਗਏ ਹਨ ।

ਮਹਾਰਾਜ, ਇਸ ਸਹਜ ਦੇ ਜੀਵਨ ਰਾਹੀਂ ਹੀ ਇਨਸਾਨ ਨੂੰ ਹਰੀ ਦਾ ਰੂਪ ਕਰ ਦੇਣਾ ਚਾਹੁੰਦੇ ਸਨ । ਕਿਤਨਾ ਵੱਡਾ ਤੇ ਸੋਹਣਾ ਇਹ ਨਿਸ਼ਾਨਾ ਹੈ ਜੋ ਸਭ ਕਿਸੇ ਨੂੰ ਇਕੋ ਜੇਹਾ ਹੌਂਸਲਾ, ਉਮੀਦ ਤੇ ਉਤਸ਼ਾਹ ਦੇਣ ਵਾਲਾ ਹੈ । ਮਹਾਰਾਜ ਮਨੁੱਖ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਦੇ ਸਨ । ਉਹ ਕਹਿੰਦੇ ਸਨ, ਹਰ ਮਨੁੱਖ ਆਪਣੀ ਕਿਸਮਤ ਦਾ ਆਪ ਮਾਲਕ ਹੈ । ਸੱਚਾ ਤੇ ਬਹਾਦਰ ਉਹ ਹੈ ਜੋ ਕਦੇ ਆਪਣੀਆਂ ਗ਼ਲਤੀਆਂ ਦੀ ਸਜ਼ਾ ਭੁਗਤਨੋਂ ਨਹੀਂ ਸੰਗਦਾ। ਜੋ ਆਪਣੇ ਆਪ ਨੂੰ ਕਮਜ਼ੋਰ ਸਮਝੇ ਤੇ ਕਿਸੇ ਹੋਰ ਤੋਂ ਡਰੇ ਜਾਂ ਕਿਸੇ ਦੀ ਮੁਥਾਜੀ ਕਰੇ, ਉਹ ਰੱਬ ਦੇ ਨੇੜੇ ਕਿਵੇਂ ਆਏ ? ਜੋ ਰੱਬ ਦਾ ਹੈ ਉਹ ਰਿਆਇਤਾਂ ਨਹੀਂ ਚਾਹੁੰਦਾ । ਉਹ ਰਸਮੀ ਪੂਜਾ ਪਾਠ ਨਾਲ ਆਪਣੇ ਆਪ ਨੂੰ ਤੇ ਰੱਬ ਨੂੰ ਧੋਖਾ ਦੇ ਕੇ ਜਾਂ ਖੁਸ਼ਾਮਦ ਕਰਕੇ ਆਪਣੇ ਕੰਮ ਕੱਢਣਾ ਨਹੀਂ ਚਾਹੁੰਦਾ। ਉਹ ਆਪ ਮਿਹਨਤ ਕਰਕੇ ਸਭ ਕੁਝ ਪ੍ਰਾਪਤ ਕਰ ਸਕਦਾ ਹੈ ਤੇ ਕਰਨਾ ਚਾਹੁੰਦਾ ਹੈ, ਉਹ ਖ਼ੁਦ ਆਪ ਧਰਮੀ ਬਣਕੇ ਜੀਵਨ ਸਫਲ ਕਰਨਾ ਚਾਹੁੰਦਾ ਹੈ ; ਰਿਆਇਤਾਂ ਮੰਗ ਕੇ ਨਹੀਂ । ਸਹਜ-ਜੀਵਨ ਇਸ ਤਰ੍ਹਾਂ ਦਾ ਅਮੋਲਕ ਤੇ ਸੱਚਾ ਜੀਵਨ ਹੁੰਦਾ ਹੈ , ਜਿਸ ਤੋਂ ਅਸਲ ਤੇ ਸਦੀਵੀ ਸੁਖ ਉਪਜਦੇ ਹਨ।



# ਗੁਰੂ ਸਿਧਾਂਤ

**"ਗੁਰੁ ਪਰਮੇਸਰੁ ਹੈ ਭੀ ਹੋਗੁ ॥"** **(ਗੋਂਡ ਮਹਲਾ ੫) ਅੰਗ ੮੬੪**

ਅਰਥਾਤ—"ਗੁਰੂ ਪ੍ਰਮੇਸ਼ਰ (ਦਾ ਰੂਪ) ਹੈ ਜੋ ਸਦਾ ਹੈ ਅਤੇ ਹੋਵੇਗਾ ਭੀ ।"

ਅਸੀਂ ਏਥੇ ਇਕ ਸ਼ਬਦ ਨਾਲ ਸ਼ੁਰੂ ਕਰਦੇ ਹਾਂ ਜੋ ਗੁਰੂ-ਸੰਕਲਪ ਦਾ ਆਰੰਭਕ ਨਮੂਨਾ ਹੈ ।

**"ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥ ਗੁਰੁ ਮੇਰਾ ਦੇਉ ਅਲਖ ਅਭੇਉ ॥ ਸਰਬ ਪੂਜ ਚਰਨ ਗੁਰ ਸੇਉ ॥ ੧ ॥ ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥ ਅਨਦਿਨੁ ਜਪਉ ਗੁਰੁ ਗੁਰ ਨਾਉ ॥੧॥ ਰਹਾਉ ॥ ਗੁਰ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥ ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥ ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥ ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥ ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥ ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥"** **(ਗੋਂਡ ਮਹਲਾ ੫) ਅੰਗ ੮੬੪**

ਅਰਥਾਤ—"ਮੈਂ ਗੁਰੂ ਦੀ ਪੂਜਾ ਕਰਦਾ ਹਾਂ ਕਿਉਂਕਿ ਮੇਰਾ ਗੁਰੂ, ਗੋਬਿੰਦ ਦਾ ਰੂਪ ਹੈ । ਮੇਰਾ ਗੁਰੂ ਪਾਰਬ੍ਰਹਮ ਹੈ ਤੇ ਵੱਡੇ ਪਰਤਾਪ ਵਾਲਾ ਹੈ। ਮੇਰਾ ਗੁਰੂ ਪੂਜਨੀਕ ਦੇਵਤਾ ਹੈ ਜੋ ਨਾ ਸਮਝ ਗੋਚਰਾ ਹੈ ਤੇ ਨਾ ਉਸ ਦਾ ਭੇਦ ਹੀ ਲਭਦਾ ਹੈ । ਸਭਨਾਂ ਦੇ ਪੂਜਨੀਕ ਗੁਰੂ ਦੇ ਮੈਂ ਚਰਨ ਸੇਂਵਦਾ ਹਾਂ । ਗੁਰੂ ਤੋਂ ਬਿਨਾਂ ਮੇਰਾ ਹੋਰ ਕੋਈ ਥਾਂ ਨਹੀਂ, ਹਰ ਸਮੇਂ ਮੈਂ ਗੁਰੂਆਂ ਦੇ ਗੁਰੂ ਦਾ ਹੀ ਨਾਮ ਜਪਦਾ ਰਹਿੰਦਾ ਹਾਂ । ਗੁਰੂ ਮੇਰਾ ਗਿਆਨ ਹੈ, ਤੇ ਗੁਰੂ ਦਾ ਹੀ ਮੇਰੇ ਰਿਦੇ ਅੰਦਰ ਧਿਆਨ ਹੈ । ਗੁਰੂ ਵਡੇ ਪਰਤਾਪ ਵਾਲਾ, ਗੋਪਾਲ (ਸ੍ਰਿਸ਼ਟੀ ਦਾ ਪਾਲਣਹਾਰ) ਪੁਰਖ ਹੈ । ਦੋਵੇਂ ਹੱਥ ਜੋੜ ਕੇ, ਮੈਂ ਗੁਰੂ ਦੀ ਸ਼ਰਨ ਵਿਚ

ਰਹਿੰਦਾ ਹਾਂ, ਗੁਰੂ ਤੋਂ ਬਿਨਾਂ ਮੇਰਾ ਹੋਰ ਕੁਝ ਵੀ ਨਹੀਂ। ਗੁਰੂ ਜਹਾਜ਼ ਹੈ ਜੋ ਸੰਸਾਰ ਸਾਗਰ ਤੋਂ ਪਾਰ ਕਰ ਦਿੰਦਾ ਹੈ । ਗੁਰੂ ਦੀ ਸੇਵਾ ਨਾਲ ਜਮਾਂ ਦੀ ਫਾਹੀ ਤੋਂ ਛੁਟਕਾਰਾ ਹੋ ਜਾਂਦਾ ਹੈ । ਸੰਸਾਰ ਦੇ ਇਸ ਅੰਧੇਰੇ ਵਿਚ ਗੁਰੂ ਦਾ ਸ਼ਬਦ ਚਾਨਣ ਕਰਦਾ ਹੈ । ਗੁਰੂ ਦੀ ਸੰਗਤ ਵਿਚ ਸਭ ਦਾ ਪਾਰ ਉਤਾਰਾ ਹੋ ਜਾਂਦਾ ਹੈ। ਪਰ ਐਸਾ ਪੂਰਾ ਗੁਰੂ ਭਾਗਾਂ ਨਾਲ ਮਿਲਦਾ ਹੈ, ਜਿਸ ਦੀ ਸੇਵਾ ਨਾਲ ਸਭ ਦੁੱਖ ਚਲੇ ਜਾਂਦੇ ਹਨ। ਗੁਰੂ ਦਾ ਸ਼ਬਦ ਅਮਿਟ (ਅਬਿਨਾਸ਼ੀ) ਹੈ, (ਕਿਉਂਕਿ) ਗੁਰੂ ਹੈ ਨਾਨਕ ਅਤੇ ਨਾਨਕ ਹੈ ਰੱਬ (ਗੁਰੂ ਨਾਨਕ ਰਾਹੀਂ ਉਤਰਿਆ ਇਹ ਸ਼ਬਦ ਰੱਬ ਦਾ ਹੀ ਹੈ ਤੇ ਇਸ ਲਈ ਅਮਿਟ ਹੀ ਹੈ)।"

(ਵੇਖੋ ਜਪੁ ਜੀ, ਪਉੜੀ ੩੮)

ਇਹ ਉਤਲਾ ਸ਼ਬਦ ਗੁਰੂ ਦੀ ਮਹਿਮਾ ਵਿਚ ਉਚਾਰਿਆ ਗਿਆ ਹੈ। ਇਸ ਵਿਚ 'ਗੁਰੂ' ਪਦ ਦੀ ਵਿਆਖਿਆ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਆਪਣੀ ਜ਼ਬਾਨੀ ਕੀਤੀ ਗਈ ਹੈ । ਬੇਹੱਦ ਸ਼ਰਧਾ, ਪਿਆਰ ਤੇ ਭਰੋਸਗੀ ਵਿਚ ਗੁਰੂ ਦੀ ਸ਼ਖ਼ਸੀਅਤ, ਉਸ ਦੇ ਗੁਣ, ਕਰਮ ਅਤੇ ਸੁਭਾਉ ਰੱਬ ਦੇ ਰੂਪ ਵਿਚ ਵਰਣਨ ਕਰਕੇ ਗੁਰੂ ਦੀ ਲੋੜ ਦ੍ਰਿੜ੍ਹ ਕਰਾਈ ਗਈ ਹੈ । ਜੀਵਨ ਨੂੰ ਸਫਲਾ ਕਰਨ ਲਈ ਗੁਰੂ ਦੀ ਸ਼ਰਣ ਵਿਚ ਆਉਣਾ ਤੇ ਉਸ ਤੋਂ ਪ੍ਰੇਰਣਾ ਲੈਣੀ ਇਹ ਸਿੱਖੀ ਦਾ ਬੁਨਿਆਦੀ ਅਸੂਲ ਹੈ ਅਤੇ ਇਹ ਅਸੂਲ ਤੋਂ ਇਨਕਾਰ ਸਿੱਖੀ ਤੋਂ ਹੀ ਇਨਕਾਰ ਹੈ । ਗੁਰਬਾਣੀ ਵਿਚ ਮਹਾਰਾਜ ਦੇ ਇਸ ਤੁਕ ਦੇ ਐਲਾਨ ਥਾਂ ਥਾਂ ਮਿਲਦੇ ਹਨ ਜੋ ਏਨੇ ਸਪੱਸ਼ਟ ਰੂਪ ਵਿਚ ਹਨ ਕਿ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ ।

**"ਮਤ ਕੋ ਭਰਮਿ ਭੁਲੈ ਸੰਸਾਰਿ ॥**
**ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥"**

**(ਗੋਂਡ ਮਹਲਾ ੫) ਅੰਗ ੮੬੪**

ਅਰਥਾਤ—"ਹੇ ਭਾਈ,ਮਤਾਂ ਕੋਈ ਸੰਸਾਰ ਵਿਚ ਭੁੱਲਾ ਭਟਕਦਾ ਫਿਰੇ, (ਇਹ ਗੱਲ ਨਿਸ਼ਚੈ ਹੈ ਕਿ ) ਗੁਰੂ ਤੋਂ ਬਿਨਾਂ ਕੋਈ ਵੀ ਸੰਸਾਰ ਸਾਗਰ ਤੋਂ ਪਾਰ ਨਹੀਂ ਉਤਰਦਾ ।"

ਹੋਰ: "**ਕਹੁ ਨਾਨਕ ਪ੍ਰਭਿ ਇਹੈ ਜਨਾਈ ॥**
**ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥"**

**(ਗੌਡ ਮਹਲਾ ੫) ਅੰਗ ੮੬੪**



ਅਰਥਾਤ—"ਹੇ ਨਾਨਕ ! ਇਹ ਆਖ ਕਿ ਹਰੀ ਨੇ ਇਹ ਗੱਲ ਨਿਸ਼ਚੇ ਕਰ ਦਿੱਤੀ ਹੈ ਕਿ ਗੁਰੂ ਬਿਨਾਂ, ਹੇ ਭਾਈ ਮੁਕਤੀ ਪ੍ਰਾਪਤ ਨਹੀਂ ਹੁੰਦੀ।"

ਹੋਰ : "**ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥"**

**(ਰਾਮਕਲੀ ਮਹਲਾ ੩ ਅਨੰਦ) ਅੰਗ ੯੨੦**

ਅਰਥਾਤ ਗੁਰੂ ਨਾਨਕ ਜੀ ਕਹਿੰਦੇ ਹਨ, "ਇਹ ਗੱਲ ਵਿਚਾਰ ਕੇ ਨਿਰਣਾ ਕਰ ਲਓ ਕਿ ਸਤਿਗੁਰ ਬਿਨਾਂ ਮੁਕਤੀ ਨਹੀ ਪਾਈਦੀ ।"

ਹੋਰ : "**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥"**

**(ਵਾਰ ਆਸਾ ਮਹਲਾ ੧) ਅੰਗ ੪੬੩**

ਅਰਥਾਤ—"ਸੈਂਕੜੇ ਚੰਦ੍ਰਮਾ ਪਏ ਚੜ੍ਹਨ ਤੇ ਸੂਰਜ ਵੀ ਹਜ਼ਾਰਾਂ ਪ੍ਰਗਟਨ, ਪਰ ਇਸ ਚਾਨਣ ਦੇ ਬਾਵਜੂਦ ਗੁਰੂ ਤੋਂ ਬਿਨਾਂ ਘੋਰ ਹਨੇਰਾ ਹੈ।"

ਸਿੱਖੀ ਦਾ ਇਹ ਸਿਧਾਂਤ ਬੁਨਿਆਦੀ ਹੈ ਤੇ ਦੋਹਾਂ ਨੂੰ "**ਮੂਲ ਮੰਤ੍ਰ**" ਵਿਚ ਹੀ ਦਰਜ ਕਰ ਦਿੱਤਾ ਗਿਆ ਹੈ ਜਿਵੇਂ **ੴ** ਬੁਨਿਆਦੀ ਹੈ, ਜੇ "**ੴ**" ਦੀ ਪ੍ਰਾਪਤੀ ਜੀਵਣ ਦਾ ਮਨੋਰਥ ਹੈ ਅਤੇ ਇਹ ਪ੍ਰਾਪਤੀ ਗੁਰੂ ਦੀ ਕ੍ਰਿਪਾ ਰਾਹੀਂ ਹੁੰਦੀ ਹੈ, ਤਾਂ ਇਸ ਦਾ ਇਹ ਭਾਵ ਹੈ ਕਿ "**ਗੁਰਪ੍ਰਸਾਦਿ**" ਸਿੱਖੀ ਦਾ ਮੁੱਢਲਾ ਅਸੂਲ ਹੀ ਹੈ ।

ਭਾਰਤ ਦੇਸ਼ ਅੰਦਰ ਇਹੋ ਸਿਧਾਂਤ ਗੁਰੂ ਸਾਹਿਬ ਤੋਂ ਪਹਿਲਾਂ ਵੀ ਪ੍ਰਚਾਰਿਆ ਜਾਂਦਾ ਰਿਹਾ ਹੈ । ਵੇਦਾਂ, ਸ਼ਾਸਤ੍ਰਾਂ ਤੇ ਹੋਰ ਧਰਮ ਗ੍ਰੰਥਾਂ ਵਿਚ ਇਸ ਦਾ ਖੁੱਲਾ ਜ਼ਿਕਰ, ਬੜੇ ਸਪੱਸ਼ਟ ਸ਼ਬਦਾਂ ਵਿਚ ਕੀਤਾ ਜਾਂਦਾ ਰਿਹਾ ਹੈ।

ਰਮਾਇਣ ਵਿਚ ਸ੍ਰੀ ਰਾਮ ਜੀ ਦਾ ਉਪਦੇਸ਼ ਇਉਂ ਮਿਲਦਾ ਹੈ:-

**"ਗੁਰ ਬਿਨ ਭਵ ਨਿਧ ਤਰਈ ਨ ਕੋਇ ॥"**

ਅਰਥਾਤ "ਗੁਰੂ ਤੋਂ ਬਿਨਾਂ ਕੋਈ ਵੀ ਸੰਸਾਰ ਸਾਗਰ ਨਹੀਂ ਤਰ ਸਕਦਾ ।"

ਹੋਰ ਇਉਂ ਕਿਹਾ: "**ਬਿਨ ਗੁਰ ਹੋਇ ਨ ਗਿਆਨੁ**
**ਗਿਆਨ ਕਿ ਹੋਈ ਬੈਰਾਗ ਬਿਨ ॥**

ਅਰਥਾਤ "ਗੁਰੂ ਬਿਨਾਂ ਗਿਆਨ ਨਹੀਂ ਹੁੰਦਾ ਤੇ ਗਿਆਨ ਲਈ ਵੈਰਾਗ ਵੀ ਚਾਹੀਦਾ ਹੈ ।

ਗੁਰੂ ਸਾਹਿਬ ਨੇ ਇਸ ਸਿਧਾਂਤ ਨੂੰ ਅਪਨਾਇਆ ਸੀ ਪਰ ਇਸ ਵਿਚ ਜੋ ਭੁੱਲਾਂ ਤੇ ਤਰੁੱਟੀਆਂ ਰਹਿ ਗਈਆਂ ਜਾਂ ਆ ਗਈਆਂ ਸਨ ਉਹਨਾਂ ਦੀ ਦਰੁੱਸਤੀ ਵੀ ਸਮੇਂ ਨਾਲ ਕਰ ਦਿੱਤੀ ਸੀ।

ਅੱਜ ਦੇ ਰੋਸ਼ਨ ਜ਼ਮਾਨੇ ਵਿਚ ਕਈ ਵਿਦਵਾਨ ਤੇ ਮੁਤਲਾਸ਼ੀ ਪੁਰਸ਼ ਇਸ ਸਿਧਾਂਤ ਨੂੰ ਹੀ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗ ਪਏ ਹਨ । ਉਹ ਕਹਿੰਦੇ ਹਨ ਕਿ ਉਹ ਪਿਛਲੇ ਲੋਕੀਂ ਭੋਲੇ ਭਾਲੇ ਤੇ ਸਿਧੇ ਸਾਦੇ ਹੁੰਦੇ ਸਨ ਅਤੇ ਉਹਨਾਂ ਦੇ ਵਿਚਾਰਾਂ ਦਾ ਦਾਇਰਾ ਵੀ ਬੜਾ ਤੰਗ ਤੇ ਸੀਮਤ ਸੀ । ਪਰ, ਹੁਣ ਦੁਨੀਆਂ ਦਿਮਾਗ਼ੀ ਤੌਰ 'ਤੇ ਬਹੁਤ ਅਗਾਂਹ ਜਾ ਚੁੱਕੀ ਹੈ । ਹਰ ਮਨੁੱਖ ਲਈ ਰਸਤਾ ਖੁੱਲ੍ਹਾ ਹੈ ਤੇ ਉਹ ਆਪਣੇ ਯਤਨਾਂ ਨਾਲ ਆਪਣਾ ਰਾਹ ਲੱਭ ਕੇ ਵੱਡੀ ਤੋਂ ਵੱਡੀ ਆਤਮਕ ਮੰਜ਼ਲ 'ਤੇ ਪੁੱਜ ਸਕਦਾ ਹੈ । ਟਰਾਈਨ ਤੇ ਕ੍ਰਿਸ਼ਨਾ ਮੂਰਤੀ ਵਰਗੇ ਕਈ ਵਿਦਵਾਨ ਨੇਕ ਨੀਅਤ ਨਾਲ ਇਹ ਸਮਝਦੇ ਹਨ ਕਿ ਕਿਸੇ ਗੁਰੂ ਦੀ ਲੋੜ ਹੀ ਨਹੀਂ । ਜਦ ਹਰ ਮਨੁੱਖ ਆਪਣੇ ਅੰਦਰ ਪਈਆਂ ਸ਼ਕਤੀਆਂ ਦਾ ਆਪ ਮਾਲਕ ਹੈ, ਤਾਂ ਉਹ ਕਿਉਂ ਕਿਸੇ ਦੀ ਮਾਨਸਿਕ ਤੇ ਦਿਮਾਗ਼ੀ ਗ਼ੁਲਾਮੀ ਪਰਵਾਨ ਕਰੇ ।

ਅਸੀਂ ਟਰਾਈਨ (Trine) ਦੇ ਹੂ-ਬ-ਹੂ ਸ਼ਬਦ ਏਥੇ ਦਿੰਦੇ ਹਾਂ—

"Why should any person stultify our own innate nature ? Why seek things second hand ? Why not go direct to the Infinite Source Itself The Inner Guide, the conscience, is the light for all. This is intution and is the voice of the highest self the voice of soul, the voice of God. God within is the guide and all the equal heirs to it."

ਅਰਥਾਤ—"ਅਸੀਂ ਕਿਸੇ ਹੋਰਸ ਨੂੰ ਕਿਉਂ ਆਗਿਆ ਦੇਈਏ ਕਿ ਉਹ ਸਾਡੀ ਅੰਦਰ ਦੀ ਆਪਣੀ ਕੁਦਰਤੀ ਤੇ ਜਮਾਂਦਰੂ ਖਸਲਤ ਨੂੰ ਠੁਕਰਾਏ? ਅਸੀਂ ਕਿਉਂ ਕਿਸੇ ਗੱਲ ਦੀ ਭਾਲ ਦੂਜੇ ਰਾਹੀਂ ਕਰਾਈਏ ? ਸਭ ਦੇ ਮੂਲ ਉਸ ਹਰੀ ਨਾਲ ਸਾਡੀ ਪਹੁੰਚ ਸਿਧੀ ਕਿਉਂ ਨਾ ਹੋਵੇ ? ਅੰਦਰ ਬੈਠਾ ਰਾਹਨੁਮਾ, ਸਾਡੀ ਆਪਣੀ ਜ਼ਮੀਰ ਹੈ ਜੋ ਸਭ ਨੂੰ ਰੋਸ਼ਨੀ ਦੇ ਸਕਦੀ ਹੈ । ਇਹ ਰੋਸ਼ਨੀ ਅੰਦਰਲਾ ਅਨੁਭਵ ਹੈ, ਸਾਡੀ ਅੰਦਰਲੀ ਜੋਤ ਦੀ ਅਵਾਜ਼ ਹੈ, ਆਤਮਾ



ਦੀ ਆਵਾਜ਼ ਹੈ, ਰੱਬ ਦੀ ਆਵਾਜ਼ ਹੈ । ਅੰਦਰ ਵਸਦਾ ਰੱਬ ਸਭ ਕਿਸੇ ਦੀ ਰਾਹਨੁਮਾਈ ਕਰਦਾ ਹੈ ਤੇ ਇਸ ਲਈ ਸਾਰੇ ਹੀ ਇਕੋ ਜਿਹੇ ਵਾਰਸ ਹਨ।"

ਇਹ ਵਿਚਾਰ ਬਹੁਤ ਸੁਧਾਰਕ ਹਨ ਤੇ ਇਨ੍ਹਾਂ ਦੀ ਵੱਧ ਤੋਂ ਵੱਧ ਕਦਰ ਕੀਤੀ ਜਾਣੀ ਚਾਹੀਦੀ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਮਨੁੱਖ ਦੇ ਅੰਦਰ ਪ੍ਰਮਾਤਮਾ ਦੀ ਜੋਤ ਹੈ, ਇਸ ਲਈ ਉਹ ਸਭ ਰੱਬੀ ਅਮੋਲਕ ਖ਼ਜ਼ਾਨਿਆਂ ਦਾ ਮਾਲਕ ਹੈ । ਇਹ ਵੀ ਠੀਕ ਹੈ ਕਿ ਆਖਰਕਾਰ ਕੁਝ ਪ੍ਰਾਪਤ ਕਰਨ ਲਈ ਹਰ ਕਿਸੇ ਨੇ ਆਪ ਹੀ ਯਤਨ ਜਾਂ ਹਿੰਮਤ ਕਰਨੀ ਹੁੰਦੀ ਹੈ । ਗੁਰੂ ਨੇ ਕਿਸੇ ਹੋਰਸ ਨੂੰ ਕੁਝ ਘੋਲ ਕੇ ਪਿਲਾ ਨਹੀਂ ਦੇਣਾ ਹੁੰਦਾ ਤੇ ਨਾ ਹੀ ਕਿਸੇ ਛੂ ਮੰਤ੍ਰ ਨਾਲ ਜਾਂ ਕਿਸੇ ਗੈਬੀ ਕਰਾਮਾਤ ਨਾਲ ਕਿਸੇ ਨੂੰ ਦੇਵਤਾ ਕਰ ਦੇਣਾ ਹੁੰਦਾ ਹੈ । ਹਰ ਇਕ ਨੇ ਆਪਣੀ ਕਿਸਮਤ ਆਪ ਹੀ ਬਣਾਣੀ ਹੈ । ਜਿਹੜਾ ਕੰਮ ਕਿਸੇ ਨੇ ਆਪ ਕਰਨਾ ਹੈ ਉਹ ਉਸਨੇ ਆਪ ਹੀ ਕਰਨਾ ਹੁੰਦਾ ਹੈ ਤੇ ਗੁਰੂ ਨੇ ਵੀ ਉਹ ਨਹੀਂ ਕਰਨਾ ਹੁੰਦਾ । ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਇਨਸਾਨ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਆਪਣੇ ਅੰਦਰ ਪਏ ਬੇਅੰਤ ਚਸ਼ਮਿਆਂ ਦਾ ਮਾਲਕ ਕਿਵੇਂ ਬਣੇ । ਉਸ ਨੇ ਆਤਮ-ਮੰਡਲ ਵਿਚ ਦਾਖ਼ਲ ਹੋਣਾ ਹੁੰਦਾ ਹੈ, ਜਿਥੇ ਉਸ ਨੂੰ ਸਹੀ ਅਗਵਾਈ ਦੀ ਸਦਾ ਲੋੜ ਹੈ, ਨਹੀਂ ਤਾਂ ਉਹ ਕੁਰਾਹੇ ਪੈ ਕੇ ਠੋਕਰਾਂ ਖਾਏਗਾ ਤੇ ਜ਼ਿੰਦਗੀ ਬਰਬਾਦ ਕਰ ਲਏਗਾ । ਸਹੀ ਗੱਲ ਇਹ ਹੈ ਕਿ ਭਾਵੇਂ ਹਰ ਇਕ ਨੂੰ ਕਿਸੇ ਹੱਦ ਤਕ ਅੰਦਰ ਦੀ ਆਵਾਜ਼ ਤੋਂ ਅਗਵਾਈ ਮਿਲਦੀ ਰਹਿੰਦੀ ਹੈ ਪਰ ਇਹ ਪਤਾ ਕਿਵੇਂ ਲੱਗੇ ਕਿ ਇਹ ਆਵਾਜ਼ ਠੀਕ ਹੈ ਜਾਂ ਗ਼ਲਤ ਹੈ । ਖ਼ੁਦ ਟਰਾਈਨ ਨੂੰ ਇਸ ਮਜਬੂਰੀ ਦਾ ਅਹਿਸਾਸ ਹੈ, ਤਾਂ ਹੀ ਉਸ ਨੇ ਇਉਂ ਤੌਖਲਾ ਪ੍ਰਗਟ ਕੀਤਾ ਸੀ:

"Will not this inner voice sometimes mislead?"

ਅਰਥਾਤ "ਕੀ ਇਹ ਅੰਦਰ ਦੀ ਆਵਾਜ਼ ਕਈ ਵਾਰ ਕੁਰਾਹੇ ਤਾਂ ਨਹੀਂ ਪਾ ਦੇਵੇਗੀ ?"

ਇਹ ਤੌਖ਼ਲਾ ਸੱਚਾ ਹੈ ਭਾਵੇਂ ਇਸ ਦਾ ਉੱਤਰ ਉਹਨਾਂ "ਨਹੀ" ਵਿਚ, ਪਰ ਤਰਮੀਮ ਕਰਕੇ ਇਉਂ ਦਿੱਤਾ ਹੈ :

"No, if you listen carefully and in maturity. One must divest himself of all ego, intellectual

pride,prejudices etc. Put all wishes aside, save the one desire to know the truth."

ਅਰਥਾਤ "ਅੰਦਰ ਦੀ ਆਵਾਜ਼ ਕੁਰਾਹੇ ਨਹੀਂ ਪਾਵੇਗੀ ਜੇ ਅਸੀਂ ਉਸ ਨੂੰ ਧਿਆਨ ਨਾਲ ਤੇ ਚੰਗੀ ਤਰ੍ਹਾਂ ਪੱਕ ਕੇ ਸੁਣੀਏ । ਸਾਨੂੰ ਆਪਣੀ ਸਾਰੀ ਹਉਮੈਂ, ਦਿਮਾਗੀ ਮਾਣ ਤੇ ਇਕ-ਪੱਖੀ ਵਿਚਾਰਾਂ ਨੂੰ ਛੱਡਣਾ ਪਏਗਾ । ਕੇਵਲ ਸੱਚ ਦੀ ਪ੍ਰਾਪਤੀ ਦੀ ਖ਼ਾਹਿਸ਼ ਤੋਂ ਬਿਨਾਂ ਬਾਕੀ ਸਭ ਖ਼ਾਹਸ਼ਾਂ ਛੱਡਣੀਆਂ ਹੋਣਗੀਆਂ ।"

ਟਰਾਈਨ ਨੇ ਜੋ ਸ਼ਰਤਾਂ ਲਾਈਆਂ ਹਨ ਨਿਰਸੰਦੇਹ ਉਹ ਬਹੁਤ ਚੰਗੀਆਂ ਹਨ, ਪਰ ਉਨ੍ਹਾਂ ਦੀ ਪੂਰਤੀ ਹੀ ਤਾਂ ਸਭ ਤੋਂ ਵੱਡੀ ਔਕੜ ਹੈ ; ਕਿਉਂਕਿ ਇਹ ਪੂਰਣਤਾ ਮੰਗਦੀ ਹੈ ਜੋ ਕਿਸੇ ਪੂਰਨ ਪੁਰਸ਼ ਦੀ ਤਾਬੇਦਾਰੀ ਤੋਂ ਪ੍ਰਾਪਤ ਹੁੰਦੀ ਹੈ ਫਿਰ ਅੰਦਰਲੀ ਜੋਤ ਜਗਦੀ ਹੈ ।

ਜੀਵਨ ਸਮੱਸਿਆਵਾਂ ਦੇ ਹੱਲ ਅੰਦਰ ਦੀ ਆਵਾਜ਼ ਤੋਂ ਲੱਭਦਿਆਂ ਵਡੇ ਵਡੇ ਰਿਸ਼ੀ ਮੁਨੀ ਕਰਾਹੇ ਪੈਂਦੇ ਰਹੇ ਹਨ । ਮਹਾਤਮਾ ਗਾਂਧੀ ਜੀ ਵਰਗੇ ਮਹਾਂਪੁਰਸ਼ਾਂ ਦੀ ਮਿਸਾਲ ਸਜਰੀ ਤੇ ਤਾਜ਼ਾ ਹੈ । ਉਹਨਾਂ ਸੱਚ ਸੰਬੰਧੀ ਬੜੇ ਤਜਰਬੇ ਕੀਤੇ ਸਨ, ਪਰ ਕਈ ਵਾਰ ਉਨ੍ਹਾਂ ਨੂੰ ਇਸ ਗੱਲ ਦਾ ਇਕਬਾਲ ਕਰਨਾ ਪਿਆ ਸੀ ਕਿ ਉਨ੍ਹਾਂ ਨੂੰ ਅੰਦਰੋਂ ਠੀਕ ਆਵਾਜ਼ ਨਹੀਂ ਮਿਲੀ ਸੀ ਅਤੇ ਇਹ ਇਸ ਗੱਲ ਦੇ ਵੀ ਬਾਵਜੂਦ ਕਿ ਉਹ ਆਪ ਬੜੀ ਕਮਾਈ ਵਾਲੇ ਮਹਾਂਪੁਰਸ਼ ਸਨ ।

ਸਹੀ ਗੱਲ ਇਹ ਹੈ ਕਿ ਸਾਡੇ ਆਪਣੇ ਵਿਚਾਰ ਅਧੂਰੇ ਹਨ, ਅਕਲ ਥੋਥੀ ਹੈ, ਨਿਸ਼ਚੇ ਕਮਜ਼ੋਰ ਹਨ, ਗ਼ਲਤੀਆਂ ਥਾਂ ਥਾਂ ਲੱਗਦੀਆਂ ਹਨ । ਇਸੇ ਕਾਰਨ ਜੀਵਨ ਦੇ ਸਭ ਦਾਇਰਿਆਂ ਵਿਚ, ਮਨੁੱਖ ਦੂਜਿਆਂ ਦੇ ਕੀਤੇ ਤਜਰਬਿਆਂ ਤੋਂ ਲਾਭ ਉਠਾਉਂਦਾ ਰਹਿੰਦਾ ਹੈ । ਜੇ ਇਹ ਨਾ ਹੋਵੇ ਤਾਂ ਦੁਨੀਆਂ ਦੇ ਸਭ ਕੰਮ ਖਲੋ ਜਾਣ । ਸਾਇੰਸਦਾਨਾਂ ਨੇ ਕਈ ਕਾਢਾਂ ਕੱਢੀਆਂ ਹਨ ਅਤੇ ਦੁਨੀਆਂ ਇਨ੍ਹਾਂ ਕਾਢਾਂ ਤੋਂ ਬਿਨਾਂ-ਝਿਜਕ ਲਾਭ ਉਠਾਂਉਦੀ ਹੈ । ਪਰਮਾਰਥ ਦੇ ਮੰਡਲ ਵਿਚ ਤੁਰਦਿਆਂ, ਇਸ ਮੰਡਲ ਦੇ ਜਾਣੂਆਂ ਤੋਂ ਲਾਭ ਉਠਾਉਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਏਥੇ ਗਲਤੀਆਂ ਲੱਗਣ ਦੀ ਸੰਭਾਵਨਾ ਕਈ ਗੁਣਾਂ ਵਧ ਜਾਂਦੀ ਹੈ । ਨਿਰੇ ਆਪਣੇ ਦਿਮਾਗ 'ਤੇ ਭਰੋਸਾ ਕਰਕੇ ਤੁਰਨ ਵਾਲੇ ਦਾ ਰਾਹ ਖ਼ਤਰਿਆਂ ਨਾਲ ਭਰਿਆ ਹੁੰਦਾ ਹੈ ਉਹ ਫੁਟਬਾਲ ਦੀ ਤਰ੍ਹਾਂ ਧੱਕੇ ਖਾਂਦਾ ਤੇ ਡੋਲਦਾ ਫਿਰਦਾ ਹੈ । ਇਧਰੋਂ ਓਧਰੋਂ ਵਿਚਾਰ ਮੰਗਦੇ ਫਿਰਨ



ਨਾਲ ਵੀ ਉਸ ਨੂੰ ਸਹੀ ਰਾਹ ਮਿਲ ਜਾਣ ਦੀ ਤਸੱਲੀ ਮੁਸ਼ਕਲ ਹੋ ਜਾਂਦੀ ਹੈ ਤੇ ਉਸ ਦੇ ਨਿਸ਼ਚੇ ਪੱਕਦੇ ਨਹੀਂ । ਹਰ ਕਿਸੇ ਦੀ ਅਗਵਾਈ ਕੋਈ ਅਗਵਾਈ ਨਹੀਂ ਹੁੰਦੀ ਤੇ ਮਨੁੱਖੀ ਦਿਮਾਗ ਹੇਰਾਫੇਰੀਆਂ ਵਿਚ ਉਲਝਿਆ ਰਹਿੰਦਾ ਹੈ। ਗੁਰੂ ਜੀ ਨੇ ਇਸ ਗੱਲ ਨੂੰ ਇਕ ਅਲੰਕਾਰ ਨਾਲ ਸਪੱਸ਼ਟ ਕੀਤਾ ਹੈ ।

"ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ
ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ ਖੇਤੈ ਅੰਦਰਿ
ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ
ਬਪੁੜੇ ਭੀ ਤਨ ਵਿਚਿ ਸੁਆਹ ॥੩॥

(ਵਾਰ ਆਸਾ ਮਹਲਾ ੧) ਅੰਗ : ੪੬੩

ਅਰਥਾਤ "ਜੋ ਲੋਕ ਆਪਣੇ ਮਨ ਵਿਚ ਹੀ ਆਪਣੇ ਆਪ ਨੂੰ ਸਿਆਣਾ ਮੰਨੀ ਬੈਠੇ ਹਨ ਤੇ ਗੁਰੂ ਦੀ ਲੋੜ ਅਨੁਭਵ ਹੀ ਨਹੀਂ ਕਰਦੇ, ਉਨ੍ਹਾਂ ਦੀ ਜ਼ਿੰਦਗੀ ਉਨ੍ਹਾਂ ਦੀ ਜ਼ਿੰਦਗੀ ਉਨ੍ਹਾਂ ਝੂਠੇ ਤਿਲਾਂ ਵਾਂਗ ਹੈ ਜੋ ਖੇਤ ਵਿਚ ਐਵੇਂ ਹੀ ਛੱਡ ਦਿੱਤੇ ਜਾਂਦੇ ਹਨ । (ਇਸ ਤਰ੍ਹਾਂ ਖੇਤ ਵਿਚ ਪਿਆਂ) ਉਨ੍ਹਾਂ ਦੇ ਸੌ ਮਾਲਕ ਬਣ ਜਾਂਦੇ ਹਨ (ਜੋ ਆਇਆ ਚੁੱਕ ਕੇ ਲੈ ਗਿਆ) । ਉਹ ਜ਼ਾਹਰਾ ਤਾਂ ਫਲਦੇ ਫੁਲਦੇ ਨਜ਼ਰ ਆਉਂਦੇ ਹਨ, ਪਰ ਉਹਨਾਂ ਵਿਚਾਰਿਆਂ ਦੇ ਤਨ ਵਿਚ ਸੁਆਹ ਹੀ ਰਹਿੰਦੀ ਹੈ ।"

ਇਸ ਦਾ ਪ੍ਰਭਾਵ ਇਹ ਹੈ ਕਿ ਜਿਨ੍ਹਾਂ ਨੂੰ ਗੁਰੂ ਦੀ ਅਗਵਾਈ ਪ੍ਰਾਪਤ ਨਹੀਂ ਹੁੰਦੀ ਉਹ ਬੁਆੜ ਦੇ ਤਿਲਾਂ ਵਾਂਙ ਹੀ ਸੁੰਞੇ ਹਨ ਅਤੇ ਉਨ੍ਹਾਂ ਦੇ ਸਉ ਨਾਂ (ਮਾਲਕ) ਹੁੰਦੇ ਹਨ ; ਭਾਵ ਸਾਰੇ ਹੀ ਉਨ੍ਹਾਂ ਦੇ ਦਿਮਾਗ਼ਾਂ 'ਤੇ ਗਲਬਾ ਪਾ ਕੇ ਉਨ੍ਹਾਂ ਦਾ ਰਾਹ ਧੁੰਦਲਾ ਕਰ ਦਿੰਦੇ ਹਨ ਅਤੇ ਕੋਈ ਪੱਕਾ ਜੀਵਨ ਧੁਰਾ ਨਾ ਹੋਣ ਦੇ ਕਾਰਨ ਨਿਸ਼ਚੇ ਅਧੂਰੇ ਤੇ ਕਮਜ਼ੋਰ ਰਹਿੰਦੇ ਹਨ । ਇਸ ਤੋਂ ਛੁੱਟ ਹਰ ਮਨੁੱਖ ਦਾ ਜੀਵਨ ਉਸ ਦੇ ਆਪਣੇ ਸੁਭਾਵ ਦੇ ਅਧੀਨ ਚਲਦਾ ਹੈ । ਅਕਲ ਜਾਂ ਦਲੀਲ ਦੀ ਓਥੇ ਪੇਸ਼ ਹੀ ਨਹੀਂ ਜਾਂਦੀ । ਗੁਰੂ ਦੀ ਪੂਰੀ ਤਾਬੇਦਾਰੀ, ਸੁਭਾਵ ਦੇ ਬਦਲਣ ਵਿਚ ਸਹਾਇਤਾ ਕਰਦੀ ਹੈ । ਇਸੇ ਲਈ ਗੁਰੂ ਸਾਹਿਬ, ਗੁਰੂ ਦੀ ਲੋੜ ਉਤੇ ਬੜਾ ਜ਼ੋਰ ਦਿੰਦੇ ਵਿਖਾਏ ਗਏ ਹਨ ।

ਪਰ ਵੇਖਣ ਵਾਲੀ ਜ਼ਰੂਰੀ ਗੱਲ ਇਹ ਹੈ ਕਿ ਜਿਸ ਅਗਵਾਈ ਦਾ ਜ਼ਿਕਰ ਮਹਾਰਾਜ ਏਥੇ ਕਰਦੇ ਹਨ ਉਹ ਅਗਵਾਈ ਬੇਨੁਕਸ ਹੈ, ਮੁਕੰਮਲ ਹੈ। ਕਿਉਂਕਿ ਤਾਬੇਦਾਰੀ ਮੁਕੰਮਲ ਤੌਰ 'ਤੇ ਕੀਤੀ ਜਾਣੀ ਹੈ, ਇਸ ਲਈ ਗੁਰੂ

ਦੀ ਅਗਵਾਈ ਦਾ ਬੇਨੁਕਸ ਹੋਣਾ ਆਪੇ ਹੀ ਲਾਜ਼ਮੀ ਹੋ ਜਾਂਦਾ ਹੈ, ਨਹੀਂ ਤਾਂ ਇਹ ਅਗਵਾਈ ਕਬੂਲੀ ਨਹੀਂ ਜਾਣੀ ਚਾਹੀਦੀ। ਗੁਰੂ ਜੀ ਸਮਝਾਂਦੇ ਹਨ :

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"

(ਸਿਰੀ ਰਾਗ ਮਹਲਾ ੧) ਅੰਗ ੬੧

ਅਰਥਾਤ "ਸਭ ਕੋਈ ਭੁਲਦਾ ਹੈ । ਕੇਵਲ ਕਰਤਾਰ-ਗੁਰੂ ਅਭੁੱਲ ਹੈ (ਜਾਂ ਉਸ ਦਾ ਰੂਪ ਗੁਰੂ ਅਭੁੱਲ ਹੈ )।"

ਹੋਰ : "ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥

(ਭੈਰਉ ਮਹਲਾ ੫) ਅੰਗ ੧੧੪੦

ਅਰਥਾਤ "ਜੋ ਦਿਸ ਰਿਹਾ ਹੈ ਉਹ ਸਭ ਰੋਗੀ ਹੈ । ਰੋਗ ਤੋਂ ਖ਼ਾਲੀ ਕੇਵਲ ਮੇਰਾ ਸਤਿਗੁਰ ਜੋਗੀ ਹੈ ।"

ਆਰੰਭ ਦੇ ਸ਼ਬਦ ਵਿਚ ਵੀ ਤਾਂ ਗੁਰੂ ਨੂੰ ਰੱਬ ਦਾ ਦਰਜਾ ਹੀ ਦੇ ਦਿੱਤਾ ਗਿਆ ਹੈ । ਇਸ ਤਰ੍ਹਾਂ ਗੁਰੂ ਦੀ ਪ੍ਰਮੇਸ਼ਰ ਨਾਲ ਇਕ ਤਰ੍ਹਾਂ ਅਭੇਦਤਾ ਪ੍ਰਗਟ ਕੀਤੀ ਗਈ ਸੀ । ਗੁਰੂ ਉਹ ਹੈ ਜੋ ਪ੍ਰਮੇਸ਼ਰ ਦਾ ਰੂਪ ਹੈ ਭਾਵ ਜਿਸ ਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਚੁੱਕੀ ਹੋਈ ਹੈ । ਅਸਲ ਗੱਲ ਇਹ ਹੈ ਕਿ ਸਭ ਤੋਂ ਵੱਡਾ ਤੇ ਮੁਕੰਮਲ ਗੁਰੂ ਤਾਂ ਕੇਵਲ ਉਹ ਸਰਬ-ਸ਼ਕਤੀਮਾਨ ਪ੍ਰਮਾਤਮਾ ਜਾਂ ਉਸ ਦਾ ਗਿਆਨ ਹੀ ਹੋ ਸਕਦਾ ਹੈ । ਦਸਮ ਪਾਤਸ਼ਾਹ ਕਹਿੰਦੇ ਹਨ :

"ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਉ ਹਮਾਰਾ ॥"

(ਚੌਪਈ, ਪਾਤਸ਼ਾਹੀ ੧੦)

ਅਰਥਾਤ "ਸਾਡਾ ਗੁਰੂ ਉਹ ਹੈ ਜਿਸਦਾ ਅਵਤਾਰ (ਪ੍ਰਗਟਾਵਾ) ਆਦਿ ਤੋਂ ਅੰਤ ਤਕ ਲਗਾਤਾਰ ਹੈ ।"

ਹੋਰ : "ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥"

(ਸੋਰਠਿ ਮਹਲਾ ੧) ਅੰਗ ੫੯੯

ਅਰਥਾਤ "ਨਾਨਕ ਨੂੰ ਉਹ ਗੁਰੂ ਮਿਲਿਆ ਹੈ, ਜੋ ਪਾਰਬ੍ਰਹਮ ਹੈ, ਪ੍ਰਮੇਸ਼ਰ ਹੈ ਤੇ ਪਰ੍ਹੇ ਤੋਂ ਪਰ੍ਹੇ ਹੈ।"



ਜੇ ਗੁਰੂ ਨੂੰ ਪ੍ਰਮਾਤਮਾ ਤੋਂ ਘੱਟ ਦਰਜਾ ਨਹੀਂ ਦਿੱਤਾ ਜਾ ਸਕਦਾ ਤਾਂ ਇਸ ਦਾ ਭਾਵ ਇਹ ਹੈ ਕਿ ਮਨੁੱਖ ਜਾਮੇ ਵਿਚ ਕੇਵਲ ਓਹ ਹੀ ਗੁਰੂ ਹੋ ਸਕਦਾ ਹੈ ਜੋ ਉਸ ਪ੍ਰਮਾਤਮਾ ਦਾ ਰੂਪ ਹੋ ਗਿਆ ਹੋਵੇ, ਅਤੇ ਜਿਸ ਵਿਚ ਉਸ ਦਾ ਗਿਆਨ ਪੂਰਨ ਤੌਰ 'ਤੇ ਪ੍ਰਗਟ ਹੋਵੇ । ਇਹ ਗੱਲ ਦੀ ਤਸਦੀਕ ਉਹਨਾਂ ਆਪ ਹੀ ਇਉਂ ਕਹਿ ਕੇ ਕਰ ਦਿੱਤੀ ਸੀ ਕਿ ਉਹਨਾਂ ਦੀ ਆਵਾਜ਼ ਜਾਂ ਉਹਨਾਂ ਦਾ ਸ਼ਬਦ ਪ੍ਰਮਾਤਮਾ ਦੀ ਆਵਾਜ਼ ਜਾਂ ਸ਼ਬਦ ਹੈ :-

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥"

(ਤਿਲੰਗ ਮਹਲਾ ੧) ਅੰ: ੭੨੨

ਅਰਥਾਤ "ਹੇ ਲਾਲੋ, ਜਿਵੇਂ ਪ੍ਰਮਾਤਮਾ ਦੀ ਬਾਣੀ ਮੈਨੂੰ ਉਤਰਦੀ ਹੈ ਤਿਵੇਂ ਮੈਂ ਦੁਨੀਆਂ ਨੂੰ ਗਿਆਨ ਦੀ ਗੱਲ ਦੱਸਦਾ ਹਾਂ ।"

ਹੋਰ : "ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ

ਅੰਗ ੭੨੩

(ਤਿਲੰਗ ਮਹਲਾ ੧)

ਅਰਥਾਤ "ਨਾਨਕ ਸਚ ਹਰੀ ਦੀ ਬਾਣੀ ਹੀ ਕਹਿੰਦਾ ਹੈ ।

ਹੋਰ : ਮੈ ਕਹਿਆ ਸਭੁ ਹੁਕਮਾਉ ਜੀਉ ॥"

(ਸੂਹੀ ਛੰਤ ਮਹਲਾ ੧)

ਅਰਥਾਤ "ਮੈਂ ਓਹ ਕੁਝ ਕਿਹਾ ਹੈ ਜੋ ਉਸ ਦਾ ਹੁਕਮ ਹੋਇਆ ਹੈ।"

ਗੁਰੂ ਰਾਮਦਾਸ ਜੀ ਕਹਿੰਦੇ ਹਨ :

"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥"

(ਗਉੜੀ ਮਹਲਾ ੪) ਅੰਗ ੩੦੮

ਅਰਥਾਤ "ਹੇ ਗੁਰਸਿੱਖੋ, ਸਤਿਗੁਰ ਦੀ ਬਾਣੀ ਨੂੰ ਸੱਚਾ ਮੰਨੋ ਕਿਉਂਕਿ ਉਸ ਕਰਤੇ ਨੇ ਆਪ ਹੀ ਮੂੰਹੋਂ ਕਢਾਈ ਹੈ ।"

ਹੋਰ : "ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ ॥"
(ਵਾ.ਗ.ਮਹਲਾ ੪) ਅੰਗ ੩੦੬

ਅਰਥਾਤ "ਇਹ ਬਚਨ (ਜੋ ਮੈਂ ਕਹੇ ਹਨ ) ਉਸ ਹਰੀ ਦੇ ਕਹੇ

ਹੋਏ ਹਨ ਜਿਸ ਨੇ ਸਾਰਾ ਜਗਤ ਪੈਦਾ ਕੀਤਾ ਹੈ ।"

ਆਰੰਭ ਵਿਚ ਆਏ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਦੀ ਆਖਰੀ ਸਤਰ ਗਹੁ ਨਾਲ ਪੜ੍ਹੀ ਜਾਣ ਵਾਲੀ ਹੈ । ਕਹਿੰਦੇ ਹਨ :

"ਗੁਰ ਕਾ ਸਬਦੁ ਨਾ ਮੇਟੈ ਕੋਇ ॥
ਗੁਰੁ ਨਾਨਕੁ ਨਾਨਕੁ ਹਰਿ ਸੋਇ ॥" (ਅੰਗ ੮੬੪)

ਅਰਥਾਤ "ਗੁਰ ਦਾ ਸ਼ਬਦ ਅਮਿਟ ਹੈ । ਇਹ ਸ਼ਬਦ ਗੁਰੂ ਨਾਨਕ ਦਾ ਹੈ ਤੇ ਨਾਨਕ ਹਰੀ ਆਪ ਹੈ ।"

ਗੁਰੂ ਨਾਨਕ ਇਸ ਲਈ ਗੁਰੂ ਹੈ, ਕਿਉਂਕਿ ਗੁਰੂ ਨਾਨਕ ਹਰੀ ਆਪ ਹੈ । ਗੁਰੂ ਨਾਨਕ ਹਰੀ ਨਾਲ ਅਭੇਦ ਹੈ । ਗੁਰੂ ਨਾਨਕ ਦਾ ਦੇਹਧਾਰੀ ਰੂਪ ਮਿਟ ਸਕਦਾ ਹੈ ਪਰ ਉਸ ਦੇ ਸ਼ਬਦ ਨੂੰ ਕੋਈ ਮੇਟ ਨਹੀਂ ਸਕਦਾ । ਸ਼ਬਦ ਅਟੱਲ ਗੁਰੂ ਹੈ ; ਕਿਉਂਕਿ ਅਬਿਨਾਸ਼ੀ ਪ੍ਰਮਾਤਮਾ ਤੋਂ ਗੁਰੂ ਨਾਨਕ ਰਾਹੀਂ ਉਤਰਿਆ ਹੈ । ਗੁਰੂ ਨਾਨਕ ਗੁਰੂ ਇਸ ਲਈ ਹੈ ਕਿ ਉਹ ਪ੍ਰਮਾਤਮਾ ਦਾ ਪ੍ਰਗਟ ਰੂਪ ਹੈ ।

ਭਾਰਤ ਦੇਸ ਦਾ ਪੁਰਾਣਾ ਖਿਆਲ ਵੀ ਇਸ ਉਤਲੀ ਵਿਚਾਰ ਨਾਲ ਮਿਲਦਾ ਹੈ । ਸ੍ਰੀ ਰਾਮ ਚੰਦਰ ਜੀ ਜਾਂ ਸ੍ਰੀ ਕ੍ਰਿਸ਼ਨ ਜੀ ਨੇ ਦੁਨੀਆਂ ਦੀ ਅਗਵਾਈ ਕੀਤੀ ਸੀ ਤੇ ਉਹਨਾਂ ਨੂੰ ਰੱਬ ਦਾ ਰੂਪ ਕਰਕੇ ਹੀ ਪੇਸ਼ ਕੀਤਾ ਤੇ ਮੰਨਿਆ ਗਿਆ ਸੀ, ਭਾਵੇਂ ਸਮੇਂ ਨਾਲ ਉਹਨਾਂ ਨੂੰ ਰੱਬ ਦਾ ਅਵਤਾਰ ਹੀ ਸਮਝਿਆ ਤੇ ਮੰਨਿਆ ਜਾਣ ਲੱਗ ਪਿਆ ਸੀ । ਸਿੱਖ ਧਰਮ ਅੰਦਰ ਇਹ ਭੁਲੇਖਾ ਨਹੀਂ ਸੀ ਪੈਣ ਦਿੱਤਾ ਗਿਆ ਕਿਉਂਕਿ ਇਸ ਸੰਬੰਧੀ ਮਹਾਰਾਜ ਦੇ ਵਿਚਾਰ ਬੜੇ ਸਪੱਸ਼ਟ ਰਹੇ ਸਨ । ਪ੍ਰਮਾਤਮਾ ਅਜੂਨੀ ਹੈ, ਭਾਵ ਉਹ ਜਨਮ ਨਹੀਂ ਲੈਂਦਾ । ਜੇ ਉਹ ਜਨਮ ਮਰਨ ਤੋਂ ਰਹਿਤ ਹੀ ਹੈ ਤਾਂ 'ਅਵਤਾਰ ਸਿਧਾਂਤ' ਠਹਿਰ ਹੀ ਨਹੀਂ ਸਕਦਾ :-

"ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥"
(ਭੈਰਉ ਮਹਲਾ ੧) ਅੰਗ ੧੧੩੬

ਅਰਥਾਤ "ਤੇਰਾ ਉਹ ਮੂੰਹ ਸੜ ਜਾਏ ਜੋ ਇਹ ਕਹੇ ਕਿ ਪ੍ਰਮਾਤਮਾ ਜਨਮ ਲੈਂਦਾ ਹੈ ।"

ਦਸਮ ਪਾਤਿਸ਼ਾਹ ਨੇ ਬਚਿਤ੍ਰ ਨਾਟਕ ਵਿਚ, ਇਸ ਤੋਂ ਵੀ ਵੱਧ ਇਉਂ ਸਪੱਸ਼ਟ ਕੀਤਾ ਸੀ :



ਜੇ ਹਮ ਕੋ ਪ੍ਰਮੇਸੁਰ ਉਚਰਿ ਹੈ । ਤੇ ਸਭ ਨਰਕਿ ਕੁੰਡ
ਮਹਿ ਪਰਿ ਹੈ । ਮੋ ਕੋ ਦਾਸੁ ਤਵਨ ਕਾ ਜਾਨੋ । ਯਾ ਮੈ
ਭੇਦੁ ਨ ਰੰਚ ਪਛਾਨੋ ।" ੩੨ (ਬਚਿੱਤ੍ਰ ਨਾਟਕ)

ਅਰਥਾਤ —"ਜੋ ਮੈਨੂੰ ਪ੍ਰਮੇਸ਼ਰ ਕਹੇਗਾ ਉਹ ਕੁੰਡੀ ਨਰਕ ਵਿਚ ਪਏਗਾ। ਮੈਨੂੰ ਉਸ ਦਾ ਸੇਵਕ ਸਮਝੋ, ਇਸ ਵਿਚ ਜ਼ਰਾ ਵੀ ਭੁਲੇਖਾ ਨਹੀਂ ਹੈ।"

ਉਂਞ ਤਾਂ ਹਰ ਮਨੁੱਖ ਅੰਦਰ ਪ੍ਰਮਾਤਮਾ ਦੀ ਜੋਤ ਹੈ । ਇਸ ਲਈ ਇਕ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਉਸ ਜੋਤ ਨੇ ਹੀ ਸਭ ਮਨੁੱਖਾਂ ਅੰਦਰ ਜਨਮ ਲਿਆ ਹੈ। ਪਰ ਜੋ ਮਹਾਂਪੁਰਸ਼ ਉਸ ਜੋਤ ਦੇ ਦਰਸ਼ਨ ਪ੍ਰਤੱਖ ਕਰ ਲੈਂਦੇ ਹਨ ਤੇ ਉਸ ਨਾਲ ਇਕ ਸੁਰ ਹੋ ਜਾਂਦੇ ਹਨ ਹੁਣ ਉਨ੍ਹਾਂ ਦਾ ਸੰਸਾਰ ਨੂੰ ਅਗਵਾਈ ਦੇਣਾ ਇਕ ਤਰ੍ਹਾਂ ਉਸ ਪ੍ਰਮਾਤਮਾ ਦੀ ਅਗਵਾਈ ਦੇ ਤੁੱਲ ਹੀ ਸਮਝਿਆ ਜਾ ਸਕਦਾ ਹੈ । ਇਨ੍ਹਾਂ ਅਰਥਾਂ ਵਿਚ ਗੁਰੂ, ਅਵਤਾਰ, ਰਸੂਲ, ਰੱਬ ਦੇ ਪੁੱਤ,ਸਭ ਇਕ ਹੀ ਕਤਾਰ ਵਿਚ ਆ ਜਾਂਦੇ ਹਨ। ਭੁਲੇਖਾ ਉਦੋਂ ਪੈਂਦਾ ਹੈ ਜਦੋਂ ਵਿਚਾਰ ਦੇ ਸਪਿਰਟ ਨੂੰ ਛੱਡ ਕੇ ਲਫ਼ਜ਼ਾਂ ਦੀ ਕੈਦ ਵਿਚ ਦਾਖ਼ਲ ਹੋ ਜਾਈਦਾ ਹੈ । ਜਿਸ ਤੋਂ ਬਾਅਦ ਵਿਚ, ਨਿਕਲਣਾ ਔਖਾ ਹੋ ਜਾਂਦਾ ਹੈ ।

ਗੁਰੂ ਉਹ ਹੈ ਜੋ ਰੱਬ ਦਾ ਨਿਰੋਲ ਰੂਪ ਹੈ ਤੇ ਜਿਸ ਨੇ ਰੱਬ ਨੂੰ ਆਪਣੇ ਜੀਵਨ ਵਿਚ ਪ੍ਰਤੱਖ ਕਰ ਲਿਆ ਹੈ । ਗੁਰੂ ਅਰਜਨ ਦੇਵ ਕਹਿੰਦੇ ਹਨ :

"ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥"
(ਗਉੜੀ ਸੁਖਮਨੀ ਮਹਲਾ ੫) ਅੰਗ ੨੮੬

ਅਰਥਾਤ "ਸਤਿਗੁਰੂ ਓਹੋ ਹੋ ਸਕਦਾ ਹੈ ਜਿਸ ਨੇ ਸਤਿਪੁਰਖ ਵਾਹਿਗੁਰੂ ਨੂੰ ਜਾਣ ਲਿਆ ਹੈ ।"

ਗੁਰੂ ਰਾਮਦਾਸ ਜੀ ਗੁਰੂ ਦੇ ਹੋਰ ਗੁਣ ਇਉਂ ਦੱਸਦੇ ਹਨ :

"ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥
(ਗਉੜੀ ਬੈਰਾਗਣ ਮਹਲਾ ੪) ਅੰਗ ੧੬੮

ਅਰਥਾਤ "ਸਤਿਗੁਰੂ ਉਸ ਨੂੰ ਕਹਿਣਾ ਚਾਹੀਦਾ ਹੈ ਜਿਸ ਦੇ

ਮਿਲਿਆਂ ਮਨ ਵਿਚ ਅਨੰਦ ਆ ਵਸਦਾ ਹੈ, ਮਨ ਦਾ ਦਵੈਤ-ਭਾਵ ਮੁਕ ਜਾਂਦਾ ਹੈ ਤੇ ਹਰੀ ਦੀ ਪ੍ਰਾਪਤੀ ਰੂਪ ਪਰਮ ਪਦ ਲੱਭ ਜਾਂਦਾ ਹੈ ।"

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਇਉਂ ਬੋਲਦੇ ਹਨ :

ਅੰਧਕਾਰ ਮਹਿ ਗੁਰ ਮੰਤ੍ਰ ਉਜਾਰਾ ॥

ਗੁਰ ਕੈ ਸੰਗਿ ਸਗਲ ਨਿਸਤਾਰਾ ॥

(ਗੋਂਡ ਮਹਲਾ ੫) ਅੰਗ ੮੬੪

ਅਰਥਾਤ-"ਸੰਸਾਰ ਦੇ ਹਨੇਰੇ ਵਿਚ ਗੁਰੂ ਦਾ ਸ਼ਬਦ ਚਾਨਣਾ ਕਰਦਾ ਹੈ । ਗੁਰੂ ਦੀ ਸੰਗਤ ਵਿਚ ਸਭ ਦਾ ਪਾਰ ਉਤਾਰਾ ਹੁੰਦਾ ਹੈ ।"

ਹੋਰ : "ਗੁਰ ਕੀ ਸੇਵਾ ਦੂਖੁ ਨ ਲਾਗੀ ॥" (ਗੋਂਡ ਮਹਲਾ ੫) ਅੰਗ ੮੬੪

ਅਰਥਾਤ "ਗੁਰੂ ਦੀ ਸੇਵਾ ਨਾਲ ਅਰਥਾਤ ਗੁਰੂ ਦੀ ਅਗਵਾਈ ਨਾਲ ਦੁੱਖ ਨਹੀਂ ਲੱਗ ਸਕਦੇ ।

ਗੁਰੂ ਉਹ ਹੈ ਜਿਸ ਨੂੰ ਪੂਰਨ ਤੌਰ 'ਤੇ ਰੱਬ ਦੀ ਪ੍ਰਾਪਤੀ ਹੋ ਚੁਕੀ ਹੈ ਤੇ ਉਹ ਹੋਰਨਾਂ ਨੂੰ ਵੀ ਉਸ ਨਾਲ ਮਿਲਾ ਸਕਦਾ ਹੈ । ਇਹੋ ਜਿਹੀਆਂ ਹਸਤੀਆਂ ਜਗਤ ਵਿਚ ਕਦੇ ਕਦੇ ਹੁੰਦੀਆਂ ਹਨ । ਇਸ ਗੱਲ ਨੂੰ ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਉਹ ਆਪ ਹੀ ਉਹਨਾਂ ਨੂੰ ਸਮੇਂ ਦੀ ਲੋੜ ਅਨੁਸਾਰ ਭੇਜਦਾ ਰਹਿੰਦਾ ਹੈ । ਜਦ ਕਦੇ ਜਗਤ ਅੰਦਰ ਅੰਧਕਾਰ ਵਰਤ ਜਾਂਦਾ ਹੈ ਤਾਂ ਜਗਤ ਦੀ ਅਗਵਾਈ ਤੇ ਉਧਾਰ ਲਈ ਉਹ ਆਪ ਹੀ ਕਿਰਪਾ ਕਰਕੇ ਗੁਰੂ ਨਾਨਕ ਵਰਗੀਆਂ ਮਹਾਨ ਸ਼ਖ਼ਸੀਅਤਾਂ ਭੇਜਦਾ ਹੈ ।

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ।"

(ਭਾਈ ਗੁਰਦਾਸ ਜੀ)

ਅਰਥਾਤ "ਕਰਤਾਰ ਨੇ ਦੁਖੀ ਜਗਤ ਦੀ ਪੁਕਾਰ ਸੁਣ ਕੇ ਗੁਰੂ ਨਾਨਕ ਨੂੰ ਜਗਤ ਵਿਚ ਭੇਜਿਆ ।"

ਦਸਮ ਪਾਤਿਸ਼ਾਹ ਇਸ ਗੱਲ ਨੂੰ ਰੱਬ ਦੇ ਮੂੰਹ ਵਿਚ ਪਾ ਕੇ ਇਉਂ ਬਿਆਨ ਕਰਦੇ ਹਨ :

"ਮੈ ਅਪਨਾ ਸੁਤ ਤੋਹਿ ਨਿਵਾਜਾ ।

ਪੰਥੁ ਪ੍ਰਚੁਰ ਕਰਬੇ ਕਹ ਸਾਜਾ ।"



(ਬਚਿਤ੍ਰ ਨਾਟਕ ਪਾਤਸ਼ਾਹੀ ੧੦)

ਅਰਥਾਤ "ਮੈਂ ਤੈਨੂੰ ਆਪਣਾ ਪੁੱਤਰ ਬਣਾਇਆ ਹੈ ਤੇ ਧਰਮ ਦੇ ਪ੍ਰਚਾਰ ਲਈ ਤੈਨੂੰ ਤਿਆਰ ਕੀਤਾ ਹੈ ।"

**'ਗੁਰੂ'** ਪਦ ਦੀ ਸਹੀ ਵਿਆਖਿਆ ਇਹੋ ਹੈ ਤੇ ਇਸ ਦੀ ਇਸ ਸਮੇਂ ਬਹੁਤ ਲੋੜ ਵੀ ਹੈ ; ਕਿਉਂਕਿ ਇਸ ਵਿਸ਼ੇ 'ਤੇ ਬੜੇ ਭੁਲੇਖੇ ਪੈ ਚੁਕੇ ਹਨ। ਇਕ ਪਾਸੇ ਉਹ ਹਨ ਜੋ ਗੁਰੂ ਦੀ ਲੋੜ ਹੀ ਨਹੀਂ ਸਮਝਦੇ ਤੇ ਦੂਜੇ ਪਾਸੇ ਅੰਨ੍ਹੇ ਸ਼ਰਧਾਲੂ ਹਨ ਜੋ ਜਣੇ ਖਣੇ ਨੂੰ ਹੀ ਗੁਰੂ ਬਣਾ ਲੈਂਦੇ ਹਨ । ਇਹੋ ਜਿਹੇ ਸ਼ਰਧਾਲੂਆਂ ਦੇ ਹੁੰਦਿਆਂ ਥਾਂ ਥਾਂ ਗੁਰ ਗੱਦੀਆਂ ਕਾਇਮ ਹੁੰਦੀਆਂ ਰਹਿੰਦੀਆਂ ਹਨ । ਚਲਾਕ ਲੋਕ ਇਸ ਗ਼ਲਤ ਕਿਸਮ ਦੀ ਸ਼ਰਧਾ ਤੋਂ ਨਾਜਾਇਜ਼ ਲਾਭ ਉਠਾਂਦੇ ਹਨ ਤੇ ਦੁਨੀਆਂ ਠਗਦੇ ਰਹਿੰਦੇ ਹਨ ।

ਝੂਠ ਤੇ ਦੰਭ ਦਾ ਪ੍ਰਚਾਰ ਇਸੇ ਕਾਰਨ ਹੁੰਦਾ ਰਹਿੰਦਾ ਹੈ । ਚਲਾਕ ਲੋਕਾਂ ਨੇ ਆਪਣੀ ਖੁਦਗਰਜੀ ਲਈ ਇਹ ਖ਼ਿਆਲ ਵੀ ਸੁਟਿਆ ਹੁੰਦਾ ਹੈ ਕਿ ਮਨੁੱਖ ਨੂੰ ਆਪਣਾ ਨਿਸ਼ਚਾ ਤਾਰਦਾ ਹੈ, ਗੁਰੂ ਦੀ ਆਪਣੀ ਸ਼ਖ਼ਸੀਅਤ ਕੋਈ ਫ਼ਰਕ ਨਹੀਂ ਪਾਂਦੀ । ਪਰ ਸਿੱਖੀ ਵਿਚ ਇਸ ਖ਼ਿਆਲ ਨੂੰ ਮੂਰਖਤਾ, ਜਹਾਲਤ ਤੇ ਬੇਸਮਝੀ ਕਿਹਾ ਗਿਆ ਹੈ । ਵੇਖੋ ਗੁਰੂ ਰਾਮਦਾਸ ਜੀ ਦੇ ਇਹ ਬਚਨ :-

"ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ

ਕਿਥਹੁ ਰਜਿ ਖਾਏ ॥ ਜਿ ਸਾਹਿਬ ਕੈ ਘਰਿ ਵਥੁ ਹੋਵੈ

ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ ॥"

(ਵਾਰ ਗਉੜੀ ਮਹਲਾ ੪) ਅੰਗ ੩੦੬

ਅਰਥਾਤ-"ਜਿਸ ਸੇਵਕ ਦਾ ਮਾਲਕ ਹੀ ਨੰਗਾ ਭੁੱਖਾ ਹੋਵੇ, ਉਹ ਸੇਵਕ ਕਿਵੇਂ ਰੱਜ ਕੇ ਖਾ ਸਕਦਾ ਹੈ, ਜੋ ਮਾਲਕ ਦੇ ਘਰ ਹੋਵੇਗਾ ਉਹੋ ਸੇਵਕ ਨੂੰ ਮਿਲੇਗਾ । ਜੋ ਮਾਲਕ ਪਾਸ ਨਹੀਂ ਉਹ ਸੇਵਕ ਨੂੰ ਕਿਵੇਂ ਮਿਲ ਸਕਦਾ ਹੈ?" ਭਾਵ ਇਹ ਹੈ ਕਿ ਪੂਰਨ ਗੁਰੂ ਤੋਂ ਬਿਨਾਂ ਸਿੱਖ-ਸੇਵਕ ਨੂੰ ਠੀਕ ਅਗਵਾਈ ਨਹੀਂ ਮਿਲ ਸਕੇਗੀ । ਗੁਰੂ ਅਮਰਦਾਸ ਜੀ ਕਹਿੰਦੇ ਹਨ :

"ਅੰਧੇ ਗੁਰੂ ਤੇ ਭਰਮੁ ਨ ਜਾਈ ॥"

(ਮਾਝ ਮਹਲਾ ੩) ਅੰਗ ੨੩੨

ਅਰਥਾਤ-"ਅਗਿਆਨੀ ਗੁਰੂ ਤੋਂ ਭਰਮ ਨਵਿੱਰਤ ਨਹੀਂ ਹੁੰਦੇ ॥"

ਗੁਰੂ ਨਾਨਕ ਦੇਵ ਜੀ ਦੇ ਆਪਣੇ ਬਚਨ ਇਉਂ ਹਨ :

"ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ॥"

(ਵਾਰ ਸਾਰੰਗ ਮਹਲਾ ੧) ਅੰਗ ੧੨੪੫

ਅਰਥਾਤ-"ਜੋ ਗੁਰੂ ਜਾਂ ਪੀਰ ਕਹਾਂਦਾ ਹੈ ਤੇ ਮੰਗਦਾ ਫਿਰਦਾ ਹੈ ਉਸ ਦੀ ਸ਼ਰਨ ਕਦੇ ਨਹੀਂ ਲੈਣੀ ਚਾਹੀਦੀ ।"

"ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥
ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ ॥
ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ॥"

(ਵਾਰ ਰਾਮਕਲੀ ਮਹਲਾ ੩) (ਅੰਗ ੯੫੧)

ਅਰਥਾਤ-"ਜਿਨ੍ਹਾਂ ਦਾ ਗੁਰੂ ਅੰਨ੍ਹਾ ਹੈ ਉਹਨਾਂ ਦੇ ਸਿਖ ਭੀ ਅੰਨ੍ਹੇ ਹਨ, ਅੰਨ੍ਹੇ ਹੀ ਕਰਮ ਕਰਦੇ ਹਨ । ਉਹ ਅਪਨੀ ਮਨ ਮਰਜ਼ੀ ਕਰਦੇ ਹਨ ਤੇ ਨਿਤ ਝੂਠ ਹੀ ਝੂਠ ਬੋਲਦੇ ਰਹਿੰਦੇ ਹਨ । ਉਹ ਕੂੜ ਪਾਪ ਕਮਾਂਦੇ ਤੇ ਸਦਾ ਪਰਾਈ ਨਿੰਦਾ ਵਿਚ ਲੱਗੇ ਰਹਿੰਦੇ ਹਨ । ਉਹ ਪਰਨਿੰਦਕ ਹਨ ਜੋ ਆਪ ਡੁਬੇ ਪਏ ਹਨ ਤੇ ਹੋਰ ਸਭਨਾਂ ਨੂੰ ਵੀ ਡੋਬਦੇ ਹਨ ।"

ਇਹੋ ਜਿਹੇ ਕੱਚੇ ਖ਼ਿਆਲਾਂ ਦੇ ਹੁੰਦਿਆਂ ਅਸਲ ਧਾਰਮਿਕ ਜੀਵਨ ਦੀ ਉਸਾਰੀ ਕਿਵੇਂ ਹੋ ਸਕਦੀ ਹੈ ਜਾਂ ਚੰਗੇ ਨਤੀਜੇ ਕਿਵੇਂ ਨਿਕਲ ਸਕਦੇ ਹਨ ? ਗੁਰੂ ਤੇ ਚੇਲੇ ਦੋਵੇਂ ਇਕ ਦੂਜੇ ਨੂੰ ਤੇ ਆਪਣੇ ਆਪ ਨੂੰ ਧੋਖਾ ਦੇ ਰਹੇ ਹੁੰਦੇ ਹਨ । ਉਹਨਾਂ ਦੇ ਸਾਹਮਣੇ ਧਾਰਮਿਕ ਜੀਵਨ ਦੀ ਕਿਸੇ ਉਸਾਰੀ ਜਾਂ ਸ਼ਖ਼ਸੀਅਤਾਂ ਬਣਨ ਬਣਾਨ ਦਾ ਸਵਾਲ ਹੀ ਨਹੀਂ ਹੁੰਦਾ । ਇਸ ਉਸਾਰੀ ਲਈ ਪਹਿਲੇ ਯੋਗਤਾ ਹੋਵੇ ਤੇ ਫਿਰ ਮਿਹਨਤ ਕਰਨੀ ਪੈਂਦੀ ਹੈ । ਸੇਵਾ, ਤਿਆਗ ਤੇ ਕੁਰਬਾਨੀ ਦੇ ਔਖੇ ਰਾਹਾਂ ਤੋਂ ਲੰਘਣਾ ਪੈਂਦਾ ਹੈ । ਪਰ ਏਥੇ ਗੁਰੂ ਤੇ ਚੇਲਾ ਦੋਵੇਂ ਬਿਨਾਂ ਕੁਝ ਕੀਤਿਆਂ ਕਰਾਇਆਂ ਆਪਣਾ ਆਪਣਾ ਕੰਮ ਕਢਣਾ ਚਾਹੁੰਦੇ ਹਨ । ਚੇਲੇ ਆਪਣੇ ਧਨ ਨਾਲ ਗੁਰੂ ਨੂੰ ਖ਼ੁਸ਼ ਕਰ ਲੈਂਦੇ ਹਨ ਤੇ ਸਮਝ ਲੈਂਦੇ ਹਨ ਕਿ ਉਨ੍ਹਾਂ ਅਗਲੀ ਦੁਨੀਆਂ ਖ਼ਰੀਦ ਲਈ ਹੈ ਤੇ ਦੂਜੇ ਪਾਸੇ ਗੁਰੂ, ਪੈਸੇ ਦੀ ਲੁਟ-ਖਸੁੱਟ ਨਾਲ, ਭਾਵੇਂ ਆਪਣੇ ਮਨ ਦੀ ਤਸੱਲੀ ਤਾਂ ਕਰ ਲੈਂਦੇ ਹਨ ਪਰ ਉਹ ਕੁੰਭੀ ਨਰਕ ਦੇ ਭਾਗੀ ਬਣ ਰਹੇ ਹੁੰਦੇ ਹਨ । ਪ੍ਰਮਾਤਮਾ ਨੂੰ ਤਾਂ ਧੋਖਾ ਨਹੀਂ ਦਿਤਾ ਜਾ ਸਕਦਾ । ਸਿੱਟਾ ਇਹ ਹੁੰਦਾ ਹੈ ਕਿ ਗੁਰੂ ਤੇ ਚੇਲਾ ਦੋਵੇਂ



ਮੂਰਖਾਂ ਦੀ ਖੇਡ ਖੇਡਦੇ ਰਹਿੰਦੇ ਹਨ। ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :

"ਜੇਹਾ ਸੇਵੇ ਤੇਹਾ ਹੋਵੈ ॥" (ਵਾਰ ਬਿਹਾਗੜਾ ਮਹਲਾ ੧)

ਅਰਥਾਤ "ਜੇਹਾ ਪੂਜਯ ਹੁੰਦਾ ਹੈ ਤੇਹਾ ਪੁਜਾਰੀ ।

ਇਸ ਅਫਸੋਸਨਾਕ ਹਾਲਤ ਦਾ ਇਲਾਜ ਹੈ ਕਿ ਗੁਰੂਪਦ ਸੰਬੰਧੀ ਠੀਕ ਵਿਚਾਰ ਹੋਵੇ ਤੇ ਗੁਰੂ ਸਾਹਿਬ ਦੇ ਆਪਣੇ ਬਚਨਾਂ ਦੁਆਰਾ ਸਭ ਮੁਗਾਲਾ ਦੂਰ ਕੀਤੇ ਜਾਣ । ਅਰੰਭ ਦੇ ਸ਼ਬਦ ਵਿਚ ਗੁਰੂ ਸ਼ਬਦ ਦੇ ਨਾਲ "ਪੂਰਾ" ਸ਼ਬਦ, ਬਤੌਰ ਵਿਸ਼ੇਸ਼ਣ, ਵਰਤਿਆ ਗਿਆ ਹੈ ; ਜਿਵੇਂ —

"ਗੁਰੂ ਪੂਰਾ ਪਾਈਐ ਵਡਭਾਗੀ ॥"

ਕਈ ਥਾਈਂ ਵਿਸ਼ੇਸ਼ਣ ਪੂਰਾ ਦੀ ਥਾਂ 'ਸਤਿ' ਵਰਤਿਆ ਹੈ; ਜਿਵੇਂ

"ਸਤਿਗੁਰੁ ਮੇਰਾ ਸਦਾ ਸਦਾ ॥" (ਸੂਹੀ ਮਹਲਾ ੪)

ਅਰਥਾਤ-"ਮੇਰਾ ਸਤਿਗੁਰ ਸਦਾ ਅਟੱਲ ਹੈ ।"

ਗੁਰੂ ਸਾਹਿਬ 'ਗੁਰੂ' ਪਦ ਦੇ ਨਾਲ ਸ਼ਬਦ 'ਪੂਰਾ' 'ਵਾਹਿ', 'ਧੰਨ', ਜਾਂ 'ਸਤਿ' ਆਦਿਕ ਜੋੜ ਕੇ ਗੁਰੂ ਦੀ ਸ਼ਖ਼ਸੀਅਤ ਨੂੰ ਮਹਾਨ ਕਰ ਦਿੰਦੇ ਹਨ। ਸਭ ਭੁਲੇਖੇ ਉਦੋਂ ਹੀ ਪੈਦੇ ਹਨ ਜਦ 'ਪੂਰਾ' ਆਦਿਕ ਵਿਸ਼ੇਸ਼ਣਾਂ ਨੂੰ ਛੱਡ ਜਾਂ ਭੁਲਾ ਦਿਤਾ ਜਾਂਦਾ ਹੈ। ਗੁਰੂ ਦੇਹਧਾਰੀ ਹੋਵੇ ਜਾਂ ਨਾ ਹੋਵੇ, ਇਹ ਚਰਚਾ ਬੇਲੋੜੀ ਤੇ ਬੇ-ਮਹਿਨੀ ਹੋ ਕੇ ਰਹਿ ਜਾਂਦੀ ਹੈ ਜੇ 'ਗੁਰੂ' ਦਾ 'ਪੂਰਾ' ਜਾਂ 'ਸਤਿ' ਹੋਣਾ ਜ਼ਰੂਰੀ ਸਮਝ ਲਿਆ ਜਾਏ । ਗੁਰੂ ਦੇ ਦੇਹਧਾਰੀ ਰੂਪ ਨੂੰ ਝੁਠਲਾਇਆ ਜਾਂ ਕਟਿਆ ਨਹੀਂ ਜਾ ਸਕਦਾ । ਸਿੱਖ ਗੁਰੂ ਸਾਹਿਬਾਨ ਖ਼ੁਦ ਦੇਹਧਾਰੀ ਰੂਪ ਵਿਚ ਦੁਨੀਆਂ ਅੰਦਰ ਵਿਚਰੇ ਸਨ । ਉਹਨਾਂ ਦਾ ਇਸ ਤਰ੍ਹਾਂ ਵਿਚਰਨਾ ਕੁਦਰਤੀ ਤੇ ਸਮੇਂ ਦੀ ਲੋੜ ਅਨੁਕੂਲ ਜ਼ਰੂਰੀ ਸੀ, ਕਿਉਂਕਿ ਕੋਈ ਪੈਗ਼ਾਮ ਦੇਹਧਾਰੀ ਰੂਪ ਵਿਚ ਆ ਕੇ ਬਾਕਾਇਦਾ ਮਨੁੱਖਾ ਜਨਮ ਲੈ ਹੀ ਦਿਤਾ ਜਾ ਸਕਦਾ ਸੀ । ਸਿਖ ਧਰਮ ਨੂੰ ਜਗਤ ਵਿਚ ਲਿਆਉਣ ਲਈ ਗੁਰੂ ਨਾਨਕ ਦੇਵ ਜੀ ਨੂੰ ਸੇਵਾ ਦਾ ਇਹ ਕਾਰਜ ਕਰਨਾ ਪਿਆ ਸੀ, ਜੋ ਉਹਨਾਂ ਦੇਹਧਾਰੀ ਰੂਪ ਵਿਚ ਹੀ ਕੀਤਾ ਸੀ । ਇਤਿਹਾਸ ਨੂੰ ਕੌਣ ਕਟ ਸਕਦਾ ਹੈ । ਉਨ੍ਹਾਂ ਦੇ ਬੇਅੰਤ ਸ਼ਬਦ ਮਿਲਦੇ ਹਨ ਜੋ ਉਹਨਾਂ ਦੇ ਇਸ ਦੇਹਧਾਰੀ ਤੇ ਸ਼ਖਸ਼ੀ ਰੂਪ ਦਾ ਵਰਣਨ ਕਰਦੇ ਹਨ ਤੇ ਉਹਨਾਂ ਦੇ ਉਸ ਰੂਪ ਵਿਚ ਹੋਣ ਦੇ ਸਮੇਂ ਨਾਲ ਸੰਬੰਧ ਰੱਖਦੇ ਹਨ । ਗੁਰਸਿੱਖਾਂ ਦੀ ਅਤੁੱਟ ਸ਼ਰਧਾ ਤੇ ਪ੍ਰੇਮ ਦੇ ਇਹ ਸ਼ਬਦ ਹਨ, ਜਿਨ੍ਹਾਂ ਨੂੰ ਚਲਾਕ ਲੋਕ ਆਪਣੀਆਂ ਗ਼ਰਜ਼ਾਂ ਪੂਰੀਆਂ ਕਰਨ ਲਈ ਰਜ

ਕੇ ਵਰਤਦੇ ਹਨ । ਭੋਲੇ ਭਾਲੇ ਲੋਕਾਂ ਦਾ ਤਾਂ ਭਲਾ ਕਹਿਣਾ ਹੀ ਕੀ ਹੋਇਆ, ਸਿਆਣੇ ਤੇ ਸਮਝਦਾਰ ਲੋਕ ਵੀ ਗੁਮਰਾਹ ਹੋ ਜਾਂਦੇ ਹਨ । ਬੇਸਮਝ ਦੁਨੀਆਂ ਕੇਵਲ ਦੇਹਧਾਰੀ ਲਫ਼ਜ਼ ਨੂੰ ਫੜ ਕੇ ਬਹਿ ਜਾਂਦੀ ਹੈ ਤੇ ਜਿਸ ਸ਼ਖ਼ਸੀਅਤ ਦਾ ਉਹ ਲਫ਼ਜ਼ ਸੂਚਕ ਹੁੰਦਾ ਹੈ ਉਸ ਨੂੰ ਛੱਡ ਦਿੱਤਾ ਜਾਂਦਾ ਹੈ । ਗੁਰੂ ਜਗਤ ਵਿਚ ਦੇਹ ਠੀਕ ਧਾਰਦਾ ਹੈ ਪਰ ਇਹ ਤਦੋਂ ਹੁੰਦਾ ਜਦੋਂ ਜਗਤ ਦੇ ਹਾਲਾਤ ਨੂੰ ਬਦਲਣ ਲਈ ਕਰਤਾਰ ਦਾ ਮਾਨੋਂ ਆਪਣਾ ਕੋਈ ਹੁਕਮ ਹੁੰਦਾ ਹੈ । ਐਸੇ ਮਹਾਂਪੁਰਸ਼ ਨਾ ਰੋਜ਼ ਰੋਜ਼ ਜਨਮ ਲੈਂਦੇ ਹਨ ਤੇ ਨਾ ਥਾਂ ਥਾਂ ਸਸਤੇ ਰੁਲਦੇ ਫਿਰਦੇ ਹਨ । ਇਸ ਦਾ ਭਾਵ ਇਹ ਨਹੀਂ ਕਿ ਗੁਰੂ ਨਾਨਕ ਤੋਂ ਬਿਨਾਂ ਹੋਰ ਕੋਈ ਵਿਅਕਤੀ ਗੁਰੂ ਹੋ ਨਹੀਂ ਸਕਦਾ ਜਾਂ ਉਹਨਾਂ ਤੋਂ ਪਹਿਲਾਂ ਕੋਈ ਪੂਰਨ ਪੁਰਸ਼ ਹੋਇਆ ਹੀ ਨਹੀਂ ਜਾਂ ਉਹਨਾਂ ਤੋਂ ਬਾਅਦ ਕਦੇ ਹੋ ਨਹੀਂ ਸਕੇਗਾ । ਇਸ ਤਰ੍ਹਾਂ ਕਹਿਣਾ ਖੁਦਾ ਦੀ ਖੁਦਾਈ ਤੋਂ ਮੁਨਕਰ ਹੋਣਾ ਹੈ ਤੇ ਆਪਣੀ ਤੰਗ-ਦਿਲੀ ਤੇ ਤਅੱਸਬ ਦਾ ਪ੍ਰਗਟਾਵਾ ਕਰਨਾ ਹੈ । ਭਾਈ ਗੁਰਦਾਸ ਜੀ ਨੇ ਕਿੰਨੇ ਹੀ ਸਿਖ-ਸਤਿਗੁਰੂ ਅਪਨੇ ਜੀਵਨ ਵਿਚ ਵੇਖੇ ਸਨ, ਭਾਵੇਂ ਉਹ ਗੁਰੂ ਨਾਨਕ ਦੇ ਹੀ ਰੂਪ ਸਨ। ਡੂੰਘੀ ਸ਼ਰਧਾ ਦਾ ਪ੍ਰਗਟਾਵਾ ਉਹਨਾਂ ਇਉਂ ਕੀਤਾ ਸੀ :-

"ਜੁਗੁ ਜੁਗੁ ਸਤਿਗੁਰ ਧਰੇ ਅਵਤਾਰੀ ।"

(ਵਾਰ ਭਾਈ ਗੁਰਦਾਸ ਜੀ)

ਅਰਥਾਤ "ਸਤਿਗੁਰੂ ਜੁਗਾਂ ਜੁਗਾਂ ਅੰਦਰ ਸਮੇਂ ਸਮੇਂ ਅਵਤਾਰ ਧਾਰਦਾ (ਜਨਮ ਲੈਂਦਾ ਹੈ) ।"

ਗੁਰੂ ਨਾਨਕ ਨੂੰ ਗੁਰੂ ਮੰਨਣ ਵਾਲਿਆਂ ਦਾ ਦਾਹਵਾ ਕੇਵਲ ਇਹ ਹੈ ਕਿ ਉਹਨਾਂ ਨੂੰ ਪੂਰਨ ਗੁਰੂ ਪ੍ਰਾਪਤ ਹੋਇਆ ਹੈ, ਐਸਾ ਗੁਰੂ ਜਿਸ ਵਿਚ ਗੁਰੂ ਦੇ ਸਾਰੇ ਗੁਣ ਮੌਜੂਦ ਸਨ ।ਇਹ ਦਾਹਵਾ ਆਪਣੇ ਆਪ ਵਿਚ ਇਕ ਬਹੁਤ ਵਡਮੁੱਲਾ ਹੈ ।

ਪਰ ਗੁਰੂ ਨਾਨਕ ਦੇਵ ਜੀ ਨੇ ਗੁਰੂ ਸੰਬੰਧੀ ਪ੍ਰਚਲਤ ਖ਼ਿਆਲ ਵਿਚ ਇਕ ਭਾਰੀ ਤਰਮੀਮ ਕੀਤੀ ਸੀ । ਉਹਨਾਂ ਨੂੰ ਪਤਾ ਸੀ ਕਿ ਗੁਰੂ ਦੀ ਪਦਵੀ ਬਹੁਤ ਮਹਾਨ ਹੈ ਤੇ ਗੁਰੂ ਨਿਰੋਲ ਰੱਬ ਦਾ ਰੂਪ ਹੈ ਤੇ ਜਗਤ ਵਿਚ ਕਦੇ ਕਦੇ ਹੀ ਤੇ ਰੱਬ ਦੀ ਰਜ਼ਾ ਵਿਚ ਹੀ ਕਿਸੇ ਮਹਾਨ ਕਾਰਜ ਲਈ ਪ੍ਰਵੇਸ਼ ਕਰਦਾ ਹੈ। ਇਸ ਲਈ ਦੇਹਧਾਰੀ ਜਾਂ ਸ਼ਖਸ਼ੀ ਰੂਪ ਵਿਚ ਉਸ ਦਾ ਪ੍ਰਵੇਸ਼ ਸਦਾ ਤੇ ਹਰ ਸਮੇਂ ਅਟੱਲ ਨਹੀਂ ਹੋ ਸਕਦਾ। ਜੋ ਚੀਜ਼ ਹਰ ਸਮੇਂ ਤੇ ਹਰ ਥਾਂ ਪ੍ਰਾਪਤ



ਹੀ ਨਹੀਂ ਹੋ ਸਕਦੀ, ਉਹ ਅਟੱਲ ਅਸੂਲ ਕਿਵੇਂ ਬਣ ਸਕਦੀ ਹੈ । ਇਸ ਲਈ ਉਹਨਾਂ ਅਮੋਲਕ ਤਰਮੀਮ ਇਹ ਕਰ ਦਿੱਤੀ-**'ਗੁਰੂ'** ਨੂੰ ਸ਼ਬਦ ਦਾ ਰੂਪ ਦਿੱਤਾ ਤੇ ਨਿਰਅਕਾਰ ਕਰ ਦਿੱਤਾ। ਪੂਰੇ ਗੁਰੂ ਦੇ ਸ਼ਬਦ ਨੂੰ ਹੀ **'ਗੁਰੂ'** ਦਾ ਰੂਪ ਮਿਲਿਆ ਹੈ ਜੋ ਨਿਰਾਕਾਰ ਤੇ ਅਬਿਨਾਸੀ ਹੋਣ ਦਾ ਕਾਰਨ ਅਟੱਲ ਅਸੂਲ ਬਣ ਸਕਦਾ ਸੀ ਤੇ ਬਣਿਆ ਹੈ।

**"ਗੁਰੂ ਕਾ ਸ਼ਬਦ ਨ ਮੇਟੇ ਕੋਇ"** ਦਾ ਇਹੋ ਭਾਵ ਹੈ । ਇਹ 'ਸ਼ਬਦ ਗੁਰੂ' ਹੈ ਇਹ 'ਗਿਆਨ ਗੁਰੂ' ਹੈ—ਤੇ ਗੁਰੂ ਨਾਨਕ ਰਾਹੀਂ ਪ੍ਰਮਾਤਮਾ ਤੋਂ ਉਤਰਿਆ ਹੈ ਤੇ ਅਭੁੱਲ ਹੈ, ਪੂਰਨ ਹੈ । ਏਸੇ ਕਾਰਨ ਗੁਰੂ ਅਮਰਦਾਸ ਜੀ ਕਹਿੰਦੇ ਹਨ :

"....ਸਤਿਗੁਰੂ ਬਾਝਹੁ ਹੋਰ ਕਚੀ ਹੈ ਬਾਣੀ ॥"

(ਰਾਮਕਲੀ ਮਹਲਾ ੩ ਅਨੰਦੁ ) ਅੰਗ ੯੨੦

ਅਰਥਾਤ "ਸਤਿਗੁਰ ਦੀ ਬਾਣੀ ਤੋਂ ਬਿਨਾਂ ਜੋ ਵੀ ਬਾਣੀ ਹੈ ਉਹ ਕੱਚੀ ਸਮਝੀ ਜਾਣੀ ਚਾਹੀਦੀ ਹੈ ।"

'ਸ਼ਬਦ ਗੁਰੂ' ਨੇ ਜੋ ਅੰਤਮ ਸ਼ਕਲ ਲੈਣੀ ਸੀ ਉਹ ਹਰ ਵੇਲੇ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਰਹਿੰਦੀ ਸੀ, ਜਦੋਂ ਕਿ ਦਸਵੇਂ ਪਾਤਸ਼ਾਹ ਨੇ ਗੁਰਿਆਈ ਗੁਰ-ਸ਼ਬਦ ਨੂੰ ਬਾਕਾਇਦਾ ਦੇ ਕੇ ਦੇਹਧਾਰੀ ਗੁਰਿਆਈ ਦਾ ਖ਼ਾਤਮਾ ਕਰਨਾ ਸੀ । ਇਸੇ ਲਈ ਉਹ ਸਿੱਖਾਂ ਅੰਦਰ ਮੁੱਢ ਤੋਂ ਹੀ ਆਪਣੀ ਮੌਜੂਦਗੀ ਵਿਚ ਇਹ ਖ਼ਿਆਲ ਦੇਂਦੇ ਰਹੇ ਸਨ ਕਿ ਗੁਰਬਾਣੀ ਜਾਂ 'ਗੁਰ ਸ਼ਬਦ' ਹੀ ਗੁਰੂ ਹੈ ; ਕਿਉਂਕਿ ਇਹ ਪ੍ਰਮਾਤਮਾ ਦਾ ਸ਼ਬਦ ਹੈ । ਸਿੱਧਾਂ ਨੇ, ਸਪਸ਼ਟ ਉੱਤਰ ਲੈਣ ਲਈ ਇਉਂ ਪੁੱਛ ਕੀਤੀ ਸੀ :

"ਤੇਰਾ ਕਵਣੁ ਗੁਰੂ ਜਿਸ ਕਾ ਤੂੰ ਚੇਲਾ ॥"

(ਰਾਮਕਲੀ ਮਹਲਾ ੧ ਸਿਧ ਗੋਸਟਿ)

ਅੰਗ ੯੪੨

ਅਰਥਾਤ "ਤੇਰਾ ਗੁਰੂ ਕੌਣ ਹੈ ਜਿਸ ਦਾ ਤੂੰ ਚੇਲਾ ਹੈਂ।"

ਮਹਾਰਾਜ ਨੇ ਇਸ ਦਾ ਉੱਤਰ ਇਹ ਦਿਤਾ ਸੀ :

"ਸਬਦੁ ਗੁਰੂ ਸੁਰਤਿ ਧੁਨਿ ਚੇਲਾ॥"

(ਰਾਮਕਲੀ ਮਹਲਾ ੧, ਸਿਧ ਗੋਸਟ)

ਅਰਥਾਤ "ਮੇਰਾ ਗੁਰੂ, ਗੁਰੂ ਸ਼ਬਦ ਹੈ, ਜਿਸ ਵਿਚ ਲਗਾਤਾਰ ਜੁੜੀ ਮੇਰੀ ਸੁਰਿਤ ਚੇਲਾ ਹੈ। ਇਸ ਤੋਂ ਪਿੱਛੋਂ ਆਏ ਗੁਰੂ ਸਾਹਿਬਾਨ ਵੀ ਇਹੋ ਬੋਲੀ ਬੋਲਦੇ ਸਨ। ਗੁਰੂ ਅਮਰਦਾਸ ਜੀ ਦੇ ਇਹ ਬਚਨ ਨੋਟ ਕਰਨ ਵਾਲੇ ਹਨ:

"ਇਕਾ ਬਾਣੀ ਇਕੁ ਗੁਰੁ ਇਕ ਸ਼ਬਦ ਵੀਚਾਰਿ ॥

(ਸੋਰਠਿ ਮਹਲਾ ੩)

ਸ਼ਬਦ ਇਕ ਹੈ, ਗੁਰੂ ਇਕ ਹੈ—ਸ਼ਬਦ ਗੁਰੂ ਨੂੰ ਵਿਚਾਰੋ।

ਗੁਰੂ ਰਾਮਦਾਸ ਜੀ ਇਉਂ ਬੋਲੇ ਸਨ :

"ਬਾਣੀ ਗੁਰੂ ਗੁਰੂ ਹੈ ਬਾਣੀ ॥" (ਨਟ ਮਹਲਾ ੪)

ਅਰਥਾਤ—"ਬਾਣੀ ਗੁਰੂ ਹੈ ਤੇ ਗੁਰੂ, ਗੁਰੂ ਦੀ ਬਾਣੀ ਦਾ ਹੀ ਰੂਪ ਹੈ।

ਭਾਈ ਗੁਰਦਾਸ ਜੀ ਨੇ ਵੀ ਆਪਣੀ ਵਾਰ ਵਿਚ, ਗੁਰੂ ਨਾਨਕ ਜੀ ਦੀ ਜ਼ਬਾਨੀ ਇਉਂ ਚਾਨਣਾ ਪਾਇਆ ਹੋਇਆ ਹੈ :

"ਗੁਰੂ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ ॥"

(ਵਾਰ ਭਾਈ ਗੁਰਦਾਸ)

ਅਰਥਾਤ-"ਗੁਰ ਸੰਗਤ ਅਤੇ ਗੁਰਬਾਣੀ ਤੋਂ ਬਿਨਾਂ ਮੇਰੀ ਹੋਰ ਕੋਈ ਓਟ ਨਹੀਂ।"

ਇਸ ਦਾ ਭਾਵ ਇਹ ਹੈ ਕਿ ਸ਼ਖ਼ਸ਼ੀ ਗੁਰੂ ਦੀ ਅਗਵਾਈ ਕੇਵਲ ਗੁਰ-ਸ਼ਬਦ ਰਾਹੀਂ ਹੈ। ਏਥੇ ਖਾਸ ਤੌਰ 'ਤੇ ਨੋਟ ਕਰਨ ਵਾਲੀ ਬਾਤ ਇਹ ਹੈ ਕਿ ਗੁਰੂ-ਸੰਗਤ ਨੂੰ ਵੀ ਆ ਰਹੇ ਸਮੇਂ ਨੂੰ ਮੁੱਖ ਰੱਖਦਿਆਂ ਹੋਇਆਂ ਅੱਗੇ ਲਿਆਂਦਾ ਗਿਆ ਹੈ।

ਇਸੇ ਬਾਤ ਦੀ ਤਰਜਮਾਨੀ ਗੁਰੂ ਅਮਰਦਾਸ ਜੀ ਨੇ ਇਉਂ ਕੀਤੀ ਸੀ:

"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

(ਵਾਰ ਵਡਹੰਸ ਮਹਲਾ ੩) ਅੰਗ ੫੯੪

ਅਰਥਾਤ "ਸਤਿਗੁਰ ਨੂੰ ਜ਼ਾਹਰਾ ਤਾਂ ਸਾਰਾ ਸੰਸਾਰ ਵੇਖ ਸਕਦਾ ਹੈ,



ਪਰ ਉਸ ਨੂੰ ਨਿਰਾ ਵੇਖਣ ਨਾਲ ਮੁਕਤ ਨਹੀਂ ਹੋਈਦਾ, ਜਿੰਨਾ ਚਿਰ ਉਸ ਦੇ ਸ਼ਬਦ ਦਵਾਰਾ ਵਿਚਾਰ ਨਾ ਕੀਤੀ ਜਾਏ।"

ਜੇ ਗੁਰੂ ਨਾਨਕ ਗੁਰੂ ਹਨ ਤਾਂ ਇਸ ਦਾ ਇਹ ਅਰਥ ਹੈ ਕਿ ਉਹਨਾਂ ਦੀ ਜੋਤਿ, ਉਹਨਾਂ ਦੀ ਆਤਮਾ ਤੋਂ ਪ੍ਰਗਟ ਹੋਇਆ ਸਬਦ ਜਾਂ ਉਹਨਾਂ ਦਾ ਗਿਆਨ, ਗੁਰੂ ਹੈ। ਸਬਦ ਨੂੰ ਛੱਡ ਕੇ ਨਿਰੀ ਦੇਹ ਦਾ ਕੀ ਅਰਥ ਰਹਿ ਜਾਂਦਾ ਹੈ ? ਭਾਵੇਂ ਉਹਨਾਂ ਦੀ ਸ਼ਖ਼ਸ਼ੀ ਅਗਵਾਈ ਆਪਣੇ ਥਾਂ ਮਹਾਨ ਹੈ। ਹਰ ਹਾਲਤ ਵਿਚ ਸ਼ਖਸ਼ੀ ਗੁਰੂ ਸਬਦ ਦੇ ਕਾਰਨ ਹੀ ਗੁਰੂ ਹੈ। ਗੁਰੂ ਅੰਗਦ ਦੇਵ ਜੀ ਦੇ ਗੁਰੂ ਹੋਣ ਦੀ ਵਿਆਖਿਆ ਸਤੇ ਬਲਵੰਡ ਦੀ ਵਾਰ ਵਿਚ ਇਉਂ ਕੀਤੀ ਗਈ ਹੈ :-

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥"

(ਵਾਰ ਰਾਮਕਲੀ ਸਤਾ ਬਲਵੰਡ) ਅੰਗ ੯੬੬

ਅਰਥਾਤ "ਗੁਰੂ ਅੰਗਦ ਦੀ ਜੋਤਿ ਤੇ ਜੁਗਤਿ ਓਹੋ ਸਨ ਜੋ ਉਨ੍ਹਾਂ ਦੇ ਮਾਲਕ ਗੁਰੂ ਨਾਨਕ ਦੇ ਸਨ। ਨਾਨਕ ਮਾਲਕ ਨੇ ਕੇਵਲ ਸਰੀਰ ਹੀ ਬਦਲ ਲਿਆ ਸੀ।

ਏਥੇ ਭਾਵ ਇਹ ਹੈ ਕਿ ਗੁਰੂ ਨਾਨਕ ਦੀ ਆਤਮਾ ਤੇ ਗੁਰੂ ਅੰਗਦ ਦੀ ਆਤਮਾ ਇਕੋ ਜੋਤਿ ਹੋ ਚੁੱਕੇ ਸਨ। ਲਹਿਣਾ ਜੀ ਗੁਰੂ ਨਹੀਂ ਸਨ ਹੋ ਸਕਦੇ ਜਿੰਨਾ ਚਿਰ ਉਹਨਾਂ ਦਾ ਸ਼ਬਦ ਗੁਰੂ ਨਾਨਕ ਦਾ ਸ਼ਬਦ ਗ੍ਰਹਿਣ ਨਹੀਂ ਸੀ ਕਰ ਲਿਆ। ਜਦ ਉਹਨਾਂ ਦੀ ਜੋਤਿ ਗੁਰੂ ਨਾਨਕ ਦੀ ਸ਼ਬਦ-ਰੂਪ ਜੋਤਿ ਨਾਲ ਇਕਸੁਰ ਹੋਈ ਤਾਂ ਉਹ ਗੁਰੂ ਹੋਏ। ਸਰੀਰਕ ਤੌਰ 'ਤੇ ਉਹ ਓਹੋ ਸਨ ਜੋ ਪਹਿਲੇ ਸਨ, ਕੇਵਲ ਆਤਮਾ ਵਿਚ ਬਦਲੀ ਆਈ ਸੀ।

ਫੇਰ ਜੇ ਕੇਵਲ ਦੇਹਧਾਰੀ ਗੁਰੂ ਹੋ ਸਕਦਾ ਹੈ ਤਾਂ ਗੁਰੂ ਨਾਨਕ ਦਾ ਗੁਰੂ ਕੌਣ ਸੀ ? ਇਤਿਹਾਸ ਵਿਚ ਤਾਂ ਉਹਨਾਂ ਦੇ ਕਿਸੇ ਵੀ ਦੇਹਧਾਰੀ ਪੁਰਸ਼ ਨੂੰ ਗੁਰੂ ਧਾਰਨ ਕਰਨ ਦਾ ਜ਼ਿਕਰ ਨਹੀਂ ਆਇਆ, ਭਾਵੇਂ ਉਹਨਾਂ ਦੀ ਆਪਣੀ ਬਾਣੀ ਵਿਚ 'ਗੁਰੂ ਦੀ ਲੋੜ' 'ਤੇ ਥਾਂ ਥਾਂ ਜ਼ੋਰ ਹੈ। ਸਾਫ਼ ਤੌਰ 'ਤੇ ਉਹਨਾਂ ਦਾ ਗੁਰੂ ਪਾਰਬ੍ਰਹਮ ਪ੍ਰਮੇਸ਼ਰ ਜਾਂ ਪ੍ਰਮੇਸ਼ਰ ਦਾ ਗਿਆਨ ਸੀ, ਜੋ ਉਹਨਾਂ ਦੇ ਅੰਦਰ ਆਤਮੇ ਪ੍ਰਕਾਸ਼ਮਾਨ ਹੋਇਆ ਸੀ। ਉਹਨਾਂ ਦੀ ਆਪਣੀ ਕਮਾਈ ਨਾਲ ਹੁਣ ਇਸ ਵੇਲੇ ਗੁਰੂ ਨਾਨਕ ਦੇਹਧਾਰੀ ਰੂਪ ਵਿਚ ਮੌਜੂਦ ਨਹੀਂ ਹਨ ਪਰ ਉਹਨਾਂ ਦਾ ਸ਼ਬਦ ਮੌਜੂਦ ਹੈ। ਕੇਵਲ ਇਹਨਾਂ ਅਰਥਾਂ ਵਿਚ ਹੀ

ਇਉਂ ਕਹਿ ਸਕਦੇ ਹਾਂ :

"ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥"

(ਸੂਹੀ ਮਹਲਾ ੪) ਅੰਗ ੭੫੯

ਅਰਥਾਤ "ਮੇਰਾ ਸਤਿਗੁਰੁ ਸਦਾ ਜਿਊਂਦਾ ਹੈ, ਉਹ ਅਬਿਨਾਸ਼ੀ ਪੁਰਖ ਹੈ ਜੋ ਜੰਮਦਾ ਮਰਦਾ ਨਹੀਂ।"

ਗੁਰੂ ਨਾਨਕ ਸਦਾ ਮੌਜੂਦ ਹੈ ਕਿਉਂਕਿ ਉਸ ਦਾ ਸ਼ਬਦ ਮੌਜੂਦ ਹੈ । ਮਹਾਰਾਜ ਨੇ ਆਪਣੀ ਮੌਜੂਦਗੀ ਵਿਚ ਜੀਵਨ ਪੂਰਨੇ ਪਾਂਦਿਆਂ 'ਗੁਰੂ ਪਦ' ਨੇ ਜੋ ਅੰਤਮ ਸ਼ਕਲ ਲੈਣੀ ਸੀ ਉਸ ਨੂੰ ਸਦਾ ਸਾਹਮਣੇ ਰੱਖਿਆ । ਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਇਕੱਠੀ ਕਰ ਕੇ ਕਈ ਸਾਲਾਂ ਦੀ ਮਿਹਨਤ ਤੇ ਲਗਨ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹੀ । ਭਾਈ ਗੁਰਦਾਸ ਜੀ ਦੀ ਸੇਵਾ ਪ੍ਰਾਪਤ ਕਰਕੇ ਲਗ ਮਾਤ੍ਰਾ ਦੀ ਸੋਧ ਆਪਣੀ ਨਿਗਰਾਨੀ ਹੇਠ ਕਰਾਈ। ਉਸ ਇਸ ਕੰਮ ਨੂੰ ਸਭ ਤੋਂ ਵੱਡਾ ਤੇ ਜ਼ਰੂਰੀ ਸਮਝਦੇ ਸਨ,ਕਿਉਂਕਿ ਉਹਨਾਂ ਦੀ ਨਜ਼ਰ ਵਿਚ "ਸਰਬ ਕਲਾ ਭਰਪੂਰ" ਨਾਮ ਕੇ ਜਹਾਜ਼, ਬਾਣੀ ਕੇ ਬੋਹਥ, ਹਲਤ ਪਲਤ ਕੇ ਰਖਵਾਲੇ, ਦਸ ਪਾਤਸ਼ਾਹੀਆਂ ਦੀ ਜੋਤ, ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਤਿਆਰ ਹੋ ਰਹੇ ਸਨ। ਉਹ ਸਦਾ ਇਹ ਖ਼ਿਆਲ ਦੇਂਦੇ ਸਨ ਕਿ 'ਗੁਰ ਸ਼ਬਦ' ਦਾ ਦਰਜਾ ਦੇਹਧਾਰੀ ਸ਼ਖ਼ਸੀਅਤ ਨਾਲੋਂ ਵੀ ਵੱਡਾ ਹੈ। ਬੀੜ ਤਿਆਰ ਹੋ ਜਾਣ ਤੋਂ ਬਾਅਦ ਉਹ ਕਦੇ ਬੀੜ ਦੇ ਬਰਾਬਰ ਹੋ ਕੇ ਨਹੀਂ ਬੈਠੇ ਸਨ ।

ਗੁਰੂ ਹਰਿ ਰਾਏ ਸਾਹਿਬ ਬਾਬਤ ਸਾਖੀ ਆਉਂਦੀ ਹੈ ਕਿ ਇਕ ਵਾਰ ਪਲੰਘ ਤੇ ਲੇਟਿਆਂ ਉਹਨਾਂ ਦੇ ਕੰਨੀਂ ਸ਼ਬਦ ਗਾਏ ਜਾਣ ਦੀ ਆਵਾਜ਼ ਪਈ, ਤਾਂ ਸ਼ਬਦ ਗੁਰੂ ਦੇ ਡੂੰਘੇ ਸਤਿਕਾਰ ਦੇ ਕਾਰਨ ਏਨੀ ਤੇਜ਼ੀ ਨਾਲ ਪਲੰਘ ਤੋਂ ਉਤਰੇ ਕਿ ਉਹਨਾਂ ਦੇ ਸਰੀਰ ਨੂੰ ਚੋਟ ਆਈ ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੀ ਪਰਖ ਲਈ ਇਕ ਸਮੇਂ ਇਕ ਅਨੋਖਾ ਢੰਗ ਵਰਤਿਆ । ਦਾਦੂ ਦੀ ਕਬਰ ਵੱਲ ਝੁਕ ਕੇ ਉਹਨਾਂ ਆਪਣੇ ਤੀਰ ਨਾਲ ਕਬਰ ਨੂੰ ਸਲਾਮ ਕੀਤਾ । ਸਿੱਖਾਂ ਨੇ ਇਤਰਾਜ਼ ਕੀਤਾ ਤੇ ਉਹਨਾਂ ਨੂੰ ਉਹਨਾਂ ਦੀ ਆਪਣੀ ਬਾਣੀ ਦੇ ਇਹ ਬਚਨ ਯਾਦ ਕਰਾਏ ,

"ਗੋਰ ਮੜੀ ਮਟ ਭੂਲ ਨਾ ਮਾਨੈ ॥"

ਮਹਾਰਾਜ ਨੂੰ ਬੜੀ ਖੁਸ਼ੀ ਹੋਈ ਕਿ ਸਿੱਖਾਂ ਨੇ ਇਸ ਤਾਲੀਮ ਨੂੰ



ਸਮਝ ਲਿਆ ਹੈ ਕਿ ਬਾਣੀ ਦੀ ਮਹਾਨਤਾ ਗੁਰੂ ਦੀ ਸ਼ਖ਼ਸ਼ੀ ਮਹਾਨਤਾ ਨਾਲੋਂ ਕਈ ਗੁਣਾਂ ਵੱਧ ਹੈ । ਉਹਨਾਂ ਖ਼ੁਸ਼ੀ ਨਾਲ ਆਪਣੀ ਭੁੱਲ ਮੰਨ ਲਈ ਤੇ ਤਨਖ਼ਾਹ ਲਵਾ ਕੇ ਇਸ ਭੁੱਲ ਦੀ ਤਲਾਫ਼ੀ ਕਰਵਾਈ ।

ਗੁਰੂ ਹਰਿ ਰਾਏ ਸਾਹਿਬ ਇਸ ਹੱਦ ਤਕ ਬਾਣੀ ਦੀ ਵਿਸ਼ੇਸ਼ਤਾ ਦ੍ਰਿੜ੍ਹ ਕਰਾਉਣਾ ਚਾਹੁੰਦੇ ਸਨ ਕਿ ਰਾਏ ਨੂੰ ਬਾਣੀ ਬਦਲਣ ਦੇ ਦੋਸ਼ ਵਿਚ ਸਾਰੀ ਉਮਰ ਮੂੰਹ ਨਹੀਂ ਲਾਇਆ । ਗੁਰੂ ਅਰਜਨ ਦੇਵ ਜੀ ਸ਼ਹੀਦ ਤਾਂ ਹੋ ਗਏ ਪਰ ਸ਼ਬਦ ਨਹੀਂ ਬਦਲਿਆ।

ਹੋਰ ਬਾਤ ਇਹ ਹੈ ਕਿ ਗੁਰੂ ਸਾਹਿਬਾਨ ਨੂੰ ਸ਼ਖ਼ਸ਼ੀ ਗੁਰਿਆਈ ਦੇ ਬੜੇ ਤਲਖ਼ ਤਜਰਬੇ ਹੋਏ ਸਨ ਤੇ ਇਸ ਗੱਲ ਦਾ ਯਕੀਨ ਹੋ ਗਿਆ ਸੀ ਕਿ ਸ਼ਖ਼ਸ਼ੀ ਗੁਰੂ ਦੇ ਕਾਰਨ ਕਈ ਉਪਾਧੀਆਂ, ਝਗੜੇ, ਤੇ ਬਿਖੇੜੇ ਖੜ੍ਹੇ ਹੋ ਜਾਂਦੇ ਹਨ ਤੇ ਗੁਰਿਆਈ ਲਈ ਥਾਂ ਥਾਂ ਅੱਡੇ ਬਣ ਜਾਂਦੇ ਹਨ ਤੇ ਇਸ ਤਰਾਂ ਦੁਨੀਆਂ ਗੁਮਰਾਹ ਹੁੰਦੀ ਹੈ । ਬਾਵਜੂਦ ਇਸ ਗੱਲ ਦੇ ਕਿ 'ਗੁਰੂ' ਬਾਬਤ ਉਨ੍ਹਾਂ ਕੋਈ ਭੁਲੇਖੇ ਦੀ ਗੁੰਜ਼ਾਇਸ਼ ਨਹੀਂ ਰਹਿਣ ਦਿੱਤੀ ਸੀ, ਫਿਰ ਵੀ ਗੁਰਿਆਈ ਲਈ ਬੇਅੰਤ ਝਗੜੇ ਖੜ੍ਹੇ ਹੋ ਗਏ ਸਨ । ਇਹ ਝਗੜੇ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਦੀ ਨਰਾਜ਼ਗੀ ਤੋਂ ਸ਼ੁਰੂ ਹੋਏ ਸਨ । ਉਹਨਾਂ ਗੁਰਿਆਈ ਨੂੰ ਇਕ ਨਿੱਜੀ ਵਿਰਾਸਤ ਸਮਝ ਲਿਆ ਹੋਇਆ ਸੀ । ਇਸ ਤੋਂ ਉਪ੍ਰੰਤ ਦਾਤੂ, ਦਾਸੂ, ਮੋਹਣ, ਪ੍ਰਿਥੀ ਚੰਦ, ਧੀਰਮਲ, ਰਾਮ ਰਾਏ ਆਦਿਕ ਗੱਦੀ ਦੇ ਕਈ ਦਾਹਵੇਦਾਰ ਬਣੇ ਸਨ ਜਿਸ ਤੋਂ ਬੜੇ ਪੁਆੜੇ ਪਏ ਤੇ ਬਿਖਦ ਵਧੀ। ਗੁਰੂ ਤੇਗ਼ ਬਹਾਦਰ ਜੀ ਦੀ ਮਹਾਨ ਸ਼ਖ਼ਸੀਅਤ ਦੇ ਮੁਕਾਬਲੇ ਤੇ ਵੀ ੨੨ ਮੰਜੀਆਂ ਖੜ੍ਹੀਆਂ ਹੋ ਗਈਆਂ ਹਨ । ਫਿਰ ਮਸੰਦਾਂ ਵੀ ਥਾਂ ਥਾਂ ਆਪਣੀਆਂ ਗੱਦੀਆਂ ਕਾਇਮ ਕਰਨੋਂ ਸੰਕੋਚ ਨਾ ਕੀਤਾ । ਮਜ਼ਬੂਰ ਹੋ ਕੇ ਇਹਨਾਂ ਨੂੰ ਬੜੀ ਕਰੜਾਈ ਨਾਲ ਢਾਹਣਾ ਪਿਆ ਕਿਉਂਕਿ ਗੁਰੂ ਸਾਹਿਬਾਨ ਨੇ ਖ਼ੁਦ ਆਪ ਗੁਰੂ-ਡਮ ਦੇ ਖਿਲਾਫ਼ ਪ੍ਰਚਾਰ ਜਾਰੀ ਰੱਖਿਆ ਅਤੇ ਧੀਰਜ ਤੇ ਮਜ਼ਬੂਤੀ ਦੋਹਾਂ ਦਾ ਮੇਲ ਕਰਕੇ ਚਲਦੇ ਰਹੇ, ਇਸ ਲਈ ਇਨ੍ਹਾਂ ਝਗੜਿਆਂ ਨੂੰ ਕੁਝ ਠੱਲ੍ਹ ਪੈ ਜਾਂਦੀ ਰਹੀ । ਪਰ ਇਹ ਗੱਲ ਅਵੱਸ਼ ਹੈ ਕਿ ਜਿਵੇਂ ਰਾਜ ਲਈ ਜਾਂ ਪਿਉ ਦੀ ਜਾਇਦਾਦ ਲਈ ਪੁੱਤਾਂ ਵਿਚ ਝਗੜੇ ਹੁੰਦੇ ਰਹਿੰਦੇ ਹਨ ਤਿਵੇਂ ਗੁਰਿਆਈ ਲਈ ਸਦਾ ਹੁੰਦੇ ਰਹਿੰਦੇ ਹਨ ਤੇ ਇਹ ਝਗੜੇ ਮੁਕ ਨਹੀਂ ਸਕਦੇ ਜਿੰਨਾ ਚਿਰ ਇਹ ਸਮਝ ਨਹੀਂ ਪੈਂਦੀ ਕਿ ਬੁਨਿਆਦੀ ਤੌਰ 'ਤੇ ਗੁਰੂ ਕੇਵਲ ਗੁਰੂ ਦਾ ਸ਼ਬਦ ਹੈ ।

ਇਤਿਹਾਸ ਦੱਸਦਾ ਹੈ ਕਿ ਕਬੀਰ ਜੀ ਭਾਵੇਂ ਆਪਾ ਰਾਮਾ ਨੰਦ ਜੀ ਦੇ ਚੇਲੇ ਸਨ ਪਰ ਰਾਮਾ ਨੰਦ ਜੀ ਦੇ ਸਿੱਖ ਬੈਰਾਗੀ ਹਨ ਤੇ ਕਬੀਰ ਜੀ ਦੇ ਸਿੱਖ ਕਬੀਰ ਪੰਥੀ ਹਨ । ਕੀ ਅੱਜਕੱਲ੍ਹ ਵੀ ਥਾਂ ਥਾਂ ਗੱਦੀਆਂ ਨਹੀਂ ਬਣ ਜਾਂਦੀਆਂ ਜਿਨ੍ਹਾਂ ਤੋਂ ਦੰਭ ਤੇ ਕਲੇਸ਼ ਨਿਕਲਦਾ ਰਹਿੰਦਾ ਹੈ? ਗੁਰੂ ਸਾਹਿਬ ਦੀ ਇਹ ਬੜੀ ਦੂਰ-ਅੰਦੇਸ਼ੀ ਤੇ ਉਪਕਾਰ ਹੈ ਕਿ ਉਨ੍ਹਾਂ ਨੇ ਸਿੱਖਾਂ ਨੂੰ ਇਕ ਐਸਾ ਗੁਰੂ ਦਿੱਤਾ ਹੈ ਜਿਸ ਦੇ ਹੁਣ ਸ਼ਖ਼ਸ਼ੀ ਗੁਣ, ਔਗੁਣ ਕੋਈ ਨਹੀਂ ਤੇ ਜੋ ਉਵੇਂ ਹੀ ਨਿਰਾਕਾਰ ਹੈ ਜਿਵੇਂ ਰੱਬ ਨਿਰਾਕਾਰ ਹੈ ਦੇਹਧਾਰੀ ਗੁਰੂ ਦੇ ਕੰਮਾਂ ਨੂੰ ਠੀਕ ਤਰ੍ਹਾਂ ਨਾ ਸਮਝ ਕੇ ਉਸ ਬਾਬਤ ਕਈ ਤਰ੍ਹਾਂ ਦੀਆਂ ਗ਼ਲਤ ਫਹਿਮੀਆਂ ਪੈ ਸਕਦੀਆਂ ਸਨ, ਪਰ ਸ਼ਬਦ ਗੁਰੂ ਦਾ ਸ਼ਖ਼ਸ਼ੀ ਰੂਪ ਕੋਈ ਨਹੀਂ । ਸਭ ਨਿਸ਼ਚੇ ਤੇ ਵਿਚਾਰ ਲਫ਼ਜ਼ਾਂ ਰਾਹੀਂ ਤੁਲ ਕੇ ਦਰਜ ਹੋਏ ਹਨ । ਹੁਣ ਗੁਰੂ ਨਾਨਕ, ਸ਼ਬਦ ਰੂਪ ਵਿਚ ਸਦਾ ਹੀ ਮੌਜੂਦ ਹੈ ਤੇ ਅੰਗ ਸੰਗ ਹੈ ।

"ਗੁਰੂ ਮੇਰੈ ਸੰਗਿ ਸਦਾ ਹੈ ਨਾਲੇ ॥"

(ਆਸਾ ਮਹਲਾ ੫) ਅੰਗ ੩੯੪

ਅਰਥਾਤ "ਗੁਰੂ ਸਦਾ ਮੇਰੇ ਨਾਲ ਹੈ ।"

ਆਰੰਭ ਦੇ ਸ਼ਬਦ ਵਿਚ ਇਹੋ ਖ਼ਿਆਲ ਇਉਂ ਵੀ ਆਖਿਆ ਹੈ,

"ਗੁਰ ਕਾ ਸਬਦੁ ਨ ਮੇਟੈ ਕੋਇ ॥" ਅੰਗ ੮੬੪

ਅਰਥਾਤ "ਗੁਰੂ ਦਾ ਸ਼ਬਦ ਅਮਿਟ ਹੈ ।"

"ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥"

(ਭਟ ਹਰਬੰਸ ਸ੍ਵਯੈ ਮਹਲੇ ਪੰਜਵੇਂ ਕੇ)

ਅਰਥਾਤ "ਕੌਣ ਕਹਿੰਦਾ ਹੈ ਕਿ ਸ੍ਰੀ ਗੁਰੂ ਮਰੇ ਹਨ ।

ਗੁਰੂ ਸਾਹਿਬ ਨੇ 'ਸ਼ਬਦ ਗੁਰੂ' ਦੇ ਰੂਪ ਵਿਚ ਐਸਾ ਗੁਰੂ ਦਿੱਤਾ ਹੈ ਜਿਸ ਨੂੰ ਹਰ ਵੇਲੇ, ਘਰ ਬੈਠਿਆਂ, ਜਿੰਨਾ ਸਮਾਂ ਕੋਈ ਚਾਹੇ, ਮਿਲ ਸਕਦਾ ਹੈ। ਇਸ ਗੁਰੂ ਦਾ ਕੋਈ ਥਾਂ ਟਿਕਾਣਾ ਨਹੀਂ, ਜਿਥੇ ਉਚੇਚੇ ਜਾ ਕੇ ਹੀ ਦਰਸ਼ਨ ਹੋ ਸਕਦੇ ਹਨ । ਇਹ ਗੁਰੂ, ਪ੍ਰੇਰਨਾ ਦੇਣ ਲਈ ਹਰ ਵੇਲੇ ਹੈ, ਹਰ ਥਾਂ ਤਿਆਰ ਬਰ ਤਿਆਰ ਹੁੰਦਾ ਹੈ । ਕੀ ਇਸ ਦੀ ਪ੍ਰੇਰਨਾ-ਸ਼ਕਤੀ ਤੋ ਇਨਕਾਰ ਹੋ ਸਕਦਾ ਹੈ ? ਜੇ ਕੋਈ ਮਹਾਂਪੁਰਸ਼ ਪਰਦੇ ਪਿਛੇ ਬੈਠਾ ਕੀਮਤੀ ਬਚਨ ਸੁਣਾ ਰਿਹਾ ਹੋਵੇ ਤਾਂ ਕੀ ਉਸ ਨੂੰ ਕੇਵਲ ਇਸ ਕਰਕੇ ਨਹੀਂ ਸੁਣਨਾ ਚਾਹੀਦਾ ਕਿ ਉਸ ਦੇ ਨੱਕ, ਮੂੰਹ ਤੇ ਅੱਖਾਂ ਨਹੀਂ ਦਿਸਦੀਆਂ ?



ਇਹ ਗੱਲ ਠੀਕ ਹੈ ਜਿਵੇਂ ਅਸਾਂ ਪਿਛੇ ਵੀ ਲਿਖਿਆ ਹੈ ਕਿ ਗੁਰੂ ਦੀ ਸ਼ਖ਼ਸ਼ੀ ਅਗਵਾਈ ਵੀ ਆਪਣੇ ਥਾਂ ਬੜੀ ਗੁਣਕਾਰੀ ਹੈ । ਗੁਰੂ ਜੀ ਨੂੰ ਸਿੱਧਾ ਮਿਲ ਕੇ ਆਪਣੇ ਸ਼ੰਕੇ ਨਵਿੱਰਤ ਕਰਾਏ ਜਾ ਸਕਦੇ ਹਨ ਪਰ ਇਸ ਦੇ ਨਾਲ ਵੱਡੀ ਮਜਬੂਰੀ ਇਹ ਹੈ ਕਿ ਸ਼ਖ਼ਸ਼ੀ ਰੂਪ ਵਿਚ ਪੂਰਾ ਗੁਰੂ ਕੋਈ ਐਸੀ ਸਸਤੀ ਵਸਤੂ ਨਹੀਂ ਜੋ ਹਰ ਸਮੇਂ ਪ੍ਰਾਪਤ ਹੋ ਸਕਦੀ ਹੋਵੇ । ਕੌਣ ਹੈ ਜੋ ਇਹ ਦਾਹਵੇ ਕਰੇ ਕਿ ਇਹ ਕੋਈ ਮਜਬੂਰੀ ਨਹੀਂ ?

ਸੱਚ ਇਹ ਹੈ ਕਿ ਪੂਰਾ ਗੁਰੂ ਕਦੇ ਕਦੇ ਹੀ ਜਨਮ ਲੈਂਦਾ ਹੈ । ਇਸ ਤੋਂ ਛੁਟ ਉਸ ਦੀਆਂ ਆਪਣੀਆਂ ਕਈ ਮਜਬੂਰੀਆਂ ਹਨ ਜਿਨ੍ਹਾਂ ਦੇ ਕਾਰਨ ਉਹ ਥੋੜ੍ਹੇ ਲੋਕਾਂ ਤਕ ਹੀ ਪੁੱਜ ਸਕਦਾ ਹੈ । ਇਸ ਬੁਨਿਆਦੀ ਗੱਲ ਨੂੰ ਮੁਖ ਰੱਖਦਿਆਂ ਸ਼ਖ਼ਸ਼ੀ ਗੁਰੂ ਦਾ ਅਸੂਲ ਆਪਣੇ ਆਪ ਵਿਚ ਇਕ ਅਟੱਲ ਨਿਯਮ ਦੇ ਤੌਰ 'ਤੇ ਠਹਿਰ ਨਹੀਂ ਸਕਦਾ । ਗੁਰੂ ਜੀ ਦੀ ਇਹ ਅਪਾਰ ਸਿਆਣਪ ਹੈ ਕਿ ਉਨ੍ਹਾਂ ਨੇ ਸਿੱਖੀ ਟਕਸਾਲ ਇਸ ਤਰ੍ਹਾਂ ਦੀ ਬਣਾਈ ਹੈ ਜਿਸ ਵਿਚ ਸ਼ਖ਼ਸ਼ੀ ਅਗਵਾਈ ਦੇ ਘਾਟੇ ਨੂੰ ਬਹੁਤ ਹੱਦ ਤਕ ਪੂਰਾ ਕਰ ਦਿੱਤਾ ਗਿਆ ਸੀ। ਉਹਨਾਂ ਆਪਣੀ ਮੌਜੂਦਗੀ ਪੰਥ, ਸੰਗਤ, ਸੰਤਾਂ ਤੇ ਗੁਰਮੁਖਾਂ ਦੀ ਮਹਾਨਤਾ ਵਧਾਈ ਸੀ । ਸੰਗਤ, ਪੰਥ, ਖਾਲਸਾ ਤੇ ਬਾਣੀ ਨਾਲ ਗੁਰੂ-ਪਦ ਖੁਲ੍ਹਾ ਵਰਤ ਕੇ ਇਹਨਾਂ ਨੂੰ ਵਿਸ਼ੇਸ਼ ਦਰਜਾ ਪ੍ਰਾਪਤ ਹੋ ਗਿਆ ਸੀ । ਪੰਥ ਦੇ ਨੁਮਾਇੰਦੇ ਪੰਜ ਪਿਆਰਿਆਂ ਤੋਂ ਗੁਰੂ ਦਸਮ ਪਾਤਿਸ਼ਾਹ ਨੇ ਆਪ ਅੰਮ੍ਰਿਤ ਛਕ ਕੇ ਉਹਨਾਂ ਨੂੰ ਜਾਂ ਪੰਥ ਨੂੰ ਗੁਰੂ ਦਾ ਦਰਜਾ ਦੇ ਦਿਤਾ ਗਿਆ ਸੀ ।

ਸ਼ਬਦ ਗੁਰੂ ਦੀ ਸਥਾਪਨਾ ਬਾਕਾਇਦਾ ਤੌਰ 'ਤੇ ਇਉਂ ਕਰ ਦਿੱਤੀ ਗਈ ਸੀ:-

"ਗੁਰੂ ਗ੍ਰੰਥ ਜੀ ਮਾਨਿਅਹੁ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕਉ ਮਿਲਬੋ ਚਹੇ ਖੋਜਿ ਸਬਦ ਮਹਿ ਲੇਹ ॥"

(ਪੰਥ ਪ੍ਰਕਾਸ਼)

ਗੁਰੂ ਗੋਬਿੰਦ ਸਿੰਘ ਜੀ ਨੇ ਇਉਂ ਐਲਾਨ ਕੀਤਾ ਹੋਇਆ ਸੀ

"ਖ਼ਾਲਸਾ ਮੇਰੋ ਰੂਪ ਹੈ ਖਾਸ ।
ਖ਼ਾਲਸੇ ਮਹਿ ਹਉ ਕਰਉ ਨਿਵਾਸ ।"

ਅਰਥਾਤ "ਖ਼ਾਲਸਾ ਮੇਰਾ ਅਪਨਾ ਰੂਪ ਹੈ ਕਿਉਂਕਿ ਖਾਲਸੇ ਵਿਚ ਮੇਰਾ ਅਪਨਾ ਆਪ ਵਸਦਾ ਹੈ ।"

ਪੰਜ ਪਿਆਰੇ, ਪੰਥ ਦੇ ਨੁਮਾਇੰਦੇ ਹੋਣ ਦੀ ਹੈਸੀਅਤ ਵਿਚ ਨਿਵਾਜੇ ਗਏ ਤੇ ਇਸ ਤਰ੍ਹਾਂ ਪੰਥ ਨੂੰ ਗੁਰੂ ਦਾ ਸ਼ਖ਼ਸ਼ੀ ਰੂਪ ਦਿੱਤਾ ਗਿਆ, ਪਰ ਉਹਨਾਂ ਪਿਆਰਿਆਂ ਨੂੰ ਜਾਂ ਪੰਥ ਨੂੰ ਸ਼ਬਦ ਦੇ ਅਧੀਨ ਕਰ ਦਿੱਤਾ ਗਿਆ। ਗੁਰੂ ਨਾਨਕ ਤੇ ਉਹਨਾਂ ਦੇ ਹੀ ਸਰੂਪ ਬਾਕੀ ਗੁਰੂ ਹੁਣ ਆਤਮਕ ਤੌਰ 'ਤੇ ਸ਼ਬਦ ਦਾ ਰੂਪ ਲੈ ਚੁਕੇ ਹਨ ਤੇ ਸਰੀਰਕ ਤੌਰ 'ਤੇ ਗੁਰੂ ਸੰਗਤ ਵਿਚ ਜਾਂ ਉਸ ਪੰਥ ਵਿਚ ਮੌਜੂਦ ਹਨ ਜਿਸ ਵਿਚ ਉਹਨਾਂ ਦਾ ਸਾਰਾ ਇਤਿਹਾਸ, ਉਹਨਾਂ ਦੇ ਪਾਏ ਜੀਵਨ ਪੂਰਨੇ, ਸਿਖੀ ਦੀਆਂ ਰਵਾਇਤਾਂ ਤੇ ਮਰਯਾਦਾਵਾਂ ਪੰਥ ਦੀ ਅਗਵਾਈ ਤੇ ਪ੍ਰੇਰਨਾ ਲਈ ਸਦਾ ਮੌਜੂਦ ਹਨ। ਇਹ ਗੱਲ ਹੁਣ ਅਟੱਲ ਸਚਾਈ ਹੋ ਗਈ ਹੈ :-

"ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥

(ਭਟ ਹਰਬੰਸ ਸ੍ਵਯੇ ਮਹਲੇ ਪੰਜਵੇਂ ਕੇ)

ਅਰਥਾਤ "ਕੌਣ ਕਹਿੰਦਾ ਹੈ ਕਿ ਸ੍ਰੀ ਗੁਰੂ ਮਰੇ ਹਨ।"

ਸੱਚੀ ਗੱਲ ਇਹ ਹੈ ਕਿ 'ਸ਼ਬਦ ਗੁਰੂ" ਦਾ ਇਹ ਅਸੂਲ ਨਿਹਾਇਤ ਖ਼ੂਬਸੂਰਤ ਹੈ। ਅਜੇ ਤਕ ਹੋਰ ਕਿਸੇ ਨੇ ਵੀ ਇਹ ਅਸੂਲ ਇਸ ਸ਼ਕਲ ਵਿਚ ਪੇਸ਼ ਨਹੀਂ ਕੀਤਾ। ਦੁਨੀਆਂ ਦੇ ਅੰਦਰ ਦੋ ਇੰਤਹਾ ਖ਼ਿਆਲਾਂ ਦਾ ਇਹ ਹੀ ਇਕ ਸਹੀ ਉੱਤਰ ਹੈ ਤੇ ਇਨ੍ਹਾਂ ਦੋਹਾਂ ਇੰਤਹਾ ਖ਼ਿਆਲਾਂ ਨੂੰ ਗੁਰੂ ਜੀ ਨੇ ਬੜੀ ਕਾਮਯਾਬੀ ਨਾਲ ਨਿਬਾਹਿਆ ਹੈ। ਇਕ ਤਾਂ ਉਹ ਲੋਕ ਹਨ ਜੋ ਸ਼ਖ਼ਸ਼ੀ ਗੁਰੂ ਤੋਂ ਬਿਨਾਂ ਤੁਰਨਾ ਹੀ ਨਹੀਂ ਚਾਹੁੰਦੇ ਤੇ ਇਕ ਉਹ ਹਨ ਜੋ ਕਿਸੇ ਦੂਜੇ ਨੂੰ ਗੁਰੂ ਦਾ ਦਰਜਾ ਦੇਣਾ ਆਪਣੇ ਲਈ ਮਾਨਸਿਕ ਗੁਲਾਮੀ ਸਮਝਦੇ ਹਨ; ਕਿਉਂਕਿ ਉਹਨਾਂ ਦਾ ਖ਼ਿਆਲ ਇਹ ਹੁੰਦਾ ਹੈ ਕਿ ਆਤਮਕ ਉੱਨਤੀ ਲਈ ਮੁਕੰਮਲ ਸੁਤੰਤਰਤਾ ਜ਼ਰੂਰੀ ਸ਼ਰਤ ਹੈ। ਗੁਰੂ ਸਾਹਿਬ ਨੇ ਇਕ ਤਰ੍ਹਾਂ ਇਨ੍ਹਾਂ ਦੋਹਾਂ ਇੰਤਹਾ ਖ਼ਿਆਲਾਂ ਨੂੰ ਇਕੱਠਾ ਕੀਤਾ ਹੈ। ਸ਼ਖ਼ਸ਼ੀ ਅਗਵਾਈ ਦੇ ਕੇ ਵੀ ਆਪਣੇ ਪੈਰਾਂ ਤੇ ਖੜ੍ਹੇ ਹੋਣਾ ਸਿਖਾਇਆ ਹੈ। ਹਰ ਕੋਈ ਆਪਣੇ ਯਤਨਾਂ ਨਾਲ ਆਪਣੀ ਮਾਨਸਿਕ ਸੁਤੰਤਰਤਾ ਕਾਇਮ ਰੱਖ ਕੇ ਅਤੇ ਬਿਨਾਂ ਕਿਸੇ ਦੇਹ ਧਾਰੀ ਮਨੁੱਖ ਦੀ ਸ਼ਖਸ਼ੀ ਗੁਲਾਮੀ ਅਪਨਾਉਣ ਦੇ ਪੂਰੇ ਗੁਰੂ ਦੇ ਬਖ਼ਸ਼ੇ 'ਸ਼ਬਦ ਗੁਰੂ' ਦੇ ਸਹਾਰੇ ਆਪਣੇ ਸਹੀ ਰਾਹ 'ਤੇ ਤੁਰਨ ਦੀ ਸ਼ਕਤੀ ਪੈਦਾ ਕਰ ਸਕਦਾ ਹੈ ਤੇ ਵੱਡੀ ਤੋਂ ਵੱਡੀ ਆਤਮਕ ਮੰਜ਼ਲ ਤੇ ਪੁੱਜ ਸਕਦਾ ਹੈ। ਸ਼ਬਦ ਗੁਰੂ ਤਾਰਣ ਸੰਮ੍ਰਥ ਹੈ।

"ਗੁਰ ਕੈ ਸ਼ਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥"



(ਭੈਰਉ ਮਹਲਾ ੧) ਅੰਗ ੧੧੨੫

ਅਰਥਾਤ-"ਕਈ ਮੋਨੀ, ਇੰਦ੍ਰਾਇਕ ਅਤੇ ਬ੍ਰਹਮਾਦਿਕ ਗੁਰੂ ਦੇ ਸ਼ਬਦ ਦਵਾਰਾ ਹੀ ਤਰੇ ਹਨ।"

ਸ਼ਬਦ-ਗੁਰੂ ਤੋਂ ਬਿਨਾਂ ਸਭ ਅੰਧੇਰਾ ਹੈ।

"ਭਵਜਲੁ ਬਿਨੁ ਸਬਦੈ ਕਿਉ ਤਰੀਐ ॥ ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ॥"

(ਭੈਰਉ ਮਹਲਾ ੧) ਅੰਗ ੧੧੨੫

ਅਰਥਾਤ-"ਕਦੋਂ ਕੋਈ ਇਹ ਸੰਸਾਰ ਸਾਗਰ ਸ਼ਬਦ ਤੋਂ ਬਿਨਾਂ ਤਰਿਆ ਹੈ। ਦਵੈਤ ਭਾਵ ਦੇ ਕਾਰਣ ਸਭ ਸੰਸਾਰ ਡੁਬ ਡੁਬ ਮਰ ਰਿਹਾ ਹੈ ਤੇ ਨਾਮ ਤੋਂ ਬਿਨਾਂ ਰੋਗਾਂ ਵਿਚ ਗ੍ਰਸਿਆ ਪਿਆ ਹੈ।"

ਗੁਰੂ ਨਾਨਕ ਦੇਵ ਜੀ ਨੇ ਬਹੁਤ ਵਧੇਰੇ ਸਪੱਸ਼ਟ ਇਉਂ ਕੀਤਾ ਸੀ:

"ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥" ਅੰਗ ੧੨੭੯

ਗੁਰੂ ਦੇ ਅੰਦਰ ਪ੍ਰਮਾਤਮਾ ਨੇ ਆਪਣਾ ਆਪ ਰੱਖ ਦਿੱਤਾ ਤੇ ਉਹਨਾਂ ਰਾਹੀਂ ਸ਼ਬਦ ਗੁਰੂ ਨੂੰ ਸਥਾਪਿਤ ਕੀਤਾ।

ਅਰੰਭ ਦੇ ਸ਼ਬਦ ਵਿਚ ਗੁਰੂ-ਪਦ ਦੀ ਕੀਤੀ ਵਿਆਖਿਆ ਸੰਬੰਧੀ ਕੁਝ ਹੋਰ ਵਧੇਰੇ ਕਹਿਣ ਦੀ ਲੋੜ ਭਾਸਦੀ ਹੈ। ਇਸ ਦੀ ਆਖਰੀ ਤੁਕ ਵਿਚ ਕਿਹਾ ਗਿਆ ਹੈ ਕਿ ਗੁਰੂ ਨਾਨਕ ਇਸ ਲਈ ਗੁਰੂ ਹੈ ਕਿ ਉਹ ਪ੍ਰਮਾਤਮਾ ਦਾ ਰੂਪ ਹੋ ਗਿਆ ਸੀ। ਅਸਲ ਵਿਚ ਬੁਨਿਆਦੀ ਗੱਲ ਇਹੋ ਹੈ ਕਿ ਗੁਰੂਆਂ ਦਾ ਗੁਰੂ ਜਾਂ ਸਭ ਤੋਂ ਵੱਡਾ ਗੁਰੂ, ਪ੍ਰਮਾਤਮਾ ਹੀ ਹੋ ਸਕਦਾ ਹੈ। ਗੁਰੂ ਨਾਨਕ ਵੀ ਗੁਰੂ ਇਸ ਲਈ ਹੈ ਕਿ ਉਹ ਪ੍ਰਮਾਤਮਾ ਦਾ ਰੂਪ ਹੋ ਗਿਆ ਹੈ ਤੇ ਫਿਰ ਰੱਬ ਦਾ ਗਿਆਨ ਗੁਰੂ ਨਾਨਕ ਰਾਹੀਂ ਉਤਰਿਆ ਹੈ। ਪਰ ਇਸ ਤਰ੍ਹਾਂ ਦੇਹਧਾਰੀ ਰੂਪ ਵਿਚ ਗੁਰੂ ਦਾ ਦਰਜਾ ਬਹੁਤ ਮਹਾਨ ਹੁੰਦਾ ਹੋਇਆ ਵੀ ਗੁਰੂ ਨਾਨਕ ਜਾਂ ਕੋਈ ਹੋਰ ਮਹਾਂਪੁਰਸ਼ ਪ੍ਰਮਾਤਮਾ ਦੀ ਥਾਂ ਨਹੀਂ ਲੈ ਸਕਦਾ। ਮਹਾਰਾਜ ਨੇ ਗੁਰੂ ਦੀ ਮਹਿਮਾ ਦਰਸਾਉਣ ਲਈ ਅਤੇ ਉਸ ਦੀ ਪ੍ਰਮਾਤਮਾ ਨਾਲ ਅਭੇਦਤਾ ਦੀ ਤਸਵੀਰ ਸਾਹਮਣੇ ਲਿਆਉਣ ਲਈ 'ਗੁਰੂ ਪਦ' ਦੀ ਮਹਾਨਤਾ ਵਧਾਉਣ ਲਈ ਗੁਰੂ ਨੂੰ ਰੱਬ ਕਰਕੇ ਬਿਆਨ ਕਰ ਦਿੱਤਾ ਹੈ। ਸ਼ਰਧਾ ਤੇ ਪ੍ਰੇਮ ਦੇ ਹੁਲਾਰੇ ਵਿਚ ਗੁਰੂ ਦੀ ਵਡਿਆਈ ਦਸਦਿਆਂ ਗੁਰੂ ਨਾਨਕ ਨੂੰ, ਰੱਬ ਦਾ ਰੂਪ ਜਾਣ ਕੇ, ਰੱਬ ਹੀ ਕਹਿ ਜਾਂਦੇ ਹਨ। ਉਹ ਇਹ ਗੱਲ ਪੱਕੀ ਕਰਨੀ ਚਾਹੁੰਦੇ

ਹਨ ਕਿ ਗੁਰੂ ਓਹੋ ਹੋ ਸਕਦਾ ਹੈ ਜੋ ਰੱਬ ਨਾਲ ਅਭੇਦ ਹੋ ਕੇ ਉਸ ਦਾ ਰੂਪ ਹੋ ਚੁਕਾ ਹੈ ਤੇ ਜਿਸ ਵਿਚ ਰੱਬ ਦੀਆਂ ਬੇਅੰਤ ਵਡਿਆਈਆਂ ਤੇ ਗੁਣ ਮੌਜੂਦ ਹਨ ਤਾਂ ਜੋ ਦੁਨੀਆਂ ਛੇਤੀ ਨਾਲ ਗੁਮਰਾਹ ਨਾ ਹੋ ਜਾਏ ।ਇਸ ਪੂਰਨ ਗੁਰੂ ਦਾ ਧਿਆਨ ਉਸ ਦੇ ਕਿਸੇ ਨੱਕ, ਮੂੰਹ ਦਾ ਧਿਆਨ ਨਹੀਂ, ਉਸ ਦੀ ਰੱਬੀ ਆਤਮਾ ਦਾ ਹੈ ਜੋ ਪਰਮਾਤਮਾ ਨਾਲ ਅਭੇਦ ਹੋ ਕੇ ਸ਼ਬਦ ਰਾਹੀਂ ਪ੍ਰਗਟ ਹੋਈ ਹੈ । ਜਿਵੇਂ ਨਿਰਅਕਾਰ ਪ੍ਰਮਾਤਮਾ ਦਾ ਧਿਆਨ ਉਸ ਦੇ ਗੁਣ, ਕਰਮ ਤੇ ਸ਼ਖ਼ਸ਼ੀਅਤ ਦਾ ਧਿਆਨ ਹੈ ਤਿਵੇਂ ਇਹ ਧਿਆਨ ਨਿਰਅਕਾਰ ਸ਼ਬਦ ਦਾ ਹੈ । ਇਸੇ ਲਈ ਸ਼ਬਦ 'ਗੁਰੂ' ਦਾ ਦਰਜਾ ਵੀ 'ਪ੍ਰਮਾਤਮਾ ਗੁਰੂ' ਦੇ ਤੁਲ ਹੋ ਜਾਂਦਾ ਹੈ ਕਿਉਂਕਿ ਇਹ ਸ਼ਬਦ ਪ੍ਰਮਾਤਮਾ ਦਾ ਹੈ ਤੇ ਗੁਰੂ ਰਾਹੀਂ ਉਤਰਿਆ ਹੈ ।

ਇਸ ਲੇਖ ਦੀ ਸਮਾਪਤੀ, ਦੋ ਹੋਰ ਸ਼ਬਦਾਂ ਨਾਲ ਕਰਦੇ ਹਾਂ । ਇਹ ਸ਼ਬਦ ਇਸ ਲੇਖ ਵਿਚ ਆਏ ਵਿਚਾਰਾਂ ਦੀ ਹੋਰ ਪੁਸ਼ਟੀ ਕਰਨਗੇ । ਪਹਿਲੇ ਸ਼ਬਦ ਵਿਚ ਗੁਰੂ ਪਦ ਦੀ ਵਿਆਖਿਆ ਹੈ ਤੇ ਦੂਜੇ ਵਿਚ ਗੁਰੂ ਪਦ ਨਾਲ ਸ਼ਬਦ ਗੁਰੂ ਦੀ ਵੀ ਉਪਮਾ ਹੈ ।

"ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ
ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ
ਪਾਰਬ੍ਰਹਮੁ ਸਦਾ ਨਮਸਕਾਰਉ ॥੧ ॥ ਮਤ ਕੋ ਭਰਮਿ ਭੁਲੈ
ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥
ਰਹਾਉ ॥ ਭੂਲੇ ਕਉ ਗੁਰਿ ਮਾਰਗਿ ਪਾਇਆ ॥
ਅਵਰ ਤਿਆਗਿ ਹਰਿ ਭਗਤੀ ਲਾਇਆ ॥ ਜਨਮ
ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ
ਵਡਾਈ ॥੨॥ ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥
ਅੰਧਕਾਰ ਮਹਿ ਭਇਆ ਪ੍ਰਗਾਸ ॥ ਜਿਨਿ ਕੀਆ ਸੋ
ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ
ਮਾਨਿਆ ॥ ੩॥ ਗੁਰੁ ਕਰਤਾ ਗੁਰ ਕਰਣੈ ਜੋਗੁ ॥ ਗੁਰੁ
ਪਰਮੇਸਰੁ ਹੈ ਭੀ ਹੋਗੁ ॥ ਕਹੁ ਨਾਨਕ ਪ੍ਰਭਿ ਇਹੈ
ਜਨਾਈ ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੧॥"

(ਗੋਂਡ ਮਹਲਾ ੫) ਅੰਗ ੮੬੪



ਅਰਥਾਤ "ਗੁਰੂ ਦੀ ਮੂਰਤ (ਸ਼ਖ਼ਸ਼ੀਅਤ) ਦਾ ਮਨ ਵਿਚ ਧਿਆਨ ਰਹਿੰਦਾ ਹੈ । ਗੁਰੂ ਦੇ ਸ਼ਬਦ ਦਵਾਰਾ ਉਸ ਦਾ ਉਪਦੇਸ਼ ਮਨ ਨੂੰ ਪਰਵਾਨ ਹੋਇਆ ਹੈ । ਗੁਰੂ ਦੇ ਚਰਨਾਂ ਨੂੰ ਮੈਂ ਹਿਰਦੇ ਵਿਚ ਰੱਖਦਾ ਹਾਂ ਤੇ ਗੁਰੂ ਨੂੰ ਪਾਰਬ੍ਰਹਮ ਦਾ ਰੂਪ ਸਮਝ ਕੇ ਉਸ ਨੂੰ ਨਮਸਕਾਰ ਕਰਦਾ ਹਾਂ । ਹੇ ਭਾਈ, ਮਤੇ ਕੋਈ ਸੰਸਾਰ ਵਿਚ ਭੁਲਦਾ ਭਟਕਦਾ ਫਿਰੇ, (ਇਹ ਗੱਲ ਨਿਸ਼ਚੇ ਹੈ) ਕਿ ਗੁਰੂ ਤੋਂ ਬਿਨਾਂ ਕੋਈ ਪਾਰ ਨਹੀਂ ਉਤਰਦਾ । ਮੈਂ ਭੁਲੇ ਹੋਏ ਨੂੰ ਗੁਰੂ ਨੇ ਰਾਹੇ ਪਾ ਦਿਤਾ ਹੈ ਤੇ ਹੋਰ ਸਭ ਪਾਸਿਓਂ ਹਟਾ ਕੇ ਪ੍ਰਮਾਤਮਾ ਦੀ ਭਗਤੀ ਵਿਚ ਲਾ ਦਿੱਤਾ ਹੈ। ਉਸ ਨੇ ਜਨਮ ਮਰਨ ਦੇ ਸਾਰੇ ਡਰ ਤੋੜ ਦਿੱਤੇ ਹਨ। ਪੂਰੇ ਗੁਰੂ ਦੀ ਵਡਿਆਈ ਸੱਚਮੁੱਚ ਬੇਅੰਤ ਹੈ । ਗੁਰੂ ਦੀ ਕਿਰਪਾ ਨਾਲ ਉਲਟਿਆ ਹੋਇਆ (ਕੁਰਾਹੇ ਪਿਆ) ਹਿਰਦਾ ਰੂਪ ਕਮਲ ਸਿੱਧਾ ਹੋ ਕੇ ਖਿੜ ਪਿਆ ਹੈ ਤੇ ਹੁਣ ਹਨੇਰੇ ਵਿਚ ਜਗਮਗ ਹੋ ਪਿਆ ਹੈ । ਜਿਸ ਹਰੀ ਨੇ ਪੈਦਾ ਕੀਤਾ ਸੀ ਉਸ ਨੂੰ ਗੁਰੂ ਦਵਾਰਾ ਸਮਝ ਲਿਆ ਹੈ । ਗੁਰੂ ਦੀ ਕਿਰਪਾ ਨਾਲ ਮੇਰਾ ਇਹ ਮੂਰਖ ਮਨ ਹੁਣ ਪਤੀਜ ਗਿਆ ਹੈ । ਗੁਰੂ ਕਰਤਾ ਪੁਰਖ ਹੈ ਤੇ ਸਭ ਕੁਝ ਕਰਣ ਕਾਰਨ ਹੈ । ਗੁਰੂ ਪ੍ਰਮੇਸ਼ਰ ਹੈ ਜੋ ਹੈ ਭੀ ਅਤੇ ਸਦਾ ਹੋਵੇਗਾ ਭੀ (ਏਥੇ ਗੁਰੂ ਦੀ ਵਾਹਿਗੁਰੂ ਨਾਲ ਅਭੇਦਤਾ ਪ੍ਰਗਟ ਕੀਤੀ ਹੈ । ਗੁਰੂ ਪ੍ਰਮੇਸ਼ਰ ਦਾ ਰੂਪ ਹੈ) । ਗੁਰੂ ਨਾਨਕ ਜੀ ਕਹਿੰਦੇ ਹਨ ਕਿ ਮੈਨੂੰ ਇਹ ਗੱਲ ਨਿਸ਼ਚੇ ਕਰਾ ਦਿੱਤੀ ਹੈ ਕਿ ਗੁਰੂ ਤੋਂ ਬਿਨਾਂ, ਹੇ ਭਾਈ, ਮੁਕਤੀ ਪ੍ਰਾਪਤ ਨਹੀਂ ਹੁੰਦੀ ।"

"ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ
ਤਰੇ ॥ ਸਨਕ ਸਨੰਦਨ ਤਪਸੀ ਜਨ ਕੇਤੇ ਗੁਰਪਰਸਾਦੀ
ਪਾਰਿ ਪਰੇ ॥੧॥ ਭਵਜਲੁ ਬਿਨੁ ਸਬਦੈ ਕਿਉ
ਤਰੀਐ ॥ ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ
ਡੁਬਿ ਡੁਬਿ ਮਰੀਐ ॥ ੧॥ ਰਹਾਉ ॥ ਗੁਰੁ ਦੇਵਾ ਗੁਰੁ
ਅਲਖ ਅਭੇਵਾ ਤ੍ਰਿਭਵਣ ਸੋਝੀ ਗੁਰ ਕੀ ਸੇਵਾ ॥ ਆਪੇ
ਦਾਤਿ ਕਰੀ ਗੁਰਿ ਦਾਤੈ ਪਾਇਆ ਅਲਖ ਅਭੇਵਾ ॥੨॥
ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ
ਸਮਾਈ ॥ ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ
ਸਮਝੈ ਗੁਣ ਗਾਈ ॥੩॥ ਗੁਰ ਤੇ ਮਨੁ ਮਾਰਿਆ ਸਬਦੁ

ਵੀਚਾਰਿਆ ਤੇ ਵਿਰਲੇ ਸੰਸਾਰਾ ॥ ਨਾਨਕ ਸਾਹਿਬੁ
ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ ॥" ੪॥੧॥੨॥

(ਰਾਗ ਭੈਰਉ ਮਹਲਾ ੧) ਅੰਗ ੧੧੨੫

ਅਰਥਾਤ "ਕਈ ਮੋਨੀ, ਕਈ ਇੰਦ੍ਰ ਆਦਿਕ ਅਤੇ ਬ੍ਰਹਮਾ ਆਦਿਕ ਗੁਰੂ ਦੇ ਸ਼ਬਦ ਦਵਾਰਾ ਤਰੇ ਹਨ । ਸਨਕ ਸਨੰਦਨ (ਬ੍ਰਹਮਾ ਦੇ ਪੁੱਤਰ) ਅਤੇ ਕਈ ਤਪਸੀ ਜਨ, ਗੁਰੂ ਕਿਰਪਾ ਨਾਲ ਹੀ, ਪਾਰ ਪਏ ਹਨ । ਕਿਵੇਂ ਕੋਈ ਕਦੇ ਸ਼ਬਦ ਗੁਰੂ ਤੋਂ ਬਿਨਾਂ ਸੰਸਾਰ ਸਾਗਰ ਤਰਿਆ ਹੈ ? ਸਾਰਾ ਸੰਸਾਰ ਦ੍ਵੈਤ ਭਾਵ ਦੇ ਕਾਰਨ ਡੁਬ ਡੁਬ ਮਰ ਰਿਹਾ ਹੈ ਤੇ ਨਾਮ ਤੋਂ ਬਿਨਾਂ ਰੋਗਾਂ ਵਿਚ ਗ੍ਰਸਿਆ ਪਿਆ ਹੈ (ਸ਼ਬਦ ਗੁਰੂ ਇਹ ਸਾਰੇ ਰੋਗ ਕਟਦਾ ਹੈ) ਗੁਰੂ ਦੇਵਤਾ ਹੈ, ਉਹ ਸਮਝ-ਗੋਚਰਾ ਨਹੀਂ ਤੇ ਉਸ ਦਾ ਭੇਦ ਨਹੀਂ ਲੱਭਦਾ ; ਪਰ ਤਿੰਨਾਂ ਭਵਨਾਂ ਦੀ (ਸਾਰੇ ਸੰਸਾਰ ਦੀ) ਸੋਝੀ ਗੁਰੂ ਦੀ ਸੇਵਾ ਤੋਂ ਹੀ ਹੁੰਦੀ ਹੈ । ਗੁਰੂ ਦਾਤੇ ਨੇ ਆਪ ਹੀ ਮੇਹਰ ਦੀ ਦਾਤ ਕੀਤੀ ਹੈ ਤੇ ਉਸ ਅਲਖ ਤੇ ਅਭੇਵ ਹਰੀ ਨਾਲ ਜੋੜ ਦਿੱਤਾ ਹੈ । ਇਹ ਮਨ ਆਪ ਹੀ (ਭੋਗਾਂ ਦੇ ਭੋਗਣ ਵਾਲਾ) ਰਾਜਾ ਹੈ ; ਪਰ ਗੁਰੂ ਦੇ ਪਰਚੇ ਦਵਾਰਾ ਇਸ ਮਨ ਨੂੰ ਮਨ ਵਿਚੋਂ ਹੀ ਸੰਤੋਖ ਮਿਲ ਜਾਂਦਾ ਹੈ ਅਤੇ ਮਨ ਦੀਆਂ ਆਪਣੀਆਂ ਸਾਰੀਆਂ ਖ਼ਾਹਸ਼ਾਂ ਮਨ ਵਿਚ ਹੀ ਖ਼ਤਮ ਹੋ ਜਾਂਦੀਆਂ ਹਨ। ਓਹੋ ਮਨ ਜੋ ਹਰੀ ਨਾਲੋਂ ਟੁੱਟ ਕੇ ਨਾਸ ਹੋ ਰਿਹਾ ਸੀ ਹੁਣ ਜੋਗੀ ਹੋ ਗਿਆ ਹੈ, ਭਾਵ ਹਰੀ ਨਾਲ ਜੁੜ ਗਿਆ ਹੈ । ਹਰੀ ਦੇ ਗੁਣ ਗਾਇਨ ਕਰਨ ਨਾਲ ਮਨ ਨੂੰ ਸਮਝ ਆ ਗਈ ਹੈ । ਗੁਰੂ ਦਵਾਰਾ ਸ਼ਬਦ ਦੇ ਵਿਚਾਰ ਨਾਲ ਜਿਨ੍ਹਾਂ ਮਨ ਦੀਆਂ ਦੌੜਾਂ ਨੂੰ ਮਾਰਿਆ ਹੈ ਉਹ ਜਗਤ ਵਿਚ ਵਿਰਲੇ ਹਨ । ਉਹਨਾਂ ਦਾ ਪਾਰ ਉਤਾਰਾ ਸੱਚੇ ਸ਼ਬਦ ਦਵਾਰਾ ਹੋਇਆ ਹੈ।"

ਇਹ ਹੈ ਸਾਰੇ ਗੁਰ-ਸਿਧਾਂਤ ਦਾ ਤਸੱਵਰ । ਸਿੱਖ ਗੁਰੂ ਸਾਹਿਬਾਨ ਦੀ ਮੌਜੂਦਗੀ ਵਿਚ ਸ਼ਬਦ-ਗੁਰੂ ਨੂੰ ਪ੍ਰਵਾਨ ਕਰ ਲਿਆ ਗਿਆ ਸੀ ; ਪਰ ਬਾਕਾਇਦਾ ਸ਼ਬਦ-ਗੁਰੂ ਦੀ ਸਥਾਪਨਾ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਦਸਮ ਪਾਤਿਸ਼ਾਹ ਨੇ ਕੀਤੀ ਸੀ । ਇਸ ਅਸਥਾਪਨਾ ਤੋਂ ਪਹਿਲਾਂ ਸ਼ਬਦ ਗੁਰੂ ਦੀ ਵਿਆਖਿਆ ਜਾਂ ਵਿਚਾਰ ਸਿੱਖ ਸੰਗਤਾਂ ਵਿਚ ਕਰਨ ਕਾਰਾਣ ਦਾ ਕਾਰਜ, ਸਮੇਂ ਦੇ ਸ਼ਖ਼ਸ਼ੀ ਗੁਰੂ ਜੀ ਨੇ ਖੁਦ ਆਪ ਹੀ ਕਰਨਾ ਸੀ । ਪਰ ਦਸਮ ਗੁਰੂ ਤੋਂ ਬਾਅਦ ਸ਼ਖਸੀ ਗੁਰਿਆਈ ਸਮਾਪਤ ਹੋ ਚੁੱਕੀ ਸੀ ਤੇ ਪੰਥ ਨੂੰ ਸ਼ਖ਼ਸ਼ੀ ਗੁਰੂ ਦੀ ਥਾਂ ਦਿੱਤੀ ਗਈ ਸੀ, ਤਾਂ ਪੁੱਛਿਆ ਜਾ ਸਕਦਾ ਹੈ ਕਿ ਉਸ ਦਾ ਕੋਈ ਸਿੱਟਾ ਕਿਉਂ ਨਹੀਂ ਨਿਕਲਿਆ ਹੈ ।



# ਨਾਮ ਸਿਮਰਨ

"ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥ ੧੯੦॥"

ਸਲੋਕ ਕਬੀਰ ਜੀ (ਅੰਗ ੧੩੭੪)

ਅਰਥਾਤ—"ਰਾਮ ਦਾ ਨਾਮ ਤਾਂ ਸਾਰੇ ਲੈਂਦੇ (ਜਪਦੇ) ਹਨ (ਉਹਨਾਂ ਵਿਚੋਂ ਕਈ, ਕੁਝ ਵੀ ਪ੍ਰਾਪਤ ਨਹੀਂ ਕਰਦੇ) । ਪਰ ਇਹੋ ਰਾਮ ਨਾਮ ਕਈਆਂ ਦੇ ਅੰਦਰ ਕੌਤਕ ਵਰਤਾ ਦਿੰਦਾ ਹੈ (ਭਾਵ ਉਹਨਾਂ ਦੀ) ਕਾਇਆ ਕਲਪ ਹੋ ਜਾਂਦੀ ਹੈ ।"

"ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ
ਖਾਇਆ ॥ ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ
ਸਚਿ ਨਾਮਿ ਚਿਤੁ ਲਾਇਆ ॥ ਬਿਨੁ ਨਾਵੈ ਜਗੁ ਕਮਲਾ
ਫਿਰੈ ਗੁਰਮੁਖਿ ਨਦਰੀ ਆਇਆ ॥ ਧੰਧਾ ਕਰਤਿਆ ਨਿਹਫਲੁ
ਜਨਮੁ ਗਵਾਇਆ ਸੁਖਦਾਤਾ ਮਨਿ ਨ ਵਸਾਇਆ ॥
ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ
ਧੁਰਿ ਲਿਖਿ ਪਾਇਆ ॥੧॥ ਮ:੩॥ ਘਰ ਹੀ ਮਹਿ
ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ
ਭੁਲਾਇਆ ॥ ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ
ਖੁਆਇਆ॥ ਗੁਰਮੁਖਿ ਵਿਰਲੇ ਸੋਝੀ ਪਈ ਤਿਨਾ
ਅੰਦਰਿ ਬ੍ਰਹਮੁ ਦਿਖਾਇਆ ॥ ਤਨੁ ਮਨੁ ਸੀਤਲੁ
ਹੋਇਆ ਰਸਨਾ ਹਰਿ ਸਾਦੁ ਆਇਆ ॥ ਸਬਦੇ ਹੀ
ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥ ਬਿਨੁ
ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥"

(ਸੋਰਠਿ ਕੀ ਵਾਰ, ਸਲੋਕ ਮਹਲਾ ੩) ਅੰਗ ੬੪੩

ਅਰਥਾਤ-"ਮਾਇਆ, ਹਉਮੈਂ ਵਾਂਗ ਸਭ ਜੀਵਾਂ ਨੂੰ ਠੱਗਦੀ ਹੈ ।

ਇਸ ਨੇ, ਬਿਨਾਂ ਦੰਦਾਂ ਹੀ, ਸਾਰਾ ਜਗਤ ਖਾ ਲਿਆ ਹੈ [ਸਭ ਦੁਨੀਆਂ ਇਸ ਦੀ ਚਮਕ ਦਮਕ ਨਾਲ ਮੋਹੀ ਜਾ ਕੇ ਖਾਧੀ (ਨਸ਼ਟ) ਹੋ ਰਹੀ ਹੈ]। ਮਨਮੁਖ ਤਾਂ ਇਸ ਨੇ ਸਾਰੇ ਹੀ ਖਾਧੇ ਹਨ, ਕੇਵਲ ਗੁਰਮੁਖ ਇਸ ਦੇ ਜ਼ਹਿਰੀਲੇ ਪ੍ਰਭਾਵ ਤੋਂ ਬਚ ਨਿਕਲਦੇ ਹਨ, ਕਿਉਂਕਿ ਉਨ੍ਹਾਂ ਸੱਚੇ ਨਾਮ ਨਾਲ ਚਿਤ ਜੋੜਿਆ ਹੁੰਦਾ ਹੈ। ਨਾਮ ਦੀ ਕਮਾਈ ਤੋਂ ਬਿਨਾਂ ਸਾਰਾ ਜਗਤ ਸ਼ੁਦਾਈ ਹੋਇਆ ਫਿਰਦਾ ਹੈ, ਪਰ ਨਾਮ ਦੇ ਰਸੀਏ ਗੁਰਮੁਖਾਂ ਨੂੰ ਨਾਮੀ ਵਾਹਿਗੁਰੂ ਦਾ ਪ੍ਰਕਾਸ਼ ਹੋਇਆ ਹੁੰਦਾ ਹੈ । ਮਨਮੁਖ ਧੰਧੇ ਕਰਦਿਆਂ ਕਰਦਿਆਂ ਮਨੁੱਖਾ ਜਨਮ ਨਿਸਫਲ ਗਵਾ ਬੈਠਦੇ ਹਨ ਕਿਉਂਕਿ ਸਭ ਸੁਖਾਂ ਦੇ ਦਾਤੇ ਵਾਹਿਗੁਰੂ ਨੂੰ ਉਹਨਾਂ ਮਨ ਵਿਚ ਨਹੀਂ ਵਸਾਇਆ ਹੁੰਦਾ (ਇਸ ਦਾ ਭਾਵ ਇਹ ਹੈ ਕਿ ਮਨੁੱਖੀ ਜੀਵਨ ਨੂੰ ਸਫਲ ਤੇ ਸੁਖਦਾਈ ਕਰਨ ਲਈ ਪ੍ਰਮਾਤਮਾ ਦਾ ਮਨ ਅੰਦਰ ਵਸ ਜਾਣਾ ਜ਼ਰੂਰੀ ਸ਼ਰਤ ਹੈ, ਨਹੀਂ ਤਾਂ ਆਤਮਾ ਭਟਕਦੀ ਫਿਰੇਗੀ ਤੇ ਦੁੱਖੀ ਰਹੇਗੀ। ਧਨ, ਇੱਜ਼ਤ, ਰਸੂਖ, ਬਲ ਆਦਿਕ ਤੋਂ ਸੁਖ ਨਹੀਂ ਨਿਕਲ ਸਕੇਗਾ) ਪਰ ਇਹ ਨਾਮ ਦੀ ਦਾਤ ਉਨ੍ਹਾਂ ਵਿਰਲੇ ਭਾਗਾਂ ਵਾਲਿਆਂ ਨੂੰ ਮਿਲਦੀ ਹੈ, ਜਿਨ੍ਹਾਂ ਨੇ ਆਪਣੀ ਕਮਾਈ ਨਾਲ, ਧੁਰੋਂ ਹੀ ਪ੍ਰਾਪਤ ਕਰ ਲਈ ਹੁੰਦੀ ਹੈ । ਅੰਮ੍ਰਿਤ ਦਾ ਸੋਮਾ (ਹਰੀ) ਤਾਂ ਸਭ ਦੇ ਅੰਦਰ ਮੌਜੂਦ ਹੈ, ਪਰ ਮੁਨਮੁਖਾਂ ਨੂੰ ਇਸ ਦਾ ਸਵਾਦ ਪ੍ਰਾਪਤ ਨਹੀਂ ਹੁੰਦਾ। ਜਿਵੇਂ ਹਿਰਨ ਦੇ ਅੰਦਰ ਕਸਤੂਰੀ ਤਾਂ ਅੱਗੇ ਹੀ ਮੌਜੂਦ ਹੁੰਦੀ ਹੈ, ਪਰ ਪਤਾ ਨਾ ਹੋਣ ਕਰਕੇ ਉਹ ਭੁਲੇਖੇ ਵਿਚ ਹੀ ਬਾਹਰ ਭਾਲਦਾ ਤੇ ਭਟਕਦਾ ਰਹਿੰਦਾ ਹੈ। ਤਿਵੇਂ (ਅਭਾਗਾ) ਜੀਵ ਭੁਲੇਖੇ ਵਿਚ ਅੰਦਰਲੇ ਅੰਮ੍ਰਿਤ ਦਾ ਤਿਆਗ ਕਰਕੇ ਬਾਹਰੋਂ ਜ਼ਹਿਰ ਇਕੱਠੀ ਕਰਦਾ ਰਹਿੰਦਾ ਹੈ । ਕਰਤਾ ਪੁਰਖ ਨੇ ਆਪ ਹੀ ਉਸ ਨੂੰ ਭੁਲੇਖਾ ਪਾ ਦਿੱਤਾ ਹੋਇਆ ਹੈ । (ਕਰਤਾਰ ਦੇ ਬਣਾਏ ਕਾਨੂੰਨਾਂ ਦੀ ਉਲੰਘਣਾ ਕਰਕੇ ਉਹਨਾਂ ਤੋਂ ਉਪਜੇ ਕਰਮਾਂ ਦੇ ਮਾੜੇ ਫਲਾਂ ਨੂੰ ਭੋਗਣਾ ਪੈਂਦਾ ਹੈ ਤੇ ਭੋਗ ਰਿਹਾ ਹੈ । ਇਸ ਤਰ੍ਹਾਂ ਭੁੱਲੀਂ ਪਾਉਣ ਵਾਲਾ ਇਕ ਤਰ੍ਹਾਂ ਕਰਤਾ ਪੁਰਖ ਆਪ ਹੀ ਹੁੰਦਾ ਹੈ। ਜਿਸ ਕਿਸੇ ਗੁਰਮੁਖ ਨੂੰ ਸੋਝੀ ਪੈ ਜਾਂਦੀ ਹੈ, ਵਾਹਿਗੁਰੂ ਉਸ ਦੇ ਅੰਦਰ ਬ੍ਰਹਮਾ ਦਾ ਪ੍ਰਕਾਸ਼ ਕਰ ਦਿੰਦਾ ਹੈ ਜਦ ਰਸਨਾ ਨੂੰ ਹਰੀ ਦਾ ਸਵਾਦ ਆ ਜਾਂਦਾ ਹੈ ਤਾਂ ਦੋਵੇਂ ਮਨ ਤੇ ਤਨ ਠੰਢ ਹੋ ਜਾਂਦੇ ਹਨ । ਗੁਰੂ ਦੇ ਸ਼ਬਦ ਦੀ ਕਮਾਈ ਤੋਂ ਨਾਮ ਉਪਜਦਾ ਤੇ ਵਧਦਾ ਫੁਲਦਾ ਹੈ ਤੇ ਫਿਰ ਸ਼ਬਦ ਦਵਾਰਾ ਮੇਲ ਹੋ ਜਾਂਦਾ ਹੈ (ਏਥੇ ਸ਼ਬਦ ਦੀ ਕਮਾਈ ਤੇ ਨਾਮ ਦੀ ਕਮਾਈ ਇਕ ਹੋ ਗਏ ਹਨ ; ਕਿਉਂਕਿ ਇਸ ਕਮਾਈ ਤੋਂ ਨਾਮ ਦਾ ਪ੍ਰਕਾਸ਼ ਹੋਇਆ ਹੁੰਦਾ ਹੈ) ਸ਼ਬਦ ਦੀ ਕਮਾਈ ਤੋਂ ਬਿਨਾਂ ਸਭ ਜਗਤ ਕਮਲਾ ਹੋਇਆ ਫਿਰਦਾ ਹੈ ਤੇ ਮਨੁੱਖਾ ਜਨਮ ਨਿਸਫਲ



ਹੋ ਜਾਂਦਾ ਹੈ । ਸ਼ਬਦ ਹੀ ਇਕ ਅਸਲ ਅੰਮ੍ਰਿਤ ਹੈ ਪਰ ਇਹ ਗੁਰਾਂ ਦਵਾਰੇ ਪਾਈਦਾ ਹੈ ।

ਗੁਰੂ ਅਮਰਦਾਸ ਜੀ ਦੇ ਇਸ ਸ਼ਬਦ ਵਿਚ ਨਾਮ ਸਿਮਰਨ ਦੀ ਮਹਿਮਾ ਉਤੇ ਸੰਖੇਪ ਵਿਆਖਿਆ ਹੈ । ਸਿੱਖ ਮਤਿ ਅਨੁਸਾਰ ਨਾਮ ਸਿਮਰਨ ਦੀ ਕਮਾਈ ਸਰਬ ਉੱਤਮ ਕਮਾਈ ਹੈ । ਇਹ ਐਸੀ ਅਮੋਲਕ ਦਾਤ ਹੈ ਕਿ ਇਸ ਤੋਂ ਬਿਨਾਂ ਜ਼ਿੰਦਗੀ ਮੌਤ ਤੁੱਲ ਹੋ ਜਾਂਦੀ ਹੈ ਤੇ ਸਾਰਾ ਜੀਵਨ ਫਿਕਾ, ਬੇਰਸਾ ਤੇ ਬੇਅਰਥ ਹੋ ਕੇ ਰਹਿ ਜਾਂਦਾ ਹੈ ਗੁਰੂ ਰਾਮਦਾਸ ਫ਼ੁਰਮਾਂਦੇ ਹਨ :

"ਬਿਨੁ ਨਾਵੈ ਜੀਵਣੁ ਨ ਥੀਐ...॥"

(ਸਿਰੀ ਰਾਗ ਮਹਲਾ ੪) ਅੰਗ ੪੦

ਅਰਥਾਤ-"ਨਾਮ ਤੋਂ ਬਿਨਾਂ ਜੀਵਣ ਕੋਈ ਜੀਵਣ ਨਹੀਂ ॥"

ਇਹ ਬਾਤ ਗੁਰੂ ਅਮਰਦਾਸ ਜੀ ਇਉਂ ਕਹਿੰਦੇ ਹਨ:

"ਵਿਣੁ ਨਾਵੈ ਦੁਖੁ ਪਾਇ ...॥"

(ਮਾਝ ਕੀ ਵਾਰ ਮਹਲਾ ੩) ਅੰਗ ੧੪੪

ਗੁਰੂ ਅਰਜਨ ਦੇਵ ਜੀ ਇਸ ਨੂੰ ਇਉਂ ਪੇਸ਼ ਕਰਦੇ ਹਨ:-

ਅਰਥਾਤ-"ਨਾਮ ਤੋਂ ਬਿਨਾਂ ਜੀਵ ਦੁੱਖ ਪਾਂਦਾ ਹੈ ।"

"ਲਾਜ ਮਰੈ ਜੋ ਨਾਮੁ ਨ ਲੇਵੈ ॥ ਨਾਮ ਬਿਹੂਨ ਸੁਖੀ ਕਿਉ ਸੋਵੈ॥"

(ਭੈਰਉ ਮਹਲਾ ੫) ਅੰਗ ੧੧੪੯

ਅਰਥਾਤ- "ਜੋ ਪੁਰਸ਼ ਨਾਮ ਨਹੀਂ ਲੈਂਦਾ (ਜਪਦਾ) ਉਹ ਲਜਿਆ-ਵਾਨ ਹੋ ਕੇ ਮਰਦਾ ਹੈ, (ਸਾਰਾ ਜੀਵਨ ਜੁ ਪੁਠਾ ਹੋ ਕੇ ਰਹਿੰਦਾ ਹੈ। ਨਾਮ ਤੋਂ ਬਿਨਾਂ ਕਿਵੇਂ ਕੋਈ ਸੁਖ ਦੀ ਨੀਂਦ ਪ੍ਰਾਪਤ ਕਰ ਸਕਦਾ ਹੈ ?"

ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਸਿਮਰਨ ਦੀ ਹੀ ਥਾਂ ਥਾਂ ਮਹਿਮਾ ਹੈ। ਐਸੇ ਸ਼ਬਦ ਥੋੜ੍ਹੇ ਹੀ ਹੋਣੇ ਹਨ ਜਿਨ੍ਹਾਂ ਵਿਚ ਇਸ ਸਿਮਰਨ ਦਾ ਜ਼ਿਕਰ ਵਿਸ਼ੇਸ਼ ਨਹੀਂ । ਸਿੱਖ ਗੁਰੂ ਸਾਹਿਬਾਨ ਪੂਰੇ ਭਰੋਸੇ ਨਾਲ ਐਲਾਨ ਕਰਦੇ ਹਨ ਕਿ ਨਾਮ ਸਭ ਸੁਖਾਂ ਦਾ ਸੋਮਾ ਹੈ । ਸਾਰੇ ਰੋਗਾਂ ਦਾ ਦਾਰੂ ਹੈ ਹਰ ਕਿਸਮ ਦੀ ਮੈਲ ਕਟਨਹਾਰ ਹੈ ਅਤੇ ਮੋਖ (ਮੁਕਤੀ) ਲਈ ਇਹੋ ਉਤਮ ਸਾਧਨ ਹੈ । ਉਹਨਾਂ ਦੇ ਕੁਝ ਸ਼ਬਦ ਦੇਂਦੇ ਹਾਂ ।

"ਸਰਬ ਰੋਗ ਕਾ ਅਉਖਦੁ ਨਾਮੁ ॥"

(ਗਉੜੀ ਸੁਖਮਨੀ ਮਹਲਾ ੫)ਅੰ:੨੭੪

ਸ਼ਬਦ 'ਰੋਗ' ਦੀ ਵਰਤੋਂ ਮਾਨਸਿਕ ਜਾਂ ਅਧਿਆਤਮਕ ਬੁਰਿਆਈਆਂ ਲਈ ਹੁੰਦੀ ਹੈ।

ਅਰਥਾਤ "ਸਭ ਰੋਗਾਂ ਦਾ ਇਲਾਜ ਨਾਮ ਹੈ ।"

"ਭਰੀਐ ਮਤਿ ਪਾਪਾ ਕੈ ਸੰਗਿ ॥ ਓਹ ਧੋਪੈ ਨਾਵੈ ਕੈ ਰੰਗਿ ॥"

(ਜਪੁ ਜੀ, ਗੁਰੂ ਨਾਨਕ) ਅੰਗ ੪

ਅਰਥਾਤ "ਜੇ ਬੁਧੀ ਪਾਪਾਂ ਨਾਲ ਮਲੀਨ ਹੋ ਜਾਏ ਤਾਂ ਉਹ ਨਾਮ ਦਾ ਰੰਗ ਚੜ੍ਹਨ ਨਾਲ ਸੁਥਰੀ ਹੋ ਜਾਂਦੀ ਹੈ।"

"ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ ..॥"

(ਭੈਰਉ ਮਹਲਾ ੧) ਅੰਗ ੧੧੨੭

ਅਰਥਾਤ-"ਨਾਮ ਤੋਂ ਬਿਨਾਂ ਕੋਈ ਮੁਕਤੀ (ਛੁਟਕਾਰਾ ਆਵਾਗਵਣ ਦਾ) ਪ੍ਰਾਪਤ ਨਹੀਂ ਕਰ ਸਕਦਾ ।"

ਨਾਮ ਉਹ ਕਮਾਈ ਹੈ ਜਿਸ ਤੋਂ ਸੁੱਖਾਂ ਦੀ ਪ੍ਰਾਪਤੀ ਸੁਤੇ ਸਿੱਧ ਹੋ ਜਾਂਦੀ ਹੈ ਜਾਂ ਉਹਨਾਂ ਸੁਖਾਂ ਦੀ ਥੁੜ੍ਹ ਮਹਿਸੂਸ ਨਹੀਂ ਹੁੰਦੀ ।

ਨਾਮ ਸਿਮਰਨ ਦੀ ਮਹਾਨਤਾ ਦੀ ਪੁਸ਼ਟੀ ਤੁਲਸੀ ਜੀ ਦੀ ਰਮਾਇਣ ਨੇ ਵੀ ਇਉਂ ਕੀਤੀ ਸੀ:-

"ਰਾਮ ਨਾਮ ਮਨਿ ਦੀਪ ਧਰ, ਜੀਹ ਦੇਹੁਰੀ ਦੁਆਰ ।

ਤੁਲਸੀ ਭੀਤਰ ਬਾਹਿਰ ਹੂੰ ਜੋ ਚਾਹਸਿ ਉਜਿਆਰ ॥"

ਅਰਥਾਤ-"ਹੇ ਤੁਲਸੀ, ਜੇ ਅੰਦਰ ਬਾਹਰ ਪ੍ਰਕਾਸ਼ ਚਾਹੁੰਦੇ ਹੋ ਤਾਂ ਮਨ ਅੰਦਰ ਰਾਮ ਨਾਮ ਦਾ ਦੀਵਾ ਬਾਲੋ ।"

ਸਿਮਰਨ ਦੇ ਫਲ ਸੰਬੰਧੀ ਮਹਾਰਾਜ ਦੇ ਸਾਰੇ ਦਾਹਵੇ ਉਹਨਾਂ ਦੇ ਆਪਣੇ ਤਜਰਬਿਆਂ ਦੇ ਆਧਾਰ 'ਤੇ ਹਨ ਤੇ ਇਹ ਗ਼ਲਤ ਨਹੀਂ ਹੋ ਸਕਦੇ। ਜਿਵੇਂ ਸਾਇੰਸਦਾਨਾਂ ਦੇ ਕੀਤੇ ਤਜਰਬਿਆਂ ਦਾ ਨਿਰਣਾ ਹੋ ਜਾਂਦਾ ਹੈ ਤਿਵੇਂ ਮਹਾਂਪੁਰਸ਼ਾਂ ਦੇ ਇਹ ਆਤਮਕ ਤਜਰਬੇ ਹਰ ਕੋਈ ਆਪਣੇ ਅਮਲ ਵਿਚ ਲਿਆ ਕੇ ਵੇਖ ਸਕਦਾ ਹੈ । ਕਈ ਲੋਕਾਂ ਨੇ ਇਹ ਤਜਰਬੇ ਕੀਤੇ ਹਨ ਤੇ ਉਹਨਾਂ ਬੜੀ ਤਸੱਲੀ ਨਾਲ ਇਨ੍ਹਾਂ ਦੀ ਸਚਾਈ ਦੀ ਪੁਸਟੀ ਕਰ ਦਿੱਤੀ ਹੈ । ਇਹ ਠੀਕ ਹੈ ਕਿ ਇਸ ਤਰ੍ਹਾਂ ਦੀ ਪੁਸ਼ਟੀ ਕਰਨ ਵਾਲੇ ਨਿਕਲਦੇ ਥੋੜ੍ਹੇ



ਹੀ ਹਨ, ਪਰ ਸਮੇਂ ਸਮੇਂ ਨਿਕਲਦੇ ਜ਼ਰੂਰ ਰਹਿੰਦੇ ਹਨ ਤੇ ਇਨ੍ਹਾਂ ਦੇ ਕਾਰਨ ਹੀ ਧਰਮ ਦੇ ਅਕੀਦੇ ਤੇ ਵਿਸ਼ਵਾਸ ਸਦਾ ਲਈ ਜਿਉਂਦੇ ਰੱਖੇ ਜਾ ਸਕਦੇ ਹਨ । ਨਿਰੇ ਲਕੀਰ ਦੇ ਫ਼ਕੀਰਾਂ ਤੇ ਅੰਧ ਵਿਸ਼ਵਾਸੀਆਂ ਨੇ ਧਰਮ ਨੂੰ ਕਦੇ ਬਚਾਇਆ ਨਹੀਂ ਅਤੇ ਨਾ ਹੀ ਬੇਸਮਝ, ਦੰਭੀ ਜਾਂ ਰਸਮ-ਪ੍ਰਸਤ ਲੋਕ ਧਰਮ ਦਾ ਪੱਕਾ ਸਹਾਰਾ ਹੋ ਸਕੇ ਹਨ । ਇਨ੍ਹਾਂ ਨੇ ਤਾਂ ਸਗੋਂ ਇਹ ਤਜਰਬੇ ਕੀਤੇ ਹੀ ਨਹੀਂ ਹੁੰਦੇ । ਇਹ ਲੋਕ ਅਖੌਤੀ ਨਾਮ ਸਿਮਰਦੇ ਤੇ ਜਾਪ ਜਪਦੇ ਭਾਵੇਂ ਰੋਜ਼ ਦਿਸਦੇ ਹਨ, ਪਰ ਉਹਨਾਂ ਦਾ ਜੀਵਨ ਇਹ ਸਾਬਤ ਨਹੀਂ ਕਰਦਾ ਕਿ ਉਨ੍ਹਾਂ ਨੂੰ ਕੋਈ ਅਜੇਹੀ ਉਚੇਰੀ ਅਵਸਥਾ ਪ੍ਰਾਪਤ ਹੋਈ ਹੈ ਜਿਸ ਦਾ ਜ਼ਿਕਰ ਗੁਰੂ ਜੀ ਕਰਦੇ ਹ—ਉਹ ਅਵਸਥਾ ਜੋ ਦੁੱਖਾਂ ਤੋਂ ਰਹਿਤ ਹੈ, ਜਿਸ ਵਿਚ ਪੁੱਜ ਕੇ ਮਨੁੱਖ ਪੂਰਨ ਗਿਆਨਵਾਨ ਹੋ ਕੇ ਸਦੈਵੀ ਸੁੱਖ ਪ੍ਰਾਪਤ ਕਰ ਲੈਂਦਾ ਹੈ ਤੇ ਜਿਸ ਨੂੰ ਸਹਿਜ ਪਦ ਦੀ ਪ੍ਰਾਪਤੀ ਵੀ ਕਿਹਾ ਜਾਂਦਾ ਹੈ । ਸਗੋਂ ਵੇਖਣ ਵਿਚ ਇਹ ਆਉਂਦਾ ਹੈ ਕਿ ਕਈ ਵਾਰ ਇਨ੍ਹਾਂ ਲੋਕਾਂ ਦਾ ਜੀਵਨ ਵਧੇਰੇ ਨੀਵਾਂ ਹੁੰਦਾ ਹੈ। ਇਨ੍ਹਾਂ ਦੇ ਸੁਭਾਵਾਂ ਵਿਚ ਕੁਿੜੱਤਣ, ਰੁੱਖਾ ਪਨ, ਕਾਹਲ, ਹਠ, ਜ਼ਿਦ, ਗੁੱਸਾ ਤੇ ਕੋਹਜੇ ਜੋਸ਼ ਹੁੰਦੇ ਹਨ ।

ਇਸ ਦਾ ਸਾਫ਼ ਮਤਲਬ ਇਹ ਹੈ ਕਿ ਉਨ੍ਹਾਂ ਦੀ ਭਾਲ ਜਾਂ ਉਨ੍ਹਾਂ ਦੇ ਯਤਨਾਂ ਵਿਚ ਕੋਈ ਭਾਰਾ ਨੁਕਸ ਜਾਂ ਬੁਨਿਆਦੀ ਭੁਲੇਖਾ ਹੈ ਜਿਸ ਦੇ ਕਾਰਨ ਉਹ ਸਿੱਟੇ ਨਹੀਂ ਨਿਕਲ ਰਹੇ ਜਿਨ੍ਹਾਂ ਦੇ ਨਿਕਲਣ ਦਾ ਦਾਹਵਾ ਗੁਰੂ ਸਾਹਿਬ ਆਪ ਕਰਦੇ ਹਨ । ਕਬੀਰ ਜੀ ਇਉਂ ਰਸਤਾ ਵਿਖਾਂਦੇ ਹਨ :-

"ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥

ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥

(ਆਸਾ ਕਬੀਰ ਜੀ) ਅੰਗ ੪੭੮

ਅਰਥਾਤ "ਹੇ ਭਰਾਵੋ, ਹਰੀ ਸਿਮਰਨ ਰੂਪ ਰਿੜਕਨਾ ਜ਼ਰੂਰ ਰਿੜਕੋ; ਪਰ ਸਹਿਜ ਵਿਚ ਹੋ ਕੇ ਰਿੜਕੋ, ਤਾਂ ਜੋ ਤੱਤ ਵਸਤੂ ਨਸ਼ਟ ਨਾ ਹੋ ਜਾਏ।"

ਕਬੀਰ ਜੀ ਆਪਣੇ ਤਜਰਬੇ ਤੋਂ ਦੱਸ ਰਹੇ ਹਨ ਕਿ ਹਰੀ ਸਿਮਰਨ ਇਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ ਕਿ ਉਸ ਵਿਚੋਂ ਅਸਲ ਤੱਤ ਪ੍ਰਾਪਤ ਹੋ ਜਾਏ । ਇਸ ਦਾ ਸਪੱਸ਼ਟ ਭਾਵ ਇਹ ਹੈ ਕਿ ਜੇ ਤੱਤ ਪ੍ਰਾਪਤ ਨਹੀਂ ਹੋ ਰਿਹਾ ਤਾਂ ਰਿੜਕਣ ਵਿਚ ਕੋਈ ਕਸਰ ਹੈ । ਫਿਰ ਜੇ ਰਿੜਕਣ ਨਾਲ ਮੱਖਣ ਹੀ ਨਹੀਂ ਨਿਕਲਿਆ ਤਾਂ ਇਸ ਰਿੜਕਣ ਦਾ ਲਾਭ ਵੀ ਕੀ ਹੈ ? ਇਹ ਹੈ ਵਿਚਾਰ ਜਿਸ ਦੀ ਸਹੀ ਪੜਚੋਲ ਕੀਤੀ ਜਾਣੀ ਚਾਹੀਦੀ ਹੈ ।

ਮਨੁੱਖੀ ਸੁਭਾਉ ਦਾ ਇਹ ਖਾਸਾ ਹੈ ਕਿ ਕਿਸੇ ਤਲਾਸ਼ ਵਿਚ ਪਿਆ ਉਹ ਸੌਖਾ ਰਸਤਾ ਫੜ ਲੈਂਦਾ ਹੈ, ਉਹ ਰਾਹ ਜਿਸ ਵਿਚ ਰੁਕਾਵਟਾਂ ਘੱਟ ਤੋਂ ਘੱਟ ਹੋਣ । ਨਿੱਰੀ ਰਸਮੀ ਕ੍ਰਿਤ ਕਿਉਂਕਿ ਅਮਲੀ ਕਿਰਤ ਨਾਲੋਂ ਬਹੁਤ ਵਧੇਰੇ ਆਸਾਨ ਹੁੰਦੀ ਹੈ, ਇਸ ਲਈ ਉਹ ਰਸਮੀ ਕ੍ਰਿਤ ਨੂੰ ਝੱਟ ਅਪਨਾਅ ਲੈਂਦਾ ਹੈ । ਇਸ ਵਿਚ ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ। ਪਰ ਅਮਲੀ ਕਿਰਤ ਬਹੁਤ ਮਿਹਨਤ ਤੇ ਕਠਨ ਘਾਲ ਮੰਗਦੀ ਹੈ । ਆਪਣੀਆਂ ਗ਼ਰਜ਼ਾਂ ਛੱਡਣੀਆਂ ਪੈਂਦੀਆਂ ਹਨ । ਪਿਆਰ, ਸੇਵਾ, ਕਰੁਬਾਨੀ ਤੇ ਤਿਆਗ ਦਾ ਰਸਤਾ ਫੜਨਾ ਹੁੰਦਾ ਹੈ, ਅਰਥਾਤ ਆਪਣਾ ਆਪ ਮਿਟਾ ਹੀ ਦੇਣਾ ਹੁੰਦਾ ਹੈ।

"ਖੰਨਿਆਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥"

ਰਾਮਕਲੀ ਮਹਲਾ ੩, ਅਨੰਦ (ਅੰਗ ੯੧੮)

ਅਰਥਾਤ "ਉਸ ਰਾਹ 'ਤੇ ਤੁਰਨਾ ਪੈਂਦਾ ਹੈ ਜੋ ਖੰਡੇ ਦੀ ਧਾਰ ਨਾਲੋਂ ਵੱਧ ਤੇਜ਼ ਤੇ ਵਾਲ ਤੋਂ ਵੱਧ ਬ੍ਰੀਕ ਹੁੰਦਾ ਹੈ।"

ਪਰ ਜਿਸ ਮਨੁੱਖ ਦੇ ਸਾਹਮਣੇ ਆਪਣਾ ਆਪ ਹੋਵੇ, ਜੋ ਰੱਬ ਦੇ ਅਗੇ ਖੜ੍ਹਾ ਹ ਕੇ ਅਰਦਾਸ ਕਰਦਾ ਹੋਇਆ ਵੀ ਇਹ ਮੰਗਦਾ ਹੋਵੇ ਕਿ ਉਸ ਦੇ ਵੈਰੀ ਮਰਨ, ਉਸ ਦੇ ਮੁਕੱਦਮੇ ਜਿੱਤੇ ਜਾਣ, ਉਸ ਦੇ ਘਰ ਦੂਜਿਆਂ ਦਾ ਧਨ ਆ ਪਵੇ, ਉਸ ਨੂੰ ਦੂਜਿਆਂ ਦੇ ਹੱਕ ਪ੍ਰਾਪਤ ਹੋ ਜਾਣ, ਉਸ ਨੂੰ ਰੱਬ ਦਾ ਪ੍ਰਕਾਸ਼ ਕਿਵੇਂ ਹੋ ਸਕਦਾ ਹੈ ? ਉਹ ਸਿਮਰਨ ਨਹੀਂ ਕਰਦਾ, ਕੇਵਲ ਰੱਬ ਦੀ ਖ਼ੁਸ਼ਾਮਦ ਕਰਕੇ ਉਸ ਤੋਂ ਆਪਣੇ ਕੰਮ ਕੱਢਣਾ ਚਾਹੁੰਦਾ ਹੈ। ਉਸ ਦਿਆਂ ਕੀਮਤਾਂ (Values) ਹੀ ਗ਼ਲਤ ਹੁੰਦੀਆਂ ਹਨ, ਇਸ ਲਈ ਉਸ ਦੇ ਯਤਨਾਂ ਵਿਚੋਂ ਨਿਕਲਦਾ ਕੁਝ ਨਹੀਂ । ਉਸ ਦਾ ਰੱਬ ਉਸ ਦੇ ਅੰਦਰ ਨਹੀਂ ਹੁੰਦਾ, ਸਗੋਂ ਕਿਤੇ ਅਸਮਾਨਾਂ ਵਿਚ ਬੈਠਾ ਉਸ ਦੀ ਪੂਜਾ ਪਾਠ, ਸਿਮਰਨ ਤੇ ਅਰਦਾਸਾਂ ਸੁਣਦਾ ਏ। ਇਹ ਸਾਰੇ ਸਾਧਨ ਕਿਸੇ ਉਸ ਰੱਬ ਦੀ ਖ਼ੁਸ਼ਾਮਦ ਲਈ ਹਨ ਜੋ ਇਸ ਖ਼ੁਸ਼ਾਮਦ ਨੂੰ ਪਸੰਦ ਕਰਦਾ ਹੈ ਤੇ ਖ਼ੁਸ਼ ਹੋ ਕੇ ਉਸ ਦਾ ਪੱਖੀ ਬਣ ਜਾਂਦਾ ਹੈ ਤੇ ਇਸ ਤਰ੍ਹਾਂ ਉਸ ਦੀਆਂ ਸਭ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ। ਅਜਿਹੇ ਲੋਕਾਂ ਦੀ ਪੂਜਾ ਕੇਵਲ ਬੁੱਲ੍ਹਾਂ ਤਕ ਹੀ ਰਹਿੰਦੀ ਹੈ । ਇਸ ਵਿਚੋਂ ਚੰਗੇ ਨਤੀਜੇ ਨਿਕਲ ਕਿਵੇਂ ਸਕਦੇ ਹਨ ? ਗੁਰੂ ਸਾਹਿਬ ਨੇ ਇਸ ਕਿਸਮ ਦੇ ਧਰਮਾਂ ਤੇ ਫੋਕਟ ਪਰਮਾਰਥਾਂ ਦਾ ਪ੍ਰਚਾਰ ਹੁੰਦਾ ਵੇਖਿਆ ਸੀ । ਉਹਨਾਂ ਨੇ ਵੇਦਾਂ ਦੇ ਪਾਠ, ਗਾਇਤ੍ਰੀ ਮੰਤਰਾਂ ਦੇ ਜਾਪ, ਦੇਵੀ ਦੇਵਤਿਆਂ ਦੀ ਰਸਮੀ ਪੂਜਾ, ਤੀਰਥ ਇਸ਼ਨਾਨ, ਪੁਰਬਾਂ 'ਤੇ ਹੋ ਰਹੇ ਦਾਨ, ਧੂਣੀਆਂ ਦੇ ਤਪ, ਵਰਤ ਨੇਮ



ਆਦਿਕ ਕਈ ਬੇਸਰੇ ਕਰਮ-ਕਾਂਡ ਹੁੰਦੇ ਵੇਖੇ ਸਨ । ਪਰ ਇਹਨਾਂ ਸਭਨਾਂ ਨੂੰ ਉਹਨਾਂ ਫੋਕਟ ਕਰਮ ਆਖਿਆ । ਕਬੀਰ ਜੀ ਕਹਿੰਦੇ ਸਨ ;

"ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥
ਜਾ ਕੈ ਰਿਦੈ ਭਾਉ ਹੈ ਦੂਜਾ ॥"(ਗਉੜੀ ਕਬੀਰ ਜੀ) ਅੰਗ੩੨੪

ਅਰਥਾਤ "ਜਿਨ੍ਹਾਂ ਦੇ ਹਿਰਦੇ ਵਿਚ ਦੂਜਾ ਭਾਵ (ਦਵੈਤ) ਸਮਾਇਆ ਹੋਇਆ ਹੈ ਉਨ੍ਹਾਂ ਦੇ ਜਪ, ਤਪ, ਵਰਤ, ਪੂਜਾ ਆਦਿਕ ਕੁਝ ਅਰਥ ਨਹੀਂ ਰੱਖਦੇ।"

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ :

"ਫੋਕਟ ਕਰਮ ਜਿਤੇ ਜਗ ਕਰਈ ॥
ਨਰਕ ਕੁੰਡ ਭੀਤਰ ਤੇ ਪਰਹੀ ॥"

ਅਰਥਾਤ "ਜੋ ਲੋਕ ਨਿਰੇ ਫੋਕੇ ਕਰਮ ਕਾਡਾਂ ਵਿਚ ਲੱਗੇ ਰਹਿੰਦੇ ਹਨ, ਉਹ ਨਰਕ ਕੁੰਡ ਵਿਚ ਜਾ ਪੈਂਦੇ ਹਨ ।"

ਗੁਰੂ ਅਰਜਨ ਦੇਵ ਜੀ ਦੇ ਬਚਨ ਵੀ ਸੁਣੋ:

"ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ
ਸਾਧੇ ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ
ਅਹੰਬੁਧਿ ਬਾਧੇ ॥੧॥ ਪਿਆਰੇ ਇਨ ਬਿਧਿ ਮਿਲਣੁ ਨ
ਜਾਈ ਮੈ ਕੀਏ ਕਰਮ ਅਨੇਕਾ ॥ ਹਾਰਿ ਪਰਿਓ
ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥"

(ਸੋਰਠਿ ਮਹਲਾ ੫) ਅੰਗ ੬੪੧

ਅਰਥਾਤ-"ਪਾਠ ਪੜ੍ਹੇ ਹਨ, ਵੇਦ ਵਿਚਾਰੇ ਹਨ, ਨਿਉਲੀ ਕਰਮ ਤੇ ਭੁਅੰਗਮ ਨਾੜੀ ਸਾਧੀ ਹੈ (ਇਹ ਯੋਗ ਕ੍ਰਿਆਵਾਂ ਹਨ । ਦੋਵੇਂ ਮੋਢੇ ਨੀਵੇਂ ਕਰਕੇ ਤੇ ਸਿੱਧੇ ਬੈਠ ਕੇ ਸੁਆਸਾਂ ਦੇ ਬਲ ਨਾਲ, ਪੇਟ ਨੂੰ ਹੇਠ ਉਤੇ ਤੇ ਸੱਜੇ ਖੱਬੇ ਇਸ ਤਰ੍ਹਾਂ ਚਲਾਉਣਾ ਕਿ ਅੰਦਰੋਂ ਆਂਦਰਾਂ ਸਾਫ਼ ਹੋ ਜਾਣ, ਇਹ ਨਿਉਲੀ ਕਰਮ ਹੈ । ਭੁਜੰਗਮ ਨਾੜੀ ਰੀੜ੍ਹ ਦੀ ਹੱਡੀ ਦੇ ਨਾਲ ਨਾਲ ਦਿਮਾਗ਼ ਤਕ ਜਾਂਦੀ ਹੈ । ਇਹ ਨਾੜੀ ਦੁਆਰਾ ਸੁਆਸ ਚੜ੍ਹਾਉਣ ਦਾ ਕਰਮ, ਭੁਅੰਗਮ ਸਾਧਨਾ ਹੈ) ; ਪਰ ਇਹਨਾਂ ਸਾਧਨਾਂ ਦੁਆਰਾ ਕਾਮਾਦਕਿ ਤੋਂ ਛੁਟਕਾਰਾ ਨਹੀਂ ਹੋਇਆ ਸਗੋਂ ਹੰਕਾਰ ਵਿਚ ਵਧੇਰੇ ਬਝ ਗਏ ਹਾਂ। ਹੇ ਪਿਆਰੇ, ਇਸ ਤਰ੍ਹਾਂ

ਮੇਲ ਨਹੀਂ ਹੁੰਦਾ, ਮੈਂ ਕਈ ਅਜਿਹੇ ਕਰਮ ਕਰਕੇ ਵੇਖ ਲਿਆ ਹੈ। ਆਖਰ ਥੱਕ ਕੇ ਮੈਂ ਹੇ ਮਾਲਕ, ਤੇਰੇ ਦੁਆਰੇ ਆ ਡਿਗਾ ਹਾਂ । ਕਿਰਪਾ ਕਰਕੇ ਮੈਨੂੰ ਨਿਰਣੇ ਵਾਲੀ ਬੁੱਧੀ ਬਖ਼ਸ਼ੋ ਜਿਸ ਦੁਆਰਾ ਮੈਨੂੰ ਸਹੀ ਰਾਹ ਮਿਲੇ ।

ਮਹਾਰਾਜ ਨੇ ਬਿਬੇਕ ਬੁੱਧ ਤੇ ਨਿਰਣਾ ਸ਼ਕਤੀ ਦਵਾਰਾ ਸਹੀ ਰਾਹ ਨਿਖੇੜ ਕੇ ਵਿਖਾਇਆ ਸੀ , ਪਰ ਸਮਾਂ ਪਾ ਕੇ ਮੁੜ ਉਹਨਾਂ ਪੁਰਾਣੀਆਂ ਲੀਹਾਂ 'ਤੇ ਹੀ ਤੁਰਿਆ ਜਾ ਰਿਹਾ ਹੈ ਤੇ ਓਹੋ ਫੋਕਟ ਕਰਮ ਮੁੜ ਜਾਰੀ ਕਰ ਦਿਤੇ ਗਏ ਹਨ । ਰਸਮੀ ਪੜ੍ਹਨ ਪੜ੍ਹਾਨ, ਪੂਜਾ ਪਾਠ, ਅਖੰਡ ਪਾਠ ਤੇ ਹੋਰ ਕਈ ਤਰ੍ਹਾਂ ਦੇ ਪਾਠਾਂ ਦੀ ਪੋਪ ਲੀਲਾ ਵੀ ਪੁਰਾਣੀ ਹੈ । ਬਾਣੀਆਂ ਦਾ ਤੁਅੱਲਕ ਨਿਰਾ ਪੜ੍ਹਨ ਪੜ੍ਹਾਉਣ ਨਾਲ ਰਹਿ ਗਿਆ ਹੈ ਉਹਨਾਂ ਨੂੰ ਸਮਝਣ, ਵਿਚਾਰਨ ਜਾਂ ਸਹੀ ਤਰ੍ਹਾਂ ਅਮਲ ਵਿਚ ਲਿਆਉਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ। ਕੰਨਾਂ ਵਿਚ ਮੰਤ੍ਰ ਲੈਣੇ, ਅੰਦਰ ਦੀਆਂ ਆਵਾਜ਼ਾਂ ਸੁਣਨੀਆਂ, ਬਾਉਲੀ ਸਾਹਿਬ ਦੀਆਂ ਚੌਰਾਸੀ ਪਉੜੀਆਂ 'ਤੇ ਬੈਠ ਕੇ ਕਿਸੇ ਖ਼ਾਸ ਤਰਫ਼ ਮੂੰਹ ਕਰਕੇ ਕੁਝ ਗਿਣਤੀ ਦੇ ਪਾਠ ਕਰਨੇ ਤੇ ਇਸ ਤਰ੍ਹਾਂ ਇਹਨਾਂ ਨੂੰ ਚੁਰਾਸੀ ਕੱਟਣ ਦਾ ਸਾਧਨ ਮੰਨਣਾ ਆਦਿਕ ਨਵੇਂ ਕਰਮਕਾਂਡ ਚਲ ਪਏ ਹਨ । ਹੁਣ ਤੀਰਥ ਵੀ ਆਪਣੇ ਬਣਾ ਲਏ ਗਏ ਹਨ ਜਿਥੇ ਖ਼ਾਸ ਖ਼ਾਸ ਦਿਨਾਂ 'ਤੇ ਕੀਤੇ ਇਸ ਨਾਨ ਮੁਕਤੀ ਦਾ ਵਸੀਲਾ ਮੰਨੇ ਗਏ ਹਨ । ਇਸ ਕਿਸਮ ਦੇ ਵਾਯੂ ਮੰਡਲ ਵਿਚ ਜਾਪ ਸਿਮਰਨ ਦਾ ਭਾਵ ਵੀ ਇਨ੍ਹਾਂ ਲਾਈਨਾਂ 'ਤੇ ਹੀ ਲਿਆ ਜਾ ਸਕਦਾ ਸੀ, ਤੇ ਲਿਆ ਜਾ ਰਿਹਾ ਹੈ । "ਵਾਹਿਗੁਰੂ ਸ਼ਬਦ" ਦਾ ਨਿਰਾ ਬਾਰ ਬਾਰ ਉਚਾਰਨ ਹੀ ਨਾਮ ਸਿਮਰਨ ਲਈ ਸਭ ਕੁਝ ਸਮਝ ਲਿਆ ਗਿਆ ਹੈ । ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਗੁਰੂ ਸਾਹਿਬ ਦੀ ਇਸ ਸੰਬੰਧੀ ਰਾਏ ਏਨੀ ਸਪੱਸ਼ਟ ਹੋਣ ਦੇ ਬਾਵਜੂਦ ਇਸ ਤਰ੍ਹਾਂ ਹੋ ਰਿਹਾ ਹੈ । ਉਹਨਾਂ ਤਾਂ ਕੋਈ ਭਰਮ ਭੁਲੇਖਾ ਰਹਿਣ ਹੀ ਨਹੀਂ ਦਿੱਤਾ ਸੀ, ਪਰ ਫਿਰ ਵੀ ਭੁਲੇਖਾ ਕਾਇਮ ਹੈ ।ਇਹ ਤਾਂ ਅਜੇ ਹੋ ਸਕਦਾ ਹੈ ਕਿ ਸਿਮਰਨ ਦਵਾਰਾ ਪ੍ਰਾਪਤ ਹੋਈ ਡੂੰਘੀ ਆਤਮਕ ਹਾਲਤ ਦੇ ਵਿਸਥਾਰ ਸੰਬੰਧੀ ਮਤ ਭੇਦ ਹੋਣ, ਕਿਉਂਕਿ ਹਰ ਇਨਸਾਨ ਨੇ ਆਪਣੇ ਆਪਣੇ ਤਜਰਬੇ ਦੇ ਆਧਾਰ 'ਤੇ ਇਸ ਹਾਲਤ ਦਾ ਵਰਣਨ ਕਰਨਾ ਹੁੰਦਾ ਹੈ। ਪਰ ਜੋ ਸਪੱਸ਼ਟ ਤੌਰ 'ਤੇ ਸਿਮਰਨ ਨਹੀਂ ਹੈ ਉਸ ਨੂੰ ਕਿਉਂ ਸਿਮਰਨ ਸਮਝ ਲਿਆ ਜਾਏ ?

"ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥"



(ਗੂਜਰੀ ਮਹਲਾ ੩) ਅੰਗ : ੪੯੧

ਅਰਥਾਤ "ਰਾਮ ਨਾਮ ਸਭ ਕੋਈ ਕਹਿੰਦਾ ਹੈ, ਪਰ ਨਿਰੇ ਕਹਿਣ ਨਾਲ ਰਾਮ ਨਹੀਂ ਮਿਲਦਾ । ਗੁਰੂ ਦੀ ਕ੍ਰਿਪਾ ਨਾਲ ਜਦ ਰਾਮ ਮਨ ਵਿਚ ਵਸ ਜਾਵੇ ਤਾ ਇਸ ਦਾ ਲਾਭ ਹੈ ।"

"ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਏ ॥"

ਅੰਗ ੫੫੫

ਅਰਥਾਤ "ਸਾਰਾ ਜਗਤ ਰਾਮ ਰਾਮ ਕਰਦਾ ਫਿਰਦਾ ਹੈ, ਪਰ ਫਿਰ ਵੀ ਰਾਮ ਪ੍ਰਾਪਤ ਨਹੀਂ ਕਰਦਾ ।"

"ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥"

(ਵਡਹੰਸ ਮਹਲਾ ੩) ਅੰਗ ੫੬੫

ਅਰਥਾਤ "ਮੂੰਹੋਂ ਹਰ ਕੋਈ ਹਰਿ ਹਰਿ ਕਰਦਾ ਹੈ, ਪਰ ਕਿਸੇ ਵਿਰਲੇ ਨੇ ਹੀ ਦਿਲ ਵਿਚ ਵਸਾਇਆ ਹੈ।"

ਦਸਮ ਪਾਤਿਸ਼ਾਹ, ਬੜੇ ਹਾਸ ਰਸ ਵਿਚ ਕਹਿੰਦੇ ਸਨ :-

"ਨਾਰਾਇਣ ਕੱਛ ਮੱਛ, ਤੇਂਦੂਆ ਕਹਤ ਸਭ ;
ਕਉਲਨਾਭਿ, ਕਉਲ ਜਿਹ ਤਾਲ ਮੈ ਰਹਤੁ ਹੈ ।
ਗੋਪੀਨਾਥ-ਗੁਜਰ, ਗੋਪਾਲ ਸਬੈ ਧੇਨਚਾਰੀ ;
ਰਿਖੀਕੇਸ ਨਾਮ ਕੈ, ਮਹੰਤ ਲਹੀਅਤ ਹੈ ।"

(ਅਕਾਲ ਉਸਤਤਿ ਪਾਤਿਸ਼ਾਹੀ ੧੦)

ਅਰਥਾਤ-"ਨਾਰਾਇਣ ਕਹਿਣ ਨਾਲ ਜੇ ਸਿਧੀ ਹੋ ਜਾਂਦੀ ਹੋਵੇ ਤਾਂ ਕੱਛ ਮੱਛ ਤੇ ਤੇਂਦੂਆ ਨਾਰਾਇਣ ਹਨ (ਨਾਰਾਇਣ ਦਾ ਲਫ਼ਜ਼ੀ ਅਰਥ ਹੈ ਪਾਣੀ ਵਿਚ ਘਰ ਹੈ । ਜਿਸ ਦਾ ਗੁਰੂ ਸਾਹਿਬ ਦਾ ਭਾਵ ਇਹ ਹੈ ਕਿ ਨਿਰੇ ਕਿਸੇ ਸ਼ਬਦ ਦੇ ਦੁਹਰਾਉਣ ਨਾਲ ਕੁਝ ਨਹੀਂ ਸੰਵਰਦਾ, ਜਿੰਨਾ ਚਿਰ ਉਹ ਵਸਤੂ ਪ੍ਰਾਪਤ ਨਾ ਹੋਵੇ ਜਿਸ ਦਾ ਲਖਾਇਕਿ ਉਹ ਸ਼ਬਦ ਹੈ । ਤੁਕ ਦੇ ਅਗਲੇ ਬੰਦ ਨੂੰ ਵੀ ਇਸੇ ਤਰ੍ਹਾਂ ਸਮਝਣਾ ਹੈ ) । (ਬ੍ਰਹਮਾ ਕੌਲ ਦੀ ਨਾਭੀ ਵਿਚੋਂ ਪੈਦਾ ਹੋਇਆ ਮੰਨਿਆ ਗਿਆ ਹੈ ) ਜੇ ਕਉਲਾ ਨਾਭਿ (ਬ੍ਰਹਮਾ ਦੇ ਨਾਭ ਨੂੰ ਬਾਰ ਬਾਰ ਉਚਾਰਨ ਕੀਤਿਆਂ ਕੁਝ ਲੱਭਦਾ ਹੋਵੇ ਤਾਂ ਕਉਲਾ ਨਾਭਿ ਉਸ ਤਾਲ ਨੂੰ ਵੀ ਕਹਿ ਸਕਦੇ ਹਾਂ ਜਿਸ ਦੀ ਨਾਭੀ ਵਿਚ 'ਕੰਵਲ' ਹੁੰਦਾ ਹੈ । ਗੋਪੀ ਨਾਥ

ਦਾ ਅਰਥ ਗੁੱਜਰ ਵੀ ਹੈ ਇਸ ਲਈ ਸਾਰੇ ਗਾਈਂ ਚਾਰਨ ਵਾਲੇ ਗੋਪਾਲ ਹਨ ਤੇ ਰਿਖੀਕੇਸ਼ ਨਾਮ ਦੇ ਕਈ ਮਹੰਤ ਹੁੰਦੇ ਹਨ ।"

ਗੁਰੂ ਜੀ ਨੇ ਏਥੇ ਉਹਨਾਂ ਲੋਕਾਂ ਦੀ ਅਕਲ ਦਾ ਮਖ਼ੌਲ ਉਡਾਇਆ ਹੈ ਜਿਨ੍ਹਾਂ ਰੱਬ ਦੀ ਪ੍ਰਾਪਤੀ ਨੂੰ ਏਨਾ ਸਸਤਾ ਤੇ ਸੌਖਾ ਸਮਝ ਛੱਡਿਆ ਹੋਇਆ ਹੈ ਕਿ ਇਹ ਪ੍ਰਾਪਤੀ ਕਿਸੇ ਇਕ ਸ਼ਬਦ ਦੇ ਬਾਰ ਬਾਰ ਦੁਹਰਾਨ ਨਾਲ ਹੋ ਜਾਂਦੀ ਹੈ : ਕੀ ਦਵਾਈ ਦਾ ਨਿਰਾ ਨਾਮ ਲੈਣ ਨਾਲ ਬੀਮਾਰੀ ਹਟਦੀ ਹੈ ਜਾਂ ਖਾਣ ਨਾਲ? ਕੀ ਕੋਈ ਆਪਣੀ ਮੰਜ਼ਲ 'ਤੇ ਉਸ ਮੰਜ਼ਲ ਦਾ ਨਕਸ਼ਾ ਵੇਖਣ ਨਾਲ ਪੁੱਜਦਾ ਹੈ ਜਾ ਤੁਰ ਕੇ ਜਾਣ ਨਾਲ ਪੁੱਜਦਾ ਹੈ ? ਤਿਵੇਂ ਨਾਰਾਇਣ ਦੇ ਨਿਰੇ ਉਚਾਰਨ ਨਾਲ ਨਾਰਾਇਣ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? **ਨਾਰਾਇਣ ਦਾ ਅਰਥ ਹੈ ਪਾਣੀ ਵਿਚ ਘਰ ਹੈ ਜਿਸ ਦਾ** 'ਤੇ ਪਾਣੀ ਵਿਚ ਘਰ ਤਾਂ ਕਛ, ਮਛ ਤੇ ਤੰਦੂਏ ਆਦਿ ਦਾ ਵੀ ਹੈ । ਸ਼ਬਦ ਦੀਆਂ ਬਾਕੀ ਤੁਕਾਂ ਦਿੱਤੀਆਂ ਨਹੀਂ ਪਰ ਉਹਨਾਂ ਵਿਚ ਵੀ ਇਸ ਤਰ੍ਹਾਂ ਦੇ ਹਾਸ ਰਾਸ ਨਾਲ ਇਸ ਮੂਰਖਤਾ ਤੇ ਬੇਸਮਝੀ ਨੂੰ ਨੰਗਾ ਕੀਤਾ ਹੈ । ਏਸੇ ਗੱਲ ਨੂੰ ਕਬੀਰ ਜੀ ਇਸ ਤਰ੍ਹਾਂ ਹੋਰ ਸਪੱਸ਼ਟ ਕਰਦੇ ਹਨ ।

"ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥
ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥
(ਸਲੋਕ ਕਬੀਰ ਜੀ) ਅੰਗ ੧੩੭੪

ਅਰਥਾਤ-"ਹੇ ਕਬੀਰ, ਰਾਮ ਨਾਮ ਦੇ ਕਹਿਣ ਕਹਿਣ ਵਿਚ ਫ਼ਰਕ ਹੁੰਦਾ ਹੈ । ਰਾਮ ਰਾਮ ਸਾਰੇ ਕਹਿੰਦੇ ਹਨ ਪਰ ਓਹੋ ਰਾਮ ਕਈਆਂ ਦੇ ਅੰਦਰ ਕਉਤਕ ਵਰਤਾ ਦਿੰਦਾ ਹੈ ।"

ਨਾਮ ਸਿਮਰਨ ਤਾਂ ਕਉਤਕਹਾਰ ਹੈ । ਠੀਕ ਸਿਮਰਨ ਕਰਨ ਵਾਲੇ ਮਨੁੱਖ ਦੇ ਅੰਦਰ ਕਉਤਕ ਵਰਤ ਜਾਣਾ ਚਾਹੀਦਾ ਹੈ, ਉਸ ਦੀ ਕਇਆ ਕਲਪ ਹੋ ਜਾਣੀ ਚਾਹੀਦੀ ਹੈ । ਕੋਈ ਵੱਡਾ ਪਰੀਵਰਤਨ ਹੋ ਕੇ ਉਸ ਦਾ ਨਵਾਂ ਜਨਮ ਹੋ ਜਾਣਾ ਚਾਹੀਦਾ ਹੈ । ਇਸ ਤਰ੍ਹਾਂ ਦਾ ਨਾਮ ਕਿਸੇ ਭਾਗਾਂ ਵਾਲੇ ਨੂੰ, ਪਰਮਾਤਮਾ ਦੀ ਅਪਾਰ ਕਿਰਪਾ ਨਾਲ ਮਿਲਦਾ ਹੈ ਤੇ ਕ੍ਰਿਪਾ ਹੁੰਦੀ ਹੈ ਆਪਣੇ ਯਤਨਾਂ ਨਾਲ ।

"ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ
ਪਰਗਾਝਾ ॥" (ਜੈਤਸਰੀ ਮਹਲਾ ੪) ਅੰਗ ੬੯੭



ਅਰਥਾਤ-"ਮੈਂ ਆਪਣੇ ਗੁਰੂ ਤੋਂ ਸਦਕੇ ਹੁੰਦਾ ਹਾਂ ਜਿਸ ਨੇ ਮੈਨੂੰ ਠੀਕ ਰਾਹ ਪਾ ਕੇ ਗੁਪਤ ਨਾਮੀ ਪ੍ਰਗਟ ਕਰਕੇ ਵਿਖਾਇਆ ਹੈ । (ਅੰਦਰ ਵਸਦਾ ਹਰੀ ਵਿਖਾ ਦਿੱਤਾ ਹੈ) ।"

"ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ
ਕਰਮ ਕਮਾਉ ॥" (ਸਿਰੀ ਰਾਗ ਮਹਲਾ ੪) ਅੰ: ੪੦

ਅਰਥਾਤ "ਸਤਿਗੁਰ ਦੀ ਕ੍ਰਿਪਾ ਤੋਂ ਬਿਨਾਂ ਹਰੀ ਨਾਮ ਨਹੀਂ ਲਭਦਾ ਭਾਵੇਂ ਮੈਂ ਲੱਖਾਂ ਕਰੋੜਾਂ ਕਰਮਕਾਂਡਾਂ ਵਿਚ ਪਿਆ ਰਹਾਂ।"

"ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ
ਦਿਖਾਈ ॥" (ਆਸਾ ਮਹਲਾ ੩) ਅੰਗ ੪੨੫

ਅਰਥਾਤ-"ਨਾਮ ਦਾ ਖ਼ਜ਼ਾਨਾ ਅੰਦਰ ਹੈ ਜੋ ਸਤਿਗੁਰ ਨੇ ਦਿਖਾ ਦਿੱਤਾ ਹੈ ।"

ਪਰ ਜਿਸ ਚੀਜ਼ ਨੂੰ ਸਿਮਰਨ ਸਮਝ ਲਿਆ ਜਾਂਦਾ ਹੈ ਉਸ ਲਈ ਨਾ ਤਾਂ ਗੁਰੂ ਦੀ ਲੋੜ ਹੈ ਨਾ ਕਿਸੇ ਭਾਰੇ ਯਤਨ ਦੀ । ਵਾਹਿਗੁਰੂ ਸ਼ਬਦ ਦਾ ਉਚਾਰਨ ਤਾਂ ਹਰ ਕੋਈ ਆਸਾਨੀ ਨਾਲ ਕਰ ਸਕਦਾ ਹੈ—ਤੇ ਮਹਾਰਾਜ ਕਹਿੰਦੇ ਹਨ ਕਿ ਸਿਮਰਨ ਦੀ ਕ੍ਰਿਤ ਬੜ ਔਖੀ ਹੈ ।

"ਆਖਣਿ ਅਉਖਾ ਸਾਚਾ ਨਾਉ ॥"
(ਆਸਾ ਮਹਲਾ ੧)

ਅਰਥਾਤ "ਸਚੇ ਨਾਮ ਦਾ ਉਚਾਰਨ ਔਖਾ ਹੈ ।"

ਇਸ ਤੋਂ ਸਾਫ਼ ਹੋ ਜਾਂਦਾ ਹੈ ਕਿ ਨਾਮ ਸਿਮਰਨ ਉਹ ਨਹੀਂ ਜੋ ਸਮਝ ਲਿਆ ਜਾਂਦਾ ਹੈ ।

ਤਾਂ ਫਿਰ ਸਿਮਰਨ ਅਸਲ ਵਿਚ ਹੈ ਕੀ ? ਇਸ ਦਾ ਸਹੀ ਉੱਤਰ ਦੇ ਸਕਣ ਦਾ ਦਾਹਵਾ ਕੇਵਲ ਉਹ ਹੀ ਕਰ ਸਕਦਾ ਹੈ ਜਿਸ ਨੇ ਗੁਰੂ ਸਾਹਿਬ ਦੇ ਦੱਸੇ ਨੁਸਖੇ ਅਨੁਸਾਰ ਇਸ ਨੂੰ ਅਮਲ ਵਿਚ ਲਿਆ ਕੇ ਉਸ ਤੋਂ ਉਪਜੀ ਉਹ ਅਤੀ ਖ਼ੂਬਸੂਰਤ ਆਤਮਕ ਅਵਸਥਾ ਪ੍ਰਾਪਤ ਕਰ ਲਈ ਹੈ ਜਿਸ ਦਾ ਜ਼ਿਕਰ ਥਾਂ ਥਾਂ ਮਹਾਰਾਜ ਕਰਦੇ ਹਨ । ਪਰ ਜੋ ਕੁਝ ਥੋੜ੍ਹਾ ਜਾਂ ਬਹੁਤਾ ਹੋਰ ਕਿਸੇ ਦੇ ਤਜਰਬੇ ਵਿਚ ਆਂਵਦਾ ਹੈ ਅਤੇ ਬਾਣੀ ਦੇ ਸਹਾਰੇ ਸਮਝਿਆ ਜਾ ਸਕਦਾ ਹੋਵੇ, ਉਸ 'ਤੇ ਭਲੀ ਪ੍ਰਕਾਰ ਵਿਚਾਰ ਹੋ ਸਕਦੀ ਹੈ।

ਪਹਿਲੀ ਜ਼ਰੂਰੀ ਗੱਲ ਸਮਝਣ ਵਾਲੀ ਇਹ ਹੈ ਕਿ ਵਾਹਿਗੁਰੂ ਦਾ ਕੋਈ ਖ਼ਾਸ ਨਾਮ ਨਹੀਂ ਹੈ, ਭਾਵੇਂ ਇਹ ਠੀਕ ਹੈ ਕਿ ਮਨ ਲਈ ਸਹਾਰੇ ਦੇ ਤੌਰ 'ਤੇ ਕਿਸੇ ਇਕ ਲਫ਼ਜ਼ ਦੀ ਚੋਣ ਕਰਨੀ ਪੈਂਦੀ ਹੈ। ਪਰ ਬੇ-ਸਮਝੀ ਤੇ ਤੰਗ-ਦਿਲੀ ਦੀ ਇਹ ਮੂੰਹ-ਬੋਲਦੀ ਤਸਵੀਰ ਹੈ ਕਿ ਮਜ਼੍ਹਬ ਦੇ ਠੇਕੇਦਾਰਾਂ ਨੇ ਨਾਵਾਂ ਦੇ ਫ਼ਰਕਾਂ 'ਤੇ ਪ੍ਰਸਪਰ ਝਗੜੇ ਤੇ ਖਿਚੋਤਾਣ ਵਧਾਈ ਹੈ । ਅਲਾਹ ਕਹਿਣ ਵਾਲੇ ਰਾਮ ਵਾਲਿਆਂ ਨੂੰ ਬਰਦਾਸ਼ਤ ਨਹੀਂ ਕਰਦੇ ਤੇ ਰਾਮ ਕਹਿਣ ਵਾਲੇ ਅਲਾਹ ਕਹਿਣ ਵਾਲਿਆਂ ਨੂੰ ਨਹੀਂ ਬਰਦਾਸ਼ਤ ਕਰਦੇ । ਗੁਰੂ ਸਾਹਿਬ ਨੇ ਇਸੇ ਕਾਰਨ ਪਹਿਲਾਂ ਤੰਗ ਵਿਚਾਰਾਂ ਤੋਂ ਆਜ਼ਾਦ ਕੀਤਾ ਸੀ । ਉਹਨਾਂ ਰੱਬ ਦੇ ਸਾਰੇ ਪ੍ਰਚੱਲਤ ਨਾਮ ਵਰਤੇ ਸਨ ; ਜਿਵੇਂ ਕਿ ਰਾਮ, ਕ੍ਰਿਸ਼ਨ, ਅਲਾਹ, ਬੀਠਲ, ਠਾਕਰ, ਆਦਿਕ, ਇਥੋਂ ਤਕ ਕਿ ਕਈ ਥਾਈਂ ਲਫ਼ਜ਼ ਨਾਮ ਨੂੰ ਹੀ ਰੱਬ ਦਾ ਸੂਚਕ ਬਣਾਇਆ ਸੀ ।

"ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥"

(ਗਉੜੀ ਸੁਖਮਨੀ ਮਹਲਾ ੫) ਅੰਗ ੨੮੪

ਅਰਥਾਤ "ਸਭ ਜੀਵ ਜੰਤ ਨਾਮ (ਵਾਹਿਗੁਰੂ) ਦੇ ਸਹਾਰੇ ਹਨ। ਸਾਰੇ ਖੰਡ ਬ੍ਰਹਿਮੰਡ ਨਾਮ ਦੇ ਹੀ ਆਸਰੇ ਹਨ।"

ਗੁਰੂ ਸਾਹਿਬ ਲਈ ਨਾਵਾਂ ਦੇ ਫ਼ਰਕ ਕੋਈ ਅਰਥ ਨਹੀਂ ਰਖਦੇ ਹਨ। ਉਹ ਅਲਹ ਤੇ ਰਾਮ ਨੂੰ ਰਲਾ ਕੇ ਅਲਾਹ-ਰਾਮ ਵੀ ਵਰਤ ਲੈਂਦੇ ਸਨ।

"ਨਾ ਹਮ ਹਿੰਦੂ ਨਾ ਮੁਸਲਮਾਨ ॥
ਅਲਹ ਰਾਮ ਕੇ ਪਿੰਡੁ ਪਰਾਨ ॥"

(ਭੈਰਉ ਮਹਲਾ ੫) ਅੰਗ ੧੧੩੬

ਅਰਥਾਤ "ਅਸੀਂ ਨਾ ਹਿੰਦੂ ਹਾਂ,ਨਾ ਮੁਸਲਾਮਨ । ਸਭ ਦੇਹ ਪੁਰਾਣ, ਮੇਰੇ ਅਲਾਹ ਰਾਮ ਦੇ ਹਨ, (ਇਸਲ ਲਈ ਫ਼ਰਕਾਂ ਦੀ ਗੁੰਜਾਇਸ਼ ਨਹੀਂ।"

ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਲਫ਼ਜ਼ ਵਾਹਿਗੁਰੂ ਨਹੀਂ ਆਇਆ, ਭਾਵੇਂ ਸਿੱਖ ਜਗਤ ਨੇ ਵਾਹਿਗੁਰੂ ਸ਼ਬਦ ਨੂੰ ਹੀ ਰੱਬ ਦੇ ਪ੍ਰਚਲਤ ਨਾਮ ਦੇ ਤੌਰ 'ਤੇ ਪਹਿਲਾਂ ਜਾਂ ਪਿਛੋਂ ਚਾਲੂ ਕਰ ਦਿੱਤਾ ਸੀ ।

ਸਭ ਨਾਮ ਇਕੋ ਜਿੰਨੇ ਪਵਿੱਤਰ ਹਨ ਜੇ ਉਹਨਾਂ ਰਾਹੀਂ ਨਾਮੀ ਵਾਹਿਗੁਰੂ ਗ੍ਰਹਿਣ ਹੋ ਜਾਂਦਾ ਹੋਵੇ ।

ਇਥੇ ਪੁੱਜ ਕੇ ਸਾਨੂੰ ਪਹਿਲਾਂ ਉਸ ਨਾਮੀ ਦਾ ਸਹੀ ਤਸੱਵਰ ਹੋ ਜਾਣਾ



ਚਾਹੀਦਾ ਹੈ । ਜਿਸ ਹਰੀ ਨੂੰ ਮਨ ਅੰਦਰ ਗ੍ਰਹਿਣ ਕਰਨਾ ਜਾਂ ਵਸਾਣਾ ਹੈ ਉਹ ਹੈ ਕੀ ?

ਗੁਰੂ ਸਾਹਿਬ ਉਸ ਨਾਮੀ ਦਾ ਜ਼ਿਕਰ ਕਰਦਿਆਂ ਬਾਰ ਬਾਰ ਕਹਿੰਦੇ ਹਨ ਕਿ ਬੇਅੰਤ ਪ੍ਰਮਾਤਮਾ, ਪੂਰਨ ਤੌਰ 'ਤੇ ਸਮਝ ਵਿਚ ਨਹੀਂ ਆ ਸਕਦਾ। ਜਿਵੇਂ ਕਬੀਰ ਜੀ ਨੇ ਕਿਹਾ ਸੀ:

"ਜਸ ਓਹੁ ਹੈ ਤਸ ਲਖੈ ਨ ਕੋਈ ॥"

(ਗਉੜੀ ਬਾਵਨ ਅਖਰੀ ਕਬੀਰ ਜੀ ) ਅੰਗ ੩੪੦

ਅਰਥਾਤ -"ਜਿਸ ਤਰ੍ਹਾਂ ਉਹ ਵਾਹਿਗੁਰੂ ਹੈ ਉਸ ਤਰ੍ਹਾਂ ਉਸ ਨੂੰ ਕੋਈ ਸਮਝ ਨਹੀਂ ਸਕਦਾ ।"

ਬਾਹਰਲੀ ਦੁਨੀਆਂ ਦਾ ਸਾਰਾ ਗਿਆਨ ਮਨੁੱਖ ਨੂੰ ਗਿਆਨ ਇੰਦ੍ਰਿਆਂ ਜਾਂ ਮਨ ਰਾਹੀਂ ਪ੍ਰਾਪਤ ਹੁੰਦਾ ਹੈ ਪਰ ਹਰੀ ਅਗਮ ਤੇ ਅਗੋਚਰ ਹੈ ਭਾਵ ਮਨ ਤੇ ਇੰਦ੍ਰਿਆਂ ਦਾ ਉਹ ਵਿਸ਼ਾ ਹੀ ਨਹੀਂ।

"ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥

(ਰਾਮਕਲੀ ਮਹਲਾ ੩ ਅਨੰਦੁ) ਅੰਗ ੯੧੮

ਅਰਥਾਤ "ਹੇ ਪਹੁੰਚ ਤੋਂ ਰਹਿਤ ਅਤੇ ਮਨ ਇੰਦ੍ਰਿਆਂ ਤੋਂ ਪਰੇ, ਪਰਮਾਤਮਾ ਤੇਰਾ ਅੰਤ ਨਹੀਂ ਪਾਇਆ ਜਾ ਸਕਦਾ ।"

ਇਸ ਦੇ ਨਾਲ ਹੋਰ ਬਾਤ ਇਹ ਹੈ ਕਿ ਮਨੁੱਖੀ ਮਨ ਦੇਸ ਤੇ ਕਾਲ ਦੀਆਂ ਹੱਦਾਂ ਵਿਚ ਬੰਦ ਹੈ । ਉਸ ਦੀ ਕਮਜ਼ੋਰ ਤੇ ਮਹਿਦੂਦ ਵਿਚਾਰ ਉਸ ਬੇਅੰਤ ਨੂੰ ਕਿਸੇ ਹੱਦ ਤਕ ਹੀ ਸਮਝ ਗੋਚਰਾ ਕਰ ਸਕਦੀ ਹੈ, ਸਾਰੀ ਨਹੀਂ। ਇਸ ਤੋਂ ਛੁੱਟ ਮਨੁੱਖ ਉਸ ਬੇਅੰਤ ਦਾ ਇਕ ਹਿੱਸਾ ਹੈ ਜਿਸ ਵਿਚ ਰਹਿ ਕੇ ਉਹ ਚਲਦਾ,ਫਿਰਦਾ ਤੇ ਜੀਂਵਦਾ ਹੈ । ਉਸ ਤੋਂ ਵੱਖਰਾ ਉਹ ਹੋ ਨਹੀਂ ਸਕਦਾ ਤੇ ਕਿਸੇ ਚੀਜ਼ ਨੂੰ ਸਮਝ ਗੋਚਰਾ ਕਰਨ ਲਈ ਉਸ ਤੋਂ ਵੱਖਰਾ ਜਾਂ ਦੂਜਾ ਹੋਇਆਂ ਹੀ ਐਸਾ ਹੋ ਸਕਦਾ ਹੈ ।

ਗੁਰੂ ਅਰਜਨ ਦੇਵ ਜੀ ਗਉੜੀ ਸੁਖਮਨੀ ਵਿਚ ਇਸੇ ਗੱਲ ਨੂੰ ਇਉਂ ਕਹਿੰਦੇ ਹਨ :-

ਤਾ ਕੀ ਗਤਿ ਮਿਤਿ ਕਹੀ ਨ ਜਾਇ ॥
ਦੂਸਰ ਹੋਇ ਤ ਸੋਝੀ ਪਾਇ ॥ (ਅੰਗ ੨੯੪)

ਅਰਥਾਤ "ਉਸ ਬੇਅੰਤ ਦੀ ਸ਼ਖ਼ਸ਼ੀਅਤ ਦਾ ਮਾਪ ਹੋ ਨਹੀਂ ਸਕਦਾ। ਉਸ ਤੋਂ ਵੱਖਰਾ ਹੋ ਕੇ ਕੋਈ ਦੂਸਰਾ ਬਣੇ ਤਾਂ ਸੋਝੀ ਪਾਏ ।"

ਇਕ ਹੋਰ ਭੀ ਬੜੀ ਭਾਰੀ ਮੁਸ਼ਕਲ ਹੈ । ਜਿਹੜੀ ਚੀਜ਼ ਦਿਮਾਗ ਤੇ ਦਲੀਲ ਦੀਆਂ ਹੱਦਾਂ ਵਿਚ ਆ ਸਕਦੀ ਹੋਵੇ ਉਸ ਦਾ ਦੁਨੀਆਂ ਦੀਆਂ ਹੋਰ ਚੀਜ਼ਾਂ ਵਾਂਗ ਨਿਰਣਾ ਕਰਕੇ ਉਸ ਨੂੰ ਢੁੱਕਵੇਂ ਸ਼ਬਦਾਂ ਵਿਚ ਬਿਆਨ ਕੀਤਾ ਜਾ ਸਕਦਾ ਹੈ, ਪਰ ਉਹ ਤਾਂ ਬਾਣੀ ਦਾ ਵਿਸ਼ਾ ਵੀ ਨਹੀਂ। ਜਿਸ ਕਿਸੇ ਮਹਾਂਪੁਰਸ਼ ਨੇ ਉਸ ਦੇ ਦਰਸ਼ਨ ਕੀਤੇ ਹਨ ਉਹ ਉਸ ਦਰਸ਼ਨ ਦੀ ਵਿਆਖਿਆ ਕਿਵੇਂ ਕਰੇ ? ਗੁੰਗਾ ਗੁੜ ਦਾ ਸਵਾਦ ਤਾਂ ਮਾਣਦਾ ਹੈ, ਪਰ ਉਸ ਸਵਾਦ ਨੂੰ ਬਿਆਨ ਕਿਵੇਂ ਕਰੇ ? ਕਬੀਰ ਜੀ ਦੱਸਦੇ ਹਨ :

"ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥"

(ਗਉੜੀ ਕਬੀਰ ਜੀ) ਅੰਗ ੩੩੪

ਅਰਥਾਤ-"ਹੇ ਕਬੀਰ,ਗੂੰਗੇ ਨੇ ਗੁੜ ਤਾਂ ਖਾਧਾ ਹੈ, ਪਰ ਜੇ ਉਸ ਤੋਂ ਕੋਈ ਉਸ ਦਾ ਸਵਾਦ ਪੁਛੇ ਤਾਂ ਉਹ ਕੀ ਦੱਸੇ ?"

ਸਪੱਸ਼ਟ ਹੈ ਕਿ ਉਹ ਪ੍ਰਮਾਤਮਾ ਬਿਆਨ ਤੋਂ ਵੀ ਬਾਹਰ ਹੈ। ਪਰ ਮਹਾਰਾਜ ਕਹਿੰਦੇ ਹਨ ਕਿ ਉਸ ਬੇਅੰਤ, ਅਗੰਮ ਤੇ ਅਗੋਚਰ ਦੇ ਦਰਸ਼ਨ ਤੇ ਉਸ ਦੀ ਪ੍ਰਾਪਤੀ ਦੇ ਸਾਧਨ ਮੌਜੂਦ ਹਨ । ਉਹ ਕਿਵੇਂ ? ਇਸ ਦਾ ਉੱਤਰ ਉਹਨਾਂ ਇਹ ਦਿੱਤਾ ਹੈ ਕਿ ਉਹ ਹਰੀ ਹਰ ਮਨੁੱਖ ਦੀ ਆਤਮਾ ਦੇ ਅੰਦਰ ਵਸਦਾ ਹੈ । ਇਸ ਆਤਮਾ ਦੇ ਅੰਦਰ ਤੇ ਆਤਮਾ ਦੇ ਹੀ ਰਾਹੀਂ ਉਸ ਦੇ ਦਰਸ਼ਨ ਪ੍ਰਾਪਤ ਹੋ ਸਕਦੇ ਹਨ । ਗੁਰੂ ਅ੍ਰਰਜਨ ਦੇਵ ਜੀ ਨੇ ਸੋਰਠ ਵਿਚ ਇਸੇ ਗੱਲ ਨੂੰ ਬਿਲਕੁਲ ਸਪੱਸ਼ਟ ਦੁਹਰਾਇਆ ਹੈ ।

"ਦੇਖਹੁ ਅਚਰਜੁ ਭਇਆ ॥ ਜਿਹ ਠਾਕੁਰ ਕਉ ਸੁਨਤ
ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥" (ਅੰਗ ੬੧੨)

ਅਰਥਾਤ "ਕਿੱਡੀ ਅਸਚਰਜ ਗੱਲ ਹੋਈ ਹੈ ਕਿ ਜਿਸ ਹਰੀ ਨੂੰ ਸਮਝ ਦੀ ਹੱਦਾਂ ਤੋਂ ਪਰੇ ਖ਼ਿਆਲ ਕਰਦੇ ਸਾਂ, ਉਸ ਨੂੰ ਗੁਰੂ ਦੀ ਦਇਆ ਨਾਲ ਹਿਰਦੇ ਵਿਚ ਵੀ ਵੇਖ ਲਿਆ ਹੈ।"

ਗੁਰੂ ਨਾਨਕ ਜੀ ਦੱਸਦੇ ਹਨ ਕਿ ਉਹ ਦਿਲ ਵਿਚ ਵਸਦਾ ਹੈ ।

"ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ



ਬੀਚਾਰਾ ॥" (ਭੈਰਉ ਮਹਲਾ ੧) ਅੰਗ ੧੧੫੩

ਅਰਥਾਤ "ਆਤਮਾ ਦੇ ਅੰਦਰ ਰਾਮ ਵੱਸਦਾ ਹੈ ਤੇ ਰਾਮ ਦੇ ਅੰਦਰ ਆਤਮਾ ਹੈ । ਪਰ ਉਸ ਦੀ ਸੋਝੀ ਗੁਰੂ ਦੀ ਵਿਚਾਰ ਦਵਾਰਾ ਹੁੰਦੀ ਹੈ।"

ਇਹ ਆਤਮਾ ਤੇ ਪ੍ਰਮਾਤਮਾ ਬੁਨਿਆਦੀ ਤੌਰ 'ਤੇ ਇਕ ਹਨ । ਕਬੀਰ ਰਾਗ ਗੋਂਡ ਵਿਚ ਕਹਿੰਦੇ ਹਨ :-

"ਕਹੁ ਕਬੀਰ ਇਹੁ ਰਾਮ ਕੀ ਅੰਸੁ ॥" (ਅੰਗ ੮੭੧)

ਅਰਥਾਤ "ਹੇ ਕਬੀਰ, ਇਹ ਆਤਮਾ ਰਾਮ ਦੀ ਹੀ ਅੰਸ਼ ਹੈ।" ਪਰ ਜਿੰਨਾ ਚਿਰ ਆਤਮਾ ਜਾਗਦੀ ਨਹੀਂ, ਇਹ ਆਪਣੇ ਆਪ ਨੂੰ ਸਮਝਦੀ ਹੀ ਨਹੀਂ । ਗੁਰੂ ਅਮਰਦਾਸ ਇਉਂ ਸਮਝਾਂਦੇ ਹਨ :-

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥"

(ਆਸਾ ਮਹਲਾ ੩) ਅੰਗ ੪੪੧

ਅਰਥਾਤ-"ਹੇ ਮਨ, ਤੂੰ ਓਸੇ ਜੋਤੀ ਦਾ ਸੂਰਪ ਹੈਂ, ਆਪਣੇ ਅਸਲੇ ਦੀ ਪਛਾਣ ਕਰ ।" ਇਹ ਗੱਲ ਗੁਰੂ ਅਰਜਨ ਦੇਵ ਜੀ ਇਉਂ ਆਖਦੇ ਹਨ:

"ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥"

(ਮਾਝ ਮਹਲਾ ੫) ਅੰਗ ੧੦੨

ਅਰਥਾਤ-"ਸਭ ਕੁਝ ਆਪਣੇ ਅੰਦਰ ਹੈ, ਬਾਹਰ ਨਹੀਂ । ਜੋ ਬਾਹਰ ਭਾਲਦਾ ਹੈ ਉਹ ਭੁਲੇਖੇ ਵਿਚ ਭਟਕਦਾ ਹੈ (ਉਸ ਨੂੰ ਰਾਹ ਲੱਭਿਆ ਹੀ ਨਹੀਂ)"

ਆਰੰਭ ਦੇ ਸ਼ਬਦ ਵਿਚ ਵੀ ਇਹੋ ਖ਼ਿਆਲ ਆਇਆ ਸੀ :

"ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ
ਪਾਇਆ ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ
ਭਰਮਿ ਭੁਲਾਇਆ ॥"

(ਸੋਰਠਿ ਕੀ ਵਾਰ ਮਹਲਾ ੩) ਅੰਗ ੬੪੪

ਉਤਲੀਆਂ ਤੁਕਾਂ ਤੋਂ ਸਪੱਸ਼ਟ ਹੈ ਕਿ ਪਰਮਾਤਮਾ ਸਭ ਦੇ ਅੰਦਰ ਵਸਦਾ ਹੈ ਤੇ ਉਸ ਦੀ ਭਾਲ ਵੀ ਅੰਦਰ ਹੀ ਕੀਤੀ ਜਾਣੀ ਹੁੰਦੀ ਹੈ ।ਗਉੜੀ ਸੁਖਮਨੀ ਸਾਹਿਬ ਅੰਦਰ ਗੁਰੂ ਅਰਜਨ ਦੇਵ ਜੀ ਇਸ ਗੱਲ ਨੂੰ ਵਧੇਰੇ

ਸਪੱਸ਼ਟ ਅੱਖਰਾਂ ਵਿਚ ਇਉਂ ਖੋਹਲਦੇ ਹਨ :

"ਆਤਮ ਮਹਿ ਪਾਰਬ੍ਰਹਮੁ ਲਹੰਤੇ ॥" (ਅੰਗ ੨੭੬)

ਅਰਥਾਤ-"ਆਤਮਾ ਦੇ ਅੰਦਰ ਹੀ (ਗੁਰੂ ਦੀ ਅਗਵਾਈ ਵਿਚ) ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦੇ ਹਨ ।"

ਨਿਰਾ ਇਹ ਹੀ ਨਹੀਂ ਉਹ ਇਸ ਗੱਲ ਦਾ ਵੀ ਸਾਫ਼ ਦਾਹਵਾ ਕਰਦੇ ਹਨ ਕਿ ਉਹਨਾਂ ਨੂੰ ਪਰਮਾਤਮਾ ਦੇ ਦਰਸ਼ਨ ਪ੍ਰਾਪਤ ਹੋ ਗਏ ਹਨ ।

"ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥"

(ਆਸਾ ਮਹਲਾ ੫) ਅੰਗ ੩੯੭

ਅਰਥਾਤ-"ਨਾਨਕ ਦਾ ਪਾਤਸ਼ਾਹ (ਵਾਹਿਗੁਰੂ) ਪ੍ਰਤੱਖ ਦਿਸਦਾ ਹੈ।" ਗੁਰੂ ਅਰਜਨ ਦੇਵ ਜੀ ਸਮਝਾਂਦੇ ਹਨ :

"ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥
ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥"

(ਮਾਰੂ ਡਖਣੇ ਮਹਲਾ ੫) ਅੰਗ ੧੦੯੯

ਅਰਥਾਤ-"ਉਸ ਜੋਤੀ ਦੇ ਦਰਸ਼ਨ ਮੈਂ ਅੱਖਾਂ ਨਾਲ ਕੀਤੇ ਹਨ ਤੇ ਹੁਣ ਉਸ ਦਰਸ਼ਨ ਦੀ ਪਿਆਸ ਏਨੀ ਤੀਬਰ ਹੋ ਗਈ ਹੈ ਕਿ ਬੁੱਝਦੀ ਹੀ ਨਹੀਂ, ਪਰ ਹੇ ਨਾਨਕ ! ਯਾਦ ਰੱਖੋ ਕਿ ਉਹ ਅੱਖਾਂ ਹੋਰ ਹੁੰਦੀਆਂ ਹਨ ਜਿਨ੍ਹਾਂ ਨਾਲ ਮੇਰਾ ਪਿਆਰਾ ਦਿੱਸਣ ਲੱਗ ਪੈਂਦਾ ਹੈ ।"

ਸਾਫ਼ ਕਿਹਾ ਹੈ ਕਿ ਉਹਨਾਂ ਨੂੰ ਜੋਤ ਸਰੂਪ ਵਾਹਿਗੁਰੂ ਦਾ ਦਰਸ਼ਨ ਪ੍ਰਾਪਤ ਹੈ ਪਰ ਉਹ ਅੱਖਾਂ ਹੋਰ ਹਨ ਜਿਨ੍ਹਾਂ ਨਾਲ ਇਹ ਦਰਸ਼ਨ ਹੋਇਆ ਹੈ।

ਸਵਾਮੀ ਵਿਵੇਕਾ ਨੰਦ ਜੀ ਨੇ ਸੁਆਮੀ ਰਾਮ ਕ੍ਰਿਸ਼ਨ ਜੀ ਨੂੰ ਸਿੱਧਾ ਸਵਾਲ ਕੀਤਾ ਸੀ ਕਿ ਕੀ ਉਹਨਾਂ ਕਦੇ ਪ੍ਰਮਾਤਮਾ ਦੇ ਦਰਸ਼ਨ ਕੀਤੇ ਹਨ? ਇਸ ਦਾ ਤੁਰੰਤ ਇਹ ਦਿੱਤਾ ਗਿਆ ਸੀ ਕਿ ਪਰਮਾਤਮਾ ਉਹਨਾਂ ਨੂੰ ਇਸ ਤੋਂ ਵੀ ਵਧੇਰੇ ਸਾਫ਼ ਦਿਸਦਾ ਹੈ, ਜਿਵੇਂ ਉਹਨਾਂ ਨੂੰ ਵਿਵੇਕਾ ਨੰਦ ਦਿਸਦਾ ਹੈ।

ਹਜ਼ਰਤ ਮੁਹੰਮਦ ਸਾਹਿਬ ਜੀ ਦਾ ਵੀ ਇਹੋ ਭਾਵ ਸੀ ਜਦ ਉਹ ਇਹ ਕਹਿੰਦੇ ਸਨ ਕਿ ਅੱਲਾ ਉਹਨਾਂ ਨੂੰ ਆਪਣੀ ਗਰਦਨ ਦੀ ਨਾੜੀਆਂ ਤੋਂ ਵੀ ਵੱਧ ਨੇੜੇ ਦਿਸਦਾ ਹੈ ।



ਗੁਰੂ ਨਾਨਕ ਦੇਵ ਇਸ ਤੋਂ ਹੋਰ ਵੱਧ ਇਹ ਕਹਿੰਦੇ ਸਨ ਕਿ ਨਾ ਕੇਵਲ ਉਹਨਾਂ ਨੂੰ ਵਾਹਿਗੁਰੂ ਦੀ ਪ੍ਰਾਪਤੀ ਹੋਈ ਹੈ ਤੇ ਸਭ ਕਿਸੇ ਨੂੰ ਵੀ ਹੋ ਸਕਦੀ ਹੈ, ਸਗੋਂ ਇਹ ਪ੍ਰਾਪਤੀ ਸਫਲ ਜੀਵਣ ਦੀ ਜ਼ਰੂਰੀ ਸ਼ਰਤ ਵੀ ਹੈ, ਨਹੀਂ ਤਾਂ ਜੀਵਣ ਬੇ-ਅਰਥ ਹੋ ਜਾਂਦਾ ਹੈ ।

"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥"

(ਵਾਰ ਮਾਝ ਮਹਲਾ ੧) ਅੰਗ ੧੪੨

ਅਰਥਾਤ "ਜਿਉਂਦਾ ਓਹੋ ਹੈ ਜਿਸ ਅੰਦਰ ਰੱਬ ਵਸਦਾ ਹੈ, ਹੋਰ ਕੋਈ ਜਿਉਂਦਾ ਨਹੀਂ । ਜੇ ਕੋਈ ਜਿਉਂਦਾ ਵੀ ਹੈ ਤਾਂ ਉਹ ਇੱਜ਼ਤ ਗੁਆ ਬੈਠਾ ਹੈ ਤੇ ਉਸ ਦਾ ਸਭ ਖਾਧਾ ਪੀਤਾ ਹਰਾਮ ਹੈ (ਕਿਉਂਕਿ ਮਨੁੱਖਾ ਜੀਵਨ ਦਾ ਪ੍ਰਯੋਜਨ ਹੀ ਵਾਹਿਗੁਰੂ ਦੀ ਪ੍ਰਾਪਤੀ ਹੈ) ।" ਇਸ ਲਈ ਗੁਰੂ ਅਰਜਨ ਦੇਵ ਖੋਲ੍ਹ ਕੇ ਸਮਝਾਂਦੇ ਹਨ :

"ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

(ਆਸਾ ਮਹਲਾ ੫) ਅੰਗ ੩੭੮

ਅਰਥਾਤ-"ਮਨੁੱਖਾ ਜਨਮ ਭਾਗਾਂ ਨਾਲ ਪ੍ਰਾਪਤ ਹੋਇਆ ਹੈ, ਪ੍ਰਮਾਤਮਾ ਦੇ ਮੇਲ ਲਈ ; ਹੇ ਜੀਵ ਤੈਨੂੰ ਇਹ ਇਕ ਅਵਸਰ ਮਿਲਿਆ ਹੈ ਜਿਸ ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ ।

ਮਨੁੱਖਾ ਜੀਵਨ ਸਫਲ ਤੇ ਸੁਖਦਾਈ ਕਰਨ ਲਈ ਹੋਰ ਕੋਈ ਰਾਹ ਨਹੀਂ ਹੈ । ਮਹਾਰਾਜ ਇਸ ਖ਼ਿਆਲ ਨੂੰ ਇਉਂ ਪੇਸ਼ ਕਰਦੇ ਹਨ :-"ਹਰ ਮਨੁੱਖ ਦੀ ਆਤਮਾ ਵਾਹਿਗੁਰੂ ਤੋਂ ਨਿਕਲੀ ਹੈ । ਜਿੰਨਾ ਚਿਰ ਇਹ ਉਸ ਤੋਂ ਟੁੱਟੀ ਰਹੇਗੀ ਸੁਖੀ ਨਹੀਂ ਹੋ ਸਕੇਗੀ । ਜਿਵੇਂ ਸਰੀਰਕ ਦੁਨੀਆਂ ਦੇ ਕਾਨੂੰਨ ਹਨ—ਧਰਤੀ ਹਰ ਚੀਜ਼ ਨੂੰ ਆਪਣੀ ਤਰਫ਼ ਖਿੱਚਦੀ ਹੈ, ਕਣਕ ਦਾ ਬੀਜ ਬੀਜਿਆਂ ਕਣਕ ਹੀ ਉੱਗ ਸਕਦੀ ਹੈ, ਸੂਰਜ ਸਦਾ ਪੂਰਬ ਤੋਂ ਚੜ੍ਹਦਾ ਹੈ, ਇਤਿਆਦਿ—ਤਿਵੇਂ ਆਤਮਕ ਦੁਨੀਆਂ ਦੇ ਆਪਣੇ ਕਾਨੂੰਨ ਹਨ। ਉਹਨਾਂ ਵਿਚੋਂ ਵੱਡਾ ਕਾਨੂੰਨ ਇਹ ਹੈ ਕਿ ਵਾਹਿਗੁਰੂ ਦੇ ਮੇਲ ਜਾਂ ਉਸ ਨਾਲ ਇਕ ਸੁਰ

ਹੋਣ ਤੋਂ ਬਿਨਾਂ ਆਤਮਾ ਭਟਕਦੀ ਰਹੇਗੀ ਤੇ ਆਵਾਗਵਨ ਦੇ ਚੱਕਰਾਂ ਵਿਚ ਹੀ ਪਈ ਰਹੇਗੀ । ਇਸ ਗੱਲ ਨੂੰ ਦ੍ਰਿਸ਼ਟਾਂਤਾਂ ਨਾਲ ਥਾਂ ਥਾਂ ਦ੍ਰਿੜ੍ਹ ਕਰਾਇਆ ਹੈ। ਗੁਰੂ ਅਰਜਨ ਦੇਵ ਇਉਂ ਫ਼ੁਰਮਾਉਂਦੇ ਹਨ :-

"ਵਿਸਾਰੇਦੇ ਮਰਿ ਗਏ ਮਰਿ ਭਿ ਨ ਸਕਹਿ ਮੂਲਿ ॥
ਵੇਮੁਖ ਹੋਏ ਰਾਮ ਤੇ ਜਿਉ ਤਸਕਰ ਊਪਰਿ ਸੂਲਿ ॥"

(ਵਾਰ ਗਉੜੀ ਮਹਲਾ ੫) ਅੰਗ ੩੧੯

ਅਰਥਾਤ-"ਜੋ ਮਨੁੱਖ ਰੱਬ ਨੂੰ ਵਿਸਾਰਦੇ ਹਨ ਉਹ ਮਰ ਚੁੱਕੇ ਹਨ, ਨਹੀਂ, ਸਗੋਂ ਉਹ ਤੜਪ ਤੜਪ ਕੇ ਮਰਦੇ ਹਨ । ਗਮ ਤੋਂ ਵੇਮੁਖ ਕਿਉਂ ਹਨ ਜਿਵੇਂ ਸੂਲੀ 'ਤੇ ਚੜ੍ਹਿਆ ਚੋਰ ।"

ਹੋਰ : "ਖਖੜੀਆਂ ਸੁਹਾਵੀਆਂ ਲਗੜੀਆ ਅਕ ਕੰਠਿ ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਰੀਠਿ ॥"

(ਗਉੜੀ ਕੀ ਵਾਰ, ਸਲੋਕ ਮਹਲਾ ੫) ਅੰਗ ੩੧੯

ਅਰਥਾਤ "ਅਕ ਦੀਆਂ ਕਕੜੀਆਂ ਤਕ ਤਕ ਸੋਹਣੀਆਂ ਲੱਗਦੀਆਂ ਹਨ ਜਦ ਤਕ ਅੱਕ ਦੇ ਬੂਟੇ ਨਾਲ ਲੱਗੀਆਂ ਰਹਿੰਦੀਆਂ ਹਨ । ਪਰ ਮਾਲਕ (ਅਕ) ਨਾਲੋਂ ਵਿਛੜ ਕੇ ਉਹਨਾਂ ਦੇ ਹਜ਼ਾਰ ਤੁੰਬੇ ਹੋ ਜਾਂਦੇ ਹਨ ।" ਏਵੇਂ ਹੀ ਗੁਰੂ ਨਾਨਕ ਕਹਿੰਦੇ ਹਨ :

"ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥ ਕੈ ਦੋਖੜੈ
ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ ॥
ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥
ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ ॥"

(ਸਲੋਕ ਵਾਰਾਂ ਤੇ ਵਧੀਕ ਮਹਲਾ ੧) ਅੰਗ ੧੪੧੨

ਅਰਥਾਤ-"ਹੇ ਪਬਰ(ਕਵਲ), ਤੂੰ ਹਰਾ ਭਰਾ ਹੁੰਦਾ ਸੀ ਤੇ ਤੇਰਾ ਸੋਨੇ ਵਰਗਾ ਰੰਗ ਸੀ । ਕਿਸ ਦੋਸ਼ ਦੇ ਕਾਰਨ ਤੂੰ ਸੜ ਗਿਆ ਹੈਂ ਤੇ ਤੇਰੀ ਦੇਹੀ ਕਾਲੀ ਹੋ ਗਈ ਹੈ ? (ਕੰਵਲ ਦਾ ਉੱਤਰ ਹੈ) ਮੇਰੇ ਸਰੀਰ ਅੰਦਰ ਵਿਘਨ ਪਿਆ ਹੈ । (ਕੀ ਵਿਘਨ) ਮੈਂ ਸਮਝ ਲਿਆ ਹੈ ਕਿ ਮੈਨੂੰ ਪਾਣੀ ਨਹੀਂ ਮਿਲਿਆ ਜਿਸ ਨਾਲ ਧੁਰੋਂ ਮੇਲ ਹੈ ਤੇ ਜਿਸ ਨੂੰ ਦੇਖਦਿਆਂ ਮੇਰਾ ਤਨ ਖਿੜ ਜਾਂਦਾ ਹੈ ਤੇ ਚੌਗੁਣਾ ਰੰਗ ਚੜ੍ਹਦਾ ਹੈ ।"



ਕਵਲ ਫੁੱਲ ਦੇ ਜੀਵਣ ਦਾ ਸਹਾਰਾ ਪਾਣੀ ਹੈ । ਇਸ ਤੋਂ ਵਿਛੜ ਕੇ ਉਹ ਸੁਕ ਸੜ ਸੁਆਹ ਹੋ ਜਾਂਦਾ ਹੈ ਤੇ ਉਸ ਦੀ ਸਾਰੀ ਸੁੰਦਰਤਾ ਤੇ ਖੁਸ਼ਬੋ ਆਦਿਕ ਮਾਰੇ ਜਾਂਦੇ ਹਨ । ਜਿਵੇਂ ਸਮੁੰਦਰ ਦਾ ਪਾਣੀ ਜੇ ਆਪਣੇ ਵਹਾਉ ਤੋਂ ਅਡਰਾ ਹੋ ਕੇ ਛਪੜ ਬਣ ਜਾਵੇ ਤਾਂ ਉਸ ਵਿਚ ਗੰਦਗੀ ਤੇ ਬਦਬੂ ਪੈਦਾ ਹੋ ਜਾਂਦੀ ਹੈ ਤਿਵੇਂ ਰੱਬ ਤੋਂ ਵਿਛੜੀ ਆਤਮਾ ਦੁਖਿਤ ਰਹਿੰਦੀ ਹੈ ।

ਸ਼ੇਖ ਫਰੀਦ ਜੀ ਇਕ ਦ੍ਰਿਸ਼ਟਾਂਤ ਨਾਲ ਸਮਝਾਂਦੇ ਹਨ :

"ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥"

(ਸੂਹੀ ਸੇਖ ਫਰੀਦ ਜੀ) ਅੰਗ ੭੯੪

ਅਰਥਾਤ-"ਹੇ ਕਾਲੀ ਕੋਇਲ, ਤੂੰ ਕਾਲੀ ਕਿਉਂ ਹੈ ? ਉਸ ਦਾ ਉੱਤਰ ਹੈ ) ਮੈਂ ਪ੍ਰੀਤਮ ਦੇ ਵਿਛੋੜੇ ਦੇ ਕਾਰਨ ਸੜ ਕੇ ਕਾਲੀ ਹੋ (ਜਲ) ਗਈ ਹਾਂ।

ਇਹਨਾਂ ਵਿਚਾਰਾਂ ਤੋਂ ਪ੍ਰੇਰਤ ਹੋ ਕੇ ਕਵੀ ਭਾਈ ਵੀਰ ਸਿੰਘ ਨੇ ਇਹੋ ਗੱਲ ਇਉਂ ਕਹੀ ਸੀ :

ਸਾਬਨ ਲਾ ਲਾ ਧੋਤਾ ਕੋਇਲਾ ਦੁਧ ਦਹੀਂ ਵਿਚ ਪਾਇਆ ।
ਖੁੰਭ ਚਾੜ ਰੰਗਨ ਭੀ ਧਰਿਆ ਰੰਗ ਨ ਓਸ ਵਟਾਇਆ ।
ਵਿਛੜ ਕੇ ਕਾਲਖ ਸੀ ਆਈ ਬਿਨ ਮਿਲਿਆਂ ਨਹੀਂ ਲਹਿੰਦੀ।
ਅੰਗ ਅੱਗ ਦੇ ਲਾ ਕੇ ਦੇਖੋ ਚੜਦਾ ਰੂਪ ਸਵਾਇਆ ।"

ਉਤਲੀ ਵਿਚਾਰ ਦਾ ਸਮੁੱਚਾ ਭਾਵ ਇਹ ਹੈ ਕਿ ਜੋ ਚੀਜ਼ ਆਪਣੇ ਮੂਲ ਤੋਂ ਜੁਦਾ ਹੋ ਜਾਂਦੀ ਹੈ ਉਸਨੂੰ ਜਿੰਨਾ ਚਿਰ ਉਸ ਮੂਲ ਨਾਲ ਮੁੜ ਮਿਲਾ ਨਾ ਦਿੱਤਾ ਜਾਏ ਉਸ ਦੇ ਦੁਖ ਕਸ਼ਟ ਮੁਕ ਨਹੀਂ ਸਕਦੇ ; ਜਿਵੇਂ ਗੁਰੂ ਨਾਨਕ ਜੀ ਦਸਦੇ ਹਨ ।

"ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥
ਦੁਖੁ ਲਾਗੈ ਤੂੰ ਵਿਸਰੁ ਨਾਹੀ ॥"

(ਆਸਾ ਮਹਲਾ ੧) ਅੰਗ ੩੫੪

ਅਰਥਾਤ-"ਤੂੰ ਕਿਵੇਂ ਵਿਸਰ ਸਕਦਾ ਹੈ ? ਤੈਨੂੰ ਵਿਸਰਿਆਂ ਦੁੱਖ ਬਹੁਤਾ ਹੋ ਜਾਂਦਾ ਹੈ । ਤੈਨੂੰ ਵਿਸਰਿਆਂ ਕਿਉਂਕਿ ਦੁਖ ਲਗਦਾ ਹੈ ਇਸ ਲਈ ਤੂੰ ਨਾ ਵਿਸਰ ।"

ਵਿਛੋੜੇ ਵਿਚ ਸਦਾ ਦੁਖ ਹੈ ਤੇ ਕੇਵਲ ਮਿਲਾਪ ਤੋਂ ਹੀ ਸੁਖ ਨਿਕਲ ਸਕੇਗਾ । ਇਸ ਲਈ ਮਨੁੱਖ ਲਈ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਕਿ ਉਹ ਆਪਣੇ ਮੂਲ ਨੂੰ ਪਛਾਣੇ ਤੇ ਪ੍ਰਾਪਤ ਕਰੇ ਜਿਵੇਂ ਗੁਰੂ ਅਮਰਦਾਸ ਜੀ ਜ਼ੋਰ ਨਾਲ ਕਹਿੰਦੇ ਹਨ :

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥"

ਆਸਾ ਮਹਲਾ ੩ (ਅੰਗ ੪੪੧)

ਅਰਥਾਤ-"ਹੇ ਮਨ, ਹੇ ਆਤਮਾ, ਤੂੰ ਉਸ ਜੋਤੀ ਦਾ ਸਰੂਪ ਹੈਂ । ਅਪਨੇ ਅਸਲ ਦੀ ਪਛਾਣ ਕਰ ।"

ਪਰ ਇਸ ਪ੍ਰਾਪਤੀ ਦਾ ਕੰਮ ਹਰ ਮਨੁੱਖ ਨੇ ਆਪ ਕਰਨਾ ਹੈ । ਨਿਰਾ ਪੁਸਤਕਾਂ ਦੇ ਪੜ੍ਹਣ ਪੜ੍ਹਾਣ ਜਾਂ ਕੁਝ ਗੇਣਵੇਂ ਪੂਜਾ ਪਾਠ ਦੇ ਨਿਯਮਾਂ ਨੂੰ ਯਾਦ ਕਰਨ ਨਾਲ ਇਹ ਹੋ ਨਹੀਂ ਜਾਣਾ । ਗੁਰੂਆਂ, ਪੀਰਾਂ ਜਾਂ ਉਹਨਾਂ ਦੀਆਂ ਧਰਮ ਪੁਸਤਕਾਂ ਨੇ ਤਾਂ ਰਾਹ ਵਿਖਾ ਕੇ ਪ੍ਰੇਰਣਾ ਦੇਣੀ ਹੈ । ਜਿਵੇਂ ਚੰਦ੍ਰਮਾ ਦੀ ਖੂਬਸੂਰਤੀ ਕਿਸੇ ਹੋਰਸ ਦੇ ਦਸਣ ਨਾਲ ਦਿਲ ਤਕ ਨਹੀਂ ਪੁੱਜਦੀ, ਆਪ ਵੇਖਣੀ ਹੁੰਦੀ ਹੈ ।ਤਿਵੇਂ ਪ੍ਰਮਾਤਮਾ ਦਾ ਮੇਲ ਤੇ ਦਰਸ਼ਨ ਹਰ ਕਿਸੇ ਨੇ ਆਪ ਹੀ ਕਰਨਾ ਹੈ । ਇਸ ਕਾਰਜ ਦੀ ਸਫਲਤਾ ਲਈ ਪਹਿਲੀ ਸ਼ਰਤ ਇਹ ਹੈ ਕਿ ਗੁਰੂਆਂ ਦੇ ਦੱਸੇ ਰਾਹ ਨੂੰ ਨਿਸ਼ਚੇ, ਭਰੋਸੇ ਤੇ ਨਿਮ੍ਰਤਾ ਨਾਲ ਪਰਵਾਨ ਕਰ ਲਿਆ ਜਾਏ ਤੇ ਮੁੜ ਆਪਣੇ ਤਜਰਬੇ ਵਿਚ ਲਿਆ ਕੇ ਇਸ ਦੀ ਅਮਲੀ ਪਰਖ ਕਰ ਲਈ ਜਾਏ । ਇਹ ਤਜਰਬੇ ਉਹਨਾਂ ਮਹਾਂਪੁਰਸ਼ਾਂ ਦੇ ਦਾਹਵੇ ਹਨ ਜਿਨ੍ਹਾਂ ਨੇ ਮਨੁੱਖ-ਮਾਤਰ ਦੀ ਸੇਵਾ ਨੂੰ ਹੀ ਆਪਣਾ ਜੀਵਣ ਆਦਰਸ਼ ਬਣਾਇਆ ਸੀ ਜਿਨ੍ਹਾ ਦਾ ਸਤਿਕਾਰ ਦੁਨੀਆਂ ਸਦਾ ਕਰਦੀ ਆਈ ਹੈ । ਇਨ੍ਹਾਂ ਦਾਹਵਿਆਂ ਨੂੰ ਝੁਠਲਾਇਆ ਨਹੀਂ ਜਾ ਸਕਦਾ, ਕਿਉਂਕਿ ਇਹ ਸੱਚ ਤੇ ਖੜ੍ਹੇ ਹਨ ਤੇ ਸੱਚ ਕਦੇ ਮਰਦਾ ਨਹੀਂ ।

ਹਾਂ, ਇਹ ਗੱਲ ਠੀਕ ਹੈ ਕਿ ਜਿਨ੍ਹਾਂ ਲੋਕਾਂ ਦਾ ਵਿਸ਼ਵਾਸ ਹੀ ਨਿਰੀ ਸਾਇੰਸ ਦੀ ਰੋਸ਼ਨੀ ਵਿਚ ਇਹ ਹੋਵੇ ਕਿ ਦੁਨੀਆਂ ਦੀ ਸਾਰੀ ਜਾਣਕਾਰੀ ਕੇਵਲ ਪੰਜ ਗਿਆਨ ਇੰਦ੍ਰਿਆਂ ਰਾਹੀਂ ਪ੍ਰਾਪਤ ਹੋ ਜਾਂਦੀ ਹੈ, ਉਹਨਾਂ ਲਈ ਇਹ ਦਾਹਵੇ ਝੂਠੇ ਹਨ । ਪਰ ਸਚ ਇਹ ਹੈ ਕਿ ਉਹ ਲੋਕ ਆਤਮ ਮੰਡਲ ਵਿਚ ਦਾਖ਼ਲ ਹੋਣ ਦੇ ਯੋਗ ਹੀ ਨਹੀਂ ਹੁੰਦੇ, ਉਹ ਇਨ੍ਹਾਂ ਦਾਹਵਿਆਂ ਦੀ ਸਚਾਈ ਪਰਖ ਹੀ ਨਹੀਂ ਕਰ ਸਕਦੇ। ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹ ਵੇਖਦੇ ਨਹੀਂ ਜਾਂ ਵੇਖ ਸਕਦੇ ਨਹੀਂ, ਇਸ ਲਈ ਇਹ ਦਾਹਵੇ ਹੀ ਗਲਤ ਹੋ



ਜਾਂਦੇ ਹਨ। ਨਿਰਾ ਗਿਆਨ ਇੰਦ੍ਰਿਆਂ 'ਤੇ ਭਰੋਸਾ ਕਰਨ ਵਾਲੇ ਬੁਨਿਆਦੀ ਗ਼ਲਤੀ ਕਰਦੇ ਹਨ । ਉਹਨਾਂ ਦੀ ਪਹੁੰਚ ਹੀ ਬੜੀ ਮਹਿਦੂਦ ਹੁੰਦੀ ਹੈ । ਉਹ ਸਮਝਦੇ ਹੀ ਨਹੀਂ ਕਿ ਆਤਮ ਮੰਡਲ ਛੱਡ ਕੇ, ਨਿਰੇ ਸਰੀਰਕ ਮੰਡਲ ਵਿਚ ਵੀ ਗਿਆਨ ਇੰਦ੍ਰਿਆਂ 'ਤੇ ਪੂਰਾ ਭਰੋਸਾ ਨਹੀਂ ਕੀਤਾ ਜਾ ਸਕਦਾ । ਜੇ ਕੋਈ ਆਦਮੀ ਬੋਲਾ ਹੈ ਤਾਂ ਉਸ ਲਈ ਰਾਗ ਦਾ ਕੋਈ ਵਜੂਦ ਹੀ ਨਹੀਂ ਹੋ ਸਕਦਾ। ਜਿਸ ਦੇ ਨੱਕ ਵਿਚ ਖੁਸ਼ਬੋ ਦੀ ਸੋਝੀ ਹੀ ਨਹੀਂ ਰਹੀ, ਉਸ ਲਈ ਖ਼ੁਸ਼ਬੂ ਦੇ ਕੋਈ ਅਰਥ ਹੀ ਨਹੀਂ।ਪਰ ਇਸ ਦਾ ਇਹ ਮਤਲਬ ਨਹੀਂ ਕਿ ਰਾਗ ਜਾਂ ਖ਼ੁਸ਼ਬੂ ਹਨ ਹੀ ਨਹੀਂ। ਇਸ ਤਰ੍ਹਾਂ ਉਸ ਵਿਆਪਕ ਅਬਿਨਾਸੀ ਪਰਮਾਤਮਾ ਜੋ ਹਰ ਮਨੁੱਖ ਦੀ ਆਤਮਾ ਦੇ ਅੰਦਰ ਮੌਜੂਦ ਹੈ, ਦੇ ਦਰਸ਼ਨ ਹੋ ਸਕਦੇ ਹਨ ; ਪਰ ਇਹ ਦਰਸ਼ਨ ਇਹਨਾਂ ਗਿਆਨ ਦੇ ਪੰਜ ਇੰਦ੍ਰੇ ਰੂਪ ਵਸੀਲਿਆਂ ਨਾਲ ਨਹੀਂ ਹੁੰਦੇ । ਕੋਈ ਮਹਾਨ ਉੱਚ ਸੋਝੀ ਦਾ ਛੇਵਾਂ ਵਸੀਲਾ ਵੀ ਹੈ ਜਿਸ ਨੂੰ ਆਤਮ-ਅਨੁਭਵ ਕਹਿ ਸਕਦੇ ਹਾਂ ਤੇ ਇਹ ਆਤਮ ਮੰਡਲ ਦੀ ਉਸ ਹਾਲਤ ਵਿਚ ਲੈ ਜਾਣ ਦੀ ਸਮਰੱਥਾ ਰਖਦਾ ਹੈ, ਜਿੱਥੇ ਇਹ ਦਰਸ਼ਨ ਹੁੰਦੇ ਹਨ । ਜਿਹੜੀ ਚੀਜ਼ ਹਰ ਕੋਈ ਆਪਣੇ ਅੰਦਰ ਵਰਤਦੀ ਵੇਖ ਸਕਦਾ ਹੈ, ਉਸ ਤੋਂ ਹੋਰ ਵੱਡੀ ਸਚਾਈ ਕੀ ਹੋ ਸਕਦੀ ਹੈ ? ਸਰੀਰ ਅਤੇ ਇਸ ਦੇ ਗਿਆਨ ਇੰਦ੍ਰੇ ਸਭ ਜਾਗਦੀ ਆਤਮਾ ਦੇ ਸੇਵਕ ਹਨ, ਇਹ ਜਾਗਦੀ ਆਤਮਾ ਦੇ ਆਰਜ਼ੀ ਹਥਿਆਰ ਹਨ । ਕੀ ਇਹਨਾਂ ਰਾਹੀਂ ਪ੍ਰਾਪਤ ਹੋਇਆ ਗਿਆਨ ਵਧੇਰਾ ਭਰੋਸੇਯੋਗ ਹੈ ਅਤੇ ਅੰਤਰ ਆਤਮੇ ਵਰਤਿਆ ਕੋਈ ਕਉਤਕ ਘੱਟ ਠੀਕ ਤੇ ਘੱਟ ਕੀਮਤੀ ਹੈ ? ਕੀ ਮਾਲਕ ਨਾਲੋਂ ਸੇਵਕ ਤੇ ਵੱਧ ਭਰੋਸਾ ਕੀਤਾ ਜਾਣਾ ਚਾਹੀਦਾ ਹੈ ? ਇਹ ਠੀਕ ਹੈ ਕਿ ਦਲੀਲ, ਤਰਕ, ਵਿਚਾਰ ਆਦਿਕ ਸਫਲ ਜੀਵਨ ਦੇ ਨਿੱਗਰ ਥੰਮ੍ਹ ਹਨ, ਪਰ ਇਹਨਾਂ ਦੀ ਓਥੇ ਪਹੁੰਚ ਨਹੀਂ,ਜਿੱਥੇ ਇਹ ਆਤਮਕ ਜਾਗ੍ਰਤ ਦੇ ਇਸ ਤੋਂ ਉਪਜੇ ਆਤਮ-ਅਨੁਭਵ ਨਾਲ ਤਅਲਕ ਰੱਖਦੇ ਹਨ । ਆਤਮਾ ਜੋ ਜਾਗਦੀ ਹੈ ਤੇ ਅਸਲੀਅਤ ਨੂੰ ਪਛਾਣਦੀ ਹੈ ਤਾਂ ਇਹ ਬੇਅੰਤ ਸ਼ਕਤੀਆਂ ਦੀ ਮਾਲਕ ਹੈ । ਇਹਨਾਂ ਸ਼ਕਤੀਆਂ ਦੇ ਕੁਝ ਕੁ ਕ੍ਰਿਸ਼ਮੇ ਵੇਖ ਵੀ ਲਏ ਗਏ ਹਨ । ਇਸ ਆਤਮਾ ਦੇ ਇਕੋ ਹਥਿਆਰ ਦਿਮਾਗ ਨੇ ਹੀ ਕੁਦਰਤ ਦੇ ਭੇਦ ਲੱਭ ਕੇ ਦੁਨੀਆਂ ਨੂੰ ਹੈਰਾਨ ਕੀਤਾ ਹੈ । ਹੁਣ ਇਨਸਾਨ ਕਈ ਹਜ਼ਾਰ ਮੀਲ ਪ੍ਰੀਤ ਘੰਟਾ ਉੱਡ ਸਕਦਾ ਹੈ । ਰਾਕਟਾਂ ਦੀਆਂ ਪੁਲਾੜ ਵਿਚ ਉਡਾਰੀਆਂ ਅਤੇ ਹੋਰ ਬੇਅੰਤ ਕਾਢਾਂ ਦੇ ਕਰਤੱਵ, ਉਸ ਦੇ ਦਿਮਾਗ ਦੀ ਵਡਿਆਈ ਪਰਗਟ ਕਰਦੀਆਂ ਹਨ । ਕਹਿੰਦੇ ਹਨ ਕਿ ਅਜੇ ਉਸ ਦੇ ਦਿਮਾਗ ਦਾ ਉਤਲਾ ਹਿੱਸਾ ਹੀ ਵਰਤੋਂ ਵਿਚ ਆਇਆ ਹੈ ।

ਜੇ ਸਾਰਾ ਦਿਮਾਗ ਹੀ ਵਰਤਿਆ ਜਾ ਸਕੇ ਤਾਂ ਹੋਰ ਕੀ ਕੀ ਮੁਅਜ਼ਜੇ ਹੋ ਜਾਣ ਦੀ ਸੰਭਾਵਨਾ ਨਹੀਂ ? ਇਸੇ ਤਰ੍ਹਾਂ ਹੋਰ ਅਗਾਂਹ ਜਾ ਕੇ ਜੇ ਇਨਸਾਨ ਦੀ ਮਾਨਸਿਕ ਤੇ ਅਧਿਆਤਮਿਕ ਜਾਗਰਤੀ ਹੋ ਜਾਏ ਤਾਂ ਕੀ ਇਹ ਅਨੁਮਾਨ ਨਹੀਂ ਲਾਇਆ ਜਾ ਸਕਦਾ ਕਿ ਕੀ ਕੀ ਹੋਰ ਚਮਤਕਾਰ ਵਰਤ ਸਕਦੇ ਹਨ ? ਪਰ ਮਾਦਾ-ਪ੍ਰਸਤ ਦੁਨੀਆਂ ਦਾ ਧਿਆਨ ਇਸ ਪਾਸੇ ਜਾਂਦਾ ਹੀ ਨਹੀਂ । ਸੱਚੀ ਗੱਲ ਇਹ ਹੈ ਕਿ ਆਤਮ-ਅਗਿਆਨਤਾ ਨੇ ਮਨੁੱਖ ਦੀ ਅਜ਼ਾਦੀ ਖੋਹ ਕੇ ਉਸਨੂੰ ਕੈਦ ਕੀਤਾ ਹੋਇਆ ਹੈ ਤੇ ਉਸ ਦਾ ਮਾਨਸਿਕ ਤੇ ਆਤਮਿਕ ਵਿਕਾਸ ਰੋਕ ਦਿੱਤਾ ਹੋਇਆ ਹੈ—ਤੇ ਹੁਣ ਪੰਜ ਇੰਦ੍ਰਿਆਂ ਦੇ ਗਿਆਨ ਤੋਂ ਉਤਾਂਹ ਉਠ ਹੀ ਨਹੀਂ ਸਕਦਾ। ਪਰ ਗਾਇਬ ਦਾ ਇਲਮ (Clairvoyance) ਅਤੇ ਟੈਲੀਪੈਥੀ (Telepathy) ਆਦਿਕ ਨੇ ਹੁਣ ਇਹ ਗੱਲ ਸਿੱਧ ਕਰ ਦਿੱਤੀ ਹੈ ਕਿ ਦੁਨੀਆਂ ਦੀ ਸਾਰੀ ਜਾਣਕਾਰੀ ਕੇਵਲ ਗਿਆਨ ਇੰਦ੍ਰਿਆਂ ਰਾਹੀਂ ਹੀ ਨਹੀਂ ਹੋ ਜਾਂਦੀ, ਹੋਰ ਵਸੀਲਿਆਂ ਤੋਂ ਵੀ ਹੋ ਜਾਂਦੀ ਹੈ । ਇਕ ਆਦਮੀ ਕਿਸੇ ਹੋਰ ਨੂੰ ਜੋ ਉਸ ਤੋਂ ਕਈ ਹਜ਼ਾਰ ਮੀਲ ਦੂਰ ਬੈਠਾ ਹੈ, ਆਪਣੇ ਦਿਲ ਦੀ ਗੱਲ ਭੇਜ ਦਿੰਦਾ ਹੈ । ਜਿਸ ਕਿਸੇ ਨੂੰ ਗਾਇਬ ਦੇ ਇਲਮ ਦੀ ਕੁਝ ਸੂਝ ਹੋ ਗਈ ਹੈ ਉਹ ਦੂਰ-ਦੁਰਾਡੇ ਤੇ ਅੱਖੋਂ ਉਹਲੇ ਲੁਕੀਆਂ ਚੀਜ਼ਾਂ ਵੇਖ ਲੈਂਦਾ ਹੈ ਅਤੇ ਹੋ ਚੁਕੇ ਵਾਕਿਆਤ ਜਾਂ ਅਜੇ ਹੋਣ ਵਾਲੇ ਵਾਕਿਆਤ ਉਸ ਦੇ ਸਾਹਮਣੇ ਇਉਂ ਆ ਖਲੋਂਦੇ ਹਨ ਜਿਵੇਂ ਕਿ ਦੇਸ਼, ਕਾਲ ਦੀਆਂ ਹੱਦਾਂ ਉਸ ਲਈ ਮੁਕ ਗਈਆਂ ਹੁੰਦੀਆਂ ਹਨ । ਭੂਤ ਤੇ ਭਵਿਖਤ ਕਾਲ ਦਾ ਫ਼ਰਕ ਉਸ ਲਈ ਏਥੋਂ ਤਕ ਮਿਟ ਗਿਆ ਹੁੰਦਾ ਹੈ ਕਿ ਕਈ ਵਾਰ ਉਸ ਲਈ ਇਹ ਪਛਾਣ ਕਰਨੀ ਹੀ ਔਖੀ ਹੋ ਜਾਂਦੀ ਹੈ ਕਿ ਉਸ ਸਾਹਮਣੇ ਆਇਆ ਕੋਈ ਵਾਕਿਆ ਭੂਤ ਦਾ ਹੈ ਜਾਂ ਭਵਿਖੱਤ ਦਾ । ਪਰ ਉਸ ਨੂੰ ਰਤਾ ਸ਼ੱਕ ਨਹੀਂ ਹੁੰਦਾ ਕਿ ਜੋ ਕੁਝ ਉਸ ਦੇ ਸਾਹਮਣੇ ਹੈ ਉਹ ਸੱਚ ਨਹੀਂ ਹੈ, ਸਗੋਂ ਇਹ ਸੱਚ ਉਸ ਸੱਚ ਨਾਲੋਂ ਜੋ ਉਹ ਅੱਖਾਂ ਤੇ ਕੰਨਾਂ ਨਾਲ ਵੇਖਦਾ ਤੇ ਸੁਣਦਾ ਹੈ ਵਧੇਰਾ ਠੀਕ ਜਾਪਦਾ ਹੈ। ਇਹ ਠੀਕ ਹੈ ਕਿ ਇਹ ਇਲਮ ਬਹੁਤ ਘੱਟ ਆਦਮੀਆਂ ਨੂੰ ਹੀ ਪ੍ਰਾਪਤ ਹੁੰਦਾ ਹੈ ਅਤੇ ਅਜੇ ਇਹ ਬਹੁਤ ਮੱਧਲੀ ਹਾਲਤ ਵਿਚ ਹੀ ਹੈ ਪਰ ਇਸ ਤੋਂ ਇਹ ਸਿੱਧ ਤਾ ਹੋ ਜਾਂਦਾ ਹੈ ਕਿ ਮਾਨਸਿਕ ਸ਼ਕਤੀਆਂ ਦਾ ਭੰਡਾਰ ਗਿਆਨ ਇੰਦ੍ਰਿਆ ਦੀ ਪਹੁੰਚ ਤੋਂ ਪਰੇ ਹੈ। ਇਸੇ ਤਰ੍ਹਾਂ ਜੇ ਆਤਮਾ ਵਿਚ ਉਹ ਸ਼ਕਤੀਆਂ ਪਰਗਟ ਹੋ ਜਾਂਦੀਆਂ ਹਨ ਜਿਨ੍ਹਾਂ ਨੂੰ ਅੱਜ ਹਰ ਕੋਈ ਕਰਾਮਾਤ ਹੀ ਸਮਝਦਾ ਹੈ । ਜਦ ਆਤਮਾ ਇਸ ਮੇਲ ਦੀ ਹਾਲਤ ਵਿਚ ਚਲੀ ਜਾਂਦੀ ਹੈ



ਤਾਂ ਉਹ ਆਪਣੇ ਘਰ ਪੁੱਜ ਗਈ ਹੁੰਦੀ ਹੈ, ਜਿੱਥੇ ਦੇਸ਼, ਕਾਲ, ਨਾਮ ਤੇ ਰੂਪ ਦੇ ਫ਼ਰਕ ਮਿਟ ਗਏ ਹੁੰਦੇ ਹਨ । ਨਾਮ ਸਿਮਰਨ ਇਹ ਹਾਲਤ ਲਿਆ ਸਕਦਾ ਹੈ । ਇਸ ਹਾਲਤ ਦਾ ਕੁਝ ਦਰਸ਼ਨ ਅਸੀਂ ਅੱਗੇ ਚਲ ਕੇ ਕਰਾਂਗੇ । ਇਹ ਉਹ ਹਾਲਤ ਹੈ ਜਿਸ ਵਿਚ ਮਨੁੱਖ ਆਪਣੇ ਅਸਲ ਸਰੂਪ ਨੂੰ ਵੇਖਦਾ ਹੈ ਜਿਸ ਨੂੰ ਨਿਜ ਘਰ ਕਿਹਾ ਜਾਂਦਾ ਹੈ ਤੇ ਜਿਸ ਵਿਚ ਪੁੱਜ ਕੇ ਨਿਜਾਨੰਦ ਪ੍ਰਾਪਤ ਹੋ ਜਾਂਦਾ ਹੈ । ਇਹ ਨਿਜਾਨੰਦ ਅੰਦਰ 'ਤੇ ਆਪਣੇ ਸਰੂਪ ਵਿਚ ਡਾਢੀ ਪਿਆਰੀ ਤੇ ਮਹਾਂ ਅਨੰਦ ਦੀ ਡੂੰਘੀ ਆਤਮਕ ਹਾਲਤ ਹੈ । ਇਸ ਨੂੰ ਰਹੱਸਵਾਦ Mystic experience ਵੀ ਕਿਹਾ ਜਾਂਦਾ ਹੈ । ਇਹ ਬ੍ਰਹਮ ਗਿਆਨੀ ਦਾ ਨਿਜ ਘਰ ਮਹਲ ਹੈ ਜਿਸ ਨੂੰ ਅਨੁਭਵ ਨਗਰ, ਬੇਗਮਪੁਰਾ,ਆਤਮ ਤੀਰਥ, ਸੁਖ ਮਹਲ, ਦਸਮ ਦੁਆਰਾ ਆਦਿ ਵੱਖ ਵੱਖ ਸ਼ਬਦਾਂ ਰਾਹੀ ਬਿਆਨ ਕੀਤਾ ਹੁੰਦਾ ਹੈ, ਜਿਵੇਂ ਹੇਠ ਆਈਆਂ ਤੁਕਾਂ ਤੋਂ ਪ੍ਰਗਟ ਹੈ :

"ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥"

(ਗਉੜੀ ਰਵਿਦਾਸ ਜੀ) ਅੰਗ ੪੬੮

ਅਰਥਾਤ "ਸਚ ਸਰੂਪ ਪਰਮਾਤਮਾ ਤਾਂ ਪਾਈਦਾ ਹੈ ਜੇ ਆਤਮ ਤੀਰਥ 'ਤੇ ਵਾਸਾ ਕੀਤਾ ਜਾਏ ।"

"ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥"

(ਗਉੜੀ ਮਹਲਾ ੫) ਅੰਗ ੩੪੫

ਅਰਥਾਤ-" ਉਸ ਹਾਲਤ ਦਾ ਨਾਮ ਬੇਗਮਪੁਰਾ ਹੈ ਜਿਥੇ ਦੁਖ ਦਰਦ ਸਭਜ ਮਿਟ ਜਾਂਦੇ ਹਨ ।"

"ਅਨਭਉ ਨਗਰੁ ਤਹਾ ਸਦ ਵਸੈ ।੬॥"

(ਗਉੜੀ ਮਹਲਾ ੫) ਅੰਗ ੨੩੭

ਅਰਥਾਤ "ਅਨੁਭਵ ਨਗਰ ਵਿਚ ਜੀਵ ਆਪਣਾ ਸਦੀਵ ਵਾਸਾ ਬਨਾਏ ॥"

"ਸੂਖ ਸਹਜ ਮੇਰਾ ਧਨੁ ਸੋਹਾਗਾ" (ਆਸਾ ਮਹਲਾ ੫) ਅੰਗ ੩੯੪

ਅਰਥਾਤ-"ਸਹਜ ਸੁਖ ਧੰਨ ਹੈ ਜਿਥੇ ਪੁਜ ਕੇ ਮੇਰਾ ਪ੍ਰਮਾਤਮਾ ਨਾਲ ਸੁਹਾਗ ਬਣਦਾ ਹੈ ।"

"ਨਉ ਦਰ ਠਾਕੇ ਧਾਵਤੁ ਰਹਾਏ ॥

ਦਸਵੈ ਨਿਜ ਘਰਿ ਵਾਸਾ ਪਾਏ ॥"

(ਆਸਾ ਮਹਲਾ ੫) ਅੰਗ ੧੨੪

ਅਰਥਾਤ–" ਨਉ ਗੋਲਕਾਂ ਰੋਕ ਦੇਵੇ ਜਿਨ੍ਹਾਂ ਰਾਹੀਂ ਮਨ ਸੰਸਾਰਕ ਖੇਡ ਵਿਚ ਲਗਾ ਰਹਿੰਦਾ ਹੈ ਤੇ ਦਸਵੇਂ ਦਰ ਆਪਣੇ ਸਰੂਪ ਦੇ ਦਰਸ਼ਨ ਕਰੇ।"

ਮਨ ਦੀ ਇਸ ਹਾਲਤ ਨੂੰ ਬਿਆਨ ਕਰਦੇ ਕਰਦੇ ਗੁਰੂ ਸਾਹਿਬ ਸਦਕੇ ਹੋ ਹੋ ਜਾਂਦੇ ਹਨ ਤੇ ਅਤਿ ਖ਼ੁਸ਼ੀ ਦਾ ਪਰਗਟਾਵਾ ਇਉਂ ਕਰਦੇ ਹਨ :

"ਪਾਇਆ ਲਾਲੁ ਰਤਨੁ ਮਨਿ ਪਾਇਆ ॥"

(ਗਉੜੀ ਮਹਲਾ ੫) ਅੰਗ ੨੧੫

ਅਰਥਾਤ–"ਲਾਲਾਂ ਰਤਨਾਂ ਰੂਪ ਅਧਿਆਤਮਕ ਗੁਣ ਵਡਿਆਈਆਂ ਦੀ ਪ੍ਰਾਪਤੀ ਮਨ ਅੰਦਰ ਹੀ ਹੋ ਗਈ ਹੈ ।"

ਇਹ ਤੁਕ ਇਕ ਸ਼ਬਦ ਵਿਚੋਂ ਲਈ ਹੈ ; ਅਗਾਂਹ ਜਾ ਕੇ ਸਾਰਾ ਸ਼ਬਦ ਦਿਤਾ ਗਿਆ ਹੈ । ਇਸ ਵਿਚ ਪ੍ਰਮਾਤਮਾ ਨਾਲ ਆਤਮਾ ਦੇ ਮੇਲ ਦੀ ਅਵਸਥਾ ਦਾ ਵਰਨਣ ਹੈ ਜੋ ਨਾਮ ਸਿਮਰਨ ਦੁਆਰਾ ਪ੍ਰਾਪਤ ਹੋਈ ਹੈ । ਗੁਰਬਾਣੀ ਵਿਚ ਇਹੋ ਜਿਹੇ ਬੇਅੰਤ ਸ਼ਬਦ ਹਨ, ਜਿਨ੍ਹਾਂ ਨੂੰ ਪੜ੍ਹ ਕੇ ਹੈਰਾਨ ਹੋਈਦਾ ਹੈ ਕਿ ਗੁਰੂ ਸਾਹਿਬ ਅੰਦਰ ਦੀ ਕਿਸ ਸੁੰਦਰ ਦੁਨੀਆਂ ਦੇ ਦਰਸ਼ਨਾਂ ਦਾ ਜ਼ਿਕਰ ਕਰਦੇ ਹਨ । ਦੁਨੀਆਂ ਮਾਦੀ ਚੀਜ਼ਾਂ ਦੇ ਅਸਰ ਹੇਠ, ਏਨੀ ਦੱਬੀ ਪਈ ਤੇ ਗੁਮਰਾਹ ਹੈ ਕਿ ਉਸ ਨੂੰ ਯਕੀਨ ਹੀ ਨਹੀਂ ਬੱਝਦਾ ਕਿ ਅੰਦਰ ਕੋਈ ਬਹੁਤ ਵਿਸ਼ਾਲ ਤੇ ਸੁੰਦਰ ਨਗਰ ਵਿਚ ਵਾਸਾ ਕੀਤਾ ਜਾ ਸਕਦਾ ਹੈ।

ਪਰ ਜਿਵੇਂ ਉਪਰ ਲਿਖਿਆ ਹੈ, ਇਹ ਨਗਰ ਮਨ ਤੇ ਬਾਣੀ ਦਾ ਵਿਸ਼ਾ ਹੀ ਨਹੀਂ । ਇਕ ਖਾਸ ਮਨ ਦੀ ਅਗਾਧ ਹਾਲਤ ਵਿਚ ਇਸ ਦਾ ਅਨੁਭਵ ਹੁੰਦਾ ਹੈ । ਫਿਰ ਮਨ ਤੇ ਆਤਮਾ ਦੋਵੇਂ ਸ਼ਾਂਤ ਹੋ ਜਾਂਦੇ ਹਨ । ਸਾਖਿਆਤ ਦਰਸ਼ਨਾਂ ਨਾਲ ਮਨੁੱਖ ਚੁਪ ਹੋ ਜਾਂਦਾ ਹੈ । ਕੜਾਹੀ ਵਿਚ ਪਿਆ ਘਿਉ ਤਦ ਤਕ ਬੋਲਦਾ ਹੈ ਜਦ ਤਕ ਪੱਕਦਾ ਨਹੀਂ । ਅਨੁਭਵੀ ਪੁਰਸ਼ ਉਸ ਨੂਰ ਦੇ ਅਗੰਮੀ ਦਰਸ਼ਨ ਕਰਕੇ ਗਦ ਗਦ ਹੁੰਦੇ ਜਾਂਦੇ ਹਨ, ਪਰ ਦੱਸ ਕੁਝ ਨਹੀਂ ਸਕਦੇ ਤੇ ਨਾ ਦਸਣ ਦੀ ਲੋੜ ਰਹਿ ਜਾਂਦੀ ਹੈ ; ਕਿਉਂਕਿ ਜੋ ਚਾਹੀਦਾ ਸੀ ਓਹ ਪ੍ਰਾਪਤ ਹੋ ਗਿਆ ਹੁੰਦਾ ਹੈ । ਹਾਂ, ਦੁਨੀਆਂ ਦੇ ਭਲੇ ਹਿਤ ਉਨ੍ਹਾਂ ਨੂੰ ਦੂਜਿਆਂ ਨਾਲ ਇਸ ਦੀ ਸਾਂਝ ਵੀ ਜ਼ਰੂਰ ਕਰਨੀ ਚਾਹੀਦੀ ਹੈ। ਯਾਦ



ਰੱਖਣਾ ਚਾਹੀਦਾ ਹੈ ਕਿ ਇਸ ਭਾਰਤ ਦੇਸ਼ ਦੀ ਕਲਚਰ ਰਿਖੀਆਂ ਮੁਨੀਆਂ ਦੀ ਕਲਚਰ ਹੈ ਤੇ ਇਸ ਵਿਚ ਅੰਦਰ ਦੀ ਆਤਮਿਕ ਦੁਨੀਆਂ ਸੰਬੰਧੀ ਬੇਅੰਤ ਤਜਰਬੇ ਹੋਏ ਹਨ ਜੋ ਮਨੁੱਖਾ ਜੀਵਨ ਦੀ ਸਫਲਤਾ ਲਈ ਬੇਹੱਦ ਗੁਣਕਾਰੀ ਹਨ । ਜਿਵੇਂ ਸਾਇੰਸ ਨੇ ਮਾਦੀ ਦੁਨੀਆਂ ਅੰਦਰ ਤਜਰਬੇ ਕਰਕੇ ਮਨੁੱਖ ਮਾਤਰ ਦੀ ਬੜੀ ਸੇਵਾ ਕੀਤੀ ਹੈ, ਉਸ ਦੇ ਭਰਮ ਵਹਿਮ ਕਟੇ ਹਨ, ਉਸ ਨੂੰ ਕਈ ਤਰ੍ਹਾਂ ਦੇ ਸੁਖ ਅਰਾਮ ਦਿੱਤੇ ਹਨ ਤੇ ਉਸ ਦੀ ਨਜ਼ਰ ਚੌੜੀ ਕੀਤੀ ਹੈ, ਤਿਵੇਂ ਜੇ ਇਸ ਮਨ ਆਤਮਾ ਦੀ ਦੁਨੀਆਂ ਦੀ ਸਮਝ ਆ ਜਾਵੇ ਤਾਂ ਜੀਵਨ ਉਸ ਤੋਂ ਕਈ ਗੁਣਾਂ ਵੱਧ ਸੁਖਦਾਈ ਹੋ ਸਕਦਾ ਹੈ । ਆਪਣੇ ਅਸਲ ਰੂਪ ਵਿਚ ਮਨ ਨਿਰਾ "ਰੌਸ਼ਨੀ" ਜਾਂ "ਗਿਆਨ ਸਰੂਪ" ਹੈ ਤੇ ਬੇਅੰਤ ਖ਼ਜ਼ਾਨਿਆਂ ਦਾ ਇਲਮ ਹੀ ਨਹੀਂ ਹੁੰਦਾ । ਇਹੀ ਗੱਲ ਕਿਡੀ ਅਸਚਰਜ ਹੈ ਕਿ ਸਾਇੰਸਦਾਨ ਵੀ ਪਰਮਾਰਥ ਜਾਂ ਧਰਮ ਦੇ ਤਜਰਬਿਆਂ ਨੂੰ ਆਪਣੀ ਬੈਰੂਨੀ ਗਿਆਨ ਨਾਲ ਚੁੰਧਿਆਏ ਜਾ ਕੇ ਇਹ ਕਹਿ ਕੇ ਹੱਸ ਛੱਡਦੇ ਹਨ ਕਿ ਪਾਗਲਾਂ ਦੀਆਂ ਗੱਲਾਂ ਹਨ, ਹਾਲਾਂ ਕਿ ਸਾਇੰਸ, ਫ਼ਿਲਸਾਫ਼ੀ ਤੇ ਧਰਮ ਪ੍ਰਸਪਰ ਵਿਰੋਧੀ ਚੀਜ਼ਾਂ ਨਹੀਂ ਹਨ ਸਗੋਂ ਇਕੋ ਰਾਹ ਦੇ ਪਾਂਧੀ ਹਨ ਤੇ ਇਨ੍ਹਾਂ ਦਾ ਨਿਸ਼ਾਨਾ ਵੀ ਇਕੋ ਹੀ ਹੈ—ਜਹਾਲਤ ਨੂੰ ਕਟਣਾ । ਇਹ ਵਿਗਿਆਨਕ ਵਿਚਾਰ ਦਾ ਤਰੀਕਾ ਹੀ ਨਹੀਂ ਕਿ ਕਿਸੇ ਚੀਜ਼ ਨੂੰ ਬਿਨਾਂ ਆਪਣੇ ਤਜਰਬੇ ਵਿਚ ਲਿਆਉਣ ਦੀ ਤੇ ਬਿਨਾਂ ਪਰਖ ਕਰਨ ਦੇ, ਉਸ ਦੀ ਹੋਂਦ ਤੋਂ ਹੀ ਇਨਕਾਰ ਕਰ ਦੇਣਾ । ਜੇ ਸਾਇੰਸ ਵੱਲ ਵੀ ਦੁਨੀਆਂ ਵੀ ਇਹ ਰਵਈਆ ਹੋ ਜਾਂਦਾ ਤਾਂ ਸਾਇੰਸ ਕਦੇ ਏਨੀ ਤਰੱਕੀ ਨਾ ਕਰ ਸਕਦੀ, ਜਿੰਨੀ ਉਸ ਕੀਤੀ ਹੈ । ਜਿਵੇਂ ਸਾਇੰਸ ਨੇ ਕੁਦਰਤ ਦੇ ਕਾਨੂੰਨਾਂ ਦਾ ਭੇਦ ਲੱਭ ਕੇ ਕਮਾਲ ਕਰ ਵਿਖਾਇਆ ਹੈ , ਤਿਵੇਂ ਇਸ ਅੰਦਰ ਦੀ ਦੁਨੀਆਂ ਦੇ ਪਾਰਖੂ ਵੀ ਵੱਡੇ ਵੱਡੇ ਦਾਹਵੇ ਕਰਦੇ ਹਨ ।ਪਰ ਇਹ ਦਾਹਵੇ ਪਰਤਖ ਤੱਦ ਹੰਦੇ ਹਨ ਜੇ ਪਹਿਲਾਂ ਕੁਝ ਤਿਆਰੀ ਕੀਤੀ ਜਾਏ, ਕੁਝ ਸ਼ਰਤਾਂ ਪੂਰੀਆਂ ਕੀਤੀਆਂ ਜਾਣ । ਜਿਵੇਂ ਪਾਣੀ ਤੱਦ ਬਣਦਾ ਹੈ ਜੇ ਹਾਈਡੋਰਜਨ ਤੇ ਆਕਸੀਜਨ ਦੇ ਜੁਜ਼ ਠੀਕ ਨਿਸਬਤ ਨਾਲ ਜੋੜੇ ਜਾਣ, ਤਿਵੇਂ ਅੰਦਰ ਦੇ ਖਜ਼ਾਨੇ ਤੱਦ ਲਭਦੇ ਹਨ ਜੇ ਪਰਮਾਤਮਾ ਦਾ ਪਿਆਰ, ਉਸ ਉੱਤੇ ਨਿਸ਼ਚਾ ਤੇ ਸ਼ਰਧਾ ਤੇ ਉਸ ਤੋਂ ਉਪਜੀ ਪਵਿਤ੍ਰਤਾ ਨੂੰ ਦਿਲ ਵਿਚ ਥਾਂ ਦੇ ਕੇ ਠੀਕ ਸਿਮਰਨ ਲਈ ਰਸਤਾ ਸਾਫ ਕੀਤਾ ਜਾਏ, ਨਹੀਂ ਤਾਂ ਸਾਰਾ ਜਤਨ ਅਸਫਲ ਹੁੰਦਾ ਹੈ।

"ਸੁਚਿ ਹੋਵੈ ਤਾ ਸਚੁ ਪਾਈਐ ॥੨॥"

(ਵਾਰ ਆਸਾ ਮਹਲਾ ੧) ਅੰਗ ੪੭੨

ਅਰਥਾਤ "ਉਸ ਸੱਚ ਸਰੂਪ ਪ੍ਰਮਾਤਮਾ ਦੀ ਪ੍ਰਾਪਤੀ ਲਈ ਮਨ ਆਤਮਾ ਦੀ ਪਵਿਤ੍ਰਤਾ ਜ਼ਰੂਰੀ ਹੈ।"

ਗੁਰੂ ਰਾਮਦਾਸ ਜੀ ਕਹਿੰਦੇ ਹਨ :

"ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ
ਹਮ ਕਿਉ ਕਰਿ ਮਿਲਹ ਜੂਠਾਰੀ ॥"

(ਦੇਵ ਗੰਧਾਰੀ ਮਹਲਾ ੪) ਅੰਗ ੫੨੮

ਅਰਥਾਤ "ਹੇ ਮਾਲਕ ਵਾਹਿਗੁਰੂ, ਤੂੰ ਪਵਿਤ੍ਰ ਹੈਂ। ਅਸੀਂ ਅਪਵ੍ਰਿਤ (ਜੂਠੇ) ਹੋਣ ਕਰਕੇ ਤੈਨੂੰ ਕਿਵੇਂ ਪ੍ਰਾਪਤ ਕਰ ਸਕਦੇ ਹਾਂ ?"

ਜਿਵੇਂ ਹਰ ਪਹਿਲਵਾਨ ਇਹ ਜਾਣਦਾ ਹੈ ਕਿ ਜਿਸਮਾਨੀ ਸ਼ਕਤੀ ਵਿਚ ਵਾਧਾ ਕਰਨ ਲਈ ਉਸ ਨੂੰ ਪਹਿਲਾਂ ਕੁਝ ਸਰੀਰਕ ਕਸਰਤਾਂ ਦੀ ਚੰਗੀ ਮਸ਼ਕ ਕਰਨੀ ਚਾਹੀਦੀ ਹੈ ਤਿਵੇਂ ਆਤਮਿਕ ਸ਼ਕਤੀ ਲਈ ਵੀ ਕੁਝ ਜ਼ਰੂਰੀ ਸ਼ਰਤਾਂ ਹਨ ਜਿਨ੍ਹਾਂ ਦੀ ਪਾਲਣਾ ਪਹਿਲਾਂ ਕਰਨੀ ਪੈਂਦੀ ਹੈ। ਇਸ ਆਤਮ ਮੰਡਲ ਵਿਚ ਮਨ ਆਤਮਾ ਦੀ ਪਵਿੱਤਰਤਾ ਤੋਂ ਬਿਨਾਂ ਦਾਖਲ ਹੀ ਨਹੀਂ ਹੋਇਆ ਜਾ ਸਕਦਾ। ਈਸਾ ਜੀ ਨੇ ਵੀ ਕਿਹਾ ਸੀ "Blessed are the pure in heart for they shall see god."

ਅਰਥਾਤ-"ਮੁਬਾਰਕ ਹਨ ਉਹ ਜੋ ਦਿਲ ਦੇ ਪਵਿਤ੍ਰ ਹਨ ਕਿਉਂਕਿ ਉਹੋ ਪ੍ਰਮਾਤਮਾ ਨੂੰ ਵੇਖ ਸਕਣਗੇ।"

ਗੀਤਾ ਵਿਚ ਇਸ ਗੱਲ ਨੂੰ ਇਉਂ ਆਖਿਆ ਗਿਆ ਹੈ "ਆਤਮ ਪ੍ਰਕਾਸ਼ ਲਈ ਸੱਚ, ਪ੍ਰਾਸਚਿਤ, ਠੀਕ ਸੂਝ ਅਤੇ ਪਵਿਤ੍ਰਤਾ ਜ਼ਰੂਰੀ ਸ਼ਰਤਾਂ ਹਨ। ਜੇ ਇਹ ਪੂਰੀਆਂ ਹੋ ਜਾਣ ਤਾਂ ਉਹ ਪਰਮਾਤਮਾ ਅੰਦਰ ਆਤਮੇ ਪ੍ਰਕਾਸ਼ਮਾਨ ਹੋ ਜਾਂਦਾ ਹੈ। ਜਿਨ੍ਹਾਂ ਜਗਿਆਸੂਆਂ ਨੇ ਆਪਣੇ ਆਪ ਨੂੰ ਪਾਪਾਂ ਤੋਂ ਅਜ਼ਾਦ ਕਰ ਲਿਆ ਹੈ ਉਨ੍ਹਾਂ ਨੂੰ ਇਹ ਪ੍ਰਕਾਸ਼ ਹੁੰਦਾ ਹੈ।

ਇਸ ਸਾਰੀ ਆਤਮਕ ਖੇਡ ਦਾ ਅਸਾਂ ਅਗਾਂਹ ਚਲ ਕੇ ਵਧੇਰੇ ਵਿਸਥਾਰ ਨਾਲ ਜ਼ਿਕਰ ਕਰਨਾ ਹੈ। ਪਰ ਜਿਵੇਂ ਅਸਾਂ ਅੱਗੇ ਕਿਹਾ ਸੀ, ਉਸ ਪਰਮਾਤਮਾ ਦੇ ਸਰੂਪ ਦਾ ਤਸੱਵਰ ਪਹਿਲਾਂ ਕਰ ਲੈਣਾ ਚਾਹੀਦਾ ਹੈ।

ਗੁਰੂ ਸਾਹਿਬ ਵਾਹਿਗੁਰੂ ਨੂੰ ਦੋ ਪੱਖਾਂ (Aspects) ਵਿਚ ਬਿਆਨ



ਕਰਦੇ ਹਨ, ਇਕ ਨਿਰਗੁਣ ਅਤੇ ਇਕ ਸਰਗੁਣ। ਇਨ੍ਹਾਂ ਦੋਹਾਂ ਰੂਪਾਂ ਦੀ ਵਿਆਖਿਆ ਗੁਰਬਾਣੀ ਦੁਆਰਾ ਕਈ ਥਾਵਾਂ 'ਤੇ ਕੀਤੀ ਗਈ ਹੈ ਪਰ ਵਿਸ਼ੇਸ ਕਰਕੇ ਇਹ ਸੁਖਮਨੀ ਸਾਹਿਬ ਦੀ ੨੧ਵੀਂ ਅਸਟਪਦੀ ਅਤੇ ਮਾਰੂ ਸੋਲਹੇ ਵਿਚ ਖੋਲ੍ਹ ਕੇ ਦੱਸੀ ਗਈ ਹੈ। ਆਤਮ ਮੰਡਲ ਵਿਚ ਪੁਜ ਕੇ ਹਰੀ ਨਾਲ ਮੇਲ ਦੀ ਕਿਸੇ ਰਹੱਸਵਾਦੀ ਹਾਲਤ ਵਿਚ ਮਹਾਰਾਜ ਦੇਸ਼ ਤੇ ਕਾਲ ਦੀਆਂ ਹਦਾਂ ਤੋੜ ਕੇ ਉਸ ਸਮੇਂ ਨੂੰ ਮਾਨੋਂ ਵੇਖ ਲੈਂਦੇ ਹਨ ਜਦ ਸ੍ਰਿਸ਼ਟੀ ਦੀ ਅਜੇ ਰਚਨਾ ਨਹੀਂ ਹੋਈ ਸੀ। ਅਸਟਪਦੀ ਦੀਆਂ ਪਹਿਲੀਆਂ ਪਉੜੀਆਂ ਵਿਚ ਉਸ ਹਾਲਤ ਦਾ ਹੀ ਵਰਣਨ ਹੈ ਜਿਸ ਨੂੰ ਉਹ ਨਿਰਗੁਣ ਰੂਪ ਦਾ ਨਾਮ ਦਿੰਦੇ ਹਨ। ਉਹ ਅਪਰ ਅਪਾਰ ਪ੍ਰਮਾਤਮਾ ਬੇਅੰਤ ਯੁਗਾਂ ਪ੍ਰਯੰਤ ਐਸੀ ਅਫਰ ਹਾਲਤ ਵਿਚ ਦਿਸੇ ਹਨ ਜੋ ਮਨੁੱਖੀ ਸਮਝ ਤੋਂ ਪਰੇ ਹੈ। ਇਸ ਹਾਲਤ ਦਾ ਕੋਈ ਤਸੱਵਰ ਬੰਨ੍ਹਿਆਂ ਨਹੀਂ ਜਾ ਸਕਦਾ। ਇਸ ਲਈ ਇਸ ਨੂੰ ਨਿਰਗੁਣ ਸਰੂਪ ਹੀ ਕਿਹਾ ਜਾ ਸਕਦਾ ਹੈ। ਵੰਨਗੀ ਲਈ ਅਸਟਪਦੀ ਦੀ ਇਕ ਪਉੜੀ ਦਿੰਦੇ ਹਾਂ :

ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ
ਕਹ ਤੇ ਹੋਤਾ ॥ ਜਬ ਧਾਰੀ ਆਪਨ ਸੁੰਨ ਸਮਾਧਿ ॥ ਤਬ
ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥ ਜਬ ਇਸ ਕਾ ਬਰਨੁ
ਚਿਹਨੁ ਨ ਜਾਪਤ ॥ ਤਬ ਹਰਖ ਸੋਗ ਕਹੁ ਕਿਸਹਿ
ਬਿਆਪਤ ॥ ਜਬ ਆਪਨ ਆਪ ਆਪਿ ਪਾਰਬ੍ਰਹਮ॥ ਤਬ
ਮੋਹ ਕਹਾ ਕਿਸੁ ਹੋਵਤ ਭਰਮ ॥ ਆਪਨ ਖੇਲੁ ਆਪਿ
ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥੧॥

(ਗਉੜੀ ਮਹਲਾ ੫) ਅੰਗ ੨੯੦

ਅਰਥਾਤ-"ਜਦੋਂ ਇਹ ਅਕਾਰ ਨਹੀਂ ਦਿਸਦੇ ਸਨ ਭਾਵ ਜਦੋਂ ਅਜੇ ਸ੍ਰਿਸ਼ਟੀ ਰਚੀ ਨਹੀਂ ਗਈ ਸੀ ਤਾਂ ਪਾਪ ਪੁੰਨ ਕਿਸ ਤੋਂ ਹੁੰਦੇ ਸਨ? ਜਦ ਉਸ ਹਰੀ ਨੇ ਅਫੁਰ ਸਮਾਧੀ ਲਾਈ ਹੋਈ ਸੀ ਤਾਂ ਕੋਈ ਕਿਸ ਨਾਲ ਵੈਰ ਵਿਰੋਧ ਕਮਾਂਦਾ ਸੀ ? ਜਦ ਕਿਸੇ ਦਾ ਕੋਈ ਰੰਗ ਜਾਂ ਨਿਸ਼ਾਨ ਹੀ ਨਹੀਂ ਸੀ ਤਦ ਖੁਸ਼ੀ ਜਾਂ ਗ਼ਮੀ ਕਿਸ ਨੂੰ ਲੱਗ ਸਕਦੀ ਸੀ (ਕਿਉਂਕਿ ਉਸ ਤੋਂ ਅੱਡਰਾਂ ਤਾਂ ਕੁਝ ਹੋਰ ਹੈ ਹੀ ਨਹੀਂ ਸੀ)? ਜਦ ਪਾਰਬ੍ਰਹਮ ਇਕੱਲਾ ਆਪ ਹੀ ਸੀ ਤਾਂ ਮੋਹ ਕਿੱਥੇ ਸੀ ਤੇ ਭਰਮ ਕਿਸ ਨੂੰ ਲੱਗਦਾ ਸੀ ? ਆਪਣਾ ਖੇਲ ਉਸ ਨੇ ਆਪ

ਵੀ ਵਰਤਾਇਆ ਹੈ, ਹੋਰ ਦੂਜਾ ਕੋਈ ਕਰਣਹਾਰ ਨਹੀਂ ।"

ਤਦੋਂ ਸਭ ਧੁੰਧੂਕਾਰ ਵਰਤ ਰਿਹਾ ਸੀ ਤੇ ਉਹ ਪ੍ਰਮਾਤਮਾ ਆਪਣੇ ਆਪ ਵਿਚ ਹੀ ਟਿਕਿਆ ਸੀ । ਨਾ ਕੋਈ ਧਰਮ ਜਾਂ ਨੇਕੀ ਸੀ ਤੇ ਨਾ ਕੋਈ ਅਧਰਮ ਸੀ, ਨਾ ਪੁੰਨ ਸੀ ਤੇ ਨਾ ਪਾਪ ਸੀ । ਤਦੋਂ ਦੁੱਖ ਜਾਂ ਸੁਖ ਤੇ ਬੰਧੀ ਜਾਂ ਮੁਕਤ ਦੇ ਕੁਝ ਅਰਥ ਨਹੀਂ ਹੋ ਸਕਦੇ ਹਨ। ਜਦ ਉਸ ਤੋਂ ਅਡਰਾ ਕੁਝ ਹੈ ਨਹੀਂ ਸੀ ਤਾਂ ਖ਼ੁਸੀ, ਗਮੀ ਪੁੰਨ ਪਾਪ ਆਦਿ ਕਿਸ ਨੂੰ ਲੱਗ ਸਕਦੇ ਸਨ ਤੇ ਕਿਵੇਂ ਲੱਗਦੇ ਸਨ ? ਉਸ ਦੇ ਕਰਤਾ ਪੁਰਖ, ਨਿਰਭਉ, ਨਿਰਵੈਰ, ਅਜੂਨੀ ਆਦਿ ਹੋਣ ਦਾ ਤਸੱਵਰ ਉਸ ਦੀ ਰਚਨਾ ਦੇ ਸਨਬੰਧ ਵਿਚ ਹੋ ਸਕਦਾ ਹੈ। ਇਸ ਤੋਂ ਬਿਨਾਂ ਨਹੀਂ । ਓਦੋਂ ਧਰਤੀ, ਅਕਾਸ਼, ਪਵਨ, ਸੂਰਜ, ਚੰਦ ਆਦਿਕ ਵਜੂਦ ਵਿਚ ਨਹੀਂ ਆਏ ਸਨ ਤੇ ਕੇਵਲ ਉਸ ਬੇਅੰਤ ਦਾ ਹੁਕਮ ਵਰਤ ਰਿਹਾ ਸੀ । ਮਹਾਰਾਜ ਇਸ ਅਗਾਧ ਹਾਲਤ ਦਾ ਮਨੁੱਖੀ ਬੋਲੀ ਵਿਚ ਕੀ ਵਰਨਣ ਕਰਨ । ਕੋਈ ਠੋਸ ਗੱਲ ਕੀ ਕਹਿਣ ਜਿਸ ਨੂੰ ਕੋਈ ਦੂਜਾ ਸਮਝ ਸਕੇ ? ਦਸਣ ਦਾ ਕੀ ਉਪਰਾਲਾ ਕਰਨ ਜਦ ਕਿ ਦਸਣਾ ਸੰਭਵ ਨਹੀਂ ? ਇਸ ਲਈ ਉਸ ਨੂੰ ਨਿਰਗੁਣ ਦਾ ਨਾਮ ਦੇ ਕੇ ਅਸਟਪਦੀ ਦੇ ਆਖਰੀ ਹਿੱਸੇ ਵਿਚ ਉਸ ਦਾ ਦੂਜਾ ਸਰੂਪ ਦੱਸਦੇ ਹਨ । ਇਹ ਸਰਗੁਣ ਸਰੂਪ ਹੈ, ਜਦੋਂ ਰਚਨਹਾਰ ਦੀ ਰਚਨਾ ਵੀ ਵਜੂਦ ਵਿਚ ਆ ਗਈ ਹੋਈ ਹੈ । ਦੋਵੇਂ ਹਾਲਤਾਂ ਗੁਰੂ ਅਰਜਨ ਦੇਵ ਇਉਂ ਦਸਦੇ ਹਨ :

"ਨਿਰਗੁਨ ਆਪਿ ਸਰਗੁਨੁ ਭੀ ਓਹੀ ॥"

(ਗਉੜੀ ਸੁਖਮਨੀ ਮਹਲਾ ੫) ਅੰਗ ੨੮੭

ਅਰਥਾਤ-"ਉਹ ਪਰਮਾਤਮਾ ਨਿਰਗੁਣ ਹੈ ਤੇ ਫਿਰ ਆਪ ਹੀ ਸਰਗੁਣ ਸਰੂਪ ਵੀ ਹੋਇਆ ਹੈ ।"

ਉਸ ਨੇ ਜਗਤ ਕਿਉਂ ਰਚਿਆ ? ਇਸ ਦਾ ਕੀ ਉੱਤਰ ਹੋ ਸਕਦਾ ਹੈ । ਸਿਵਾਇ ਇਸ ਦੇ ਕਿ ਇਹ ਉਸ ਦੀ ਲੀਲ੍ਹਾ ਹੈ, ਉਸ ਦਾ ਸ਼ੌਕ ਹੈ । ਉਸ ਦੀ ਇਕ ਖੇਡ ਹੈ । ਉਹ ਆਪਣੀ ਖ਼ੁਸ਼ੀ ਜਾਂ ਰੀਝ ਪੂਰੀ ਕਰਨੀ ਚਾਹੁੰਦਾ ਸੀ, ਜਿਸ ਤੋਂ ਉਸ ਨੂੰ ਹੁਣ ਮਹਾਂਅਨੰਦ ਪ੍ਰਾਪਤ ਹੋ ਰਿਹਾ ਹੈ ; ਜਿਵੇਂ ਆਸਾ ਦੀ ਵਾਰ ਵਿਚ ਇਉਂ ਦਸਿਆ ਹੈ :

"ਕਰਿ ਆਸਣੁ ਡਿਠੋ ਚਾਉ ॥" (ਵਾਰ ਆਸਾ ਮਹਲਾ ੧)

ਅੰਗ ੪੬੩



ਅਰਥਾਤ-"ਆਪਣੀ ਰਚਨਾ ਕਰਕੇ ਉਸ ਵਿਚ ਬੈਠਾ ਬੜੇ ਚਾਉ ਨਾਲ ਵੇਖ ਰਿਹਾ ਹੈ।"

ਉਸ ਨੇ ਆਪਣੇ ਹੁਕਮ ਦੀ ਵਰਤੋਂ ਕਰਕੇ ਆਪਣੇ ਆਪ ਨੂੰ ਆਪਣੀ ਰਚਨਾ ਦੇ ਅੰਦਰ ਵੀ ਪਰਗਟ ਕਰ ਦਿੱਤਾ । ਭਾਂਤ-ਭਾਂਤ ਦੀ ਦੁਨੀਆਂ ਉਸ ਦਾ ਹੁਕਮ ਲੈ ਕੇ ਵਜੂਦ ਵਿਚ ਆ ਗਈ । ਇਕ ਤੋਂ ਅਨੇਕ ਦੀ ਰਚਨਾ ਦਵਾਰਾ ਬੇਅੰਤ ਨੇ ਆਪਣੇ ਆਪ ਨੂੰ ਬੇਅੰਤ ਵੱਖ ਵੱਖ ਸਰੀਰਾਂ ਵਿਚ ਮਹਿਦੂਦ ਕਰ ਦਿੱਤਾ। ਇਸ ਅਮਲ ਤੋਂ ਅਤੇ ਇਸ ਵਿਖੇਵੇਂ ਤੋਂ ਕਰਮਾਂ ਦਾ ਆਰੰਭ ਹੋਇਆ ਤੇ ਮਨੁੱਖ ਇਕ ਜ਼ਿੰਮੇਵਾਰ ਹਸਤੀ ਹੋਇਆ । ਤਦੋਂ ਹੀ ਪਾਪ, ਪੁੰਨ, ਧਰਮ, ਅਧਰਮ, ਨਰਕ, ਸੁਰਗ ਆਦਿਕ ਦੇ ਨਿਖੇੜੇ ਹੋਣ ਲੱਗੇ । ਅਸਟਪਦੀ ਦੀ ਪਉੜੀ ਵਿਚ ਇਸ ਦਾ ਵਰਨਣ ਇਉਂ ਹੈ :-

"ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ
ਕੀਨੋ ਬਿਸਥਾਰੁ ॥ ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ
ਨਰਕ ਕੋਊ ਸੁਰਗ ਬੰਛਾਵਤ ॥ ਆਲ ਜਾਲ ਮਾਇਆ
ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥ ਦੂਖ ਸੂਖ ਮਾਨ
ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯਾਨ ॥ ਆਪਨ ਖੇਲੁ
ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥"

(ਗਉੜੀ ਮਹਲਾ ੫) ਅੰਗ ੨੯੧

ਅਰਥਾਤ "ਜਦੋਂ ਉਸ ਨੇ ਆਪ ਹੀ ਸ੍ਰਿਸ਼ਟੀ ਨੂੰ ਅਕਾਰ ਦਿੱਤਾ ਤੇ ਤਿੰਨਾਂ ਗੁਣਾਂ ਵਿਚ ਫੈਲਾਉ ਕਰ ਦਿੱਤਾ ਤਾਂ ਪਾਪ ਤੇ ਪੁੰਨ ਨਾਮ ਰਖੇ ਗਏ । ਤਦੋਂ ਕੋਈ ਨਰਕ ਦੇ ਰਾਹ ਤੁਰਿਆ ਤੇ ਕੋਈ ਸੁਰਗ ਦੀ ਇੱਛਾ ਕਰਨ ਲੱਗਾ। ਘਰੋਗੀ ਧੰਦੇ, ਮਾਇਆ ਦੇ ਜਾਲ, ਹਉਮੈ, ਮੋਹ, ਭਰਮ, ਭਉ ਆਦਿਕ ਦੇ ਭਾਰ ਪੈ ਗਏ । ਜੀਵਾਂ ਨੇ ਦੁਖ, ਸੁਖ, ਮਾਨ, ਅਪਮਾਨ (ਨਿਆਦਰੀ) ਆਦਿਕ ਦਾ ਕਈ ਤਰ੍ਹਾਂ ਵਰਨਣ ਸ਼ੁਰੂ ਕਰ ਦਿੱਤਾ । ਉਹ ਆਪਣਾ ਖੇਲ ਆਪ ਹੀ ਰਚ ਕੇ ਵੇਖਦਾ ਹੈ । ਜਦ ਇਹ ਖੇਲ ਸਮੇਟ ਲੈਂਦਾ ਹੈ ਤਾਂ ਆਪ ਹੀ ਆਪ ਰਹਿ ਜਾਂਦਾ ਹੈ ।"

ਬੇਨਤੀ "ਚੌਪਈ" ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸੰਖੇਪ ਇਉਂ ਕਿਹਾ ਹੈ :

"ਜਬ ਉਦਕਰਖ ਕਰਾ ਕਰਤਾਰਾ ॥ ਪਰਜਾ ਧਰਤ ਤਬ ਦੇਹ ਅਪਾਰਾ ॥ ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮਹਿ ਮਿਲਤ ਦੇਹ ਧਰ ਸਭਹੂੰ ॥"

ਅਰਥਾਤ "ਜਦੋਂ ਕਰਤਾਰ ਨੇ ਆਪਣੇ ਹੀ ਅੰਦਰੋਂ ਬਾਹਰ ਆ ਪ੍ਰਗਟਾਵਾ ਕੀਤਾ ਤਾਂ ਪਰਜਾ, ਧਰਤੀ ਤੇ ਦੇਹ ਆਦਿ ਵਜੂਦ ਵਿਚ ਆਏ,ਜਦ ਫਿਰ ਸਭ ਨੂੰ ਉਹ ਅੰਦਰ ਖਿਚ ਲੈਂਦਾ ਹੈ ਤਾਂ ਸਭ ਧਰਤ, ਦੇਹ ਆਦਿਕ ਉਸ ਵਿਚ ਲੀਨ ਹੋ ਜਾਂਦੇ ਹਨ ।"

"ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥"

(ਮਾਰੂ ਮਹਲਾ ੪) ਅੰਗ ੯੯੯

ਅਰਥਾਤ "ਜਦ ਖੇਲ ਖ਼ਤਮ ਕਰ ਦਿੰਦਾ ਹੈ ਤਾਂ ਇਕ ਆਪ ਹੀ ਰਹਿ ਜਾਂਦਾ ਹੈ ।"

ਇਸ ਤਰ੍ਹਾਂ ਜਦ ਚਾਹੇ ਉਹ ਕਰਤਾ ਪੁਰਖ ਹੋ ਜਾਂਦਾ ਹੈ । ਪੈਦਾ ਕਰਨ ਦੀ ਸ਼ਕਤੀ ਤਾਂ ਉਸ ਦੇ ਅੰਦਰ ਪਹਿਲਾਂ ਹੀ ਮੌਜੂਦ ਸੀ । ਜਦ ਇਹ ਵਰਤੋਂ ਵਿਚ ਲਿਆਂਦੀ ਗਈ ਤਾਂ ਰਚਨਾ ਹੋ ਗਈ । ਕਬੀਰ ਜੀ ਕਹਿੰਦੇ ਹਨ:

"ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ॥"

(ਗਉੜੀ ਬਾਵਨ ਅਖਰੀ ਕਬੀਰ ਜੀ) ਅੰਗ ੩੪੦

ਅਰਥਾਤ "ਬੋਹੜ ਜਿਵੇਂ ਬੀਜ ਦੇ ਅੰਦਰ ਹੈ ਤਿਵੇਂ ਉਹ ਹਰੀ ਸਭ ਦੇ ਅੰਦਰ ਵਰਤ ਕੇ ਬੋਹੜ ਦੇ ਫੈਲਾਉ ਵਾਂਗ ਤਿੰਨ ਲੋਕ ਦਾ ਵਿਸਥਾਰ ਕਰ ਦਿੰਦਾ ਹੈ ।"

ਕਰਤਾ ਜੀ ਨੇ ਆਪਣੀ ਰਚਨਾ ਕਰਕੇ ਉਸ ਰਚਨਾ ਦੇ ਅੰਦਰ ਹੀ ਆਪਣਾ ਆਪ ਵੀ ਰੱਖ ਦਿੱਤਾ ਭਾਵ ਉਸ ਅਪੰਰਪਰ ਪਾਰਬ੍ਰਹਮ ਨੇ ਕਰਤਾ ਪੁਰਖ ਹੋ ਕੇ ਸਰਬ ਵਿਆਪਕ ਰੂਪ ਵੀ ਧਾਰਿਆ । ਇਸ ਤੋਂ ਛੁੱਟ ਕਿਉਂਕਿ ਹਰ ਚੀਜ਼ ਉਸ ਤੋਂ ਹੀ ਨਿਕਲੀ ਹੈ, ਇਸ ਲਈ ਇਹ ਵੀ ਇਕ ਤਰ੍ਹਾਂ ਓਸੇ ਦਾ ਆਪਣਾ ਆਪ ਹੈ । ਆਤਮਾ, ਆਕਾਰ ਤੇ ਮਾਇਆ ਤਿੰਨੇ ਉਸ ਦੀ ਰਚਨਾ ਹਨ, ਇਹ ਅਨਾਦੀ ਨਹੀਂ । ਅਨਾਦੀ ਕੇਵਲ ਉਹ ਇਕੱਲਾ ਆਪ ਹੈ। ਮੱਕੜੀ ਆਪਣੇ ਅੰਦਰੋਂ ਹੀ ਜਾਲਾ ਕੱਢ ਲੈਂਦੀ ਹੈ ਇਸ ਲਈ ਉਹ ਜਾਲਾ ਮੱਕੜੀ ਤੋਂ ਭਿੰਨ ਹੁੰਦਾ ਹੋਇਆ ਵੀ ਓਸੇ ਦਾ ਅੰਗ ਸਮਝਿਆ ਜਾ ਸਕਦਾ



ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਾਤ ਨੂੰ ਅਕਾਲ ਉਸਤਤਿ ਵਿਚ ਇਉਂ ਕਿਹਾ ਹੈ :-

ਜੈਸੇ ਏਕ ਆਗ ਤੇ, ਕਨੂਕਾ ਕੋਟਿ ਆਗੈ ਉਠੈਂ;
ਨਿਆਰੇ ਨਿਆਰੇ ਹੁਇ ਕੈ, ਫੇਰਿ ਆਗ ਮੈ ਮਿਲਾਹਿੰਗੇ।
ਜੈਸੇ ਏਕ ਧੂਰਿ ਤੇ, ਅਨੇਕ ਧੂਰਿ ਪੂਰਤ ਹੈਂ ;
ਧੂਰਿ ਕੇ ਕਨੂਕਾ ਫੇਰ, ਧੂਰਿ ਹੀ ਸਮਾਹਿੰਗੇ।
ਜੈਸੇ ਏਕ ਨਦ ਤੇ, ਤਰੰਗ ਕੋਟਿ ਉਪਜਤ ਹੈ ;
ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ ॥
ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪਰਗਟ ਹੋਇ ;
ਤਾ ਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ ।"

ਅਰਥਾਤ "ਜਿਵੇਂ ਇਕ ਅਗਨੀ ਤੋਂ ਕਰੋੜਾਂ ਅਗਨੀ ਦੀਆਂ ਚਿਣਕਾਂ ਉੱਠਦੀਆਂ ਹਨ ਤੇ ਵੱਖ ਵੱਖ ਹੋ ਕੇ ਫਿਰ ਅਗਨੀ ਵਿਚ ਹੀ ਜਾ ਸਮਾਂਦੀਆਂ ਹਨ ; ਜਿਵੇਂ ਇਕ ਧੂੜ ਤੋਂ ਅਨੇਕ ਧੂੜ ਦੇ ਕਿਣਕੇ ਖਿਲਰਦੇ ਹਨ ਤੇ ਮੁੜ ਉਹੋ ਕਿਣਕੇ ਧੂੜ ਵਿਚ ਜਾ ਸਮਾਂਦੇ ਹਨ ; ਜਿਵੇਂ ਇਕ ਨਦੀ ਤੋਂ ਕਈ ਲਹਿਰਾਂ ਉੱਠਦੀਆਂ ਹਨ, ਪਰ ਪਾਣੀ ਦੀਆਂ ਸਭ ਲਹਿਰਾਂ ਨੂੰ ਪਾਣੀ ਹੀ ਸਮਝਿਆ ਜਾਂਦਾ ਹੈ, ਤਿਵੇਂ ਉਸ ਪ੍ਰਮਾਤਮਾ ਤੋਂ ਸਭ ਦੇਹ ਅਤੇ ਬਿਦੇਹ ਪ੍ਰਗਟ ਹੋ ਜਾਂਦੇ ਹਨ ; ਉਸ ਤੋਂ ਸਭ ਉਪਜਦੇ ਹਨ ਤੇ ਫਿਰ ਉਸ ਵਿਚ ਹੀ ਜਾ ਮਿਲਦੇ ਹਨ।

ਗੀਤਾ ਜੀ ਨੇ ਵੀ ਇਸ ਖਿਆਲ ਦੀ ਪੁਸ਼ਟੀ ਇਸ ਤਰ੍ਹਾਂ ਕੀਤੀ ਹੈ: ਜਿਵੇਂ ਮੱਕੜੀ ਆਪਣੇ ਅੰਦਰੋਂ ਧਾਗਾ ਕੱਢ ਕੇ ਜਾਲਾ ਰਚਦੀ ਤੇ ਉਸ ਜਾਲੇ ਦੀ ਇਕ ਤਰ੍ਹਾਂ ਮਾਲਕ ਹੁੰਦੀ ਹੈ, ਤਿਵੇਂ ਧਰਤੀ ਤੋਂ ਬੂਟੇ ਤੇ ਝਾੜੀਆਂ ਨਿਕਲਦੀਆਂ ਹਨ ਜਿਵੇਂ ਜੀਵਾਂ ਦੇ ਸਰੀਰਾਂ 'ਤੇ ਵਾਲ ਉੱਗ ਪੈਂਦੇ ਹਨ ਤਿਵੇਂ ਹੀ ਉਸ ਅਬਿਨਾਸ਼ੀ ਵਾਹਿਗੁਰੂ ਤੋਂ ਸਭ ਸੰਸਾਰ ਪੈਦਾ ਹੋਇਆ ਹੈ ।

ਨਿਰਗੁਣ ਹਰੀ ਤੋਂ ਉਹ ਆਪ ਹੀ ਸਰਗੁਣ ਸਰੂਪ ਵਿਚ ਪਰਗਟ ਹੋਇਆ ਹੈ ਤੇ ਮੁੜ ਸਭ ਦੇ ਅੰਦਰ ਵੀ ਆਪ ਹੀ ਵਰਤ ਰਿਹਾ ਹੈ ।

ਨਾਮਦੇਵ ਜੀ ਆਸਾ ਵਿਚ ਕਹਿੰਦੇ ਹਨ :-

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ ॥

ਸੁਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥

(ਆਸਾ ਨਾਮਦੇਵ ) ਅੰਗ ੪੮੫

ਅਰਥਾਤ "ਜੋ ਕਿਛੁ ਹੈ ਸਭ ਗੋਬਿੰਦ ਦਾ ਆਪਣਾ ਆਪ ਹੈ। ਜਿਵੇਂ ਇਕੋ ਸੂਤਰ ਸੈਂਕੜੇ ਹਜ਼ਾਰਾਂ ਮਣਕਿਆਂ ਵਿਚ ਵਗਦਾ ਹੈ ਤਿਵੇਂ ਉਹ ਗੋਬਿੰਦ ਹੀ ਸਭ ਰਚਨਾ ਦੇ ਤਾਣੇ ਪੇਟੇ ਵਿਚ ਹੈ ।

ਗੁਰੂ ਅਮਰ ਦਾਸ ਜੀ ਕਹਿੰਦੇ ਹਨ :—

"ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥"

(ਰਾਮਕਲੀ ਮਹਲਾ ੩) ਅੰਗ ੯੨੨

ਅਰਥਾਤ "ਇਹ ਸਾਰਾ ਸੰਸਾਰ ਜੋ ਤੁਸੀਂ ਵੇਖ ਰਹੇ ਹੋ ਉਸ ਪ੍ਰਮਾਤਮਾ ਦਾ ਹੀ ਰੂਪ ਹੈ । ਇਹ ਸਾਰੇ ਸੰਸਾਰ ਨੂੰ ਹਰੀ ਦਾ ਹੀ ਰੂਪ ਜਾਣੋ ਪ੍ਰਗਟਾਵਾ ਜੂ ਹੋਇਆ । ਗੁਰੂ ਨਾਨਕ ਦੇਵ ਜਪੁ ਜੀ ਦੀ ੧੯ਵੀਂ ਪਉੜੀ ਵਿਚ ਕਹਿੰਦੇ ਹਨ :-

"ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥"

(ਜਪੁ ਜੀ ਗੁਰੂ ਨਾਨਕ) ਅੰਗ ੪

ਅਰਥਾਤ "ਜੋ ਕੁਝ ਵੀ ਉਸ ਨੇ ਬਣਾਇਆ ਹੈ, ਸਭ ਓਸੇ ਦੇ ਨਾਮ ਦਾ (ਪ੍ਰਗਟਾਵਾ ਹੈ, ਜ਼ਹੂਰ ਹੈ) । ਉਸ ਨਾਮੀ ਤੋਂ ਬਿਨਾਂ ਕੋਈ ਵੀ ਥਾਂ ਨਹੀਂ।"

ਗੁਰੂ ਰਾਮਦਾਸ ਇਸੇ ਬਾਤ ਨੂੰ ਇਉਂ ਪੇਸ਼ ਕਰਦੇ ਹਨ :

"ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ॥
ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ ॥"

(ਸਾਰੰਗ ਕੀ ਵਾਰ ਮਹਲਾ ੪) ਅੰਗ ੧੨੪੨

ਅਰਥਾਤ ਮਾਇਆ ਰਹਤ (ਪਵਿੱਤ੍ਰ) ਹਰੀ ਦਾ ਨਾਮ (ਭਾਵ ਨਾਮੀ ਮਨੁੱਖੀ ਸਮਝ ਤੋਂ ਪਰੇ ਹੈ, ਉਸ ਨੂੰ ਕਿਵੇਂ ਸਮਝੀਏ ? ਉਹ ਪਵਿਤ੍ਰ ਨਾਮੀ ਸਭ ਦੇ ਨਾਲ ਹੈ, ਉਸ ਨੂੰ ਭਰਾਵੋ ਪ੍ਰਾਪਤ ਕਿਵੇਂ ਕਰੀਏ ? (ਅੱਗੇ ਉੱਤਰ ਹੈ)ਉਹ ਪਵਿਤ੍ਰ ਨਾਮੀ ਸਾਰੇ ਵਰਤਿਆ ਹੋਇਆ ਹੈ, ਉਸ ਨੂੰ ਸਭ ਥਾਈਂ ਵਿਆਪਕ ਸਮਝੋ ।"



ਇਸ ਦਾ ਭਾਵ ਇਹ ਹੈ ਕਿ ਜੋ ਕੁਝ ਵੀ ਹੈ ਉਹ ਵਾਹਿਗੁਰੂ ਦਾ ਆਪਣਾ ਆਪ ਹੀ ਹੈ । ਉਸ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ । ਉਹ ਨਿਰਾ ਕਰਤਾ ਪੁਰਖ ਨਹੀਂ ਜਿਸ ਤੋਂ ਸੰਸਾਰ ਦੀ ਉਤਪਤੀ ਹੁੰਦੀ ਹੈ ਬਲਕਿ ਉਸ ਦਾ ਆਪਣਾ ਆਪ ਵੀ ਹੈ । ਇਸ ਲਈ ਸਾਰੇ ਹੀ ਉਸ ਦਾ ਨਾਮ ਹਨ ਤੇ ਨਾਮ ਤੋਂ ਬਿਨਾਂ ਕੋਈ ਥਾਂ ਨਹੀਂ । ਉਹ ਸਰਬ ਸ਼ਕਤੀਮਾਨ, ਸਰਬ ਵਿਆਪਕ ਹੋਂਦ ਹੈ ਜੋ ਸਾਰੇ ਪ੍ਰਕਾਸ਼ਮਾਨ ਹੋਈ ਹੈ ਤੇ ਜੋ ਕੁਝ ਵੀ ਬਣਿਆ ਹੈ ਉਹ ਓਸੇ ਦਾ ਹੀ ਜ਼ਹੂਰ ਹੈ, ਪ੍ਰਗਟਾਵਾ ਹੈ ।

ਗੁਰੂ ਨਾਨਕ ਦੇਵ ਇਸੇ ਨੂੰ ਵਧੇਰੇ ਇਉਂ ਖੋਲ੍ਹਦੇ ਹਨ :

"ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥"

(ਸਿਰੀ ਰਾਗ ਮਹਲਾ ੧) ਅੰਗ ੨੩

ਅਰਥਾਤ "ਉਹ ਆਪ ਹੀ ਰਸੀਲਾ ਹੈ ; ਆਪ ਹੀ ਰਸ ਹੈ ਅਤੇ ਆਪ ਰਸ ਦਾ ਭੋਗਣਹਾਰ ਹੈ । ਉਹ ਆਪ ਹੀ ਚੋਲੀ (ਇਸਤ੍ਰੀ) ਹੈ, ਆਪ ਸੇਜ ਹੈ ਤੇ ਆਪ ਹੀ ਪਤੀ ਹੈ ।"

ਹੋਰ : "ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥

(ਸਿਰੀ ਰਾਗ ਮਹਲਾ ੧) ਅੰਗ ੨੩

ਅਰਥਾਤ "ਆਪ ਹੀ ਮਾਛੀ ਹੈ, ਆਪ ਹੀ ਮਛਲੀ ਹੈ, ਆਪ ਹੀ ਪਾਣੀ ਤੇ ਆਪ ਹੀ ਜਾਲ ਹੈ । ਆਪ ਹੀ ਜਾਲ ਦਾ ਮਣਕਾ ਹੈ (ਜਾਲ ਨੂੰ ਭਾਰਾ ਕਰਨ ਲਈ ਉਸ ਨਾਲ ਲੋਹੇ ਦੇ ਮਣਕੇ ਲਾਏ ਹੁੰਦੇ ਹਨ ਤਾਂ ਜੋ ਪਾਣੀ ਵਿਚ ਡੁੱਬਾ ਰਹੇ )ਤੇ ਆਪ ਹੀ ਲਾਲ ਰੰਗ ਦਾ ਰਤਨ ਹੈ (ਜੋ ਮਾਛੀ ਦੇ ਪੇਟ ਵਿਚੋਂ ਨਿਕਲਦਾ ਮੰਨਿਆ ਗਿਆ ਹੈ )।"

ਹੋਰ : ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂੰ ਹੰਸੁ ॥
ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥

(ਸਿਰੀ ਰਾਗ ਮਹਲਾ ੧) ਅੰਗ ੨੩

ਅਰਥਾਤ "ਨਾਨਕ ਨਿੰਮ੍ਰਤਾ ਸਹਿਤ ਕਹਿੰਦਾ ਹੈ ਕਿ , ਹੇ ਵਾਹਿਗੁਰੂ ਤੂੰ ਹੀ ਸਰੋਵਰ ਹੈਂ, ਤੂੰ ਹੀ ਉਸ ਵਿਚ ਹੰਸ ਵਿਚ ਹੈਂ, ਤੂੰ ਹੀ ਕੰਵਲ ਹੈਂ,

ਤੂੰ ਕਮੀਆ ਹੈਂ ਤੇ ਤੂੰ ਆਪ ਹੀ ਇਨ੍ਹਾਂ ਸਭਨਾਂ ਨੂੰ ਵੇਖ ਕੇ ਖ਼ੁਸ਼ ਹੁੰਦਾ ਹੈਂ (ਕਮੀਆ ਰਾਤ ਨੂੰ ਖਿੜਤਾ ਹੈ ਤੇ ਕੰਵਲ ਦਿਨ, ਨੂੰ ਭਾਵ ਇਹ ਹੈ ਕਿ ਉਹ ਆਪ ਹੀ ਦੋਹਾਂ ਨੂੰ ਖਿੜਾਨ ਵਾਲਾ ਸੂਰਜ ਤੇ ਚੰਨ ਹੈ) ।"

ਜਪੁ ਜੀ ਦੀ ਪਉੜੀ ੧੯ਵੀਂ ਵਿਚ ਉਸ ਦੇ ਅਸੰਖ ਨਾਵ ਤੇ ਅਸੰਖ ਥਾਵ ਦੱਸ ਕੇ ਕਿਹਾ ਹੈ ਕਿ ਅਸੰਖ ਕਹਿਣਾ ਵੀ ਸਿਰ 'ਤੇ ਭਾਰ ਲੈਣਾ ਹੈ, ਇਕ ਭਾਰੀ ਭੁੱਲ ਕਰਨੀ ਹੈ ਕਿਉਂਕਿ ਇਸ ਤਰ੍ਹਾਂ ਕਿਹਾਂ ਵੀ ਉਸ ਦੀ ਬੇਅੰਤਤਾ ਦਾ ਤਸਵੱਰ ਪੂਰੇ ਤੌਰ 'ਤੇ ਨਹੀਂ ਹੁੰਦਾ । ਨਾਲੇ ਉਸ ਨਾਵਾਂ ਦੀ ਕੈਦ ਵਿਚ ਨਹੀਂ ਲਿਆਂਦਾ ਜਾ ਸਕਦਾ । ਸਾਰੇ ਰੰਗ ਤੇ ਰੂਪ ਭਾਵੇਂ ਉਸ ਦੇ ਆਪਣੇ ਹਨ, ਪਰ ਕਿਸੇ ਖਾਸ ਰੂਪ ਰੰਗ ਦੇ ਤਸੱਵਰ ਨਾਲ ਉਸ ਨੂੰ ਸਮਝ ਵਿਚ ਨਹੀਂ ਲਿਆਂਦਾ ਜਾ ਸਕਦਾ । ਇਸੇ ਵਿਚਾਰ ਨੂੰ ਦਸਮ ਪਾਤਿਸ਼ਾਹ ਇਉਂ ਪੇਸ਼ ਕਰਦੇ ਹਨ :

"ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ।
ਰੂਪ ਰਗ ਅਰੁ ਰੇਖ੍ਹ ਭੇਖ ਕੋਊ ਕਹਿ ਨ ਸਕਤ ਕਿਹਾ ।"

(ਜਾਪ ਗੁਰੂ ਗੋਬਿੰਦ ਸਿੰਘ ਜੀ )

ਅਰਥਾਤ "ਉਸ ਹਰੀ ਦੇ ਕੋਈ ਚਕ੍ਰ, ਚਿਹਨ, ਰੰਗ, ਜਾਤ ਪਾਤ ਨਹੀਂ ਹਨ, ਨਾ ਹੀ ਕੋਈ ਇਹ ਕਹਿ ਸਕਦਾ ਹੈ ਕਿ ਉਸ ਦੇ ਰੂਪ ਰੰਗ, ਭੇਖ ਇਸ ਪ੍ਰਕਾਰ ਦੇ ਹਨ ।

ਜਿਵੇਂ ਮੇਰੇ ਹੱਥ ਪੈਰ, ਨੱਕ, ਕੰਨ ਆਦਿ ਸਭ ਮੈਂ ਹਾਂ, ਪਰ ਇਹਨਾਂ ਵਿਚੋਂ ਕੋਈ ਇਕ ਇਕੱਲੀ ਚੀਜ਼ ਮੈਨੂੰ ਬਿਆਨ ਨਹੀਂ ਕਰ ਸਕਦੀ, ਤਿਵੇਂ ਸਭ ਜੀਵ, ਜੰਤ, ਰੁੱਖ, ਬਿਰਖ, ਪਵਨ, ਪਾਣੀ ਆਦਿਕ ਉਸ ਦਾ ਆਪਣਾ ਆਪ ਹੁੰਦਾ ਹੋਇਆ ਵੀ ਤਿਨ੍ਹਾਂ ਸਭਨਾਂ ਤੋਂ ਉਹ ਨਿਰਲੇਪ, ਵੱਖਰਾ ਤੇ ਨਿਰਾਲਾ ਹੈ । ਸਾਰੇ ਨੱਕ, ਕੰਨ ਤੇ ਅੱਖਾਂ ਭਾਵੇਂ ਉਸ ਦੀਆਂ ਹੀ ਹਨ ਪਰ ਕੋਈ ਖਾਸ ਨੱਕ, ਕੰਨ ਤੇ ਅੱਖਾਂ ਵਾਲਾ ਆਕਾਰ ਉਸ ਨੂੰ ਦਿੱਤਾ ਨਹੀਂ ਜਾ ਸਕਦਾ।

"ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੁੋਹੀ ॥

(ਧਨਾਸਰੀ ਮਹਲਾ ੧) ਅੰਗ ੧੩

ਅਰਥਾਤ "ਹਜ਼ਾਰਾਂ ਤੇਰੀਆਂ ਅੱਖਾਂ ਹਨ, ਫਿਰ ਵੀ ਤੇਰੀ ਕੋਈ ਅੱਖ



ਨਹੀਂ। ਹਜ਼ਾਰਾਂ ਤੇਰੀਆਂ ਸ਼ਕਲਾਂ ਹਨ ਪਰ ਤੇਰੀ ਆਪਣੀ ਸ਼ਕਲ ਕੋਈ ਵੀ ਨਹੀਂ ।" ਇਹ ਸਭ ਉਸ ਦੇ ਪ੍ਰਗਟਾਵੇ ਤਾਂ ਹਨ ਪਰ ਉਹ ਨਿਸਚਲ ਤਾਂ ਕੁਝ ਹੋਰ ਹੈ ।

ਉਤਲੀ ਵਿਚਾਰ ਦਾ ਭਾਵ ਇਹ ਹੈ ਕਿ ਉਸ ਤੋਂ ਬਿਨਾਂ ਜਾਂ ਵੱਖਰਾ ਕੁਝ ਨਹੀਂ ਹੋ ਸਕਦਾ । ਇੱਥੋਂ ਤਕ ਕਿ ਜਿਸ ਨੂੰ ਅਸੀਂ ਬੁਰਾਈ ਵੀ ਕਹਿ ਛਡਦੇ ਹਾਂ ਉਹ ਵੀ ਉਸ ਦੀ ਆਪਣੀ ਰਚਨਾ ਹੈ ਤੇ ਇਸ ਦੀ ਉਸ ਨੂੰ ਉਸ ਦੇ ਆਪਣੇ ਤਦਬੀਰੀ ਢਾਂਚੇ ਵਿਚ ਲੋੜ ਹੈ ; ਤਾਂ ਹੀ ਮੁੱਢ ਦੇ ਸ਼ਬਦ ਵਿਚ ਕਿਹਾ ਗਿਆ ਹੈ :

'ਕਰਤੇ ਆਪਿ ਖੁਆਇਆ,

ਅਰਥਾਤ ਕਰਤੇ ਨੇ ਜੀਆਂ ਨੂੰ ਇਕ ਤਰ੍ਹਾਂ ਆਪ ਹੀ ਭੁਲੀਂ ਪਾਇਆ ਹੈ, ਬੁਰਾਈ ਦੀ ਰਚਨਾ ਕਰਕੇ । ਫਿਰ ਤਾਂ ਇਹ ਬੁਰਾਈ ਵੀ ਉਸ ਦੀ ਵਡਿਆਈ ਦਾ ਇਕ ਕ੍ਰਿਸ਼ਮਾ ਹੋਵੇਗਾ । ਇਸ ਨੂੰ ਨਿਰੋਲ ਬੁਰਾਈ ਕਿਵੇਂ ਕਿਹਾ ਜਾ ਸਕਦਾ ਹੈ ? ਗੁਰੂ ਅਮਰਦਾਸ ਇਸ ਅੜਾਉਣੀ ਨੂੰ ਇਉਂ ਸਮਝਾਂਦੇ ਹਨ :

"ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵਿਕਾਰਾ ॥
ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ ॥੨॥
ਇੰਦ੍ਰੀ ਧਾਤੁ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ॥
ਆਪੇ ਖੇਲ ਕਰੈ ਸਭਿ ਕਰਤਾ ਐਸਾ ਬੂਝੈ ਕੋਈ ॥੩॥

(ਮਾਰੂ ਮਹਲਾ ੩) ਅੰਗ ੯੯੩

ਅਰਥਾਤ "ਇਹ ਅਪਣਤ ਦਾ ਭਾਵ ਜਿਸ ਦੇ ਕਾਰਨ ਮਨੁੱਖ, ਆਪਣੇ ਆਪ ਤੋਂ ਬੁਰਾ ਜਾਂ ਭਲਾ ਹੋਇਆ ਮੰਨਦਾ ਹੈ, ਸਾਰੇ ਵਿਕਾਰਾਂ ਦਾ ਕਾਰਨ ਹੈ । ਇਹ ਸਭ ਮਾਲਕ ਦੇ ਉਸ ਹੁਕਮ ਅਨੁਸਾਰ ਹੈ ਜੋ ਸਾਰੇ ਸੰਸਾਰ ਵਿਚ ਵਰਤ ਰਿਹਾ ਹੈ। ਕਾਮ-ਵਾਸ਼ਨਾ ਜੋ ਮਾਇਆ ਦਾ ਰੂਪ ਹੈ ਤੇ ਬਹੁਤ ਬਲਵਾਨ ਸਮਝੀ ਜਾਂਦੀ ਹੈ, ਕਿਸ ਤੋਂ ਹੋਈ ਹੈ ? ਇਹ ਖੇਲ ਸਭ ਉਸੇ ਦੀ ਹੈ। ਪਰ ਇਸ ਖੇਲ ਨੂੰ ਕੋਈ ਵਿਰਲਾ ਹੀ ਬੁਝਦਾ ਹੈ ।"

ਗੁਰੂ ਅਮਰਦਾਸ ਜੀ ਸਮਝਾਂਦੇ ਹਨ :

ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥"

(ਸੂਹੀ ਮਹਲਾ ੩) ਅੰਗ ੭੫੭

ਹਰੀ ਦੇ ਹੁਕਮ ਵਿਚ ਠੀਕ ਸਭ ਕੁਝ ਹੋ ਰਿਹਾ ਹੈ । ਲੋੜ ਉਸ ਹੁਕਮ ਨੂੰ ਬੁਝਣ ਦੀ ਹੈ । ਫਿਰ ਪਤਾ ਲੱਗਦਾ ਹੈ ਕਿ ਬੁਰਾਈ ਉਸ ਦੇ ਬਣਾਏ ਨਿਯਮ ਦੇ ਵਿਰੁਧ ਜਾਣ ਕਰਕੇ ਹੈ । ਹੁਕਮ ਅਨੁਕੂਲ ਢਲ ਕੇ ਬੁਰਾਈ ਨੂੰ ਕਟਿਆ ਜਾਣਾ ਚਾਹੀਦਾ ਹੁੰਦਾ ਹੈ । ਇਸ ਨੂੰ ਕਟਣ ਲਈ ਆਪਣੇ ਆਪ ਨਾਲ ਘੁਲਣਾ ਪੈਂਦਾ ਹੈ । ਆਪਣੀ ਉਸਾਰੀ ਕਰਨੀ ਪੈਂਦੀ ਹੈ, ਇਸ ਤਰ੍ਹਾਂ ਹੀ ਆਵਾਗਵਣ ਕਟਿਆ ਜਾਂਦਾ ਹੈ ਤੇ ਇਸ ਦੇ ਨਾਲ ਬੁਰਾਈ ਚਲੀ ਜਾਂਦੀ ਹੈ, ਬੁਰਾਈ ਦੀ ਜੜ੍ਹ ਕਟੀ ਜੁ ਜਾਂਦੀ ਹੋਈ ।

ਇਕ ਫ਼ਿਲਾਸਫ਼ਰ ਨੇ ਕਿਹਾ ਸੀ :

"God is not good, I am good."

ਅਰਥਾਤ "ਰੱਬ ਚੰਗਾ ਨਹੀਂ, ਮੈਂ ਚੰਗਾ ਹਾਂ ।"

ਉਸ ਦਾ ਭਾਵ ਏਨਾ ਹੀ ਸੀ ਕਿ 'ਚੰਗਾ' ਜਾਂ 'ਮੰਦਾ' ਸ਼ਬਦ ਸਾਡੇ ਸਨਬੰਧ ਵਿਚ ਹੀ ਵਰਤੇ ਜਾ ਸਕਦੇ ਹਨ, ਉਸ ਦੇ ਸਨਬੰਧ ਵਿਚ ਨਹੀਂ। ਜਿਵੇਂ ਅੱਗ ਸੁਭਾਵਕ ਸੇਕ ਦਿੰਦੀ ਹੈ ਪਰ ਇਸ ਤਰ੍ਹਾਂ ਨਾ ਉਸ ਨੂੰ ਕੋਈ ਜ਼ਾਲਮ ਕਹਿ ਸਕਦਾ ਹੈ ਤੇ ਨਾ ਮਿਹਰਬਾਨ। ਤਿਵੇਂ ਜਿਸ ਨੂੰ ਅਸੀਂ ਚੰਗਾ ਜਾਂ ਮੰਦਾ ਕਹਿੰਦੇ ਹਾਂ ਸਭ ਉਸ ਦੇ ਹੁਕਮ, ਉਸ ਦੇ ਕਾਰਨਾਂ ਅਨੁਸਾਰ ਹੈ । ਇਸ ਨੂੰ ਕਿਹਾ ਜਾ ਸਕਦਾ ਹੈ ਕਿ ਉਸ ਤੋਂ ਨਿਕਲਦੇ ਹਨ ਪਰ ਸਮੁੱਚੇ ਤੌਰ 'ਤੇ ਇਹ ਬੁਰਾਈ ਨਹੀਂ ਕਹੇ ਜਾ ਸਕਦੇ । ਇਸ ਨੂੰ ਉਸ ਦੀ ਖੇਡ ਕਿਹਾ ਜਾਂਦਾ ਹੈ । ਆਵਾਗਵਨ ਦਾ ਚੱਕਰ ਠੀਕ ਚੱਲਦਾ ਹੈ ਪਰ ਇਸ ਨਾਲ ਮਨੁੱਖੀ ਜਮਾਤ ਦਾ ਵੀ ਸੰਬੰਧ ਹੈ ਜੋ ਉਸਾਰੀ ਦਾ ਕੰਮ ਕਰਦੀ ਹੈ ।

ਖ਼ੈਰ, ਮੁਕਦੀ ਗੱਲ ਇਹ ਹੈ ਕਿ ਸਾਰੀ ਖੇਡ, ਸਮੇਤ ਬੁਰਾਈ ਦੇ, ਉਸ ਪਰਮਾਤਮਾ ਦੀ ਆਪਣੀ ਹੈ ; ਜਿਵੇਂ ਸਭ ਪਾਣੀਆਂ ਵਿਚ ਇਕੋ ਚੰਦ੍ਰਮਾ ਹੈ ਜਿਵੇਂ ਸਭ ਮਠਿਆਈਆਂ ਵਿਚ ਇਕੋ ਦੁੱਧ ਵਗਿਆ ਹੈ ; ਤਿਵੇਂ ਸਭ ਜ਼ਾਹਰਾ ਅਨੇਕਤਾ ਵਿਚ ਉਸ ਬ੍ਰਹਮ ਦੀ ਏਕਤਾ ਹੈ ਤੇ ਉਸ ਬ੍ਰਹਮ ਦਾ ਹੀ ਸਾਰੇ ਜਗਤ ਵਿਚ ਪਸਾਰਾ ਹੈ । ਪਰ ਜਿਵੇਂ ਮੇਰੇ ਸਰੀਰਕ ਅੰਗਾਂ ਦੀ ਭਾਵੇਂ ਆਪਣੇ ਆਪਣੇ ਥਾਂ ਮੈਨੂੰ ਸਭ ਦੀ ਲੋੜ ਹੈ ਸੰਸਾਰ ਭਾਵੇਂ ਓਸੇ ਦਾ ਪ੍ਰਕਾਸ਼ ਹੈ ਪਰ ਮਨੁੱਖ ਉਸ ਦਾ ਸਭ ਤੋਂ ਉੱਤਮ ਪ੍ਰਕਾਸ਼ ਹੈ ; ਕਿਉਂਕਿ ਮਨੁੱਖ ਦੇ ਅੰਦਰ ਉਸ ਨੇ ਆਪਣੇ ਆਪ ਦਾ ਸਭ ਤੋਂ ਵਧੀਆ ਪ੍ਰਗਟਾਵਾ ਕੀਤਾ ਹੈ ।



ਉਸ ਦੀ ਹੀ ਜੋਤਿ ਹਰ ਮਨੁੱਖ ਅੰਦਰ ਹੈ ਜੋ ਉਸ ਨੂੰ ਹਰਾ ਭਰਾ ਕਰ ਸਕਦੀ ਹੈ, ਉਹਦੀ ਬੁਰਾਈ ਕਟ ਸਕਦੀ ਹੈ । ਉਸ ਸੂਰਤ ਵਿਚ ਹੀ ਇਉਂ ਕਹਿਣਾ ਬਣਦਾ ਹੈ:

"ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥"

(ਪ੍ਰਭਾਤੀ ਕਬੀਰ ਜੀ) ਅੰਗ ੧੩੫੦

ਅਰਥਾਤ "ਸਭ ਖਲਕਤ ਦਾ ਉਹ ਖਾਲਕ ਹੈ ਤੇ ਖਲਕਤ ਦੇ ਅੰਦਰ ਵੀ ਵਸਦਾ ਹੈ ।"

"ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ...॥"

(ਰਾਮਕਲੀ ਮਹਲਾ ੧) ਅੰਗ ੮੭੮

ਅਰਥਾਤ "ਬੂੰਦ (ਆਤਮਾ) ਵਿਚ ਸਾਗਰ (ਹਰੀ) ਹੈ ਤੇ ਸਾਗਰ ਦੇ ਅੰਦਰ ਬੂੰਦ ਹੈ ।"

ਇਹ ਆਤਮਾ ਆਪਣੇ ਨਿਰੋਲ ਰੂਪ ਵਿਚ ਜੋਤ ਸਰੂਪ ਹੈ । ਇਹ ਉਸ ਹਰੀ ਦਾ ਅਸਲ ਆਪਣਾ ਆਪ ਹੈ । ਇਸ ਲਈ ਇਹ ਜਾਗਦਾ ਹੋਇਆ ਬੇਨੁਕਸ ਹੈ । ਆਸਾ ਰਾਗ ਵਿਚ ਗੁਰੂ ਅਰਜਨ ਦੇਵ ਜੀ ਇਸ ਪਰਮਾਤਮਾ ਸਰੂਪ ਆਤਮਾ ਦੀ ਵਿਆਖਿਆ ਇਉਂ ਕਰਦੇ ਹਨ:-

ਨਾ ਓਹੁ ਮਰਤਾ ਨਾ ਹਮ ਡਰਿਆ ॥ ਨਾ ਓਹੁ ਬਿਨਸੈ
ਨਾ ਹਮ ਕੜਿਆ ॥ ਨਾ ਓਹੁ ਨਿਰਧਨੁ ਨਾ ਹਮ ਭੂਖੇ ॥
ਨਾ ਓਸੁ ਦੂਖੁ ਨ ਹਮ ਕਉ ਦੂਖੇ ॥ ੧॥ ਅਵਰੁ ਨ ਕੋਊ
ਮਾਰਨਵਾਰਾ ॥ ਜੀਅਉ ਹਮਾਰਾ ਜੀਉ ਦੇਨਹਾਰਾ ॥ ੧॥ ਰਹਾਉ ॥
ਨਾ ਉਸੁ ਬੰਧਨ ਨਾ ਹਮ ਬਾਧੇ ॥ ਨਾ ਉਸੁ ਧੰਧਾ ਨਾ ਹਮ
ਧਾਧੇ ॥ ਨਾ ਉਸੁ ਮੈਲੁ ਨ ਹਮ ਕਉ ਮੈਲਾ ॥ ਓਸੁ ਅਨੰਦੁ
ਤ ਹਮ ਸਦ ਕੇਲਾ ॥੨॥ ਨਾ ਉਸੁ ਸੋਚੁ ਨ ਹਮ ਕਉ ਸੋਚਾ ॥
ਨਾ ਉਸੁ ਲੇਪ ਨ ਹਮ ਕਉ ਪੋਚਾ ॥ ਨਾ ਉਸੁ ਭੂਖ ਨ ਹਮ
ਕਉ ਤ੍ਰਿਸਨਾ ॥ ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥੩॥
ਹਮ ਕਿਛੁ ਨਾਹੀ ਏਕੈ ਓਹੀ ॥ ਆਗੈ ਪਾਛੈ ਏਕੋ ਸੋਈ ॥
ਨਾਨਕ ਗੁਰਿ ਖੋਏ ਭ੍ਰਮ ਭੰਗਾ ॥ ਹਮ ਓਇ ਮਿਲਿ ਹੋਏ

ਇਕ ਰੰਗਾ ॥" (ਆਸਾ ਮਹਲਾ ੫) ਅੰਗ ੩੯੧

ਅਰਥਾਤ"ਉਹ ਪ੍ਰਮਾਤਮਾ ਨਾ ਮਰਦਾ ਹੈ ਤੇ ਨਾ ਹੀ ਅਸੀ ਮੌਤ ਤੋਂ ਡਰਦੇ ਹਾਂ । ਨਾ ਉਹ ਨਾਸ ਹੁੰਦਾ ਹੈ ਤੇ ਨਾ ਅਸੀਂ ਨਾਸ ਹੋਣ ਦੇ ਡਰ ਤੋਂ ਝੁਰਦੇ ਹਾਂ । ਨਾ ਉਹ ਨਿਰਧਨ ਹੈ ਤੇ ਨਾ ਹੀ ਅਸੀਂ ਭੁੱਖੇ ਹਾਂ । ਨਾ ਉਸ ਨੂੰ ਕੋਈ ਦੁੱਖ ਹੈ ਤੇ ਨਾ ਸਾਨੂੰ ਹੋ ਸਕਦਾ ਹੈ । ਉਸ ਤੋਂ ਬਿਨਾਂ ਹੋਰ ਕੋਈ ਮਾਰਨ ਵਾਲਾ ਨਹੀਂ, ਸਦਾ ਜੀਵੇ ਸਾਡਾ ਜੀਵਣ ਦਾਤਾ ! ਨਾ ਉਸਨੂੰ ਕੋਈ ਬੰਧਨ ਹੈ ਤੇ ਨਾ ਹੀ ਅਸੀਂ ਬੰਧਨਾਂ ਵਿਚ ਹਾਂ । ਨਾ ਉ ਸਨੂੰ ਧੰਧਿਆਂ ਦਾ ਕਲੇਸ਼ ਹੈ ਤੇ ਨਾ ਸਾਨੂੰ ਹੈ । ਨਾ ਉਸ ਨੂੰ ਮੈਲ ਹੈ ਤੇ ਨਾ ਹੀ ਸਾਨੂੰ ਮੈਲ ਲੱਗ ਸਕਦੀ ਹੈ । ਉਹ ਸਦਾ ਅਨੰਦ ਵਿਚ ਹੈ ਤੇ ਅਸੀਂ ਵੀ ਖ਼ੁਸ਼ੀ ਵਿਚ ਹਾਂ । ਨਾ ਉਸ ਨੂੰ ਕੋਈ ਫਿਕਰ ਹੈ ਤੇ ਨਾ ਸਾਨੂੰ । ਨਾ ਉਸ ਨੂੰ ਕੋਈ ਲੇਪ ਹੈ ਤੇ ਨਾ ਸਾਨੂੰ ਕੋਈ ਦੋਸ਼ ਹੈ । ਨਾ ਉਸ ਨੂੰ ਭੁਖ ਹੈ ਤੇ ਨਾ ਸਾਨੂੰ ਕੋਈ ਤ੍ਰਿਸ਼ਨਾ । ਜੇ ਉਹ ਪਵਿੱਤਰ ਹੈ ਤਾਂ ਅਸੀਂ ਵੀ ਉਸ ਦੇ ਨਾਲ ਦੇ ਹਾਂ । ਪਰ ਉਸ ਤੋਂ ਬਿਨਾਂ ਅਸੀਂ ਕੁਝ ਵੀ ਨਹੀਂ, ਉਹ ਹੀ ਸਭ ਕੁਝ ਹੈ । ਅੱਗੇ ਪਿੱਛੇ (ਸਭ ਥਾਈਂ) ਉਹ ਆਪ ਹੀ ਹੈ । ਗੁਰੂ ਨੇ ਭਰਮ ਭੁਲੇਖੇ ਤੋੜ ਦਿੱਤੇ ਹਨ ਤੇ ਅਸੀਂ ਉਸ ਨਾਲ ਮਿਲ ਕੇ ਇਕਮਈ ਹੋ ਗਏ ਹਾਂ ।

ਇਹ ਹੈ ਆਤਮਾ ਦਾ ਅਸਲ ਸਰੂਪ । ਇਹ ਸਭ ਕਿਸੇ ਦਾ ਅਸਲ ਆਪਾ ਹੈ । ਇਸ ਲਈ ਸਰੀਰ ਨੂੰ ਹੀ ਸਭ ਕੁਝ ਸਮਝਣਾ ਬੁਨਿਆਦੀ ਭੁਲੇਖਾ ਹੈ । ਸਰੀਰ ਤਾਂ ਇਸ ਆਤਮਾ ਦਾ ਇਕ ਆਰਜੀ ਮੰਦਰ ਹੈ ਜਿਸ ਨੂੰ ਸਮੇਂ ਨਾਲ ਛੱਡ ਦਿੱਤਾ ਜਾਣਾ ਹੈ । ਸਰੀਰ ਦੇ ਮਰਨ ਨਾਲ ਸੁੱਤੀ ਹੋਈ ਆਤਮਾ ਨੇ ਵੀ ਕੇਵਲ ਚੋਲਾ ਹੀ ਬਦਲ ਲੈਣਾ ਹੈ ਤੇ ਆਵਾਗਵਣ ਦੇ ਚੱਕਰ ਕੱਢਣੇ ਹਨ।

"ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ
ਹੈ ਕਉਣੁ ॥ ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥੨॥

(ਗਉੜੀ ਮਹਲਾ ੧) ਅੰਗ ੧੫੨

ਅਰਥਾਤ "ਸਰੀਰ ਮਿੱਟੀ ਹੈ ਤੇ ਇਸ ਵਿਚ ਸੁਆਸਾਂ ਦੀ ਪਵਣ ਬੋਲ ਰਹੀ ਹੈ । ਤਾਂ, ਹੇ ਗਿਆਨੀ ਪੁਰਸ਼ੋ, ਦੱਸੋ ਕਿ ਮਰਦਾ ਕਉਣ ਹੈ ? ਜਦ ਸੋਝੀ ਚਲੀ ਗਈ ਤਾਂ ਝਗੜਾ ਕਰਨ ਵਾਲੀ ਬਿਰਤੀ ਤੇ ਹੰਕਾਰ ਦੋਵੇ ਨਾਲ ਹੀ



ਚਲੇ ਗਏ । ਪਰ ਉਹ ਚੇਤਨ ਆਤਮਾ ਜੋ ਦੇਖਣਹਾਰ ਹੋ ਕੇ ਰਹਿ ਗਈ ਹੈ ਨਹੀਂ ਮਰਦੀ ।"

ਜਗਿਆ ਹੋਇਆ ਆਤਮਾ ਤਾਂ ਸ਼ੁਧ (ਪਵਿਤ੍ਰ) ਹੈ, ਬੁਧ (ਚੇਤੰਨ ਹੈ ਅਤੇ ਮੁਕਤ (ਸੁਤੰਤਰ ਹੈ

ਨਾ ਇਹੁ ਬੂਢਾ ਨਾ ਇਹੁ ਬਾਲਾ ॥

(ਗੋਂਡ ਮਹਲਾ ੫) ਅੰਗ ੮੬੮

ਅਰਥਾਤ "ਜਗਦਾ ਆਤਮਾ ਨਾ ਬੁਢਾ ਹੈ ਤੇ ਨਾ ਜਵਾਨ ਹੈ।"

ਇਹ ਹੈ ਆਤਮਾ ਦਾ ਉਹ ਅਸਲ ਸਰੂਪ ਜਿਸ ਨੂੰ ਪਰਮਾਤਮਾ ਦਾ ਰੂਪ ਆਖਿਆ ਜਾਂਦਾ ਹੈ । ਸਪਸ਼ਟ ਹੈ ਕਿ ਇਸ ਆਪੇ ਦੀ ਖੋਜ ਅਤੇ ਆਪਣੇ ਇਸ ਸਰੂਪ ਦੀ ਪ੍ਰਾਪਤੀ ਰੱਬ ਦੀ ਖੋਜ ਤੇ ਪ੍ਰਾਪਤੀ ਹੈ। ਏਸੇ ਲਈ ਥਾਂ ਥਾਂ ਆਪਣਾ ਚੀਨਣ ਜਾਂ ਅੰਦਰ ਵਸਦੇ ਇਸ ਪ੍ਰਮਾਤਮਾ ਦੀ ਪ੍ਰਾਪਤੀ ਤੇ ਬੜਾ ਜ਼ੋਰ ਦਿੱਤਾ ਗਿਆ ਹੈ ਤੇ ਇਹੋ ਜੀਵਣ ਦਾ ਮੁਖ ਮਨੋਰਥ ਦਸਿਆ ਗਿਆ ਹੈ। ਚੰਗੇ ਜਾਂ ਮੰਦੇ ਸਭ ਦੇ ਅੰਦਰ ਵਾਹਿਗੁਰੂ ਦੀ ਜੋਤ ਹੁੰਦੀ ਹੈ, ਪਰ ਕਈਆਂ ਦੇ ਅੰਦਰ ਇਹ ਜੋਤ ਬੁਝੀ ਰਹਿੰਦੀ ਹੈ । ਇਸ ਨੂੰ ਮੁੜ ਜਗਾਉਣਾ ਰੱਬ ਨੂੰ ਮਿਲਣਾ ਹੈ ਤੇ ਸਫਲ ਜੀਵਨ ਲਈ ਜ਼ਰੂਰੀ ਹੈ । ਇਹ ਜੋਤ ਕਿਉਂ ਬੁਝੀ ਰਹਿੰਦੀ ਹੈ? ਮੁਢ ਵਿਚ ਆਏ ਸ਼ਬਦ ਅੰਦਰ ਇਸ ਗੱਲ ਨੂੰ ਸਮਝਾਇਆ ਗਿਆ ਹੈ। ਮਾਇਆ ਜਾਂ ਹਉਮੈਂ (ਮਮਤਾ ਦੇ ਅਸਰ ਹੇਠ ਜੀਵ ਕੁਰਾਹੇ ਪੈ ਜਾਂਦਾ ਹੈ ਉਸ ਦੀਆਂ ਕੀਮਤਾਂ ਬਦਲ ਜਾਂਦੀਆਂ ਹਨ ਤੇ ਉਸ ਨੂੰ ਥਾਂ ਥਾਂ ਅਨੇਕਤਾ 'ਤੇ ਵਿਖੇਵਾਂ ਦਿੱਸਦਾ ਹੈ । ਮੁੜ ਉਹ ਉਨ੍ਹਾਂ ਚੀਜ਼ਾਂ ਨੂੰ ਅਪਣਾਉਂਦਾ ਹੈ ਜੋ ਉਸ ਦੇ ਕਿਸੇ ਕੰਮ ਨਹੀ ਹੁੰਦੀਆਂ ।

ਪਰ ਮਾਇਆ ਕੀ ਹੈ ? ਇਸ ਦੀ ਵਿਆਖਿਆ ਇਉਂ ਕੀਤੀ ਜਾ ਸਕਦੀ ਹੈ।

"ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥"

(ਰਾਮਕਲੀ ਮਹਲਾ ੩ ਅਨੰਦ) ਅੰਗ ੯੨੧

ਅਰਥਾਤ "ਮਾਇਆ ਉਹ ਹੈ ਜਿਸ ਦੇ ਅਸਰ ਹੇਠ, ਰੱਬ ਵਿਸਰ ਜਾਂਦਾ ਹੈ ।"

ਗੁਰੂ ਅਰਜਨ ਦੇਵ ਹਉਮੈਂ ਦਾ ਪ੍ਰਭਾਵ ਵੀ ਇਉਂ ਦੱਸਦੇ ਹਨ :

"ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥"

(ਗਉੜੀ ਮਹਲਾ ੫) ਅੰਗ ੨੦੫

ਅਰਥਾਤ "ਅਲਖ ਪ੍ਰਮਾਤਮਾ ਸਭ ਦੇ ਅੰਦਰ ਵਸਦਾ ਹੈ ਪਰ ਲਖਿਆ ਨਹੀਂ ਜਾਂਦਾ, ਕਿਉਂਕਿ ਵਿਚਾਲੇ ਹਉਮੈ ਦਾ ਪਰਦਾ ਪਿਆ ਹੈ।"

ਗੁਰੂ ਨਾਨਕ, ਇਸ ਬਾਬਤ ਇਉਂ ਕਹਿੰਦੇ ਹਨ :

ਹਉਮੈ ਬੂਝੈ ਤਾ ਦਰੁ ਸੂਝੈ ॥

(ਵਾਰ ਆਸਾ ਮਹਲਾ ੧) ਅੰਗ ੪੬੬

ਅਰਥਾਤ"ਉਸ ਦਾ ਦਰਬਾਰ ਤਾਂ ਦਿਸੇ ਜੇ ਹਉਮੈਂ ਅਗਨੀ ਬੁਝ ਜਾਏ।"

ਗੁਰੂ ਰਾਮਦਾਸ ਜੀ ਦੇ ਇਹ ਬਚਨ ਨੋਟ ਕਰੋ :

"ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥"

(ਮਲਾਰ ਮਹਲਾ ੪) ਅੰਗ ੧੨੬੩

ਅਰਥਾਤ "ਜੀਵ ਰੂਪ ਇਸਤ੍ਰੀ ਤੇ ਪਰਮੇਸ਼ਰ ਰੂਪ ਪਤੀ ਇਕੋ ਥਾਂ ਵਸਦੇ ਹਨ ਪਰ ਉਨ੍ਹਾਂ ਦੇ ਵਿਚਾਲੇ ਹਉਮੈਂ ਦੀ ਬਲਵਾਨ ਕੰਧ ਖੜ੍ਹੀ ਹੈ ਜੋ ਵਿੱਥ ਪਾਈ ਰੱਖਦੀ ਹੈ ।"

ਹਉਮੈਂ, ਮਾਇਆ ਜਾਂ ਅਵਿਦਿਆ ਜੀਵ ਦੇ ਸਭ ਦੁੱਖਾਂ ਦਾ ਕਾਰਨ ਹਨ। ਇਹ ਧੋਖਾ, ਫਰੇਬ ਤੇ ਭੁਲੇਖਾ ਹਨ ਜੋ ਅਸਲੀਅਤ ਨੂੰ ਓਝਲ ਕਰੀ ਰੱਖਦੇ ਹਨ । ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਦੱਸਿਆ ਸੀ ਕਿ ਜਗਤ ਦੀ ਖੇਡ, ਆਵਾਗਵਨ ਦੀ ਖੇਡ, ਹਉਮੈਂ ਦੇ ਕਾਰਨ ਹੀ ਚਲ ਰਹੀ ਹੈ ।

"ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥"

(ਰਾਮਕਲੀ ਮਹਲਾ ੧) ਅੰਗ ੯੪੬

ਅਰਥਾਤ "ਹਉਮੈਂ ਦੇ ਕਾਰਨ ਜਗਤ ਦੀ ਖੇਡ ਚਲਦੀ ਰਹਿੰਦੀ ਹੈ । ਇਸ ਦੇ ਕਾਰਨ ਨਾਮੀ (ਹਰੀ) ਦੇ ਵਿਸਰਨ ਨਾਲ ਦੁਖ ਪ੍ਰਾਪਤ ਹੁੰਦਾ ਹੈ।"

ਇਹ ਅਪਣੱਤ ਦਾ ਭਾਵ ਅਲਹਿਦਗੀ ਪੈਦਾ ਕਰਦਾ ਹੈ ਤੇ ਕਰਮਾਂ ਦੀ ਖੇਡ ਚੱਲ ਪੈਂਦੀ ਹੈ ਤੇ ਆਵਾਗਵਣ ਦਾ ਚੱਕਰ ਬਣਿਆ ਰਹਿੰਦਾ ਹੈ । ਗੁਰੂ ਨਾਨਕ ਦੇਵ ਫੁਰਮਾਂਦੇ ਹਨ :



"ਹਉ ਵਿਚਿ ਆਇਆ ਹਉ ਵਿਚਿ ਗਇਆ ॥"

(ਵਾਰ ਆਸਾ ਮਹਲਾ ੧) ਅੰਗ ੪੬੬

ਅਰਥਾਤ "ਹਉ ਦੇ ਕਾਰਨ ਜੀਵ ਕਰਮਾਂ ਦੇ ਚੱਕਰ ਵਿਚ ਪਿਆ ਆਉਂਦਾ ਜਾਂਦਾ ਰਹਿੰਦਾ ਹੈ ।"

ਹਉਮੈਂ ਤੇ ਮਾਇਆ ਕਿੱਥੋਂ ਆਏ ਹਨ ਜਿਨ੍ਹਾਂ ਨੇ ਜੀਵਨ ਬੇਅਰਥ ਕਰਕੇ ਰੱਖ ਦਿੱਤਾ ਹੈ । ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ

ਹਉਮੈ ਕਿਥਹੁ ਊਪਜੈ ਦਾ ਸਿੱਧਾ ਉੱਤਰ ਇਉਂ ਦਿੰਦੇ ਹਨ :

"ਹਉਮੈਂ ਏਹੋ ਹੁਕਮੁ ਹੈ "(ਵਾਰ ਆਸਾ ਮਹਲਾ ੧) ਅੰਗ ੪੬੬

ਅਰਥਾਤ "ਉਸ ਦੇ ਹੁਕਮ ਅੁਨਸਾਰ, ਉਸ ਦੇ ਕਾਨੂੰਨਾਂ ਅਨੁਸਾਰ ਹਉਮੈਂ ਵਰਤ ਰਹੀ ਹੈ (ਅਤੇ ਮਾਇਆ ਵੀ)"।

"ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥"

(ਰਾਮਕਲੀ ਮਹਲਾ ੩ ਅਨੰਦ) ਅੰਗ ੯੧੮

ਅਰਥਾਤ "ਇਹ ਮੋਹਣੀ ਮਾਇਆ ਓਸੇ ਨੇ ਪੈਦਾ ਕੀਤੀ ਹੈ ਜਿਸ ਨੇ ਠਗਮੂਰੀ ਉਹ ਬੂਟੀ ਜੋ ਠੱਗ ਰਾਹੀਆਂ ਨੂੰ ਖੁਆਂਦੇ ਤੇ ਬੇਹੋਸ਼ ਕਰ ਲੈਂਦੇ ਹਨ) ਵਰਤਾ ਦਿੱਤੀ ਹੈ ।"

ਮਾਇਆ ਤੇ ਹਉਮੈਂ ਠੀਕ ਓਸੇ ਦੀ ਪੈਦਾਵਾਰ ਹਨ ; ਪਰ ਜੀਵਨ ਉਸਾਰੀ ਲਈ ਇਨ੍ਹਾਂ ਦੀ ਵੀ ਆਪਣੀ ਲੋੜੀਂਦੀ ਥਾਂ ਹੈ (ਜਿਵੇਂ ਪਿੱਛੇ ਦੱਸ ਆਏ ਹਾਂ) ।

ਜੇ ਇਕ ਪਾਸੇ ਇਹ ਬੁਰਾਈ ਹਨ ਤਾਂ ਦੂਜੇ ਪਾਸੇ ਮਨੁੱਖੀ ਵਿਕਾਸ ਦਾ ਰਾਜ ਵੀ ਇਨ੍ਹਾਂ ਅੰਦਰ ਹੀ ਲੁਕਿਆ ਪਿਆ ਹੈ । ਜਿਸ ਨੂੰ ਅਸੀਂ ਬੁਰਾਈ ਕਹਿੰਦੇ ਹਾਂ ਉਹ ਸਾਰੀ ਤਸਵੀਰ ਦਾ ਇਕ ਪਾਸਾ ਹੁੰਦਾ ਹੈ, ਜੋ ਤਸਵੀਰ ਦੇ ਦੂਜੇ ਪਾਸੇ ਦੀ ਮਹਾਨਤਾ ਪ੍ਰਗਟਾਣ ਲਈ ਇਸ ਤਰ੍ਹਾਂ ਸਹਾਇਕ ਹੁੰਦਾ ਹੈ। ਹਨੇਰਾ ਕੋਈ ਅਸਲੀਅਤ ਨਹੀਂ ਪਰ ਰੋਸ਼ਨੀ ਦੀ ਸ਼ੋਭਾ ਨੂੰ ਵਧਾਉਂਦਾ ਹੈ । ਰੋਸ਼ਨੀ ਇਕ ਸੱਚਾਈ ਹੈ, ਪਰ ਹਨੇਰਾ ਸਚਾਈ ਨਹੀਂ । ਇਹ ਰੋਸ਼ਨੀ ਦਾ ਹੀ ਅਭਾਵ ਹੈ ਤੇ ਰੋਸ਼ਨੀ ਦੇ ਰਾਹ ਵਿਚ ਪਈਆਂ ਰੁਕਾਵਟਾਂ ਦੇ ਕਾਰਨ ਹੈ। ਜਦ ਇਹ ਰੁਕਾਵਟਾਂ ਦੂਰ ਹੋ ਜਾਣ ਤਾਂ ਹਨੇਰਾ ਆਪੇ ਖ਼ਤਮ ਹੋ ਜਾਂਦਾ ਹੈ । ਤਿਵੇਂ ਜਦ ਆਪੇ ਨੂੰ ਜਾਂ ਅਪਨਤ ਦੇ ਭਾਵ ਨੂੰ ਪ੍ਰਮਾਤਮਾ ਨਾਲ ਇਕਸੁਰ ਕੀਤਾ ਜਾਂਦਾ ਹੈ ਤਾਂ ਇਹੋ ਅਪਨਤ ਰੱਬੀ ਦਾਤ ਬਣ ਜਾਂਦੀ ਹੈ । ਏਸੇ ਲਈ

ਹੀ ਗੁਰੂ ਅਮਰਦਾਸ ਜੀ ਸਮਝਾਂਦੇ ਹਨ ।

"ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥"

(ਸੂਹੀ ਮਹਲਾ ੩) ਅੰਗ ੭੫੭

ਅਰਥਾਤ "ਇਹ ਬੁਰਾ ਹੈ ਤੇ ਇਹ ਭਲਾ ਹੈ ਓਨਾ ਚਿਰ ਹੀ ਜੀਵ ਕਹਿੰਦਾ ਹੈ ਜਿੰਨਾ ਚਿਰ ਉਹ ਆਪ ਦਵੈਤ ਵਿਚ ਹੁੰਦਾ ਹੈ ।"

ਜਦ ਦੂਈ ਮੁਕ ਜਾਂਦੀ ਹੈ ਤਾਂ 'ਸਭ ਭਲੋ' ਹੋ ਜਾਂਦਾ ਹੈ ।

ਘੁਮਿਆਰ ਭਾਂਡੇ ਘੜਦਾ ਹੈ ਪਰ ਭਾਵੇਂ ਉਨ੍ਹਾਂ ਦੀਆਂ ਅੱਡ ਅੱਡ ਸ਼ਕਲਾਂ ਤਾਂ ਬਣ ਜਾਂਦੀਆਂ ਹਨ ਪਰ ਉਹਨਾਂ ਵਿਚ ਉਹ ਜਾਨ ਨਹੀਂ ਪਾ ਸਕਦਾ, ਉਹਦੇ ਭਾਂਡੇ ਨਿਰਜਿੰਦ ਹੀ ਰਹਿਣਗੇ ; ਪਰ ਪ੍ਰਮਾਤਮਾ ਨੇ ਜਿਊਂਦੇ ਭਾਂਡੇ ਬਣਾਉਣੇ ਹੁੰਦੇ ਹਨ ਤੇ ਐਸੇ ਜੋ ਵਧਣ ਫੁੱਲਣ ਦੀ ਸ਼ਕਤੀ ਵੀ ਰੱਖਦੇ ਹੋਣ । ਇਸ ਲਈ ਉਸ ਨੇ ਅਪਣਤ ਦਾ ਭਾਵ ਪਾਇਆ ਹੈ ਜੋ ਉਸ ਦੀ ਤਦਬੀਰ ਅੰਦਰ ਆਪਣੀ ਅਹਿਮ ਥਾਂ ਰੱਖਦਾ ਹੈ ਤੇ ਮਨੁੱਖੀ ਵਿਕਾਸ ਲਈ ਜ਼ਰੂਰੀ ਹੈ । ਕਿਸੇ ਚੀਜ਼ ਨੂੰ ਵੀ ਨਿਰੋਲ ਬੁਰਾਈ ਕਹਿਣਾ ਦਰੁਸਤ ਨਹੀਂ ਹੈ।ਕਾਮ ਨੂੰ ਬੁਰਾਈ ਕਿਹਾ ਜਾਂਦਾ ਹੈ ਪਰ ਕੀ ਇਸ ਨੂੰ ਨਿਰੋਲ ਬੁਰਾਈ ਕਿਹਾ ਜਾ ਸਕਦਾ ਹੈ? ਕੀ ਇਸ ਤੋਂ ਬਿਨਾਂ ਸਾਰੀ ਦੁਨੀਆਂ ਖ਼ਤਮ ਨਹੀਂ ਹੋ ਜਾਂਦੀ? ਇਸ ਤਰ੍ਹਾਂ ਜਿਸ ਜਿਸ ਚੀਜ਼ ਨੂੰ ਬੁਰਾਈ ਸਮਝ ਲਿਆ ਜਾਂਦਾ ਹੈ ਉਸ ਨੂੰ ਸਮੁੱਚੀ ਰਚਨਾ ਅੰਦਰ ਆਪਣੀ ਵਿਸ਼ੇਸ਼ ਥਾਂ ਪ੍ਰਾਪਤ ਹੁੰਦੀ ਹੈ ।

ਗੀਤਾ ਜੀ ਵਿਚ ਸ੍ਰੀ ਕ੍ਰਿਸ਼ਨ ਜੀ ਇਸ ਵਿਸ਼ੇ 'ਤੇ ਇਉਂ ਕਹਿੰਦੇ ਸਨ:

"ਰਜੋ, ਸਤੋ ਅਤੇ ਤਮੋ (ਭਾਵ ਤਿੰਨ ਗੁਣੀ ਮਾਇਆ) ਮੈਥੋਂ ਹੀ ਨਿਕਲੇ ਹਨ । ਇਨ੍ਹਾਂ ਗੁਣਾਂ ਦਾ ਮੇਰੇ 'ਤੇ ਅਸਰ ਨਹੀਂ ਪਰ ਇਹ ਮੇਰੇ ਅੰਦਰ ਮੌਜੂਦ ਹਨ ।"

ਫਿਰ ਉਨ੍ਹਾਂ ਇਉਂ ਵੀ ਕਿਹਾ ਸੀ "ਇਹ ਮਾਇਆ ਰੱਬੀ ਹੈ ਤੇ ਇਸ ਨੂੰ ਮੈਂ ਆਪ ਵਰਤੋਂ ਵਿਚ ਲਿਆਉਂਦਾ ਹਾਂ । ਇਹ ਤਿੰਨ ਗੁਣਾਂ ਦੀ ਖੇਡ ਖੇਡਦੀ ਹੈ ਤੇ ਇਸ ਨੂੰ ਕਾਬੂ ਵਿਚ ਰੱਖਣਾ ਵੀ ਕਠਨ ਹੈ ਪਰ ਜੇ ਮੇਰੀ ਸ਼ਰਨ ਆ ਜਾਂਦੇ ਹਨ, ਮੇਰੇ ਦੱਸੇ ਰਾਹ 'ਤੇ ਤੁਰ ਪੈਂਦੇ ਹਨ ਉਹ ਇਸ ਫਰੇਬ ਤੋਂ ਆਪਣੇ ਯਤਨਾਂ ਨਾਲ ਬਚ ਨਿਕਲਦੇ ਹਨ ।"

ਮਹਾਰਾਜ ਨੇ ਇਸ ਫਰੇਬ ਨੂੰ ਕਈ ਅਲੰਕਾਰਕ ਢੰਗਾਂ ਨਾਲ ਦੱਸਿਆ



ਹੈ । ਹੈ ਤਾਂ ਸਭ ਉਸ ਦੀ ਖੇਡ, ਪਰ ਜਦ ਇਹ ਅਨੇਕਤਾ ਵਿਚ ਆ ਕੇ ਭੁਲੇਖਾ ਬਣ ਜਾਂਦੀ ਹੈ ਤਾਂ ਇਹ ਮਾਇਆ ਹੈ । ਅਪ੍ਰਗਟ ਏਕਤਾ ਦੀ ਸੋਝੀ ਧਨਾਸਰੀ ਰਾਗ ਵਿਚ ਗੁਰੂ ਤੇਗ਼ ਬਹਾਦਰ ਜੀ ਇਉਂ ਕਰਾਂਦੇ ਹਨ ।

"ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ
ਸੰਗਿ ਸਮਾਈ ॥ ੧॥ ਰਹਾਉ ॥ ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟਿ ਹੈ
ਖੋਜਹੁ ਭਾਈ ॥" (ਧਨਾਸਰੀ ਮਹਲਾ ੧) ਅੰਗ ੬੮੪

ਅਰਥਾਤ "ਕਿਉਂ ਤੂੰ ਉਸ ਨੂੰ ਬਨਾਂ ਵਿਚ ਖੋਜਦਾ ਫਿਰਦਾ ਹੈਂ? ਉਹ ਸਰਬ ਵਿਆਪਕ ਪ੍ਰਮਾਤਮਾ ਜੋ ਸਦਾ ਨਿਰਲੇਪ ਹੈ ਤੇਰੇ ਨਾਲ ਵੱਸਦਾ ਹੈ । ਜਿਵੇਂ ਫੁੱਲ ਵਿਚ ਖ਼ੁਸ਼ਬੋ ਹੈ ਜਾਂ ਜਿਵੇਂ ਸ਼ੀਸ਼ੇ ਵਿਚ ਅਕਸ ਹੈ, ਤਿਵੇਂ ਹਰੀ ਤੇਰੇ ਅੰਦਰ ਰਹਿੰਦਾ ਹੈ । ਆਪਣੇ ਮਨ ਹੀ ਤੂੰ ਵਿਚ ਉਸ ਨੂੰ ਢੂੰਡ ।"

ਇਹੋ ਖ਼ਿਆਲ ਗੀਤਾ ਜੀ ਵਿਚ ਇਉਂ ਆਇਆ ਹੈਂ ।"ਆਤਮਾ, ਸਰੀਰਾਂ ਅੰਦਰ ਓਸੇ ਤਰ੍ਹਾਂ ਹੈ ਜਿਵੇਂ ਅਗਨੀ ਕਾਠ ਵਿਚ ਅਪ੍ਰਗਟ ਰਹਿੰਦੀ ਹੈ । ਅਗਨੀ, ਬਲਦੀ ਚੀਜ਼ ਅਨੁਸਾਰ, ਸ਼ਕਲ ਲੈ ਲੈਂਦੀ ਹੈ (ਕਦੇ ਇਹ ਲੈਂਪ ਹੈ, ਕਦੀ ਭੱਠੀ ਅਤੇ ਕਦੇ ਜੰਗਲ ਦੀ ਅੱਗ) ਅਸਲੀ ਅਸਲ ਵਿਚ ਇਕ ਹੈ, ਪਰ ਧਰਤੀ 'ਤੇ ਕਈ ਰੂਪਾਂ ਵਿਚ ਪਰਗਟ ਹੁੰਦੀ ਹੈ । ਇਸੇ ਤਰ੍ਹਾਂ ਉਹ ਸਰਬ ਵਿਆਪਕ ਆਤਮਾ ਵੱਖ ਵੱਖ ਰੂਪ ਧਾਰਦੀ ਹੋਈ ਵੀ ਜਾਗ੍ਰਤ ਵਿਚ ਇਕ ਹੀ ਰਹਿੰਦੀ ਹੈ ।"

ਫਿਰ ਕਿਹਾ ਹੈ "ਜੋ ਏਥੇ ਹੈ ਓਹੋ ਓਥੇ ਹੈ ਅਤੇ ਜੋ ਓਥੇ ਹੈ ਉਹ ਏਥੇ ਹੈ ।ਚੀਜ਼ਾਂ ਅਤੇ ਜੀਵ ਵੱਖ ਵੱਖ ਦਿੱਸਦੇ ਹਨ, ਪਰ ਇਹ ਹਨ ਸਭ ਇਕ ਹੀ। ਅਸੀਂ ਜਦ ਜਾਗ੍ਰਤ ਹੋ ਕੇ ਇਹ ਏਕਤਾ ਅਨੁਭਵ ਕਰ ਲੈਂਦੇ ਹਾਂ, ਤਾਂ ਮੁਕਤ ਹੋ ਜਾਂਦੇ ਹਾਂ । ਜਾਗਰਤ ਆ ਜਾਣ ਨਾਲ ਸਭ ਵਿਖੇਵੇਂ ਦੇ ਖ਼ਿਆਲ ਖ਼ਤਮ ਹੋ ਜਾਂਦੇ ਹਨ ਤੇ ਨਜ਼ਰ ਵਿਚ ਅਪੰਰਪਰ ਦੀ ਏਕਤਾ ਵੱਸ ਜਾਂਦੀ ਹੈ।"

ਫਿਰ ਹੋਰ ਕਿਹਾ ਹੈ ਜੋ ਸਭ ਵਿਚ ਮੈਨੂੰ ਵੇਖਦਾ ਹੈ ਅਤੇ ਮੇਰੇ ਵਿਚ ਸਭ ਨੂੰ ਵੇਖਦਾ ਹੈ ਉਸ ਲਈ ਮੈਂ ਸਦਾ ਮੌਜੂਦ ਹਾਂ ਅਤੇ ਉਹ ਸਦਾ ਮੇਰੇ ਪਾਸ ਵੱਸਦਾ ਹੈ ।" ਬਸ, ਸਵਾਲ ਤਾਂ ਇਕ ਨੂੰ ਵੇਖ ਸਕਣਾ ਹੈ ਜੋ ਜਾਗ੍ਰਤ ਮੰਗਦਾ ਹੈ।

ਇਕ ਸੂਫੀ ਬਜ਼ੁਰਗ ਦੇ ਬਚਨ ਇਹ ਹਨ, "ਸਭ ਭਾਂਡੇ, ਛੋਟੇ ਜਾਂ

ਵੱਡੇ ਚਮਤਕਾਰ ਜਾਂ ਖਰਵੇ, ਸੋਹਣੇ ਜਾਂ ਕੋਝੇ, ਇਕੋ ਸ਼ਰਾਬ ਨਾਲ ਭਰੀਦੇ ਹਨ। ਇਹਨਾਂ ਦੀ ਕੀਮਤ ਉਸ ਸ਼ਰਾਬ ਕਰਕੇ ਹੈ ਜੋ ਉਹਨਾਂ ਵਿਚ ਹੈ, ਨਾ ਕਿ ਉਸ ਮਿੱਟੀ ਦੇ ਫ਼ਰਕ ਕਰ ਕੇ ਜਿਸ ਮਿੱਟੀ ਤੋਂ ਉਹ ਬਣਦੇ ਹਨ ।"

ਮਹਾਰਾਜ ਦੇ ਉੱਤੇ ਆਏ ਬਚਨਾਂ ਅਤੇ ਇਹਨਾਂ ਬਜ਼ੁਰਗਾਂ ਹਵਾਲਿਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਐਸੀ ਜਾਗਰਤ ਲਿਆਉਣੀ ਹੈ ਕਿ ਸਭ ਵਖੇਵੇਂ ਜੋ ਨਿਰਾ ਭੁਲੇਖਾ ਹੀ ਹੁੰਦੇ ਹਨ , ਦੂਰ ਹੋ ਜਾਣ ਤੇ ਪ੍ਰਮਾਤਮਾ ਅੰਦਰ ਸਥਿਰ ਵਾਸਾ ਹੋ ਜਾਏ ।" ਵਾਸਾ ਤਾਂ ਅੱਗੇ ਹੀ ਹੈ, ਕੇਵਲ ਉਸ ਵਾਸੇ ਨੂੰ ਜੀਵਨ ਵਿਚ ਅਨੁਭਵ, ਸਾਖਿਆਤ ਤੇ ਦ੍ਰਿੜ੍ਹ ਆਪ ਕਰਨਾ ਹੁੰਦਾ ਹੈ । ਹਰ ਮਨੁੱਖ ਦੀ ਆਤਮਾ ਦਾ ਬ੍ਰਹਮ ਹੈ ਹੀ, ਪਰ ਉਸ ਦੀ ਖ਼ੁਦੀ ਇਸ ਆਤਮਾ ਦੇ ਦਰਸ਼ਨ ਹੋਣ ਨਹੀਂ ਦਿੰਦੀ। ਅਗਿਆਨਤਾ ਦੇ ਭੁਲੇਖੇ ਵਿਚ ਮਨੁੱਖ ਭੰਬਲਭੂਸੇ ਖਾਂਦਾ ਰਹਿੰਦਾ ਹੈ । ਗੁਰੂ ਸਾਹਿਬ ਜਪੁ ਜੀ ਵਿਚ ਇਉਂ ਐਲਾਨ ਕਰਦੇ ਹਨ ਕਿ ਹਰ ਮਨੁੱਖ ਆਪਣੀ ਇਸ ਜੋਤ ਨੂੰ ਜਗਾ ਕੇ ਆਪਣੇ ਅੰਦਰੋਂ ਸਭ ਸੁਖਾਂ ਦੇ ਖ਼ਜ਼ਾਨੇ ਕੱਢ ਸਕਦਾ ਹੈ ।

"ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ
ਸਿਖ ਸੁਣੀ ॥" (ਜਪੁ ਜੀ ਗੁਰੂ ਨਾਨਕ) ਅੰਗ ੨

ਅਰਥਾਤ "ਸਾਡੇ ਆਪਣੇ ਮਨ ਬੁਧ ਅੰਦਰ, ਰਤਨਾਂ, ਜਵਾਹਰਾਂ ਤੇ ਮੋਤੀਆਂ ਦੇ ਖ਼ਜ਼ਾਨੇ ਹਨ ਜੋ ਗੁਰੂ ਦੀ ਸਿੱਖਿਆ ਦਵਾਰਾ ਪ੍ਰਾਪਤ ਹੋ ਸਕਦੇ ਹਨ ।

ਇਸ ਮਹਾਨ ਕੰਮ ਨੂੰ ਸਿਮਰਨ ਨੇ ਹੀ ਕਰਨਾ ਹੈ । ਸਿਮਰਨ ਦਾ ਇਹ ਮਨੋਰਥ ਸਮਝਣ ਲਈ ਅਸੀਂ ਵਾਹਿਗੁਰੂ ਦਾ ਸਰੂਪ ਸਮਝਣ ਦਾ ਯਤਨ ਕਰ ਰਹੇ ਸਾਂ—ਮਹਾਰਾਜ ਨੇ ਉਸ ਸਰੂਪ ਦੇ ਦੋ ਪੱਖ ਵਿਖਾਏ ਸਨ । ਨਿਰਗੁਣ ਸਰੂਪ ਸਾਡੀ ਸਮਝ ਤੋਂ ਪਰੇ ਹੈ ਤੇ ਉਸ ਨੂੰ ਲਫ਼ਜ਼ਾਂ ਦਵਾਰਾ ਬਿਆਨ ਕਰਨਾ ਹੋਰ ਵੀ ਮੁਸ਼ਕਿਲ ਹੈ । ਉਸ ਨੂੰ ਅਗੰਮ, ਅਗੋਚਰ, ਅਪੰਰਪਰ, ਪਾਰਬ੍ਰਹਮ ਕਹਿ ਸਕਦੇ ਹਾਂ । ਉਸ ਨਾਮ, ਰੂਪ ਕਾਲ ਤੇ ਦੇਸ਼ ਦੀਆਂ ਸਭ ਹੱਦਾਂ ਤੋਂ ਪਰੇ ਹੈ । ਪਰ ਜਦ ਉਸ ਨੇ ਆਪਣੇ ਆਪ ਨੂੰ ਜਗਤ ਰਚਨਾ ਕਰਕੇ ਸਰਗੁਣ ਸਰੂਪ ਵਿਚ ਪ੍ਰਗਟ ਕੀਤਾ ਤਾਂ ਉਹ ਸਮਝ-ਗੋਚਰਾ ਹੋਇਆ । ਮਹਾਰਾਜ ਉਸ ਦੇ ਬੇਅੰਤ ਗੁਣ, ਕਦਮ ਅਤੇ ਸੁਭਾਉ ਦੀ ਵਿਆਖਿਆ ਕਰਕੇ ਉਸ ਦਾ ਸਰਗੁਣ ਸਰੂਪ ਵਿਖਾਂਦੇ ਹਨ । ਉਸ ਨੂੰ ਸਭ ਗੁਣ ਤੇ ਚੰਗਿਆਈਆਂ ਦਾ ਸੋਮਾ ਦੱਸਿਆ ਹੈ । ਉਸ ਵਿਚ ਸਾਰੇ ਇਖਲਾਕੀ, ਆਤਮਕ, ਸਮਾਜਕ, ਦਿਮਾਗੀ



ਆਦਿਕ ਗੁਣ ਮੌਜੂਦ ਹਨ । ਇਸ ਦਾ ਸਬੂਤ ਇਹ ਹੈ ਕਿ ਇਨ੍ਹਾਂ ਗੁਣਾਂ ਦਾ ਹੀ ਪ੍ਰਤੀਬਿੰਬ ਮਨੁੱਖਾਂ ਦੇ ਆਪਣੇ ਅੰਦਰ, ਭਾਵੇਂ ਵੱਧ ਜਾਂ ਘੱਟ ਮਾਤਰਾ ਵਿਚ ਤੇ ਬੜੇ ਮਹਿਦੂਦ ਰੂਪ ਵਿਚ ਮੌਜੂਦ ਹੈ । ਉਹ ਸੱਚ ਸਰੂਪ ਹੈ ਪਰੇਮ ਦਾ ਸਮੁੰਦਰ ਹੈ, ਬਖ਼ਸ਼ਿੰਦ ਹੈ, ਨਿਰਭਉ ਤੇ ਨਿਰਵੈਰ ਹੈ, ਖਿਮਾਂ ਤੇ ਧੀਰਜ ਦਾ ਪੁੰਜ ਹੈ, ਸਤ, ਸੰਤੋਖ ਤੇ ਗਿਆਨ ਦਾ ਸੋਮਾ ਹੈ ਅਤੇ ਅਤਿਅੰਤ ਮਿੱਠਾ ਹੈ । ਜਿਵੇਂ ਨਿਰਗੁਣ ਦਾ ਵਰਨਣ ਇਉਂ ਕੀਤਾ ਗਿਆ ਹੈ ।

"ਸਤਿ ਸੁਹਾਣੁ ਸਦਾ ਮਨਿ ਚਾਉ ॥" (ਜਪੁ ਜੀ ਗੁਰੂ ਨਾਨਕ) ਅੰਗ ੪

ਅਰਥਾਤ ਉਹ ਸਦੀਵੀ ਸੁੰਦਰਤਾ ਤੇ ਅਨੰਦ ਸਰੂਪ ਹੈ ।

ਤਿਵੇਂ ਸਰਗੁਣ ਦਾ ਗੁਰੂ ਅਰਜਨ ਦੇਵ ਜੀ ਨੇ ਇਉਂ ਕੀਤਾ ਹੈ :

"ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥
ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥"
(ਸੂਹੀ ਮਹਲਾ ੫) ਅੰਗ ੭੮੪

ਅਰਥਾਤ ਉਹ ਮੇਰਾ ਮਾਲਕ, ਮੇਰਾ ਸੱਜਣ, ਮਿੱਠਾ ਬੋਲਦਾ ਹੈ । ਬੜੀ ਵਾਰ ਇਹ ਪੜਤਾਲ ਕਰ ਚੁੱਕੀ ਹਾਂ ਕਿ ਉਹ ਕਦੇ ਕੌੜਾ ਨਹੀਂ ਬੋਲਦਾ। ਉਹ ਪੂਰਨ ਭਗਵਾਨ ਕਿਸੇ ਦੀ ਕੀਤੀ ਹੋਈ ਭੁੱਲ ਦਿਲ ਵਿਚ ਨਹੀਂ ਰੱਖਦਾ। ਉਸ ਦਾ ਬਿਰਦ ਪਤਿਤਾਂ ਨੂੰ ਪਵਿੱਤਰ ਕਰਨਾ ਹੈ ਤੇ ਉਹ ਕੀਤੀ ਘਾਲ ਨੂੰ ਰਤਾ ਨਹੀਂ ਗਵਾਉਂਦਾ ।

ਦਸਮ ਪਾਤਿਸ਼ਾਹ ਨੇ ਵੀ ਜਾਪੁ ਸਾਹਿਬ ਵਿਚ ਉਸ ਦੇ ਬੇਅੰਤ ਗੁਣਾਂ ਦਾ ਵਰਨਣ ਕੀਤਾ ਹੈ । ਉਸ ਵਿਚ ਉਹ ਸਾਰੇ ਗੁਣ ਮੌਜੂਦ ਹਨ ਜੋ ਮਨੁੱਖ ਨੂੰ ਵੀ ਪੂਰਣਤਾ ਪ੍ਰਾਪਤ ਕਰਨ ਲਈ ਚਾਹੀਦੇ ਹਨ। ਉਹ ਕੋਈ ਨਿਰੀ ਸ਼ਕਤੀ ਨਹੀਂ ਜੀਵਨ ਸਤਾ ਹੈ, ਜਗਤ ਜੋਤ ਹੈ, ਪੁਰਖ ਹੈ, ਜਿਸ ਨਾਲ ਦਿਲ ਖੋਲ੍ਹ ਕੇ ਗੱਲਾਂ ਕੀਤੀਆਂ ਜਾ ਸਕਦੀਆਂ ਹਨ । ਉਹ ਸਭ ਨੂੰ ਪਿਆਰਦਾ ਹੈ ਤੇ ਸੱਚ, ਸੇਵਾ ਤੇ ਧਰਮ ਦੇ ਰਾਹ 'ਤੇ ਤੋਰਦਾ ਹੈ । ਉਹ ਪਿਤਾ ਹੈ ਜਿਸ ਨੂੰ ਹਰ ਕੋਈ ਆਪਣਾ ਸਮਝ ਕੇ ਉਸ ਨਾਲ ਆਪਣੇ ਸਨਬੰਧ ਜੋੜ ਸਕਦਾ ਹੈ । ਉਹ ਦੁੱਖਾਂ ਦੀ ਸਾਰ ਲੈਂਦਾ ਹੈ ਤੇ ਉਨ੍ਹਾਂ ਨੂੰ ਨਵਿਰਤ ਕਰਦਾ ਹੈ ਅਤੇ ਕੀਤੀਆਂ ਭੁੱਲਾਂ ਬਖ਼ਸ਼ਣਹਾਰ ਹੋ ਜਾਂਦਾ ਹੈ । ਉਹ ਕਰਤਾ ਪੁਰਖ ਹੈ ਤੇ ਆਪਣਾ ਹੁਕਮ

ਵਰਤਾਉਂਦਾ ਹੈ । ਉਹ ਤਰਸ, ਦਇਆ ਤੇ ਮੇਹਰਾਂ ਦਾ ਸਾਈਂ ਹੈ । ਉਹ ਸਦ ਨਵ ਤਨ ਬਾਲਾ ਹੈ ਤੇ ਉਸ ਦੀ ਸ਼ਰਨ ਵਿਚ ਆਇਆਂ ਨਵਾਂ ਨਰੋਆ ਹੋ ਜਾਈਦਾ ਹੈ ਤੇ ਜੀਵਨ ਵਿਚ ਸਦ-ਬਸੰਤ ਵਰਤ ਜਾਂਦੀ ਹੈ ।

ਹੁਣ ਤਕ ਅਸਾਂ ਉਸ ਪ੍ਰਮਾਤਮਾ ਦੇ ਨਿਰਗੁਣ ਤੇ ਸਰਗੁਣ ਦੋਹਾਂ ਰੂਪਾਂ ਦਾ ਕੁਝ ਕੁ ਤਸੱਵਰ ਕਰ ਲਿਆ ਹੈ । ਇਹ ਗੱਲ ਸਮਝਣੀ ਕਿਸੇ ਲਈ ਵੀ ਮੁਸ਼ਕਿਲ ਨਹੀਂ ਕਿ ਉਸ ਦੇ ਸਰਗੁਣ ਸਰੂਪ ਵਿਚ ਮਨ ਦਾ ਟਿਕਾਣਾ ਆਸਾਨ ਹੈ । ਮਨ ਤਾਂ ਇਹ ਕੋਈ ਠੋਸ ਚੀਜ਼ ਮੰਗਦਾ ਹੈ । ਜਿਸ ਆਦਮੀ ਨੇ ਕਦੇ ਰਾਗ ਦੀਆਂ ਵੱਖ ਵੱਖ ਸੁਰਾਂ ਨੂੰ ਸਪੱਸ਼ਟ ਸੁਣਿਆਂ ਨਹੀਂ ਉਸ ਨੂੰ ਰਾਗ ਦਾ ਤਸੱਵਰ ਨਹੀਂ ਹੋ ਸਕਦਾ । ਜਿਸ ਅੱਖ ਨੇ ਕਦੇ ਲਾਲ, ਚਿੱਟਾ, ਕਾਲਾ, ਪੀਲਾ ਆਦਿਕ ਰੰਗ ਵੇਖਿਆ ਨਹੀਂ, ਉਸ ਲਈ ਰੰਗ ਦਾ ਫ਼ਰਕ ਕੋਈ ਅਰਥ ਨਹੀਂ ਰੱਖਦਾ । ਗੁਰੂ ਸਾਹਿਬ ਨੂੰ ਇਸ ਮਨੁੱਖੀ ਮਜਬੂਰੀ ਦਾ ਪਤਾ ਹੈ । ਇਸੇ ਕਾਰਨ ਗੁਰੂ ਰਾਮਦਾਸ ਜੀ ਰਾਗ ਸੋਰਠ ਵਿਚ ਇਉਂ ਕਹਿੰਦੇ ਹਨ :-

"ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥
ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥
ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥"

(ਸੋਰਠ ਵਾਰ ਮਹਲਾ ੪)ਅੰਗ ੬੪੪

ਅਰਥਾਤ "ਉਹ ਪ੍ਰਮਾਤਮਾ ਸਮਝ ਤੋਂ ਪਰੇ ਹੈ, ਦੱਸੋ, ਕਿਸ ਬਿਧੀ ਨਾਲ ਉਸ ਨੂੰ ਪ੍ਰਾਪਤ ਕੀਤਾ ਜਾਏ ? ਉਸ ਦਾ ਰੂਪ, ਰੇਖ ਨਹੀਂ ਤੇ ਨਾ ਉਹ ਦਿੱਸਦਾ ਹੈ, ਫਿਰ ਉਸ ਨੂੰ ਕਿਵੇਂ ਕੋਈ ਧਿਆਏ ? ਉਹ ਪਵਿਤ੍ਰ ਪਾਰਬ੍ਰਹਮ ਨਿਰਅਕਾਰ ਹੈ ਤੇ ਸਮਝ ਤੋਂ ਪਰੇ ਹੈ ਤੇ ਕਿਨ੍ਹਾਂ ਗੁਣਾਂ ਰਾਹੀਂ ਉਸ ਨੂੰ ਗਾਇਆ ਜਾਏ ?"

ਇਸ ਮਜਬੂਰੀ ਦੇ ਕਾਰਨ ਉਸ ਨੂੰ ਕੋਈ ਨਾਮ ਦੇਣਾ ਪੈਂਦਾ ਹੈ । ਪਰ ਜਿਵੇਂ ਅਸਾਂ ਅਗੇ ਵਿਚਾਰਿਆ ਹੈ ਨਾਮ ਸਾਰੇ ਹੀ ਉਸ ਦੇ ਆਪਣੇ ਨਾਮ ਹਨ ।

ਸਾਰਾ ਸੰਸਾਰ ਉਸ ਦਾ ਰੂਪ ਹੈ ਤੇ ਓਸੇ ਦੀ ਮਹਿਮਾ ਦਾ ਇਕ ਤਰ੍ਹਾਂ ਵਰਤਣ ਹੈ, ਭਾਵੇਂ ਨਾਵਾਂ ਦੀ ਕੈਦ ਤੋਂ ਉਹ ਫਿਰ ਵੀ ਪਰੇ ਹੈ ।

"ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥"

(ਗੁਰੂ ਨਾਨਕ, ਜਪੁ ਜੀ) ਅੰਗ ੪



ਅਰਥਾਤ "ਜਿਸ ਨੇ ਇਹ ਸਾਰੇ ਨਾਮ ਲਿਖੇ (ਬਣਾਏ) ਹਨ ਉਹ ਆਪਣੇ ਇਹਨਾਂ ਨਾਵਾਂ ਤੋਂ ਪਰੇ ਹੈ ।"

"ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥੨॥"

(ਗਉੜੀ ਬਾਵਨ ਅਖਰੀ ਕਬੀਰ ਜੀ) ਅੰਗ ੩੪੦

ਅਰਥਾਤ "ਤਿੰਨਾਂ ਲੋਕਾਂ ਅੰਦਰ ਜੋ ਕੁਝ ਵੀ ਹੈ ਉਹ ਅੱਖਰਾਂ ਵਿਚ ਆ ਜਾਂਦਾ ਹੈ ਭਾਵ ਉਸ ਨੂੰ ਅੱਖਰਾਂ ਰਾਹੀਂ ਦੱਸਿਆ ਜਾ ਸਕਦਾ ਹੈ ਪਰ ਇਹਨਾਂ ਅੱਖਰਾਂ ਵਿਚ ਆਇਆ ਸਭ ਕੁਝ ਨਾਸਵੰਤ ਹੈ । ਅਬਿਨਾਸੀ ਕੇਵਲ ਉਹ ਆਪ ਹੈ ਤੇ ਉਹ ਅੱਖਰਾਂ ਦੀ ਕੈਦ ਵਿਚ ਵੀ ਨਹੀਂ ਹੈ । ਇਸ ਲਈ ਨਾਮ ਕੋਈ ਵਰਤਿਆ ਜਾਏ ਗ੍ਰਹਿਣ ਉਹ ਹੋਣਾ ਚਾਹੀਦਾ ਹੈ । ਸਭ ਨਾਲ ਇਕੋ ਜੇਹੀ ਮਹਾਨਤਾ ਰੱਖਦੇ ਹਨ ਕਿਉਂਕਿ ਇਹਨਾਂ ਨੂੰ ਸਦਾ ਸਹਾਰੇ ਜਾਂ ਚਿੰਨ੍ਹ ਦੇ ਤੌਰ 'ਤੇ ਹੀ ਵਰਤਣਾ ਹੁੰਦਾ ਹੈ । ਅੱਖਰਾਂ ਦੀ ਆਪਣੇ ਆਪ ਵਿਚ ਕੋਈ ਵਿਸ਼ੇਸ਼ਤਾ ਨਹੀਂ ਹੁੰਦੀ ।

ਹਾਂ, ਸਮਾਂ ਪਾ ਕੇ ਕਿਸੇ ਇਕ ਨਾਮ ਨੂੰ ਲਗਾਤਾਰ ਵਰਤਣ ਦੇ ਕਾਰਨ ਉਸ ਨਾਮ ਦੀ ਆਪਣੀ ਅਹਿਮੀਅਤ ਹੋ ਜਾਂਦੀ ਹੈ, ਕਿਉਂਕਿ ਇਹ ਨਾਮ ਪ੍ਰੇਰਨਾ ਦੇਣ ਲਈ ਬਹੁਤਾ ਗੁਣਕਾਰੀ ਸਾਬਤ ਹੋ ਜਾਂਦਾ ਹੈ ; ਜਿਵੇਂ ਲੰਮੇ ਸਮੇਂ ਤੋਂ ਸਿੱਖ ਬਜ਼ੁਰਗ, ਹਠੀ, ਜਪੀ, 'ਵਾਹਿਗੁਰੂ' ਸ਼ਬਦ ਨੂੰ ਪ੍ਰੇਰਨਾ ਲਈ ਵਰਤਦੇ ਆਏ ਹਨ । ਇਹ ਉਹਨਾਂ ਨੂੰ ਮਨ ਦੀ ਵਿਸਮਾਦ ਤੇ ਅਨੰਦ-ਭਰੀ ਹਾਲਤ ਨੂੰ ਬਿਆਨ ਕਰਨ ਲਈ ਚੰਗਾ ਲੱਗਦਾ ਸੀ ।

ਖ਼ੈਰ, ਨਾਮ ਕੁਝ ਵੀ ਹੋਵੇ ਇਸ ਨੇ ਤਾਂ ਕੇਵਲ ਮਨ ਦਾ ਸਹਾਰਾ ਬਣ ਕੇ ਹਰਕਤ ਵਿਚ ਲਿਆਣਾ ਹੈ ਤੇ ਪਰਮਾਤਮਾ ਨਾਲ ਜੋੜਨ ਦਾ ਇਕ ਵਸੀਲਾ ਬਣਨਾ ਹੈ । ਜਿਵੇਂ ਰੇਖਾ ਗਣਿਤ ਅਨੁਸਾਰ ਰੇਖਾ ਦੀ ਭਾਵੇਂ ਕੋਈ ਮੋਟਾਈ ਜਾਂ ਚੌੜਾਈ ਨਹੀਂ ਹੁੰਦੀ ਤੇ ਇਸ ਕਾਰਨ ਇਹ ਖਿੱਚੀ ਵੀ ਨਹੀਂ ਜਾ ਸਕਦੀ; ਪਰ ਫਿਰ ਵੀ ਸਮਝਣ ਸਮਝਾਣ ਲਈ ਇਸ ਨੂੰ ਖਿੱਚਿਆ ਜਾਂਦਾ ਹੈ, ਤਿਵੇਂ ਹੀ ਵਾਹਿਗੁਰੂ ਦਾ ਭਾਵੇਂ ਕੋਈ ਨਾਮ ਨਹੀਂ ਫਿਰ ਵੀ ਮਨ ਲਈ ਸਹਾਰੇ ਦੇ ਤੌਰ 'ਤੇ ਇਸ ਨੂੰ ਕੋਈ ਨਾਮ ਦੇਣਾ ਪੈਂਦਾ ਹੈ । ਏਥੇ ਹੀ ਬੱਸ ਨਹੀਂ, ਕਈ ਪੁਰਾਤਨ ਬਜ਼ੁਰਗਾਂ ਨੇ ਨਾਮ ਤੋਂ ਇਲਾਵਾ ਉਸ ਹਰੀ ਨੂੰ ਰੂਪ ਵੀ ਦਿੱਤਾ ਹੈ, ਜਿਸ ਤੋਂ ਸਹਿਜੇ ਸਹਿਜੇ ਬੁੱਤ ਪੂਜਾ ਨੇ ਜਨਮ ਲੈ ਲਿਆ ਸੀ । ਲੋੜ ਤਾਂ ਨਾਮ

ਤੇ ਰੂਪ ਦੋਹਾਂ ਦੀ ਕੈਦ ਤੋਂ ਨਿਕਲ ਕੇ ਸਰਬ-ਵਿਆਪਕ ਹਰੀ ਵਿਚ ਲੀਨ ਹੋਣ ਦੀ ਹੁੰਦੀ ਹੈ ਪਰ ਦੁਨੀਆਂ ਨਾਮ ਜਾਂ ਰੂਪ ਨੂੰ ਹੀ ਸਭ ਕੁਝ ਸਮਝ ਲੈਂਦੀ ਹੈ । ਜੋ ਸਹਾਰੇ ਦੇ ਤੋਰ 'ਤੇ ਲਿਆ ਜਾਣਾ ਸੀ ਉਸ ਨੂੰ ਹੀ ਸਰਬ ਸਮਰਥ ਲਿਆ ਜਾਂਦਾ ਹੈ। ਇਗ ਹੱਲ ਭੁੱਲ ਹੀ ਜਾਂਦੀ ਹੈ ਕਿ ਜੋ ਚੀਜ਼, ਅੱਖ, ਨੱਕ, ਜਾਂ ਕੰਨ ਆਦਿਕ ਦਾ ਵਿਸ਼ਾ ਹੈ, ਉਹ ਰੱਬ ਨਹੀਂ ਹੋ ਸਕਦਾ । ਉਹ ਤਾਂ ਬੁਤ ਪੂਜਾ ਹੋਈ, ਕਿਸੇ ਨੇ ਰੂਪ ਦੀ ਕਰ ਲਈ ਤੇ ਕਿਸੇ ਨੇ ਨਾਮ ਦੀ ।

ਮਹਾਰਾਜ ਉਸ ਨੂੰ ਪੁਰਖ (Person) ਸਮਝਦੇ ਹਨ ਤੇ ਨਾਮ ਵੀ ਦੇਂਦੇ ਹਨ । ਉਹਨਾਂ ਦਾ ਮਨੋਰਥ ਇਹ ਹੈ ਕਿ ਸਰੀਰਧਾਰੀ ਆਤਮਾ ਲਈ ਨਿਰਗੁਣ ਦੀ ਥਾਂ ਸਰਗੁਣ ਬ੍ਰਹਮ ਨੂੰ ਪੂਜਾ ਦਾ ਵਿਸ਼ਾ ਬਣਾਇਆ ਜਾਵੇ ਤਾਂ ਜੋ ਸਿਮਰਨ ਦੇ ਸਾਰੇ ਅਮਲ ਵਿਚ ਆਸਾਨੀ ਹੋ ਕੇ ਸ਼ਕਤੀ ਆ ਜਾਏ । ਇਸ ਅਮਲ ਨੂੰ ਭਗਤੀ ਕਹਿੰਦੇ ਹਨ ਜੋ ਨਾਮ ਸਿਮਰਨ ਦਾ ਬਹੁਤ ਵੱਡਾ ਅੰਗ ਹੈ ਤੇ ਜੋ ਡੂੰਘੇ ਪਿਆਰ, ਨਿਸ਼ਚੇ, ਡੂੰਘੀ ਭਾਵਨਾ ਤੇ ਸ਼ਰਧਾ ਨਾਲ ਕੀਤਾ ਜਾਣਾ ਹੁੰਦਾ ਹੈ ਤਾਂ ਜੋ ਮਨ ਕਿਸੇ ਉਚੇਰੀ ਜਜ਼ਬਾਤੀ ਆਤਮਕ ਹਾਲਤ ਵਿਚ ਪੁੱਜ ਜਾਏ ਤੇ ਆਪਣੀ ਸਾਰੀ ਮੈਲ ਧੋ ਦੇਵੇ । ਪਿਆਰ, ਸ਼ਰਧਾ ਤੇ ਭਾਵਨਾ ਵਿਚ ਬੇ-ਹੱਦ ਤਾਕਤ ਮੌਜੂਦ ਹੈ ਅਤੇ ਇਹੋ ਸਿਮਰਨ ਦੀ ਬੁਨਿਆਦ ਹਨ । ਨਾਮ ਦਾ ਪਿਆਰ ਇਕ ਵਸੀਲਾ ਹੈ ਉਸ ਪਾਰਬ੍ਰਹਮ ਨਾਲ ਇਕਸੁਰ ਹੋਣ ਦਾ ਜਾਂ ਉਸ ਵਿਚ ਇੰਜ ਲੀਨ ਹੋਣ ਦਾ ਜਿੱਥੇ ਪੁਜ ਕੇ ਅੰਤ ਨੂੰ ਦਵੈਤ ਭਾਵ ਖ਼ਤਮ ਹੋ ਜਾਂਦਾ ਹੈ । ਇਸ ਨੂੰ ਮਿਲਾਪ ਕਹਿੰਦੇ ਹਨ । ਇਹ ਇਕ ਉੱਚੀ ਆਤਮਕ ਹਾਲਤ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਮਨ ਦੀ ਸ਼ਾਂਤੀ, ਸ਼ਰਧਾ ਤੇ ਪਵਿੱਤ੍ਰਤਾ ਬਹੁਤ ਸਹਾਇਕ ਹੁੰਦੇ ਹਨ ।

ਪਰ ਨਾਮ ਸਿਮਰਨ ਜਾਂ ਨਾਮ ਜਪਣ ਦੇ ਇਸ ਭਾਵ ਨੂੰ ਠੀਕ ਸਮਝਣ ਤੋਂ ਬਿਨਾਂ ਉਹ ਫਲ ਪ੍ਰਾਪਤ ਨਹੀਂ ਹੋ ਸਕਦੇ ਜਿਨ੍ਹਾਂ ਦੇ ਪ੍ਰਾਪਤ ਹੋਣ ਦਾ ਦਾਅਵਾ ਮਹਾਰਾਜ ਕਰਦੇ ਹਨ । ਅਸੀਂ ਵੇਖਿਆ ਹੈ ਕਿ ਸ਼ਬਦ 'ਨਾਮ' ਨੂੰ ਗ਼ਲਤ ਰੰਗ ਵਿਚ ਲਿਆ ਜਾਂਦਾ ਹੈ । ਐਨ ਉਸੇ ਤਰ੍ਹਾਂ 'ਜਪਣ' ਜਾਂ 'ਸਿਮਰਨ' ਨੂੰ ਵੀ ਨਿਰਾ-ਪੁਰਾ ਬਾਰ ਬਾਰ ਉਚਾਰਨ ਜਾਂ ਦੁਹਰਾਣਾ ਸਮਝ ਲਿਆ ਜਾਂਦਾ ਹੈ । 'ਸਿਮਰ' ਸ਼ਬਦ ਦਾ ਲਫ਼ਜ਼ੀ ਅਰਥ 'ਯਾਦ ਕਰਨਾ' ਹੈ ਤੇ 'ਜਪਣ' ਦਾ ਇਕ ਅਰਥ 'ਉਚਾਰਨ' ਵੀ ਹੈ ਪਰ ਉਚਾਰਨ ਨਿਰਾ ਲਫ਼ਜ਼ੀ ਉਚਾਰਨ ਨਹੀਂ, ਇਸ ਨੂੰ ਚੌੜੇ ਅਰਥਾਂ ਵਿਚ ਲੈਣਾ ਹੈ । ਜਪੁ ਜੀ ਸਾਹਿਬ ਵਰਗੀ ਫ਼ਲਸਫ਼ੇ ਭਰੀ ਬਾਣੀ ਦਾ ਨਾਮ ਹੀ ਜਪੁ ਹੈ । ਦਸਮ-ਪਾਤਿਸ਼ਾਹ ਨੇ



ਵੀ ਪ੍ਰਮਾਤਮਾ ਦੇ ਬੇਅੰਤ ਗੁਣ ਤੇ ਸਿਫ਼ਤਾਂ ਨੂੰ ਇਕ ਬਾਣੀ 'ਜਾਪੁ ਸਾਹਿਬ' ਰਾਹੀਂ ਬਿਆਨ ਕੀਤਾ ਹੈ। ਇਹ ਦੋਵੇਂ ਬਾਣੀਆਂ ਬੜੀਆਂ ਵਿਚਾਰ ਕੇ ਪੜ੍ਹੀਆਂ ਜਾਣ ਵਾਲੀਆਂ ਹਨ। ਇਸ ਤੋਂ ਪ੍ਰਗਟ ਹੈ ਕਿ ਜਪ ਨਿਰਾ ਦੁਹਾਂਰਾਨਾ ਨਹੀਂ ਹੋ ਸਕਦਾ । ਜਪ ਦਾ ਅਰਥ 'ਧਿਆਨ ਧਰਨਾ' ਵੀ ਹੈ ; ਜਿਵੇਂ ਗੁਰੂ ਅਰਜਨ ਦੇਵ ਜੀ ਦੇ ਗਉੜੀ ਵਿਚ ਆਏ ਇਹ ਬਚਨ ਦੱਸਦੇ ਹਨ :-

"ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥"

(ਗਉੜੀ ਸੁਖਮਨੀ ਮਹਲਾ ੫) ਅੰਗ ੨੯੮

ਅਰਥਾਤ "ਨਾਨਕ ਹਰੀ ਦੇ ਚਰਨਾਂ ਦਾ ਧਿਆਨ ਧਰ ਕੇ ਜੀਵ ਜਿਊਂਦਾ ਹੈ ।"

ਇਸ ਤੋਂ ਸਿੱਧ ਹੈ ਕਿ ਜਪ ਦਾ ਅਰਥ ਉਚਾਰਨਾ, ਧਿਆਨ ਜੋੜਨਾ, ਵਿਚਾਰਨਾ ਤੇ ਮਨ ਵਿਚ ਪਿਆਰ ਨਾਲ ਹਰੀ ਦੇ ਗੁਣਾਂ ਨੂੰ ਵਸਾਣਾ ਆਦਿਕ ਸਭ ਕੁਝ ਹੈ । ਇਸ ਲਈ ਨਾਮ ਜਪਣਾ ਨਿਰਾ ਕਿਸੇ ਇਕ ਲਫ਼ਜ਼ ਨੂੰ ਬਾਰ ਬਾਰ ਦੁਹਰਾਣਾ ਨਹੀਂ ਤੇ ਨਾ ਹੀ ਉਸ ਲਫਜ਼ ਦੇ ਅੱਖਰਾਂ ਵਿਚ ਧਿਆਨ ਧਰਨਾ ਜਾਂ ਕਿਸੇ ਸ਼ਕਲ ਤੇ ਆਕਾਰ ਵਿਚ ਮਨ ਟਿਕਾਣਾ ਹੈ । ਇਹ ਖ਼ਿਆਲ ਬੜੇ ਭੁਲੇਖੇ ਦਾ ਕਾਰਨ ਬਣਿਆ ਹੋਇਆ ਹੈ । ਸਮਝਿਆ ਇਹ ਜਾਂਦਾ ਹੈ ਕਿ ਧਿਆਨ ਕਿਸੇ ਆਕਾਰ ਵਿਚ ਹੀ ਧਰਿਆ ਜਾ ਸਕਦਾ ਹੈ । ਅਸਲ ਗੱਲ ਸਗੋਂ ਇਹ ਹੈ ਕਿ ਅਤੁੱਟ ਸਮਾਧੀ ਵਿਚ ਗਿਆਨ ਨਿਰਅਕਾਰ ਹੋ ਜਾਂਦਾ ਹੈ। ਨੱਕ, ਮੂੰਹ ਦਾ ਧਿਆਨ ਆਰੰਭ ਵਿਚ ਸ਼ਾਇਦ ਸਹਾਰੇ ਦੇ ਤੌਰ 'ਤੇ ਪ੍ਰਵਾਨ ਵੀ ਕੀਤਾ ਜਾ ਸਕਦਾ ਹੋਵੇ ਪਰ ਅੰਤਮ ਰੂਪ ਵਿਚ ਇਸ ਧਿਆਨ ਦਾ ਪ੍ਰਯੋਜਨ ਕੀ ਹੋਇਆ ? ਇਸ ਧਿਆਨ ਵਿਚੋਂ ਕੀ ਕੱਢਿਆ ਜਾ ਸਕਦਾ ਹੈ ? ਅਸਲ ਤੇ ਵਿਸ਼ੇਸ਼ ਧਿਆਨ, ਗੁਣ, ਕਰਮ ਤੇ ਸੁਭਾਉ ਦਾ ਹੀ ਹੁੰਦਾ ਹੈ । ਇਸ ਨੇ ਹੀ ਬੁਰਾਈਆਂ ਕੱਟ ਕੇ ਤੇ ਨੀਂਵੀ ਪੱਧਰ ਤੋਂ ਚੁਕ ਕੇ ਅਸਮਾਨੀ ਪੱਧਰ ਤੇ ਲੈ ਜਾਣ ਦੀ ਸ਼ਕਤੀ ਦੇਣੀ ਹੈ । ਮਿਸਾਲ ਦੇ ਤੌਰ 'ਤੇ ਵੇਖੋ ਕਿ ਗੁਰੂ ਨਾਨਕ ਜੀ ਦੇ ਦਰਸ਼ਨ ਹੁਣ ਦੇਹਧਾਰੀ ਦੇ ਰੂਪ ਵਿਚ ਨਹੀਂ ਹੋ ਸਕਦੇ ਪਰ ਕੀ ਉਹਨਾਂ ਦੇ ਪ੍ਰੇਮੀ ਉਹਨਾਂ ਦਾ ਨਾਮ ਉਚਾਰਨ ਕਿਸੇ ਬੇਹੱਦ ਡੂੰਘੀ ਸ਼ਰਧਾ ਤੇ ਪ੍ਰੇਮ ਨਾਲ ਅਜੇ ਵੀ ਨਹੀਂ ਕਰਦੇ ? ਸ਼ਰਧਾਵਾਨ ਲੋਕਾਂ ਦੀ ਸ਼ਰਧਾ, ਭਗਤੀ ਤੇ ਪ੍ਰੇਮ ਗੁਰੂ ਸਾਹਿਬ ਦੇ ਗੁਣਾਂ ਤੇ ਵਡਿਆਈਆਂ ਦੇ ਕਾਰਨ ਹੁੰਦੀ ਹੈ ਨਾ ਕਿ ਉਹਨਾਂ ਦੇ ਸਰੀਰ ਦੀ ਬਣਤਰ ਦੇ ਕਾਰਣ । ਗਾਂਧੀ ਜੀ ਦੀ ਸਰੀਰਕ ਬਣਤਰ ਏਨੀ

ਮਾਮੂਲੀ ਸੀ ਕਿ ਉਸ ਤੋਂ ਕਿਸੇ ਨੂੰ ਕੋਈ ਵੀ ਖਿੱਚ ਪੈਦਾ ਨਹੀਂ ਹੋ ਸਕਦੀ ਸੀ, ਪਰ ਉਨ੍ਹਾਂ ਦੇ ਗੁਣਾਂ ਦੇ ਕਾਰਨ ਉਹਨਾਂ ਦੇ ਸ਼ਰਧਾਲੂ ਉਹਨਾਂ ਦੀ ਪੂਜਾ ਤਕ ਕਰਦੇ ਹਨ । ਇਹ ਖ਼ਿਆਲ ਕਿ ਪੂਜਾ ਸਦਾ ਗੁਣਾਂ ਦੀ ਹੁੰਦੀ ਹੈ, ਬਾਣੀ ਦੁਆਰਾ ਚੰਗੀ ਤਰ੍ਹਾਂ ਇਉਂ ਸਮਝਾਇਆ ਗਿਆ ਹੈ :-

"ਬਿਨੁ ਦੇਖੇ ਉਪਜੈ ਨਹੀ ਆਸਾ ॥
ਜੋ ਦੀਸੈ ਸੋ ਹੋਇ ਬਿਨਾਸਾ ॥
ਬਰਨ ਸਹਿਤ ਜੋ ਜਾਪੈ ਨਾਮੁ ॥
ਸੋ ਜੋਗੀ ਕੇਵਲ ਨਿਹਕਾਮੁ ॥

(ਭੈਰਉ ਰਵਿਦਾਸ ਜੀ) ਅੰਗ ੧੧੬੭

ਅਰਥਾਤ "ਹਰੀ ਨੂੰ ਦੇਖਣ ਤੋਂ ਬਿਨਾਂ ਉਸ ਨੂੰ ਮਿਲਣ ਦੀ ਆਸਾ ਪੈਦਾ ਨਹੀਂ ਹੁੰਦੀ ਤੇ ਜੋ ਦਿਸਦਾ ਹੈ ਉਹ ਨਾਸ਼ਵੰਤ ਹੈ (ਸੋ ਹਰੀ ਵਿਚ ਧਿਆਨ ਜੋੜਨ ਦਾ ਕੀ ਤਰੀਕਾ ਹੋਇਆ ? ਉੱਤਰ ਇਹ ਹੈ, ਉਸ ਦੀ ਗੁਣਾਂ ਦੀ ਸਿਫ਼ਤ ਸਲਾਹ ਦਵਾਰਾ) । ਬਚਨ (ਵਰਨਣ ਅਰਥਾਤ ਸਿਫਤ ਸਲਾਹ) ਦਵਾਰਾ ਜੋ ਨਾਮ ਜਪਦਾ ਹੈ ਉਹ ਜੋਗੀ (ਉਸ ਨਾਲ ਜੁੜਿਆ ਹੋਇਆ) ਹੈ ਤੇ ਓਹੋ ਜੋਗੀ ਕੇਵਲ ਸ਼ੁੱਧ ਤੇ ਨਿਸ਼ਕਾਮ ਹੈ ।"

ਇਸ ਦਾ ਭਾਵ ਹੈ ਕਿ ਉਸ ਗੁਣੀ ਦੇ ਗੁਣ ਜਪਿਆਂ ਉਸ ਗੁਣੀ ਨਾਲ ਇਕ ਸੁਰ ਹੋਈਦਾ ਹੈ ਜਾਂ ਉਸ ਨਾਲ ਅਭੇਦ ਹੋਣ ਦਾ ਰਾਹ ਖੁੱਲ੍ਹਦਾ ਹੈ। ਗੁਰੂ ਅਮਰਦਾਸ ਕਹਿੰਦੇ ਹਨ :

ਗੁਣ ਕਹਿ ਗੁਣੀ ਸਮਾਵਣਿਆ ॥" (ਮਾਝ ਮਹਲਾ ੩)

ਅਰਥਾਤ-"ਹਰੀ ਦੇ ਗੁਣਾਂ ਦੀ ਸਿਫ਼ਤ ਸਲਾਹ ਦਵਾਰਾ ਗੁਣੀ ਵਿਚ ਸਮਾਈਦਾ ਹੈ ।"

ਹੋਰ :

"ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥੨॥"

(ਮਾਝ ਕੀ ਵਾਰ ਮਹਲਾ ੧) ਅੰਗ ੧੪੭

ਅਰਥਾਤ "ਭੁਖਾ ਜੀਵ ਤਾਂ ਰਜਦਾ ਹੈ ਜੇ ਉਹ ਉਸ ਵਾਹਿਗੁਰੂ ਦੇ ਗੁਣਾਂ ਦੀ ਸਿਫ਼ਤ ਸਲਾਹ ਨਾਲ ਗੁਣੀ ਵਿਚ ਲੀਨ ਹੋ ਜਾਏ ।"



ਅਜੇਹੇ ਬਚਨ ਹੀ ਗੁਰੂ ਰਾਮਦਾਸ ਜੀ ਦੇ ਹਨ :

ਗੁਨ ਕਹੁ ਹਰਿ ਲਹੁ...॥"(ਧਨਾਸਰੀ ਮਹਲਾ ੪) ਅੰਗ ੬੬੯

ਅਰਥਾਤ "ਹਰੀ ਦੀ ਸਿਫ਼ਤ ਸਲਾਹ ਨਾਲ ਉਸ ਦੀ ਪ੍ਰਾਪਤੀ ਕਰ ਲਓ ।"

ਉਸ ਵਾਹਿਗੁਰੂ ਨੂੰ ਜੋ ਸਾਰੇ ਵਰਤ ਰਿਹਾ ਹੈ ਤੇ ਵਿਸ਼ੇਸ਼ ਰੂਪ ਵਿਚ ਹਰ ਮਨੁੱਖ ਦੇ ਆਪਣੇ ਅੰਦਰ ਹੀ ਵਰਤ ਰਿਹਾ ਹੈ ਤੇ ਸਭ ਗੁਣ ਤੇ ਚੰਗਿਆਈਆਂ ਦਾ ਸੋਮਾ ਹੈ, ਜਪਿਆ ਜਾਣਾ ਹੈ। ਇਹ ਗੁਣ ਤੇ ਚੰਗਿਆਈਆਂ, ਗੁਰੂ ਦੇ ਸ਼ਬਦ ਰਾਹੀਂ ਨਿਰੂਪਣ ਕੀਤੀਆਂ ਹੁੰਦੀਆਂ ਹਨ, ਇਸ ਲਈ ਸ਼ਬਦ ਦੀ ਕਮਾਈ ਵੀ ਨਾਮ ਸਿਮਰਨ ਦਾ ਹੀ ਅੰਗ ਹੋ ਜਾਂਦਾ ਹੈ, ਅਰਥਾਤ ਸ਼ਬਦ ਤੇ ਨਾਮ ਇਕ ਹੋ ਜਾਂਦੇ ਹਨ । ਨਾਮ ਜਪ ਕੇ ਨਾਮੀ ਦੇ ਗੁਣ, ਕਰਮ ਤੇ ਸੁਭਾਉ ਨੂੰ ਆਪਣੇ ਅੰਦਰ ਵਸਾਣਾ ਹੈ ਤੇ ਫਿਰ ਇਸ ਹਾਲਤ ਨੂੰ ਪਕਾਣਾ ਹੈ ਤੇ ਪ੍ਰਫੁੱਲਤ ਕਰਨਾ ਹੈ । ਇਹ ਇਕ ਤਰ੍ਹਾਂ ਨਾਮ ਨੂੰ ਉਪਜਾਣਾ ਹੈ, ਜੋ ਸ਼ਬਦ ਦੀ ਕਮਾਈ ਰਾਹੀਂ ਕੀਤਾ ਜਾਣਾ ਹੈ । ਇਹੋ ਵਿਚਾਰ ਆਰੰਭ ਦੇ ਸ਼ਬਦ ਵਿਚ ਵੀ ਇਉਂ ਦੱਸੀ ਗਈ ਸੀ :

"ਸਬਦੇ ਹੀ ਨਾਉ ਊਪਜੈ...॥" (ਸੋਰਠਿ ਵਾਰ ਮਹਲਾ ੪) ਅੰਗ ੬੪੪

ਅਰਥਾਤ "ਸ਼ਬਦ ਤੋਂ ਹੀ ਨਾਉਂ ਉਪਜਦਾ ਹੈ।"

ਹੁਣ ਉਸ ਪਾਰਬ੍ਰਹਮ ਪੁਰਖ ਦਾ ਸਰੂਪ ਇਹ ਹੈ ਕਿ ਉਹ ਸੱਚ ਹੈ ਪ੍ਰੇਮ ਦਾ ਸਮੁੰਦਰ ਹੈ, ਬਖਸ਼ਿੰਦ ਹੈ, ਖ਼ਿਮਾ ਤੇ ਧੀਰਜ ਦਾ ਪੁੰਜ ਹੈ, ਕਰਤਾ ਪੁਰਖ ਹੈ, ਨਿਰਭਉ ਤੇ ਨਿਰਵੈਰ ਹੈ ਅਤੇ ਅਨੰਦ ਸਰੂਪ ਹੋਣ ਕਰਕੇ ਸਭ ਸੁਖਾਂ ਦਾ ਸੋਮਾ ਹੈ, ਇਤਿਆਦਿਕ । ਅਜਿਹੇ ਪ੍ਰਮਾਤਮਾ ਦੇ ਗੁਣ ਤੇ ਵਡਿਆਈਆਂ ਵਿਚੋਂ ਕਿਸੇ ਇਕ ਦਾ ਧਿਆਨ ਧਰਨਾ ਜਾਂ ਸਮੁੱਚੇ ਉਸ ਸਰਬ ਸ਼ਕਤੀਮਾਨ ਬ੍ਰਹਮ ਦਾ ਧਿਆਨ ਧਰਨਾ ਤੇ ਬਾਰ ਬਾਰ ਜਪ ਕੇ ਇਸ ਧਿਆਨ ਨੂੰ ਪਕਾਣਾ, ਇਹ ਨਾਮ ਜਪਣਾ ਹੈ । ਇਹ ਸਿਮਰਨ ਹੈ ਜਿਸ ਨਾਲ ਮਨੁੱਖ ਆਪਣੇ ਆਪੇ ਦੀ ਆਤਮਾ ਦੀ ਪਛਾਣ ਕਰ ਲੈਂਦਾ ਹੈ । ਇਹੋ ਹਰੀ ਦੀ ਪਛਾਣ ਹੈ, ਕਿਉਂਕਿ ਉਹ ਆਤਮਾ ਉਸ ਬ੍ਰਹਮ ਦਾ ਹੀ ਰੂਪ ਹੈ । ਕਿਸੇ ਉਚੇਰੀ ਮਾਨਸਿਕ ਤੇ ਆਤਮਕ ਹਾਲਤ ਵਿਚ ਜਾ ਕੇ ਉਹ ਆਪਣਾ ਅਸਲ ਆਪ ਵੇਖਦਾ ਹੈ ਜਾਂ ਆਪਣੀ ਜੋਤ ਜਗਮਗ ਕਰ ਲੈਂਦਾ ਹੈ ਤੇ ਇਸ ਤ੍ਰਰ੍ਹਾਂ ਹਰੀ ਹੋ ਜਾਂਦਾ ਹੈ। ਇਸੇ ਨੂੰ ਹਰੀ ਦੀ ਪ੍ਰਾਪਤੀ ਕਹਿੰਦੇ ਹਨ । ਗੁਰਬਾਣੀ

ਵਿਚ ਥਾਂ ਥਾਂ ਇਸ ਨੂੰ ਧਨ ਪਿਰ ਦੇ ਮੇਲ ਨਾਲ ਉਪਮਾ ਦਿੱਤੀ ਹੈ । ਆਤਮਕ ਮੇਲ ਨੂੰ ਬਿਆਨ ਕਰਨ ਦਾ ਇਹ ਇਕ ਅਲੰਕਾਰਕ ਢੰਗ ਹੈ । ਇਸ ਮੇਲ ਵਿਚ ਆਤਮਾ ਤੇ ਪ੍ਰਮਾਤਮਾ ਇਕ ਹੋ ਗਏ ਹਨ, ਅਰਥਾਤ ਆਤਮਾ ਨੂੰ ਹਰੀ ਦਾ ਮੇਲ ਹੋਇਆ ਹੈ । ਤਦੋਂ ਦੁਨੀਆਂ ਦੀ ਸਾਰੀ ਖੇਡ ਉਸ ਪ੍ਰਮਾਤਮਾ ਦੀ ਖੇਡ ਹੋ ਕੇ ਦਿਸਦੀ ਹੈ ਤੇ ਦੂਈ ਜਾਂ ਹਉਮੈਂ ਪੂਰਨ ਤੌਰ 'ਤੇ ਮਿਟ ਜਾਦੀ ਹੈ। ਇਸ ਤਰ੍ਹਾਂ ਬ੍ਰਹਮ ਹੀ ਬ੍ਰਹਮ ਦਾ ਨਜ਼ਰ ਆਣਾ ਤੇ ਆਪਣੇ ਨੀਵੇਂ ਆਪੇ ਦਾ ਪੂਰਨ ਅਭਾਵ ਹੋ ਜਾਣਾ ਇਕ ਅਨੰਦ ਭਰੀ ਤੇ ਅਸਚਰਜ ਆਤਮਕ ਹਾਲਤ ਬਣ ਜਾਂਦੀ ਹੈ ।

ਨਾਮ ਸਿਮਰਨ ਨੇ ਚਾਨਣਾ ਦੇ ਕੇ ਉੱਚੀ ਸੁਰਤ ਵਿਚ ਲੈ ਜਾ ਕੇ ਇਹ ਹਾਲਤ ਪੈਦਾ ਕਰਨੀ ਹੈ। ਸਿਮਰਨ ਇਕ ਵਸੀਲਾ ਹੈ ਸਾਡੀਆਂ ਸੁਤੀਆਂ ਆਤਮਕ ਬਿਰਤੀਆਂ ਨੂੰ ਜਗਾ ਕੇ ਕਿਸੇ ਉੱਚੀ ਸੁਰਤ ਵਿਚ ਜੋੜਨ ਦਾ, ਸਾਨੂੰ ਆਪਣੀਆਂ ਸਰੀਰਕ ਮਜਬੂਰੀਆਂ ਤੋਂ ਕੱਢ ਕੇ ਉਚੇਰੀ ਰੱਬੀ ਆਤਮਿਕ ਦੁਨੀਆਂ ਦੇ ਦਰਸ਼ਨ ਕਰਾਉਣ ਦਾ, ਜਿਸ ਨਾਲ ਅੰਦਰ ਅਥਾਹ ਸ਼ਕਤੀ ਪੈਦਾ ਹੋ ਜਾਂਦੀ ਹੈ ਤੇ ਪਿਆਰ ਨਾਲ ਭਰਿਆ ਜਾ ਕੇ ਮਨੁੱਖ ਸਾਰੇ ਸੰਸਾਰ ਦੀ ਸੇਵਾ ਦੇ ਸਮਰਥ ਹੋ ਜਾਂਦਾ ਹੈ । ਫਿਰ ਉਹ ਰੱਬ ਹੈ ਤੇ ਇਸ ਲਈ ਕਿ ਉਸ ਵਿਚ ਰੱਬੀ ਗੁਣ ਆ ਵੱਸਦੇ ਹਨ । ਗੁਰੂ ਅਮਰਦਾਸ ਇਸੇ ਵਿਚਾਰ ਨੂੰ ਇਉਂ ਪੇਸ਼ ਕਰਦੇ ਹਨ:

"ਜੇਹਾ ਸੇਵੈ ਤੇਹੋ ਹੋਵੈ...॥" (ਵਾਰ ਬਿਹਾਗੜਾ ਮਹਲਾ ੩)
(ਅੰਗ ੫੪੯

ਅਰਥਾਤ "ਜੇਹਾ ਪੂਜਯਨੀ ਤੇਹਾ ਪੁਜਾਰੀ ਹੋ ਗਿਆ ਹੈ ॥"

'ਜਾਪੁ ਸਾਹਿਬ' ਦੀ ਬਾਣੀ ਅੰਦਰ ਉਸ ਦੇ ਬੇਅੰਤ ਗੁਣ ਵਰਨਣ ਕੀਤੇ ਗਏ ਹਨ। ਉਸ ਵਿਚੋਂ ਕੁਝ ਉਦਾਹਰਣਾਂ ਦੇ ਕੇ ਚਲਦੀ ਵਿਚਾਰ ਨੂੰ ਸਮਝਣ ਦਾ ਯਤਨ ਕਰਦੇ ਹਾਂ । ਉਸ ਹਰੀ ਨੂੰ ਓਥੇ ਬਾਰ ਬਾਰ ਅਕਾਲ ਕਿਹਾ ਹੈ:

"ਨਮਸਤੰ ਅਕਾਲ"

ਅਰਥਾਤ "ਮੇਰੀ ਨਮਸਕਾਰ ਉਸ ਨੂੰ ਹੈ ਜੋ ਕਾਲ ਰਹਿਤ ਹੈ ।"

ਏਥੇ ਅਕਾਲ ਹਰੀ ਦਾ ਜਾਪ ਦ੍ਰਿੜ੍ਹ ਕਰਾਇਆ ਹੈ । ਤਾਤਪਰਯ ਇਹ ਹੈ ਕਿ ਜੋ ਅਕਾਲ ਨੂੰ ਜਪਦਾ ਹੈ ਉਹ ਮੌਤ ਦੇ ਡਰ ਤੋਂ ਉਤਾਂਹ ਜਾ ਕੇ ਨਿਰਭਉ ਹੋ ਜਾਂਦਾ ਹੈ ।



ਤਿਵੇਂ ਜੋ "ਅਮਜਬੋ" ਨੂੰ ਜਪਦਾ ਹੈ ਉਹ ਮਜ਼ਹਬਾਂ ਦੀਆਂ ਵਿਰੋਧੀ ਵੰਡੀਆਂ ਵਿਚ ਪੈ ਕੇ ਪ੍ਰਸਪਰ ਵਿਤਕਰੇ ਤੇ ਖਿੱਚੋਤਾਣ ਕਿਵੇਂ ਵਧਾ ਸਕਦਾ ਹੈ ਜਿਸ ਦਾ ਰੱਬ, ਹਰੀ, ਚਕ੍ਰ, ਚਿਹਨ ਜਾਂ ਰੂਪ, ਰੇਖਾ ਤੋਂ ਨਿਆਰਾ ਹੈ ; ਉਸ ਲਈ ਸਮਾਜ ਦੇ ਨਸਲੀ ਤੇ ਜਾਤ ਪਾਤ ਦੇ ਸਭ ਫ਼ਰਕ ਮਿਟ ਜਾਂਦੇ ਹਨ। ਜੇ ਹਰੀ ਬੰਧਨ ਰਹਿਤ ਹੈ ਤਾਂ ਉਸ ਦਾ ਸੇਵਕ ਗ਼ੁਲਾਮ ਨਹੀਂ ਹੋ ਸਕਦਾ, ਸਗੋਂ ਸਭ ਗ਼ੁਲਾਮੀਆਂ ਕਟਣਹਾਰ ਹੋ ਜਾਂਦਾ ਹੈ । ਇਸ ਤਰ੍ਹਾਂ ਨਾਮ ਜਪਣ ਵਾਲਾ ਤਾਂ ਕ੍ਰਾਂਤੀਕਾਰੀ (revolutionary) ਹੁੰਦਾ ਹੈ ਜੋ ਕਿਸੇ ਥਾਂ ਧੱਕੇ ਜਾਂ ਬੇ-ਇਨਸਾਫ਼ੀਆਂ ਬਰਦਾਸ਼ਤ ਨਹੀਂ ਕਰ ਸਕਦਾ । ਉਹ ਸਭ ਜਗਤ ਦੇ ਦੁਖ ਕਟਨਹਾਰ ਹੋ ਜਾਂਦਾ ਹੈ ਕਿਉਂਕਿ ਉਸ ਦੇ ਆਪਣੇ ਦੁਖ ਕਟੇ ਜਾ ਚੁੱਕੇ ਹੁੰਦੇ ਹਨ । ਗੁਰੂ ਨਾਨਕ ਦੇਵ ਕਹਿੰਦੇ ਹਨ—

"ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲ ॥ ਅੰਗ ੩੫੮

ਅਰਥਾਤ "ਇਕ ਹਰੀ ਦਾ ਨਾਮ ਮੇਰਾ ਦੀਵਾ ਹੈ, ਜਿਸ ਵਿਚ ਮੇਰੇ ਸਭ ਦੁੱਖ ਮਾਨੋਂ ਤੇਲ ਹਨ । ਜਦ ਦੀਵਾ ਚਾਨਣ ਦਿੰਦਾ ਹੈ ਤਾਂ ਦੁੱਖਾਂ ਦਾ ਤੇਲ ਸੁਕਦਾ ਜਾਂਦਾ ਹੈ ਤੇ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

ਅਜੇਹਾ ਪੁਰਸ਼ ਬ੍ਰਹਮਗਿਆਨੀ ਹੈ ਜਿਸ ਵਿਚ ਇਕ ਤਰ੍ਹਾਂ ਹਰੀ ਸਾਕਾਰ ਰੂਪ ਵਿਚ ਪ੍ਰਗਟ ਹੋਇਆ ਹੈ । ਗੁਰੂ ਅਰਜਨ ਦੇਵ ਜੀ ਕਹਿੰਦੇ ਹਨ

"ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥"
(ਗਉੜੀ ਸੁਖਮਨੀ ਮਹਲਾ ੫) ਅੰਗ ੨੭੩

ਅਰਥਾਤ "ਬ੍ਰਹਮ ਗਿਆਨੀ ਪ੍ਰਮੇਸ਼ਰ ਦਾ ਰੂਪ ਹੈ ॥"

ਸਿੱਟਾ ਇਹ : "ਨਾ ਓਹੁ ਮਰਤਾ ਨਾ ਹਮ ਡਰਿਆ ॥
ਨਾ ਓਹੁ ਬਿਨਸੈ ਨਾ ਹਮ ਕੜਿਆ ॥"
(ਆਸਾ ਮਹਲਾ ੫) ਅੰਗ ੩੯੧

ਜੇ ਪ੍ਰਮੇਸ਼ਰ ਆਪ ਸੱਚ, ਪਿਆਰ ਅਤੇ ਅਨੰਦ ਦਾ ਮੁਜੱਸਮ ਹੈ ਤਾਂ ਉਸ ਦਾ ਸੇਵਕ ਵੀ ਉਵੇਂ ਹੀ ਹੈ ਤੇ ਉਸ ਤੋਂ ਸੱਚ, ਪਿਆਰ ਤੇ ਅਨੰਦ ਆਪ-ਮੁਹਾਰੇ ਨਿਕਲਦੇ ਹਨ । ਪਰ ਇਹ ਕੌਤਕ ਨਾਮ ਸਿਮਰਨ ਨੇ ਹੀ

ਵਰਤਾਇਆ ।

ਹਰੀ ਵਿਚ ਲੀਨ ਹੋਏ ਪੁਰਸ਼ ਦੇ ਸਾਰੇ ਲੱਛਣ ਹਰੀ ਵਾਲੇ ਹੋ ਜਾਂਦੇ ਹਨ । ਉਹ ਅਤਿ ਨਿਮ੍ਰਤਾ ਵਿਚ ਰਹਿੰਦਾ ਹੈ ਕਿਉਂਕਿ ਉਹ ਸਭ ਦਾ ਸੇਵਕ ਹੋ ਗਿਆ ਹੈ ।

"ਬ੍ਰਹਮ ਗਿਆਨੀ ਸਗਲ ਕੀ ਰੀਨਾ ॥"

(ਗਉੜੀ ਮਹਲਾ ੫) ਅੰਗ ੨੭੨

ਅਰਥਾਤ "ਬ੍ਰਹਮ ਗਿਆਨੀ ਸਾਰਿਆਂ ਦੇ ਚਰਨਾਂ ਦੀ ਧੂੜ ਹੈ ।"

ਹੋਰ

"ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥"

(ਗਉੜੀ ਮਹਲਾ ੫) ਅੰਗ ੨੭੩

ਅਰਥਾਤ "ਬ੍ਰਹਮ ਗਿਆਨੀ ਦੇ ਹਿਰਦੇ ਵਿਚ ਗ਼ਰੀਬੀ ਭਾਵ ਸਮਾਂਵਦਾ ਹੈ।"

ਹੋਰ : 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥'

(ਗਉੜੀ ਮਹਲਾ ੫) ਅੰਗ ੨੭੩

ਅਰਥਾਤ ""ਬ੍ਰਹਮ ਗਿਆਨੀ ਪਰਉਪਕਾਰ ਵਿਚ ਖ਼ੁਸ਼ੀ ਮਨਾਉਂਦਾ ਹੈ ।"

"ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥"

(ਗਉੜੀ ਮਹਲਾ ੫) ਅੰਗ ੨੭੩

ਅਰਥਾਤ "ਬ੍ਰਹਮ ਗਿਆਨੀ ਦਾ ਹਿਰਦਾ ਸਦਾ ਹੀ ਅਨੰਦ ਨਾਲ ਭਰਿਆ ਰਹਿੰਦਾ ਹੈ ।"

ਹੋਰ : "ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥"

(ਗਉੜੀ ਸੁਖਮਨੀ ਮਹਲਾ ੫) ਅੰਗ ੨੭੩

ਅਰਥਾਤ "ਬ੍ਰਹਮ ਗਿਆਨੀ ਦੀ ਨਜ਼ਰ 'ਚੋਂ ਅੰਮ੍ਰਿਤ ਵਰ੍ਹਦਾ ਹੈ।"

ਬ੍ਰਹਮ ਗਿਆਨੀ ਸੱਚ-ਮੁੱਚ ਪ੍ਰਮਾਤਮਾ ਦੀ ਹਸਤੀ ਦਾ ਇਕ ਪ੍ਰਤੱਖ ਸਬੂਤ ਹੈ ਤੇ ਜਿੰਨਾ ਚਿਰ ਬ੍ਰਹਮ ਗਿਆਨੀ ਪੈਦਾ ਹੁੰਦੇ ਰਹਿਣਗੇ ਹਰੀ ਦੀ ਹੋਂਦ ਤੋਂ ਯਕੀਨ ਉੱਠ ਨਹੀਂ ਸਕਦਾ । ਸੋ ਨਾਮ ਜਪਣਾ ਤਾਂ ਰੱਬ ਹੋਣਾ ਹੈ



ਜਾਂ ਇਉਂ ਕਹੀਏ ਕਿ ਆਪਣੀ ਬੁਝੀ ਹੋਈ ਜੋਤ ਨੂੰ ਮੁੜ ਜਗਾਉਣਾ ਹੈ । ਵਾਹਿਗੁਰੂ ਜਪਣਾ ਆਪਣੇ ਅਸਲ ਘਰ ਨੂੰ ਮੁੜ ਆਉਣਾ ਹੈ । ਜਿਵੇਂ ਬਿਜਲੀ ਦੀਆਂ ਦੋਵੇਂ ਤਾਰਾਂ ਜੋੜ ਕੇ ਪ੍ਰਕਾਸ਼ ਕਰੀਦਾ ਹੈ ਤਿਵੇਂ ਸੁਰਤ ਨੂੰ ਨਾਮ ਦਵਾਰਾ ਪ੍ਰਮਾਤਮਾ ਨਾਲ ਜੋੜ ਕੇ ਜਗਮਗਾ ਦੇਣਾ ਹੈ । ਨਾਮ ਜਪਣਾ ਵਸੀਲਾ ਹੈ ਪ੍ਰਮਾਤਮਾ ਨਾਲ ਆਪਣੇ ਆਪ ਨੂੰ ਇਕਸੁਰ ਕਰਨ ਦਾ । ਉਹ ਸਭ ਗੁਣ ਤੇ ਚੰਗਿਆਈਆਂ ਦੇ ਸੋਮੇ ਵਾਹਿਗੁਰੂ ਦੇ ਸਾਹਮਣੇ ਆਪਣੇ ਮਨ ਦੇ ਦਰਵਾਜ਼ੇ ਖੋਲ੍ਹ ਦੇਣੇ ਹਨ ਤਾਂ ਜੇ ਓਹੋ ਗੁਣ ਤੇ ਚੰਗਿਆਈਆਂ ਆਪਣੇ ਮਨਾਂ ਵਿਚ ਆ ਵੱਸਣ । ਸਿਮਰਨ ਦਵਾਰਾ ਰੱਬ ਨਾਲ ਇਕਸੁਰ ਹੋ ਕੇ ਉਸ ਉਚਾਈ 'ਤੇ ਚਲੇ ਜਾਣਾ ਹੈ ਜਿੱਥੇ ਦੁੱਖ ਜਾਂ ਕਸ਼ਟ ਰਹਿ ਹੀ ਨਹੀਂ ਸਕਦੇ। ਸਿਮਰਨ ਦੀ ਇਕ ਤਰ੍ਹਾਂ ਮਸ਼ਕ ਨਾਲ ਇਸ ਹਾਲਤ ਨੂੰ ਪਕਾਣਾ ਤੇ ਕਾਇਮ ਰੱਖਣਾ ਹੈ। ਇਹ ਇਕ ਐਸਾ ਅਮਲ ਜਾਂ ਐਸੀ ਕਸਰਤ ਹੈ ਜੋ ਆਤਮਾ ਨੂੰ ਆਤਮਕ ਅਰੋਗਤਾ ਬਖ਼ਸ਼ਦੀ ਹੈ । ਜਿਵੇਂ ਸਰੀਰਕ ਕਸਰਤ ਨਾਲ ਸਰੀਰ ਨਵਾਂ ਨਰੋਆ ਰਖੀਦਾ ਹੈ ਤਿਵੇਂ ਸਿਮਰਨ ਨਾਲ ਆਤਮਾ ਨਰੋਈ ਰਹਿੰਦੀ ਹੈ ; ਇਸ ਤੋਂ ਸਹਿਜ ਪਦ ਦੀ ਪ੍ਰਾਪਤੀ ਉਪਜਦੀ ਹੈ । ਤਿੰਨ ਗੁਣੀ ਸੰਸਾਰ ਤੋਂ ਉੱਤੇ ਦੀ ਇਹ ਹਾਲਤ ਹੈ ਜਿਸ ਨੂੰ ਚੌਥਾ ਪਦ ਕਹੀਦਾ ਹੈ । ਦੇਖੋ ਸੁਖਮਨੀ ਦੀ ਇਹ ਸਤਰ :

"ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥"

(ਗਉੜੀ ਸੁਖਮਨੀ ਮਹਲਾ ੫) ਅੰਗ ੨੬੩

ਅਰਥਾਤ "ਪ੍ਰਭੂ ਦੇ ਸਿਮਰਨ ਨਾਲ ਸਹਿਜ ਅਵਸਥਾ ਵਿਚ ਸਮਾਈਦਾ ਹੈ ।"

ਤਦ ਸਾਰਾ ਜੀਵਨ ਹੀ ਸਿਮਰਨ ਹੋ ਜਾਂਦਾ ਹੈ, ਮਾਨੋ ਅਜਪਾ ਜਾਪ ਹੁੰਦਾ ਰਹਿੰਦਾ ਹੈ । ਇਹ ਐਸੀ ਪੂਰਨ ਗਿਆਨ ਦੀ ਕੁਦਰਤੀ ਹਾਲਤ ਹੈ, ਜਿੱਥੇ ਸਦੀਵੀ ਸੁਖ ਤੇ ਸ਼ਾਂਤੀ ਵਰਤ ਜਾਂਦੀ ਹੈ । ਨਾਮ ਜਪਣ ਵਾਲੇ ਦੀ ਉੱਚੀ ਆਤਮਿਕ ਅਵਸਥਾ ਦੀ ਪਹਿਲੀ ਨਿਸ਼ਾਨੀ ਇਹ ਹੈ ਕਿ ਉਹ ਸਭ ਵਿਚ ਰੱਬ ਨੂੰ ਵੇਖਦਾ ਹੈ । ਉਸ ਲਈ ਫਿਰ ਕੋਈ ਵੈਰੀ ਜਾਂ ਦੁਸ਼ਮਨ ਨਹੀਂ ਰਹਿ ਜਾਂਦਾ।

"ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥"

(ਧਨਾਸਰੀ ਮਹਲਾ ੫) ਅੰਗ ੬੭੧

ਅਰਥਾਤ "ਨਾ ਕੋਈ ਹੁਣ ਸਾਡਾ ਦੁਸ਼ਮਨ ਰਹਿ ਗਿਆ ਹੈ ਤੇ ਨਾ ਸਾਡਾ ਕਿਸੇ ਨਾਲ ਵੈਰ ਹੈ ।"

ਪਲੈਟੋ ਨੇ ਠੀਕ ਹੀ ਕਿਹਾ ਸੀ, "He whose mind is f ixed upon the True Being has no time to look down upon the little affairs of men or to be filled with jealously or enemity."

ਅਰਥਾਤ "ਜਿਸ ਮਨੁੱਖ ਦਾ ਮਨ ਉਸ ਸੱਚ ਸਰੂਪ ਪਰਮਾਤਮਾ ਦੇ ਚਰਨਾਂ ਵਿਚ ਟਿਕਿਆ ਹੈ ਉਸ ਪਾਸ ਵਕਤ ਹੀ ਨਹੀਂ ਕਿ ਮਨੁੱਖਾਂ ਦੇ ਨਿੱਕੇ ਨਿੱਕੇ ਮਾਮਲਿਆਂ ਨੂੰ ਨਫ਼ਰਤ ਨਾਲ ਵੇਖ ਸਕੇ ਜਾਂ ਉਸ ਦੇ ਮਨ ਵਿਚ ਉਨ੍ਹਾਂ ਲਈ ਈਰਖਾ ਜਾਂ ਵੈਰ ਭਾਵ ਦਾਖ਼ਲ ਹੋ ਸਕੇ ।"

ਸਪਾਈਨੋਜ਼ਾ Spinoza ਦੇ ਇਹ ਕੀਮਤੀ ਸ਼ਬਦ ਨੋਟ ਕਰਨ ਵਾਲੇ ਹਨ: "Love towards a thing eternal and infinite, alone feeds the mind with pleasure , secure from all pain—the union of mind with the whole of nature, wealth, fame etc. cannot generate eternal happiness."

ਅਰਥਾਤ "ਕੇਵਲ ਸਤ ਸਰੂਪ ਤੇ ਬੇਅੰਤ ਦਾ ਪਿਆਰ ਹੀ ਮਨ ਨੂੰ ਉਹ ਪੂਰਨ ਆਨੰਦ ਦੇ ਸਕਦਾ ਹੈ ਜੋ ਸਭ ਦੁੱਖਾਂ, ਕਲੇਸ਼ਾਂ ਤੋਂ ਰਹਿਤ ਹੁੰਦਾ ਹੈ—ਇਹ ਮੇਲ ਹੈ ਮਨ ਦਾ ਸਾਰੀ ਕੁਦਰਤ ਨਾਲ । ਧਨ ਜਾਂ ਸ਼ੋਭਾ, ਆਦਿਕ ਕਦੇ ਵੀ ਸਦ-ਅਨੰਦ ਦੀ ਹਾਲਤ ਪੈਦਾ ਨਹੀਂ ਕਰ ਸਕਦੇ ।

ਨਾਮ ਸਿਮਰਨ ਉਹ ਅਮਲ ਜਾਂ ਕ੍ਰਿਤ ਹੈ ਜਿਸ ਨਾਲ ਮਨ ਦੀ ਸਭ ਮੈਲ ਕੱਟੀ ਜਾਂਦੀ ਹੈ ਤੇ ਸਾਰੇ ਗੁਣ ਤੇ ਸਾਰੀਆਂ ਚੰਗਿਆਈਆਂ ਦੇ ਸੋਮੇ ਬਣ ਜਾਈਦਾ ਹੈ । ਗੁਰੂ ਅਰਜਨ ਦੇਵ ਜੀ ਫ਼ੁਰਮਾਂਦੇ ਹਨ ।

"ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥"

(ਗਉੜੀ ਮਹਲਾ ੫) ਅੰਗ ੨੬੩

ਅਰਥਾਤ "ਪ੍ਰਭੂ ਦੇ ਸਿਮਰਿਆਂ, ਮਨ ਦੀ ਮੈਲ ਚਲੀ ਜਾਂਦੀ ਹੈ ।"

ਇਸ ਭਾਵ ਦੇ ਕਈ ਬਚਨ ਬਾਣੀ ਵਿਚ ਮਿਲਦੇ ਹਨ ਪਰ ਇਸ ਦੇ ਮੁਕਾਬਲੇ ਤੇ ਇਹ ਖ਼ਿਆਲ ਵੀ ਦਿੱਤਾ ਹੁੰਦਾ ਹੈ ਕਿ ਗੁਣ ਤੇ ਪਵਿੱਤਰਤਾ



ਉਪਜਣ ਤੋਂ ਬਿਨਾਂ ਸਿਮਰਨ ਹੁੰਦਾ ਹੀ ਨਹੀਂ । ਗੁਰੂ ਨਾਨਕ ਦੇਵ ਇਸ ਨੂੰ ਇਉਂ ਕਹਿੰਦੇ ਹਨ :

"ਵਿਣੁ ਗੁਣ ਕੀਤੇ ਭਗਤਿ ਨ ਹੋਇ ॥"

(ਜਪੁ ਜੀ ਗੁਰੂ ਨਾਨਕ) ਅੰਗ ੪

ਅਰਥਾਤ "ਬਿਨਾਂ ਗੁਣਾਂ ਦੇ ਉਪਜਣ ਤੋਂ ਭਗਤੀ ਨਹੀਂ ਸਮਝੀ ਜਾਣੀ ਚਾਹੀਦੀ ।

ਇਸ ਦਾ ਭਾਵ ਇਹ ਹੈ ਕਿ ਭਗਤੀ ਨਿਰੀ ਪੜ੍ਹਨ ਪੜ੍ਹਾਨ ਨਹੀਂ, ਇਸੇ ਮੈਲਾਂ ਕਟਣੀਆਂ ਹਨ ।

ਕਾਮ ਆਦਿਕ ਬੁਰਾਈਆਂ ਤੋਂ ਛੁਟਕਾਰਾ ਦੇਣਾ ਹੈ ਤੇ ਪ੍ਰਮਾਤਮਾ ਦੇ ਸੇਵਕ ਬਣਨਾ ਹੈ । ਜੇ ਸਿਮਰਨ ਨਾਲ ਹਉਮੈ ਖ਼ਤਮ ਹੋ ਜਾਂਦੀ ਹੈ, ਪਵਿੱਤਰਤਾ ਆ ਜਾਂਦੀ ਹੈ, ਜੋਤ ਜਗਦੀ ਹੈ ਤਾਂ ਇਸ ਦੇ ਨਾਲ ਨਾਲ ਇਹ ਵੀ ਠੀਕ ਹੈ ਕਿ ਪਵਿੱਤਰ ਜੀਵਨ ਆਤਮ-ਜੋਤ ਦੇ ਜਗਾਣ ਵਿਚ ਸਹਾਇਕ ਬਣਦਾ ਹੈ । ਜਿਵੇਂ ਝੀਲ ਵਿਚ ਮਿੱਟੀ ਹੋਏ ਜਾਂ ਉਹ ਲਹਿਰਾਂ ਨਾਲ ਉਛਾਲੇ ਖਾਂਦੀ ਹੋਵੇ ਤਾਂ ਉਸ ਦੀ ਅਥਾਹ ਤਹਿ ਲੁਕੀ ਰਹਿੰਦੀ ਹੈ, ਤਿਵੇਂ ਬਾਹਰਮੁਖੀ ਭਟਕਣਾ ਜਾਂ ਮੈਲੇ ਮਨ ਦੇ ਹੁੰਦਿਆਂ ਅੰਦਰ ਵੱਸਦੇ ਰੱਬ ਦੇ ਦਰਸ਼ਨ ਨਹੀਂ ਹੋ ਸਕਦੇ । ਇਸ ਲਈ ਪਵਿੱਤ੍ਰਤਾ ਦੀ ਸ਼ਰਤ ਮੇਲ ਲਈ ਜ਼ਰੂਰੀ ਹੈ ਤੇ ਇਸ ਸ਼ਰਤ ਦੇ ਪੂਰੇ ਹੋਇਆਂ ਹਰ ਆਦਮੀ ਲਈ ਰੱਬ ਹੋ ਜਾਣਾ ਜਾਂ ਰੱਬ ਨਾਲ ਮੇਲ ਹੋ ਜਾਣਾ ਸੰਭਵ ਹੈ ਤੇ ਇਸੇ ਜਨਮ ਵਿਚ ਸੰਭਵ ਹੈ । ਫਰੀਦ ਜੀ ਆਸਾ ਰਾਗ ਵਿਚ ਕਹਿੰਦੇ ਹਨ :

"ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥"

(ਆਸਾ ਸੇਖ ਫਰੀਦ) ਅੰਗ ੪੮੮

ਅਰਥਾਤ "ਮੇਰਾ ਰੱਬ ਨਾਲ ਅੱਜ ਹੀ ਮੇਲ ਹੋ ਜਾਵੇ ਜੇ ਮੈਂ ਮਨ ਦੀਆਂ ਮਚਾਈਆਂ ਹੋਈਆਂ ਇੰਦ੍ਰੀਆਂ (ਰੂਪ ਕੂੰਜਾਂ) ਨੂੰ ਰੋਕ ਲਵਾਂ ।"

ਇਹ ਕੋਈ ਨਿਰਾ ਲਾਰਾ ਨਹੀਂ ਸਮਝਣਾ ਚਾਹੀਦਾ, ਭਾਵੇਂ ਕਠਨ ਜ਼ਰੂਰ ਹੈ, ਪਰ ਇਕ ਅਟੱਲ ਸਚਾਈ ਹੈ । ਹਰ ਆਦਮੀ ਇਸ ਰਾਹੇ ਜੀਵਨ ਦੇ ਮਨੋਰਥ ਨੂੰ ਪੂਰਾ ਕਰ ਸਕਦਾ ਹੈ। ਅੱਗੇ ਜਿਵੇਂ ਵਿਚਾਰਿਆ ਹੈ, ਅਵਿਦਿਆ, ਹਉਮੈਂ ਅਤੇ ਮਾਇਆ ਦੇ ਬਦਲ ਰੱਖੇ ਪ੍ਰਕਾਸ਼ ਹੋਣ ਨਹੀਂ ਦਿੰਦੇ। ਨਾਮ ਸਿਮਰਨ ਨਾਲ ਇਹ ਬਦਲ ਟੁਟ ਜਾਂਦੇ ਹਨ ਤੇ ਸੁਤੇ ਪ੍ਰਕਾਸ਼ ਹੋ

ਜਾਂਦਾ ਹੈ । ਭਗਤ ਰਵਿਦਾਸ ਜੀ ਇਸ ਦੀ ਪੁਸ਼ਟੀ ਇਉਂ ਕਰਦੇ ਹਨ ।

"ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥"

(ਸੋਰਠਿ ਰਵਿਦਾਸ ਜੀ) ਅੰਗ ੬੫੭

ਅਰਥਾਤ "ਜਿਥੇ ਮੈਂ ਭਾਵ ਹੁੰਦਾ ਹੈ ਉਥੇ ਤੂੰ ਨਹੀਂ ਹੁੰਦਾ । ਹੁਣ ਕਿਉਂਕਿ ਤੂੰ ਮੇਰੇ ਅੰਦਰ ਆ ਵਸਿਆ ਹੈ, ਮੈਂ ਭਾਵ ਖ਼ਤਮ ਹੋ ਗਿਆ ਹੈ ।

ਇਹ ਸਾਰਾ ਪ੍ਰੀਵਰਤਨ ਅੰਤਰ ਆਤਮੇ ਹੀ ਹੋਇਆ ਹੈ, ਕਿਤੋਂ ਬਾਹਰੋਂ ਨਹੀਂ । ਮਨ ਆਤਮਾ ਜਾਗ ਪਏ ਹਨ । ਇਸ ਨੂੰ ਠੀਕ ਤਰ੍ਹਾਂ ਜਗਾਣ ਦੀ ਹੀ ਦੌੜ ਸੀ । ਹੁਣ ਕੋਈ ਚੀਜ਼ ਨਹੀਂ ਜੋ ਇਹ ਪ੍ਰਾਪਤ ਨਹੀਂ ਕਰ ਸਕਦਾ।

ਦੁਨੀਆਂ ਨੇ ਵੇਖਿਆ ਹੈ ਕਿ ਨਿਰੇ ਸਵੈ-ਸੁਝਾਉ Auto-suggession) ਨਾਲ ਹੀ ਅੱਜ ਹੈਰਾਨ ਕਰਨ ਵਾਲੇ ਤਜਰਬੇ ਹੋ ਸਕੇ ਹਨ। ਕੇਵਲ ਮਨ ਨੂੰ ਨਵੇਂ ਨਰੋਏ ਖ਼ਿਆਲ ਦੇ ਕੇ ਬੀਮਾਰੀਆਂ ਦੇ ਇਲਾਜ ਹੋ ਰਹੇ ਹਨ। ਜੋ ਅਸੀਂ ਇਸ ਤਰ੍ਹਾਂ ਪ੍ਰਤੱਖ ਹੁੰਦਾ ਵੇਖ ਰਹੇ ਹਾਂ ਤਾਂ ਇਹ ਅੰਦਾਜ਼ਾ ਲਾਉਣਾ ਵੀ ਮੁਸ਼ਕਲ ਨਹੀਂ ਕਿ ਜੇ ਇਸ ਮਨ ਨੂੰ ਉਸ ਬੇਅੰਤ ਸ਼ਕਤੀਆਂ ਦੇ ਮਾਲਕ ਪ੍ਰਮਾਤਮਾ ਨਾਲ ਜੋੜ ਦਿੱਤਾ ਜਾਏ ਤਾਂ ਆਤਮਾ ਉਸ ਦਾ ਰੂਪ ਹੋ ਕੇ ਸ਼ਕਤੀਸ਼ਾਲੀ ਹੋ ਜਾਂਦੀ ਹੈ । ਜੁੜਨ ਦੀ ਇਹ ਹਾਲਤ ਸਿਮਰਨ ਨੇ ਹੀ ਬਨਾਣੀ ਹੈ । ਫਿਰ ਆਤਮਾ ਆਪਣੇ ਸਰੂਪ ਵਿਚ ਜਾ ਆਪਣੇ ਘਰ ਵਿਚ ਚਲੀ ਜਾਂਦੀ ਹੈ । ਹੁਣ ਉਹ ਬਾਹਰਮੁਖੀ ਨਹੀਂ ਰਹੀ, ਅੰਦਰ-ਮੁਖੀ ਹੋ ਜਾਂਦੀ ਹੈ ।

ਇਸ ਹਾਲਤ ਦਾ ਵਰਨਣ ਗੀਤਾ ਜੀ ਵਿਚ ਇਉਂ ਪੇਸ਼ ਕੀਤਾ ਹੈ ਗਿਆ ਹੈ "ਮਨ ਦੀਆਂ ਗੋਲਕਾਂ ਭਾਵ ਗਿਆਨ-ਇੰਦਰੇ ਬਾਹਰ-ਮੁਖੀ ਰਹਿੰਦੇ ਹਨ, ਪਰ ਜਿਨ੍ਹਾਂ ਨੂੰ ਸਹੀ ਸਮਝ ਆ ਗਈ ਹੈ ਉਹ ਆਪਣੇ ਮਨ ਨੂੰ ਅੰਦਰ ਮੁਖੀ ਕਰ ਲੈਂਦੇ ਹਨ ਤੇ ਆਪੇ ਹੀ ਪਛਾਣ ਕਰ ਲੈਂਦੇ ਹਨ । ਦੂਸਰੇ ਲੋਕ ਬਾਹਰੀ ਸੁਖਾਂ ਪਿੱਛੇ ਦੌੜਦੇ ਫਿਰਦੇ ਹਨ ਤੇ ਆਵਾਗਵਨ ਦੇ ਸਰਬ ਪਸਰੇ ਜਾਲ ਵਿਚ ਫਸ ਰਹਿੰਦੇ ਹਨ । ਜਿਨ੍ਹਾਂ ਦੇ ਮਨ ਅਡੋਲ ਹੋ ਗਏ ਹਨ ਉਹ ਇੰਦ੍ਰਕ ਸੁਆਦਾਂ ਵਿਚ ਆਪਣਾ ਮਨ ਨਹੀਂ ਲਾਉਂਦੇ । ਉਹ ਮੋਖ ਦੇ ਅਨੰਦ ਦੇ ਢੂੰਡਾਊ ਹੁੰਦੇ ਹਨ ।"

ਪਰ ਜਿਵੇਂ ਪਿੱਛੇ ਸਮਝਦੇ ਆਏ ਹਾਂ ਇੱਡੀ ਮਹਾਨ ਅਵਸਥਾ ਨਿਰੀਆਂ ਗੱਲਾਂ ਨਾਲ ਨਹੀਂ, ਮਿਹਨਤ ਨਾਲ ਲਿਆਉਣੀ ਹੁੰਦੀ ਹੈ । ਇਸ



ਅਵਸਥਾ ਵਿਚ ਜਾਣ ਲਈ ਪਹਿਲਾਂ ਇਹ ਕਰਨਾ ਹੁੰਦਾ ਹੈ ਕਿ ਜਗਿਆਸੂ ਨੂੰ ਪ੍ਰਮਾਤਮਾ ਨਾਲ ਹੋਈ ਉਸ ਦੀ ਜੁਦਾਈ ਦਾ ਅਹਿਸਾਸ ਹੋ ਜਾਵੇ ਜਾਂ ਇਸ ਜੁਦਾਈ ਦਾ ਅਹਿਸਾਸ ਕਿਸੇ ਤਰ੍ਹਾਂ ਕਰਾਇਆ ਜਾਵੇ, ਇਸ ਨੂੰ ਬਿਰਹਾ ਕਹਿੰਦੇ ਹਨ ; ਜਿਵੇਂ ਫਰੀਦ ਜੀ ਸਮਝਾਂਦੇ ਹਨ :-

"ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

(ਸਲੋਕ ਫਰੀਦ ਜੀ) ਅੰਗ ੧੩੭੯

ਅਰਥਾਤ "ਦੁਨੀਆਂ ਜੁਦਾਈ ਦੀਆਂ ਗੱਲਾਂ ਕਰਦੀ ਰਹਿੰਦੀ ਹੈ ; ਪਰ, ਹੇ ਜੁਦਾਈ (ਬਿਰਹਾ) ਤੂੰ ਦਿਲਾਂ ਦੀ ਬਾਦਸ਼ਾਹ ਹੈ । ਜਿਸ ਹਿਰਦੇ ਵਿਚ ਜੁਦਾਈ ਦਾ ਅਹਿਸਾਸ ਨਹੀਂ ਉਹ ਹਿਰਦਾ ਮਸਾਨ ਦੀ ਨਿਆਈਂ ਹੈ ।"

ਇਹ ਬਿਰਹਾ ਦਾ ਅਹਿਸਾਸ ਕਿਵੇਂ ਪੈਦਾ ਹੋਵੇ ? ਜਦ ਸਭ ਕਿਸੇ ਨੂੰ ਮਾਇਕੀ ਪਦਾਰਥਾਂ ਵਿਚੋਂ ਸੁਖ ਨਿਕਲਦਾ ਦਿਸਦਾ ਹੋਵੇ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਹੁੰਦਾ ਕਿ ਇਹ ਰਾਹ ਗ਼ਲਤ ਹੈ ਤੇ ਬਰਬਾਦੀ ਵੱਲ ਲੈ ਜਾਂਦਾ ਹੈ । ਹਰ ਕੋਈ ਸਗੋਂ ਚਾਹੁੰਦਾ ਹੈ ਕਿ ਉਸ ਦਾ ਮਾਇਕੀ ਪ੍ਰਤਾਪ ਵਧੇ। ਵਿਦਿਆ, ਧਨ, ਇੱਜ਼ਤ, ਬਲ, ਰਸੂਖ ਆਦਿਕ ਪ੍ਰਾਪਤ ਕਰਨ ਲਈ ਉਹ ਹਲਕਾ ਹੋਇਆ ਫਿਰਦਾ ਹੈ । ਪਰ ਗੁਰੂ ਸਾਹਿਬ ਇਸ ਸਾਰੀ ਖੇਡ ਨੂੰ ਅਵਿਦਿਆ ਜਾਂ ਮਾਇਆ ਕਹਿੰਦੇ ਹਨ ਤੇ ਇਸ ਗੱਲ ਦਾ ਅਹਿਸਾਸ ਕਰਾਂਦੇ ਹਨ ਕਿ ਇਹ ਰਾਹ ਮੂਲੋਂ ਹੀ ਗ਼ਲਤ ਹੈ, ਕਿਉਂਕਿ ਇਸ ਵਿਚੋਂ ਆਖ਼ਰਕਾਰ ਦੁੱਖ ਤੇ ਬੁਰਾਈ ਨਿਕਲਦੀ ਹੈ । ਗੁਰੂ ਅਰਜਨ ਦੇਵ ਕਹਿੰਦੇ ਹਨ ।

"ਮਾਈ ਮਾਇਆ ਛਲੁ॥" (ਟੋਡੀ ਮਹਲਾ ੫) ਅੰਗ ੭੧੭

ਅਰਥਾਤ "ਹੇ ਮਾਂ, ਮਾਇਆ, ਨਿਰਾ ਛਲ (ਧੋਖਾ) ਹੈ ।"

ਗੁਰੂ ਅਮਰਦਾਸ ਇਉਂ ਫੁਰਮਾਉਂਦੇ ਹਨ :

"ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥

ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥

(ਗੁਜਰੀ ਵਾਰ ਮਹਲਾ ੩) ਅੰਗ ੫੧੦

ਅਰਥਾਤ "ਮਾਇਆ ਸਪਨੀ ਹੈ ਜਿਸ ਨੇ ਸਾਰੇ ਸੰਸਾਰ ਨੂੰ ਮੋਹਿਆ ਹੈ । ਜੋ ਇਸ ਦੀ ਸੇਵ ਕਰਦਾ ਹੈ ਓਸੇ ਨੂੰ ਇਹ ਖਾਂਦੀ ਹੈ ।"

ਹੋਰ : "ਏਹ ਮਾਇਆ ਜਿਤੁ ਹਰਿ ਵਿਸਰੇ ਮੋਹੁ ਉਪਜੈ ਭਾਉ ਦੂਜਾ ਲਾਇਆ ॥"

(ਰਾਮਕਲੀ ਮਹਲਾ ੩) ਅੰਗ ੯੨੧

ਅਰਥਾਤ "ਇਹ ਮਾਇਆ ਦਾ ਹੀ ਪ੍ਰਭਾਵ ਹੈ ਕਿ ਹਰੀ ਵਿਸਰ ਜਾਂਦਾ ਹੈ, ਮੋਹ ਉਪਜਦਾ ਹੈ ਤੇ ਦ੍ਵੈਤ ਭਾਵ ਲੱਗਾ ਰਹਿੰਦਾ ਹੈ ।"

ਦੁਨੀਆਂਦਾਰ ਆਪਣੇ ਲਈ ਝੂਠੀ ਬਾਦਸ਼ਾਹਤ ਖੜ੍ਹੀ ਕਰਨਾ ਚਾਹੁੰਦੇ ਹਨ ਤੇ ਗੁਰੂ ਸਾਹਿਬ ਉਸ ਨੂੰ ਢਾਹੁਣਾ ਚਾਹੁੰਦੇ ਹਨ । ਉਹ ਗਿਆਨ ਦੇ ਕੇ ਉਸ ਦੀਆਂ ਅੱਖਾਂ ਖੋਹਲਦੇ ਹਨ । ਮਾਇਆ ਦਾ ਖੰਡਨ ਤੇ ਹਰੀ ਦਾ ਮੰਡਨ ਥਾਂ ਥਾਂ ਦ੍ਰਿੜ੍ਹ ਕਰਾਂਦੇ ਹਨ—ਤੇ ਜੀਵਨ ਦਾ ਨੁਕਤਾ-ਨਿਗਾਹ ਬਦਲਦੇ ਹਨ । ਜਿਵੇਂ ਬੱਚੇ ਨੂੰ ਕਿਸੇ ਇਕ ਪਾਸਿਓਂ ਹਟਾ ਕੇ ਦੂਜੇ ਪਾਸੇ ਲਾਣ ਲਈ ਇਸ ਦੂਜੇ ਪਾਸੇ ਦੇ ਗੁਣ ਤੇ ਪਹਿਲੇ ਦੇ ਅਵਗੁਣ ਦੱਸਣੇ ਪੈਂਦੇ ਹਨ, ਤਿਵੇਂ ਮਹਾਰਾਜ ਮਾਇਆ ਤੋਂ ਉਤਪੰਨ ਹੁੰਦੀਆਂ ਬੁਰਾਈਆਂ ਤੇ ਹਰੀ ਦੇ ਰਾਹੋਂ ਪ੍ਰਾਪਤ ਹੋਈਆਂ ਵਡਿਆਈਆਂ ਦ੍ਰਿੜ੍ਹ ਕਰਾ ਕੇ ਬਿਰਹਾ ਦਾ ਰਾਹ ਖੋਹਲਦੇ ਹਨ । ਜਦ ਬਿਰਹਾ ਪੈਦਾ ਹੋ ਜਾਂਦਾ ਹੈ ਤਾਂ ਸਿਮਰਨ ਸੁਤੇ ਸਿੱਧ ਪਿਆਰਾ ਲਗਦਾ ਹੈ । ਫਿਰ ਮਨੁੱਖ ਇਸ ਰਾਹ ਨੂੰ ਛੱਡ ਨਹੀਂ ਸਕਦਾ, ਜਿੰਨਾ ਚਿਰ ਆਤਮਾ ਆਪਣੇ ਅਸਲ ਸਰੂਪ ਨੂੰ ਵੇਖ ਨਹੀਂ ਲੈਂਦੀ ।

ਕੀਰਤਨ ਇਸ ਵਿਚ ਬੜੀ ਸਹਾਇਤਾ ਕਰਦਾ ਹੈ । ਇਹ ਮਨ ਦੀਆਂ ਕਰੜਾਈਆਂ ਕਟ ਕੇ ਉਸ ਦੀਆਂ ਬਾਰੀਕ ਤਰਬਾਂ ਹਿਲਾ ਦਿੰਦਾ ਹੈ ਤੇ ਉਸ ਨੂੰ ਇਸ ਹਾਲਤ ਵਿਚ ਲੈ ਆਉਂਦਾ ਹੈ ਕਿ ਆਤਮਾ ਦੇ ਅੰਦਰ ਅਨੰਦ, ਪਿਆਰ ਤੇ ਉਤਸ਼ਾਹ ਭਰ ਜਾਂਦੇ ਹਨ । ਇਸੇ ਲਈ ਕੀਰਤਨ ਦੀ ਥਾਂ ਥਾਂ ਬੜੀ ਮਹਿਮਾ ਹੈ । ਇਸ ਨਾਲ ਪੱਥਰ ਦਿਲ ਮੋਮ ਹੋ ਜਾਂਦੇ ਹਨ ਤੇ ਬਾਣੀ ਦੇ ਡੂੰਘੇ ਪ੍ਰਭਾਵ ਦਿਲ ਤੇ ਦਿਮਾਗ ਵਿਚ ਉਕਰ ਜਾਂਦੇ ਹਨ । ਬਾਣੀ ਦਾ ਰਾਗ ਵਿਚ ਗਾਇਆ ਜਾਣਾ ਇਕ ਕਰਾਮਾਤ ਹੈ । ਰਾਗ ਆਪਣੇ ਆਪ ਵਿਚ ਵੀ ਇਕ ਅਮੋਲਕ ਦਾਤ ਹੈ ।

ਪਲੈਟੋ ਨੇ ਕਿਹਾ ਸੀ :"Music is valuable not only because it brings refinement of feeling and character but also because it preserves and restores health."

ਅਰਥਾਤ "ਰਾਗ ਕੇਵਲ ਇਸ ਕਰਕੇ ਕੀਮਤੀ ਨਹੀਂ ਕਿ ਸਾਡੇ ਜਜ਼ਬੇ ਤੇ ਆਚਾਰ ਕੋਮਲ ਹੋ ਜਾਂਦੇ ਹਨ ਸਗੋਂ ਸਿਹਤ ਨੂੰ ਵੀ ਕਾਇਮ ਤੇ



ਬਹਾਲ ਰੱਖਦਾ ਹੈ ।"

ਨਿਟਸ਼ੇ (Nietzsche) ਨੇ ਇੱਥੋਂ ਤਕ ਕਿਹਾ ਕੇ "Without music life would be a mistake."

ਭਾਵ "ਰਾਗ ਤੋਂ ਬਿਨਾਂ ਜੀਵਨ ਗ਼ਲਤੀ ਹੈ ।" ਪਰ ਏਥੇ ਨਿਰਾ ਰਾਗ ਨਹੀਂ, ਬਾਣੀ ਨੂੰ ਰਾਗ ਵਿਚ ਗਾਣਾ ਹੈ । ਇਹੀ ਕਾਰਨ ਹੈ ਕਿ ਮਹਾਰਾਜ ਨੇ ਹਰੀ ਜਸ ਲਈ ਰਾਗ ਨੂੰ ਵਿਸ਼ੇਸ਼ ਸਮਝਿਆ ਹੈ । ਮਾਇਕੀ ਸੰਸਾਰ ਜਾਂ ਮੇਰੀ ਮੇਰੀ ਦਾ ਸੰਸਾਰ ਤਿਆਗ ਕੇ, ਜੇਹੜੀ ਉਚੀ ਸੁਰਤ ਵਿਚ ਸਿਮਰਨ ਨੇ ਲੈ ਜਾਣਾ ਹੈ, ਕੀਰਤਨ ਉਸ ਵਿਚ ਸਹਾਇਤਾ ਕਰਦਾ ਹੈ ।

ਉਤਲੀ ਸਾਰੀ ਵਿਚਾਰ ਤੋਂ ਸਰਗੁਣ ਹਰੀ ਦੇ ਸਿਮਰਨ ਦੀ ਮਹਾਨਤਾ ਤੇ ਮਨੋਰਥ ਸਮਝਣ ਦਾ ਯਤਨ ਕੀਤਾ ਹੈ । ਪਰ ਜਿਉਂ ਜਿਉਂ ਕੋਈ ਇਸ ਆਤਮਿਕ ਰਾਹ ਤੇ ਵਧਦਾ ਚਲਾ ਜਾਂਦਾ ਹੈ, ਸਰਗੁਣ ਹਰੀ ਦੀ ਪੂਜਾ ਨਿਰਗੁਣ ਅਰਥਾਤ ਨਿਰੋਲ ਜੋਤੀ ਜਾਂ ਸਪਿਰਟ ਦੀ ਪੂਜਾ ਦਾ ਰੂਪ ਧਾਰ ਲੈਂਦੀ ਹੈ । ਸਿਮਰਨ ਦਾ ਅਰੰਭ ਤਾਂ ਸਰਗੁਣ ਹਰੀ ਦੀ ਪੂਜਾ ਨਾਲ ਹੀ ਹੁੰਦਾ ਹੈ । ਇਸ ਰਾਹ ਤੁਰਿਆਂ ਇਕ ਐਸੀ ਮਾਨਸਿਕ ਦਸ਼ਾ ਬਣ ਜਾਂਦੀ ਹੈ ਜਦੋਂ ਨਿਰਗੁਣ ਹਰੀ ਦੀ ਪੂਜਾ ਦੇ ਯੋਗ ਹੋ ਜਾਈਦਾ ਹੈ । ਇਸ ਗੱਲ ਦੀ ਪੁਸ਼ਟੀ ਗੁਰੂ ਅਮਰਦਾਸ ਸਾਹਿਬ ਇਉਂ ਕਰਦੇ ਹਨ –

"ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥"

(ਸਿਰੀ ਰਾਗ ਮਹਲਾ ੩) ਅੰਗ ੬੮

ਅਰਥਾਤ"ਪ੍ਰਮਾਤਮਾ ਦਾ ਨਿਰਗੁਣ (ਪਵਿੱਤਰ) ਨਾਮ ਕੀਮਤੀ ਖ਼ਜ਼ਾਨਾ ਹੈ ਪਰ ਇਸ ਦੀ ਸੋਝੀ ਸਹਿਜ ਵਿਚ ਪੁੱਜ ਕੇ ਹੁੰਦੀ ਹੈ । ਜਪੁਜੀ ਦੀਆਂ ੧੨ ਤੋਂ ੧੫ ਪਉੜੀਆਂ ਦੀਆਂ ਅੰਤਲੀਆਂ ਦੋ ਸਤਰਾਂ ਧਿਆਨ ਨਾਲ ਵਾਚਣੀਆਂ ਚਾਹੀਦੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ।

"ਜਗ ਮੋਹਨੀ ਹਮ ਤਿਆਗਿ ਗਵਾਈ ॥<br>
ਨਿਰਗੁਨੁ ਮਿਲਿਓ ਵਜੀ ਵਧਾਈ ॥

(ਆਸਾ ਮਹਲਾ ੫) ਅੰਗ ੩੯੨

ਅਰਥਾਤ "ਸਾਰੇ ਜਗਤ ਨੂੰ ਠੱਗਣ ਵਾਲੀ ਮਾਇਆ ਜਦੋਂ ਤਿਆਗ ਦਿੱਤੀ, ਤਦੋਂ ਨਿਰਗੁਨ ਹਰੀ ਦੀ ਪ੍ਰਾਪਤੀ ਹੋਈ ਤੇ ਵਧਾਈਆਂ ਮਿਲੀਆਂ।"

ਗੁਰੂ ਨਾਨਕ ਦੇ ਇਹ ਬਚਨ ਨੋਟ ਕਰੋ ।

ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ
ਬੀਚਾਰੇ ਸੋਇ ॥੧॥ (ਗਉੜੀ ਮਹਲਾ ੧) ੨੨੨

ਅਰਥਾਤ "ਨਿਰਗੁਣ ਹਰੀ ਨੂੰ ਗੁਣਾਂ ਨਾਲ ਵਸ ਕਰੀਦਾ ਹੈ । ਜੋ ਪੁਰਸ਼ ਆਪਾ ਭਾਵ ਦੂਰ ਕਰ ਲੈਂਦਾ ਹੈ ਉਸ ਨੂੰ ਹੀ ਇਸ ਰਮਜ਼ ਦੀ ਸਮਝ ਪੈਂਦੀ ਹੈ ।"

ਫਿਰ ਤਾਂ ਦੇਸ਼, ਕਾਲ ਨਾਮ ਰੂਪ ਆਦਿਕ ਦੀਆਂ ਹੱਦਾਂ ਹੀ ਟਪੀਆਂ ਜਾਂਦੀਆਂ ਹਨ । ਨਾਮ ਤੇ ਰੂਪ ਵਸੀਲੇ ਦੇ ਤੌਰ 'ਤੇ ਵਰਤੇ ਗਏ ਸਨ, ਪਰ ਹੁਣ ਇਨ੍ਹਾਂ ਤੋਂ ਉਤੇ ਹੋ ਕੇ ਵਿਚਾਰਿਆ ਜਾਂਦਾ ਹੈ । ਗੁਰੂ ਅਰਜਨ ਦੇਵ ਕਹਿੰਦੇ ਹਨ:-

"ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥"

(ਆਸਾ ਮਹਲਾ ੫) ਅੰਗ ੩੯੭

ਅਰਥਾਤ "ਬੇਦਾਂ ਕਤੇਬਾਂ ਤੇ ਸਾਰੇ ਸੰਸਾਰ ਤੋਂ ਉਸ ਹਰੀ ਦੀ ਸੋਝੀ ਪਰੇ ਹੈ। ਉਹ ਨਾਨਕ ਦਾ ਪਾਤਸ਼ਾਹ, ਹੁਣ ਪ੍ਰਤੱਖ ਦਿਸ ਪਿਆ ਹੈ ।"

ਹੁਣ ਅਸੀਂ ਉਸ ਆਤਮ-ਦਰਸ਼ਨ ਦੀ ਅਨੰਦ-ਮਈ, ਡੂੰਘੀ ਰਹੱਸਵਾਦੀ ਹਾਲਤ ਦਾ ਵਰਣਨ ਕਰਨਾ ਚਾਹੁੰਦੇ ਹਾਂ ਜੋ ਸਿਮਰਨ ਦਵਾਰਾ ਅੰਤਰ ਆਤਮੇ ਕਦੇ ਕਦਾਈਂ ਤੇ ਉਦੋਂ ਵਰਤਦੀ ਹੈ ਜਦੋਂ ਆਤਮਾ ਨੂੰ ਪ੍ਰਮਾਤਮਾ ਦੇ ਸਾਖਿਅਤ ਦਰਸ਼ਨ ਜਾਂ ਮੇਲ ਹੁੰਦੇ ਹਨ । ਇਸ ਹਾਲਤ ਦੇ ਸਮਝਣ ਸਮਝਾਣ ਲਈ ਏਥੇ ਦੋ ਸ਼ਬਦ ਦਿਤੇ ਜਾਂਦੇ ਹਨ—

"ਸਤਿਗੁਰ ਸਬਦਿ ਉਜਾਰੋ ਦੀਪਾ ॥ ਬਿਨਸਿਓ ਅੰਧਕਾਰ
ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥ ੧॥ ਰਹਾਉ ॥
ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ
ਵਡਿਆਈ ॥ ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ
ਲਪਟਾਈ ॥੧॥ ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ
ਨਹੀ ਭੋਰਾ॥ ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ
ਮੋਰਾ ॥੨ ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥



ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥੩॥
ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥ ਅੰਤ ਨ
ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ ॥"

(ਬਿਲਾਵਲ ਮਹਲਾ ੫) ਅੰਗ ੮੨੧

ਅਰਥਾਤ "ਸਤਿਗੁਰ ਦੇ ਸ਼ਬਦ ਰੂਪ ਦੀਵੇ ਨਾਲ ਆਤਮਾ ਜਗ ਪਈ ਹੈ । ਇਸ ਆਤਮਾ ਦੇ ਸਰੀਰ ਰੂਪ ਮੰਦਰ ਵਿਚੋਂ ਹਨੇਰਾ ਦੂਰ ਹੋ ਗਿਆ ਹੈ ਤੇ ਕੀਮਤੀ ਰਤਨਾਂ ਦੀ ਸੁੰਦਰ ਕੋਠੜੀ ਖੁਲ੍ਹ ਪਈ ਹੈ । ਹਰੀ ਦੇ ਇਸ ਦਰਸ਼ਨ ਨੇ ਐਸਾ ਵਿਸਮਾਦ ਲੈ ਆਂਦਾ ਹੈ ਕਿ ਇਸ ਦੀ ਸੋਭਾ ਗਿਆਨ ਤੋਂ ਬਾਹਰ ਹੈ। ਉਸ ਵਿਚ ਲੀਨ ਹੋ ਕੇ ਹੁਣ ਐਸੇ ਮਸਤ ਹੋਏ ਹਾਂ ਕਿ ਉਸ ਨਾਲ ਤਾਣਾ ਪੇਟਾ ਇਕ ਹੋ ਗਿਆ ਹੈ । ਘਰ ਦੇ ਧੰਧੇ ਤੇ ਜੰਜਾਲ ਹੁਣ ਅਸਰ ਨਹੀਂ ਕਰਦੇ ਤੇ ਅਪਨਤ ਭਾਵ ਮੁਕ ਗਿਆ ਹੈ ।ਇਹ ਫ਼ਰਕ ਕਿ ਹਰੀ ਉਚਾ ਹੈ ਜਾਂ ਇਹ ਜੀਵ ਨੀਵਾਂ ਹੈ, ਰਿਹਾ ਹੀ ਨਹੀਂ ; ਕਿਉਂਕਿ ਦੋਹਾਂ ਵਿਚ ਪੂਰੀ ਅਭੇਦਤਾ ਹੋ ਚੁੱਕੀ ਹੈ ਤੇ ਵਿਚਾਲੇ ਕੋਈ ਪਰਦਾ ਨਹੀਂ ਰਿਹਾ । ਮੈਂ ਹੁਣ ਤੇਰਾ ਹਾਂ ਤੇ ਤੂੰ ਹੁਣ ਮੇਰਾ ਹੈਂ । ਮੈਨੂੰ ਹੁਣ ਇਕ ਵਾਹਿਗੁਰੂ ਦਾ ਹੀ ਸਾਰਾ ਪਸਾਰਾ ਦਿਸਦਾ ਹੈ । ਕੇਵਲ ਉਹ ਅਪਰ ਅਪਾਰ ਹੀ ਰਹਿ ਗਿਆ ਹੈ, ਦੂਰੀ ਖ਼ਤਮ ਹੋ ਗਈ ਹੈ । ਹੁਣ ਸਾਰਾ ਪਸਾਰਾ ਹਰੀ ਦਾ ਹੀ ਹੋ ਕੇ ਦਿਸਦਾ ਹੈ । ਉਹ ਆਪ ਹੀ ਹਰ ਤਰ੍ਹਾਂ ਸੰਪੂਰਨ ਹੈ ਤੇ ਮੇਰੇ ਸੁਆਸਾਂ (ਜ਼ਿੰਦਗੀ) ਦਾ ਆਸਰਾ ਬਣਿਆ ਹੈ। ਉਹ ਨਿਰਮਲ ਹੈ, ਨਿਰਮਲ ਹੈ, ਸਚਾ ਹੈ, ਸੁੱਚਾ ਹੈ, ਸੱਚਾ ਤੇ ਸੱਚਾ ਹੈ । ਉਸ ਦਾ ਕੋਈ ਅੰਤ ਨਹੀਂ, ਓਹ ਸਦਾ ਬੇਅੰਤ ਹੈ ਤੇ ਹੇ ਨਾਨਕ ਉਹ ਉੱਚੇ ਤੋਂ ਉੱਚਾ ਹੈ।

"ਪਾਇਆ ਲਾਲੁ ਰਤਨੁ ਮਨਿ ਪਾਇਆ ॥ ਤਨੁ ਸੀਤਲੁ ਮਨੁ
ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥੧॥ ਰਹਾਉ॥
ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥
ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥੨॥
ਅਚਰਜੁ ਏਕੁ ਸਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥

ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ
ਪਰਾਈ ॥ ੩॥ ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ
ਜਿਨਿ ਚਾਖਿਆ ॥ ਕਹੁ ਨਾਨਕ ਸਚ ਭਏ ਬਿਗਾਸਾ ਗੁਰਿ
ਨਿਧਾਨੁ ਰਿਦੈ ਲੈ ਰਾਖਿਆ ॥" (ਗਉੜੀ ਮਹਲਾ ੫) ਅੰਗ ੨੧੫

ਅਰਥਾਤ "ਮੈਂ ਆਪਣੇ ਮਨ ਅੰਦਰ ਲਾਲ ਰਤਨ ਪ੍ਰਾਪਤ ਕਰ ਲਿਆ ਹੈ। ਤਨ ਤੇ ਮਨ ਸੀਤਲ ਹੋ ਗਏ ਹਨ, ਕਿਉਂਕਿ ਸਤਿਗੁਰ ਦੇ ਸ਼ਬਦ ਦਵਾਰਾ ਉਸ ਵਾਹਿਗੁਰੂ ਵਿਚ ਲੀਨ ਹੋ ਗਿਆ ਹਾਂ। ਹੁਣ ਸਭ ਭੁਖ ਤੇਹ ਲਹਿ ਗਈ ਹੈ ਤੇ ਸਭ ਚਿੰਤਾ ਦੂਰ ਹੋਈ ਹੈ। ਪੂਰੇ ਗੁਰੂ ਨੇ ਮੇਰੇ ਮੱਥੇ 'ਤੇ ਹੱਥ ਧਰਿਆ ਹੈ ਤੇ ਮੇਰਾ ਮਨ ਜਿਤਿਆ ਗਿਆ ਹੈ—ਤੇ ਨਾਲ ਹੀ ਸਾਰਾ ਜਗਤ ਜਿਤਿਆ ਗਿਆ ਹੈ। ਹੁਣ ਅੰਦਰੋਂ ਪੂਰੀ ਤਰ੍ਹਾਂ ਰਜ ਗਏ ਹਾਂ ਤੇ ਹਰ ਕਿਸਮ ਦੇ ਡੋਲਨ ਭਟਕਨ ਤੋਂ ਰਹਿ ਗਏ ਹਾਂ। ਸਤਿਗੁਰ ਨੇ ਐਸਾ ਅਤੁਟ ਖ਼ਜ਼ਾਨਾ ਬਖ਼ਸ਼ਿਆ ਹੈ ਜੋ ਮੁਕਦਾ ਨਹੀਂ। ਇਕ ਅਚਰਜ ਖੇਡ ਵਰਤੀ ਹੈ, ਹੇ ਭਾਈ ਗੁਰ ਨੇ ਐਸੀ ਸੋਝੀ ਦਿੱਤੀ ਹੈ ਕਿ ਮੇਰਾ ਵਾਹਿਗੁਰੂ ਸਭ ਪਰਦੇ ਪਾੜ ਕੇ ਆ ਮਿਲਿਆ ਹੈ। ਹੁਣ ਪਰਾਈ ਈਰਖਾ ਮੁੱਕ ਗਈ ਹੈ। ਇਹ ਕੌਤਕ ਅਚਰਜ ਹੈ ਤੇ ਬਿਆਨ ਤੋਂ ਬਾਹਰ ਹੈ, ਪਰ ਇਸ ਖੇਡ ਨੂੰ ਉਹ ਹੀ ਸਮਝਦਾ ਹੈ, ਜਿਸ ਨੂੰ ਇਹ ਸੁਆਦ ਕਦੇ ਆਇਆ ਹੈ। ਹੇ ਨਾਨਕ, ਸੱਚ ਦਾ ਪ੍ਰਕਾਸ਼ ਹੋਇਆ ਹੈ, ਗੁਰੂ ਨੇ ਇਹ ਅਮੋਲਕ ਖਜ਼ਾਨਾ ਮੇਰੇ ਹਿਰਦੇ ਅੰਦਰ ਰੱਖ ਦਿੱਤਾ ਹੈ।"

ਇਹਨਾਂ ਦੋਹਾਂ ਸ਼ਬਦਾਂ ਵਿਚ ਮਹਾਰਾਜ ਆਪਣੇ ਅੰਦਰ ਵਰਤਦੀ ਖੇਡ ਨੂੰ ਕਿਸੇ ਪਿਆਰ ਭਰੀ ਇਲਾਹੀ ਝੂਮ ਵਿਚ ਵਰਨਣ ਕਰ ਰਹੇ ਹਨ। ਉਹਨਾਂ ਦੇ ਆਪਣੇ ਅੰਦਰ ਮਾਨੋ ਕੋਈ ਕੌਤਕ ਵਰਤਿਆ ਹੈ ਐਸਾ ਕੌਤਕ ਜਿਸ ਦਾ ਜ਼ਿਕਰ ਕਬੀਰ ਜੀ ਇਉਂ ਕੀਤਾ ਕਰਦੇ ਸਨ"

""ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥

(ਸਲੋਕ ਕਬੀਰ ਜੀ) ਅੰਗ ੧੩੭੪

ਅਰਥਾਤ "ਰਾਮ ਦਾ ਨਾਮ ਤਾਂ ਸਾਰੇ ਲੈਂਦੇ ਹਨ ਪਰ ਇਹੋ ਰਾਮ ਦਾ ਨਾਮ ਵਿਰਲਿਆਂ ਦੇ ਅੰਦਰ ਕੌਤਕ ਵੀ ਵਰਤਾ ਦਿੰਦਾ ਹੈ।"

ਇਸ ਕੌਤਕ ਨੇ ਉਨ੍ਹਾਂ ਨੂੰ ਬਹੁਤ ਹੀ ਪਿਆਰਾ, ਸੁਆਦਲਾ ਤੇ ਮਿੱਠਾ



ਮਿੱਠਾ ਨਸ਼ਾ ਚਾੜ੍ਹ ਦਿੱਤਾ ਹੈ। ਇਹ ਐਸਾ ਨਸ਼ਾ ਹੈ ਜਿਸ ਨੂੰ ਉਹ ਲਗਾਤਾਰ ਤੇ ਸਦਾ ਕਾਇਮ ਰੱਖਣਾ ਚਾਹੁੰਦੇ ਹਨ। ਉਨ੍ਹਾਂ ਅੰਦਰ ਮਾਨੋ ਸਦੀਵੀ ਸੁਖ, ਸ਼ਾਂਤੀ ਤੇ ਟਿਕਾਊ ਦੇ ਚਸ਼ਮੇ ਫੁੱਟ ਪੈਂਦੇ ਹਨ। ਉਹਨਾਂ ਨੂੰ ਹੈਰਾਨੀ ਤੇ ਵਿਸਮਾਦ ਦੀ ਹਾਲਤ ਵਿਚ ਲੈ ਗਏ ਹਨ। ਇਸ ਰੂਹਾਨੀ ਪ੍ਰੀਵਰਤਨ ਨੂੰ ਅੱਜਕੱਲ੍ਹ ਦੀ ਬੋਲੀ ਵਿਚ ਛਾਇਆਵਾਦ (Mysticism) ਕਹਿੰਦੇ ਹਨ, ਪਰ ਗੁਰੂ ਸਾਹਿਬ ਨੇ ਇਸ ਭੇਦ ਭਰੀ ਹਾਲਤ ਵਿਚ ਲਈ ਥਾਈਂ ਸ਼ਬਦ ਰਹਸ ਵਰਤਿਆ ਹੈ :

"ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥ "

(ਤੁਖਾਰੀ ਮਹਲਾ ੧) ਅੰਗ ੧੧੦੯

ਅਰਥਾਤ "ਜਦ ਆਪਾ ਮਿੱਟ ਜਾਂਦਾ ਹੈ ਤਾਂ ਅੰਦਰੋਂ ਮਾਨੋ ਰਹਸ ਵਰਤ ਜਾਂਦਾ ਹੈ।"

"ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥"

(ਵਾਰ ਆਸਾ ਮਹਲਾ ੧) ਅੰਗ ੪੬੮

ਅਰਥਾਤ "ਨਾਮ ਸੁਣ ਕੇ ਜਦ ਮਨ ਵਿਚ ਰਹਸ ਉਪਜਦਾ ਹੈ ਤਾਂ ਮਾਨੋਂ ਮੋਖ ਦਾ ਰਾਹ ਖੁਲ੍ਹਦਾ ਹੈ।"

ਇਸ ਰਹੱਸ ਦੀ ਹਾਲਤ ਦਾ ਜ਼ਿਕਰ ਉਤਲੇ ਦੋਹਾਂ ਸ਼ਬਦਾਂ ਵਿਚ ਹੈ, ਪਰ ਅਸੀਂ ਕੇਵਲ ਪਹਿਲੇ ਸ਼ਬਦ ਨੂੰ ਸਾਹਮਣੇ ਰੱਖ ਕੇ ਅਗਲੀ ਵਿਚਾਰ ਕਰਦੇ ਹਾਂ।

ਇਸ ਰਹੱਸਵਾਦ ਦੇ ਮੋਟੇ ਮੋਟੇ ਅੰਗ ਪੰਜ ਹਨ ਜੋ ਸ਼ਬਦ ਦੇ ਪੰਜ ਹੀ ਵੱਖ ਵੱਖ ਪਦਾਂ ਵਿਚ ਬਿਆਨ ਕੀਤੇ ਹਨ। ਆਤਮ-ਦਰਸ਼ਨ ਦੇ ਇਨ੍ਹਾਂ ਪੰਜਾਂ ਅੰਗਾਂ ਨੂੰ ਗਹੁ ਨਾਲ ਵਾਚਨਾ ਚਾਹੀਦਾ ਹੈ। ਇਸ ਦਾ ਇਕ ਅੰਗ ਹੈ ਰੋਸ਼ਨੀ ਹੀ ਰੋਸ਼ਨੀ, ਦੂਜਾ ਅਨੰਦ ਹੀ ਅਨੰਦ ਤੇ ਤੀਜਾ ਹੈਰਾਨੀ ਹੀ ਹੈਰਾਨੀ, ਜਿਸ ਨੂੰ ਵਿਸਮਾਦ ਵੀ ਕਹਿ ਸਕਦੇ ਹਾਂ। ਇਸ ਦਾ ਚੌਥਾ ਅੰਗ ਇਸ ਵਿਚੋਂ ਨਿਕਲਿਆ ਕੋਈ ਮਿਸ਼ਨ ਜਾਂ ਬਾਕੀ ਦੁਨੀਆਂ ਲਈ ਕੋਈ ਪੈਗ਼ਾਮ ਹੈ ਤੇ ਪੰਜਵਾਂ ਅੰਗ ਹੈ ਆਤਮਾ ਦੇ ਨਿਰੋਲ ਸਪਿਰਟ ਜਾਂ ਆਤਮਕ ਰੂਪ ਵਿਚ ਦਰਸ਼ਨ। ਪਹਿਲੇ ਸ਼ਬਦ ਨੂੰ ਧਿਆਨ ਨਾਲ ਪੜ੍ਹਿਆਂ ਇਹ ਪੰਜ ਅੰਗ ਸਾਫ਼ ਸਾਹਮਣੇ ਆ ਜਾਂਦੇ ਹਨ। ਏਥੇ ਇਨ੍ਹਾਂ ਅੰਗਾਂ ਦੀ ਥੋੜ੍ਹੀ ਜਿਹੀ ਵਿਆਖਿਆ ਕੀਤੀ ਜਾਂਦੀ ਹੈ ਤਾਂ ਜੋ ਇਸ ਆਤਮਕ ਹਾਲਤ ਦੀ ਸਹੀ ਤਰ੍ਹਾਂ ਸਮਝ ਪੈ

ਜਾਵੇ ਤੇ ਇਸ ਸੰਬੰਧੀ ਜੋ ਭੁਲੇਖੇ, ਖਾਹ ਮਖਾਹ ਪੈ ਜਾਂਦੇ ਹਨ, ਦੂਰ ਹੋਣ । ਗੁਰੂ ਸਾਹਿਬ ਕਹਿੰਦੇ ਹਨ ਕਿ ਸਤਿਗੁਰੂ ਦੇ ਸ਼ਬਦ ਦੀ ਕਮਾਈ ਦਵਾਰਾ ਮੇਰੇ ਅੰਦਰ ਇਕ ਬਹੁਤ ਖ਼ੂਬਸੂਰਤ ਕਉਤਕ ਵਰਤ ਗਿਆ ਹੈ । ਮੇਰੀ ਆਤਮਾ ਦੀ ਜੋਤ ਜਗ ਪਈ ਹੈ, ਜਿਸ ਨਾਲ ਇਸ ਆਤਮਾ ਦਾ ਸਰੀਰ ਰੂਪ ਮੰਦਰ ਜਗਮਗਾ ਉਠਿਆ ਹੈ ਤੇ ਮੇਰੇ ਸਭ ਅੰਧੇਰੇ ਜੋ ਅਗਿਆਨਤਾ, ਭਰਮ ਤੇ ਭੁਲੇਖਿਆਂ ਪਾਏ ਸਨ ਦੂਰ ਹੋ ਗਏ ਹਨ । ਮਨ ਆਪਣੇ ਨਿਰੋਲ ਰੂਪ ਵਿਚ ਜੋਤ ਸਰੂਪ ਤਾਂ ਹੈ ਹੀ, ਪਰ ਅਸਲੀਅਤ ਦਾ ਪਤਾ ਨਾ ਹੋਣ ਕਰਕੇ ਅਕਸਰ ਇਹ ਜੋਤ ਬੁਝੀ ਰਹਿੰਦੀ ਸੀ ; ਪਰ ਜੋਤ ਦੇ ਮੁੜ ਜਗਨ ਨਾਲ ਮਨ ਆਪਣੇ ਅਸਲ ਘਰ ਵਿਚ ਆ ਵਸਦਾ ਹੈ । ਮਹਾਰਾਜ ਕਹਿੰਦੇ ਹਨ ਕਿ ਮੇਰਾ ਇਹ ਸਰੀਰ ਹੁਣ ਮੰਦਰ (ਪੂਜਾ ਦਾ ਘਰ) ਬਣ ਗਿਆ ਹੈ ਕਿਉਂਕਿ ਇਸ ਵਿਚ ਹੁਣ ਪ੍ਰਮਾਤਮਾ ਆਪ ਵਸਣ ਲੱਗ ਪਿਆ ਹੈ । ਇਸ ਮੰਦਰ ਦੇ ਅੰਦਰ ਇਕ ਬੜੀ ਅਸਚਰਜ ਤੇ ਸੁੰਦਰ ਰਤਨਾਂ ਦੀ ਕੋਠੜੀ ਖੁਲ੍ਹ ਪਈ ਹੈ । ਇਸ ਕੋਠੜੀ ਨੂੰ ਅੰਤਸ਼ਕਰਨ ਕਹਿ ਸਕਦੇ ਹਾਂ । ਅਸਾਂ ਵੇਖਿਆ ਹੈ ਕਿ ਇਨ੍ਹਾਂ ਅੰਦਰ ਦੇ ਚਸ਼ਮਿਆਂ ਦੇ ਕਈ ਥਾਈਂ ਹੋਰ ਨਾਮ ਵੀ ਹਨ ; ਜਿਵੇਂ ਨਿੱਜ ਘਰ ਮਹਲ, ਅਬਚਲ ਨਗਰ, ਦਸਮ ਦੁਆਰ ਆਦਿਕ । ਏਥੇ ਇਸ ਨੂੰ ਰਤਨ ਕੋਠੜੀ ਕਿਹਾ ਹੈ । ਜੋਤ ਦੀ ਇਸ ਰੌਸ਼ਨੀ ਵਿਚ ਸਾਰੇ ਭੇਦ ਖੁਲ੍ਹੇ ਹਨ ਤੇ ਅੰਤਸ਼ ਹਨ ਸ਼ੁਧ ਹੋ ਕੇ ਇਸ ਵਿਚ ਬੇਅੰਤ ਗੁਣ ਤੇ ਸ਼ਕਤੀਆਂ ਰੂਪ ਮਾਨੋਂ ਰਤਨ ਪ੍ਰਗਟ ਹੋਏ ਹਨ । ਇਸ ਕਉਤਕ ਭਰੀ ਹਾਲਤ ਦਾ ਇਹ ਪਹਿਲਾ ਦ੍ਰਿਸ਼ ਹੈ ਜੋ ਨਿਰੀ ਰੌਸ਼ਨੀ ਹੈ ਅਰਥਾਤ ਪੂਰਨ ਗਿਆਨ ਦੀ ਪ੍ਰਾਪਤੀ ਦਾ ਸੂਚਕ ਹੈ। ਅਸਲੀਅਤਾਂ ਪ੍ਰਗਟ ਹੋਈਆਂ ਹਨ ਤੇ ਬੇਅੰਤ ਮਾਨਸਿਕ ਤੇ ਆਤਮਿਕ ਸ਼ਕਤੀਆਂ ਦਾ ਚਮਤਕਾਰ ਸਾਹਮਣੇ ਆਇਆ ਹੈ । ਇਸ ਤੋਂ ਅੱਗੇ ਦੂਜਾ ਦ੍ਰਿਸ਼ ਹੈ ਹੈਰਾਨੀ ਤੇ ਵਿਸਮਾਦ । ਇਸ ਦਾ ਆਣਾ ਕੁਦਰਤੀ ਤੇ ਅਵੱਸ਼ ਹੈ। ਜਿਵੇਂ ਕਿਸੇ ਗ਼ਰੀਬ ਤੇ ਨਿਮਾਣੇ ਆਦਮੀ ਨੂੰ ਚੁਕ ਕੇ ਕੋਈ ਬਾਦਸ਼ਾਹ ਬਣਾ ਦੇਵੇ, ਇਕ ਐਸੀ ਘਟਨਾ ਜਿਸ ਦੀ ਉਸ ਨੂੰ ਕਦੇ ਸੁਪਨੇ ਵਿਚ ਵੀ ਆਸ ਨਾ ਹੋਈ ਹੋਵੇ, ਤਾਂ ਉਹ ਹੈਰਾਨ ਹੋ ਜਾਂਦਾ ਹੈ, ਤਿਵੇਂ ਜਦ ਅੰਦਰ ਦੀ ਬਾਦਸ਼ਾਹੀ ਜੋ ਨਜ਼ਰੋਂ ਉਹਲੇ ਲੁਕੀ ਪਈ ਹੁੰਦੀ ਸੀ ਦਿਸ ਪੈਂਦੀ ਹੈ ਤਾਂ ਹੈਰਾਨ ਹੋਣਾ ਕੁਦਰਤੀ ਹੈ ਕਿ ਇਹ ਪਹਿਲਾਂ ਕਿਉਂ ਨਾ ਪ੍ਰਾਪਤ ਹੋਈ । ਇਸ ਬਾਤ ਨੂੰ ਇਉਂ ਦੱਸਦੇ ਹਨ :

"ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥"

(ਰਾਗ ਬਿਲਾਵਲ ਮਹਲਾ ੫) ਅੰਗ ੮੨੧



ਇਸ ਦੀ ਵਡਿਆਈ ਜੋ ਬਿਆਨ ਤੋਂ ਬਾਹਰ ਹੈ, ਫਿਰ ਇਸ ਨੂੰ ਕੋਈ ਪ੍ਰਾਪਤ ਕਰਕੇ ਕਿਉਂ ਛੱਡੇ ?

ਮਹਾਰਾਜ ਖ਼ੁਸ਼ੀ ਤੇ ਅਨੰਦ ਵਿਚ ਲੋਟ ਪੋਟ ਹੁੰਦੇ ਜਾ ਰਹੇ ਹਨ ਅਤੇ ਇਹ ਸੁਖ ਤੇ ਅਨੰਦ ਦੀ ਝੂਮ ਵਿਚ ਦੱਸ ਕੁਝ ਨਹੀਂ ਸਕਦੇ । ਇਹ ਤੀਜਾ ਦ੍ਰਿਸ਼ ਹੈ ਜਿਸ ਨੂੰ ਇਉਂ ਬਿਆਨ ਕੀਤਾ ਹੈ :-

"ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥੧॥"

(ਰਾਗੁ ਬਿਲਾਵਲੁ ਮਹਲਾ ੫) ਅੰਗ ੮੨੧

ਪਰਮਾਤਮਾ ਵਿਚ ਲੀਨ ਹੋ ਕੇ ਉਸ ਨਾਲ ਪੂਰਨ ਤੌਰ 'ਤੇ ਅਭੇਦ ਹੋ ਗਏ ਹਨ। ਹੁਣ ਕੋਈ ਦੁਖ, ਕਲੇਸ਼, ਫ਼ਿਕਰ, ਟੰਟੇ, ਹਉਮੈਂ ਦੇ ਝਗੜੇ ਤੇ ਪੁਆੜੇ ਨੇੜੇ ਨਹੀਂ ਫ਼ਟਕਦੇ ; ਜਿਵੇਂ ਤੁਕ ਵਿਚ ਇਉਂ ਦੱਸਿਆ ਹੈ :

"ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀਂ ਭੋਰਾ ॥
ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥"

(ਰਾਗ ਬਿਲਾਵਲੁ ਮਹਲਾ ੫) ਅੰਗ ੮੨੧

ਧਨ ਪਿਰ ਦਾ ਮੇਲ ਹੋ ਗਿਆ ਹੈ ਤੇ ਸਭ ਵਿਥਾਂ ਵਿਖੇਵੇਂ ਤੇ ਫ਼ਰਕ ਦੂਰ ਹੋਏ ਹਨ । ਆਪਣੇ ਆਪ ਤੇ ਕਿਸੇ ਗੈਬੀ ਸ਼ਕਤੀ ਦਾ ਕਬਜ਼ਾ ਹੋ ਗਿਆ ਤੇ ਵਖਰਾ ਆਪ ਰਿਹਾ ਹੀ ਨਹੀਂ । ਅਗਾਂਹ ਚੌਥਾ ਦ੍ਰਿਸ਼ ਸਾਹਮਣੇ ਆ ਜਾਂਦਾ ਹੈ ਜਦੋਂ ਕਿ ਉਹ ਸਭ ਵਿਚ ਇਕ ਹੀ ਇਕ ਪਸਰਿਆ ਵੇਖ ਰਹੇ ਹਨ । ਇਸ ਨਜ਼ਰ ਵਿਚ ਨਸਲੀ, ਮਜ਼ਹਬੀ ਜਾਂ ਕੌਮੀ ਵਖੇਵੇਂ ਰਹੇ ਹੀ ਨਹੀਂ । ਸਭ ਵਿਚ ਬ੍ਰਹਮ ਹੀ ਬ੍ਰਹਮ ਵਰਤਦਾ ਵੇਖ ਰਹੇ ਹਨ ਅਤੇ ਹੁਣ ਚਾਹੁੰਦੇ ਹਨ ਕਿ ਸਾਰਾ ਸੰਸਾਰ ਇਸ ਪ੍ਰੇਮ ਦੀ ਲੜੀ ਵਿਚ ਪਰੋਤਾ ਜਾਏ । ਇਸ ਲਈ ਉਹਨਾਂ ਦਾ ਜੀਵਨ ਮਿਸ਼ਨ ਇਉਂ ਬਣ ਜਾਂਦਾ ਹੈ ।

"ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥"

(ਰਾਗੁ ਬਿਲਾਵਲ ਮਹਲਾ ੫) ਅੰਗ ੮੨੧

ਗੁਰੂ ਨਾਨਕ ਦੇਵ ਜੀ ਵੇਈਂ ਨਦੀ 'ਤੇ ਆਪਣੇ ਹੀ ਅੰਦਰ ਜਾ ਕੇ ਇਸ ਕਿਸਮ ਦੀ ਕੋਈ ਟੁਭੀ ਲਾ ਆਏ ਸਨ ਜਿਸ ਦੇ ਤੁਰੰਤ ਬਾਅਦ ਉਹਨਾਂ ਇਕ ਹੀ ਬ੍ਰਹਮ ਦਾ ਪ੍ਰਚਾਰ ਆਰੰਭ ਦਿੱਤਾ ਸੀ । ਤਦੋਂ ਹੀ ਉਹਨਾਂ ਨੇ ਇਹ ਨਾਹਰਾ ਲਾਇਆ ਸੀ :-

" ਨਾ ਕੋਈ ਹਿੰਦੂ ਨ ਕੋਈ ਮੁਸਲਮਾਣੁ ॥"

ਉਨ੍ਹਾਂ ਦੀ ਨਜ਼ਰ ਵਿਚ ਸਭ ਮਨੁੱਖ ਇਕ ਹੋ ਗਏ ਸਨ ਤੇ ਇਸ ਮਿਸ਼ਨ ਨੂੰ ਖਿਲਾਰਨ ਲਈ ਘਰੋਂ ਤੁਰ ਪਏ ਸਨ ਤੇ ਬੁੱਝੀਆਂ ਜੋਤਾਂ ਮੁੜ ਜਗਾਨ ਦੀ ਸੇਵਾ ਚੁਕ ਲਈ ਸੀ ।

ਪਾਠਕਾਂ ਨੂੰ ਯਾਦ ਕਰਾਂਦੇ ਹਾਂ ਕਿ ਪ੍ਰਮਾਤਮਾ ਦੇ ਨਿਰਗੁਣ ਸਰੂਪ ਦੀ ਵਿਆਖਿਆ ਕਰਦਿਆਂ ਹੋਇਆਂ ਅਸਾਂ ਉਸ ਦੀਆਂ ਅਰਬਦ ਨਰਬਦ ਸਮਾਧੀਆਂ ਦਾ ਜ਼ਿਕਰ ਕੀਤਾ ਸੀ । ਗੁਰੂ ਸਾਹਿਬ ਨੂੰ ਇਹ ਗਿਆਨ ਆਤਮ-ਦਰਸ਼ਨ ਦੀ ਅਜੇਹੀ ਕਿਸੇ ਹਾਲਤ ਵਿਚ ਹੀ ਪ੍ਰਾਪਤ ਹੋਇਆ ਹੋਣਾ ਹੈ, ਇਸ ਹਾਲਤ ਦਾ ਜ਼ਿਕਰ ਏਥੇ ਕਰ ਰਹੇ ਹਾਂ । ਇਸ ਹਾਲਤ ਵਿਚ ਪੁਜਿਆ ਮਨੁੱਖ, ਦੇਸ਼, ਕਾਲ, ਨਾਮ ਤੇ ਰੂਪ ਦੀਆਂ ਹੱਦਾਂ ਟੱਪ ਕੇ ਉਹ ਸਚਾਈਆਂ ਵੇਖ ਲੈਂਦਾ ਹੈ ਜਿਸ ਦੀ ਸਮਝ ਕੇਵਲ ਉਸ ਹਾਲਤ ਵਿਚ ਗਿਆਂ ਹੀ ਹੁੰਦੀ ਹੈ, ਪਰ ਦੂਜਿਆਂ ਲਈ ਇਸ ਨੂੰ ਸਮਝਣਾ ਅਸੰਭਵ ਹੁੰਦਾ ਹੈ । ਇਹ ਪਰਾਭੌਤਿਕ (Metaphysical) ਗੱਲਾਂ ਹਨ ਤੇ ਦੇਸ਼, ਕਾਲ ਤੇ ਨਾਮ ਤੇ ਰੂਪ ਦੀ ਕੈਦ ਤੋਂ ਨਿਕਲ ਕੇ ਅਨੁਭਵ ਹੁੰਦੀਆਂ ਹਨ । ਉਦੋਂ ਸਮੇਂ ਦੇ ਭੂਤ ਜਾਂ ਭਵਿੱਖਤ ਸਭ ਵਰਤਮਾਨ ਹੋ ਜਾਂਦੇ ਹਨ, ਮਾਨੋ ਸਮੇਂ ਦੇ ਅੰਦਰ ਖੁੱਲ੍ਹੇ ਫਿਰ ਲਈਦਾ ਹੈ।

ਭੂਤ ਤੇ ਭਵਿੱਖਤ ਦੀਆਂ ਸਭ ਗੱਲਾਂ ਪ੍ਰਤੱਖ ਸਾਹਮਣੇ ਆ ਖਲੋਂਦੀਆਂ ਹਨ ਤੇ ਦੁਨੀਆਂ ਲਈ ਹੈਰਾਨੀ ਦਾ ਕਾਰਨ ਬਣਦੀਆਂ ਹਨ । ਮਹਾਂ ਪੁਰਖਾਂ ਦੀਆਂ ਭਵਿੱਖਤ ਕਲਾਮਾਂ ਵੀ ਇਸੇ ਅਨੁਭਵ ਦੀ ਹਾਲਤ ਤੋਂ ਹੀ ਨਿਕਲੀਆਂ ਹਨ ।

ਇਸੇ ਤਰ੍ਹਾਂ ਦੀ ਕਿਸੇ ਸਮਾਧੀ ਤੋਂ ਦਸਮ ਪਾਤਿਸ਼ਾਹ ਨੇ ਖਾਲਸਾ ਸਾਜਨ ਦਾ ਮਿਸ਼ਨ ਆਪਣੇ ਜ਼ਿੰਮੇ ਲਿਆ ਸੀ । ਇਸ ਅਥਾਹ ਆਤਮਿਕ ਸਰੋਵਰ ਵਿਚ ਟੁੱਭੀ ਲਾਣ ਪਿੱਛੋਂ ਹੀ ਉਹਨਾਂ ਨੂੰ ਹਰ ਬੁਰਾਈ ਦਾ ਟਾਕਰਾ ਕਰਨ ਦੀ ਸ਼ਕਤੀ ਪ੍ਰਾਪਤ ਹੋ ਗਈ ਸੀ, ਤਾਂ ਹੀ ਉਹ ਦੇਸ਼ ਭਗਤ ਸਮਾਜ ਸੁਧਾਰਕ ਤੇ ਧਾਰਮਿਕ ਨੇਤਾ ਹੋ ਕੇ ਵਿਚਰੇ ਸਨ । ਇਹਨਾਂ ਸਾਰਿਆ ਕੰਮਾਂ ਦੀ ਬੁਨਿਆਦ ਇਸ ਅਥਾਹ ਆਤਮਕ ਟੁਭੀ ਦੀ ਡੂੰਘਾਈ ਸੀ । ਇਹਸ ਹਾਲਤ ਵਿਚ ਪੁਜ ਕੇ ਉਹਨਾਂ ਲਈ ਸਾਰੇ ਵਿਥਾਂ ਵਖੇਵੇਂ ਓਪਰੇ ਓਪਰੇ ਹੋ ਗਏ ਸਨ। ਭਾਵੇਂ ਉਹਨਾਂ ਇਸਲਾਮ, ਹਿੰਦੂ, ਬੁੱਧ ਤੇ ਜੈਨ ਧਰਮ ਆਦਿ ਸਭ ਦਾ ਮੁਤਾਲਿਆ ਕੀਤਾ ਹੋਇਆ ਸੀ ਤੇ ਪ੍ਰਸਪਰ ਛੋਟੇ ਮੋਟੇ ਫ਼ਰਕਾਂ ਨੂੰ ਵੀ ਜਾਣਦੇ



ਸਨ—ਪਰ ਇਸ ਹਾਲਤ ਵਿਚ ਪੁਜ ਕੇ ਸਾਰੇ ਧਰਮ ਇਕ ਹੋ ਕੇ ਦਿਸਣ ਲੱਗ ਪਏ ਸਨ, ਕਿਉਂਕਿ ਓਪਰੇ ਓਪਰੇ ਫ਼ਰਕ ਥੱਲੇ ਰਹਿ ਗਏ ਸਨ । ਇਸ ਮਾਨਸਿਕ ਦਸ਼ਾ ਵਿਚ ਹੋ ਕੇ ਉਹ ਸਭ ਨੂੰ ਪਿਆਰ ਦੀ ਲੜੀ ਵਿਚ ਪਰੋ ਦੇਣਾ ਚਾਹੁੰਦੇ ਸਨ ।

ਜਦੋਂ ਨਿਰਵਿਕਲਪ ਸਮਾਧੀ ਲੱਗ ਜਾਂਦੀ ਹੈ ਤਾਂ ਜਿਵੇਂ ਪਿੱਛੇ ਵਿਚਾਰਿਆ ਹੈ, ਪੰਜ ਗਿਆਨ ਇੰਦ੍ਰਿਆਂ ਤੋਂ ਉੱਤੇ ਦੀ ਕੋਈ ਹਾਲਤ ਪੈਦਾ ਹੋ ਜਾਂਦੀ ਹੈ । ਇਹ ਅਨੁਭਵੀ ਖੇਡ ਹੈ ਜੋ ਭਾਵੇਂ ਕਿਸੇ ਗਿਣੀ ਮਿਥੀ ਦਲੀਲ ਦੇ ਪੈਰਾਂ ਤੇ ਖੜ੍ਹੀ ਤਾਂ ਨਹੀਂ ਹੁੰਦੀ ਪਰ ਜਦ ਅੱਖਾਂ ਖੁਲ੍ਹਦੀਆਂ ਹਨ ਤਾਂ ਦਲੀਲ ਇਸ ਨੂੰ ਝੱਟ ਪਰਵਾਣ ਕਰ ਲੈਂਦੀ ਹੈ ।

ਸੁਆਮੀ ਵਿਵੇਕਾ ਨੰਦ ਜੀ ਨੇ ਕਿਹਾ ਹੈ ,"What we call inspiration is the development of reason. No genuine inspiration contradicts reason. Where it does, it is no inspiration. "

ਅਰਥਾਤ "ਜਿਸ ਨੂੰ ਅਸੀਂ ਅਨੁਭਵ ਕਹਿੰਦੇ ਹਾਂ ਉਹ ਦਲੀਲ ਦਾ ਹੀ ਵਿਕਾਸ ਹੈ । ਅਸਲ ਅਨੁਭਵ ਦਲੀਲ ਨੂੰ ਕਟਦੀ ਨਹੀਂ—ਜਿਥੇ ਇਹ ਕਟਦੀ ਹੈ ਓਥੇ ਉਹ ਅਨੁਭਵ ਨਹੀਂ ਹੁੰਦੀ ।"

ਕਹਿੰਦੇ ਹਨ, ਸੁਆਮੀ ਜੀ ਦੇ ਗੁਰੂ ਸੁਆਮੀ ਰਾਮ ਕ੍ਰਿਸ਼ਨ ਜੀ ਛੇ ਛੇ ਮਹੀਨੇ ਦੀ ਲੰਮੀ ਤੇ ਡੂੰਘੀ ਸਮਾਧੀ ਲਾ ਸਕਦੇ ਸਨ । ਵਿਵੇਕਾ ਨੰਦ ਉਸ ਵੇਲੇ ਅਜੇ ਭਾਲ ਵਿਚ ਹੀ ਸਨ । ਉਹਨਾਂ ਦਾ ਆਪਣਾ ਮਨ ਇਹਨਾਂ ਸਮਾਧੀਆਂ ਦੀ ਹਕੀਕਤ ਨੂੰ ਸਮਝ ਨਹੀਂ ਸਕਦਾ ਸੀ । ਉਹ ਬਿਬੇਕ, ਵਿਚਾਰ ਤੇ ਦਲੀਲ ਦੀ ਕਸਵੱਟੀ 'ਤੇ ਸਭ ਕੁਝ ਵੇਖਣਾ ਤੇ ਪਰਖਣਾ ਚਾਹੁੰਦੇ ਸਨ । ਉਹ ਹਰ ਗੱਲ ਦਾ ਉੱਤਰ ਮੰਗਦੇ ਸਨ ਤੇ ਹਰ ਸਚਾਈ ਦੀ ਪਰਖ, ਦਲੀਲ ਦੀ ਕਸਵੱਟੀ 'ਤੇ ਕਰਨਾ ਚਾਹੁੰਦੇ ਸਨ । ਇਸ ਜੀਵਨ ਦਾ ਮਨੋਰਥ ਕੀ ਹੈ ਤੇ ਇਸ ਵਿਸਮਾਦ ਰਚਨਾ ਦੇ ਪਿੱਛੇ ਕੀ ਹੈ ? ਉਹ ਇਸ ਕਿਸਮ ਦੇ ਪ੍ਰਸ਼ਨਾਂ ਦਾ ਉੱਤਰ ਭਾਲਦੇ ਰਹਿੰਦੇ ਸਨ । ਉਹਨਾਂ ਆਪਣੇ ਗੁਰੂ ਤੋਂ ਨਿਰਵਿਕਲਪ ਸਮਾਧੀ ਦੀ ਮੰਗ ਕੀਤੀ, ਜਿਵੇਂ ਆਪਣੇ ਸਮੇਂ ਰਿਖੀ ਸੁਖਦੇਵ ਨੇ ਵੀ ਕੀਤੀ ਸੀ । ਸੁਆਮੀ ਰਾਮ ਕ੍ਰਿਸ਼ਨ ਜੀ ਨੇ ਉੱਤਰ ਦਿਤਾ ਸੀ "ਤੁਹਾਡੀ ਇਸ ਮੰਗ ਤੇ ਇਸ ਲਈ ਅਫ਼ਸੋਸ ਹੈ ਕਿ ਤੁਸੀਂ ਅਜੇ ਤਕ ਨਿਰੀ ਆਪਣੀ ਨਿੱਕੀ ਜੇਹੀ ਖੁਦੀ ਦੀ

ਪੂਰਤੀ ਲਈ ਸੋਚਦੇ ਹੋ । ਲੋੜ ਹੈ ਬੋਹੜ ਦਾ ਰੁੱਖ ਹੋਣ ਦੀ ਜੋ ਸਭ ਨੂੰ ਸੁਖ ਤੇ ਛਾਂ ਦੇ ਸਕੇ । ਇਕ ਪਰਮਾਤਮਾ ਸਭ ਵਿਚ ਵਿਆਪਕ ਹੋ ਕੇ ਅਨੇਕ ਹੋ ਰਿਹਾ ਹੈ । ਬਸ, ਇਹੋ ਜੀਵਨ ਦੀ ਰਮਜ਼ ਹੈ ਜਿਸ ਨੂੰ ਸਮਾਧੀ ਨੇ ਪਕਾਣਾ ਹੈ ।"

ਵਿਵੇਕਾ ਨੰਦ ਜੀ ਰੋਣ ਲੱਗ ਪਏ, ਕਿਉਂਕਿ ਉਸ ਹਾਲਤ ਨੂੰ ਆਪ ਅਨੁਭਵ ਕਰਨਾ ਚਾਹੁੰਦੇ ਸਨ । ਇਸ ਦੇ ਬਾਵਜੂਦ ਸੁਆਮੀ ਜੀ ਨੇ ਉਹਨਾਂ ਨੂੰ ਉਸ ਉਚੇਰੀ ਸੋਝੀ ਦੀ ਹਾਲਤ ਵਿਚ ਜਾਣ ਦਾ ਰਾਹ ਦੱਸਿਆ । ਉਥੇ ਪੁੱਜ ਕੇ ਉਹਨਾਂ ਦੇ ਸਭ ਸ਼ੰਕੇ ਮੁੱਕ ਗਏ ਤੇ ਇਕ ਹੀ ਦਿਸਣ ਲੱਗ ਪਿਆ । ਫਿਰ ਉਹਨਾਂ ਉਸ ਲਈ ਰੱਬ ਨੂੰ ਬੇਅੰਤ ਦੇ ਵਿਆਪਕ ਰੂਪ ਵਿਚ ਵੀ ਵੇਖਿਆ । ਨਜ਼ਰ ਵਿਚ ਸਾਰੀ ਦੁਨੀਆਂ ਬਦਲ ਗਈ, ਕਿਉਂਕਿ ਕੇਵਲ ਬ੍ਰਹਮ ਦੀ ਸਰਬ ਪਸਰੀ ਏਕਤਾ ਅਨੁਭਵ ਹੋ ਗਈ । ਹਰੀ ਦਾ ਪਿਆਰ ਦੁਨੀਆਂ ਦੇ ਪਿਆਰ ਵਿਚ ਬਦਲਿਆ ।

ਏਕਤਾ ਦੀ ਇਹੋ ਖੇਡ ਦਸਮ ਪਾਤਸ਼ਾਹ ਨਾਲ ਵਰਤੀ ਸੀ । ਉਹਨਾਂ ਬਚ੍ਰਿਤ ਨਾਟਕ ਵਿਚ ਕਿਸੇ ਸਮਾਧੀ ਤੋਂ ਉਪਜੀ ਇਸ ਹਾਲਤ ਦਾ ਵਰਨਣ ਆਪ ਇਉਂ ਕੀਤਾ ਹੈ ।

"ਤਹ ਹਮ ਅਧਿਕ ਤਪੱਸਿਆ ਸਾਧੀ ।
ਮਹਾਂਕਾਲ-ਕਾਲਕਾ ਅਰਾਧੀ ।
ਇਹ ਬਿਧਿ ਕਰਤ ਤਪੱਸਿਆ ਭਯੋ ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ ।"

(ਬਚਿਤ੍ਰ ਨਾਟਕ ਪਾਤਸ਼ਾਹੀ ੧੦)

ਅਰਥਾਤ "ਓਥੇ ਅਸਾਂ ਬਹੁਤ ਭਾਰੀ ਤਪ ਸਾਧਨਾ ਕੀਤੀ ਅਤੇ ਮਹਾਂਕਾਲ (ਵਾਹਿਗੁਰੂ) ਰੂਪ ਕਾਲਕਾ ਦੀ ਅਰਾਧਨਾ ਕੀਤੀ । ਤਪੱਸਿਆ ਕਰਦਿਆਂ ਇਹ ਹਾਲਤ ਹੋ ਗਈ ਕਿ ਉਸ ਹਰੀ ਨਾਲ ਅਭੇਦ ਹੋ ਕੇ ਦੋ ਤੋਂ ਇਕ ਰੂਪ ਹੋ ਗਏ ।"

ਇਸ ਹਾਲਤ ਤੋਂ ਜੋ ਅਨੰਦ ਨਿਕਲਿਆ ਉਸ ਵਿਚ ਉਹ ਸਦਾ ਹੀ ਰਹਿਣਾ ਚਾਹੁੰਦੇ ਸਨ, ਜਿਸ ਬਾਤ ਨੂੰ ਉਹਨਾਂ ਇੰਵ ਬਿਆਨ ਕੀਤਾ ਸੀ:

"ਚਿਤ ਨ ਭਯੋ ਹਮਰੋ ਆਵਨ ਕਹ ।
ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿ ।"



(ਬਚਿਤ੍ਰ ਨਾਟਕ ਪਾਤਸ਼ਾਹੀ ੧੦)

ਅਰਥਾਤ-"ਉਸ ਅਨੰਦ ਭਰੀ ਅਵਸਥਾ ਵਿਚੋਂ ਨਿਕਲ ਕੇ ਆਵਣ ਨੂੰ ਚਿਤ ਨਹੀਂ ਕਰਦਾ ਸੀ । ਸੁਰਤੀ ਪ੍ਰਭੂ ਦੇ ਚਰਨਾਂ ਵਿਚ ਜੁੜੀ ਹੋਈ ਸੀ।"

ਇਸ ਸਮਾਧੀ ਤੋਂ ਜੋ ਮਿਸ਼ਨ ਨਿਕਲਿਆ ਸੀ ਉਸ ਦਾ ਵਰਨਣ ਇਉਂ ਹੈ :

""ਮੈ ਅਪਨਾ ਸੁਤ ਤੋਹਿ ਨਿਵਾਜਾ ।
ਪੰਥੁ ਪ੍ਰਚੁਰ ਕਰਬੇ ਕਹ ਸਾਜਾ
ਜਾਹਿ ਤਹਾਂ ਤੈ ਧਰਮ ਚਲਾਇ ।
ਕਬੁਧਿ ਕਰਨ ਤੇ ਲੋਕ ਹਟਾਇ ।"

(ਬਚਿਤ੍ਰ ਨਾਟਕ ਪਾਤਸ਼ਾਹੀ ੧੦)

ਅਰਥਾਤ "ਮੈ ਤੈਨੂੰ ਆਪਣਾ ਪੁੱਤਰ ਬਣਾ ਕੇ ਵਡਿਆਇਆ ਹੈ ਤੇ ਪੰਥ ਦੀ ਸਾਜਨਾ ਲਈ ਤਿਆਰ ਕੀਤਾ ਹੈ । ਸਭ ਥਾਈਂ ਧਰਮ ਦਾ ਪ੍ਰਚਾਰ ਕਰੋ ਤੇ ਦੁਨੀਆਂ ਨੂੰ ਕੁਰਾਹੇ ਪੈਣ ਤੋਂ ਬਚਾਉ ।"

ਇਸ ਤਰ੍ਹਾਂ ਉਹਨਾਂ ਪਹਿਲਾਂ ਏਕਤਾ ਅਨੁਭਵ ਕੀਤੀ ਤੇ ਫਿਰ ਸੇਵਾ ਤੇ ਉਪਕਾਰ ਦਾ ਰਾਹ ਫੜਿਆ ਸੀ । ਤਦੋਂ ਇਹ ਰਾਹ ਆਪਣੇ ਆਪ ਫੜਨਾ ਪੈ ਜਾਂਦਾ ਹੈ ਕਿਉਂਕਿ ਸੰਸਾਰ ਸਾਰਾ ਆਪਣਾ ਹੋ ਜਾਂਦਾ ਹੈ । ਫਿਰ ਏਕਤਾ ਦੀ ਅਨੰਦ-ਮਈ ਇਲਾਹੀ ਝੂਮ ਸੁਤੇ ਉਪਜਦੀ ਹੈ । ਸਾਰਾ ਸੰਸਾਰ ਆਪਣਾ ਹੋ ਜਾਂਦਾ ਹੈ ਤੇ ਆਖਰੀ ਦ੍ਰਿਸ਼ ਇਸ ਪ੍ਰਕਾਰ ਆਉਂਦਾ ਹੈ ।:

ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥
ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ ॥

(ਬਿਲਾਵਲ ਮਹਲਾ ੫) ਅੰਗ ੮੨੧

ਨਿਰਮਲ, ਸੂਚਾ ਊਚਾ ਤੇ ਬੇਅੰਤ ਲਫ਼ਜ਼ਾਂ ਨੂੰ ਘੜੀ ਘੜੀ ਕਿਸ ਨਸ਼ੇ ਦੀ ਝੂਮ ਵਿਚ ਤੇ ਅਕਹਿ ਅਨੰਦ ਵਿਚ ਉਚਾਰਨ ਕਰੀ ਜਾਦੇ ਹਨ, ਮਾਨੋ ਇਸ ਅਨੰਦ ਦੀ ਹਾਲਤ ਵਿਚ ਹੋਰ ਕੁਝ ਕਹਿਣ ਜਾਂ ਸੋਚਣ ਦੀ ਲੋੜ ਹੀ ਨਹੀਂ ਤੇ ਇਨ੍ਹਾਂ ਸ਼ਬਦਾ ਨੂੰ ਹੀ ਬਾਰ ਬਾਰ ਦੁਹਰਾ ਕੇ ਅਨੰਦ ਲਈ ਜਾਣਾ ਚੰਗਾ ਲੱਗਦਾ ਹੈ ।

ਚੇਤਾ ਰਹੇ ਕਿ ਇਹ ਅਨੰਦ ਬਿਆਨ ਕੀਤੇ ਜਾਣ ਵਾਲਾ ਨਹੀਂ, ਕਿਉਂਕਿ ਇਹ ਉਹ ਅਨੰਦ ਹੈ ਜੋ ਆਮ ਮਨੁੱਖਾਂ ਦੇ ਤਜਰਬੇ ਵਿਚ ਆਇਆ ਹੀ ਨਹੀਂ । ਇਹ ਸਰੀਰਕ ਜਾਂ ਇੰਦ੍ਰਕ ਨਹੀਂ, ਆਤਮਕ ਆਨੰਦ ਹੈ । ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ ਕਿਉਂਕਿ ਇਸ ਬਾਬਤ ਪਹਾੜ ਜੇਡੇ ਭੁਲੇਖੇ ਪੈ ਗਏ ਹਨ ਜਾਂ ਪਾ ਲਏ ਗਏ ਹਨ । ਚਾਲਕ ਤੇ ਖ਼ੁਦਗਰਜ਼ ਲੋਕ ਬਾਣੀ ਦੇ ਲਫਜ਼ਾਂ ਦੀ ਹੇਰਾ ਫੇਰੀ ਨਾਲ ਭੋਲੇ ਭਾਲੇ ਪਰ ਸ਼ਰਧਾਲੂ ਪੁਰਸ਼ਾਂ ਨੂੰ ਗੁਮਰਾਹ ਕਰਨ ਵਿਚ ਸਫਲ ਹੋ ਜਾਂਦੇ ਹਨ । ਥਾਂ ਥਾਂ ਢਾਣੀਆਂ ਬਣ ਖਲੋਂਦੀਆਂ ਹਨ ਤੇ ਗੱਦੀਆਂ ਕਾਇਮ ਕਰਕੇ ਆਪਣੀ ਪੂਜਾ ਕਰਵਾ ਲੈਂਦੀਆਂ ਹਨ । ਮਹਾਰਾਜ ਸਪਸ਼ਟ ਕਰਕੇ ਦਸਦੇ ਹਨ ਕਿ ਇਹ ਆਤਮਿਕ ਅਨੰਦ ਕੋਈ ਵੱਖਰੀ ਕਿਸਮ ਦਾ ਅਨੰਦ ਹੈ ਜੋ ਬਿਆਨ ਹੀ ਨਹੀਂ ਕੀਤਾ ਜਾ ਸਕਦਾ।

"ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥ "

ਜਿਸ ਨੂੰ ਇਕ ਵਾਰ ਇਹ ਸਵਾਦ ਲੱਗ ਜਾਂਦਾ ਹੈ ਉਹ ਮੁੜ ਇਸ ਨੂੰ ਛੱਡ ਨਹੀਂ ਸਕਦਾ । ਇਸ ਦੇ ਮੁਕਾਬਲੇ ਤੇ ਬਾਕੀ ਸਾਰੇ ਸਵਾਦ ਉਸ ਨੂੰ ਫਿਕੇ ਤੇ ਫੋਕੇ ਲੱਗਣ ਲੱਗ ਜਾਂਦੇ ਹਨ । ਕਬੀਰ ਜੀ ਕਹਿੰਦੇ ਹਨ :-

"ਇਹ ਰਸ ਛਾਡੇ ਉਹ ਰਸੁ ਆਵਾ ॥

ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥"

(ਗਉੜੀ ਕਬੀਰ ਜੀ) ਅੰਗ ੩੪੨

ਅਰਥਾਤ "ਜਦ ਇਹਨਾਂ ਇੰਦ੍ਰਕ ਰਸਾਂ ਦੀ ਖਿਚ ਛੱਡ ਦਿੱਤੀ ਜਾਂਦੀ ਹੈ ਤਾਂ ਉਹ ਰਸ ਆਂਦਾ ਹੈ—ਤੇ ਜਦੋਂ ਉਸ ਰਸ ਨੂੰ ਪੀਤਾ ਜਾਂਦਾ ਹੈ ਤਾਂ ਇਹ ਰਸ ਆਪੇ ਛੁੱਟ ਜਾਂਦੇ ਹਨ ।

ਹੋਰ: "ਜਿਹ ਰਸ ਬਿਸਰਿ ਗਏ ਰਸ ਅਉਰ ॥"

(ਗਉੜੀ ਕਬੀਰ ਜੀ ) ਅੰਗ ੩੩੭

ਅਰਥਾਤ "ਜਿਸ ਹਰੀ ਰਸ ਆਵਣ ਨਾਲ ਬਾਕੀ ਸਭ ਰਸ ਵਿਸਰ ਜਾਂਦੇ ਹਨ ।"

ਕੇਲਾ ਮਿੱਠਾ ਹੈ, ਪਰ ਮਿਸਰੀ ਖਾਣ ਤੋਂ ਪਿੱਛੋਂ ਇਸ ਦਾ ਸਵਾਦ ਫਿੱਕਾ ਹੋ ਜਾਂਦਾ ਹੈ । ਸ਼ਬਦ, ਰਸ, ਰੂਪ, ਗੰਧ ਤੇ ਸਪਰਸ਼ ਇਹ ਗਿਆਨ



ਇੰਦ੍ਰਿਆਂ ਦੇ ਪੰਜ ਲਖਣ ਹਨ । ਆਮ ਮਨੁੱਖਾਂ ਦੇ ਤਜਰਬੇ ਵਿਚ ਆਏ ਸਭ ਅਨੰਦ ਇਹ ਇੰਦ੍ਰਕ ਅਨੰਦ ਹੀ ਹੁੰਦੇ ਹਨ ਅਤੇ ਇਨ੍ਹਾਂ ਤੋਂ ਉੱਤੇ ਹੋਰ ਅਨੰਦਾਂ ਤੇ ਤਜਰਬੇ ਉਹਨਾਂ ਨੂੰ ਹੁੰਦੇ ਹੀ ਨਹੀਂ । ਇਸ ਲਈ ਆਤਮ ਰਸੀਆਂ ਦੇ ਆਪਣੇ ਤਜਰਬੇ ਵਿਚ ਆਏ ਆਤਮਿਕ ਅਨੰਦਾਂ ਨੂੰ ਦੁਨੀਆਂ ਸਮਝ ਨਹੀਂ ਸਕਦੀ । ਪਰ ਇਨ੍ਹਾਂ ਨੂੰ ਸਮਝ ਗੋਚਰਾ ਕਰਨ ਲਈ ਇੰਦ੍ਰਕ ਅਨੰਦਾਂ ਦੀ ਅਲੰਕਾਰਕ ਸਹਾਇਤਾ ਲਈ ਜਾਂਦੀ ਹੈ । ਮਿਸਾਲ ਲਈ, ਆਤਮਿਕ ਅਨੰਦ ਦਾ ਬਿਆਨ ਗੁਰਬਾਣੀ ਵਿਚ ਕਈ ਵਾਰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੁੰਦਾ ਹੈ ਕਿ ਮਾਨੋਂ ਅੰਮ੍ਰਿਤ ਵਰ੍ਹ ਰਿਹਾ ਹੈ ਤੇ ਜੀਭ ਇਸ ਅੰਮ੍ਰਿਤ ਨੂੰ ਜਾਂ ਇਸ ਆਤਮ ਰਸ ਨੂੰ ਮਾਣਦੀ ਖੀਵੀ ਹੋ ਹੋ ਜਾਂਦੀ ਹੈ ਤੇ ਕਦੇ ਰਜਦੀ ਨਹੀਂ ਤੇ ਅੰਮ੍ਰਿਤ ਦੇ ਪਿਆਲੇ ਨੂੰ ਬੁੱਲ੍ਹਾਂ ਨਾਲ ਲਾਈ ਰੱਖਣਾ ਚਾਹੁੰਦੀ ਹੈ । ਉਹ ਲੋਕ ਜੋ ਇਸ ਅਲੰਕਾਰ ਦੀ ਖ਼ੂਬਸੂਰਤੀ ਵੇਖ ਨਹੀਂ ਸਕਦੇ, ਜੀਭ ਤੇ ਬੁੱਲਾਂ ਦੇ ਸਵਾਦਾਂ ਵਿਚ ਹੀ ਪਏ ਰਹਿੰਦੇ ਹਨ । ਇਸੇ ਤਰ੍ਹਾਂ ਕਦੇ ਸ਼ਰਾਬ ਦੇ ਨਸ਼ੇ ਦਾ ਅਲੰਕਾਰ ਹੁੰਦਾ ਹੈ, ਐਸੀ ਸ਼ਰਾਬ ਜਿਸ ਦਾ ਨਸ਼ਾ ਕਦੇ ਲਹਿੰਦਾ ਹੀ ਨਹੀਂ, ਕਦੇ ਐਸਾ ਮਿਠੇ ਮਿਲਵੇਂ, ਰਸਦਾਇਕ ਸਦਾ ਕਾਇਮ ਰਹਿਣ ਵਾਲੇ ਤੇ ਬਿਨ ਵਜਾਇਆਂ ਵਜਣ ਵਾਲੇ ਅਨਹਦ ਸ਼ਬਦ ਦਾ ਵਰਨਣ ਹੁੰਦਾ ਹੈ ਜੋ ਬਹੁਤ ਪਿਆਰਾ ਲੱਗਦਾ ਹੈ ਤੇ ਵਾਜੇ, ਵੀਣਾ ਤੇ ਕਿੰਗਰੀ ਆਦਿ ਦਾ ਅਨੰਦ ਦਿੰਦਾ ਹੈ। ਇਸੇ ਤਰ੍ਹਾਂ ਅੱਖਾਂ ਲਈ ਬੇਹੱਦ ਪ੍ਰਕਾਸ਼ ਤੇ ਰੋਸ਼ਨੀ ਜਿਸ ਸਾਹਮਣੇ ਅੱਖਾਂ ਚਕਾਚੂਰ ਹੋਣ ਤੇ ਕਰੋੜਾਂ ਸੂਰਜਾਂ ਤੇ ਚੰਦ੍ਰਮਾਂ ਚੜ੍ਹਨ ਦਾ ਪ੍ਰਭਾਵ ਪੈਂਦਾ ਹੋਵੇ, ਦੇ ਅਲੰਕਾਰ ਬਿਆਨ ਹੁੰਦੇ ਹਨ, ਜਿਵੇਂ

"ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥"

(ਸੂਹੀ ਮਹਲਾ ੫) ਅੰਗ ੭੩੭

ਅਰਥਾਤ "ਕਰੋੜਾਂ ਸੂਰਜਾਂ ਦਾ ਚਾਨਣ ਹੋਇਆ ਹੈ ।"

ਅਸਾਂ ਉਤਲੇ ਸ਼ਬਦ ਵਿਚ ਹੀ ਆਤਮਾ ਰੂਪ ਦੀਵੇ ਦੇ ਜਗਨ ਦਾ ਅਲੰਕਾਰ ਵੇਖਿਆ ਹੈ, ਜੋ ਆਤਮਿਕ ਗਿਆਨ ਪ੍ਰਗਟ ਹੋ ਜਾਣ ਦਾ ਸੂਚਕ ਹੈ । ਇਸੇ ਤਰ੍ਹਾਂ ਕਰੋੜਾਂ ਬਾਗ਼ ਬਗ਼ੀਚਿਆਂ ਦੇ ਅਲੰਕਾਰ ਜਿਨ੍ਹਾਂ ਦੁਆਰਾ ਚੰਦਨ ਤੇ ਅਤਰ ਦੀ ਖ਼ੁਸ਼ਬੋ ਨੱਕ ਨੂੰ ਰੀਝਾਵੇ, ਜਾਂ ਛੋਹ ਤੋਂ ਐਸੀ ਅਨੰਦ ਦੀ ਪ੍ਰਾਪਤੀ ਜਿਸ ਨੂੰ ਤੁਚਾ ਅਨੁਭਵ ਕਰੇ, ਦੇ ਅਲੰਕਾਰ ਵਰਨਣ ਕੀਤੇ ਹੁੰਦੇ ਹਨ। ਇਹਨਾਂ ਅਲੰਕਾਰਾਂ ਦੀ ਵਰਤੋਂ ਨਾਲਆਪਣੇ ਅੰਦਰਲੇ ਅਨੰਦ ਨੂੰ ਸਮਝ

ਗੋਚਰਾ ਕੀਤਾ ਹੁੰਦਾ ਹੈ ਪਰ ਇਸ ਦਾ ਇਹ ਭਾਵ ਕਦਾਚਿਤ ਨਹੀਂ ਹੋ ਸਕਦਾ ਹੈ ਕਿ ਮਹਾਰਾਜ ਬਾਰਹਲੇ ਫਿਕੇ ਰਸਾਂ ਤੋਂ ਵਰਜ ਕੇ ਅੰਦਰਲੇ ਓਹੋ ਜਹੇ ਰਸਾਂ ਵਿਚ ਲਾ ਦੇਣ। ਜੇ ਸਭ ਘਾਲਾਂ ਦਾ ਸਿੱਟਾ ਆਖਰ ਇੰਦ੍ਰਿਕ ਰਸ ਹੀ ਹੋਣੇ ਹਨ, ਅਰਥਾਤ ਜੇ ਜੀਭ ਨੇ ਮਿੱਠੇ ਅੰਮ੍ਰਿਤ, ਕੰਨਾਂ ਨੇ ਰਸੀਲੇ ਰਾਗ ਸ਼ਬਦ ਜਾਂ ਆਵਾਜ਼ਾਂ ਅਤੇ ਅੱਖਾਂ ਨੇ ਰੋਸ਼ਨੀ ਦੇ ਚਮਤਕਾਰ ਆਦਿਕ ਹੀ ਗ੍ਰਹਿਣ ਕਰਨੇ ਹਨ ਤਾਂ ਇਹ ਚੀਜ਼ਾਂ ਬਾਹਰੋਂ ਹੀ ਕਿਉਂ ਨਾ ਲੈ ਲਈਆਂ ਜਾਣ । ਕਠਨ ਪਰਮਾਰਥ ਯਤਨਾਂ ਦੀ ਕੀ ਲੋੜ ਹੈ । ਉਤਲੇ ਸ਼ਬਦ ਵਿਚ ਦੀਵਾ ਜਗਨ ਤੇ ਰਤਨ ਕੋਠੜੀ ਖੁਲ੍ਹਣ ਆਦਿ ਦੇ ਅਲੰਕਾਰ ਹਨ ਪਰ ਵੀ ਕਦੇ ਮਾਦੀ ਦੀਵਿਆਂ ਦੀ ਰੋਸ਼ਨੀ ਤੇ ਮਾਦੀ ਰਤਨਾਂ ਦੀ ਭਾਲ ਵਿਚੋਂ ਅੰਮ੍ਰਿਤ ਪ੍ਰਾਪਤ ਕਰ ਸਕਦਾ ਹੈ । ਜਿਸ ਨੂੰ ਸਾਹਿਤ ਦੀ 'ਤੇ ਖਾਸ ਤੌਰ ਤੇ ਕਾਵਯ ਰਚਨਾ ਦੀ ਕੁਝ ਵੀ ਸੂਚ ਬੂਝ ਹੋਵੇ ਤੇ ਉਹਨਾ ਇਹਨਾਂ ਅਲੰਕਾਰਾਂ ਦੇ ਭਾਵ ਤੇ ਸਪਿਰਟ ਨੂੰ ਸਮਝਣਾ ਜ਼ਰਾ ਵੀ ਮੁਸ਼ਕਲ ਨਹੀਂ ਹੁੰਦਾ । ਜੋ ਪੁਰਸ਼ ਇਸ ਸੂਝ ਬੂਝ ਤੋਂ ਖਾਲੀ ਹੋਣ ਉਹ ਨਿਰੇ ਲਫ਼ਜ਼ੀ ਅਰਥਾਂ ਵਿਚ ਪਏ ਰਹਿੰਦੇ ਹਨ ਤੇ ਛੇਤੀ ਗੁਮਰਾਹ ਹੁੰਦੇ ਹਨ । ਸਹੀ ਰਸਤਾ ਇਹ ਹੈ ਕਿ ਬਾਣੀ ਦੇ ਭਾਵ ਤੇ ਸਪਿਰਟ ਨੂੰ ਸਮਝਣ ਦਾ ਯਤਨ ਹੋਵੇ, ਨਹੀਂ ਤਾਂ ਕਦੇ ਵੀ ਕੋਈ ਕਿਸੇ ਠੀਕ ਨਤੀਜੇ 'ਤੇ ਪੁਜ ਨਹੀਂ ਸਕਦਾ । ਮਿਸਾਲ ਲਈ, ਜਪੁ ਜੀ ਸਾਹਿਬ ਵਿਚ ੬੮ ਤੀਰਥਾਂ ਦੇ ਇਸ਼ਨਾਨਾ ਦਾ ਜ਼ਿਕਰ ਹੈ, ਜਿਵੇਂ :-

"ਸੁਣਿਐ ਅਠਸਠਿ ਕਾ ਇਨਸਾਨੁ ॥" (ਜਪੁ ਜੀ ) ਅੰਗ ੩

ਇਸ ਦੇ ਨਿਰੇ ਲਫ਼ਜ਼ੀ ਅਰਥਾਂ ਤੋਂ ਭੁਲੇਖਾ ਪੈ ਸਕਦਾ ਹੈ ਕਿ ਸ਼ਾਇਦ ਏਥੇ ਤੀਰਥਾਂ ਦੇ ਇਸ਼ਨਾਨਾਂ ਦੀ ਲੋੜ ਦੱਸੀ ਗਈ ਹੈ, ਪਰ ਜੇ ਇਸ ਦੇ ਭਾਵ ਜਾਂ ਸਪਿਰਟ ਨੂੰ ਲਿਆ ਜਾਏ ਤਾਂ ਕੋਈ ਭੁਲੇਖਾ ਨਹੀਂ। ਸਪਸ਼ੱਟ ਭਾਵ ਇਹ ਹੈ ਕਿ ਗੁਰੂ ਦੀ ਸਿੱਖਿਆ ਜਾਂ ਨਾਮ ਸੁਣਨ ਨਾਲ ੬੮ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ । ਇਸ ਤੁਕ ਵਿਚ ਤੀਰਥਾਂ ਦੇ ਇਸ਼ਨਾਨਾਂ ਦਾ ਉਪਦੇਸ਼ ਨਹੀਂ ਹੈ। ਉਪਦੇਸ਼ ਤਾਂ ਕੇਵਲ ਗੁਰੂ ਦੀ ਸਿੱਖਿਆ 'ਤੇ ਚਲਣ ਦਾ ਹੈ ਜਿਸ ਦਾ ਮਹਾਤਮ ਜਾਂ ਫ਼ਲ ਸੁੱਤੇ ਸਿੱਧ ਉਹ ਹੈ ਜੋ ੬੮ ਤੀਰਥਾਂ ਦੇ ਇਸ਼ਨਾਨਾਂ ਦਾ ਮੰਨਿਆਂ ਗਿਆ ਹੈ । ਵਿਚਾਰ ਕਰੋ ਇਸ ਸਤਰ ਦੀ :-

"ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥"

(ਗਉੜੀ ਮਹਲਾ ੫) ਅੰਗ ੨੬੬



ਅਰਥਾਤ "ਜੇ ਕੋਈ ਚਾਰ ਪਦਾਰਥ ਦੀ ਇੱਛਾ ਕਰੇ ਤਾਂ ਉਸਨੂੰ ਸਾਧ ਜਨਾਂ ਦੀ ਸੇਵਾ ਵਿਚ ਲੱਗਣਾ ਚਾਹੀਦਾ ਹੈ ।"

ਇਨ੍ਹਾਂ ਬਚਨਾਂ ਵਿਚ ਸਾਧਾਂ ਦੀ ਸ਼ਰਨ ਵਿਚ ਆਣ ਦੀ ਸਿੱਖਿਆ ਹੈ, ਚਾਰ ਪਦਾਰਥਾਂ ਨੂੰ ਪਾਪਤ ਕਰਨ ਦੀ ਨਹੀਂ । ਇਹ ਪ੍ਰਾਪਤੀ ਸਾਧ ਜਨਾਂ ਦੀ ਸ਼ਰਨ ਤੋਂ ਸੁਤੇ ਸਿਧ ਹੋ ਜਾਦੀ ਹੈ । ਇਸੇ ਤਰ੍ਹਾਂ ੧੮ ਸਿੱਧੀਆਂ ਤੇ ਨੌਂ ਨਿੱਧੀਆਂ ਦਾ ਜ਼ਿਕਰ ਕਰਦਿਆਂ ਵੀ ਇਹਨਾਂ ਦੀ ਤਲਾਸ਼ ਦ੍ਰਿੜ੍ਹ ਨਹੀਂ ਕਰਾਈ ਹੁੰਦੀ । ਇਹ ਚੀਜ਼ਾਂ ਤਾਂ ਭਗਤਾਂ ਦੀਆਂ ਦਾਸੀਆਂ ਹਨ ਜੋ ਉਹਨਾਂ ਦੇ ਪਿੱਛੇ ਦੌੜਦੀਆਂ ਫਿਰਦੀਆਂ ਹਨ ।

"ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ॥"

(ਸੋਰਠਿ ਰਵਿਦਾਸ ਜੀ) ਅੰਗ ੬੫੮

ਅਰਥਾਤ "ਚਾਰ ਪਦਾਰਥ, ਅਠਾਰਾਂ ਸਿੱਧੀਆਂ ਤੇ ਨੌਂ ਨਿੱਧੀਆਂ ਭਗਤਾਂ ਦੀ ਹੱਥ ਦੀ ਤਲੀ 'ਤੇ ਪਈਆਂ ਹਨ ।

ਇਸੇ ਤਰ੍ਹਾਂ ਅਨੰਦ ਸਾਹਿਬ ਦੀ ਬਾਣੀ ਵਿਚ ਸਤਿਗੁਰੂ ਦੇ ਮੇਲ ਹੋਣ ਦਾ ਜ਼ਿਕਰ ਹੈ । ਇਸ ਮੇਲ ਤੋਂ ਅਨੰਦ ਉਪਜਿਆ ਹੈ ਜਿਸ ਨੂੰ ਵਾਜਿਆਂ, ਰਾਗ, ਰਾਗਣੀਆਂ ਤੇ ਸੰਗੀਤ ਦੇ ਅਲੰਕਾਰਾਂ ਨਾਲ ਇਉਂ ਵਰਨਣ ਕੀਤਾ ਹੈ:

"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ
ਵਾਧਈਆਂ ॥ ਰਾਗ ਰਤਨ ਪਰਵਾਰ ਪਰੀਆ ਸਬਦ
ਗਾਵਣ ਆਈਆ ॥ ਸਬਦੋ ਤਾ ਗਾਵਹੁ ਹਰੀ ਕੇਰਾ
ਮਨਿ ਜਿਨੀ ਵਸਾਇਆ ॥"

(ਰਾਮਕਲੀ ਮਹਲਾ ੩) ਅੰਗ ੯੧੭

ਭਾਵ "ਸਤਿਗੁਰੂ ਦੇ ਘਰ ਆ ਵਸਣ ਨਾਲ ਮਨ ਅੰਦਰ ਵਧਾਈ ਯੋਗ ਖ਼ੁਸੀ ਵਰਤੀ ਹੈ । ਸਾਰੇ ਰਾਗ, ਸਮੇਤ ਪਰਵਾਰ ਦੇ ਸ਼ਬਦ ਗਾਵਨ ਆ ਗਏ ਹਨ । ਗਾਵਹੁ, ਭਾਈ, ਹਰੀ ਦਾ ਸ਼ਬਦ ਗਾਵੋ ।

ਅਗਾਂਹ ਹੋਰ ਇਉਂ ਕਿਹਾ ਹੈ :

"ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥

ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥"

(ਰਾਮਕਲੀ ਮਹਲਾ ੩) ਅੰਗ ੯੨੨

ਅਰਥਾਤ "ਵਡਭਾਗੀਓ, ਸੁਣਹ ਅਨੰਦ ਦੀ ਕਥਾ । ਪ੍ਰਭੂ ਪ੍ਰਾਪਤ ਹੋਇਆ ਹੈ ਤੇ ਸਾਰੇ ਝੋਰੇ ਮੁਕ ਗਏ ਹਨ ।

ਹੋਰ :"ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥"

(ਰਾਮਕਲੀ ਮਹਲਾ ੩) ਅੰਗ ੯੧੭

ਅਰਥਾਤ "ਭਾਗਵਾਨ ਘਰ ਵਿਚ ਪੰਚ ਸ਼ਬਦ ਵਜੇ ਹਨ ॥

ਹੋਰ :"ਵਾਜੇ ਸਬਦ ਘਨੇਰੇ॥"(ਰਾਮਕਲੀ ਮਹਲਾ ੩) ਅੰਗ ੯੧੭

ਅਰਥਾਤ "ਅਨੇਕ ਸ਼ਬਦ ਵਜ ਰਹੇ ਹਨ ਮੇਰੇ ਅੰਦਰ ।"

ਜਿਸ ਘਰ ਵਿਚ ਉਹ ਆ ਵਸਿਆ ਹੈ ਵਡਿਆਈ ਤੇ ਖ਼ੁਸ਼ੀ ਤਾਂ ਉਸ ਦੇ ਘਰ ਵਿਚ ਆਵਣ ਦੀ ਹੈ । ਵਾਜੇ ਚਾਹੇ ਪੰਜ ਹੋਣ ਤੇ ਚਾਹੇ ਅਨੇਕ ਉਸ ਵਡਿਆਈ ਨੂੰ ਪਰਗਟਾਣ ਲਈ ਹੀ ਹਨ, ਤੇ ਚਾਹੇ ਇਹ ਵਾਜੇ ਅਲੰਕਾਰ ਦੇ ਤੌਰ 'ਤੇ ਲਏ ਜਾਣ ਤੇ ਚਾਹੇ ਅੰਦਰਲਾ ਆਤਮਕ ਅਨੰਦ ਸਚਮੁਚ ਸੰਗੀਤਕ ਹੋ ਗਿਆ ਹੋਵੇ ਓਹੋ ਵਡਿਆਈ ਪ੍ਰਗਟ ਕਰਦੇ ਹਨ । ਇਹ ਗੱਲ ਸੰਭਵ ਹੈ ਕਿ ਉਹ ਮਨ ਜੋ ਆਪਣੇ ਅੰਦਰੋਂ ਬੇਅੰਤ ਸ਼ਕਤੀਆਂ ਕਢ ਲੈਂਦਾ ਹੈ ਆਪਣੇ ਇਸ ਆਤਮਿਕ ਅਨੰਦ ਨੂੰ ਸੰਗੀਤਕ ਕਰ ਸਕਦਾ ਹੈ । ਇਹ ਵੀ ਸੰਭਵ ਹੈ ਕਿ ਇਕਾਗਰਤਾ ਪਕਾਣ ਨਾਲ ਕੁਦਰਤ ਵਿਚ ਹੋ ਰਹੇ ਕਿਸੇ ਬਾਰੀਕ ਸੰਗੀਤ ਨੂੰ, ਇਸ ਦੀ ਪਿਚ ਤੇ ਕੰਨਾਂ ਨੂੰ ਲੈ ਜਾਣ ਨਾਲ, ਇਸ ਨੂੰ ਸੁਣਿਆ ਜਾ ਸਕੇ ਪਰ ਇਸ ਨੂੰ ਜੀਵਣ ਦਾ ਮਨੋਰਥ ਬਣਾ ਲੈਣਾ ਕਿਵੇ ਗੁਰਮਿਤ ਅਨੁਸਾਰ ਹੈ ? ਮਨੋਰਥ ਤਾਂ ਸਾਜਨ ਪਰਗਟ ਕਰਨਾ ਹੈ ਜਿਸ ਦੀ ਖ਼ੁਸ਼ੀ ਤੋਂ ਸੰਗੀਤ ਸੁਤੇ ਸਿਧ ਨਿਕਲ ਆਇਆ ਹੈ । ਪਰ ਇਹ ਸੰਗੀਤ ਹੀ ਮਨੋਰਥ ਨਹੀਂ ਹੋ ਜਾਂਦਾ।

ਇਹਨਾਂ ਉਤਲੇ ਸ਼ਬਦਾਂ ਵਿਚ ਆਏ ਅਲੰਕਾਰ ਏਨੇ ਸਪਸ਼ਟ ਹਨ ਕਿ ਭੁਲੇਖਾ ਨਹੀਂ ਪੈ ਸਕਦਾ ਪਰ ਜੇ ਕਿਤੇ ਭੁਲੇਖੇ ਦੀ ਗੁੰਜਾਇਸ਼ ਨਿਕਲ ਆਵੇ ਤਾਂ ਝਟ ਉਸ ਦੇ ਅਰਥ ਹੋਰ ਹੀ ਕਰ ਲਏ ਜਾਂਦੇ ਹਨ, ਜਿਵੇਂ ਕਿ ਹੇਠਾਂ ਦਿਤੇ ਸ਼ਬਦ ਵਿਚ :

"ਅਗਮ ਰੂਪ ਕਾ ਮਨ ਮਹਿ ਥਾਨਾ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ॥੧॥
ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥ ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥ ੧॥ ਰਹਾਉ



ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੋਪਾਲਾ ॥੨॥
ਤਹ ਸਹਜ ਅਖਾਰੇ ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥ ੩॥
ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਖਉ ਦੀਆ ॥

(ਗਉੜੀ ਮਹਲਾ ੫) ਅੰਗ ੧੯੬

ਅਰਥਾਤ "ਉਸ ਅਗਮ ਪ੍ਰਮਾਤਮਾ ਦਾ ਵਾਸਾ ਮਨ ਵਿਚ ਹੈ, ਪਰ ਕਿਸੇ ਵਿਰਲੇ ਨੇ ਹੀ ਉਸ ਨੂੰ ਗੁਰੂ ਦੀ ਕਿਰਪਾ ਨਾਲ ਵੇਖਿਆ ਹੈ । ਬ੍ਰਹਮ ਗਿਆਨੀ ਦੇ ਅੰਮ੍ਰਿਤ ਦੇ ਕੁੰਡ ਜਿਸ ਕਿਸੇ ਨੂੰ ਪ੍ਰਾਪਤ ਹਨ ਉਹ ਹੀ ਛਕਦਾ ਹੈ । ਹਿਰਦਾ ਰੂਪ ਥਾਂ ਅਚਰਜ ਹੈ ਜਿਥੇ ਆਤਮਕਿ ਅਨੰਦ ਰੂਪ ਅਨਹਤ ਬਾਣੀ ਵਰ੍ਹਦੀ ਹੈ । ਇਸ ਅਨੰਦ ਦੀ ਧੁਨ ਮੇਰੇ ਰੱਬ ਨੂੰ ਪਿਆਰੀ ਲੱਗਦੀ ਹੈ । ਓਥੇ ਸਹਿਜ ਵਿਚ ਪੁਜਿਆਂ ਹੋਇਆਂ ਦੇ ਅਨੇਕ ਅਸਥਾਨ ਹਨ ਜਿਨ੍ਹਾਂ ਵਿਚ ਵਾਹਿਗੁਰੂ ਦੇ ਸਾਥੀ ਸੰਤ ਲੋਕ ਵਸਦੇ ਹਨ । ਓਥੇ ਬੇਅੰਤ ਖ਼ੁਸ਼ੀਆਂ ਹਨ; ਸੋਗ ਕੋਈ ਨਹੀਂ, ਉਹ ਥਾਂ ਗੁਰੂ ਨੇ ਨਾਨਕ ਨੂੰ ਦਿੱਤਾ ਹੈ ।"

ਗੁਰਮਤਿ ਫ਼ਿਲਾਸਫ਼ੀ ਨੂੰ ਠੀਕ ਤਰ੍ਹਾਂ ਸਮਝਣ ਲਈ ਇਹ ਗੱਲ ਵੀ ਨੋਟ ਕਰਨੀ ਚਾਹੀਦੀ ਹੈ ਕਿ ਗੁਰੂ ਸਾਹਿਬ ਨੇ ਹੋਰ ਧਰਮਾਂ ਦੀ ਤਕਨੀਕ ਤੇ ਸ਼ਬਦਾਵਲੀ ਨੂੰ ਬਿਨਾਂ ਸੰਕੋਚ ਅਪਨਾਇਆ ਹੁੰਦਾ ਹੈ, ਪਰ ਉਹਨਾਂ ਦੀ ਵਰਤੋਂ ਨਵੇਂ ਤੇ ਆਪਣੇ ਅਰਥਾਂ ਵਿਚ ਕੀਤੀ ਹੁੰਦੀ ਹੈ । ਸਹਿਜ, ਮੋਖ, ਨਿਰਵਾਣ, ਕਰਮ, ਦਸਮ ਦੁਆਰ, ਅਨਹਦ ਸ਼ਬਦ, ਚਾਰ ਪਦਾਰਥ, ਆਵਾਗਵਨ, ਨਰਕ ਸੁਰਗ, ਇਤਿਆਦਿਕ ਸਭ ਤਰਮੀਮ ਹੋ ਕੇ ਨਵੇਂ ਰੂਪ ਵਿਚ ਪੇਸ਼ ਕੀਤੇ ਹੁੰਦੇ ਹਨ । ਇਸ ਗੱਲ ਨੂੰ ਸਮਝਿਆਂ ਭੁਲੇਖਿਆਂ ਦੀ ਗੁੰਜਾਇਸ਼ ਬਹੁਤ ਘਟ ਹੋ ਜਾਂਦੀ ਹੈ ।

ਇਕ ਹੋਰ ਕਿਸਮ ਦੀ ਗਲਤ-ਫਹਿਮੀ ਵੀ ਦੂਰ ਕਰਨ ਵਾਲੀ ਹੈ। ਕਈ ਨਾਵਕਫ਼ ਲੋਕ ਸਮਝਦੇ ਹਨ ਕਿ ਉਤੇ ਬਿਆਨ ਕੀਤੀਆਂ ਇਸ ਆਤਮ-ਮੰਡਲ ਦੀਆਂ ਗੱਲਾਂ ਐਵੇਂ ਮੁਗਾਲਤੇ ਜਾਂ ਮਾਨਸਿਕ ਭੁਲੇਖੇ ਹਨ ਜੋ ਮਨੁੱਖਾਂ ਨੇ ਸ਼ਾਇਦ ਨਿਰੇ ਕਿਆਸ ਤੋਂ ਹੀ ਪੈਦਾ ਕਰ ਲਏ ਹਨ ਤੇ ਇਹਨਾਂ ਦੀ ਅਸਲੀਅਤ ਕੋਈ ਨਹੀਂ ਹੁੰਦੀ । ਇਹ ਤਾਂ ਠੀਕ ਹੈ ਕਿ ਕਈ ਵੇਰ ਕਿਸੇ ਮਨ ਦੀ ਕਮਜ਼ੋਰ ਤੇ ਢਿੱਲੀ ਹਾਲਤ ਵਿਚ ਜਾਂ ਇਸ ਨੂੰ ਨਿਰੇ ਜਜ਼ਬਾਤੀ ਵਹਿਣ ਵਿਚ ਰੁੜਨ ਦਿਤਿਆਂ ਕੇਵਲ ਕਿਆਸ ਤੋਂ ਹੀ ਕਈ ਕੁਝ ਖੜ੍ਹਾ ਕਰ ਲਿਆ ਜਾਂਦਾ ਹੈ ਜੋ ਕਿ ਸਾਰੇ ਦਾ ਸਾਰਾ ਹੀ ਭੁਲੇਖਾ ਹੋ ਸਕਦਾ ਹੈ, ਪਰ ਅਸੀਂ ਏਥੇ ਉਹਨਾਂ ਮਹਾਂਪੁਰਸ਼ਾਂ ਦਾ ਜ਼ਿਕਰ ਕਰ ਰਹੇ ਹਾਂ ਜਿਨ੍ਹਾਂ ਦੇ ਮਨ ਬੜੇ

ਬਲਵਾਨ ਤੇ ਫਾਇਲੀ ਹਾਲਤ ਵਿਚ ਹੁੰਦੇ ਹਨ ਤੇ ਜੋ ਸਭ ਵਿਚ ਪ੍ਰਮਾਤਮਾ ਦੀ ਪਸਰੀ ਏਕਤਾ ਦੇ ਦਰਸ਼ਨ ਕਰ ਰਹੇ ਹੁੰਦੇ ਹਨ ਤੇ ਪ੍ਰੇਮ ਦੀ ਕੋਈ ਇਲਾਹੀ ਖੇਡ, ਖੇਡ ਰਹੇ ਹੁੰਦੇ ਹਨ । ਜੀਵਨ ਨੂੰ ਨਿਰਾ ਦਿਸਦਾ ਪਿਸਦਾ ਸੰਸਾਰ ਸਮਝ ਲੈਣਾ ਠੀਕ ਨਹੀਂ ਕਿਉਂਕਿ ਐਸੇ ਰੱਬੀ ਮੰਡਲ ਵੀ ਹਨ ਜਿਨ੍ਹਾਂ 'ਤੇ ਪਹੁੰਚ ਭਾਵੇਂ ਆਸਾਨ ਨਹੀਂ ਪਰ ਮਨ ਦੀ ਖ਼ਾਸ ਉਚੇਰੀ ਹਾਲਤ ਵਿਚ ਉਨ੍ਹਾਂ ਮੰਡਲਾਂ ਦੇ ਦਰਸ਼ਨ ਹੋ ਜਾਂਦੇ ਹਨ ।

ਹੁਣ ਅੰਤ ਵਿਚ ਨਾਮ ਸਿਮਰਨ ਸੰਬੰਧੀ ਇਕ ਹੋਰ ਸ਼ਬਦ ਦੇ ਕੇ ਲੇਖ ਦੀ ਸਮਾਪਤੀ ਕਰਦੇ ਹਾਂ । ਇਸ ਨਾਲ ਉਤਲੇ ਵਿਚਾਰਾਂ ਦੀ ਹੋਰ ਪੁਸ਼ਟੀ ਹੋ ਜਾਏਗੀ ।

> "ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥ ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥ ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥ ੧॥ ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥ ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥ ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥
>
> (ਰਾਗ ਬਸੰਤੁ ਹਿੰਡੋਲ ਮਹਲਾ ੯) ਅੰਗ ੧੧੮੬

ਅਰਥਾਤ "ਹੇ ਮਾਈ, ਮੈਨੂੰ ਹਰੀ ਦਾ ਨਾਮ ਰੂਪ ਧਨ ਪ੍ਰਾਪਤ ਹੋ ਗਿਆ ਹੈ । ਹੁਣ ਮੇਰਾ ਮਨ ਸਭ ਭਟਕਨਾ ਤੋਂ ਛੁੱਟ ਗਿਆ ਹੈ ਤੇ ਆਪਣੇ ਆਪ ਵਿਚ ਟਿਕ ਕੇ ਅਰਾਮ ਨਾਲ ਬੈਠ ਗਿਆ ਹੈ। ਮਾਇਆ ਸਮੇਤ ਹਉਮੈਂ ਦੇ, ਮੇਰੇ ਤਨ ਤੋਂ ਦੂਰ ਨਸ ਗਈ ਹੈ ਕੋਈ ਐਸਾ ਨਿਰਮਲ ਗਿਆਨ ਉਪਜਿਆ ਹੈ । ਲੋਭ, ਮੋਹ ਆਦਿਕ ਹੁਣ ਨੇੜੇ ਨਹੀਂ ਛੋਹ ਸਕਦੇ, ਭਗਵਾਨ ਦੀ ਅਜੇਹੀ ਭਗਤੀ ਦ੍ਰਿੜ੍ਹ ਕੀਤੀ ਹੈ । ਜਦੋਂ ਤੋਂ ਨਾਮ ਰਤਨ ਦੀ ਪ੍ਰਾਪਤੀ ਹੋਈ ਹੈ, ਜਨਮ



ਜਨਮਾਤ੍ਰਾਂ ਦੇ ਸੰਸੇ ਤੇ ਫ਼ਿਕਰ ਮੁਕ ਗਏ ਹਨ । ਮਨ ਤੋਂ ਸਾਰੀ ਤ੍ਰਿਸ਼ਨਾ ਲੱਥ ਕੇ ਨਾਸ ਹੋ ਗਈ ਹੈ ਤੇ ਮੈਂ ਆਪ ਅੰਦਰਲੇ ਆਪੇ ਦੇ ਸੁਖ ਵਿਚ ਲੀਨ ਹੋ ਗਿਆ ਹਾਂ । ਜਿਸ ਕਿਸੇ 'ਤੇ ਉਸ ਦਿਆਲੂ, ਮੇਹਰਾਂ ਦੇ ਸਮੁੰਦਰ, ਪ੍ਰਮਾਤਮਾ ਦੀ ਕਿਰਪਾ ਹੋ ਜਾਂਦੀ ਹੈ ਉਹ ਹੀ ਉਸ ਦੇ ਗੁਣ ਗਾਂਵਦਾ ਹੈ (ਤੇ ਅਵਸਥਾ ਪ੍ਰਾਪਤ ਕਰਦਾ ਹੈ)-ਹੇ ਨਾਨਕ, ਆਖ ਇਸ ਤਰ੍ਹਾਂ ਦਾ ਕੀਮਤੀ ਧਨ, ਕੋਈ ਵਿਰਲਾ, ਭਾਗਾਂ ਵਾਲਾ (ਭਗਵਾਨ) ਹੀ ਗੁਰਾਂ ਦਵਾਰੇ ਪ੍ਰਾਪਤ ਕਰਦਾ ਹੈ ।"

ਏਥੇ ਤਕ ਨਾਮ ਸਿਮਰਨ ਦੇ ਲੇਖ ਦੀ, ਕੁਝ ਮੁਨਾਸਬ ਵਿਸਥਾਰ ਨਾਲ ਇਹ ਵਿਆਖਿਆ ਹੋ ਚੁੱਕੀ ਹੈ । ਗੁਰੂ ਅਮਰਦਾਸ ਦਾਸ ਜੀ ਦੀ ਬਾਣੀ 'ਅਨੰਦ ਸਾਹਿਬ' ਦੀ ਪਉੜੀ ਵਿਚ ੧੪ ਇਸ ਵਿਆਖਿਆ ਨੂੰ ਕਿਉਂਕਿ ਹੋਰ ਮਜ਼ਬੂਤ ਬਣਾ ਸਕਦੀ ਹੈ, ਇਸ ਪਉੜੀ ਨੂੰ ਏਥੇ ਦੇ ਕੇ ਇਸ ਵਿਚੋਂ ਕੁਝ ਜ਼ਰੂਰੀ ਸਿੱਟੇ ਕਢਦੇ ਹਾਂ । ਪਉੜੀ ਇਹ ਹੈ:

> **"ਭਗਤਾ ਕੀ ਚਾਲ ਨਿਰਾਲੀ ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥ ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥ ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥ ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥"**
>
> **(ਰਾਮਕਲੀ ਮਹਲਾ ੩) ਅੰਗ ੯੧੮**

# ਪ੍ਰਾਰਥਨਾ

(ਨਾਮ ਦਾ ਹੀ ਇਕ ਪੱਖ)

"ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥"

(ਰਾਮਕਲੀ ਕੀ ਵਾਰ, ਮਹਲਾ ੫) ਅੰਗ ੯੫੮

ਅਰਥਾਤ "ਹੇ ਵਾਹਿਗੁਰੂ, ਮੈਂ ਤੈਨੂੰ ਹੀ ਆਪਣੇ ਹਿਤਾਂ ਵਿਚ ਮੰਗਦਾ ਹਾਂ, ਇਸ ਮੰਗ ਤੋਂ ਬਿਨਾਂ ਕੁਝ ਹੋਰ ਮੰਗਣਾ ਵੱਡੇ ਤੋਂ ਵੱਡੇ ਦੁੱਖਾਂ ਨੂੰ ਸੱਦਾ ਦੇਣਾ ਹੈ।"

**"ਮਾਗਉ ਦਾਨੁ ਠਾਕੁਰ ਨਾਮ ॥ ਅਵਰੁ ਕਛੂ ਮੇਰੈ ਸੰਗਿ ਨ**
**ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥ ੧॥ ਰਹਾਉ ॥ ਰਾਜੁ ਮਾਲੁ**
**ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ ॥ ਧਾਇ ਧਾਇ**
**ਬਹੁ ਬਿਧਿ ਕਉ ਧਾਵੈ ਸਗਲ ਨਿਰਾਰਥ ਕਾਮ ॥ ੧॥ ਬਿਨੁ**
**ਗੋਵਿੰਦ ਅਵਰੁ ਜੇ ਚਾਹਉ ਦੀਸੈ ਸਗਲ ਬਾਤ ਹੈ ਖਾਮ ॥**
**ਕਹੁ ਨਾਨਕ ਸੰਤ ਰੇਨ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ ॥**

**(ਟੋਡੀ ਮਹਲਾ ੫) ਅੰਗ ੭੧੩**

ਅਰਥਾਤ "ਹੇ ਮਾਲਕ ! ਮੈਂ ਕੇਵਲ ਤੇਰੇ ਨਾਮ ਦਾ ਦਾਨ ਹੀ ਮੰਗਦਾ ਹਾਂ, ਕਿਉਂਕਿ ਹੋਰ ਕੋਈ ਚੀਜ਼ ਵੀ ਮੇਰੇ ਨਾਲ ਨਹੀਂ ਜਾਂਦੀ। ਜੇ ਮੈਂ ਤੇਰੀ ਕਿਰਪਾ ਪ੍ਰਾਪਤ ਕਰ ਸਕਾਂ ਤਾਂ ਹੀ ਮੈਂ ਤੇਰੇ ਗੁਣ ਗਵਾਣਾ ਚਾਹੁੰਦਾ ਹਾਂ (ਇਹੋ ਦਾਨ ਉਤਮ ਦਾਨ ਹੈ) ਰਾਜ, ਮਾਲ ਤੇ ਕਈ ਤਰ੍ਹਾਂ ਦੇ ਐਸ਼ ਤੇ ਸਵਾਦ ਸਭ ਬ੍ਰਿਛ ਦੀ ਛਾਂ ਵਾਂਗ ਛਿੰਨ ਭੰਗਰ ਹਨ। ਇਹ ਜੀਵ (ਕੁਝ ਪ੍ਰਾਪਤ ਕਰਨ ਲਈ) ਕਈ ਤਰ੍ਹਾਂ ਨੱਠਦਾ ਭਜਦਾ ਹੈ ਪਰ ਇਸ ਦੇ ਸਾਰੇ ਯਤਨ ਵਿਆਰਥ ਜਾਂਦੇ ਹਨ। ਇਸ ਲਈ ਗੋਵਿੰਦ ਤੋਂ ਬਿਨਾਂ ਕੋਈ ਹੋਰ ਮੰਗ ਮੈਨੂੰ ਕੱਚੀ (ਨਾ ਰਹਿਣ ਵਾਲੀ) ਮਾਲੂਮ ਹੁੰਦੀ ਹੈ। ਹੇ ਨਾਨਕ, ਆਖ ਕਿ ਤੂੰ ਮੈਂ ਸੰਤਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ, ਇਸ ਨਾਲ ਹੀ ਮੇਰੇ ਮਨ ਨੂੰ ਸੁਖ ਪ੍ਰਾਪਤ ਹੁੰਦਾ ਹੈ।"

ਪ੍ਰਮਾਤਮਾ ਅੱਗੇ ਅਰਜ਼ੋਈ (ਪ੍ਰਾਰਥਨਾ) ਨੂੰ ਸਭ ਧਰਮਾਂ ਅੰਦਰ ਬੜੀ ਮਹਾਨਤਾ ਦਿੱਤੀ ਗਈ ਹੈ। ਸੱਚੀ ਗੱਲ ਸਗੋਂ ਇਹ ਹੈ ਕਿ ਪ੍ਰਾਰਥਨਾ ਤੋਂ



ਸ਼ੁਰੂ ਹੋ ਕੇ ਹੀ ਸਭ ਧਰਮ ਵਜੂਦ ਵਿਚ ਆਏ ਸਨ। ਪ੍ਰਾਚੀਨ ਸਮੇਂ ਮਨੁੱਖ ਜਾਤੀ ਕਈ ਤਰ੍ਹਾਂ ਦੇ ਖ਼ਤਰਿਆਂ ਨਾਲ ਘਿਰੀ ਹੁੰਦੀ ਸੀ। ਹਿੰਸਾ ਬੀਮਾਰੀ ਤੇ ਜਹਾਲਤ ਆਦਿਕ ਦੇ ਕਾਰਨ ਕਈ ਮਨੁੱਖ ਬੁਢੇ ਹੋਣ ਤੋਂ ਪਹਿਲਾਂ ਹੀ ਇਸ ਸੰਸਾਰ ਤੋਂ ਤੁਰ ਜਾਂਦੇ ਸਨ ; ਪਰ ਬਾਹਰਲੇ ਖ਼ਤਰਿਆਂ ਤੋਂ ਬਚਣ ਲਈ ਉਹ ਸਹਾਰੇ ਵੀ ਤੱਕਦੇ ਰਹਿੰਦੇ ਸਨ। ਜਦ ਗੜੇ ਤੇ ਬਾਰਸ਼ਾਂ ਨਾਲ ਉਨ੍ਹਾਂ ਦੀ ਖੇਤੀ ਮਾਰੀ ਜਾਂਦੀ ਸੀ, ਤਾਂ ਇਸ ਦਾ ਕਾਰਨ ਉਹ ਕਿਸੇ ਪਿੱਛੇ ਬੈਠੇ ਦੇਵਤੇ ਦੀ ਕਰੋਪੀ ਮੰਨਦੇ ਸਨ। ਕੁਦਰਤ ਦੇ ਅੰਦਰ ਵਰਤਦੀਆਂ ਘਟਨਾਵਾਂ ਤੋਂ ਮਨੁੱਖ ਡਰਿਆ ਰਹਿੰਦਾ ਸੀ ਤੇਹਰ ਘਟਨਾ ਦੇ ਪਿੱਛੇ ਕੋਈ ਦੀਆਂ ਦੇਵੀ ਦੇਵਤਾ ਖੜ੍ਹਾ ਕਰ ਲੈਂਦਾ ਸੀ। ਸਭ ਤੋਂ ਪਹਿਲਾਂ ਉਸ ਨੇ ਜਦ ਸਮੁੰਦਰਾਂ, ਪਹਾੜਾਂ, ਦਰਿਆਵਾਂ, ਚੰਦ, ਸੂਰਜ ਤੇ ਤਾਰਿਆਂ ਨੂੰ ਡਿੱਠਾ ਤਾਂ ਉਹ ਵਿਸਮਾਦ ਨਾਲ ਭਰ ਗਿਆ। ਪਰ ਸਹਿਮ ਤੇ ਹੈਰਾਨੀ ਵਿਚ ਉਸ ਨੇ ਸਮਝਿਆ ਕਿ ਸਭ ਚੀਜ਼ਾਂ ਗੈਬੀ ਤਾਕਤਾਂ ਦੇ ਸਰੀਰ ਹਨ। ਜੰਗਲਾਂ ਦੀ ਸੁੰਞ ਤੇ ਡਰਾਉਣੀ ਇਕੱਲ ਦੇ ਪਿੱਛੇ ਉਸ ਨੂੰ ਭੂਤ-ਪ੍ਰੇਤ ਦਿੱਸਣ ਲੱਗ ਪਏ। ਜਾਨਵਰਾਂ ਤੋਂ ਭੈ-ਭੀਤ ਹੋ ਕੇ ਉਸ ਨੇ ਮਛ, ਕਛ, ਸੂਰ ਆਦਿਕ ਦੇਵਤੇ ਜਾਂ ਅਵਤਾਰ ਘੜ ਲਏ ਤੇ ਇਹਨਾਂ ਦੀ ਪ੍ਰਸੰਨਤਾ ਹਾਸਲ ਕਰਨ ਲਈ ਪੂਜਾ ਤੇ ਪ੍ਰਾਰਥਨਾ ਦਾ ਆਰੰਭ ਹੋਇਆ। ਇਹ ਗੱਲ ਕੁਦਰਤੀ ਹੈ ਕਿ ਜਿੰਨਾ ਚਿਰ ਕਿਸੇ ਦੀ ਵਿਚਾਰਧਾਰਾ ਦਰੁੱਸਤ ਨਹੀਂ ਹੁੰਦੀ ਉਸ ਨੂੰ ਭੁਲੇਖੇ ਪਏ ਰਹਿੰਦੇ ਹਨ। ਲਿੰਗ ਤੇ ਯੋਨੀ ਸੰਸਾਰ ਦੀ ਉਤਪਤੀ ਦਾ ਕਾਰਨ ਹਨ, ਪਰ ਦ੍ਰਿਸ਼ਟੀਕੋਣ ਠੀਕ ਨਾ ਹੋਣ ਕਰਕੇ ਇਨ੍ਹਾਂ ਦੀ ਪੂਜਾ ਵੀ ਹੁੰਦੀ ਰਹੀ। ਪਿਤਰਾਂ ਦੀ ਪੂਜਾ ਤਦੋਂ ਸ਼ੁਰੂ ਹੋਈ ਜਦ ਮਨੁੱਖ ਨੇ ਆਪਣੇ ਪਿਤਰਾਂ ਦੇ ਦਰਸ਼ਨ ਰਾਤ ਦੇ ਸੁਪਨਿਆਂ ਵਿਚ ਕੀਤੇ। ਉਸ ਨੂੰ ਨਿਸ਼ਚਾ ਹੋਇਆ ਕਿ ਇਹਨਾਂ ਪਿਤਰਾਂ ਦੇ ਕੋਈ ਅਨਦਿਸਦੇ ਰੂਪ ਵੀ ਹਨ ਜੋ ਸਰੀਰ ਤੋਂ ਬਿਨਾਂ ਵੀ ਰਹਿ ਸਕਦੇ ਹਨ। ਪਿਤਰਾਂ ਦੀ ਪੂਜਾ ਤੋਂ ਹੀ ਬਾਦਸ਼ਾਹਾਂ ਬਹਾਦਰਾਂ ਤੇ ਤਾਕਤਵਾਰ ਪੁਰਸ਼ਾਂ ਨੂੰ ਅਵਤਾਰਾਂ ਦਾ ਦਰਜਾ ਪ੍ਰਾਪਤ ਹੋਇਆ; ਜੋ ਹੌਲੇ ਹੌਲੇ ਇਸ ਗੱਲ ਤੇ ਖ਼ਤਮ ਹੋਇਆ ਕਿ ਅਸਲ ਅਵਤਾਰ ਉਹ ਹੁੰਦੇ ਹਨ ਜੋ ਨਿਰੇ ਸਰੀਰਕ ਬਲ ਵਾਲੇ ਨਹੀਂ, ਬਲਕਿ ਇਖ਼ਲਾਕੀ ਗੁਣ ਤੇ ਚੰਗਿਆਈਆਂ ਦੇ ਮਾਲਕ ਵੀ ਹਨ। ਏਥੇ ਚੱਲ ਕੇ ਹੀ ਆਤਮਾ ਦਾ ਤਸਵੱਰ ਤੇ ਉਸ ਦਾ ਅਬਿਨਾਸੀ ਹੋਣਾ ਮੰਨਿਆ ਗਿਆ। ਮਨੁੱਖ ਦਾ ਸਾਰਾ ਇਤਿਹਾਸ ਦਸਦਾ ਹੈ ਕਿ ਉਸ ਦਾ ਰੱਬ ਸਮੇਂ ਸਮੇਂ ਸਿਰ ਬਦਲਦਾ ਰਿਹਾ ਹੈ, ਕਿਉਂਕਿ ਉਸ ਦੇ ਆਪਣੇ ਵਿਚਾਰ ਬਦਲਦੇ ਰਹੇ ਹਨ। ਆਰੰਭ ਵਿਚ

ਜਦ ਸ਼ਾਇਦ ਧਰਤੀ ਨਹੀਂ ਹੋਣੀ ਤਾਂ ਅਵਤਾਰ ਵੀ ਕੱਛ ਤੇ ਮੱਛ ਆਦਿ ਰੂਪਾਂ ਵਿਚ ਹਨ। ਫਿਰ ਬਿਰਾਹ, ਨਰਸਿੰਘ ਤੇ ਬਾਵਨ ਰੂਪੀ ਮਨੁੱਖ ਅਤੇ ਹੋਰ ਅਗਾਂਹ ਜਾ ਕੇ ਰਾਮ ਤੇ ਕ੍ਰਿਸ਼ਨ ਜੀ ਹੋਏ ਜਿਨ੍ਹਾਂ ਨੂੰ ਸੋਲ੍ਹਾਂ ਕਲਾ ਸੰਪੂਰਨ ਸਮਝਿਆ ਗਿਆ। ਮੁੱਕਦੀ ਗੱਲ, ਦੁਨੀਆਂ ਨੇ ਉਸ ਬੇਅੰਤ ਨੂੰ ਸਦਾ ਹੀ ਅੱਡ ਅੱਡ ਤਰ੍ਹਾਂ ਵੇਖਿਆ ਹੈ ਪਰ ਇਹ ਤਾਂ ਅੰਨਿਆਂ ਦੇ ਹਾਥੀ ਵੇਖਣ ਵਾਂਗ ਹੁੰਦਾ ਰਿਹਾ ਹੈ। ਜਿਸ ਨੇ ਹਾਥੀ ਦੀ ਲੱਤ ਨੂੰ ਫੜਿਆ ਉਸ ਨੂੰ ਹਾਥੀ ਥੰਮ੍ਹ ਵਰਗਾ ਦਿਸਿਆ, ਜਿਸ ਨੇ ਕੰਨਾਂ 'ਤੇ ਹੱਥ ਫੇਰੇ ਉਸ ਨੂੰ ਉਹੋ ਹਾਥੀ ਛੱਜ ਵਰਗਾ ਭਾਸਿਆ ਤੇ ਜਿਸ ਨੇ ਪੱਟ ਫੜਿਆ ਉਸ ਨੂੰ ਉਹ ਭੜੋਲਾ ਹੋ ਕੇ ਦਿੱਸਿਆ। ਜਿਨ੍ਹਾਂ ਲੋਕਾਂ ਨੂੰ ਤਲਵਾਰਾਂ ਚਲਾਣ ਦੀ ਲੋੜ ਪਈ ਉਹਨਾਂ ਦਾ ਰੱਬ ਜ਼ਾਲਮ ਤੇ ਡੰਨ ਦੇਣ ਵਾਲਾ ਹੋ ਗਿਆ ਅਤੇ ਜਿਨ੍ਹਾਂ ਸੇਜਾਂ 'ਤੇ ਮੌਜਾਂ ਕੀਤੀਆਂ ਉਹਨਾਂ ਨੂੰ ਰੱਬ ਵੀ ਲਛਮੀ ਨਾਲ ਕਲੋਲ ਕਰਦਾ ਦਿਸਿਆ। ਸੋ ਖ਼ਿਆਲਾਂ 'ਤੇ ਵਿਸ਼ਵਾਸ ਦੇ ਥੋਹੜੇ ਜਾਂ ਬਹੁਤੇ ਫਰਕ ਹੁੰਦੇ ਚਲੇ ਗਏ ਤੇ ਇਸ ਤਰ੍ਹਾਂ ਅੱਡ ਅੱਡ ਧਰਮ ਬਣਦੇ ਗਏ, ਪਹਿਲਾਂ ਹੌਲੇ ਤੇ ਪਿਛੋਂ ਭਾਰੇ।

ਖ਼ੈਰ, ਇਸ ਵਿਚ ਕੋਈ ਸ਼ੱਕ ਨਹੀਂ ਕਿ ਅਰਦਾਸਾਂ ਜਾਂ ਪ੍ਰਾਰਥਾਨਾਵਾਂ ਦਾ ਆਰੰਭ ਡਰ ਤੋਂ ਹੀ ਪੈਦਾ ਹੋਇਆ ਸੀ। ਸਹਿਮਿਆ ਹੋਇਆ ਇਨਸਾਨ ਦੇਵੀ ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਉਹਨਾਂ ਦੇ ਸਾਹਮਣੇ ਅਤੇ ਨਿਮ੍ਰਤਾ ਤੇ ਡਰ ਵਿਚ ਖੜ੍ਹਾ ਹੋ ਕੇ ਅਰੋਜ਼ਈਆਂ ਤੇ ਤਰਲੇ ਕਰਦਾ ਸੀ ਤੇ ਜਪ ਤਪ ਹਵਨ ਯੱਗ ਆਦਿ ਕੁਰਬਾਨੀਆਂ ਵੀ ਦਿੰਦਾ ਸੀ। ਬਾਰਸ਼ ਦੀ ਥੁੜ੍ਹੋਂ ਸੜ ਰਹੀਆਂ ਪੈਲੀਆਂ ਲਈ ਬਾਰਸ਼, ਬਾਂਝ ਔਰਤਾਂ ਲਈ ਬੱਚੇ, ਬੀਮਾਰੀਆਂ ਦੇ ਇਲਾਜ ਅਤੇ ਵੈਰੀਆਂ ਦੇ ਫਤਹਿ ਇਸ ਤਰ੍ਹਾਂ ਦੀਆਂ ਮੰਗਾਂ ਮੰਗਦਾ ਰਹਿੰਦਾ ਸੀ। ਜਾਦੂ, ਮੰਤ੍ਰ, ਟੂਣੇ, ਟੰਜਰ ਆਦਿਕ ਵੀ ਇਸੇ ਤਰ੍ਹਾਂ ਦੀ ਜ਼ਿਹਨੀਅਤ ਤੋਂ ਚਾਲੂ ਹੋ ਗਏ।

ਗੁਰੂ ਸਾਹਿਬ ਨੇ ਖੁਦ ਇਸ ਪ੍ਰਕਾਰ ਦੀਆਂ ਖੇਡਾਂ ਆਪਣੇ ਸਮੇਂ ਵਰਤਦੀਆਂ ਵੇਖੀਆਂ ਸਨ ਤੇ ਇਹਨਾਂ ਦਾ ਜ਼ਿਕਰ ਵੀ ਉਹਨਾ ਆਪਣੀ ਬਾਣੀ ਵਿਚ ਕੀਤਾ ਸੀ। ਜਦ ਬਾਬਰ ਬਾਦਸ਼ਾਹ, ਮੁਗ਼ਲਾਂ ਦੀਆਂ ਵਹੀਰਾਂ ਪਾ ਕੇ ਹਿੰਦੁਸਤਾਨ ਤੇ ਧਾਵਾ ਬੋਲਦਾ ਹੈ ਤਾਂ ਵਹਿਮਾਂ ਵਿਚ ਰੁੜ੍ਹੀ ਦੁਨੀਆਂ ਉਸ ਦਾ ਬਹਾਦਰਾਂ ਵਾਗ ਮੁਕਾਬਲਾ ਕਰਨ ਦੀ ਥਾਂ ਪੀਰਾਂ ਫ਼ਕੀਰਾਂ ਤੋਂ ਧਰਮ ਅਸਥਾਨ ਵਿਚ ਅਰਦਾਸਾਂ ਕਰਾ ਕੇ ਦੇਵੀ ਦੇਵਤਿਆਂ ਨੂੰ ਖ਼ੁਸ਼ ਕਰਨ ਦੇ ਆਹਰਾਂ ਵਿਚ ਲੱਗੀ ਪਈ ਸੀ ਮੁਗਲਾਂ ਦੇ ਨਾਸ਼ ਲਈ ; ਪਰ ਉਨ੍ਹਾਂ ਦੀਆਂ ਇਹ ਅਰਦਾਸਾਂ



ਪਰਵਾਨ ਕਿਵੇਂ ਹੋਣੀਆਂ ਸਨ ? ਕੋਈ ਮੁਗ਼ਲ ਕਿਸੇ ਕਸ਼ਟ ਵਿਚ ਪੈ ਕੇ ਬੀਮਾਰ ਰੋਗੀ ਜਾਂ ਅੰਨ੍ਹਾਂ ਹੋ ਕੇ ਪਿੱਛੇ ਨਾ ਹਟਿਆ। ਹਮਲਾਵਰਾਂ ਨੇ ਸਗੋਂ, ਪਲਾਂ ਵਿਚ ਸਾਰਾ ਦੇਸ਼ ਬਰਬਾਦ ਕਰਕੇ ਰੱਖ ਦਿੱਤਾ। ਮਹਾਰਾਜ ਨੇ ਕਾਇਰ ਦੇਸ਼ ਵਾਸੀਆਂ ਨੂੰ ਭੇਡਾਂ ਬੱਕਰੀਆਂ ਦੀ ਤਰ੍ਹਾਂ ਮਰਦੇ ਵੇਖਿਆ ਤੇ ਦੇਸ਼ ਦੀ ਇਸ ਅਧੋਗਤੀ ਨੂੰ ਬੜੇ ਦੁੱਖ ਨਾਲ ਮਹਿਸੂਸ ਕੀਤਾ। ਇਸ ਘਟਨਾ ਦਾ ਜ਼ਿਕਰ ਆਸਾ ਰਾਗ ਵਿਚ ਇਕ ਸ਼ਬਦ ਦਵਾਰਾ ਕੀਤਾ ਗਿਆ ਹੈ। ਸ਼ਬਦ ਵੱਡਾ ਹੈ ਪਰ ਏਥੇ ਮਜ਼ਮੂਨ ਨਾਲ ਸੰਬੰਧਤ ਕੁਝ ਤੁਕਾਂ ਦੇਂਦੇ ਹੀ :-

**"ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥**
**ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥"**
**ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥**

(ਆਸਾ ਮਹਲਾ ੧) ਅੰਗ ੪੧੭

ਅਰਥਾਤ "ਜਦ ਹਿੰਦ ਵਾਸੀਆਂ ਨੇ ਬਾਬਰ ਮੀਰ ਨੂੰ ਚੜ੍ਹਿਆ ਆਉਂਦਾ ਸੁਣਿਆਂ ਤਾ ਕਰੋੜਾਂ ਪੀਰਾਂ ਤੋਂ ਫੋਕੀਆਂ ਅਰਦਾਸਾਂ ਤੇ ਟੂਣੇ ਤਵੀਤਾਂ ਨਾਲ ਉਸ ਨੂੰ ਰੋਕਣ ਦਾ ਯਤਨ ਕਰਵਾਇਆ ਗਿਆ। ਪਰ ਕੋਈ ਮੁਗ਼ਲ ਨਾ ਅੰਨ੍ਹਾਂ, ਨਾ ਬੀਮਾਰ ਆਦਿਕ ਹੋਇਆ ਤੇ ਕੋਈ ਕਰਾਮਤ ਸਫ਼ਲ ਨਾ ਹੋਈ। ਸਗੋਂ ਹਿੰਦੀਆਂ ਦੇ ਤਕੀਏ, ਟਿਕਾਣੇ ਤੇ ਪੱਕੇ ਮੰਦਰ ਸਾੜੇ ਗਏ ਤੇ ਸਾਹਜ਼ਾਦੇ ਟੁਕੜੇ ਟੁਕੜੇ ਕਰਕੇ ਮਿੱਟੀ ਵਿਚ ਰੋਲੇ ਗਏ।"

ਇਸ ਤਰ੍ਹਾਂ ਦੀਆਂ ਵਿਅਰਥ ਅਰਦਾਸਾਂ ਵਿਚੋਂ ਨਿਕਲਣਾ ਕੀ ਸੀ?

"ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥"

(ਵਾਰ ਆਸਾ ਮਹਲਾ ੨) ਅੰਗ ੪੭੪

ਅਰਥਾਤ "ਬੀਜਦਾ ਤਾਂ ਜ਼ਹਿਰ ਹੈ ਪਰ ਮੰਗਦਾ ਅੰਮ੍ਰਿਤ ਹੈ। ਵੇਖੋ ਇਹ ਅਜੀਬ ਇਨਸਾਫ਼ ਦੀ ਮੰਗ ਹੈ।

ਹਾਸੋ ਹੀਣੀਆਂ ਅਰਦਾਸਾਂ, ਗਲਤ ਤਸੱਵਰ ਦਾ ਪਰਮਾਤਮਾ ਅਤੇ ਗ਼ਲਤ ਕਿਆਸ ਦੇ ਧਰਮ ਬੇ-ਸਮਝੀ ਤੇ ਜਹਾਲਤ ਤੋਂ ਉਤਪੰਨ ਹੁੰਦੇ ਹਨ। ਇਹਨਾਂ ਤੋਂ ਗੁਣਕਾਰੀ ਨਤੀਜੇ ਕਿਵੇਂ ਨਿਕਲ ਸਕਦੇ ਹਨ ? ਇਹੋ ਜਿਹੇ ਪ੍ਰਚਲੱਤ ਵਿਚਾਰਾਂ ਤੋਂ ਹੀ ਘਿਰਨਾ ਲੈ ਕੇ ਇਕ ਵਿਦਵਾਨ, ਡਾਇਡਰੋਟ (Didert) ਨੇ ਰੱਬ ਅਤੇ ਧਰਮ ਦੇ ਸਾਰੇ ਵਿਸ਼ਵਾਸਾਂ ਦਾ ਹੂੰਝਾ ਹੀ ਫੇਰ ਦਿੱਤਾ

ਸੀ । ਉਹਨਾਂ ਇਉਂ ਕਿਹਾ :

"Ignorance and fear created gods' fancy enthusiasm and deceit adorned or disfigured them, weakness worships them, credultity preserves them, custom respects and tyranny supports them, in order to make the blindness of man serve its own interest. Belief in God is bound up with submission to autocracy, the two rise and fall together. The earth will come to its own when Heaven is destroyed. I know nothing so indecent as the vague declamations of theologians against reason. To hear them, one would suppose that one could enter the fold as a herd of cattle enters a stable."

ਅਰਥਾਤ "ਜਹਾਲਤ ਅਤੇ ਡਰ ਨੇ ਦੇਵਤੇ ਪੈਦਾ ਕੀਤੇ ਸਨ । ਕਿਆਸ, ਉਤਸ਼ਾਹ ਅਤੇ ਫ਼ਰੇਬ ਨੇ ਉਹਨਾਂ ਨੂੰ ਸ਼ਿੰਗਾਰਿਆਂ ਜਾਂ ਵਿਗਾੜਆ ਸੀ । ਕਮਜ਼ੋਰੀ ਉਨ੍ਹਾਂ ਦੀ ਪੂਜਾ ਕਰਦੀ ਰਹਿੰਦੀ ਹੈ, ਅੰਧ ਵਿਸ਼ਵਾਸ ਉਹਨਾਂ ਨੂੰ ਕਾਇਮ ਰੱਖਦਾ ਹੈ, ਰਿਵਾਜ ਉਹਨਾਂ ਨੂੰ ਆਦਰ ਦਿੰਦਾ ਹੈ ਅਤੇ ਜਬਰ ਉਹਨਾਂ ਦਾ ਥੁੰਮ੍ਹਾ ਬਣਦਾ ਹੈ ਤਾਂ ਜੋ ਇਨਸਾਨ ਦੀ ਬੇ-ਸਮਝੀ ਦਾ ਲਾਭ ਉਠਾ ਕੇ ਆਪਣਾ ਉੱਲੂ ਸਿੱਧਾ ਕੀਤਾ ਜਾਏ । ਰੱਬ ਦਾ ਵਿਸ਼ਵਾਸ ਇਕ-ਪੁਰਖੀ ਰਾਜ ਦੀ ਤਾਬੇਦਾਰੀ ਨਾਲ ਬੰਨ੍ਹ ਦਿੱਤਾ ਗਿਆ ਹੈ ਇਹ ਦੋਵੇਂ ਇਕੱਠੇ ਉੱਠਦੇ ਤੇ ਡਿਗਦੇ ਹਨ । ਦੁਨੀਆਂ ਆਪਣੇ ਸਹੀ ਟਿਕਾਣੇ ਤਦ ਆਏਗੀ ਜਦ ਬਹਿਸ਼ਤਾਂ ਦੇ ਖ਼ਿਆਲ ਤੋੜ ਦਿੱਤੇ ਜਾਣਗੇ । ਮੈਨੂੰ ਕੋਈ ਚੀਜ਼ ਏਨੀ ਕੋਝੀ ਨਹੀਂ ਦਿਸਦੀ, ਜਿੰਨੀ ਇਹਨਾਂ ਧਾਰਮਿਕ ਗਿਆਨੀਆਂ ਦੇ ਉਹ ਬੇ-ਥਵੇ ਦਾਹਵੇ ਹਨ ਜੋ ਸਭ ਦਲੀਲਾਂ ਨੂੰ ਕਟਦੇ ਹਨ । ਉਨ੍ਹਾਂ ਦੀਆਂ ਗੱਲਾਂ ਸੁਣ ਕੇ ਇਉਂ ਭਾਸਦਾ ਹੈ ਕਿ ਉਹਨਾਂ ਦੇ ਵਾੜੇ ਵੜਨਾ ਇਸੇ ਤਰ੍ਹਾਂ ਦੀ ਗੱਲ ਹੈ ਜਿਵੇਂ ਡੰਗਰਾਂ ਦਾ ਕੋਈ ਇੱਜੜ ਤਬੇਲ ਆ ਵੜਦਾ ਹੈ ।"

ਇਸ ਵਿਦਵਾਨ ਦੇ ਇਹ ਖ਼ਿਆਲ ਸੁਲਝੇ ਹੋਏ ਜਾਂ ਭੁੱਲ ਕੇ ਕਹੇ ਹੋਏ ਨਹੀਂ, ਪਰ ਫਿਰ ਵੀ ਇਹ ਗੱਲ ਤਾਂ ਸਾਫ ਹੋ ਜਾਂਦੀ ਹੈ ਕਿ ਧਰਮ ਦੇ ਠੇਕੇਦਾਰਾਂ ਨੇ ਧਰਮ ਨੂੰ ਕਿੰਨਾ ਬਦਨਾਮ ਕੀਤਾ ਹੋਇਆ ਹੈ। ਸੁਕਰਾਤ ਨੂੰ ਵੀ ਪ੍ਰਚੱਲਤ ਧਰਮਾਂ ਨਾਲ ਘਿਰਣਾ ਸੀ, ਪਰ ਉਹਨਾਂ ਹੂੰਝਾ ਫੇਰਨ ਦੀ ਥਾਂ ਠੀਕ



ਰਾਹੇ ਪਾਇਆ ਸੀ । ਉਹ ਕਹਿੰਦੇ ਸਨ :

"The new God will be born only if we built it on wissdom and intelligence."

ਭਾਵ ਨਵਾਂ ਰੱਬ ਤਦ ਜਨਮ ਲਏਗਾ ਜੇ ਇਸ ਨੂੰ ਸਿਆਣਪ ਤੇ ਸਮਝ ਦੀਆਂ ਨੀਹਾਂ ਤੇ ਉਸਾਰਿਆ ਜਾਵੇ ।"

ਪਰ ਜਿੰਨਾ ਚਿਰ ਦੁਨੀਆਂ ਵਿਚ ਜਹਾਲਤ ਤੇ ਗ਼ਰੀਬੀ ਮੌਜੂਦ ਹਨ, ਦੁਨੀਆਂ ਫ਼ਰਜ਼ੀ ਧਰਮ ਤੇ ਫ਼ਰਜ਼ੀ ਰੱਬ ਦਾ ਸਹਾਰਾ ਲੈਂਦੀ ਰਹੇਗੀ । ਬੁਨਿਆਦੀ ਗੱਲ ਇਹ ਹੈ ਕਿ ਠੀਕ ਅਰਦਾਸ ਨਿਰਾ ਕਿਸੇ ਸ਼ਬਦ ਨੂੰ ਜਾਂ ਕੁਝ ਬਾਣੀਆਂ ਨੂੰ ਬਾਰ ਬਾਰ ਦੁਹਰਾਨਾ ਨਹੀਂ । ਇਨ੍ਹਾਂ ਸ਼ਬਦਾਂ ਜਾਂ ਬਾਣੀਆਂ ਨੂੰ ਜਾਦੂ ਮੰਤ੍ਰ ਜਾਂ ਟੂਣੇ ਟੰਜਰ ਸਮਝ ਕੇ ਇਨਾਂ ਤੋਂ ਆਪਣੀਆਂ ਨੀਵੀਆਂ ਗਰਜ਼ਾਂ ਦੀ ਪੂਰਤੀ ਕਰਾਉਣ ਦੀ ਇੱਛਾ ਮੂਰਖਤਾ ਹੈ। ਵਾਹਿਗੁਰੂ ਦੀ ਰਚਨਾ , ਉਸ ਦੇ ਬਣਾਏ ਅਟੁੱਟ ਨਿਯਮਾਂ, ਉਸ ਦੇ ਹੁਕਮਾਂ ਅਨੁਸਾਰ ਚਲ ਰਹੀ ਹੈ । ਕਿਸੇ ਹੋਰਸ ਦੀ ਇੱਛਾ ਪੂਰੀ ਕਰਨ ਲਈ ਇਨ੍ਹਾਂ ਨਿਯਮਾਂ ਨੂੰ ਕੇਵਲ ਇਸ ਲਈ ਬਦਲਿਆ ਨਹੀਂ ਜਾ ਸਕਦਾ ਤੇ ਨਾ ਬਦਲਣਾ ਚਾਹੀਦਾ ਹੈ ਕਿ ਉਸ ਵਲੋਂ ਇਸ ਦੀ ਮੰਗ ਖਾਸ ਖਾਸ ਸ਼ਬਦਾਂ ਜਾਂ ਬਾਣੀਆਂ ਦਵਾਰਾ ਬਾਰ ਬਾਰ ਹੋ ਰਹੀ ਹੈ ।

ਵਾਲਟੇਅਰ ਨੇ ਠੀਕ ਹੀ ਕਿਹਾ ਸੀ "Ture prayer lies not in asking for a violation of natural law but in the acceptance of natural law, as the unchangeable will of God."

ਅਰਥਾਤ "ਠੀਕ ਪ੍ਰਾਰਥਨਾ ਦਾ ਮਨੋਰਥ ਇਹ ਨਹੀਂ ਕਿ ਕਿਸੇ ਦੀਆਂ ਮੰਗਾਂ ਪੂਰੀਆਂ ਕਰਨ ਲਈ ਕੁਦਰਤ ਆਪਣੇ ਕਾਨੂੰਨਾਂ ਨੂੰ ਬਦਲ ਦੇਵੇ, ਸਗੋਂ ਇਹ ਹੈ ਕਿ ਉਨ੍ਹਾਂ ਕਾਨੂੰਨਾਂ ਨੂੰ ਉਸ ਦੀ ਅਟੱਲ ਰਜ਼ਾ ਸਮਝ ਕੇ ਉਹਨਾਂ ਦੇ ਸਾਹਮਣੇ ਸਿਰ ਝੁਕਾ ਦਿੱਤਾ ਜਾਏ।"

ਪਰ ਦੁਨੀਆਂਦਾਰ ਅਰਦਾਸਾਂ ਇਸ ਲਈ ਕਰਦੇ ਹਨ ਕਿ ਜੋ ਕੁਝ ਉਹ ਆਪ ਆਪਣੇ ਹਿੱਤਾਂ ਲਈ ਠੀਕ ਸਮਝਦੇ ਹਨ ਉਹੋ ਹੁੰਦਾ ਰਹੇ। ਕਿਸੇ ਚੀਜ਼ ਦੇ ਠੀਕ ਜਾਂ ਗ਼ਲਤ ਹੋਣ ਦਾ ਉਹਨਾਂ ਨੂੰ ਕਿਆਸ ਹੀ ਨਹੀਂ ਹੁੰਦਾ । ਉਹਨਾਂ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਉਹਨਾਂ ਦੇ ਆਪਣੇ ਹਿੱਤਾਂ ਲਈ ਠੀਕ ਚੀਜ਼ ਕੀ ਹੈ ? ਕਾਮੀਪੁਰਸ਼ ਕਾਮ ਦੀ ਪੂਰਤੀ ਵਧੇਰੇ ਚਾਹੁੰਦੇ

ਰਹਿੰਦੇ ਹਨ ਤੇ ਇਸ ਵਿਚ ਹੀ ਆਪਣਾ ਭਲਾ ਸਮਝਦੇ ਹਨ, ਜਿਵੇਂ ਕਿ ਵਧੇਰੇ ਕੋਇਲੇ ਪਾਣ ਨਾਲ ਅੱਗ ਨੂੰ ਮਚਾਇਆ ਨਹੀਂ ਸਗੋਂ ਬੁਝਾਇਆ ਜਾ ਸਕਦਾ ਹੈ । ਜਿਸ ਚੀਜ਼ ਦੀ ਕਿਸੇ ਪੁਰਸ਼ ਨੂੰ ਸਹੀ ਲੋੜ ਹੁੰਦੀ ਹੈ ਉਸ ਦਾ ਉਸ ਨੂੰ ਉਦੋਂ ਤਕ ਪਤਾ ਨਹੀਂ ਲੱਗਦਾ ਜਦੋਂ ਤਕ ਕੋਈ ਭਾਰੀ ਬਿਪਤਾ ਆ ਕੇ ਉਸ ਦੀਆਂ ਅੱਖਾਂ ਖੋਹਲ ਨਹੀਂ ਦਿੰਦੀ । ਗੁਰੂ ਨਾਨਕ ਦੇਵ ਜੀ ਨੇ ਦੇਸ਼ ਵਾਸੀਆਂ ਦੀ ਅਤਿ ਨੀਵੀਂ ਹਾਲਤ ਵੇਖ ਕੇ ਇਉਂ ਪੇਸ਼ੀਨਗੋਈ ਕਰ ਦਿੱਤੀ ਸੀ ਕਿ ਦੇਸ਼ ਤਬਾਹੀ ਵੱਲ ਜਾ ਰਿਹਾ ਹੈ :

"ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨ ਸਮਾਲਸੀ ਬੋਲਾ ॥"

(ਤਿਲੰਗ ਮਹਲਾ ੧) ਅੰਗ ੭੨੩

ਅਰਥਾਤ "ਇਹਨਾਂ ਹਿੰਦੀਆਂ ਦੇ ਸਰੀਰ, ਕੱਪੜੇ ਵਾਂਗ ਕੱਟੇ ਜਾਣਗੇ। ਇਹ ਮੇਰੀ ਪੇਸ਼ੀਨਗੋਈ ਹਿੰਦਸਤਾਨ ਯਾਦ ਰੱਖੇਗਾ ।"

ਉਹਨਾ ਨੂੰ ਪਤਾ ਸੀ ਕਿ ਜਿਸ ਮਨੁੱਖ ਨੇ ਜਾਂ ਕੌਮ ਨੇ ਤਬਾਹ ਹੋਣਾ ਹੁੰਦਾ ਹੈ ਉਸ ਮਨੁੱਖ ਜਾਂ ਕੌਮ ਦੀ ਗਿਰਾਵਟ ਪਹਿਲਾਂ ਹੋ ਜਾਂਦੀ ਹੈ ਤੇ ਇਹੋ ਉਸ ਦੀ ਤਬਾਹੀ ਦਾ ਰਾਹ ਖੋਹਲਦੀ ਹੈ । ਉਹਨਾਂ ਦੇ ਬਚਨ ਇਹ ਹਨ :

"ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥"

(ਆਸਾ ਮਹਲਾ ੧) ਅੰਗ ੪੧੮

ਅਰਥਾਤ "ਜਿਸ ਦੀ ਪਰਚੀ ਦਰਗਾਹ ਵਿਚ ਪਾਟ ਗਈ ਹੋਵੇ, ਉਸ ਦਾ ਮਰਨਾ ਜ਼ਰੂਰੀ ਹੋ ਗਿਆ ਹੁੰਦਾ ਹੈ ।"

ਗੱਲ ਅਸਲ ਵਿਚ ਇਹ ਹੈ ਕਿ ਬਿਪਤਾ ਜਾਂ ਕਸ਼ਟ ਆਉਂਦੇ ਹੀ ਤਾਂ ਹਨ ਜਦ ਜੀਵਣ ਗ਼ੈਰ-ਕੁਦਰਤੀ ਹੋ ਜਾਂਦਾ ਹੈ ਤੇ ਮੁੜ ਇਹੋ ਦੁੱਖਾਂ ਕਸ਼ਟਾਂ ਦਾ ਕਾਰਨ ਬਣਦਾ ਹੈ ; ਪਰ ਇਸ ਤਰ੍ਹਾਂ ਆਏ ਕਸ਼ਟ ਉਸ ਦੀ ਮੇਹਰ ਸਮਝਣੀ ਚਾਹੀਦੀ ਹੈ, ਕਿਉਂਕਿ ਇਹਨਾਂ ਦੇ ਆਵਣ ਦਾ ਸਦਕਾ ਹੀ ਜੀਵਣ ਦਾ ਦ੍ਰਿਸ਼ਟੀਕੋਣ ਬਦਲਦਾ ਹੈ ਤੇ ਜੋ ਰਸਤਾ ਪਹਿਲਾਂ ਫੜਨਾ ਚਾਹੀਦਾ ਸੀ ਓਸੇ ਨੂੰ ਫੇਰ ਫੜਨ 'ਤੇ ਮਜ਼ਬੂਰ ਹੋਣਾ ਪੈਂਦਾ ਹੈ । ਗੁਰੂ ਜੀ ਨੇ ਜਪੁ ਜੀ ਸਾਹਿਬ ਦੀ ਪਉੜੀ ੨੫ ਵਿਚ ਇਉਂ ਸਮਝਾਇਆ ਹੈ :-

**"ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰੁ ॥**

(ਜਪੁ ਜੀ, ਗੁਰੂ ਨਾਨਕ) ਅੰਗ ੫



ਅਰਥਾਤ "ਕਈਆਂ ਨੂੰ ਸਦਾ ਦੁੱਖ ਤੇ ਭੁੱਖ ਦੀ ਮਾਰ ਰਹਿੰਦੀ ਹੈ, ਪਰ ਹੇ ਦਾਤਾ,ਇਹ ਵੀ ਤੇਰੀ ਦਾਤ ਹੀ ਹੈ ॥"

ਇਸੇ ਲਈ ਮਹਾਰਾਜ ਏਸੇ ਪਉੜੀ ਵਿਚ ਇਉਂ ਕਹਿੰਦੇ ਹਨ ਕਿ ਸਾਡੀਆਂ ਸਹੀ ਲੋੜਾਂ ਉਹ ਆਪ ਹੀ ਜਾਣਦਾ ਹੈ ਤੇ ਜੋ ਸਾਨੂੰ ਚਾਹੀਦਾ ਹੈ, ਦਿੰਦਾ ਰਹਿੰਦਾ ਹੈ :-

"ਆਪੇ ਜਾਣੈ ਆਪੇ ਦੇਇ ॥" (ਜਪੁ ਜੀ) ਅੰਗ ੫

ਅਰਥਾਤ"ਸਾਡੀਆਂ ਲੋੜਾਂ ਉਹ ਆਪ ਜਾਣਦਾ ਹੈ ਤੇ ਆਪ ਹੀ ਉਹਨਾਂ ਲੋੜਾਂ ਅਨੁਸਾਰ ਦਿੰਦਾ ਹੈ ।"

ਪਰਮਾਤਮਾ ਦੀ ਆਪਣੀ ਅਮੋਲਕ ਵਿਉਂਤ ਵਿਚ ਦੁੱਖਾਂ ਕਸ਼ਟਾਂ ਦੀ ਵੀ ਥਾਂ ਹੁੰਦੀ ਹੈ ਅਤੇ ਦੁਨੀਆਂ ਦੇ ਸੁਧਾਰ ਲਈ ਇਹਨਾਂ ਦਾ ਆਪਣਾ ਵਡਮੁੱਲਾ ਪ੍ਰਯੋਜਨ ਹੁੰਦਾ ਹੈ । ਸੁਧਾਰ ਦੀ ਸੂਰਤ ਵਿਚ ਇਹਨਾਂ ਨੂੰ ਬੁਰਾਈ ਕਿਵੇਂ ਸਮਝਿਆ ਜਾ ਸਕਦਾ ਹੈ ? ਇਹ ਤਾਂ ਸਗੋਂ ਮੇਹਰ ਹੋਈ । ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

"ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥"

(ਕਾਨੜਾ ਮਹਲਾ ੫) ਅੰਗ ੧੩੦੨

ਅਰਥਾਤ "ਏਥੇ ਰੱਬ ਦੀ ਦੁਨੀਆਂ ਵਿਚ ਬੁਰਾਈ ਹੈ ਹੀ ਨਹੀਂ, ਸਭ ਭਲਾ ਹੀ ਹੈ । ਏਥੇ ਕੋਈ ਹਾਰ ਨਹੀਂ, ਸਭ ਜਿੱਤ ਹੀ ਜਿੱਤ ਹੈ ।"

ਇਹ ਇਕ ਐਸੀ ਵਿਸ਼ਾਲ ਨਜ਼ਰ ਹੈ ਜਿਸ ਵਿਚ 'ਸਭ ਭਲੋ' ਹੋ ਕੇ ਦਿੱਸਣ ਲੱਗ ਪੈਂਦਾ ਹੈ । ਕਿਸੇ ਅਧੋਗਤੀ ਦੀ ਹਾਲਤ ਨੂੰ ਬਦਲਣ ਲਈ ਦੁੱਖ ਭੁੱਖ ਦੀ ਮਾਰ ਕੋਈ ਬੁਰਾਈ ਨਹੀਂ ਸਗੋਂ ਮੇਹਰ ਹੈ । ਡਾਕਟਰ ਮਰੀਜ਼ ਨੂੰ ਲੋੜ ਅਨੁਸਾਰ ਕੌੜੀ ਦਵਾਈ ਵੀ ਦਿੰਦਾ ਹੈ, ਪਰ ਉਸ ਨੂੰ ਪਤਾ ਹੁੰਦਾ ਹੈ ਕਿ ਇਹ ਦਵਾਈ ਮਰੀਜ਼ ਦੇ ਰੋਗਾਂ ਨੂੰ ਕੱਟ ਦੇਵੇਗੀ । ਤਿਵੇਂ ਦੁੱਖਾਂ ਦਾ ਆਉਣਾ ਕੁਦਰਤੀ ਨੇਮਾਂ ਅਨੁਸਾਰ ਮਨੁੱਖੀ ਬੀਮਾਰੀਆਂ ਦਾ ਇਲਾਜ ਹੁੰਦਾ ਹੈ । ਦੁੱਖਾਂ ਕਸ਼ਟਾਂ ਸਮੇਂ ਹਰ ਕਿਸੇ ਨੂੰ ਸਗੋਂ ਇਹ ਵੇਖਣਾ ਚਾਹੀਦਾ ਹੈ ਕਿ ਇਹ ਕਸ਼ਟ ਆਏ ਕਿਉਂ ਹਨ ਤੇ ਜੀਵਨ ਵਿਚ ਕੀ ਘਾਟਾ ਸੀ ਜਿਸ ਦੀ ਦਰੁਸਤੀ ਲਈ ਹਰੀ ਦੀ ਮੇਹਰ ਹੋਈ ਹੈ । ਸੱਚੀ ਅਰਦਾਸ ਇਹੋ ਜੇਹੀ ਨਜ਼ਰ ਬਣਾਉਂਦੀ ਹੈ ਜਾਂ ਇਹ ਨਜ਼ਰ ਬਣਾਉਣ ਵਿਚ ਸਹਾਇਤਾ ਕਰਦੀ ਹੈ ; ਬਾਕੀ ਸਭ ਬੇ-ਸਮਝੀ ਤੇ ਹਨੇਰਾ ਹੈ । ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੀ

ਇਸ ਪਉੜੀ ਸਭ ਤੋਂ ਉੱਤਮ ਦਾਤ ਦੀ ਵਿਆਖਿਆ ਇਉਂ ਕੀਤੀ ਹੈ :

**"ਜਿਸ ਨੋ ਬਖਸੇ ਸਿਫਤਿ ਸਾਲਾਹ ॥**

**ਨਾਨਕ ਪਾਤਿਸਾਹੀ ਪਾਤਿਸਾਹੁ ॥** ਅੰਗ ੫

ਅਰਥਾਤ "ਜਿਸ ਨੂੰ ਹਰੀ ਸਿਫ਼ਤ ਸਲਾਹ ਦੀ ਦਾਤ ਬਖ਼ਸ਼ਦਾ ਹੈ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ ।" ਪਰ ਯਾਦ ਰਖੋ ਕਿ ਹਰੀ ਦੀ ਦਾਤ ਬਖਸ਼ਣੀ ਤਦੋਂ ਹੀ ਹੁੰਦੀ ਹੈ ਜਦੋਂ ਇਸ ਕਿਸਮ ਦੀ ਦਾਤ ਦੀ ਮੰਗ ਹੋਵੇ, ਇਹ ਆਪ- ਹੁਦਰੀ ਨਹੀਂ ਹੁੰਦੀ, ਜਿਵੇਂ ਦੁਨਿਆਵੀ ਰਾਜਿਆਂ ਮਹਾਰਾਜਿਆਂ ਦੀ ਹੁੰਦੀ ਹੈ ।

ਵੱਡੀ ਤੋਂ ਵੱਡੀ ਅਰਦਾਸ ਹੁੰਦੀ ਹੀ ਇਹ ਹੈ ਕਿ ਵਾਹਿਗੁਰੂ ਦੇ ਬੇਅੰਤ ਗੁਣ ਤੇ ਵਡਿਆਈਆਂ ਦੀ ਸਿਫ਼ਤ ਸਲਾਹ ਕਰਨ ਦੀ ਸ਼ਕਤੀ ਤੇ ਲਗਨ ਪ੍ਰਾਪਤ ਹੋਵੇ, ਤਾਂ ਜੋ ਇਹ ਗੁਣ ਤੇ ਵਡਿਆਈਆਂ ਅੰਦਰ ਦਾਖ਼ਲ ਹੋ ਕੇ ਸਾਰੇ ਬਾਹਰਲੇ ਕਸ਼ਟਾਂ ਨੂੰ ਕੱਟ ਦੇਵੇ । ਵੇਖੋ, ਗੁਰੂ ਅਰਜਨ ਦੇਵ ਜੀ ਅਰਦਾਸ ਦੀ ਇਹ ਸ਼ਕਲ ਦੱਸਦੇ ਹਨ :

**"ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥**

**ਦੇਹਿ ਨਾਮ ਸੰਤੋਖੀਆ ਉਤਰੈ ਮਨ ਕੀ ਭੁਖ ॥"**

(ਰਾਮਕਲੀ ਕੀ ਵਾਰ, ਮਹਲਾ ੫) ਅੰਗ ੯੫੮

ਅਰਥਾਤ "ਹੇ ਵਾਹਿਗੁਰੂ, ਮੈਂ ਤਾਂ ਤੈਨੂੰ ਹੀ ਮੰਗਦਾ ਹਾਂ, ਕਿਉਂਕਿ ਇਸ ਮੰਗ ਤੋਂ ਬਿਨਾਂ ਕੁਝ ਹੋਰ ਮੰਗਣਾ ਵੱਡੇ ਤੋਂ ਵੱਡੇ ਦੁੱਖਾਂ ਨੂੰ ਸੱਦਾ ਦੇਣਾ ਹੈ।ਤੂੰ ਮੈਨੂੰ ਆਪਣੇ ਨਾਮ ਦੀ ਦਾਤ ਦੇ ਜਿਸ ਨਾਲ ਮੈਨੂੰ ਸੰਤੋਖ ਆਵੇ ਤੇ ਮਰੇ ਮਨ ਦੀਆਂ ਸਭ ਭੁੱਖਾਂ ਲਹਿ ਜਾਣ ।"

ਇਹ ਠੀਕ ਹੈ ਕਿ ਪ੍ਰਮਾਤਮਾ ਤੋਂ ਹੋਰ ਦਾਤਾਂ ਵੀ ਮੰਗੀਦੀਆਂ ਹਨ। ਵੇਖੋ, ਭਗਤ ਧੰਨਾ ਜੀ ਧਨਾਸਰੀ ਵਿਚ ਇਉਂ ਕਹਿੰਦੇ ਹਨ :

**"ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥**

**ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥**

**ਗਊ ਭੈਸ ਮਾਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥**

**ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥**

(ਧਨਾਸਰੀ ਭਗਤ ਧੰਨਾ ਜੀ) ਅੰਗ ੬੯੫



ਅਰਥਾਤ ਮੈਂ ਪ੍ਰਮਾਤਮਾ ਤੋਂ ਦਾਲ ਆਟਾ, ਘਿਉ ਆਦਿਕ ਮੰਗਦਾ ਹਾਂ, ਕਿਉਂਕਿ ਇਉਂ ਮੇਰਾ ਜੀਵਣ ਖ਼ੁਸ਼ੀ ਵਿਚ ਅਰਥਾਤ ਨਰੋਏ ਰੂਪ ਵਿਚ ਚਲਦਾ ਹੈ । ਜੱਤੀ ਤੇ ਚੰਗੇ ਕਪੜੇ ਵੀ ਏਸੇ ਲਈ ਮੰਗਦਾ ਹਾਂ ਤੇ ਸੱਤਾਂ ਸੀਆਂ ਦੇ ਕੇ ਪੈਦਾ ਕੀਤਾ ਹੋਇਆ ਅਨਾਜ ਮੰਗਦਾ ਹਾਂ । ਦੁੱਧ ਦੇਣ ਵਾਲੀ ਗਊ ਜਾਂ ਭੈਂਸ ਮੰਗਦਾ ਹਾਂ ਤੇ ਚੰਗਾ ਅਰਬੀ ਘੋੜਾ ਵੀ । ਹੇ ਪ੍ਰਮਾਤਮਾ ਤੇਰਾ ਧੰਨਾ ਸੇਵਕ ਘਰ ਵਿਚ ਸੁਸ਼ੀਲ ਇਸਤਰੀ ਦੀ ਦਾਤ ਵੀ ਮੰਗਦਾ ਹੈ । ਘਰ ਪ੍ਰੇਮ ਪਿਆਰ ਵਰਤ ਕੇ ਹੀ ਕੀਮਤੀ ਭਾਵਨਾ ਉਪਜਦੀ ਹੈ ।

ਸੋ ਇਹਨਾਂ ਚੀਜ਼ਾਂ ਦੀ ਮੰਗ ਜੀਵਣ ਨੂੰ ਚੰਗੀ ਤਰ੍ਹਾਂ ਚਲਦਾ ਰੱਖਣ ਲਈ ਹੈ, ਫਿਰ ਇਹ ਪਰਮਾਰਥ ਦੇ ਰਾਹ ਤੇ ਸਹਾਇਕ ਬਣਦੀਆਂ ਹਨ । ਇਹਨਾਂ ਦਾ ਗੁਲਾਮ ਹੋ ਕੇ ਰਹਿ ਜਾਣਾ ਤੇ ਫਿਰ ਇਹਨਾਂ ਦੀ ਪ੍ਰਾਪਤੀ ਲਈ ਅਰਦਾਸਾਂ ਕਰਨੀਆਂ ਗ਼ਲਤ ਕੀਮਤਾਂ ਦਾ ਨਤੀਜਾ ਹੈ । ਸਰੀਰਕ ਲੋੜਾਂ ਦੀ ਪੂਰਤੀ ਆਪਣੇ ਥਾਂ ਜ਼ਰੂਰੀ ਤਾਂ ਹੈ ਪਰ ਜੀਵਣ ਨਿਸ਼ਾਨਾ ਨਹੀਂ । ਨਿਸ਼ਾਨਾ ਤਾਂ ਹੈ ਸਰੀਰ ਤੋਂ ਉਤਾਂਹ ਉੱਠ ਕੇ ਆਪਣੇ ਅਸਲ ਆਪੇ ਦੀ ਪਛਾਣ ਕਰਨੀ ਜਾਂ ਆਪਣੀ ਜੋਤ ਨੂੰ ਜਗਾਣਾ । ਇਸ ਜੋਤ ਦੇ ਜਗਿਆਂ ਸਭ ਭੁੱਖਾਂ ਮਿਟ ਜਾਂਦੀਆਂ ਹਨ, ਸਭ ਮਾਨਸਿਕ ਗ਼ੁਲਾਮੀਆਂ ਕਟੀਆਂ ਜਾਂਦੀਆਂ ਹਨ ਤੇ ਸਭ ਬੰਧਨਾਂ ਤੋਂ ਅਜ਼ਾਦ ਹੋ ਜਈਦਾ ਹੈ । ਫਿਰ ਸਰੀਰਕ ਲੋੜਾਂ ਦੀ ਪੂਰਤੀ ਵੀ ਇਸੇ ਜੋਤ ਰਾਹੀਂ ਵਧੇਰੇ ਅਸਾਨੀ ਨਾਲ ਹੋ ਜਾਂਦੀ ਹੈ । ਜਦ ਇਹ ਜੋਤ ਰੱਬ ਦੇ ਸਾਹਮਣੇ ਖੜ੍ਹੀ ਹੋ ਕੇ ਅਰਦਾਸ ਕਰਦੀ ਹੈ ਤਾਂ ਇਹ ਪ੍ਰੇਰਨਾ ਲੈ ਕੇ ਉਦਮ ਉਤਸ਼ਾਹ ਤੇ ਸਵੈ-ਭਰੋਸੇ ਦੇ ਰਾਹ 'ਤੇ ਪੈ ਜਾਂਦੀ ਹੈ । ਫਿਰ ਕਿਹੜੀ ਚੀਜ਼ ਹੈ ਜੋ ਇਸ ਨੂੰ ਪ੍ਰਾਪਤ ਨਹੀਂ ਹੋ ਜਾਂਦੀ ? ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਖ਼ਿਆਲ ਨੂੰ ਧਨਾਸਰੀ ਵਿਚ ਚੰਗੀ ਤਰ੍ਹਾਂ ਇਹ ਲਿਖਿਆ ਹੈ ।

"ਮਾਂਗਉ ਰਾਮ ਤੇ ਸਭਿ ਥੋਕ ॥ ਮਾਨੁਖ ਕਉ ਜਾਚਤ ਸ੍ਰਮੁ ਪਾਈਐ

ਪ੍ਰਭ ਕੈ ਸਿਮਰਨਿ ਮੋਖ ॥" (ਧਨਾਸਰੀ ਮਹਲਾ ੫) ਅੰਗ ੬੮੨

ਅਰਥਾਤ "ਮੈਂ ਆਪਣੇ ਰਾਮ ਤੋਂ ਸਭ ਪਦਾਰਥ ਮੰਗਦਾ ਹਾਂ । ਭਗਤ ਮਨੁੱਖ ਨੂੰ ਮੰਗਣ ਨਾਲ ਉਦਮ (ਅਤੇ ਪ੍ਰੇਰਨਾ) ਮਿਲਦੇ ਹਨ, ਭਾਵ ਸਭ ਤੋਂ ਉਤਮ ਮੰਗ ਪ੍ਰਭੂ ਦਾ ਸਿਮਰਨ ਹੀ ਹੈ, ਇਸ ਦੁਆਰਾ ਮੋਖ ਪ੍ਰਾਪਤ ਹੁੰਦਾ ਹੈ।"

ਜੋ ਇਸ ਤਰ੍ਹਾਂ ਮੰਗਦਾ ਹੈ ਉਹ ਅੰਦਰੋਂ ਪ੍ਰੇਰਤ ਹੋ ਕੇ ਪੂਰਾ ਉਦਮੀ ਵੀ ਹੋ ਜਾਂਦਾ ਹੈ ਤੇ ਹਰ ਮੰਗ ਦੀ ਪੂਰਤੀ ਲਈ ਪੂਰਾ ਯਤਨ ਵੀ ਕਰਦਾ ਹੈ

ਤੇ ਸਦਾ ਉਤਸ਼ਾਹ ਤੇ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ ।

ਟਰਾਈਨ ਨੇ ਠੀਕ ਕਿਹਾ ਸੀ : "God is the Source of energy and whoever attunes to Him has direct access to that source and becomes endowed with optimism and enthusiasm."

ਅਰਥਾਤ "ਵਾਹਿਗੁਰੂ ਸਭ ਸ਼ਕਤੀਆਂ ਦਾ ਸੋਮਾ ਹੈ ਤੇ ਜੋ ਵੀ ਉਸ ਸੋਮੇ ਨਾਲ ਇਕਸੁਰ ਹੁੰਦਾ ਹੈ ਉਹ ਉਹਨਾਂ ਸ਼ਕਤੀਆਂ ਦਾ ਹਿੱਸੇਦਾਰ ਬਣ ਜਾਂਦਾ ਹੈ । ਉਸ ਦਾ ਜੀਵਨ, ਉਤਸ਼ਾਹ ਤੇ ਆਸ਼ਾਵਾਦ ਨਾਲ ਭਿੱਜਾ ਹੋਇਆ ਹੋ ਜਾਂਦਾ ਹੈ ।"

ਇਸ ਤਰ੍ਹਾਂ ਇਕ ਐਸੀ ਮਾਨਸਿਕ ਹਾਲਤ ਬਣ ਜਾਂਦੀ ਹੈ ਜੋ ਜੀਵਨ ਨੂੰ ਖੇੜੇ, ਉੱਦਮ ਤੇ ਚੜ੍ਹਦੀਆਂ ਕਲਾ ਵਿਚ ਲੈ ਜਾਂਦੀ ਹੈ । ਭਾਵੇਂ ਉੱਤਮ ਪ੍ਰਾਰਥਨਾ 'ਚੋ ਨਾਮ ਉਪਜਦਾ ਹੈ । ਸੋ ਇਸ ਪ੍ਰਾਰਥਨਾ ਨੂੰ ਵੀ ਨਾਮ ਸਿਮਰਨ ਦਾ ਹੀ ਇਕ ਅੰਗ ਸਮਝਣਾ ਚਾਹੀਦਾ ਹੈ ।

ਰਾਗ ਧਨਾਸਰੀ ਵਿਚ ਗੁਰੂ ਅਰਜਨ ਦੇਵ ਜੀ ਇਸ ਉੱਤਮ ਪ੍ਰਾਰਥਨਾ ਦੀ ਵਿਆਖਿਆ ਇਉਂ ਕਰਦੇ ਹਨ :-

ਮਾਂਗਉ ਰਾਮ ਤੇ ਇਕੁ ਦਾਨੁ ॥ ਸਗਲ ਮਨੋਰਥ
ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ ॥ ੧॥ ਰਹਾਉ ॥
ਚਰਨ ਤੁਮ੍ਹਾਰੇ ਹਿਰਦੈ ਵਾਸਹਿ ਸੰਤਨ ਕਾ ਸੰਗੁ ਪਾਵਉ ॥
ਸੋਗ ਅਗਨਿ ਮਹਿ ਮਨੁ ਨ ਵਿਆਪੈ ਆਠ ਪਹਰ ਗੁਣ
ਗਾਵਉ ॥ ੧॥ ਸਸਤਿ ਬਿਵਸਥਾ ਹਰਿ ਕੀ ਸੇਵਾ ਮਧ੍ੰਤ
ਪ੍ਰਭ ਜਾਪਣ ॥ ਨਾਨਕ ਰੰਗੁ ਲਾਗਾ ਪਰਮੇਸਰ ਬਾਹੁੜਿ
ਜਨਮ ਨ ਛਾਪਣ ॥"   (ਧਨਾਸਰੀ ਮਹਲਾ ੫) ਅੰਗ ੬੮੨

ਅਰਥਾਤ "ਮੈ ਰਾਮ ਤੋਂ ਕੇਵਲ ਇਹ ਦਾਨ ਮੰਗਦਾ ਹਾਂ ਕਿ ਉਸ ਦਾ ਨਾਮ ਸਿਮਰਦਾ ਰਹਾਂ । ਇਸ ਨਾਲ ਮੇਰੀਆਂ ਸਭ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ । ਹੇ ਰਾਮ, ਤੇਰੇ ਚਰਨ ਮੇਰੇ ਹਿਰਦੇ ਵਿਚ ਵਸਦੇ ਰਹਿਣ ਤੇ ਮੈਨੂੰ ਸੰਤਾਂ ਦਾ ਸੰਗ ਹੀ ਪ੍ਰਾਪਤ ਹੋਵੇ । ਜੇ ਅੱਠੇ ਪਹਿਰ ਮੈਂ ਤੇਰੇ ਗੁਣ ਗਾਵਾਂ, ਤਾਂ ਗਮ ਦੀ ਅਗਨੀ ਵਿਚ ਮੇਰਾ ਮਨ ਨਹੀ ਪਵੇਗਾ । ਬਾਲਪਨ ਵਿਚ ਮੈਂ



ਹਰੀ ਦੀ ਸੇਵਾ ਕਰਾਂ, ਵਿਚਕਾਰਲੀ ਉਮਰ ਤੇ ਬੁਢੇਪੇ ਵਿਚ ਵੀ ਪ੍ਰਭੂ ਦਾ ਜਾਪ ਕਰਾਂ । ਹੇ ਨਾਨਕ, ਹੁਣ ਪ੍ਰਮੇਸ਼ਰ ਦੇ ਪਿਆਰ ਦਾ ਰੰਗ ਚੜ੍ਹ ਗਿਆ ਹੈ ਇਸ ਲਈ ਮੜ ਕੇ ਜਨਮ ਮਰਣ ਨਹੀਂ ਹੋਵੇਗਾ ।"

ਇਸ ਪ੍ਰਾਰਥਨਾ ਦਵਾਰਾ ਕੇਵਲ ਨਾਮ ਦੇ ਦਾਨ ਦੀ ਮੰਗ ਹੀ ਕੀਤੀ ਜਾਂਦੀ ਹੈ । ਬਾਕੀ ਮੰਗਾਂ ਦੀ ਪੂਰਤੀ, ਨਾਮ ਤੋਂ ਉਪਜੀ ਸ਼ਕਤੀ ਦਵਾਰਾ, ਆਪੇ ਹੀ ਹੋ ਜਾਂਦੀ ਹੈ ।

ਸਿੱਖ ਸੰਗਤਾਂ ਦੀ ਰੋਜ਼ ਮਿਲ ਕੇ ਕੀਤੀ ਅਰਦਾਸ ਦਾ ਮੁੱਖ ਪ੍ਰਯੋਜਨ ਵੀ ਇਹੋ ਹੈ, ਜੋ ਇਸ ਗੱਲ ਦਾ ਸਬੂਤ ਹੈ ਕਿ ਕਿਹੜੀ ਅਰਦਾਸ ਸਹੀ ਅਰਦਾਸ ਹੈ। ਇਸ ਅਰਦਾਸ ਦਵਾਰਾ ਪ੍ਰਮਾਤਮਾ, ਦਸਾਂ ਪਾਤਸ਼ਾਹੀਆਂ, ਸ਼ਹੀਦਾਂ, ਮੁਰੀਦਾਂ, ਸੇਵਕਾਂ ਸਿਦਕਵਾਨਾਂ, ਹਠੀਆਂ, ਜਪੀਆਂ, ਤਪੀਆਂ, ਦਾ ਧਿਆਨ ਧਰਿਆ ਜਾਂਦਾ ਹੈ ਤੇ ਆਤਮ ਪ੍ਰੇਰਨਾ ਲਈ ਜਾਂਦੀ ਹੈ । ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਤੇ ਸਿੱਖੀ ਦਾਨ , ਨਾਮ ਦਾਨ, ਦੇਹ ਤੇਗ ਫਤਹਿ, ਪੰਥ ਕੀ ਜੀਤ, ਸੁਆਸ ਸੁਆਸ ਨਾਮ ਚਿਤ ਆਵੇ, ਸਰਬਤ ਕਾ ਭਲਾ ਆਦਿਕ, ਇਸ ਅਰਦਾਸ ਦੀਆਂ ਮੋਹਰਲੀਆਂ ਮੰਗਾਂ ਹਨ । ਠੀਕ ਗੱਲ ਇਹ ਹੈ ਕਿ ਜਿਹੀ ਅਰਦਾਸ ਹੀ ਆਤਮਾ ਦੀ ਖ਼ੁਰਾਕ ਬਣ ਸਕਦੀ ਹੈ । ਬਾਕੀ ਸਭ ਚੀਜ਼ਾਂ ਜਾਂ ਤਾਂ ਇਹ ਅਰਦਾਸ ਰਾਹੀਂ ਉਤਪੰਨ ਹੋਈ ਮਨ ਦੀ ਸ਼ਕਤੀ ਤੋਂ ਪ੍ਰਾਪਤ ਹੋ ਜਾਂਦੀਆਂ ਹਨ ਜਾਂ ਉਹਨਾਂ ਚੀਜ਼ਾਂ ਦੀ ਥੁੜ੍ਹ ਮਹਿਸੂਸ ਹੀ ਨਹੀਂ ਹੁੰਦੀ।

ਸਵਾਮੀ ਵਿਵੇਕਾ ਨੰਦ ਨੇ ਕਿਹਾ ਸੀ ਕਿ ਅੰਦਰ ਦੀ ਜੋਤ ਸਭ ਅਰਦਾਸਾਂ ਪੂਰੀਆਂ ਕਰਨ ਦੀ ਸ਼ਕਤੀ ਰੱਖਦੀ ਹੈ । ਕੁਝ ਏਸ ਤਰ੍ਹਾਂ ਹੀ ਟਰਾਇਨ ਲਿਖਦਾ ਹੈ :

"If one is willing to trust himself to the Lord, He will never fail him. It is the halfhearted trusting of it, that brings uncertain and unsatisfactory results. The Lord will never fail a man, who throws himself wholly upto him."

ਅਰਥਾਤ "ਜੋ ਕੋਈ ਪੁਰਸ਼ ਰੱਬ 'ਤੇ ਪੂਰਨ ਵਿਸ਼ਵਾਸ ਲਿਆਣ ਲਈ ਤਿਆਰ ਹੈ ਤਾਂ ਰੱਬ ਵੀ ਕਦੇ ਉਸ ਦੀ ਬਾਂਹ ਨਹੀਂ ਛੱਡੇਗਾ । ਉਹ

ਵਿਸ਼ਵਾਸ ਅਧੂਰੇ ਹੁੰਦੇ ਹਨ ਜਿਨ੍ਹਾਂ ਤੋਂ ਯਕੀਨੀ ਤੇ ਤਸੱਲੀ ਬਖ਼ਸ਼ ਨਤੀਜੇ ਨਹੀਂ ਨਿਕਲਦੇ । ਜੋ ਪੁਰਸ਼ ਉਸ ਵਾਹਿਗੁਰੂ ਤੇ ਸਭ ਕੁਝ ਪੂਰਨ ਤੌਰ 'ਤੇ ਛੱਡ ਦਿੰਦਾ ਹੈ ਉਸ ਦੀ ਬਾਂਹ ਉਹ ਕਦੇ ਨਹੀਂ ਛੱਡਦਾ ।"

ਇਹ ਹੈ ਰਾਹ ਜਿਸ 'ਤੇ ਤੁਰਿਆਂ ਲੋਕ ਤੇ ਪ੍ਰਲੋਕ ਦੋਵੇਂ ਸੰਵਰਦੇ ਹਨ; ਸਰੀਰਕ ਤੇ ਆਤਮਿਕ ਸਭ ਲੋੜਾਂ ਪੂਰੀਆਂ ਹੁੰਦੀਆਂ ਹਨ ।

**"ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ ਬੇਦ ਪੁਕਾਰਹਿ ਘੋਖ ॥**
**ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ ॥"**
**(ਧਨਾਸਰੀ ਮਹਲਾ ੫) ਅੰਗ ੬੮੨**

ਅਰਥਾਤ "ਰਿਖੀ ਲੋਕਾਂ ਨੇ ਸਿੰਮ੍ਰਤੀਆਂ ਤੇ ਪੁਰਾਣ ਗਹੁ ਨਾਲ ਪੜ੍ਹੇ ਹਨ ਤੇ ਵੇਦਾਂ ਦਾ ਵਿਚਾਰ ਵੀ ਚੰਗੀ ਤਰ੍ਹਾਂ ਕੀਤਾ ਹੈ । ਸਭ ਇਹੋ ਪੁਕਾਰ ਕੇ ਕਹਿੰਦੇ ਹਨ ਕਿ ਕਿਰਪਾ ਦੇ ਸਮੁੰਦਰ ਹਰੀ ਨੂੰ ਸੇਵਨ ਨਾਲ ਸੱਚ ਮਿਲਦਾ ਹੈ, ਜਿਸ ਤੋਂ ਲੋਕ ਤੇ ਪ੍ਰਲੋਕ ਦੋਵੇਂ ਸੌਖੇ ਹੋ ਜਾਂਦੇ ਹਨ ।"

ਏਸੇ ਲਈ ਹੀ ਟੈਨੀਸਨ ਨੇ ਅਰਦਾਸ ਦੀ ਮਹਿਮਾ ਇਉਂ ਕੀਤੀ ਹੈ: More things are wrough by prayer than this world dreams of."

ਅਰਥਾਤ "ਅਰਦਾਸ ਤੋਂ ਉਹ ਕੁਝ ਪ੍ਰਾਪਤ ਹੋ ਸਕਦਾ ਹੈ ਜਿਸ ਦਾ ਦੁਨੀਆਂ ਨੂੰ ਸੁਪਨਾ ਵੀ ਨਹੀਂ ਹੁੰਦਾ ।"

ਪਰ ਸ਼ਰਤ ਇਹ ਹੈ ਕਿ ਅਰਦਾਸ ਦਾ ਸਹੀ ਮਨੋਰਥ ਸਾਹਮਣੇ ਰਹੇ। ਹੁਣ ਤਾਂ ਦੁਨੀਆਂ ਨੇ ਪ੍ਰਾਰਥਨਾ ਰਾਹੀ ਬੀਮਾਰੀਆਂ ਦੇ ਇਲਾਜ ਵੀ ਕਰਕੇ ਵੇਖ ਲਏ ਹਨ । ਕੇਵਲ ਸ੍ਵੈ-ਸੁਝਾਉ ਰਾਹੀਂ ਮਨ ਨੂੰ ਹਲੂਣਾ ਦਿਤਿਆਂ ਵੀ ਰੋਗ ਕੱਟੇ ਜਾਂਦੇ ਹਨ । ਇਸ ਤੋਂ ਇਹ ਸਮਝਣਾ ਔਖਾ ਨਹੀਂ ਕਿ ਉਸ ਬੇਅੰਤ ਸ਼ਕਤੀਆਂ ਦੇ ਮਾਲਕ ਵਾਹਿਗੁਰੂ ਨਾਲ ਇਕ-ਸੁਰ ਹੋਇਆਂ ਇਨ੍ਹਾਂ ਸ਼ਕਤੀਆਂ ਦੇ ਮਾਨੋ ਮਾਲਕ ਬਣ ਜਾਈਦਾ ਹੈ । ਫਿਰ ਇਹ ਬਹਿਸ ਬੇਅਰਥ ਹੋ ਕੇ ਰਹਿ ਜਾਂਦੀ ਹੈ ਕਿ ਜੇ ਰੱਬ ਦੀ ਕੁਦਰਤ ਦੇ ਨੇਮ ਅਟੱਲ ਹਨ ਤਾਂ ਰੱਬ ਦੀ ਬਖ਼ਸ਼ਿਸ਼ ਕਿਵੇਂ ਹੁੰਦੀ ਹੈ ? ਇਹ ਆਤਮ ਮੰਡਲ ਦੀਆਂ ਗੱਲਾਂ ਹਨ ਜੋ ਨਿਰੀ ਪੁਰੀ ਦਲੀਲਾਂ ਤੇ ਬਹਿਸਾਂ ਨਾਲ ਸਮਝ ਵਿਚ ਨਹੀਂ ਆਉਂਦੀਆਂ । ਜਦੋਂ ਨਾਮ ਦੁਆਰਾ ਭਗਤ ਪ੍ਰਮਾਤਮਾ ਵਿਚ ਲੀਨ ਹੀ ਹੋ ਜਾਂਦਾ ਹੈ ਤਾਂ ਜੋ ਕੁਝ ਵੀ ਉਸ ਦੇ ਆਪਣੇ ਉੱਦਮ ਨਾਲ ਵੀ ਪ੍ਰਾਪਤ ਹੋ ਜਾਂਦਾ ਹੈ, ਉਹ ਪ੍ਰਮਾਤਮਾ



ਤੋਂ ਹੀ ਉਪਜਿਆ ਸਮਝਣਾ ਚਾਹੀਦਾ ਹੈ । ਹਰ ਹਾਲਤ ਵਿਚ ਸਭ ਤੋਂ ਉੱਤਮ ਅਰਦਾਸ ਉਹੀ ਸਮਝੀ ਜਾਣੀ ਚਾਹੀਦੀ ਹੈ । ਜਿਸ ਵਿਚ ਮਨ ਸਭ ਤੋਂ ਮੋਹਰੇ ਹੋਵੇ ਤੇ ਜਿਸ ਦਾ ਮੁੱਖ ਨਿਸ਼ਾਨਾ ਨਾਮ ਦੁਆਰਾ ਮਨ ਦੀ ਸਹਾਇਤਾ ਹੋਵੇ ।

ਬੇਕਨ ਨੇ ਠੀਕ ਹੀ ਕਿਹਾ ਸੀ "Seek ye first the good things of the mind and the rest will either be supplied or its loss will not be felt."

ਅਰਥਾਤ "ਆਪਣੇ ਮਨ ਅੰਦਰ ਪਈਆਂ ਚੰਗੀਆਂ ਚੀਜ਼ਾਂ (ਸੱਚ, ਪ੍ਰੇਮ, ਨਿੰਮ੍ਰਤਾ ਦਇਆ ਆਦਿਕ) ਦੀ ਭਾਲ ਪਹਿਲਾਂ ਕਰੋ । ਬਾਕੀ ਸਭ ਕੁਝ ਆਪੇ ਹੀ ਪ੍ਰਾਪਤ ਹੋ ਜਾਵੇਗਾ ਜਾਂ ਉਸ ਦੀ ਥੁੜ੍ਹ ਮਹਿਸੂਸ ਨਹੀਂ ਹੋਵੇਗੀ।

ਸਾਰਾ ਝਗੜਾ ਤਾਂ ਆਪਣੇ ਮਨ ਨਾਲ ਹੈ । ਜਦ ਪ੍ਰਾਰਥਨਾ, ਮਨ ਨੂੰ ਸਾਹਮਣੇ ਰਖ ਕੇ,, ਨਿਸ਼ਚੇ ਤੇ ਭਰੋਸੇ ਨਾਲ ਕੀਤੀ ਜਾਂਦੀ ਹੈ ਤਾਂ ਉਸ ਵਿਚੋਂ ਮਨ ਦੀ ਕਲਿਆਨ ਅਵੱਸ਼ ਨਿਕਲਦੀ ਹੈ । ਇਸ ਅਰਦਾਸ ਦਾ ਘੱਟੋ ਘੱਟ ਲਾਭ ਇਹ ਹੈ ਕਿ ਮਨ ਦੇ ਸਭ ਬੋਝ ਲਹਿ ਕੇ ਮਨ ਹੌਲਾ ਫੁਲ ਹੋ ਜਾਂਦਾ ਹੈ ਤੇ ਦੈਵੀ ਗੁਣਾਂ ਨਾਲ ਭਰ ਜਾਂਦਾ ਹੈ । ਫਿਰ ਸੁਤੇ ਹੀ ਅੰਦਰ ਦੀਆਂ ਸ਼ਕਤੀਆਂ ਪ੍ਰੇਰਤ ਹੋ ਕੇ ਸਭ ਵਿਰੋਧੀ ਹਾਲਤ ਦਾ ਮੁਕਾਬਲਾ ਕਰਨ ਦੇ ਸਮਰਥ ਹੋ ਜਾਂਦੀਆਂ ਹਨ । ਐਸੀ ਮਜ਼ਬੂਤ ਮਾਨਸਿਕ ਦਸ਼ਾ ਬਣਦੀ ਹੈ ਕਿ ਵਿਰੋਧੀ ਹਾਲਤ ਵਿਚ ਰਹਿੰਦਾ ਹੋਇਆ ਵੀ ਮਨੁੱਖ ਡੋਲਦਾ ਨਹੀਂ । ਅਰਦਾਸ ਦੇ ਇਸ ਫਲ ਤੋਂ ਵੱਧ ਹੋਰ ਕਿਸੇ ਨੇ ਕੀ ਲੈਣਾ ਹੁੰਦਾ ਹੈ ?

ਫਿਰ "Blessedness is not the reward of virtue but virtue itself."

ਅਰਥਾਤ "ਕਲਿਆਨ ਕਿਸੇ ਨੇਕ ਜੀਵਨ ਦਾ ਇਨਾਮ ਨਹੀਂ ਸਗੋਂ ਨੇਕ ਜੀਵਨ ਆਪ ਹੈ। ਇਸੇ ਖ਼ਿਆਲ ਦੀ ਤਰਜਮਾਨੀ ਇਹ ਹੈ:

"Virtue is its own reward."

ਭਾਵ 'ਨੇਕ ਜੀਵਨ, ਆਪਣਾ ਇਨਾਮ ਆਪ ਹੈ ।'

ਖ਼ੈਰ, ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਨਸਿਕ ਦੁੱਖਾਂ ਤੇ ਰੋਗਾਂ ਦੀ ਨਵਿਰਤੀ ਲਈ ਮਨ ਨੂੰ ਪ੍ਰਾਰਥਨਾ ਦੁਆਰਾ ਉਤਸ਼ਾਹਤ ਰੱਖਣ ਦੀ ਬੜੀ ਲੋੜ ਹੈ ਤੇ ਇਸ ਲੋੜ ਨੂੰ ਦੁਨੀਆਂ ਵੀ ਸਦਾ ਪਰਵਾਨ ਕਰਦੀ ਆਈ ਹੈ । ਕਿਸੇ ਸਰਬ ਸ਼ਕਤੀਮਾਨ ਦਾ ਤਸੱਵਰ ਆਤਮਾ ਲਈ ਬੜਾ ਸਹਾਰਾ ਬਣ ਜਾਂਦਾ ਹੈ

ਜੋ ਆਤਮਾ ਨੂੰ ਪ੍ਰੇਰ ਕੇ ਉਤਸ਼ਾਹ ਤੇ ਚੜ੍ਹਦੀਆਂ ਕਲਾਂ ਵਿਚ ਰੱਖ ਸਕਦਾ ਹੈ।

ਵਾਲਟੇਅਰ ਨੇ ਇਕ ਹੋਰ ਪੱਖੋਂ ਇੱਥੋਂ ਤਕ ਕਿਹਾ ਹੈ "If there were no God we would have to invent Him."

ਅਰਥਾਤ "ਜੇ ਰੱਬ ਨਾ ਭੀ ਹੋਵੇ ਤਾਂ ਉਸ ਨੂੰ ਘੜਨਾ ਪਵੇਗਾ ।"

ਇਸ ਫ਼ਿਲਾਸਫ਼ਰ ਦਾ ਭਾਵ ਇਹ ਹੈ ਕਿ ਦੁਨੀਆਂ ਵਿਚ ਏਨੀ ਬੁਰਾਈ ਤੇ ਕਸਟ ਹਨ ਹਨ ਕਿ ਇਨ੍ਹਾਂ ਨੂੰ ਸਬਰ ਸੰਤੋਖ ਨਾਲ ਬਰਦਾਸ਼ਤ ਕਰਨ ਲਈ ਰੱਬ ਤੇ ਧਰਮ ਦੀ ਓਟ ਸਦਾ ਹੀ ਲੈਣੀ ਪੈਂਦੀ ਰਹੇਗੀ ।

ਪਲੂਟਾਰਚ ਦੇ ਵਿਚਾਰ ਇਸ ਬਾਬਤ ਇਹ ਹਨ "A city might be more easily founded without a territory than a state without belief in God."

ਭਾਵ ਕੋਈ ਸ਼ਹਿਰ ਤਾਂ ਭਾਵੇਂ ਬਿਨਾਂ ਧਰਤੀ ਖੜ੍ਹਾ ਕੀਤਾ ਜਾ ਸਕੇ ਪਰ ਰੱਬ 'ਤੇ ਵਿਸ਼ਵਾਸ ਤੋਂ ਬਿਨਾਂ ਕੋਈ ਰਾਜ ਕਾਇਮ ਨਹੀਂ ਰਹਿ ਸਕਦਾ।'

ਪਲੈਟੋ ਦਾ ਵਿਚਾਰ ਹੈ :"A nation cannot be strong unless it believes in God. There must be a sanction of some super-natural authority and so we must have a religion. A living personal God and not a mere cosmic force, could inspire hope, devotion and sacrifice and could offer comforts to the distressed."

ਅਰਥਾਤ "ਕੋਈ ਕੌਮ ਤਾਕਤਵਰ ਨਹੀਂ ਹੋ ਸਕਦੀ ਜਿੰਨਾ ਚਿਰ ਉਸ ਦਾ ਰੱਬ ਵਿਚ ਯਕੀਨ ਨਾ ਹੋਵੇ। ਕਿਸੇ ਗ਼ੈਬੀ ਸ਼ਕਤੀ ਦੀ ਪਰਵਾਨਗੀ ਦੀ ਲੋੜ ਦਾ ਅਹਿਸਾਸ ਜ਼ਰੂਰ ਬਣਿਆ ਰਹਿਣਾ ਚਾਹੀਦਾ ਹੈ ; ਇਸ ਲਈ ਧਰਮ ਦੀ ਸਦਾ ਹੀ ਲੋੜ ਹੈ । ਇਹ ਸ਼ਕਤੀ ਨਿਰੀ ਬ੍ਰਹਮੰਡੀ ਨਹੀਂ ਸਗੋਂ ਜਿਊਂਦੀ ਜਾਗਦੀ ਸਰਗੁਣ ਸਰੂਪ ਜੋਤ ਹੋਵੇ ਤਾਂ ਹੀ ਉਹ ਉਮੀਦ, ਭਗਤੀ ਤੇ ਕੁਰਬਾਨੀ ਲਈ ਪ੍ਰੇਰਨਾ ਦੇ ਸਕਦੀ ਹੈ ਤੇ ਦੁਖੀ ਦੁਨੀਆਂ ਲਈ ਸਹਾਰਾ ਬਣਾ ਸਕਦੀ ਹੈ।"

ਨੈਪੋਲੀਅਨ ਨੇ ਕਿਹਾ ਸੀ "The greatest miracle in Christianity was that it kept the poor from murdering



the rich."

ਅਰਥਾਤ "ਈਸਾਈ ਧਰਮ ਦੀ ਵੱਡੀ ਕਰਾਮਾਤ ਇਹ ਸੀ ਕਿ ਇਸੇ ਨੇ ਗਰੀਬਾਂ ਨੂੰ (ਆਪਣੀ ਹਾਲਤ ਵਿਚ ਸ਼ਾਕਰ ਰਖ ਕੇ) ਅਮੀਰ ਲੋਕਾਂ ਦੇ ਮਾਰ ਮੁਕਾਉਣੋਂ ਰੋਕ ਰਖਿਆ ਸੀ ।"

ਸੰਤਯਾਨਾ (Santayana) ਦਾ ਈਸਾਈ ਧਰਮ ਤੋਂ ਨਿਸ਼ਚਾ ਤਾਂ ਉੱਠ ਚੁੱਕਾ ਹੋਇਆ ਸੀ ਪਰ ਇਸ ਦੇ ਬਾਵਜੂਦ ਉਸ ਨੇ ਮੰਨਿਆ ਸੀ ਕਿ ਉਸ ਦਾ ਪਹਿਲਾ ਜੀਵਨ ਭਿਜਾ ਹੋਇਆ ਸੀ, ਜੋ ਪਿਛਲੇਰੇ ਫਿਕੇ, ਬੇ-ਰਸੇ ਤੇ ਖੁਸ਼ਕ ਜੀਵਨ ਨਾਲੋਂ ਚੰਗਾ ਸੀ । ਉਸ ਨੇ ਆਪਣੀ ਇਸ ਮਜ਼ਹਬੀ ਤਬਦੀਲੀ ਨੂੰ ਇਉਂ ਬਿਆਨ ਕੀਤਾ ਹੈ ।

'I mourn for my lost faith, that splendid error, which conformed better to the impules of the soul than life itself.'

ਅਰਥਾਤ "ਮੈਂ ਆਪਣੇ ਪਹਿਲੇ ਨਿਸ਼ਚਿਆਂ ਨੂੰ ਜੋ ਹੁਣ ਗਵਾ ਬੈਠਾਂ ਹਾਂ, ਰੋਂਦਾ ਹਾਂ, ਜਿਸ ਨੂੰ ਗ਼ਲਤੀ ਕਹਿੰਦਾ ਸਾਂ ; ਉਹ ਗ਼ਲਤੀ ਬੜੀ ਖ਼ੂਬਸੂਰਤ ਚੀਜ਼ ਸੀ, ਕਿਉਂਕਿ ਉਹ ਆਤਮਾ ਦੀ ਉਮੰਗਾਂ ਦੀ ਪੂਰਤੀ ਲਈ ਜੀਵਨ ਨਾਲੋਂ ਵਧੇਰੀ ਅਨਕੂਲ ਸੀ ।"

ਇਹਨਾਂ ਵਿਦਵਾਨਾਂ ਦੇ ਉੱਤੇ ਆਏ ਇਹ ਸਾਰੇ ਖ਼ਿਆਲ ਆਪਣੇ ਥਾਂ ਤੇ ਮੁਬਾਰਕ ਹਨ ਪਰ ਫਿਰ ਵੀ ਇਹ ਖ਼ਿਆਲ ਪ੍ਰਾਰਥਨਾ ਦਾ ਸਹੀ ਪ੍ਰਯੋਜਨ ਪੇਸ਼ ਨਹੀਂ ਕਰਦੇ । ਇਹ ਜੀਵਨ ਦੇ ਕੇਵਲ ਇਕ ਜਾਂ ਦੂਜੇ ਪਹਿਲੂ ਨੂੰ ਲੈ ਕੇ, ਜਾਂ ਸਮੁੱਚੇ ਮਨੁੱਖੀ ਲਾਭਾਂ ਨੂੰ ਮੁੱਖ ਰਖ ਕੇ ਕਹੇ ਗਏ ਹਨ । ਭਗਤ ਲੋਕਾਂ ਦੀ ਤਸੱਲੀ ਲਈ ਅਗਾਂਹ ਜਾਣ ਦੀ ਲੋੜ ਹੈ । ਖੁਸ਼ਕਿਸਮਤੀ ਨਾਲ ਦੁਨੀਆਂ ਵੀ ਹੌਲੇ ਹੌਲੇ ਇਸ ਪਾਸੇ ਹੀ ਜਾ ਰਹੀ ਹੈ ।

ਖ਼ੈਰ, ਇਹ ਗੱਲ ਸਪੱਸ਼ਟ ਹੈ ਕਿ ਜਿਉਂ ਜਿਉਂ ਮਨੁੱਖ ਦਾ ਵਿਕਾਸ ਹੁੰਦਾ ਜਾਏਗਾ ਉਸ ਦਾ ਰੱਬ ਤੇ ਉਸ ਦਾ ਧਰਮ ਬਦਲਦੇ ਜਾਣਗੇ । ਅੱਜ ਵੀ ਉਹ ਗੱਲਾਂ ਉਸ ਹੱਦ ਤਕ ਸਹੀ ਨਹੀਂ ਮੰਨੀਆਂ ਜਾਂਦੀਆਂ ਹਨ ਜੋ ਅੱਜ ਤੋਂ ਇਕ ਸਦੀ ਪਹਿਲਾਂ ਮੰਨੀਆਂ ਜਾਂਦੀਆਂ ਸਨ । ਜਦ ਦਲੀਲ, ਗਿਆਨ ਤੇ ਵਿਚਾਰ ਨਾਲ ਭਰਮ ਵਹਿਮ ਕੱਟੇ ਜਾਣਗੇ ਤੇ ਦੁਨੀਆਂ ਦੀਆਂ ਅੱਖਾਂ ਖੁਲ੍ਹ ਕੇ ਨਜ਼ਰ ਚੌੜੀ ਹੋ ਜਾਏਗੀ ਤਦ ਨਵਾਂ ਨਰੋਆ ਧਰਮ ਜਨਮ ਲਏਗਾ ਤੇ ਇਸ

ਨਰਕ ਭਰੀ ਦੁਨੀਆਂ ਨੂੰ ਬਹਿਸ਼ਤ ਵਿਚ ਬਦਲ ਦੇਵੇਗਾ। ਮਨੁੱਖ ਦਾ ਵਿਕਾਸ ਹੋ ਰਿਹਾ ਹੈ ਤੇ ਉਹ ਅਗਾਂਹ ਵਧਦਾ ਜਾ ਰਿਹਾ ਹੈ। ਇਸ ਵਿਕਾਸ ਨੇ ਹੀ ਦੁਨੀਆਂ ਵਿਚ ਗੁਰੂ ਨਾਨਕ ਜੀ ਵਰਗੇ ਮਹਾਂਪੁਰਸ਼ ਪੈਦਾ ਕੀਤੇ ਹਨ, ਜੋ ਕਿਸੇ ਮਹਾਨ ਸ਼ਕਤੀ ਨਾਲ ਏਕਤਾ ਅਨੁਭਵ ਕਰਕੇ , ਸਭ ਸੰਸਾਰ ਲਈ ਜੀਵੇ ਸਨ। ਉਨ੍ਹਾਂ ਤੋਂ ਬੇਅੰਤ ਆਤਮਕ ਤੇ ਮਾਨਸਿਕ ਸ਼ਕਤੀਆਂ ਪ੍ਰਗਟ ਹੋਈਆ ਸਨ, ਜੋ ਇਸ ਗੱਲ ਦਾ ਅਕਟਵਾ ਸਬੂਤ ਹੈ ਕਿ "ਮਨ ਤੂੰ ਜੋਤ ਸਰੂਪ ਹੈ।" ਇਹੋ ਸਬੂਤ ਇਸ ਗੱਲ ਦਾ ਵੀ ਹੈ ਕਿ ਰੱਬ ਹੈ ਤੇ ਇਸੇ ਕਾਰਨ ਧਰਮ ਦੀ ਲੋੜ ਹੈ। ਪਰ ਜਦੋਂ ਧਰਮ ਦੀ ਉਸਾਰੀ, ਵਿਚਾਰ ਦੀ ਮਜ਼ਬੂਤ ਬੁਨਿਆਦ ਤੇ ਖੜ੍ਹੀ ਹੋਵੇਗੀ, ਤਾਂ ਹੀ ਧਰਮ ਦੇ ਸਾਰੇ ਅੰਗ ਠੀਕ ਤਰ੍ਹਾਂ ਸਾਹਮਣੇ ਆ ਸਕਣਗੇ ਤੇ ਉਹਨਾਂ ਧਰਮਾਂ ਦੇ ਅੰਗਾਂ ਵਿਚੋਂ ਪ੍ਰਾਰਥਨਾ ਇਕ ਜ਼ਰੂਰੀ ਅੰਗ ਹੋ ਕੇ ਦਿੱਸੇਗਾ। ਪ੍ਰਾਰਥਨਾ ਆਪਣੇ ਆਪ ਵਿਚ ਇਕ ਬੜਾ ਕੀਮਤੀ ਤੇ ਗੁਣਕਾਰੀ ਅਮਲ ਜਾਂ ਕਸਰਤ ਹੈ, ਜਿਸ ਨਾਲ ਮਨ ਵਿਚ ਪ੍ਰੇਰਨਾ ਤੇ ਤਾਕਤ ਆਂਵਦੀ ਹੈ। ਪਾਰਥਨਾ ਦੁਆਰਾ ਰੱਬ ਨਾਲ ਇਉਂ ਦਿਲ ਖੋਹਲ ਕੇ ਗੱਲਾਂ ਕਰਨੀਆਂ ਹਨ ਜਿਵੇਂ ਕੋਈ ਆਪਣੇ ਅਤਿ ਪਿਆਰੇ ਮਿਤ੍ਰ ਨਾਲ ਬਿਨਾਂ ਕਿਸੇ ਝਿਜਕ ਦੇ ਕਰ ਸਕਦਾ ਹੈ।

ਵਿਲੀਅਮ ਜੇਮਜ਼ ਨੇ ਕਿਹਾ ਹੈ, "Prayer is the intercourse with an ideal companion."

ਅਰਥਾਤ "ਪ੍ਰਾਰਥਨਾ ਦਾ ਭਾਵ ਇਹ ਹੈ ਕਿ ਕਿਸੇ ਆਦਰਸ਼ਕ ਮਿੱਤਰ ਨਾਲ ਦਿਲ ਖੋਹਲ ਕੇ ਗੱਲਾਂ ਕੀਤੀਆਂ ਜਾਣ।"

ਪਰ ਹਰ ਕੋਈ ਇਸ ਦੇ ਯੋਗ ਨਹੀਂ ਹੁੰਦਾ। ਸਹੀ ਪ੍ਰਾਰਥਨਾ ਲਈ ਪਹਿਲਾਂ ਤਿਆਰੀ ਦੀ ਵੀ ਲੋੜ ਹੈ। ਪ੍ਰੀਤ ਪ੍ਰਤੀਤ, ਅਤੇ ਈਮਾਨਦਾਰੀ ਇਸ ਦੇ ਜ਼ਰੂਰੀ ਅੰਗ ਹਨ ਜੋ ਇਕ ਐਸੀ ਮਾਨਸਿਕ ਹਾਲਤ ਪੈਦਾ ਕਰ ਦਿੰਦੇ ਹਨ ਕਿ ਜੀਵਨ ਦੀ ਮੁਰਦਿਹਾਨ ਲਹਿ ਜਾਂਦੀ ਹੈ ਤੇ ਜੀਵਨ ਉਤਸ਼ਾਹ ਨਾਲ ਭਰ ਜਾਂਦਾ ਹੈ। ਸਹੀ ਪ੍ਰਾਰਥਨਾ ਆਤਮਾ ਦੀਆਂ ਤਰਬਾਂ ਹਿਲਾ ਦਿੰਦੀ ਹੈ ਤੇ ਮਨ ਹੌਲਾ ਹੋ ਜਾਂਦਾ ਹੈ। ਸੰਤ ਲੋਕਾਂ ਨੂੰ ਸਦਾ ਪ੍ਰਾਰਥਨਾ ਤੋਂ ਹੀ ਰੋਸ਼ਨੀ ਮਿਲਦੀ ਆਈ ਹੈ। ਮਨ ਦੀ ਸਾਰੀ ਬਿਰਥਾ ਉਸ ਪ੍ਰਮਾਤਮਾ ਅਗੇ ਰੱਖ ਦਿੱਤੀ ਜਾਂਦੀ ਹੈ ਤੇ ਸਭ ਕੁਝ ਉਸ 'ਤੇ ਛੱਡ ਦਿੱਤਾ ਜਾਂਦਾ ਹੈ। ਫਿਰ ਜੋ ਹੋਵੇ ਸਭ ਠੀਕ ਹੋ ਕੇ ਦਿੱਸਦਾ ਹੈ। ਇਹ ਇਕ ਤਰ੍ਹਾਂ ਰੱਬ ਦੇ ਹੁਕਮ ਨਾਲ ਇਕ-ਸੁਰ ਹੋਣ ਦੀ ਬਾਤ ਹੈ ਤੇ ਆਤਮ ਰਾਹ ਦੀ ਸਫਲਤਾ ਦੀ ਬੁਨਿਆਦ।



ਸਹੀ ਪ੍ਰਾਰਥਨਾ ਉਹ ਹੀ ਕਰ ਸਕਦਾ ਹੈ ਜੋ ਈਮਾਨਦਾਰ ਹੈ ਤੇ ਈਮਾਨਦਾਰੀ ਨਾਲ ਆਪਣੇ ਗੁਣ, ਅਉਗੁਣ ਨੰਗੇ ਕਰ ਸਕਦਾ ਹੈ ਤੇ ਜਿਸ ਨੂੰ ਆਪਣੇ ਅਵਗੁਣ ਤੇ ਕਮਜ਼ੋਰੀਆਂ ਦੁਖੀ ਕਰਦੀਆਂ ਰਹਿੰਦੀਆਂ ਹਨ—ਤੇ ਜਿਨ੍ਹਾਂ ਤੋਂ ਉਹ ਰੱਬ ਦੀ ਸਹਾਇਤਾ ਨਾਲ ਛੁਟਕਾਰਾ ਚਾਹੁੰਦਾ ਹੈ। ਆਮ ਦੁਨੀਆਂ ਤਾਂ ਆਪਣੀਆਂ ਦੁਨਿਆਵੀ ਲੋੜਾਂ ਹੀ ਸਾਹਮਣੇ ਰੱਖਦੀ ਹੈ ਤੇ ਉਹਨਾਂ ਦੀਆਂ ਅਰਦਾਸਾਂ ਵੀ ਕੇਵਲ ਲੋੜਾਂ ਤਕ ਪੁਜ ਕੇ ਹੀ ਖ਼ਤਮ ਹੋ ਜਾਂਦੀਆਂ ਹਨ। ਉਹਨਾਂ ਦੇ ਸਾਹਮਣੇ ਆਤਮਕ ਜਾਂ ਸਦਾਚਾਰਕ ਉਸਾਰੀ ਦਾ ਸਵਾਲ ਹੀ ਨਹੀਂ ਹੁੰਦਾ। ਜਦ ਉਨ੍ਹਾਂ ਦੀਆਂ ਇਹ ਜਾਇਜ਼ ਜਾਂ ਨਾਜਾਇਜ਼ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਰੱਬ ਨੂੰ ਉਲ੍ਹਾਮੇ ਦਿੰਦੇ ਹਨ ਜਾਂ ਇਸ ਰਾਹ ਨੂੰ ਹੀ ਛੱਡ ਜਾਂਦੇ ਹਨ। ਉਹ ਤਾਂ ਕੇਵਲ ਰੱਬ ਦੀ ਖ਼ੁਸ਼ਾਮਦ ਕਰਕੇ ਉਸ ਤੋਂ ਆਪਣੇ ਕੰਮ ਕੱਢਣਾ ਚਾਹੁੰਦੇ ਹਨ। ਪਰ ਅਸਲ ਗੱਲ ਸਗੋਂ ਇਹ ਹੈ ਕਿ ਦੁਨਿਆਵੀ ਲੋੜਾਂ ਦੀ ਮੰਗ ਦੂਜੀ ਥਾਂ 'ਤੇ ਚਲੀ ਜਾਂਦੀ ਹੈ। ਪਹਿਲੀ ਥਾਂ ਇਹ ਹੈ ਕਿ ਪ੍ਰਮਾਤਮਾ ਨਾਲ ਆਪਣੇ ਆਪ ਨੂੰ ਐਸਾ ਇਕਸੁਰ ਕਰਨਾ ਹੁੰਦਾ ਹੈ ਕਿ ਆਪਾ ਮਿਟਾ ਹੀ ਦੇਣਾ ਹੈ। ਆਪੇ ਨੂੰ ਮੁਕੰਮਲ ਤੌਰ 'ਤੇ ਉਸ ਦੇ ਹਵਾਲੇ ਕਰਨਾ ਹੈ ਤੇ ਜਿਵੇਂ ਉਹ ਤੋਰੇ ਤੁਰਨਾ ਹੈ। ਇਸ ਅਰਦਾਸ ਦੀ ਰੂਪ ਰੇਖਾ ਇਹ ਹੋ ਜਾਂਦੀ ਹੈ ; ਜਿਵੇਂ ਗੁਰੂ ਅਰਜਨ ਦੇਵ ਜੀ ਨੇ ਦੱਸਿਆ ਹੈ :-

**"ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥**
**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥"**

**(ਰਾਮਕਲੀ ਕੀ ਵਾਰ, ਮਹਲਾ ੫) ਅੰਗ ੯੫੮**

ਹੋਰ :

**"ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨ ॥"**

**(ਮਾਰੂ ਮਹਲਾ ੫) ਅੰਗ ੧੦੧੮**

ਅਰਥਾਤ 'ਮੰਗਣ ਸੰਬੰਧੀ ਸਭ ਤੋਂ ਉੱਤਮ ਮੰਗ ਇਹ ਹੈ ਕਿ ਗੁਰੂ ਤੋਂ ਵਾਹਿਗੁਰੂ ਦੀ ਸਿਫ਼ਤ-ਸਲਾਹ ਦੀ ਦਾਤ ਮੰਗੀ ਜਾਏ।"

ਆਰੰਭ ਦੇ ਸ਼ਬਦ ਵਿਚ ਵੀ ਇਹੋ ਮੰਗ ਕੀਤੀ ਗਈ ਸੀ :

"ਮਾਂਗਉ ਦਾਨੁ ਠਾਕੁਰ ਨਾਮ ॥
ਅਵਰ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥"

(ਟੋਡੀ ਮਹਲਾ ੫) ਅੰਗ ੭੧੩

ਪ੍ਰਮਾਤਮਾ ਸਰਬ ਸ਼ਕਤੀਮਾਨ ਹੈ । ਉਸ ਨਾਲ ਜੀਵਨ ਇਕਸੁਰ ਕੀਤਿਆਂ, ਉਸ ਦੇ ਹੁਕਮ ਵਿਚ ਜੀਵਣ ਤੋਰਿਆਂ ਸਭ ਸ਼ਕਤੀਆਂ ਦਾ ਸੁਤੇ ਸਿਧ ਮਾਲਕ ਹੋ ਜਈਦਾ ਹੈ ਕਿਉਂਕਿ ਅੰਦਰ ਦੀ ਸਾਰੀ ਮੈਲ ਕੱਟੀ ਜਾਂਦੀ ਹੈ ਜੋ ਬੁਰਾਈ ਦੀ ਜੜ੍ਹ ਹੈ । ਪਰ ਇਸ ਰਾਹ ’ਤੇ ਤੁਰਨ ਲਈ ਪਹਿਲੀ ਜ਼ਰੂਰੀ ਸ਼ਰਤ ਇਹ ਹੈ ਕਿ ਈਮਾਨਦਾਰੀ ਨਾਲ ਆਪਣੇ ਅੰਦਰ ਦੇ ਸਾਰੇ ਅਵਗੁਣ ਫੋਲੇ ਜਾਣ ਤੇ ਜੇਹੋ ਜੇਹਾ ਕੋਈ ਹੈ ਉਸੇ ਰੂਪ ਵਿਚ ਆਪੇ ਨੂੰ ਵੇਖਿਆ ਜਾਏ। ਇਹ ਆਪਾ ਚੀਨਣ ਲਈ ਪਹਿਲਾ ਕਦਮ ਹੈ; ਮਨ ਦੀਆਂ ਤਰੁਟੀਆਂ ਸਬੂਤੀਆਂ ਵੇਖਣੀਆਂ ਤੇ ਮੁੜ ਅਤਿ ਨਿਮਰਤਾ ਨਾਲ ਉਹਹਨਾਂ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਰੱਖਣਾ ਤੇ ਅਰਦਾਸ ਕਰਨੀ ਕਿ ਉਹ ਉਹਨਾਂ ਨੂੰ ਦੂਰ ਕਰਨ ਦੀ ਸ਼ਕਤੀ ਦੇਵੇ, ਇਸ ਅਰਦਾਸ ਤੋਂ ਆਪਣੇ ਯਤਨ ਉਪਜਦੇ ਹਨ । ਇਸ ਤੋਂ ਬਿਨਾਂ ਪ੍ਰਾਰਥਨਾ ਮਖੌਲ ਹੈ ਭਾਵੇਂ ਇਹ ਠੀਕ ਹੈ ਕਿ ਇਸ ਤਰ੍ਹਾਂ ਕਰ ਸਕਣਾ ਬਹੁਤ ਕਠਿਨ ਬਾਤ ਹੈ । ਆਪਣੀਆਂ ਕਮਜ਼ੋਰੀਆਂ ਨੂੰ ਜਾਨਣਾ ਨਾ ਸੌਖਾ ਹੈ ਤੇ ਨਾ ਖ਼ੁਸ਼ਗਵਾਰ । ਹਰ ਕੋਈ ਆਪਣੇ ਆਪ ਨੂੰ ਧੋਖਾ ਦਿੰਦਾ ਰਹਿੰਦਾ ਹੈ ਤੇ ਜੋ ਕੁਝ ਅਸਲ ਵਿਚ ਕੋਈ ਹੁੰਦਾ ਹੈ ਉਸ ਵਲੋਂ ਅੱਖਾਂ ਮੀਟ ਛਡਦਾ ਹੈ । ਹਜ਼ਾਰ ਢੰਗਾਂ ਨਾਲ ਆਪਣਾ ਅਸਲ ਆਪਾ ਲੁਕੋ ਛੱਡਣਾ ਹੈ । ਜੋ ਚੀਜ਼ ਸ੍ਵੈ-ਕਦਰ ਨਾਲ ਜਾਂ ਆਪਣੀ ਬਾਬਤ ਬਣਾਏ ਗਲਤ ਅੰਦਾਜ਼ੇ ਨਾਲ ਟਕਰਾਂਦੀ ਹੈ ਉਸ ਨੂੰ ਦਬਾ ਛੱਡਦਾ ਹੈ ਤੇ ਜਿਥੇ ਕੋਈ ਗੁਣ ਵੀ ਨਾ ਹੋਵੇ ਉਥੇ ਗੁਣਾਂ ਦੀ ਹੋਂਦ ਫਰਜ਼ ਕਰ ਲੈਂਦਾ ਹੈ । ਭਾਵ ਇਹ ਹੈ ਕਿ ਹਰ ਕਿਸੇ ਨੂੰ ਕੇਵਲ ਆਪਣੇ ਗੁਣ ਦਿਸਦੇ ਹਨ ਸਗੋਂ ਅਵਗੁਣ ਵੀ ਗੁਣ ਸਮਝ ਲਏ ਜਾਂਦੇ ਹਨ । ਇਸ ਹਾਲਤ ਵਿਚ ਕੋਈ ਰੱਬ ਦੇ ਸਾਹਮਣੇ ਕੀ ਅਰਦਾਸ ਕਰ ਸਕਦਾ ਹੈ ? ਸੱਚੀ ਅਰਦਾਸ ਕਰਦਿਆਂ ਤਾਂ ਸਗੋਂ ਉਸ ਦੇ ਸਾਹਮਣੇ ਨੰਗੇ ਹੋ ਖੜੋਨਾ ਪੈਂਦਾ ਹੈ ਪਰ ਇਹ ਗੱਲ ਸ੍ਵੈ-ਮਾਨ ਤੇ ਹਉਮੈਂ ਲਈ ਇਕ ਭਾਰੀ ਸੱਟ ਹੁੰਦੀ ਹੈ। ਸੋ ਪਹਿਲੀ ਲੋੜ ਹੈ ਕਿ ਹਰ ਕੋਈ ਆਪਣੇ ਆਪ ਨੂੰ ਸਹੀ ਤਰ੍ਹਾਂ ਵੇਖਣ ਦਾ ਆਦੀ ਬਣਾਏ ; ਕਿਉਂਕਿ ਆਤਮਕ ਤਰੱਕੀ ਲਈ ਇਹੋ ਮੁੱਢਲੀ ਸ਼ਰਤ ਹੈ। ਇਸ ਤੋਂ ਅੱਗੇ ਕੰਮ ਹੋਰ ਵੀ ਮੁਸ਼ਕਿਲ ਹੈ, ਕਿਉਂਕਿ ਅਸਲ ਅਰਦਾਸ ਤਾਂ ਹੁੰਦੀ ਹੀ ਆਤਮਕ ਜਾਗਰਤੀ ਲਈ ਹੈ ਤੇ ਉਸ ਲਈ ਕੁਝ ਕੀਮਤ ਦੇਣੀ ਪੈਂਦੀ ਹੈ ਤੇ ਮਿਹਨਤ ਕਰਨੀ ਪੈਂਦੀ ਹੈ । ਤਿਆਗ ਤੇ ਕੁਰਬਾਨੀ ਦਾ ਰਾਹ ਫੜਨਾ ਪੈਂਦਾ ਹੈ । ਜਿਸ ਦੁਨੀਆਂ ਵਿਚ ਮਾਇਆ ਦੀ ਪੂਜਾ ਹੋ ਰਹੀ ਹੋਵੇ,



ਉਸ ਵਿਚ ਰੱਬ ਦਾ ਹੋ ਕੇ ਰਹਿਣਾ ਆਸਾਨ ਨਹੀਂ । ਜੇ ਅਰਦਾਸ ਕਰਦਿਆਂ ਹੋਇਆਂ ਕੋਈ ਇਹ ਕਹਿੰਦਾ ਹੈ “ਦੇਹੁ ਸਿਵਾ ਬਰ ਮੁਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋਂ ।” ਤੇ ਜੇ ਇਸ ਅਰਦਾਸ ਵਿਚ ਸੱਚ ਮੁੱਚ ਈਮਾਨਦਾਰੀ ਹੈ ਤਾਂ ਉਸ ਨੂੰ ਸੱਚ ਤੇ ਧਰਮ ਲਈ ਲੜਨ ਦੀ ਤਿਆਰੀ ਕਰਨੀ ਪੈਂਦੀ ਹੈ। ਬਾਹਰ ਦੁਨੀਆਂਦਾਰਾਂ ਦੀਆਂ ਪਾਈਆਂ ਰੋਕਾਂ ਕਟਣੀਆਂ ਹੁੰਦੀਆਂ ਹਨ ਤੇ ਅੰਦਰ ਕਾਮ, ਕ੍ਰੋਧ ਆਦਿਕ ਨਾਲ ਘੁਲਣਾ ਪੈਂਦਾ ਹੈ । ਸੱਚੀ ਅਰਦਾਸ ਦੇ ਇਹੋ ਲੱਛਣ ਹੁੰਦੇ ਹਨ । ਉਥੇ ਸਭ ਦੁਨਿਆਵੀ ਮੰਗਾਂ ਪਿਛੇ ਰਹਿ ਜਾਂਦੀਆਂ ਹਨ । ਜੋ ਕੁਝ ਉਸ ਹਰੀ ਵੱਲੋਂ ਹੁੰਦਾ ਹੈ ਓਸੇ ਨੂੰ ਠੀਕ ਮੰਨ ਲਿਆ ਜਾਂਦਾ ਹੈ । ਉਸ ਨਾਲ ਇਕ ਸੁਰ ਹੋਣ ਦਾ ਸਹੀ ਅਰਥ ਹੀ ਇਹ ਹੈ ਕਿ ਉਸ ਦੀ ਰਜ਼ਾ ਪਿਆਰੀ ਲੱਗੇ:

**“ਜੇ ਦਰਿ ਮਾਗਤੁ ਕੂਕ ਕਰੇ ਮਹਲੀ ਖਸਮੁ ਸੁਣੇ ॥**
**ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ ॥”**

(ਆਸਾ ਮਹਲਾ ੧) ਅੰਗ ੩੪੯

ਅਰਥਾਤ “ਦਰ ਆਏ ਮੰਗਤੇ ਨੂੰ ਭਾਵੇ ਮਾਲਕ ਦਿਲਾਸਾ ਦੇਵੇ ਤੇ ਭਾਵੇ ਧੱਕੇ ਇਹ ਦੋਵੇਂ ਗੱਲਾਂ ਉਸ ਦੀ ਹੀ ਵਡਿਆਈ ਹਨ ।”

ਆਮ ਦੁਨਿਆਵੀ ਪੱਧਰ ਤੇ ਖੜਿਆਂ ਇਹ ਗੱਲ ਸਮਝ ਵਿਚ ਆਉਣ ਵਾਲੀ ਨਹੀਂ ਕਿ ਧੱਕੇ ਤੇ ਦਿਲਾਸਾ ਦੋਵੇਂ, ਉਸ ਦੀ ਇਕੋ ਜਿਹੀ ਮੇਹਰ ਕਿਵੇਂ ਹਨ । ਜੋ ਮਨੁੱਖ ਆਪਣੇ ਆਪ ਨੂੰ ਉਸ ਦੇ ਹੁਕਮ ਨਾਲ ਇਕਸੁਰ ਕਰ ਲੈਂਦਾ ਹੈ ਕੇਵਲ ਉਸ ਨੂੰ ਇਹ ਸਮਝ ਪੈਂਦੀ ਹੈ ਕਿ ਉਸ ਦੀ ਬੇਅੰਤ ਖੇਡ ਵਿਚ ਧੱਕਿਆਂ ਦੀ ਆਪਣੀ ਥਾਂ ਹੈ, ਜਿਥੇ ਦੁੱਖ ਦਾਰੂ ਹੋ ਜਾਂਦਾ ਹੈ ਤੇ ਸੁਖ ਰੋਗ । ਫਿਰ ਦੁੱਖ ਤੇ ਸੁੱਖ, ਚੰਗਿਆਈ ਤੇ ਬੁਰਾਈ ਸਾਰੇ ਮਾਪ ਬਦਲ ਜਾਂਦੇ ਹਨ । ਰੱਬ ਦੀ ਦੁਨੀਆਂ ਦੀ ਸਾਰੀ ਤਸਵੀਰ ਨੂੰ ਇਨਸਾਨ ਦੀ ਮਹਿਦੂਦ ਨਜ਼ਰ ਵੇਖ ਨਹੀਂ ਸਕਦੀ । ਉਹ ਆਪਣੀ ਛੋਟੀ ਤੇ ਮਹਿਦੂਦ ਸਮਝ ਅਨੁਸਾਰ ਸਾਰੀ ਕੁਦਰਤ ਨੂੰ ਆਪਣੀ ਖ਼ੁਦਗਰਜ਼ੀ ਦੇ ਅਧੀਨ ਰੱਖ ਕੇ ਚਲਾਣਾ ਚਾਹੁੰਦਾ ਹੈ ਤੇ ਜਦੋਂ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਇਸ ਨੂੰ ਬੁਰਾਈ ਸਮਝ ਲੈਂਦਾ ਹੈ ।

ਇਸ ਮਨੁੱਖੀ ਕਮਜ਼ੋਰੀ ਨੂੰ ਵੇਖ ਕੇ ਹੀ ਕਿਸੇ ਵਿਚਾਰਵਾਨ ਨੇ ਕਿਹਾ ਹੈ :

“No living creature is more to be pitied than the

one who thinks that his personal pains and problems constitute the centre of the cosmos."

ਅਰਥਾਤ "ਉਸ ਪੁਰਸ਼ ਤੋਂ ਵੱਧ ਤਰਸ ਦਾ ਮੁਥਾਜ ਹੋਰ ਕੋਈ ਨਹੀਂ ਹੋ ਸਕਦਾ ਜੋ ਇਹ ਸਮਝਦਾ ਹੈ ਕਿ ਉਸ ਦੇ ਦੁੱਖ ਸੁੱਖ ਤੇ ਉਸ ਦੀਆਂ ਸਮੱਸਿਆਵਾਂ ਹੀ ਸਾਰੇ ਬ੍ਰਹਿਮੰਡ ਦਾ ਕੇਂਦਰ ਹਨ ।"

ਇਹ ਉਸੇ ਤਰ੍ਹਾਂ ਹੈ ਜਿਵੇਂ ਇਕ ਹਵਾ ਵਿਚ ਸੁਟੇ ਰੋੜੇ ਦਾ ਇਕ ਖ਼ਿਆਲ ਹੋਵੇ ਕਿ ਉਹ ਆਪਣਾ ਰਸਤਾ ਆਪ ਬਣਾ ਰਿਹਾ ਹੈ ਤੇ ਜਿਥੇ ਚਾਹੇ ਡਿਗ ਸਕਦਾ ਹੈ । ਪਰ ਅਸਲ ਗੱਲ ਇਹ ਹੈ ਕਿ ਉਸ ਪ੍ਰਮਾਤਮਾ ਦਾ ਅਟਮ ਹੁਕਮ ਹਰ ਥਾਂ ਕੁਦਰਤ ਦੇ ਅਟਲ ਨੇਮਾਂ ਅਨੁਸਾਰ ਵਰਤ ਰਿਹਾ ਹੈ ਤੇ ਇਸ ਹੁਕਮ ਨੂੰ ਬੁਝਣਾ ਹੀ ਜ਼ਿੰਦਗੀ ਦਾ ਮਨੋਰਥ ਹੈ । ਇਸ ਲਈ ਗੁਰੂ ਸਾਹਿਬ ਕਹਿੰਦੇ ਹਨ ਕਿ ਸਭ ਦੁਨੀਆਂ ਹਉਮੈਂ ਦੀਆਂ ਚਾਰ-ਦੀਵਾਰਾਂ ਵਿਚ ਬੰਦ (ਕੈਦ) ਵਿਚ ਹੈ ਤੇ ਇਸ ਬੰਦੀ ਤੋਂ ਛੁਟਕਾਰਾ ਭਾਣੇ ਵਿਚ (ਹੁਕਮ ਵਿਚ) ਆਇਆਂ ਹੀ ਹੁੰਦਾ ਹੈ। ਜੋ ਪੁਰਸ਼ ਇਸ ਦੇ ਉਲਟ ਕਹਿੰਦਾ ਹੈ ਜਾਂ ਚਲਦਾ ਹੈ, ਉਹ ਮੂਰਖ ਹੈ ਤੇ ਉਸ ਨੂੰ ਇਸ ਦੀ ਸਜ਼ਾ ਭੁਗਤਨੀ ਪੈਂਦੀ ਹੈ।ਜਿਵੇਂ ਅਸੀਂ ਪਿੱਛੇ ਵਿਚਾਰਿਆ ਹੈ ਉਹ ਪ੍ਰਮਾਤਮਾ ਆਪੇ ਸਭ ਦੀਆਂ ਲੋੜਾਂ ਜਾਣਦਾ ਹੈ ਤੇ ਆਪੇ ਉਹਨਾਂ ਅਨੁਸਾਰ ਦਾਤ ਕਰਦਾ ਹੈ । ਜੇ ਕੋਈ ਸਮਝੇ ਕਿ ਉਸ ਦੀ ਅਰਦਾਸ ਸੁਣੀ ਨਹੀਂ ਗਈ ਤਾਂ ਐਨ ਉਸ ਵੇਲੇ ਉਸ ਨੂੰ ਇਸ ਗੱਲ ਦੀ ਲੋੜ ਹੁੰਦੀ ਹੈ ਕਿ ਉਹ ਅੰਦਰ ਝਾਤ ਮਾਰ ਕੇ ਪਤਾ ਕਰੇ ਕਿ ਉਸ ਦੇ ਆਪਣੇ ਆਪ ਵਿਚ ਕੀ ਕਸਰ ਹੈ । ਉਸ ਨੂੰ ਆਪ ਕਈ ਵਾਰ ਪਤਾ ਹੀ ਨਹੀਂ ਹੁੰਦਾ ਕਿ ਉਸ ਲਈ ਕਿਹੜੀ ਚੀਜ਼ ਲਾਭਦਾਇਕ ਹੈ ਤੇ ਕੀ ਹਾਨੀਕਾਰਕ ਹੈ । ਜਿਵੇਂ ਮਾਂ ਨੂੰ ਪੁੱਤ ਪਿਆਰਾ ਹੁੰਦਾ ਹੈ ਪਰ ਫਿਰ ਵੀ ਕਈ ਵਾਰ ਉਸ ਨੂੰ ਮਾਰਦੀ ਝਿੜਕਦੀ ਹੈ ਤੇ ਇਹ ਮਾਰ ਝਿੜਕ ਉਸ ਦੇ ਪਿਆਰ ਭਰੇ ਹਿਰਦੇ ਵਿਚੋਂ ਹੀ ਨਿਕਲਦੀ ਹੈ ਤੇ ਬੱਚੇ ਦੇ ਭਲੇ ਹਿੱਤ ਹੁੰਦੀ ਹੈ ; ਤਿਵੇਂ ਸਭ ਦੁਨੀਆਂ ਦਾ ਪਿਤਾ, ਵਾਹਿਗੁਰੂ ਸਭ ਨੂੰ ਪਿਆਰਦਾ ਹੈ ਤੇ ਆਪਣੀ ਕੁਦਰਤ ਦੇ ਕਾਨੂੰਨਾਂ ਦੀ ਵਰਤੋਂ ਸਭ ਦੇ ਭਲੇ ਲਈ ਕਰਦਾ ਹੈ । ਸੱਚੀ ਅਰਦਾਸ ਇਸ ਤਰ੍ਹਾਂ ਦੀ ਨਜ਼ਰ ਬਣਾਂਦੀ ਹੈ ।



# ਸਹਿਜ

"ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥"

(ਸਿਰੀ ਰਾਗ ਮਹਲਾ ੩) ਅੰਗ ੬੮

ਅਰਥਾਤ "ਸਹਿਜ ਤੋਂ ਬਿਨਾਂ ਜੀਵਨ ਸਾਰਾ ਅੰਧੇਰਾ ਹੈ, ਮੋਹ ਮਾਇਆ ਦਾ ਅੰਨ੍ਹਾ ਪਸਾਰਾ ਹੋ ਕੇ ਰਹਿ ਜਾਂਦਾ ਹੈ ।"

**"ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾ ਤਨਿ ਉਠਿ ਖਲੋਏ ਰੋਗ ॥ ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ਤਾ ਕੈ ਪਾਛੈ ਕੋਇ ਨ ਖਾਇ ॥ ੩॥ ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥" (ਮਲਾਰ ਮਹਲਾ ੧) ਅੰਗ ੧੨੫੬**

ਅਰਥਾਤ "ਇਕ ਦੁਖ ਵਿਛੋੜਾ ਹੈ, ਇਕ ਦੁਖ ਭੁਖ ਹੈ (ਏਥੇ ਮਹਾਰਾਜ ਕਈ ਤਰ੍ਹਾਂ ਦੇ ਦੁਖ ਗਿਣ ਰਹੇ ਹਨ । ਇਕ ਵੈਦ ਉਨ੍ਹਾਂ ਦੇ ਇਲਾਜ ਲਈ ਸਦਿਆ ਗਿਆ ਸੀ ਜਿਸ ਤੋਂ ਉਹ ਪੁੱਛਣਾ ਚਾਹੁੰਦੇ ਹਨ ਕਿ ਉਹ ਕੇਹੜੇ ਦੁੱਖ ਦਾ ਇਲਾਜ ਕਰ ਰਿਹਾ ਹੈ । ਇਕ ਦੁਖ ਜਮਦੂਤਾਂ ਦਾ ਹੈ ਜਿਨ੍ਹਾਂ ਨੂੰ ਸੰਸਾਰ ਬਹੁਤ ਤਾਕਤਵਰ ਮੰਨਦਾ ਹੈ । ਇਕ ਹੋਰ ਦੁੱਖ ਇਹ ਹੈ ਕਿ

ਸਰੀਰ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ । ਹੇ ਭੋਲੇ ਵੈਦ,ਤੇਰੇ ਕੀਤੇ ਇਹ ਦਾਰੂ ਲੱਗਦੇ ਹੀ ਨਹੀਂ ਹਨ(ਅਸਰ ਨਹੀਂ ਕਰਦੇ) ।(ਇਹ ਗੱਲ ਪੱਕੀ ਸਮਝ ਲੈ) ਕਿ ਤੇਰਾ ਦਾਰੂ ਲੱਗਦਾ ਹੀ ਨਹੀਂ । (ਹੇ ਭਾਈ, ਸਰੀਰ ਨੂੰ ਦੁਖ ਦਰਦ ਸਦਾ ਬਣਿਆ ਹੀ ਰਹਿੰਦਾ ਹੈ ਤੇ ਤੇਰਾ ਹਰ ਦਾਰੂ ਧਰਿਆ ਧਰਾਇਆ ਰਹਿ ਜਾਂਦਾ ਹੈ । (ਪਰ ਦੁਖ ਕਿਉਂ ਲੱਗਦੇ ਹਨ ? ਇਸ ਦਾ ਅੱਗੇ ਉੱਤਰ ਹੈ ।) ਜੀਵ ਆਪਣੇ ਮਾਲਕ ਨੂੰ ਵਿਸਾਰ ਕੇ ਫੋਕੇ ਰਸਾਂ ਦੇ ਭੋਗਾਂ ਵਿਚ ਲੱਗੇ ਰਹਿੰਦੇ ਹਨ, ਤਾਂ ਹੀ ਤਨ ਵਿਚ ਰੋਗ ਉਠ ਖੜੋਂਦੇ ਹਨ ਤੇ ਅਗਿਆਨੀ ਮਨ ਨੂੰ ਇਸ ਦੀ ਸਜ਼ਾ ਭੋਗਣੀ ਪੈਂਦੀ ਹੈ । ਹੇ ਭੋਲੇ ਵੈਦ, ਤੇਰਾ ਦਾਰੂ ਲੱਗ ਹੀ ਨਹੀਂ ਸਕਦਾ (ਕਿਉਂਕਿ ਤੇਰੀ ਸਾਰੀ ਸੋਚਣੀ ਹੀ ਗ਼ਲਤ ਹੈ) । ਚੰਦਨ ਦਾ ਫਲ ਚੰਦਨ ਦੀ ਵਾਸ਼ਨਾ ਹੈ, ਤਿਵੇਂ ਮਨੁੱਖ ਵੀ ਓਨਾ ਚਿਰ ਫਲਦਾ ਹੈ ਜਿੰਨਾ ਚਿਰ ਅੰਦਰ ਸੁਆਸ ਹੁੰਦਾ ਹੈ । ਜੇ ਸੁਆਸ ਨਿਕਲ ਜਾਏ ਤਾਂ ਸਰੀਰ ਢਲ ਜਾਂਦਾ ਹੈ ਤੇ ਪਿਛੋਂ ਇਹ ਦਵਾਈਆਂ ਕੋਈ ਖਾਂਦਾ ਨਹੀਂ (ਇਸ ਲਈ, ਹੇ ਵੈਦ ਕੋਈ ਪੱਕੀ ਦਵਾਈ ਦੇਹ ਜੋ ਆਤਮਾ ਦੇ ਕੰਮ ਆਵੇ ) । ਜਿਸ ਸਰੀਰ ਅੰਦਰ ਮਾਇਆ ਰਹਿਤ ਨਾਮ ਦਾ ਤੱਤ ਹੈ ਉਹ ਸਰੀਰ ਸੋਨੇ ਤੁਲ ਹੈ ਤੇ ਉਸ ਅੰਦਰ ਵਸਦੀ ਆਤਮਾ ਪਵਿਤ੍ਰ ਹੈ । ਅਜਿਹਾ ਪੁਰਸ਼ ਸਭ ਦੁੱਖਾਂ ਰੋਗਾਂ ਨੂੰ ਮੁਕਾ ਦਿੰਦਾ ਹੈ । ਹੇ ਨਾਨਕ ! ਉਸ ਪੁਰਸ਼ ਦਾ, ਬੰਧਨਾਂ ਤੋਂ ਛੁਟਕਾਰਾ, ਸੱਚੇ ਨਾਮ ਦੁਆਰਾ ਹੀ ਹੋਇਆ ਹੈ ।

ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਵਿਚ ਸੁਖ ਦੁਖ ਦੇ ਕਾਰਨ, ਸੁਖ ਦੁਖ ਦੀ ਅਸਲੀਅਤ, ਸੁਖ ਦੁਖ ਸੰਬੰਧੀ ਸਹੀ ਅਤੇ ਗ਼ਲਤ ਕੀਮਤਾਂ ਨੂੰ ਨਿਖੇੜ ਕੇ ਵਿਖਾਇਆ ਹੈ ਤੇ ਸਦੀਵੀ ਸੁਖ ਦਾ ਰਸਤਾ ਦਸਿਆ ਹੈ । ਜਗਤ ਅੰਦਰ ਸੁਖ ਤੇ ਦੁੱਖ ਮਨੁੱਖ ਦੇ ਤਜਰਬੇ ਵਿਚ ਆਈਆਂ ਦੋ ਮਾਨਸਿਕ ਹਾਲਤਾਂ ਹਨ, ਜਿਨ੍ਹਾਂ ਵਿਚੋਂ ਉਹ ਸਦਾ ਸੁਖ ਨੂੰ ਹੀ ਗ੍ਰਹਿਣ ਕਰਨਾ ਚਾਹੁੰਦਾ ਹੈ। ਗੁਰੂ ਜੀ ਦਸਦੇ ਹਨ :

**"ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥"**

(ਸਿਰੀ ਰਾਗ ਮਹਾਲਾ ੧) ਅੰਗ ੫੭

ਅਰਥਾਤ "ਹਰ ਕੋਈ ਸੁਖ ਲੋੜਦਾ ਹੈ, ਦੁੱਖ ਕੋਈ ਵੀ ਨਹੀਂ ਲੋੜਦਾ।"

ਗੁਰੂ ਤੇਗ ਬਹਾਦਰ ਜੀ ਦੇ ਇਹ ਬਚਨ ਵੀ ਨੋਟ ਕਰੋ :



"ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥"(ਅੰਗ ੧੪੨੮)

(ਸਲੋਕ ਮਹਲਾ ੯)

ਅਰਥਾਤ "ਸਾਰੇ ਯਤਨ ਸੁਖਾਂ ਦੀ ਪ੍ਰਾਪਤੀ ਲਈ ਕੀਤੇ ਹਨ, ਦੁੱਖਾਂ ਲਈ ਇਕ ਯਤਨ ਵੀ ਨਹੀਂ ਕੀਤਾ ।"

ਸੁਖ ਇਨਸਾਨ ਨੂੰ ਇਥੋਂ ਤਕ ਪਿਆਰਾ ਹੈ ਕਿ ਉਹ ਸਦਾ ਹੀ ਸੁਖਾਂ ਦੀ ਆਸ ਲਈ ਰਖਦਾ ਹੈ ; ਸਗੋਂ ਉਹ ਇਸ ਆਸ ਵਿਚ ਹੀ ਜਿਊਂਦਾ ਹੈ ਤੇ ਜੇ ਕਦੀ ਉਸ ਨੂੰ ਸੁਖ ਵਲੋਂ ਪੱਕੀ ਨਿਰਾਸਤਾ ਹੋ ਜਾਏ ਤਾਂ ਜ਼ਿੰਦਗੀ ਭਾਰੂ ਹੋ ਜਾਂਦੀ ਹੈ ਤੇ ਆਤਮਘਾਤ ਕਰਨ ਤਕ ਚਲਾ ਜਾਂਦਾ ਹੈ । ਸੁਖ ਦੀ ਆਸ ਵਿਚ ਵੱਡੇ ਤੋਂ ਵੱਡਾ ਦੁੱਖ ਸਹਾਰ ਲੈਂਦਾ ਹੈ । ਉਸ ਦੀਆਂ ਸੁਖ ਦੀਆਂ ਘੜੀਆਂ ਤਾਂ ਝਟ ਪਟ ਲੰਘ ਜਾਂਦੀਆਂ ਹਨ, ਪਰ ਦੁਖ ਦੀ ਇਕ ਘੜੀ ਵੀ ਇਕ ਜੁਗ ਜਿੰਨਾ ਲੰਮਾ ਸਮਾਂ ਬਣ ਜਾਂਦੀ ਹੈ । ਇਹ ਆਪਣੇ ਆਪ ਵਿਚ ਕਿੱਡੀ ਹੈਰਾਨੀ ਦੀ ਗੱਲ ਹੈ ਕਿ ਮਨੁੱਖ ਸਦਾ ਸੁੱਖਾਂ ਦਾ ਗ੍ਰਹਣੀ ਤੇ ਦੁੱਖਾਂ ਦਾ ਤਿਆਗੀ ਹੈ । ਇਸ ਦਾ ਉੱਤਰ ਇਕ ਹੋ ਸਕਦਾ ਹੈ ਕਿ ਉਸ ਦਾ ਅਸਲ ਕੁਦਰਤੀ ਆਪਾ ਜੋਤ ਸਰੂਪ ਹੈ ਤੇ ਇਹ ਜੋਤ ਆਪ ਹੀ ਅਨੰਦ ਸਰੂਪ ਹੈ। ਆਤਮਾ ਉਸ ਅਨੰਦ ਸਰੂਪ ਪ੍ਰਮਾਤਮਾ ਵਿਚੋਂ ਨਿਕਲੀ ਹੈ ਤੇ ਅਨੰਦ ਵੱਲ ਹੀ ਜਾਣਾ ਚਾਹੁੰਦੀ ਹੈ । ਤਿਵੇਂ ਪਾਣੀ, ਪਾਣੀ ਨਾਲ ਮਿਲ ਕੇ ਇਕ ਰੂਪ ਤੋਂ ਸਕਦਾ ਹੈ ਜਿਵੇਂ ਆਤਮਾ ਉਸ ਅਨੰਦ ਸਰੂਪ ਪ੍ਰਮਾਤਮਾ ਦੇ ਮੇਲ ਦੁਆਰਾ ਉਸ ਨੂੰ ਇਕ ਮਿਕ ਹੋ ਕੇ ਅਨੰਦ ਸਰੂਪ ਹੋਣ ਨੂੰ ਲੋਚਦੀ ਹੈ । ਇਹੋ ਕਾਰਨ ਹੈ ਕਿ ਮਨੁੱਖ ਦੇ ਸਾਰੇ ਯਤਨ ਸੁਖ ਪ੍ਰਾਪਤ ਕਰਨ ਵਿਚ ਲੱਗਦੇ ਰਹਿੰਦੇ ਹਨ । ਇਹ ਗੱਲ ਵੱਖਰੀ ਹੈ ਕਿ ਉਸ ਦੇ ਯਤਨਾਂ ਦੇ ਬਾਵਜੂਦ ਉਸ ਨੂੰ ਸੁਖ ਮਿਲਦਾ ਨਹੀਂ, ਸਗੋਂ ਨਤੀਜਾ ਉਲਟਾ ਦੁਖ ਵਿਚ ਨਿਕਲਦਾ ਹੈ । ਇਸ ਦਾ ਕਾਰਨ ਇਹ ਹੈ ਕਿ ਸੁਖ ਦੀ ਭਾਲ, ਸੁਖ ਲਈ ਹੋਏ ਯਤਨ ਤੇ ਸੁਖ ਦਾ ਸਾਰਾ ਤਸੱਵਰ ਗ਼ਲਤ ਹੁੰਦੇ ਹਨ। ਜੀਵ ਨੂੰ ਪਤਾ ਹੀ ਨਹੀਂ ਹੁੰਦਾ ਕਿ ਅਸਲ ਸੁਖ ਕੀ ਹੈ ਤੇ ਕਿਵੇਂ ਪ੍ਰਾਪਤ ਹੁੰਦਾ ਹੈ। ਉਹ ਸਮਝਦਾ ਹੈ ਕਿ ਸੁਖ ਕੋਈ ਸਰੀਰਕ ਚੀਜ਼ ਹੈ ਤੇ ਕਿਤੋਂ ਬਾਹਰੋਂ ਆਉਣੀ ਹੈ। ਸਰੀਰਕ ਜੀਵਨ ਦਾ ਗ਼ਲਬਾ ਉਸ 'ਤੇ ਏਨਾ ਮਜ਼ਬੂਤ ਹੁੰਦਾ ਹੈ ਕਿ ਇਸੇ ਜੀਵਨ ਨੂੰ ਹੀ ਉਹ ਸਭ ਕੁਝ ਸਮਝ ਲੈਂਦਾ ਹੈ ; ਸਗੋਂ ਇਸ ਜੀਵਨ ਤੋਂ ਉਤੇ ਉਹ ਉਠ ਹੀ ਨਹੀਂ ਸਕਦਾ । ਸਰੀਰ ਨੂੰ ਚਲਦਾ ਰੱਖਣ ਲਈ ਉਸ ਨੂੰ ਖਾਣ ਪੀਣ ਦੀ ਕੁਦਰਤੀ ਲੋੜ ਤਾਂ ਸੀ ਹੀ, ਪਰ ਕਈ ਪ੍ਰਕਾਰ

ਦੇ ਪਦਾਰਥਾਂ ਨੂੰ ਜਦ ਉਸ ਨੇ ਖਾਧਾ ਤਾਂ ਉਸ ਨੂੰ ਸਵਾਦ ਆਇਆ । ਇਸ ਤੋਂ ਉਸ ਨੇ ਇਹ ਗ਼ਲਤ ਸਿੱਟਾ ਕਢਿਆ ਕਿ ਜਿੰਨਾ ਸਵਾਦੀ ਤੇ ਰਸਾਂ ਵਾਲਾ ਭੋਜਨ ਉਸ ਨੂੰ ਮਿਲੇਗਾ ਓਨਾ ਹੀ ਉਸ ਦੇ ਅਨੰਦ ਵਿਚ ਵਾਧਾ ਹੁੰਦਾ ਜਾਏਗਾ। ਇਸ ਖਿਆਲ ਨਾਲ ਬਹੁਤ ਚੰਗਾ ਚੋਖਾ ਖਾਣਾ, ਹੰਢਾਣਾ ਤੇ ਐਸ਼ੋਇਸ਼ਰਤ ਦਾ ਜੀਵਨ ਉਸ ਨੂੰ ਸੁਖੀ ਜੀਵਨ ਲਈ ਜ਼ਰੂਰੀ ਜਾਪਿਆ । ਇਸ ਤਰ੍ਹਾਂ ਉਸ ਨੂੰ ਸਰੀਰਕ ਲੋੜਾਂ ਵਧਾਉਣੀਆਂ ਪਈਆਂ, ਜਿਨ੍ਹਾਂ ਨੂੰ ਪੂਰਾ ਕਰਨ ਲਈ ਚੋਖੇ ਧਨ ਦੀ ਲੋੜ ਪਈ ਅਤੇ ਧਨ ਲਈ ਧੱਕੇ, ਫਰੇਬ, ਜ਼ੁਲਮ ਤੇ ਪਖੰਡ ਕਰਨੇ ਪਏ । ਪਰ ਇਨ੍ਹਾਂ ਸਾਰਿਆਂ ਤੋਂ ਅੰਤ ਸਿੱਟਾ ਕਸ਼ਟ ਤੇ ਬਰਬਾਦੀ ਨਿਕਲੇ। ਜਿਨ੍ਹਾਂ ਬਾਹਰਲੀਆਂ ਚੀਜ਼ਾਂ ਨੂੰ ਸੁਖ ਸਮਝ ਕੇ ਉਨਾਂ ਦੀ ਪ੍ਰਾਪਤੀ ਲਈ ਜੀਵ ਮਰਦਾ ਫਿਰਦਾ ਸੀ ਉਹਨਾਂ ਵਿਚੋਂ ਸੁਖ ਨਾ ਨਿਕਲਿਆ, ਸਗੋਂ ਸਭ ਫ਼ਰਜ਼ੀ ਸੁਖ, ਦੁਖ ਵਿਚ ਬਦਲ ਗਏ । ਭਰਥਰੀ ਹਰੀ ਜੀ ਨੂੰ ਇਸੇ ਤਰ੍ਹਾਂ ਦੇ ਹੀ ਕੌੜੇ ਤਜਰਬਿਆਂ ਤੋਂ ਗਿਆਨ ਹੋ ਗਿਆ ਸੀ ਤੇ ਉਹਨਾਂ ਜੀਵਨ ਦਾ ਇਹ ਸਿੱਟਾ ਕੱਢਿਆ ਸੀ:

"ਭੋਗ ਅਸਾਂ ਨਹੀਂ ਭੋਗੇ ਸਗੋਂ ਆਪ ਭੋਗੇ ਗਏ ਹਾਂ । ਤਪਾਂ ਨੂੰ ਅਸਾਂ ਨਹੀਂ ਤਪਿਆ ਸਗੋਂ ਆਪ ਤਾਪੇ ਗਏ ਹਾਂ । ਤ੍ਰਿਸ਼ਨਾ ਬੁੱਢੀ ਨਹੀਂ ਹੋਈ ਅਸੀਂ ਆਪ ਤਾਪੇ ਬੁੱਢੇ ਹੋਏ ਹਾਂ । ਸਮਾਂ ਨਹੀਂ ਬੀਤਿਆ ਅਸੀਂ ਆਪ ਬੀਤ ਗਏ ਹਾਂ ।"

ਸੱਚਮੁੱਚ ਪਦਾਰਥਾਂ ਦੇ ਭੋਗਦਿਆਂ ਰੋਗ ਪੈਦਾ ਹੋ ਜਾਂਦੇ ਹਨ ਤੇ ਮੁੜ ਉਹਨਾਂ ਨੂੰ ਭੋਗਣ ਦੀ ਸ਼ਕਤੀ ਹੀ ਨਸ਼ਟ ਹੋ ਜਾਂਦੀ ਹੈ ਤੇ ਸਭ ਰਸ ਫੋਕੇ ਤੇ ਬੇ ਰਸੇ ਹੋ ਕੇ ਰਹਿ ਜਾਂਦੇ ਹਨ । ਮਹਾਰਾਜ ਜਦ ਜਗਤ ਵੱਲ ਨਜ਼ਰ ਮਾਰਦੇ ਸਨ ਤਾਂ ਸਭ ਪਾਸੇ ਉਹਨਾਂ ਨੂੰ ਦੁਖ ਕਸ਼ਟ ਹੀ ਦਿਸਦਾ ਸੀ ਤੇ ਉਹ ਕਹਿੰਦੇ ਸਨ :

"ਨਾਨਕ ਦੁਖੀਆ ਸਭੁ ਸੰਸਾਰੁ ॥"

(ਵਾਰ ਰਾਮਕਲੀ ਮਹਲਾ ੧) ਅੰਗ ੯੫੪

ਦੁਨੀਆਂ ਦੀ ਇਹ ਹਾਲਤ ਵੇਖ, ਉਹਨਾਂ ਦਾ ਦਿਲ ਤਰਸ ਨਾਲ ਭਰ ਜਾਂਦਾ ਸੀ । ਇਸ ਤੋਂ ਵੱਧ ਉਹਨਾਂ ਨੂੰ ਇਸ ਗੱਲ ਦਾ ਦੁੱਖ ਵਧੇਰਾ ਸੀ ਕਿ ਸੁਖਾਂ ਦੇ ਖ਼ਜ਼ਾਨੇ ਅੰਦਰ ਹੁੰਦਿਆਂ ਹੋਇਆਂ, ਇਨਸਾਨ ਨਾ ਸਿਰਫ਼ ਦੁਖੀ ਹੈ ਸਗੋਂ ਸਮਝਣ ਲਗ ਪਿਆ ਹੈ ਕਿ ਦੁੱਖ ਤੇ ਬੀਮਾਰੀ ਜਹਾਲਤ ਤੇ ਗ਼ਰੀਬੀ,



ਸਭ ਉਸ ਦੇ ਭਾਗਾਂ ਵਿਚ ਅਵੱਸ਼ ਹਨ ਜੋ ਟਲ ਨਹੀਂ ਸਕਦੇ, ਕਿਉਂਕਿ ਇਹ ਕਿਸੇ ਬਾਹਰਲੀ ਸ਼ਕਤੀ ਵਲੋਂ ਉਸ ਦੇ ਭਾਗਾਂ ਜਾਂ ਵਿਰਸੇ ਵਿਚ ਰੱਖ ਦਿੱਤੇ ਗਏ ਹਨ ਤੇ ਇਹਨਾਂ ਨੂੰ ਸਹਿਣ ਕਰਨ ਤੋਂ ਛੁਟ ਹੋਰ ਕੋਈ ਚਾਰਾ ਨਹੀਂ। ਭਾਵ ਇਹ ਹੈ ਕਿ ਜੀਵ ਨੇ ਇਹਨਾਂ ਦੁਖਾਂ ਦੇ ਕਾਰਨਾਂ ਨੂੰ ਕਿਸੇ ਫਰਜ਼ੀ ਕਿਸਮਤ ਜਾਂ ਮੰਦੇ ਭਾਗਾਂ ਨਾਲ ਜੋੜਨ ਦਾ ਯਤਨ ਕੀਤਾ । ਕਈਆਂ ਨੇ ਦੁੱਖਾਂ ਤੋਂ ਬਚਣ ਲਈ ਜਗਤ ਨੂੰ ਤਿਆਗਣ ਦੇ ਪ੍ਰੋਗਰਾਮ ਵੀ ਬਣਾਏ, ਪਰ ਉਹਨਾਂ ਨੂੰ ਅਸਲ ਸ਼ਾਂਤੀ ਤੇ ਸੁਖ ਫਿਰ ਵੀ ਪ੍ਰਾਪਤ ਨਾ ਹੋਏ, ਇਸ ਦੇ ਉਲਟ, ਕਦੇ ਕਦੇ ਇਹੋ ਜਿਹੇ ਤਜਰਬੇ ਕਰਨ ਵਾਲੇ ਵੀ ਪੈਦਾ ਹੋਏ, ਜਿਨ੍ਹਾਂ ਨੇ ਪਦਾਰਥਾਂ ਨੂੰ ਲੱਤ ਮਾਰੀ, ਰੋੜਾਂ 'ਤੇ ਵਿਛਾਈ ਕਰਕੇ ਵੱਡਾ ਅਨੰਦ ਅਨੁਭਵ ਕੀਤਾ, ਤਤੇ ਤਵਿਆਂ 'ਤੇ ਚੌਕੜੀ ਮਾਰ ਕੇ ਮੌਤ ਨੂੰ ਮਖੌਲ ਕੀਤਾ, ਗਰਮ ਰੇਤੇ ਸਿਰਾਂ 'ਤੇ ਪਵਾਏ, ਆਪਣਾ ਸਰਬੰਸ ਤੇ ਘਰ ਬਾਹਰ ਬਰਬਾਦ ਕਰਵਾ ਕੇ ਖ਼ੁਸੀ ਦੀ ਕਿਸੇ ਅਸਚਰਜ ਝੂਮ ਵਿਚ ਇਉਂ ਗੀਤ ਗਾਏ :

**"ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਣਾ ।"** ਇਸ ਤਰ੍ਹਾਂ ਦੇ ਅਨੋਖੇ ਤਜਰਬਿਆਂ ਨਾਲ ਉਹਨਾਂ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਕਿ ਕਿਵੇਂ, ਜੇ ਕੋਈ ਚਾਹੇ ਤਾਂ ਇਸ ਸਰੀਰਕ ਜੀਵਨ ਤੇ ਤਿੰਨ ਗੁਣੀ ਮਾਇਆ ਤੋਂ ਉਤਾਂਹ ਉਠ ਸਕਦਾ ਹੈ ਤੇ ਆਤਮ ਮੰਡਲ ਵਿਚ ਪੁਜ ਕੇ ਵਿਰੋਧੀ ਹਾਲਤ ਵਿਚ ਵੀ ਆਤਮਕ ਜੀਵਨ ਦੇ ਅਤੁੱਟ ਅਨੰਦ ਪ੍ਰਾਪਤ ਕਰ ਸਕਦਾ ਹੈ, ਜਿਥੇ ਪੁਜ ਕੇ ਸਭ ਸਰੀਰਕ ਸਵਾਦ ਤੇ ਖਿਚਾਂ ਪਿਛੇ ਰਹਿ ਜਾਂਦੀਆਂ ਹਨ ।

ਇਸ ਉਤਲੀ ਵਿਚਾਰ ਦਾ ਸਾਫ ਭਾਵ ਇਹ ਹੈ ਕਿ ਦੁਖ ਸੰਬੰਧੀ ਕੀਮਤਾਂ ਵਿਚ ਫਰਕ ਹੁੰਦਾ ਹੈ । ਹਉਮੈਂ ਮਾਇਆ ਤੇ ਬੇਸਮਝੀ ਦੇ ਮੰਡਲ ਵਿਚ ਦੁਖ ਸੁਖ ਦਾ ਮੂਲ ਹੋਰ ਹੈ ਤੇ ਆਤਮਾ ਮੰਡਲ ਵਿਚ ਹੋਰ । ਇਕ ਨਜ਼ਰ ਵਿਚ ਮਾਇਕੀ ਪਦਾਰਥ, ਉਹਨਾਂ ਦੇ ਭੋਗ, ਧਨ, ਦੌਲਤ, ਇੱਜ਼ਤ, ਮਾਣ ਤੇ ਰਸੂਖ ਆਦਿਕ ਹੀ ਜੀਵਣ ਦਾ ਮਨੋਰਥ ਹਨ ਤੇ ਦੂਜੀ ਨਜ਼ਰ ਵਿਚ ਇਹਨਾਂ ਦੇ ਤਿਆਗ ਵਿਚ ਹੀ ਕਲਿਆਨ ਹੈ । ਇਸ ਨਜ਼ਰ ਦੀ ਦ੍ਰਿਸ਼ਟੀ ਇਉਂ ਹੈ:

"ਮਾਈ ਮਾਇਆ ਛਲੁ ॥" (ਟੋਡੀ ਮਹਲਾ ੫)

*ਅੰਗ ੭੨੭*

ਅਰਥਾਤ "ਹੇ ਮਾਈ, ਇਹ ਮਾਇਆ ਤਾਂ ਨਿਰਾ ਧੋਖਾ ਹੈ ।" ਸੋ, ਇਕ ਦ੍ਰਿਸ਼ਟੀ ਐਸੀ ਹੈ ਕਿ ਇਨਸਾਨ ਆਪ ਸੁਖ ਲੈਣ ਲਈ ਦੌੜਦਾ

ਫਿਰਦਾ ਹੈ ਤੇ ਦੂਜੀ ਐਸੀ ਹੈ ਜਿਸ ਵਿਚ ਉਹ ਹੋਰਨਾਂ ਨੂੰ ਸੁਖ ਦੇ ਕੇ ਆਪਣੀ ਕਲਿਆਨ ਸਮਝਦਾ ਹੈ । ਨਿਰਸੰਦੇਹ ਇਹਨਾਂ ਦੋਹਾਂ ਦੇ ਰਾਹ ਇਕ ਦੂਜੇ ਤੋਂ ਉਲਟ ਹਨ। ਕੈਂਟ (Kant) ਨੂੰ ਠੀਕ ਝਾਉਲਾ ਪਿਆ ਸੀ ਜਦ ਉਹਨਾਂ ਇਉਂ ਕਿਹਾ ਸੀ:

"Morality is not the doctrine how we make ourselves happy but how we make ourselves worthy of happiness."

ਅਰਥਾਤ "ਸਦਾਚਾਰ ਦਾ ਸਿਧਾਂਤ ਇਹ ਨਹੀਂ ਕਿ ਅਸੀਂ ਆਪਣੇ ਆਪ ਨੂੰ ਕਿਸ ਤਰ੍ਹਾਂ ਸੁਖੀ ਬਣਾ ਲਈਏ, ਸਗੋਂ ਇਹ ਹੈ ਕਿ ਅਸੀਂ ਆਪ ਕਿਵੇਂ ਸਦੀਵੀ ਸੁਖ ਦੇ ਯੋਗ ਬਣੀਏ ।"

ਅੱਗੇ ਜਾ ਕੇ ਉਨ੍ਹਾਂ ਫਿਰ ਕਿਹਾ "Let us seek happiness in others but for ourselves perfection wheter it brings us happiness or pain."

ਭਾਵ "ਸਾਨੂੰ ਦੂਜਿਆਂ ਲਈ ਸੁਖ ਭਾਲਣਾ ਚਾਹੀਦਾ ਹੈ ਪਰ ਆਪਣੇ ਲਈ ਪੂਰਣਤਾ ਜਿਸ ਵਿਚੋਂ ਭਾਵੇਂ ਸੁਖ ਤੇ ਭਾਵੇਂ ਦੁਖ ਨਿਕਲੇ ।"

ਸਪਸ਼ਟ ਹੈ ਕਿ ਸੁਖ ਤੇ ਦੁਖ ਸੰਬੰਧੀ ਕੀਮਤਾਂ ਵਿਚ ਫਰਕ ਹੋ ਜਾਂਦੇ ਹਨ । ਜਗਤ ਦੇ ਬਾਜ਼ਾਰ ਵਿਚ ਦੁਨੀਆਂਦਾਰ ਉਹ ਚੀਜ਼ਾਂ ਗ੍ਰਹਿਣ ਕਰਨਾ ਚਾਹੁੰਦਾ ਹੈ ਜੋ ਉਸ ਦੀਆਂ ਵੈਰੀ ਹਨ, ਤਾਂ ਹੀ ਗੁਰੂ ਅਰਜਨ ਦੇਵ ਕਹਿੰਦੇ ਹਨ :

"ਬਿਖੈ ਬਨੁ ਫੀਕਾ ਤਿਆਗ ਰੀ ਸਖੀਏ ਨਾਮੁ ਮਹਾ ਰਸੁ ਪੀਓ ॥"

(ਬਿਲਾਵਲ ਮਹਲਾ ੫) ਅੰਗ ੮੦੨

ਅਰਥਾਤ "ਹੇ ਸਖੀ ਸਹੇਲੀ, ਵਿਸ਼ਿਆਂ ਰੂਪ ਫਿਕੇ ਪਾਣੀ ਦਾ ਤਿਆਗ ਕਰੋ ਅਤੇ ਨਾਮ ਰੂਪ ਮਹਾਂ ਰਸ ਪੀਵੋ ।"

ਪਰ ਅਗਿਆਨਤਾ ਦੇ ਕਾਰਨ ਮਨੁੱਖ ਅੰਨ੍ਹੇ, ਬੋਲੇ ਤੇ ਗੂੰਗੇ ਹੋਏ ਪਏ ਹਨ ਤੇ ਭੰਬਲਭੂਸੇ ਖਾ ਰਹੇ ਹਨ । ਮਾਯੂਸ ਹੋ ਕੇ ਉਹ ਰੱਬ ਜਾਂ ਧਰਮ ਦਾ ਸਹਾਰਾ ਵੀ ਲੈਂਦੇ ਹਨ, ਪਰ ਕੀਮਤਾਂ ਗ਼ਲਤ ਹੋਣ ਕਰਕੇ ਉਨ੍ਹਾਂ ਦੇ ਦੁਖ ਘਟਣ ਦੀ ਥਾਂ ਉਹਨਾਂ ਦੁੱਖਾਂ ਵਿਚ ਦਿਨੋ ਦਿਨ ਵਾਧਾ ਹੁੰਦਾ ਜਾਂਦਾ ਹੈ ।



ਇਹੋ ਕਾਰਨ ਹੈ ਕਿ ਧਰਮ ਵਰਗੀ ਉਤਮ ਵਸਤੂ ਕਮਜ਼ੋਰਾਂ ਤੇ ਕਾਇਰਾਂ ਦਾ ਖਿਡੌਣਾ ਬਣ ਕੇ ਰਹਿ ਗਈ ਹੈ ਤੇ ਇਕ ਨਿਰਜ਼ਿੰਦ ਜਿਹੀ ਚੀਜ਼ ਹੋ ਗਈ ਹੈ। ਧਰਮ ਸੰਬੰਧੀ ਕੀਮਤਾਂ ਹੀ, ਜਿਵੇਂ ਅਸਾਂ 'ਧਰਮ ਕੀ ਹੈ ?' ਦੇ ਲੇਖ ਵਿਚ ਵਿਚਾਰਿਆ ਹੈ, ਉਲਟ ਪੁਲਟ ਹੋ ਗਈਆਂ ਹਨ ਅਤੇ ਨਕਲੀ ਤੇ ਅਸਲੀ ਧਰਮ ਦੀਆਂ ਕੀਮਤਾਂ ਵਿਚ ਜ਼ਮੀਨ ਅਸਮਾਨ ਦੇ ਫ਼ਰਕ ਹੋ ਗਏ ਹਨ । ਇਹੋ ਜਿਹਾ ਧਰਮ ਪ੍ਰਫੁੱਲਤ ਕਿਵੇਂ ਹੋ ਸਕਦਾ ਹੈ ਤੇ ਕਿਸੇ ਵਿਚ ਜਾਨ ਕਿਵੇਂ ਪਾ ਸਕਦਾ ਹੈ ? ਇਹ ਤਾਂ ਸਗੋਂ ਆਤਮਕ ਤੇ ਇਖ਼ਲਾਕੀ ਤੌਰ 'ਤੇ ਦੀਵਾਲੀਆ ਕਰਕੇ ਰਖ ਦਿੰਦਾ ਹੈ । ਇਹ ਗ਼ਲਤ ਤਾਲੀਮ ਦਾ ਅਸਰ ਸਰੀਰਕ ਜੀਵਨ 'ਤੇ ਵੀ ਅਵੱਸ਼ ਪੈਂਦਾ ਹੈ ਤੇ ਇਹ 'ਧਰਮ ਮਨੁੱਖ', ਰੋਗੀ ਤੇ ਬੁਜ਼ਦਿਲ ਹੁੰਦਾ ਜਾਂਦਾ ਹੈ । ਮੁਕਦੀ ਗੱਲ ਇਹ ਹੈ ਕਿ ਧਰਮ ਦੀਆਂ ਸਹੀ ਕੀਮਤਾਂ ਵਲੋਂ ਅੱਖਾਂ ਬੰਦ ਕੀਤਿਆਂ ਕੋਈ ਵੀ ਸਹੀ ਜੀਵਨ ਜਾਚ ਸਿਖ ਨਹੀਂ ਸਕਦਾ ਤੇ ਇਸ ਵਿਚੋਂ ਸੁਖ ਕੱਢ ਨਹੀਂ ਸਕਦਾ ।

ਮਹਾਰਾਜ ਨੇ ਅਰੰਭ ਵਿਚ ਆਏ ਸ਼ਬਦ ਦੁਆਰਾ ਬੜੀਆਂ ਭੇਦ-ਭਰੀਆਂ ਗੱਲਾਂ ਦੱਸੀਆਂ ਹਨ । ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਨੇ ਗੁਰੂ ਜੀ ਨੂੰ ਕਈ ਦਿਨ ਆਪਣੇ ਕਿਸੇ ਰੱਬੀ ਰੰਗ ਵਿਚ ਮਸਤ ਵੇਖਿਆ ਸੀ, ਪਰ ਇਸ ਰੰਗ ਨੂੰ ਉਹ ਸਮਝ ਨਹੀਂ ਸਕੇ ਸਨ । ਉਹਨਾਂ ਨੂੰ ਫ਼ਿਕਰ ਹੋਇਆ ਕਿ ਇਸ ਮਸਤੀ ਦਾ ਕਾਰਨ ਕੀ ਹੋ ਸਕਦਾ ਹੈ । ਮਹਾਰਾਜ ਤਾਂ ਉਸ ਸਮੇਂ ਪ੍ਰਮਾਤਮਾ ਦੀ ਡੂੰਘੀ ਤੇ ਲਗਾਤਾਰ ਲਿਵ ਵਿਚ ਹੁੰਦੇ ਸਨ ਤੇ ਬੋਲਦੇ, ਚਲਦੇ ਵੀ ਘੱਟ ਸਨ । ਪਰ ਮਾਤਾ ਪਿਤਾ ਨੂੰ ਇਸ ਰਮਜ਼ ਦਾ ਪਤਾ ਨਹੀਂ ਸੀ । ਉਹਨਾਂ ਨੂੰ ਕੇਵਲ ਇਹ ਦਿਸਦਾ ਸੀ ਕਿ ਕਿਸੇ ਗੈਬੀ ਤਾਕਤ ਦਾ ਉਹਨਾਂ 'ਤੇ ਕਬਜ਼ਾ ਹੈ ਜਿਸ ਦੇ ਅਧੀਨ ਹੋ ਕੇ ਉਹ ਸੋਚਦੇ, ਤੁਰਦੇ, ਫਿਰਦੇ ਗੱਲਬਾਤ ਕਰਦੇ ਜਾਂ ਕੰਮ ਕਾਜ ਵਿਚ ਲਗਦੇ ਸਨ । ਉਹਨਾਂ ਦਾ ਆਪਣਾ ਆਪ ਕਿਸੇ ਨੂੰ ਵੀ ਨਾਰਮਲ ਹਾਲਤ ਵਿਚ ਨਹੀਂ ਦਿਸਦਾ ਸੀ । ਆਂਢੀਆਂ ਗੁਆਂਢੀਆਂ ਵੀ ਇਹੋ ਮਸ਼ਵਰਾ ਦਿਤਾ ਕਿ ਕਿਸੇ ਸਿਆਣੇ ਵੈਦ ਨੂੰ ਵਖਾਣਾ ਚਾਹੀਦਾ ਹੈ । ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਪੀੜ ਤਾਂ ਕਲੇਜੇ ਅੰਦਰ ਹੈ ਜੋ ਪ੍ਰਮਾਤਮਾ ਦੇ ਮੇਲ ਲਈ ਇਕ ਤੜਪ ਬਣ ਚੁਕੀ ਹੈ । ਵੈਦ ਸਦ ਲਿਆ ਜਾਂਦਾ ਹੈ ਜੋ ਮਹਾਰਾਜ ਦੀ ਨਬਜ਼ ਦੀ ਪੜਤਾਲ ਤੋਂ ਪਤਾ ਲਾਣਾ ਚਾਹੁੰਦਾ ਹੈ ਕਿ ਬੀਮਾਰੀ ਕੀ ਹੈ ? ਗੁਰੂ ਸਾਹਿਬ ਨੇ ਆਪ ਇਸ ਵੈਦ ਦੇ ਆ ਜਾਣ ਦਾ ਜ਼ਿਕਰ ਇਉਂ ਕੀਤਾ ਹੈ :-

"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥

ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥"

(ਵਾਰ ਮਲਾਰ ਮਹਲਾ ੧) ਅੰਗ ੧੨੭੯

ਅਰਥਾਤ "ਵੈਦ ਨੂੰ ਇਲਾਜ ਲਈ ਸਦਿਆ ਗਿਆ ਹੈ ਤੇ ਉਹ ਨਬਜ਼ ਫੜੀ ਬੈਠਾ ਹੈ, ਪਰ ਭੋਲੇ ਵੈਦ ਨੂੰ ਇਹ ਪਤਾ ਨਹੀਂ ਕਿ ਪੀੜ ਤਾਂ ਕਲੇਜੇ ਵਿਚ ਹੈ, ਨਬਜ਼ ਕੀ ਪਤਾ ਦੇਵੇ ?

ਅਰੰਭ ਦੇ ਸ਼ਬਦ ਵਿਚ ਵੈਦ ਨਾਲ ਹੋਈਆਂ ਗੁਰੂ ਜੀ ਦੀ ਕੁਝ ਕੁ ਡੂੰਘੀਆਂ ਵਿਚਾਰਾਂ ਹਨ । ਆਪ ਫੁਰਮਾਉਂਦੇ ਹਨ ਕਿ ਜੀਵ ਨੂੰ ਕਈ ਤਰ੍ਹਾਂ ਦੇ ਦੁੱਖ ਆ ਲੱਗਦੇ ਹਨ ਪਰ ਇਹਨਾਂ ਦੁਖਾਂ ਨੂੰ ਦੂਰ ਕਰਨ ਦੇ ਸਭ ਇਲਾਜ ਗ਼ਲਤ ਹੁੰਦੇ ਹਨ ਜਾਂ ਅਧੂਰੇ ਹੁੰਦੇ ਹਨ । ਸਿੱਟਾ ਇਹ ਹੁੰਦਾ ਹੈ ਕਿ ਦੁੱਖਾਂ ਦਾ ਮੂਲੋਂ ਖਾਤਮਾ ਨਹੀਂ ਹੁੰਦਾ । ਭੋਲੇ ਵੈਦ ਨੂੰ ਉਹ ਕਈ ਤਰ੍ਹਾਂ ਦੇ ਦੁੱਖ, ਗਿਣ ਕੇ ਦੱਸਦੇ ਹਨ । ਕਿਤੇ ਵਿਛੋੜਾ ਦੁਖ ਦਾ ਕਾਰਨ ਬਣ ਰਿਹਾ ਹੈ । ਪੁੱਤਰ ਮਾਂ ਤੋਂ ਅਤੇ ਭੈਣ ਭਰਾ ਤੋਂ ਵਿਛੜ ਕੇ ਦੁਖ ਮਨਾ ਰਹੇ ਹਨ । ਕਿਤੇ ਭੁੱਖ ਜਾਂ ਗ਼ਰੀਬੀ ਦਾ ਦੁੱਖ ਹੈ, ਕਿਤੇ ਮੌਤ ਜਾਂ ਜਮਾਂ ਦਾ ਦੁੱਖ ਹੈ, ਕਿਸੇ ਸਰੀਰਕ ਰੋਗਾਂ ਦਾ ਦੁੱਖ ਹੈ । ਇਸ ਤੋਂ ਛੁਟ, ਕਈ ਤਰ੍ਹਾਂ ਦੇ ਡਰ, ਫ਼ਿਕਰ ਤੇ ਝੋਰੇ, ਜਿਨ੍ਹਾਂ ਦੀ ਬੁਨਿਆਦ ਵੀ ਕੋਈ ਨਹੀਂ ਹੁੰਦੀ, ਇਨਸਾਨ ਨੂੰ ਹਰ ਵੇਲੇ ਖਾਂਦੇ ਰਹਿੰਦੇ ਹਨ । ਇਸ ਤਰ੍ਹਾਂ ਇਨਸਾਨ ਨੂੰ ਬੇਅੰਤ ਦੁੱਖ ਲੱਗਦੇ ਹਨ ਜੋ ਖ਼ਤਮ ਹੋਣ 'ਤੇ ਨਹੀਂ ਆਂਵਦੇ । ਮਹਾਰਾਜ ਵੈਦ ਨੂੰ ਪੁੱਛਦੇ ਹਨ ਕਿ ਉਹ ਕਿਸ ਬੀਮਾਰੀ ਦਾ ਇਲਾਜ ਕਰ ਰਿਹਾ ਹੈ । ਜੇ ਕਿਸੇ ਇਕ ਬੀਮਾਰੀ ਦਾ ਇਲਾਜ ਸਫਲ ਵੀ ਹੋ ਜਾਏ ਤਾਂ ਸਾਰੀਆਂ ਬੀਮਾਰੀਆਂ ਖ਼ਤਮ ਨਹੀਂ ਕੀਤੀਆਂ ਜਾ ਸਕਦੀਆਂ । ਇਕ ਰੋਗ ਚਲੇ ਜਾਣ ਨਾਲ ਦਸ ਹੋਰ ਉਠ ਸਕਦੇ ਹਨ । ਨਾਲੇ ਉਸ ਦੇ ਸਾਰੇ ਇਲਾਜ ਸਰੀਰ ਤਕ ਹੀ ਮਹਿਦੂਦ ਹਨ ; ਇਖਾਲਾਕੀ ਤੇ ਮਾਨਸਕ ਰੋਗਾਂ ਦਾ ਕੀ ਬਣੇਗਾ ? ਸਰੀਰ ਲਈ ਵੀ ਇਹ ਇਲਾਜ ਕੋਈ ਪੱਕੇ ਇਲਾਜ ਨਹੀਂ, ਸੁਆਸਾਂ ਦੇ ਚਲੇ ਜਾਣ ਨਾਲ ਸਰੀਰ ਦੀਆਂ ਕੀਤੀਆਂ ਸਾਰੀਆਂ ਦਵਾਈਆਂ ਕਿਸੇ ਕੰਮ ਨਹੀਂ ? ਇਸ ਤੋਂ ਛੁਟ, ਗੁੱਸਾ, ਈਰਖਾ, ਨਫ਼ਰਤ, ਆਲਸ, ਹੰਕਾਰ ਆਦਿ ਬੇਅੰਤ ਮਨ ਦੇ ਰੋਗ ਹਨ ਜੋ ਸਰੀਰ ਨੂੰ ਤਿਆਗਣ ਤੋਂ ਪਿਛੋਂ ਮਨ ਦੇ ਨਾਲ ਜਾਣਗੇ ਤੇ ਉਸ ਲਈ ਸਦਾ ਦੁਖ ਦਾ ਕਾਰਨ ਬਣੇ ਰਹਿਣਗੇ । ਇਸ ਲਈ ਭੋਲੇ ਵੈਦ ਦੇ ਇਹ ਸਭ ਇਲਾਜ ਬੇ-ਅਰਥ ਹਨ, ਕਿਉਂਕਿ ਇਹ



ਆਰਜ਼ੀ ਹੁੰਦੇ ਹਨ ਤੇ ਸਰੀਰ ਤਕ ਰਹਿੰਦੇ ਹਨ ।ਇਹ ਇਲਾਜ, ਇਹ ਦਾਰੂ ਲੱਗਦੇ ਹੀ ਨਹੀਂ ਕਿਉਂਕਿ ਇਨ੍ਹਾਂ ਦਾ ਅਸਰ ਪੱਕਾ ਕਾਇਮ ਰਹਿਣ ਵਾਲਾ ਨਹੀਂ ਹੈ । ਹਰ ਹਾਲਤ ਵਿਚ, ਆਤਮਾ ਦੇ ਕੰਮ ਇਹ ਕਿਵੇਂ ਆ ਸਕਦੇ ਹਨ ? ਏਥੇ ਇਹ ਦੱਸਣਾ ਵੀ ਬਣਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਵੀ ਇਸੇ ਵਿਚਾਰ ਦੀ ਪ੍ਰੋੜਤਾ ਇਉਂ ਕੀਤੀ ਸੀ :

**ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥**

**ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥**

**ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ॥**

**ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥**

(ਵਾਰ ਮਲਾਰ ਮਹਲਾ ੨) ਅੰਗ ੧੨੭੯

ਅਰਥਾਤ "ਹੇ ਵੈਦ ਤੂੰ ਸਿਆਣਾ ਵੈਦ ਤਾਂ ਹੈਂ ਜੇ ਪਹਿਲਾ ਰੋਗ ਦੀ ਪਛਾਣ ਕਰੇਂ ਤੇ ਐਸਾ ਦਾਰੂ ਲਭ ਲਵੇਂ ਕਿ ਇਸ ਨਾਲ ਸਭ ਰੋਗ ਮੁਕ ਜਾਣ; ਤੇਰਾ ਇਹ ਦਾਰੂ ਐਸਾ ਹੋਵੇ ਕਿ ਸਾਰੇ ਹੀ ਰੋਗਾਂ ਦਾ ਇਲਾਜ ਕਰ ਸਕੇ ਤੇ ਸਰੀਰ ਅੰਦਰ ਸੁਖ ਆ ਵਸੇ । ਪਰ ਜੇ ਤੂੰ ਪਹਿਲਾਂ ਆਪਣੇ ਸਾਰੇ ਰੋਗ ਖ਼ਤਮ ਕਰ ਸਕੇਂ ਤਾਂ ਹੀ ਤੂੰ ਵੈਦ ਕਹਾਣ ਦਾ ਹੱਕਦਾਰ ਹੈਂ "

ਗੁਰੂ ਸਾਹਿਬ ਦੀ ਆਪਣੀ ਤਸ਼ਖ਼ੀਸ਼ ਇਹ ਹੈ ਕਿ ਜੀਵਣ ਦੀਆਂ ਸਾਰੀਆਂ ਬੀਮਾਰੀਆਂ ਦਾ ਕਾਰਨ ਇਕੋ ਹੈ ਤੇ ਇਹ ਹੈ :

**"ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥**

**ਮਨ ਅੰਧੇ ਕਉ ਮਿਲੈ ਸਜਾਇ ॥ ਵੇਦ ਨ ਭੋਲੇ ਦਾਰੂ ਲਾਇ ॥"**

(ਅੰਗ ੧੨੫੬)

ਗੁਰੂ ਜੀ ਦਾ ਭਾਵ ਇਹ ਹੈ ਕਿ ਰੋਗ ਲਗਦੇ ਹੀ ਪ੍ਰਮਾਤਮਾ ਨੂੰ ਵਿਸਰਨ ਤੋਂ ਹਨ । ਅਰੋਗਤਾ ਤੇ ਸੁਖਾਂ ਦਾ ਘਰ ਉਹ ਆਪ ਹੈ । ਜੇ ਇਹ ਗੱਲ ਠੀਕ ਹੈ ਤਾਂ ਸਭ ਬੀਮਾਰੀਆਂ ਦਾ ਇਲਾਜ ਵੀ ਇਕੋ ਇਹ ਹੈ : ਉਹ ਵਾਹਿਗੁਰੂ ਸਭ ਸੁਖਾਂ ਦਾ ਸੋਮਾ ਹੈ । ਇਸ ਲਈ ਉਸ ਦੇ ਨਾਮ ਦੁਆਰਾ ਉਸ ਵਿਚ ਲੀਨ ਹੋ ਕੇ ਸਭ ਦੁੱਖਾਂ ਦਾ ਨਾਸ ਹੁੰਦਾ ਹੈ ; ਜਿਵੇਂ ਸ਼ਬਦ ਦੇ ਆਖਰੀ ਬਚਨ ਦੱਸਦੇ ਹਨ :

ਕੰਚਨ ਕਾਇਆ ਨਿਰਮਲ ਹੰਸੁ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥

ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥
(ਅੰਗ ੧੨੫੬

ਨਾਮ ਉਹ ਇਲਾਜ ਹੈ ਜਿਸ ਨਾਲ ਸਭ ਰੋਗ ਨਾਸ ਹੁੰਦੇ ਹਨ ਤੇ ਸਰੀਰ ਮਨ ਤੇ ਆਤਮਾ ਨਿਰਮਲ ਤੇ ਸੁਖੀ ਰਹਿੰਦੇ ਹਨ । ਗੁਰੂ ਅਰਜਨ ਦੇਵ ਇਸ ਵਿਚਾਰ ਦੀ ਪੁਸ਼ਟੀ ਇਉਂ ਕਰਦੇ ਹਨ :

**"ਸਰਬ ਰੋਗ ਕਾ ਅਉਖਦੁ ਨਾਮੁ ॥"**

(ਗਉੜੀ ਮਹਲਾ ੫) ਅੰਗ ੨੭੪

ਅਰਥਾਤ "ਸਾਰੇ ਰੋਗਾਂ ਦਾ ਇਲਾਜ ਨਾਮ ਹੈ ।"

ਮਹਾਰਾਜ ਰੋਗਾਂ ਦੇ ਇਲਾਜ ਇਕ ਇਕ ਕਰਕੇ ਨਹੀਂ ਕਰਦੇ, ਸਭ ਰੋਗਾਂ ਦੀ ਜੜ੍ਹ ਕਟਣਾ ਚਾਹੁੰਦੇ ਹਨ : ਉਹ ਜੀਵਨ ਹੀ ਐਸਾ ਦੇਣਾ ਚਾਹੁੰਦੇ ਹਨ ਜਿਸ ਨਾਲ ਕੋਈ ਰੋਗ ਰਹਿ ਨਹੀਂ ਸਕਦਾ । ਬਿੱਲੀ ਖੂਹ ਵਿਚ ਪੈ ਜਾਏ ਤਾਂ ਬਿੱਲੀ ਕੱਢਣ ਦੀ ਲੋੜ ਹੁੰਦੀ ਹੈ—ਨਿਰਾ ਪਾਣੀ ਕੱਢਣ ਨਾਲ ਕੁਝ ਚਿਰ ਲਈ ਤਾਂ ਪਾਣੀ ਭਾਵੇਂ ਚੰਗਾ ਹੋ ਜਾਏ ਪਰ ਫਿਰ ਗੰਦਾ ਹੁੰਦਾ ਰਹੇਗਾ । ਨਾਮ ਦਾਰੂ ਹੈ ਜੀਵਨ ਲਈ, ਸਭ ਪਹਿਲੂਆਂ ਤੋਂ ਇਹ ਐਸਾ ਸਫਲ ਤੇ ਸੁਖਦਾਈ ਇਲਾਜ ਹੈ ਕਿ ਇਹ ਮਨ ਤੇ ਆਤਮਾ ਦੋਹਾਂ ਨੂੰ ਨਵਾਂ ਨਰੋਆ ਰੱਖਦਾ ਹੈ । ਇਸ ਜੀਵਨ ਨੂੰ ਜੋ ਨਾਮ ਦੇ ਪਰਤਾਪ ਦੁਆਰਾ ਪੈਦਾ ਹੁੰਦਾ ਹੈ, ਸਹਜ ਜੀਵਣ ਦਾ ਨਾਮ ਇਉਂ ਦਿਤਾ ਗਿਆ ਹੈ :

"ਪ੍ਰਭ ਕੈ ਸਿਮਰਨਿ ਸਹਜਿ ਸਮਾਨੀ "॥ ਅੰਗ ੨੬੩

ਇਸ ਦਾ ਭਾਵ ਇਹ ਹੈ ਕਿ ਸਹਜ ਅਵਸਥਾ ਦੀ ਪ੍ਰਾਪਤੀ ਸਿਮਰਨ ਦਵਾਰਾ ਹੁੰਦੀ ਹੈ, ਜਿਵੇਂ ਅਸਾਂ ਸਿਮਰਨ ਦੇ ਲੇਖ ਵਿਚ ਕਈ ਥਾਈਂ ਵੇਖਿਆ ਸੀ । ਇਸ ਅਵਸਥਾ ਵਿਚ ਪੁਜ ਕੇ ਕੋਈ ਕਸ਼ਟ ਜਾਂ ਰੋਗ ਰਹਿ ਨਹੀਂ ਜਾਂਦਾ।

ਏਥੇ ਇਕ ਵਿਚਾਰ ਹੋਰ ਜ਼ਿਕਰ ਯੋਗ ਹੈ । ਨਾਮ ਤੋਂ ਸਹਜ ਠੀਕ ਉਪਜਦਾ ਹੈ ਪਰ ਕੁਝ ਥਾਈਂ ਅੰਤਲੀ ਪਉੜੀ ਵਿਚ ਵੀ ਇਹ ਦੱਸਿਆ ਗਿਆ ਹੈ ਕਿ ਸਹਜ ਵਿਚ ਹੋ ਕੇ ਨਾਮ ਸਿਮਰਨ ਹੁੰਦਾ ਹੈ ; ਜਿਵੇਂ :-

**"ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥**
**ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥"**

(ਸਿਰੀ ਰਾਗ ਮਹਲਾ ੩) ਅੰਗ ੬੯



ਅਰਥਾਤ "ਗਿਆਨੀਆ ਦਾ ਧਨ ਹਰੀ ਦਾ ਨਾਮ ਹੈ ਤੇ ਇਸ ਧਨ ਦਾ ਵਾਪਾਰ ਉਹ ਸਹਜ ਵਿਚ ਹੋ ਕੇ ਕਰਦੇ ਹਨ । ਉਹ ਹਰ ਰੋਜ਼ ਹਰੀ ਦੇ ਨਾਮ ਦਾ ਲਾਭ ਲੈਂਦੇ ਹਨ ਤੇ ਉਹਨਾਂ ਦੇ (ਆਤਮਕ) ਭੰਡਾਰੇ ਅਮੁਕ ਰਹਿੰਦੇ ਹਨ ।

ਇਹ ਦੋਵੇਂ ਖ਼ਿਆਲ ਇਕ ਦੂਜੇ ਦੇ ਵਿਰੋਧੀ ਨਹੀਂ, ਕਿਉਂਕਿ ਦੋਵੇਂ ਹੀ ਮਾਨਸਿਕ ਹਾਲਤਾਂ ਹਨ ਤੇ ਇਕੱਠੀਆਂ ਚਲਦੀਆਂ ਹਨ । ਨਾਮ ਸਿਮਰਨ ਨਾਲ ਉੱਚੀ ਸੁਰਤ ਵਿਚ ਜਾ ਕੇ ਸਹਿਜ ਦੀ ਪ੍ਰਾਪਤੀ ਜ਼ਰੂਰ ਹੁੰਦੀ ਹੈ ; ਪਰ ਸਹਜ ਵਿਚ ਅੱਪੜ ਗਿਆਂ ਵੀ ਅਰਥਾਤ ਆਤਮਾ ਦੀ ਉਸ ਉੱਚੀ ਸੁਰਤ ਵਿਚ ਪੁਜਿਆਂ ਵੀ ਜੋ ਆਪਣੇ ਅਸਲ ਤੇ ਕੁਦਰਤੀ ਆਪੇ ਦੀ ਹਾਲਤ ਹੈ ਨਾਮ ਸਿਮਰਨ ਦੀ ਸਹੀ ਕੀਮਤ ਪੈਂਦੀ ਗਈ ਹੈ ਤੇ ਆਤਮ ਰਸ ਉਪਜਦਾ ਰਹਿੰਦਾ ਹੈ ।

ਹੋਰ : "ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥"

(ਸਿਰੀ ਰਾਗ ਮਹਲਾ ੩) ਅੰਗ ੬੮

ਅਰਥਾਤ "ਸਹਜ ਵਿਚ ਹੋ ਕੇ ਹਰੀ ਜਸ ਗਾਵਿਆ ਸਫਲ ਹੁੰਦਾ ਹੈ, ਪਰ ਬਿਨਾਂ ਸਹਜ ਦੇ ਕਥਿਆ ਸੁਣਿਆ ਬੇਅਰਥ ਹੋ ਜਾਂਦਾ ਹੈ ।"

ਫਿਰ ਇਹ ਕਈ ਵਾਰ ਵਿਖਾਲਾ ਦੰਭ, ਹਉਮੈਂ, ਹਠ, ਲੋਭ ਆਦਿਕ ਕਈ ਰੂਪ ਧਾਰ ਲੈਂਦਾ ਹੈ । ਪਰ ਸਹਜ ਵਿਚ ਜੀਵਣ ਕੁਦਰਤੀ ਹੋ ਜਾਂਦਾ ਹੈ। ਸੁਖ ਇਸ ਤੋਂ ਸੁਤੇ ਨਿਕਲਦੇ ਹਨ । ਇਸ ਜੀਵਨ ਤੋਂ ਉਪਜੇ ਇਹਨਾਂ ਸੁਖਾਂ ਨੂੰ ਹੋਰਾਂ ਸੁਖਾਂ ਤੋਂ ਨਿਖੇੜ ਕੇ ਦੱਸਣ ਲਈ ਸਹਜ ਸੁਖ ਕਿਹਾ ਜਾਂਦਾ ਹੈ। ਗੁਰਮਤ ਦਾ ਦੂਜਾ ਨਾਮ ਹੀ ਸਹਜ ਮਤ ਹੈ। ਏਸੇ ਲਈ ਹੀ ਗੁਰਮਤਿ ਦੀ ਸਮਾਧੀ ਤੇ ਗੁਰਮਤਿ ਅਨੁਸਾਰ ਕਮਾਏ ਜੋਗ ਦੇ ਨਾਮ ਸਹਜ ਸਮਾਧ ਤੇ ਸਹਜ ਜੋਗ ਹਨ । ਸਹਜ ਅਵਸਥਾ ਆਤਮਾ ਦੀ ਉਹ ਉੱਚੀ ਤੇ ਬ੍ਰਹਮ ਗਿਆਨ ਦੀ ਹਾਲਤ ਹੈ ਜਿਸ ਵਿਚ ਆਤਮਾ ਸ਼ਾਂਤ ਤੇ ਅਡੋਲ ਹੋ ਕੇ ਆਪਣੇ ਅਸਲ ਤੇ ਕੁਦਰਤੀ ਆਪੇ ਵਿਚ ਟਿਕ ਜਾਂਦੀ ਹੈ । ਉਸ ਅਵਸਥਾ ਵਿਚ ਪੁਜੇ ਮਨੁੱਖ ਦਾ ਜੀਵਨ ਇਕ ਕੁਦਰਤੀ ਜੀਵਨ ਹੋ ਜਾਂਦਾ ਹੈ ਜਿਸ ਵਿਚ ਸਭ ਭਰਮ, ਵਹਿਮ, ਭੁਲੇਖੇ ਅਤੇ ਗਲਤੀਆਂ ਸੁਭਾਵਿਕ ਮਿਟ ਜਾਂਦੀਆਂ ਹਨ । ਨੇਕੀ, ਪਿਆਰ, ਪਰਉਪਕਾਰ ਅਤੇ ਸੇਵਾ ਉਸ ਵਿਚੋਂ ਆਪੇ ਫੁਟ ਫੁਟ ਨਿਕਲਦੇ ਹਨ। ਸਰੀਰ, ਮਨ ਤੇ ਆਤਮਾ ਨਵੇਂ ਨਰੋਏ ਹੋ ਜਾਂਦੇ ਹਨ । ਇਸ ਜੀਵਣ ਵਿਚ ਕੋਈ ਦਿਖਾਵਾ ਨਹੀਂ ਹੁੰਦਾ। ਨੇਕੀ ਦੀ ਤਰਫ ਝੁਕਾਉ ਸੁਤੇ ਹੁੰਦਾ ਹੈ, ਕਿਸੇ ਮਨ, ਲਾਲਚ, ਜਾਂ ਡਰ ਕਰ ਕੇ ਨਹੀਂ ; ਕਿਉਂ ਕਿ ਫਿਰ

ਇਹ ਨੇਕੀ ਉਸ ਕੁਦਰਤੀ ਆਪੇ ਤੋਂ ਨਿਕਲਦੀ ਹੈ ਜੋ ਆਪਣੇ ਨਿਰੋਲ ਰੂਪ ਵਿਚ ਪਿਆਰ ਤੇ ਨੇਕੀ ਦਾ ਮੁਜਸਮਾ ਹੈ । ਪਰ ਦੁਨੀਆਂ ਦੇ ਲੋਕ ਆਮ ਤੌਰ ’ਤੇ ਹੇਠਲੀ ਪੱਧਰੇ ਤਿੰਨ ਹਾਲਤਾਂ ਵਿਚ ਵਿਚਰਦੇ ਹਨ : ਇਕ ਉਹ ਹਨ ਜੋ ਅਤਿ ਹਨੇਰੇ ਤੇ ਅਗਿਆਨਤਾ ਦੀ ਹਾਲਤ ਵਿਚ ਹਨ ਇਹ ਤਮੋ ਗੁਣੀ ਹਨ । ਇਸ ਹਾਲਤ ਵਿਚ ਗੁੱਸਾ, ਈਰਖਾ ਤੇ ਹੰਕਾਰ ਆਦਿਕ ਦਾ ਗਲਬਾ ਹੁੰਦਾ ਹੈ । ਦੂਜੇ ਉਹ ਹੁੰਦੇ ਹਨ ਜਿਨ੍ਹਾਂ ਅੰਦਰ ਖਾਹਸ਼ਾਂ ਜ਼ੋਰਦਾਰ ਭਟਕਦੀਆਂ ਹਨ ਤੇ ਉਹਨਾਂ ਨੂੰ ਕੁਝ ਪ੍ਰਾਪਤ ਕਰਨ ਜਾਂ ਕੁਝ ਬਣਨ ਦੀ ਹਵਸ ਲੱਗੀ ਰਹਿੰਦੀ ਹੈ। ਇਹ ਰਜੋ ਗੁਣੀ ਹਨ । ਇਹਨਾਂ ਦੋਹਾਂ ਤੋਂ ਉੱਤੇ ਸਤੋ ਗੁਣੀ ਹਨ, ਜੋ ਸੁਭਾਵਿਕ ਤੌਰ ’ਤੇ ਉਪਰਾਮ ਰਹਿੰਦੇ ਹਨ । ਉਹ ਸਭ ਕੁਝ ਛੱਡ ਛਡਾ ਕੇ ਸੰਸਾਰ ਤੋਂ ਲਾਂਭੇ ਹੋ ਜਾਣਾ ਚਾਹੁੰਦੇ ਹਨ ਤੇ ਇਸ ਤਰ੍ਹਾਂ ਆਪਣੇ ਅੰਦਰ ਇਕ ਉੱਚੀ ਸ਼ਾਂਤੀ ਅਨੁਭਵ ਕਰਦੇ ਹਨ । ਦੁਨੀਆਂ ਦੇ ਕੰਮ ਕਾਜ ਉਨ੍ਹਾਂ ਨੂੰ ਟੰਟੇ ਤੇ ਬਿਖੇੜੇ ਹੋ ਕੇ ਦਿਸਦੇ ਹਨ, ਜਿਨ੍ਹਾਂ ਤੋਂ ਉਹ ਲਾਂਭੇ ਹੋ ਜਾਣਾ ਚਾਹੁੰਦੇ ਹਨ । ਹਰ ਇਨਸਾਨ ਦੇ ਅੰਦਰ ਇਹ ਤਿੰਨੇ ਗੁਣ ਘਟ ਵਧ ਮਾਤ੍ਰਾ ਵਿਚ ਹੁੰਦੇ ਹਨ ਜਿਨ੍ਹਾਂ ਦੇ ਪ੍ਰਭਾਵ ਨਾਲ ਜੀਵਨ ਅੱਡ ਅੱਡ ਤਰ੍ਹਾਂ ਚਲਦਾ ਰਹਿੰਦਾ ਹੈ । ਪਰ ਇਨ੍ਹਾਂ ਤਿੰਨਾਂ ਤੋਂ ਉਤੇ ਸਹਜ ਜਾਂ ਚੌਥਾ ਪਦ ਹੈ ਜੋ ਗੁਰਮਤਿ ਅਨੁਸਾਰ ਜੀਵਨ ਦਾ ਆਦਰਸ਼ ਹੈ । ਸਤੋ ਭਾਵੇਂ ਰਜੋ ਤੇ ਤਮੋ ਦੋਹਾਂ ਤੋਂ ਚੰਗਾ ਹੈ, ਪਰ ਇਸ ਵਿਚ ਉਪਰਾਮਤਾ ਵਧੇਰੀ ਮਾਤਰਾ ਵਿਚ ਹੈ ਜੋ ਕੁਦਰਤੀ ਤੇ ਨਰੋਏ ਜੀਵਨ ਲਈ ਹਾਨੀਕਾਰਕ ਹੈ । ਸੋ ਚੌਥੀ ਹਾਲਤ ਹੀ ਸਭ ਤੋਂ ਉਤਮ ਹੈ :

“ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥ ਅੰਗ ੬੮

(ਸਿਰੀ ਰਾਗ ਮਹਲਾ ੩)

ਅਰਥਾਤ “ਚੌਥੀ ਹਾਲਤ ਵਿਚ ਗਿਆਂ ਸਹਜ ਮਿਲਦਾ ਹੈ, ਪਰ ਇਹ ਗੁਰਾਂ ਦਵਾਰੇ ਪੱਲੇ ਪੈਂਦਾ ਹੈ ।”

“ਤ੍ਰਿਹੁ ਗੁਣਾ ਵਿਚਿ ਸਹਜੁ ਨਾ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ”

(ਸਿਰੀ ਰਾਗ ਮਹਲਾ ੩)

ਅੰਗ ੬੮

ਅਰਥਾਤ “ਤਿੰਨਾਂ ਗੁਣਾਂ ਵਿਚ ਸਹਜ ਨਹੀਂ ਹੁੰਦਾ । ਤਿੰਨਾਂ ਗੁਣਾਂ ਵਿਚ ਹੋਣਾ ਤਾਂ ਭਰਮ ਵਿਚ ਭੁਲੇ ਫਿਰਨਾ ਹੈ । ਪੜ੍ਹਨ ਵਿਚਾਰਨ ਤੇ ਕਥਨ



ਕਰਨ ਦਾ ਕੀ ਲਾਭ ਜੋ ਕੋਈ ਮੁੱਢੋਂ ਹੀ ਗੁਮਰਾਹ ਹੋ ਗਿਆ ਹੋਵੇ?”

“ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥”

(ਸਿਰੀ ਰਾਗ ਮਹਲਾ ੩) ਅੰਗ ੬੮

ਅਰਥਾਤ “ਮਾਇਆ ਵਿਚ ਹੁੰਦਿਆ ਸਹਜ ਨਹੀਂ ਮਿਲਦਾ ਕਿਉਂਕਿ ਮਾਇਆ ਵਿਚ ਹੋਣਾ ਦਵੈਤ ਭਾਵ ਵਿਚ ਹੋਣਾ ਹੈ ।”

ਇਹ ਹੈ ਸਹਜ ਦੀ ਵਿਆਖਿਆ । ਆਤਮਾ ਦੀ ਇਸ ਕੁਦਰਤੀ ਜਾਂ ਅਸਲ ਆਪੇ ਦੀ ਹਾਲਤ ਹੋ ਜਾਣ ਨਾਲ ਇਨਸਾਨ ਆਪਣੇ ਅਸਲ ਘਰ ਆ ਜਾਂਦਾ ਹੈ ਅਤੇ ਆਪਣੇ ਕੁਦਰਤੀ ਤੇ ਅਸਲ ਆਪੇ ਦੀ ਪਛਾਣ ਕਰ ਲੈਂਦਾ ਹੈ। ਹੁਣ ਉਸ ਨੂੰ ਸੁਖ ਬਾਹਰੋਂ ਲਭਣ ਦੀ ਲੋੜ ਨਹੀਂ ਰਹਿੰਦੀ । ਸੁਖ ਕਿਸੇ ਅਸਮਾਨੀ ਬਹਿਸ਼ਤ ਵਿਚ ਨਹੀਂ । ਅਰੋਗਤਾ ਤੇ ਅਨੰਦ ਦੇ ਅਤੁੱਟ ਚਸ਼ਮੇ ਅੰਦਰ ਫੁਟ ਪੈਂਦੇ ਹਨ । ਜਦ ਅੱਖਾਂ ਖੱਲ੍ਹ ਜਾਂਦੀਆਂ ਹਨ ਤੇ ਗਿਆਨ ਦੇ ਪ੍ਰਕਾਸ਼ ਨਾਲ ਆਤਮਕ ਜਾਗ੍ਰਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਨਿਜਾਨੰਦ ਅੰਦਰ ਦਿਸ ਪੈਂਦਾ ਹੈ । ਇਹੋ ਫਿਰ ਬਾਹਰ ਆ ਕੇ ਸਭ ਚੀਜ਼ਾਂ ਨੂੰ ਸੁੰਦਰ ਤੇ ਸੁਖਦਾਈ ਕਰ ਦਿੰਦਾ ਹੈ । ਇਸ ਹਾਲਤ ਨੂੰ ਸਦ-ਬਸੰਤ ਆਖਿਆ ਗਿਆ ਹੈ । ਸਭ ਖੇੜਾ ਹੀ ਖੇੜਾ ਹੋਇਆ ਹੈ, ਕੋਈ ਬੁਰਾਈ ਜਾਂ ਦੁਖ ਕਿਤੇ ਰਿਹਾ ਹੀ ਨਹੀਂ। ਹਾਲਤ ਇਹ ਹੋ ਗਈ ਹੈ ।

**“ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥”**

(ਬਸੰਤ ਮਹਲਾ ੧) ਅੰਗ ੧੧੬੮

ਅਰਥਾਤ “ਵਡਾ ਮੁਬਾਰਕ ਯੋਗ ਮਹੀਨਾ ਆਇਆ ਹੈ ਜਦੋਂ ਕਿ ਸਦਾ ਦੀ ਬਸੰਤ ਬਣ ਗਈ ਹੈ ।”

ਇਹ ਹਾਲਤ ਵਿਚ ਬਾਹਰ ਦੇ ਹਾਲਾਤ—ਗਰੀਬੀ, ਵਿਰੋਧ, ਦੁਖ, ਕਸ਼ਟ ਆਦਿਕ ਅੰਦਰਲਾ ਧੁਰਾ ਡੋਲਨ ਨਹੀਂ ਦਿੰਦੇ । ਸਦ-ਬਸੰਤ ਦੀ ਅਨੰਦ ਭਰੀ ਹਾਲਤ ਹੋ ਗਈ ਹੈ । ਹੁਣ ਸਮਝ ਆ ਗਈ ਕਿ ਆਪਾ ਜੋਤ ਸਰੂਪ ਹੈ ਤੇ ਉਸ ਪ੍ਰਮਾਤਮਾ ਤੋਂ ਨਿਕਲਿਆ ਹੈ ਜੋ ਆਪ ਅਨੰਦ ਸਰੂਪ ਹੈ । ਇਸ ਹਾਲਤ ਵਿਚ ਦੁੱਖ, ਬੀਮਾਰੀ ਤੇ ਕਸ਼ਟ ਕਿਵੇਂ ਪੋਹ ਸਕਦੇ ਹਨ ਜਦ ਪਤਾ ਲੱਗ ਗਿਆ ਹੈ ਕਿ ਸਿਹਤ ਕੁਦਰਤੀ ਹੈ ਤੇ ਬੀਮਾਰੀ ਗੈਰ-ਕੁਦਰਤੀ ਹੈ ਜੋ ਬੇ-ਸਮਝੀ ਦੇ ਕਾਰਨ ਗਲਬਾ ਪਾਈ ਬੈਠੀ ਸੀ ?

ਇਕ ਵਿਚਾਰਵਾਨ ਨੇ ਠੀਕ ਕਿਹਾ ਹੈ : "I am one with the Infinite Spirit and therefore can admit of no disease."

ਅਰਥਾਤ "ਮੈਂ ਉਸ ਬੇਅੰਤ ਨਾਲ ਇਕ ਸੁਰ ਹਾਂ, ਇਸ ਲਈ ਬੀਮਾਰੀ ਦੀ ਕੋਈ ਥਾਂ ਨਹੀਂ ਰਹੀ ।"

ਹੋਰ ਕਿਹਾ ਹੈ : "God is well and so are you."

ਅਰਥਾਤ "ਰੱਬ ਤੰਦਰੁਸਤ ਹੈ। ਇਸ ਲਈ ਤੁਸੀਂ ਵੀ ਤੰਦਰੁਸਤ ਹੋ।"

ਫਿਰ ਹੋਰ ਕਿਹਾ ਹੈ "We should awaken to the knowledge fo our real being."

ਅਰਥਾਤ "ਸਾਨੂੰ ਆਪਣੇ ਅਸਲ ਆਪੇ ਦਾ ਪਤਾ ਹੋ ਜਾਣਾ ਚਾਹੀਦਾ ਹੈ, (ਫਿਰ ਸਭ ਠੀਕ ਹੋ ਜਾਂਦਾ ਹੈ )।

ਆਸਾ ਰਾਗ ਵਿਚ ਗੁਰੂ ਅਰਜਨ ਦੇਵ ਜੀ ਦੇ ਇਹੋ ਖ਼ਿਆਲ ਇਸ ਤਰ੍ਹਾਂ ਦਿੰਦੇ ਹਨ :

"ਨਾ ਓਹੁ ਮਰਤਾ ਨਾ ਹਮ ਡਰਿਆ ॥
ਨਾ ਓਹੁ ਬਿਨਸੈ ਨਾ ਹਮ ਕੜਿਆ ॥
ਨਾ ਓਹੁ ਨਿਰਧਨੁ ਨਾ ਹਮ ਭੂਖੇ ॥
ਨਾ ਓਸੁ ਦੂਖੁ ਨਾ ਹਮ ਕਉ ਦੂਖੇ ॥

(ਅੰਗ ੩੯੧)

ਸਾਰਾ ਸ਼ਬਦ ਨਾਮ ਸਿਮਰਨ ਦੇ ਲੇਖ ਵਿਚ ਆ ਚੁੱਕਾ ਹੈ। ਏਥੇ ਕੇਵਲ ਚਲਦੇ ਲੇਖ ਨਾਲ ਸੰਬੰਧਿਤ ਤੁਕਾਂ ਦਿੱਤੀਆਂ ਹਨ । ਫਿਰ ਹੋਰ ਕਹਿੰਦੇ ਹਨ :

**"ਨਾ ਇਹੁ ਬੂਢਾ ਨਾ ਇਹੁ ਬਾਲਾ ॥"**

(ਗੋਂਡ ਮਹਲਾ ੫) ਅੰਗ ੮੬੮

ਅਰਥਾਤ "ਇਹ ਆਤਮਾ ਨਾ ਬੁਢੀ ਹੈ ਤੇ ਨਾ ਜਵਾਨ (ਸਦਾ ਇਕ ਰਸ ਰਹਿੰਦੀ ਹੈ ਭਾਵ ਸਮੇਂ ਦੀ ਮਾਰ ਤੋਂ ਪਰੇ ਰਹਿੰਦਾ ਹੈ )।

"ਇਹੁ ਮਨੁ ਸਕਤੀ ਇਹੁ ਮਨੁ ਸੀਉ ॥"

(ਗਉੜੀ ਕਬੀਰ ਜੀ)ਅੰਗ ੩੪੨

ਅਰਥਾਤ "ਇਹ ਮਨ ਹੀ ਹੈ ਜੋ ਮਾਇਆ ਦਾ ਰੂਪ ਲੈ ਲੈਂਦਾ ਹੈ ।



ਦੂਜੇ ਪਾਸੇ ਇਹ ਜਾਗਣ ਨਾਲ ਆਪ ਹੀ ਰੱਬ ਦਾ ਰੂਪ ਹੋ ਜਾਂਦਾ ਹੈ ।"

ਇਹ ਗੱਲਾਂ ਅਸਚਰਜ ਤੇ ਕੀਮਤੀ ਹਨ ਤੇ ਹਰ ਮਨੁੱਖ ਲਈ ਚੜ੍ਹਦੀਆਂ ਕਲਾਂ, ਉਮੀਦ ਤੇ ਹੌਂਸਲੇ ਦਾ ਕਾਰਨ ਬਣ ਸਕਦੀਆਂ ਹਨ । ਲੋੜ ਕੇਵਲ ਮਨ ਨੂੰ ਉਸ ਸ਼ਕਤੀ ਨਾਲ ਜੋੜਨ ਦੀ ਹੈ ਤੇ ਉਸ ਅਗਵਾਈ ਵਿਚ ਚਲਣ ਦੀ ਹੁੰਦੀ ਹੈ । ਗਿਆਨਵਾਨ ਪੁਰਸ਼ ਉਸ ਸ਼ਕਤੀ ਨਾਲ ਇਕਸੁਰ ਹੋ ਕੇ ਭਾਣੇ ਵਿਚ ਰਹਿੰਦੇ ਹਨ । ਉਹ ਦੂਰ-ਦਰਸ਼ੀ ਤੇ ਸਦਾ ਆਸ਼ਾਵਾਦੀ ਹਨ । ਨਿਰਾਸ਼ਵਾਦੀ ਲੋਕ ਤੰਗ ਦਿਲ ਹੁੰਦੇ ਹਨ, ਹਨੇਰੇ ਵਿਚ ਟੱਕਰਾਂ ਮਾਰਦੇ ਹਨ ਤੇ ਸਦਾ ਕੁੜ੍ਹਦੇ ਰਹਿੰਦੇ ਹਨ ।

ਅੱਜ ਦੀ ਰੌਸ਼ਨੀ ਦੇ ਜ਼ਮਾਨੇ ਵਿਚ ਮਹਾਰਾਜ ਦੇ ਇਹਨਾਂ ਅਮੋਲਕ ਖ਼ਿਆਲਾਂ ਨੂੰ ਸਮਝਣਾ ਵਧੇਰੇ ਆਸਾਨ ਹੋ ਜਾਣਾ ਚਾਹੀਦਾ ਹੈ । ਹੁਣ ਹਰ ਕੋਈ ਜਾਣਦਾ ਹੈ ਕਿ ਮਨ ਤੇ ਸਰੀਰ ਦਾ ਡੂੰਘਾ ਜੋੜ ਹੈ ਤੇ ਦੋਵੇਂ ਇਕ ਦੂਜੇ 'ਤੇ ਅਸਰ-ਅੰਦਾਜ਼ ਹੁੰਦੇ ਹਨ । ਜੇ ਸਰੀਰ ਨੂੰ ਮਸ਼ੀਨ ਸਮਝ ਲਿਆ ਜਾਏ ਤਾਂ ਮਨ ਇਸ ਦਾ ਡਰਾਈਵਰ ਹੈ । ਜਿਵੇਂ ਡਰਾਈਵਰ ਦੇ ਗ਼ੈਰ-ਜ਼ਿੰਮੇਵਾਰ ਜਾਂ ਸ਼ਰਾਬੀ ਹੋਣ ਦੀ ਸੂਰਤ ਵਿਚ ਮਸ਼ੀਨ ਜ਼ਿਆਦਾ ਦੇਰ ਚਲ ਨਹੀਂ ਸਕਦੀ ਤਿਵੇਂ ਜੇ ਮਨ ਢਹਿੰਦੀਆਂ ਕਲਾਂ ਵਿਚ ਹੈ ਜਾਂ ਨੀਵਾਂ ਹੈ ਤਾਂ ਸਰੀਰ ਨੂੰ ਵੀ ਰੋਗੀ ਕਰ ਦਿੰਦਾ ਹੈ । ਕਿਸੇ ਵਲੋਂ ਦੋ ਕੌੜੇ ਸ਼ਬਦਾਂ ਦਾ ਇਹ ਅਸਰ ਹੋ ਸਕਦਾ ਹੈ ਕਿ ਮਿਹਦਾ ਹੀ ਵਿਗੜ ਜਾਏ ਤੇ ਭੁਖ ਮਾਰੀ ਜਾਏ । ਕਈ ਵਾਰ ਗੁੱਸੇ ਦੀ ਹਾਲਤ ਵਿਚ ਸਿਰਦਰਦ ਸ਼ੁਰੂ ਹੋ ਜਾਂਦੀ ਹੈ । ਕੌੜੇ ਮਾਨਸਿਕ ਜਜ਼ਬਿਆਂ ਦੇ ਪ੍ਰਗਟਾਵੇ ਤੋਂ ਉਲਟੀ ਵੀ ਆ ਜਾਂਦੀ ਹੈ । ਕਹਿੰਦੇ ਹਨ ਕਿਸੇ ਮਾਂ ਦੇ ਭਿਆਨਕ ਕਰੋਧਵਾਨ ਹਾਲਤ ਵਿਚ ਹੋਣ ਦੇ ਕਾਰਨ ਉਸ ਦੀ ਗੋਦੀ ਦਾ ਬੱਚਾ ਇਕ ਘੰਟੇ ਦੇ ਅੰਦਰ ਮਰ ਗਿਆ ਸੀ ; ਕਿਉਂਕਿ ਇਸ ਹਾਲਤ ਨੇ ਉਸ ਦਾ ਦੁੱਧ ਹੀ ਜ਼ਹਿਰੀਲਾ ਕਰ ਦਿੱਤਾ ਸੀ । ਸੱਚਮੁੱਚ ਈਰਖਾ, ਨਫ਼ਰਤ, ਕ੍ਰੋਧ, ਡਰ, ਫ਼ਿਕਰ ਆਦਿ ਮੁਹਲਕ ਜਜ਼ਬੇ ਹਨ ਜੋ ਜਿਸਮ ਦੇ ਅੰਦਰ ਜ਼ਹਿਰ ਪੈਦਾ ਕਰ ਸਕਦੇ ਹਨ । ਦੂਜੇ ਪਾਸੇ ਪਿਆਰ, ਹਮਦਰਦੀ, ਖੁਸ਼ੀ, ਮਿਠਾਸ, ਨੇਕ ਭਾਵਨਾ, ਸ਼ਰਧਾ, ਭਰੋਸਾ ਅਤੇ ਉਦਾਰਤਾ ਆਦਿਕ ਸਰੀਰਕ, ਮਾਨਸਿਕ ਤੇ ਆਤਮਿਕ ਸਿਹਤ ਲਈ ਬੜੇ ਗੁਣਕਾਰੀ ਹਨ ਖਾਸ ਕਰਕੇ ਪਿਆਰ ਤਾਂ ਜਾਦੂ ਹੈ :

There is no tonic like love. Love is health,

happiness & success."

ਭਾਵ "ਪਿਆਰ ਤੋਂ ਵੱਧ ਤਾਕਤਵਰ ਹੋਰ ਕੋਈ ਖ਼ੁਰਾਕ ਨਹੀਂ ਹੋ ਸਕਦੀ । ਪਿਆਰ ਹੀ ਸਿਹਤ, ਸੁਖ ਤੇ ਕਾਮਯਾਬੀ ਹੈ ।"

ਤਿਵੇਂ ਵਿਸ਼ਵਾਸ ਤੇ ਭਰੋਸਾ ਵੀ ਸੁਰਤ ਨੂੰ ਉਭਾਰਦੇ ਹਨ । ਨਿਰੇ ਡਾਕਟਰ ਦੀ ਮੌਜੂਦਗੀ ਹੀ ਮਨ ਨੂੰ ਉਮੀਦ ਦੇ ਘਰ ਵਿਚ ਲਿਆ ਕੇ ਮਰੀਜ਼ ਦੇ ਸਰੀਰ 'ਤੇ ਨਰੋਆ ਅਸਰ ਕਰ ਸਕਦੀ ਹੈ ।ਇਨ੍ਹਾਂ ਤਜਰਬਿਆਂ ਤੋਂ ਪ੍ਰਭਾਵਤ ਹੋ ਕੇ ਹੀ ਹੁਣ ਸਰੀਰ ਨੂੰ ਰਾਜ਼ੀ ਕਰਨ ਲਈ ਮਨ ਦੇ ਇਲਾਜ ਹੋਣੇ ਸ਼ੁਰੂ ਹੋ ਗਏ ਹਨ । ਮੈਸਮੈਰੇਜ਼ਿਮ ਦਾ ਇਹੋ ਦਾਹਵਾ ਹੈ ਕਿ ਮਨ ਨੂੰ ਚੰਗੇ ਤੇ ਨਰੋਏ ਸੁਝਾਉ (Suggestions) ਦੇ ਕੇ ਸਰੀਰ ਰਾਜ਼ੀ ਕੀਤਾ ਜਾ ਸਕਦਾ ਹੈ। ਸੁਚੇਤ ਮਨ ਦਾ ਥੱਲੜਾ ਹਿੱਸਾ (Sub-conscious mind ) ਸਰੀਰ ਨੂੰ ਕੰਟਰੋਲ ਕਰਦਾ ਹੈ । ਜੇ ਮਨ ਦਾ ਇਹ ਕੰਟਰੋਲ ਢਿੱਲਾ ਹੋ ਜਾਏ ਤਾਂ ਸਰੀਰ ਵਿਚ ਵਿਗਾੜ ਪੈਦਾ ਹੋ ਜਾਂਦੇ ਹਨ । ਸ੍ਵੈ-ਸੁਝਾਉ (auto-suggestions) ਨਾਲ ਇਹ ਕੰਟਰੋਲ ਫਿਰ ਤਕੜਾ ਕੀਤਾ ਜਾਂਦਾ ਹੈ , ਜਿਸ ਦਾ ਕੁਦਰਤੀ ਨਤੀਜਾ ਸਰੀਰਕ ਅਰੋਗਤਾ ਹੁੰਦਾ ਹੈ । ਮਹਾਤਮਾ ਬੁੱਧ ਨੇ ਠੀਕ ਕਿਹਾ ਸੀ,

"Mind is everything, what your think you become."

ਅਰਥਾਤ "ਮਨ ਹੀ ਸਭ ਕੁਝ ਹੈ, ਜੋ ਤੁਸੀਂ ਸੋਚਦੇ ਹੋ ਉਹੋ ਹੋ ਜਾਂਦੇ ਹੋ ।"

ਚੰਗੇ ਖ਼ਿਆਲ ਇਕ ਭਾਰੀ ਸ਼ਕਤੀ ਹਨ, ਜਿਨ੍ਹਾਂ ਦਵਾਰਾ ਜੋ ਕੁਝ ਕੋਈ ਚਾਹੇ ਪੈਦਾ ਕਰ ਸਕਦਾ ਹੈ । ਕਈਆਂ ਨੇ ਇਸ ਤਰ੍ਹਾਂ ਕਰਕੇ ਸਫਲਤਾ ਹਾਸਲ ਕੀਤੀ ਹੈ । ਜੇ ਕੋਈ ਦੂਜੇ ਕਰ ਸਕੇ ਹਨ ਤਾਂ ਹਰ ਕੋਈ ਕਰ ਸਕਦਾ ਹੈ।

ਜੇ ਇਤਨਾ ਕੁਝ ਨਿਰੇ ਸ੍ਵੈ-ਸੁਝਾਉ ਨਾਲ ਹੋ ਜਾਂਦਾ ਹੈ ਤਾਂ ਇਹ ਸਮਝਣਾ ਮੁਸ਼ਕਲ ਨਹੀਂ ਕਿ ਉਸ ਬੇਅੰਤ ਸ਼ਕਤੀਆਂ ਦੇ ਮਾਲਕ ਪ੍ਰਮਾਤਮਾ ਨਾਲ ਇਕਸੁਰ ਹੋਇਆਂ ਉਸ ਦੇ ਹੁਕਮ ਵਿਚ ਜੀਵਨ ਨੂੰ ਤੋਰਿਆਂ ਕੀ ਹੈ ਜੋ ਪ੍ਰਾਪਤ ਨਹੀਂ ਕੀਤਾ ਜਾ ਸਕਦਾ ? ਪਰ ਦੁਨੀਆਂਦਾਰਾਂ ਦਾ ਨਿਸ਼ਚਾ ਰੱਬ ਨਾਲੋਂ ਸ਼ੈਤਾਨ ਵਿਚ ਜ਼ਿਆਦਾ ਹੈ ; ਇਸ ਲਈ ਉਹ ਦੁਖੀ ਹਨ । ਬਾਹਰੋਂ ਬੀਮਾਰੀ ਆਉਂਦੀ ਹੀ ਤਦ ਹੈ ਜਦ ਜੜ੍ਹ ਅੰਦਰ ਹੁੰਦੀ ਹੈ ।

ਟਰਾਈਨ ਨੇ ਠੀਕ ਹੀ ਕਿਹਾ ਸੀ, "One who opens to



the Divine inflow takes on God's powers and they are unlimtited."

ਅਰਥਾਤ "ਜਪ ਪੁਰਸ਼ ਰੱਬੀ ਵਹਾਉ ਨਾਲ ਸੁਰਤ ਜੋੜਦਾ ਹੈ ਉਹ ਓਥੋਂ ਉਪਜੀਆਂ ਬੇਅੰਤ ਸ਼ਕਤੀਆਂ ਦਾ ਮਾਨੋ ਹਿੱਸੇਦਾਰ ਬਣ ਜਾਂਦਾ ਹੈ ।"

ਪਰਮਾਤਮਾ ਦੀਆਂ ਇਹਨਾਂ ਸ਼ਕਤੀਆਂ ਦੇ ਸਭ ਹੀ ਵਾਰਸ ਹਨ । ਇਸ ਲਈ ਜੇ ਉਹ ਚਾਹੁਣ ਤਾਂ ਥੁੜ੍ਹ ਤੇ ਗ਼ਰੀਬੀ ਦੀ ਥਾਂ ਅਮੀਰੀ, ਦੁਖ ਤੇ ਕਸ਼ਟ ਦੀ ਥਾਂ ਸੁਖ ਤੇ ਸ਼ਾਤੀ ਅਤੇ ਕਮਜ਼ੋਰੀ ਦੀ ਥਾਂ ਤਾਕਤਵਰੀ ਤੇ ਸਿਹਤ ਪ੍ਰਾਪਤ ਕਰ ਸਕਦੇ ਹਨ । ਉਹ ਸਦਾ ਨਫੀ ਨੂੰ ਜਮ੍ਹਾਂ ਵਿਚ ਬਦਲ ਸਕਦੇ ਹਨ। ਪਰ ਮਨੁੱਖ ਬੇਲੋੜੇ ਕੁੜ੍ਹਦੇ ਰਹਿੰਦੇ ਹਨ । ਇਸ ਖ਼ੂਬਸੂਰਤ ਦੁਨੀਆਂ ਵਿਚ ਜੀਵਨ ਵੱਲ ਇਕ ਨਜ਼ਰ ਇਹ ਵੀ ਹੈ ਕਿ ਇਸ ਦੀਆਂ ਬੇਅੰਤ ਬਰਕਤਾਂ ਵੱਲ ਹੀ ਧਿਆਨ ਜਾਣਾ ਚਾਹੀਦਾ ਹੈ । ਰਾਗ, ਹੁਨਰ, ਸਾਹਿਤ, ਬੱਚੇ, ਦੋਸਤ ਚੜ੍ਹਦੇ ਸੂਰਜ ਦੀ ਖ਼ੂਬਸੂਰਤੀ ਅੱਗ, ਪਾਣੀ, ਰੋਸ਼ਨੀ, ਸਜਣਾਂ ਮਿੱਤਰਾਂ ਦੇ ਪ੍ਰੇਮ, ਇਹ ਸਭ ਚੀਜ਼ਾਂ ਹਰ ਇਕ ਨੂੰ ਰੋਜ਼ ਪ੍ਰਾਪਤ ਹੁੰਦੀਆਂ ਹਨ। ਜੋ ਚੀਜ਼ ਹਰ ਕਿਸੇ ਨੂੰ ਹਰ ਵੇਲੇ ਮਿਲ ਸਕਦੀ ਹੈ ਤੇ ਮਿਲਦੀ ਰਹਿੰਦੀ ਹੈ ਉਸ ਵੱਲ ਨਜ਼ਰ ਜਾਵੇ, ਨਾ ਕਿ ਉਸ ਵੱਲ ਜੋ ਨਹੀਂ ਮਿਲਦੀ । ਧੰਨਵਾਦੀ ਹੋਣ ਲਈ ਸਭ ਕਿਸੇ ਨੂੰ ਬੇਅੰਤ ਚੀਜ਼ਾਂ ਰੋਜ਼ ਮਿਲਦੀਆਂ ਹਨ । ਵਿਕਟਰ ਹਿਉਗੋ ਬਾਬਤ ਇਹ ਜ਼ਿਕਰ ਆਂਦਾ ਹੈ ਕਿ ਉਸ ਨੇ ਆਪਣੇ ਸਭ ਦੁਖ ਕਸ਼ਟ ਤੇ ਫਿਕਰ ਆਪਣੇ ਤਸੱਵਰ ਵਿਚ ਇਕੱਠੇ ਕਰਕੇ ਮਾਨੋਂ ਇਕ ਪੱਥਰ ਦੀ ਤਰ੍ਹਾਂ ਸਮੁੰਦਰ ਵਿਚ ਸੁੱਟ ਦਿੱਤੇ ਹਨ । ਹਰ ਕੋਈ ਇਸ ਤਰ੍ਹਾਂ ਕਰ ਸਕਦਾ ਹੈ । ਗੁਰੂ ਸਾਹਿਬ ਪਾਸ ਮਾਨਸਿਕ ਤੇ ਸਰੀਰਕ ਰੋਗੀ ਆਂਵਦੇ ਸਨ ਤੇ ਸਭ ਨੂੰ ਉਹ ਇਹੋ ਨੁਸਖਾ ਦੱਸਦੇ ਸਨ: "ਜਾਉ, ਵਾਹਿਗੁਰੂ ਜਪੋ, ਤੁਸੀਂ ਰਾਜ਼ੀ ਹੋ, ਸਰਬੱਤ ਦੇ ਭਲੇ ਦੀ ਅਰਦਾਸ ਕਰੋ ।" ਇਹ ਗੱਲ ਪ੍ਰਤੱਖ ਹੈ ਕਿ ਨਫ਼ਰਤ, ਖੁਦਗਰਜ਼ੀ ਤੇ ਈਰਖਾ ਆਦਿ ਤੋਂ ਨਾ ਸਹੀ ਰੋਸ਼ਨੀ ਮਿਲਦੀ ਹੈ ਤੇ ਨਾ ਸੁਖ ਜਾਂ ਸ਼ਾਂਤੀ । ਸਭ ਕਿਸੇ ਲਈ ਆਤਮਿਕ ਜੀਵਨ ਹੀ ਸਹੀ ਰਸਤਾ ਹੈ ।ਮਨ ਦੀ ਪਵਿੱਤਰਤਾ ਤੋਂ ਬੜੀ ਭਾਰੀ ਸ਼ਕਤੀ ਨਿਕਲ ਸਕਦੀ ਹੈ, ਨਹੀਂ ਤਾਂ ਦੁੱਖ ਕਸ਼ਟ ਬਣਿਆ ਰਹੇਗਾ । ਜੋ ਆਪ ਰੋਗੀ ਹੈ ਉਸ ਲਈ ਬਾਹਰ ਦੀ ਸਭ ਚੀਜ਼ ਹੀ ਮਾੜੀ ਹੋ ਜਾਂਦੀ ਹੈ । ਛੱਤੀ ਪ੍ਰਕਾਰ ਦੇ ਅੰਮ੍ਰਿਤ ਉਸ ਨੂੰ ਜ਼ਹਿਰ ਹੋ ਕੇ ਦਿਸਦੇ ਹਨ । ਯਕਰਾਨ ਦੇ ਬੀਮਾਰ ਲਈ ਸਭ ਚੀਜ਼ਾਂ ਦਾ ਰੰਗ ਪੀਲਾ ਹੋ ਜਾਂਦਾ ਹੈ । ਬੁਖ਼ਾਰ ਤਾਂ ਸਭ ਚੀਜ਼ਾਂ ਦੇ ਸਵਾਦ ਹੀ ਮਾਰ ਦਿੰਦਾ ਹੈ । ਗੁਰੂ

ਅਰਜਨ ਦੇਵ ਕਹਿੰਦੇ ਹਨ ।

"ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ ॥"

(ਸੋਰਠਿ ਮਹਲਾ ੫) ਅੰਗ ੬੧੦

ਅਰਥਾਤ "ਸੁਖੀ ਮਨੁੱਖ ਨੂੰ ਸਭ ਕੋਈ ਸੁਖੀ ਦਿਸਦਾ ਹੈ ਅਤੇ ਰੋਗੀ ਲਈ ਸਭ ਕੋਈ ਰੋਗੀ ।"

**ਹੋਰ : "ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥ ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥ ਸੰਤ ਸੰਗਿ ਸੰਤਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥"**

(ਸੋਰਠਿ ਮਹਲਾ ੫) ਅੰਗ ੬੧੦

ਅਰਥਾਤ "ਹੇ ਮੇਰੇ ਮਨ, ਜਿਸ ਪੁਰਸ਼ ਨੇ ਆਪਣਾ ਭਰਮ ਗਵਾ ਕੇ ਸਭ ਵਿਚ ਬ੍ਰਹਮ ਵੇਖਿਆ ਹੈ ਉਸ ਨੂੰ ਕੋਈ ਵੀ ਭੁੱਲਾ ਹੋਇਆ ਨਹੀਂ ਦਿਸਦਾ। ਜਿਸ ਨੇ ਸੰਤਾਂ ਦੀ ਸੰਗਤ ਵਿਚ ਆਪਣਾ ਮਨ ਠੰਢਾ ਕਰ ਲਿਆ ਹੈ ਉਸ ਨੂੰ ਸਭ ਦੁਨੀਆਂ ਠੰਢੀ ਨਜ਼ਰ ਆਉਂਦੀ ਹੈ ।"

ਇਹ ਐਸੀ ਨਜ਼ਰ ਹੈ ਜਿਸ ਵਿਚ "ਸਭ ਭਲੋ ਹੈ" ਹੋ ਜਾਂਦਾ ਹੈ :

ਫਿਰ "ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥"

(ਪ੍ਰਭਾਤੀ ਕਬੀਰ ਜੀ) ਅੰਗ ੧੩੫੦

ਅਰਥਾਤ "ਇਹਨਾਂ ਮਿੱਟੀ ਦੇ ਭਾਂਡਿਆਂ (ਜੀਵਾਂ) ਵਿਚ ਕੋਈ ਦੋਸ਼ ਨਹੀਂ ਹੈ, ਕਿਉਂਕਿ ਇਹਨਾਂ ਦੇ ਬਣਾਉਣ ਵਾਲਾ ਘੁਮਿਆਰ (ਵਾਹਿਗੁਰੂ) ਆਪ ਬੇਦੋਸ਼ ਹੈ ।"

ਪਰ ਇਸ ਤਰ੍ਹਾਂ ਕੋਈ ਵਿਰਲਾ ਗੁਰਮੁਖ ਵੇਖਦਾ ਹੈ ।

ਸੱਚ ਹੈ, ਆਪਿ ਭਲਾ ਸਭ ਜਗ ਭਲਾ ।"

(ਵਾਰ ਭਾਈ ਗੁਰਦਾਸ ਜੀ)

ਅਰਥਾਤ "ਜੋ ਆਪ ਭਲਾ ਹੈ, ਉਸ ਨੂੰ ਸਾਰਾ ਜਗਤ ਭਲਾ ਹੋ ਕੇ ਦਿਸਦਾ ਹੈ ।"

ਕਹਿੰਦੇ ਹਨ ਕਿ ਸ੍ਰੀ ਕ੍ਰਿਸ਼ਨ ਜੀ ਨੇ ਇਕ ਸਮੇਂ ਯੁਧਿਸ਼ਟਰ ਜੀ ਨੂੰ ਇਹ ਹੁਕਮ ਦੇ ਕੇ ਭੇਜਿਆ ਕਿ ਉਹ ਕੋਈ ਬੁਰਾ ਆਦਮੀ ਤਲਾਸ਼ ਕਰਕੇ



ਉਹਨਾਂ ਦੇ ਪਾਸ ਲਿਆਵੇ । ਇਸੇ ਤਰ੍ਹਾਂ ਉਹਨਾਂ ਦੁਰਯੋਧਨ ਨੂੰ ਕੋਈ ਨੇਕ ਪੁਰਸ਼ ਲੱਭ ਲਿਆਵਣ ਲਈ ਘੱਲਿਆ ਸੀ । ਪਰ ਦੋਵੇਂ ਖ਼ਾਲੀ ਵਾਪਸ ਮੁੜ ਆਏ ਸਨ । ਬੁਰੇ ਨੂੰ ਕੋਈ ਚੰਗਾ ਨਹੀਂ ਦਿੱਸਿਆ ਸੀ ਅਤੇ ਚੰਗੇ ਲਈ ਕੋਈ ਬੁਰਾ ਨਹੀਂ ਸੀ ਰਿਹਾ । ਹਰ ਬੁਰਾਈ ਤੇ ਨੇਕੀ ਦੀ ਜੜ੍ਹ ਅੰਦਰ ਹੁੰਦੀ ਹੈ ; ਜਿਵੇਂ ਸ਼ੇਰ ਆਪਣੇ ਆਪ ਨੂੰ ਭੁਲਾ ਕੇ ਖੋਤਿਆਂ ਵਿਚ ਜਾ ਰਲੇ ਤੇ ਜੁਤੀਆਂ ਖਾਏ, ਜਾਂ ਜਿਵੇਂ ਕੋਈ ਰਾਜ ਕੁਮਾਰ ਲੀਰਾਂ ਵਿਚ ਰੁਲਦਾ ਫਿਰੇ, ਜਾਂ ਜਿਵੇਂ ਮਿਰਗ ਕਸਤੂਰੀ ਦੀ ਭਾਲ ਵਿਚ ਬਾਹਰ ਭਟਕਦਾ ਫਿਰੇ, ਤਿਵੇਂ ਅੰਦਰ ਦੀ ਬਾਦਸ਼ਾਹਤ ਤੋਂ ਅਨਜਾਣ ਹੋਣ ਕਰਕੇ ਜੀਵ ਬਾਹਰ ਭਟਕਦਾ ਦੁਖੀ ਹੋ ਰਿਹਾ ਹੈ । ਪਰ ਜੋ ਪੁਰਸ਼ ਅੰਦਰ ਚਲਾ ਜਾਂਦਾ ਹੈ, ਉਸ ਲਈ ਕੁਝ ਵੀ ਮਾੜਾ ਹੋ ਕੇ ਨਹੀਂ ਦਿਸਦਾ । ਇਸ ਦਾ ਭਾਵ ਇਹ ਨਹੀਂ ਕਿ ਉਸ ਦੀ ਵਿਚਾਰ ਕਮਜ਼ੋਰ ਹੋ ਜਾਂਦੀ ਹੈ ਤੇ ਉਸ ਨੂੰ ਚੰਗੇ ਮੰਦੇ ਵਿਚ ਫ਼ਰਕ ਨਹੀਂ ਦਿਸਦਾ । ਸਗੋਂ ਸਹਜ ਤਾਂ ਪੂਰਨ ਬ੍ਰਹਮ ਗਿਆਨ ਦੀ ਹਾਲਤ ਹੈ ਜਿਸ ਵਿਚ ਹਰ ਚੀਜ਼ ਆਪਣੇ ਅਸਲ ਰੂਪ ਵਿਚ ਦਿਸ ਪੈਂਦੀ ਹੈ ਮਹਾਰਾਜ ਕਹਿੰਦੇ ਹਨ :

"ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਗਲ ਪ੍ਰਗਾਸਾ॥"

ਅੰਗ ੬੧੦

ਅਰਥਾਤ "ਜਿਨ੍ਹਾਂ ਜੀਵਾਂ ਦੀਆਂ ਅੱਖਾਂ ਵਿਚ ਗਿਆਨ ਦਾ ਸੁਰਮਾ ਪਿਆ ਹੈ ਉਹਨਾਂ ਨੂੰ ਸਭ ਪਾਸੀਂ ਚਾਨਣਾ ਹੋਇਆ ਹੈ ।

ਪਰ ਉਸ ਦੀ ਨਜ਼ਰ ਏਨੀ ਵਿਸ਼ਾਲ ਹੋ ਗਈ ਹੈ ਕਿ ਇਨਸਾਨਾਂ ਦੀਆਂ ਗਲਤੀਆਂ ਤੇ ਕਮਜ਼ੋਰੀਆਂ ਰੱਬ ਦੀ ਬੇਅੰਤ ਖੇਡ ਦੇ ਸਾਹਮਣੇ ਏਨੀਆਂ ਨਿਕੀਆਂ ਨਿਕੀਆਂ ਹੋ ਕੇ ਦਿਸਦੀਆਂ ਹਨ ਜਿਵੇਂ ਹੈਨ ਹੀ ਨਹੀਂ । ਜਿੰਨਾ ਛੋਟਾ ਕੋਈ ਪੁਰਸ਼ ਹੁੰਦਾ ਹੈ ਉਤਨਾ ਹੀ ਉਹ ਤੰਗ ਦਿਲ ਹੁੰਦਾ ਹੈ ਤੇ ਨਿਕੀਆਂ ਨਿਕੀਆਂ ਗੱਲਾਂ ਨੂੰ ਬਹੁਤ ਵੱਡਾ ਬਣਾ ਲੈਂਦਾ ਹੈ । ਕਿਸੇ ਦੀ ਛੋਟੀ ਮੋਟੀ ਵਧੀਕੀ ਨੂੰ ਬਰਦਾਸ਼ਤ ਨਹੀਂ ਕਰਦਾ ਤੇ ਉਸ ਨੂੰ ਲੰਮਾ ਸਮਾਂ ਦਿਲ 'ਤੇ ਲਾਈ ਰੱਖਦਾ ਹੈ । ਪਰ ਵੱਡੇ ਦਿਲ ਵਿਚ ਇਹ ਸਮਝਦਾ ਹੈ ਕਿ ਪ੍ਰਸਪਰ ਮੁਫਾਦਾਂ ਦੀ ਟੱਕਰ ਦੇ ਕਾਰਨ ਮਨਾਂ ਵਿਚ ਰਗੜ ਪੈਦਾ ਹੋ ਜਾਂਦੀ ਹੈ ਤੇ ਵਿਚੋਂ ਗਰਮੀ ਨਿਕਲ ਆਂਦੀ ਹੈ। ਜੀਵ ਵਿਚਾਰੇ ਕਠਪੁਤਲੀਆਂ ਹਨ ਜੋ ਹਾਲਾਤ ਦੀਆਂ ਮਜ਼ਬੂਰੀਆਂ ਵਿਚ ਕਦੇ ਟਪ ਖਲੋਂਦੇ ਹਨ ਤੇ ਕਦੇ ਚੁਪ ਹੋ ਜਾਂਦੇ ਹਨ । ਇਸ ਲਈ ਵਿਚਾਰਵਾਨ ਗਿਆਨੀ ਪੁਰਸ਼, ਕਿਸੇ ਨਾਲ ਨਫ਼ਰਤ ਨਹੀਂ ਕਰ

ਸਕਦਾ; ਸਗੋਂ ਸਭ ਲਈ ਖਾਸ ਕਰਕੇ ਵਿਰੋਧੀਆਂ ਲਈ ਖਿਮਾਂ, ਪਿਆਰ ਤੇ ਤਰਸ ਦੇ ਜਜ਼ਬੇ ਰੱਖਦਾ ਹੈ ਤੇ ਪ੍ਰਗਟ ਕਰਦਾ ਹੈ। ਉਹ ਜਾਣਦਾ ਹੈ ਕਿ :

"ਕਿਛੁ ਹਾਥਿ ਕਿਸੈ ਦੇ ਕਿਛੁ ਨਹੀ ਸਭਿ ਚਲਹਿ ਚਲਾਏ ॥"

(ਆਸਾ ਮਹਲਾ ੪) ਅੰਗ ੪੫੦

ਅਰਥਾਤ "ਸਭ ਹਰੀ ਦਾ ਹੁਕਮ ਵਰਤ ਰਿਹਾ ਹੈ ਤੇ ਕਿਸੇ ਦੇ (ਵਸ) ਵਿਚ ਕੁਝ ਵੀ ਨਹੀਂ।"

ਹੁਣ ਉਹ ਸਭ ਦਾ ਸਜਨ ਹੈ ਜਗਤ ਸਾਰਾ ਉਸ ਦਾ ਆਪਣਾ ਹੈ ਤੇ ਇਸ ਜਗਤ ਵਿਚ ਉਸ ਨੂੰ ਕੋਈ ਬੁਰਾਈ ਨਹੀਂ ਦਿਸਦੀ, ਸਗੋਂ ਇਹ ਜਗਤ ਹੁਣ ਪਿਆਰਾ, ਮਿੱਠਾ ਤੇ ਸੁਹਾਵਣਾ ਬਾਗ਼ ਹੋ ਕੇ ਦਿਸਦਾ ਹੈ। ਗੁਰੂ ਅਮਰਦਾਸ ਜੀ ਦਾ ਫੁਰਮਾਣ ਹੈ :

"ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥"

(ਰਾਮਕਲੀ ਮਹਲਾ ੩ ਅਨੰਦ) ਅੰਗ ੯੨੨

ਅਰਥਾਤ "ਇਹ ਸਾਰਾ ਦਿਸਦਾ ਸੰਸਾਰ ਉਸ ਹਰੀ ਦਾ ਰੂਪ ਹੈ। ਜਿਥੇ ਕਿਥੇ ਮੈਂ ਵੇਖਦਾ ਹਾਂ ਮੈਨੂੰ ਕੇਵਲ ਹਰੀ ਹੀ ਦਿਸ ਰਿਹਾ ਹੈ।" ਗੁਰੂ ਨਾਨਕ ਦੇਵ ਜੀ ਫ਼ੁਰਮਾਂਦੇ ਹਨ :

"ਆਪਿ ਸਤਿ ਕੀਆ ਸਭੁ ਸਤਿ ॥"

ਅਰਥਾਤ "ਉਹ ਸਚ ਹੈ ਤੇ ਉਸ ਦੀ ਸਭ ਰਚਨਾ ਵੀ ਸਚ ਹੈ।" ਗੁਰੂ ਅੰਗਦ ਦੇਵ ਫੁਰਮਾਂਦੇ ਹਨ :

"ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥"

(ਵਾਰ ਆਸਾ ਮਹਲਾ ੨) ਅੰਗ ੪੬੩

ਅਰਥਾਤ "ਇਹ ਸਾਰਾ ਜਗਤ ਸਚੇ ਦੀ ਥਾਂ ਹੈ, ਜਿਸ ਵਿਚ ਉਸ ਸਚੇ ਦਾ ਹੀ ਵਾਸਾ ਹੈ।"

ਜੋ ਇਸ ਤਰ੍ਹਾਂ ਵੇਖ ਸਕਦਾ ਹੈ ਉਸ ਲਈ ਛੋਟੇ ਮੋਟੇ ਦੁਨਿਆਵੀ ਦੁਖ ਸੁਖ ਕੀ ਅਰਥ ਰੱਖਦੇ ਹਨ ? ਇਹਨਾਂ ਫੋਕਿਆਂ ਦੁਖਾਂ ਸੁਖਾਂ ਤੋਂ ਉਹ ਬਹੁਤ ਉਤੇ ਚਲਾ ਗਿਆ ਹੁੰਦਾ ਹੈ। ਉਸ ਦੇ ਸਰੀਰਕ, ਮਾਨਸਿਕ ਤੇ ਅਧਿਆਤਮਕ



ਰੋਗ ਸਭ ਕਟੇ ਗਏ ਹੁੰਦੇ ਹਨ। ਉਹ ਮਾਨੋ ਸਹਜ ਪ੍ਰਾਪਤ ਕਰ ਚੁਕਾ ਹੈ ਅਰਥਾਤ ਉਹ ਮੁਕਤ ਹੋ ਗਿਆ ਹੋਇਆ ਹੈ। ਮੁਕਤੀ ਉਸ ਲਈ ਮਰ ਕੇ ਨਹੀਂ ਜਾਂ ਏਥੋਂ ਕਿਸੇ ਹੋਰ ਥਾਂ ਪੁਜ ਕੇ ਨਹੀਂ ਮਿਲਣੀ ਹੁੰਦੀ, ਸਗੋਂ ਏਥੇ ਹੀ ਪ੍ਰਾਪਤ ਹੋ ਜਾਣੀ ਹੁੰਦੀ ਹੈ ਤੇ ਹਰ ਕੋਈ ਇਸ ਦਾ ਹੱਕਦਾਰ ਹੈ। ਇਸੇ ਕਾਰਨ ਨਾਮਦੇਵ ਜੀ ਰੱਬ ਤੋਂ ਪੁਛਦੇ ਹਨ :

"ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥"

(ਮਲਾਰ ਨਾਮਦੇਵ ਜੀ) ਅੰਗ ੧੨੯੨

ਅਰਥਾਤ "ਜੇ ਤੂੰ, ਹੇ ਹਰੀ! ਮੈਨੂੰ ਮਰ ਕੇ ਮੁਕਤੀ ਦੇਣੀ ਹੈ ਤਾਂ ਉਸ ਮੁਕਤੀ ਨੂੰ ਕੌਣ ਵੇਖੇਗਾ ?"

ਮੁਕਤੀ ਦਾ ਅਰਥ ਅਜ਼ਾਦੀ ਹੈ। ਜਦ ਕੋਈ ਮਨੁੱਖ ਹਰ ਕਿਸਮ ਦੇ ਬੰਧਨਾਂ ਤੋਂ ਅਜ਼ਾਦ ਹੋ ਜਾਂਦਾ ਹੈ , ਉਹ ਮੁਕਤ ਹੈ। ਫਿਰ ਉਹ ਆਪਣੇ ਮਨ ਦਾ ਗ਼ੁਲਾਮ ਨਹੀਂ, ਮਾਲਕ ਹੋ ਜਾਂਦਾ ਹੈ। ਇਹ ਅਜ਼ਾਦੀ ਬਾਹਰੋਂ ਨਹੀਂ ਆਂਵਦੀ, ਅੰਦਰੋਂ ਕੱਢਣੀ ਹੁੰਦੀ ਹੈ ਤੇ ਇਸ ਦੀ ਪ੍ਰਾਪਤੀ ਲਈ ਹਰ ਕਿਸੇ ਨੂੰ ਆਪ ਮਿਹਨਤ ਕਰਨੀ ਪੈਂਦੀ ਹੈ। ਤੰਗ ਦਿਲੀ ਤੇ ਤਅੱਸਬ ਤੋਂ ਛੁਟਕਾਰਾ, ਕਾਮ-ਕ੍ਰੋਧ ਤੇ ਖਲਾਸੀ, ਵਿਸ਼ੇ ਵਿਕਾਰਾਂ ਦੀ ਗੁਲਾਮੀ ਤੋਂ ਬਚਾਉ ਅਤੇ ਮਨ ਦੀਆਂ ਸਭ ਕੈਦਾਂ ਤੋਂ ਅਜ਼ਾਦੀ ਆਪਣੇ ਯਤਨਾਂ ਨਾਲ ਹੋਣੀ ਹੈ। ਇਹ ਤਾਂ ਆਪਣੇ ਨੀਵੇਂ ਆਪੇ ਤੋਂ ਛੁਟਕਾਰਾ ਲੈਣਾ ਹੁੰਦਾ ਹੈ। ਜਦ ਇਸ ਤਰ੍ਹਾਂ ਆਪਣਾ ਆਪ ਗਵਾ ਕੇ ਕੋਈ ਰੱਬ ਦਾ ਹੋ ਜਾਂਦਾ ਹੈ ਤਾਂ ਉਹ ਮੁਕਤ ਹੈ। ਕਬੀਰ ਜੀ ਮਾਰੂ ਰਾਗ ਵਿਚ ਕਹਿੰਦੇ ਹਨ :-

**"ਜਉ ਤੁਮ੍ ਮੋ ਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ ॥ ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ ॥੧॥ ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ ॥ ਸੋਧਉ ਮੁਕਤਿ ਕਹਾ ਦੇਉ ਕੈਸੀ ਕਰਿ ਪ੍ਰਸਾਦੁ ਮੋਹਿ ਪਾਈ ਹੈ ॥ ॥੧ ॥ ਰਹਾਉ ॥ ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ ॥ ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ ॥"ਅੰਗ ੧੧੦੪**

ਅਰਥਾਤ "ਹੇ ਹਰੀ ! ਜੇ ਤੁਸੀਂ ਮੈਨੂੰ ਦੂਰ ਕਰੋ ਤਾਂ ਦੱਸੋ ਫੇਰ ਮੁਕਤੀ

ਕੀ ਹੋਈ (ਭਾਵ ਤੇਰਾ ਮੇਲ ਹੀ ਮੁਕਤੀ ਹੈ)? ਤੁਸੀਂ ਇਕ ਹੁੰਦੇ ਹੋਏ ਜਦ ਆਪ ਹੀ ਅਨੇਕ ਹੋ ਕੇ ਵਰਤ ਰਹੇ ਹੋ ਤਾਂ ਤੁਸੀਂ ਮੈਨੂੰ ਕਿਵੇਂ ਕੋਈ ਦਵੈਤ ਦਾ ਭੁਲੇਖਾ ਪਾ ਸਕਦੇ ਹੋ ? ਹੇ ਰਾਮ, ਮੈਂ ਪੁਛਦਾ ਹਾਂ ਕਿ ਹੋਰ ਕੋਈ ਮੁਕਤੀ ਜੇ ਹੈ ਤਾਂ ਕਿਹੋ ਜਿਹੀ ਹੈ ਤੇ ਮੈਨੂੰ ਕਿਥੇ ਦਿਉਗੇ, ਕਿਉਂਕਿ ਤੁਸਾਂ ਕਿਰਪਾ ਕਰਕੇ ਮੁਕਤੀ ਤਾਂ ਮੈਨੂੰ ਅਗੇ ਹੀ ਦਿਤੀ ਹੋਈ ਹੈ ਤੇ ਮੈਂ ਪਾ ਲਈ ਹੋਈ ਹੈ? ਇਹ ਗੱਲਾਂ ਕਿ ਉਹ ਤਾਰਦਾ ਹੈ ਤੇ ਜੀਵ ਤਰਦੇ ਹਨ ਉਤਨਾ ਚਿਰ ਹੀ ਕਹੀਦੀਆਂ ਹਨ ਜਿੰਨਾ ਚਿਰ ਅਸਲੀਅਤ ਪ੍ਰਕਾਸ਼ ਨਹੀਂ ਹੁੰਦੀ । ਹੁਣ ਤਾਂ ਮੈਂ ਅੰਦਰ ਹੀ ਅੰਦਰ ਮੈਲ ਰਹਿਤ ਹੋ ਚੁੱਕਾ ਹਾਂ ਤੇ ਮੇਰਾ ਮਨ ਪਤੀਜ ਗਿਆ ਹੈ ।

ਬਸ, ਇਹ ਹੈ ਮੁਕਤੀ ਕਿ ਪ੍ਰਮਾਤਮਾ ਦਾ ਨੇੜ ਪ੍ਰਾਪਤ ਹੋ ਗਿਆ ਹੈ । ਜੇ ਇਹ ਨੇੜ ਪ੍ਰਾਪਤ ਨਹੀਂ ਹੋਇਆ ਤਾਂ ਮੁਕਤੀ ਦਾ ਕੋਈ ਅਰਥ ਹੀ ਨਹੀਂ ਰਹਿੰਦਾ । ਜੀਵ ਆਪ ਹੀ ਤਰਣ-ਤਾਰਣ ਹੈ, ਕਿਉਂਕਿ ਆਪੇ ਦੀ ਸੋਝੀ ਹੋ ਕੇ ਏਸੇ ਆਪੇ ਨਾਲ ਆਪਾ ਭਾਵ ਨੂੰ ਮਾਰ ਕੇ ਉਸ ਸਰਬ ਆਪੇ ਵਿਚ ਲੀਨ ਹੋਣਾ ਹੈ । ਕਿਸੇ ਹੋਰ ਦੇ ਤਰਣ-ਤਾਰਣ ਹੋਣ ਦਾ ਵਿਚਾਰ ਓਨਾ ਚਿਰ ਹੀ ਹੁੰਦਾ ਹੈ ਜਿੰਨਾ ਚਿਰ ਇਸ ਬੁਨਿਆਦੀ ਗੱਲ ਦੀ ਸਮਝ ਨਹੀਂ ਆ ਜਾਂਦੀ । ਜਦ ਏਕ ਹੀ ਅਨੇਕ ਵਿਚ ਵਰਤਦਾ ਦਿਸ ਪੈਂਦਾ ਹੈ ਅਤੇ ਆਪਾ ਮਿਟ ਜਾਂਦਾ ਹੈ ਤਾਂ ਇਸ ਇਕ ਵਿਚ ਅਭੇਦ ਹੋ ਜਾਈਦਾ ਹੈ । ਇਕ ਮੁਕਤੀ ਹੈ ਤੇ ਇਹੋ ਸਹਜ ਹੈ । ਇਸ ਮੁਕਤੀ ਦਾ ਮਨਰੋਥ ਇਹ ਨਹੀਂ ਕਿ ਇਸ ਦੇ ਆਇਆਂ ਹਰ ਕਿਸਮ ਦੇ ਦੁਨਿਆਵੀ ਸੁਖ ਅਰਾਮ ਆ ਜਾਂਦੇ ਹਨ ਤੇ ਧੰਧੇ ਖਤਮ ਹੋ ਜਾਂਦੇ ਹਨ—ਤੇ ਕੰਮ ਕਾਜ ਤੇ ਜ਼ਿੰਮੇਵਾਰੀ ਮੁਕ ਕੇ ਵਿਹਲ ਪ੍ਰਾਪਤ ਹੋ ਜਾਂਦੀ ਹੈ । ਇਹ ਮੁਕਤੀ ਤਾਂ ਸਗੋਂ ਵਧੇਰੇ ਜ਼ਿੰਮੇਵਾਰੀਆਂ ਗਲ ਪਾਉਂਦੀ ਹੈ ਤੇ ਸੇਵਾ ਦ ਰਾਹ 'ਤੇ ਤੋਰਦੀ ਹੈ । ਪਰ ਹੁਣ ਬੇਗਰਜ਼ੀ ਆ ਗਈ ਹੁੰਦੀ ਹੈ, ਕਿਉਂਕਿ ਆਪਣਾ ਆਪ ਰਹਿ ਹੀ ਨਹੀਂ ਜਾਂਦਾ । ਕੰਮਾਂ ਵਿਚ ਲਗਿਆਂ ਉਨ੍ਹਾਂ ਕੰਮਾਂ ਨਾਲ ਪਕੜ ਜਾਂ ਬੰਧਨ ਖ਼ਤਮ ਹੋ ਜਾਂਦੀ ਹੈ । ਇਸ ਬੰਧਨ ਰਹਿਤ ਹਾਲਤ ਵਿਚੋਂ ਸਦੀਵੀ ਸੁਖ ਨਿਕਲਦੇ ਹਨ ; ਕਿਉਂਕਿ ਸਾਰਾ ਜੀਵਨ ਹੀ ਕੁਦਰਤੀ ਹੋ ਜਾਦਾ ਹੈ ਤੇ ਹਰ ਚੀਜ਼ ਆਪਣੇ ਅਸਲ ਤੇ ਨਾਰਮਲ ਰੂਪ ਵਿਚ ਹੋ ਜਾਂਦੀ ਹੈ। ਇਹ ਸਦ-ਅਨੰਦ ਦੀ ਹਾਲਤ ਹੈ, ਜਿਸ ਵਿਚ ਛੋਟੇ ਮੋਟੇ ਦੁਖ ਸੁਖ ਦੋਵੇਂ ਹੀ ਥੱਲੇ ਰਹਿ ਜਾਂਦੇ ਹਨ । ਇਸ ਨੂੰ ਸਹਜ ਜਾਂ ਨਿਜਾਨੰਦ ਦੀ ਹਾਲਤ ਕਹਿ ਸਕਦੇ ਹਾਂ । ਇਸ ਹਾਲਤ ਦੀ ਵਿਆਖਿਆ ਲਈ ਇਕ ਸ਼ਬਦ ਦਿੰਦੇ ਹਾਂ:-

"ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ



ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥ ਨਹ ਨਿੰਦਿਆ
ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥ ਹਰਖ ਸੋਗ ਤੇ
ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ਆਸਾ ਮਨਸਾ
ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥ ਕਾਮੁ ਕ੍ਰੋਧੁ ਜਿਹ
ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥ ਗੁਰ ਕ੍ਰਿਪਾ
ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥ ਨਾਨਕ
ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥
੩॥੧੧॥ (ਸੋਰਠਿ ਮਹਲਾ ੯) ਅੰਗ ੬੩੩

ਅਰਥਾਤ "ਜੋ ਪੁਰਸ਼ ਦੁਖਾਂ ਵਿਚ ਘਬਰਾਂਦਾ ਨਹੀਂ, ਜਿਸ ਦਾ ਸੁਖਾਂ ਨਾਲ ਮੋਹ ਨਹੀਂ, ਜੋ ਕਿਸੇ ਤੋਂ ਡਰਦਾ ਨਹੀਂ, ਜੋ ਸੋਨੇ ਨੂੰ ਮਿੱਟੀ ਤੁਲ ਸਮਝਦਾ ਹੈ, ਜੋ ਨਿੰਦਾ ਤੋਂ ਨਹੀਂ ਡਰਦਾ ਤੇ ਨਾ ਖ਼ੁਸ਼ਾਮਦ ਭਰੀ ਉਸਤਤ ਲੋੜਦਾ ਹੈ; ਜਿਸ ਨੂੰ ਲੋਭ, ਮੋਹ ਤੇ ਹੰਕਾਰ ਨਹੀਂ ਹੁੰਦਾ, ਜੋ ਖ਼ੁਸ਼ੀ ਤੇ ਗ਼ਮੀ ਤੋਂ ਨਿਰਲੇਪ ਰਹਿੰਦਾ ਹੈ, ਜੋ ਆਦਰ ਜਾਂ ਨਿਰਾਦਰੀ ਦੀ ਪਰਵਾਹ ਨਹੀਂ ਕਰਦਾ ,ਜੋ ਇਛਾਵਾਂ ਤੇ ਉਮੀਦਾ ਸਭ ਕੁਝ ਛੱਡ ਦਿੰਦਾ ਹੈ ਅਤੇ ਸੰਸਾਰ ਨਾਲ ਕੋਈ ਆਸਾਂ ਨਹੀਂ ਬੰਨ੍ਹਦਾ , ਜਿਸ ਨੂੰ ਕਾਮ ਤੇ ਕਰੋਧ ਛੋਂਹਦੇ ਨਹੀਂ (ਅਸਰ ਨਹੀਂ ਕਰਦੇ) ਉਸ ਦੇ ਮਨ ਵਿਚ ਪ੍ਰਮਾਤਮਾ ਆ ਵਸਦਾ ਹੈ। ਜਿਸ ਮਨੁੱਖ ਤੇ ਗੁਰੂ ਦੀ ਕਿਰਪਾ ਹੋਈ ਹੈ ਉਸ ਨੇ ਹੀ ਇਸ ਜੀਵਨ ਜੁਗਤੀ ਦੀ ਪਛਾਣ ਕੀਤੀ ਹੈ। ਹੇ ਨਾਨਕ ! ਉਹ ਵਾਹਿਗੁਰੂ ਵਿਚ ਇਸ ਤਰ੍ਹਾਂ ਸਮਾ ਜਾਂਦਾ ਹੈ ਜਿਸ ਤਰ੍ਹਾਂ ਪਾਣੀ ਵਿਚ ਪਾਣੀ ਮਿਲ ਕੇ ਇਕ ਹੋ ਜਾਂਦਾ ਹੈ ।"

ਇਹ ਬ੍ਰਹਮ ਗਿਆਨੀ ਦੀ ਹਾਲਤ ਦਾ ਵਰਨਣ ਹੈ । ਏਸੇ ਨੂੰ ਜੀਵਨ ਮੁਕਤੀ ਕਿਹਾ ਜਾਂਦਾ ਹੈ ; ਜਿਸ ਦੀ ਵਿਆਖਿਆ ਗੁਰੂ ਅਰਜਨ ਦੇਵ ਜੀ ਨੇ ਇਉਂ ਕੀਤੀ ਹੈ :

"ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਣ ਮੁਕਤਿ ਸੋਊ
ਕਹਾਵੈ ॥ ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ
ਨਹੀ ਬਿਓਗੁ ॥ ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ
ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਤੈਸਾ ਮਾਨੁ ਤੈਸਾ ਅਭਿਮਾਨੁ ॥

ਤੈਸਾ ਰੰਕੁ ਤੈਸਾ ਰਾਜਾਨੁ ॥ ਜੋ ਵਰਤਾਏ ਸਾਈ ਜੁਗਤਿ ॥

ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥"

(ਗਉੜੀ ਸੁਖਮਨੀ ਮਹਲਾ ੫) ਅੰਗ ੨੭੫

ਅਰਥਾਤ "ਜਿਸ ਨੂੰ ਪ੍ਰਭੂ ਦੀ ਆਗਿਆ ਪਿਆਰੀ ਲਗਦੀ ਹੈ, ਉਹ ਜੀਵਣ ਮੁਕਤ ਹੈ। ਉਸ ਲਈ ਖੁਸ਼ੀ ਤੇ ਗ਼ਮੀ ਇਕੋ ਜਿਹੇ ਹਨ। ਉਸ ਨੂੰ ਸਦਅਨੰਦ ਪ੍ਰਾਪਤ ਹੋ ਚੁੱਕਾ ਹੈ ਕਿਉਂਕਿ ਵਿਯੋਗ (ਵਿਛੋੜਾ) ਰਿਹਾ ਹੀ ਨਹੀਂ (ਤੇ ਦੁੱਖ, ਵਿਛੋੜੇ ਤੋਂ ਨਿਕਲਦੇ ਹਨ)। ਉਸ ਲਈ ਸੋਨਾ ਤੇ ਮਿੱਟੀ, ਅੰਮ੍ਰਿਤ ਤੇ ਕੌੜੀ ਜ਼ਹਿਰ, ਮਾਨ ਤੇ ਆਪਮਾਨ (ਨਿਰਾਦਰੀ) ਅਮੀਰੀ ਤੇ ਗ਼ਰੀਬੀ ਇਕ ਹੋ ਗਏ ਹਨ। ਜੇ ਹਰੀ ਵੱਲੋਂ ਵਰਤਦਾ ਹੈ ਓਸੇ ਨੂੰ ਉਹ ਯੋਗ ਸਮਝਦਾ ਹੈ। ਹੇ ਨਾਨਕ, ਐਸੇ ਮਹਾਂਪੁਰਸ਼ ਨੂੰ ਹੀ ਜੀਵਣ ਮੁਕਤੀ ਸਮਝਣਾ ਚਾਹੀਦਾ ਹੈ।

ਇਸ ਜੀਵਣ ਮੁਕਤ ਹਾਲਤ ਨੂੰ ਨਿਰਮਾਣ ਪਦ, ਧਰਮ ਪਦ, ਬੇਗਮਪੁਰ ਆਦਿਕ ਨਾਂਵਾਂ ਨਾਲ ਵਰਣਨ ਕੀਤਾ ਜਾਂਦਾ ਹੈ। ਇਹੋ ਤੁਰੀਆ ਪਦ ਜਾਂ ਚੌਥਾ ਪਦ (ਸਹਜ)ਹੈ। ਗੁਰੂ ਤੇਗ਼ ਬਹਾਦਰ ਜੀ ਗੁਉੜੀ ਵਿਚ ਇਸ ਪਦ ਦਾ ਵਰਣਨ ਇਉਂ ਕਰਦੇ ਹਨ :

"ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ
ਦਰਜਨ ਕੀ ਤ ਤੇ ਅਹਿਨਿਸਿ ਭਾਗਉ ॥੧॥ ਰਹਾਉ
ਸੁਖੁ ਦੁਖੁ ਦੋਨੋ ਸਮ ਕਰ ਜਾਨੈ ਅਉਰੁ ਮਾਨੁ
ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ
ਜਗਿ ਤਤੁ ਪਛਾਨਾ ॥੧॥ ਉਸਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ॥ ਜਨ ਨਾਨਕ ਇਹੁ ਖੇਲੁ
ਕਠਨੁ ਹੈ ਕਿਨ ਹੂੰ ਗੁਰਮੁਖਿ ਜਾਨਾ ॥੨॥੧॥" ਅੰਗ ੨੧੯

ਅਰਥਾਤ "ਹੇ ਸਾਧੋ ਮਨ ਦਾ ਮਾਨ ਛੱਡ ਦਿਉ। ਕਾਮ, ਕਰੋਧ ਅਤੇ ਮੰਦੇ ਪੁਰਸ਼ਾਂ ਦੀ ਸੰਗਤ ਤੋਂ ਸਦਾ ਦੂਰ ਰਹੋ।ਜੋ ਪੁਰਖ ਸੁਖ ਤੇ ਦੁਖ ਦੋਹਾਂ ਨੂੰ ਇਕੋ ਜਿਹਾ ਸਮਝਦਾ ਹੈ, ਜਿਸ ਲਈ ਮਾਨ ਤੇ ਨਿਰਾਦਰੀ ਇਕ ਹਨ, ਜੋ ਖੁਸ਼ੀ ਤੇ ਗ਼ਮੀ ਤੋਂ ਨਿਰਲੇਪ ਰਹਿੰਦਾ ਹੈ, ਉਸ ਨੇ ਹੀ ਜਗਤ ਅੰਦਰ ਤਤ ਰੂਪ ਨੂੰ ਪਛਾਣਿਆ ਹੈ। ਉਹ ਉਸਤਤ ਅਤੇ ਨਿੰਦਾ ਦੋਹਾਂ ਨੂੰ ਤਿਆਗ ਕੇ ਤੁਰੀਆ ਪਦ (ਦੁਖ ਰਹਿਤ ਚੌਥਾ ਪਦ ) ਲੱਭਦਾ ਹੈ। ਪਰ, ਹੇ ਨਾਨਕ ! ਇਹ ਖੇਡ



ਹੈ ਬਹੁਤ ਕਠਿਨ—ਤੇ ਕਿਸੇ ਵਿਰਲੇ ਨੇ ਇਸ ਨੂੰ ਗੁਰਾਂ ਦਵਾਰਾ ਸਮਝਿਆ ਹੈ।"

ਇਹ ਖੇਲ ਸੱਚਮੁੱਚ ਹੀ ਬੜਾ ਕਠਨ ਹੈ ; ਜਿਵੇਂ ਕਬੀਰ ਜੀ ਖ਼ਬਰਦਾਰ ਕਰਦੇ ਹਨ :

"ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ ॥"

(ਸਲੋਕ ਕਬੀਰ ਜੀ) ਅੰਗ ੫੦੯

ਅਰਥਾਤ "ਮੁਕਤੀ ਦਾ ਦਰਵਾਜ਼ਾ ਹੇ ਕਬੀਰ ! ਬੜਾ ਤੰਗ ਹੈ, ਇਸ ਨੂੰ ਰਾਈ ਦੇ ਦਾਣੇ ਦੇ ਦਸਵੇਂ ਹਿੱਸੇ ਬਰਾਬਰ ਸਮਝੋ। ਪਰ ਮਨ ਤਾਂ (ਹੰਕਾਰ ਨਾਲ) ਹਾਥੀ ਬਣਿਆ ਪਿਆ ਹੈ, ਉਸ ਨਿੱਕੇ ਦਰਵਾਜ਼ੇ ਵਿਚੋਂ ਕਿਵੇਂ ਨਿਕਲੇਗਾ (ਭਾਵ ਮਾਨ ਰਹਿਤ ਹੋਣ ਦੀ ਲੋੜ ਹੈ)।"

ਇਹ ਅਸਲ ਮੁਕਤੀ ਹੈ ਤੇ ਇਸ ਦੇ ਮੁਕਾਬਲੇ ਵਿਚ ਬਾਕੀ ਕਲਪਤ ਮੁਕਤੀਆਂ ਤੁਛ ਹਨ। ਗੁਰੂ ਅਰਜਨ ਦੇਵ ਮੁਕਤੀ ਨਹੀਂ ਪ੍ਰਮਾਤਮਾ ਦੀ ਚਰਣ ਧੂੜ ਦੀ ਲੋਚਾ ਇਉਂ ਕਰਦੇ ਹਨ :

"ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥"

(ਦੇਵਗੰਧਾਰੀ ਮਹਲਾ ੫) ਅੰਗ ੫੩੪

ਅਰਥਾਤ "ਨਾ ਮੈਨੂੰ ਰਾਜ ਦੀ ਲੋੜ ਹੈ ਤੇ ਨਾ ਕਿਸੇ ਮੁਕਤੀ ਦੀ। ਮੈਨੂੰ ਕੇਵਲ ਪ੍ਰਮਾਤਮਾ ਦੇ ਚਰਨ ਕਮਲਾਂ ਦੀ ਪ੍ਰੀਤੀ ਚਾਹੀਦੀ ਹੈ।"

ਕਿਤਨੀ ਖ਼ੂਬਸੂਰਤ ਇਹ ਮਨ ਦੀ ਹਾਲਤ ਹੈ ਜਿਸ ਵਿਚ ਲਗਾਤਾਰ ਅਨੰਦ ਹੀ ਅਨੰਦ ਹੈ। ਏਥੇ ਛਿੰਨ ਭੰਗਰ ਦੁੱਖ ਤੇ ਸੁਖ, ਹਾਣ ਤੇ ਲਾਭ, ਸਨੇਹ ਤੇ ਵਿਰੋਧ, ਹਰਖ ਤੇ ਸੋਗ, ਉਸਤਤ ਤੇ ਨਿੰਦਾ, ਮਾਨ ਤੇ ਅਪਮਾਨ ਆਦਿਕ ਰਹੇ ਹੀ ਨਹੀਂ। ਕੰਚਨ ਤੇ ਮਿੱਟੀ ਇਕ ਸਮਾਨ ਹੋ ਗਏ ਹਨ ਦੋਸਤ ਤੇ ਦੁਸ਼ਮਨ ਦੇ ਫ਼ਰਕ ਉਡ ਗਏ ਹਨ। ਅਜਿਹਾ ਪੁਰਸ਼ ਰੱਬ ਦੀ ਉਸ ਸੱਚੀ ਤੇ ਸੁੰਦਰ ਦੁਨੀਆਂ ਦਾ ਵਾਸੀ ਹੋ ਗਿਆ ਹੈ ਜਿਸ ਨੂੰ ਪਿੱਛੇ "ਆਪਿ ਸਤਿ ਕੀਆ ਸਭ ਸਤਿ" ਕਿਹਾ ਸੀ। ਪਰ ਇਕ ਦੁਨੀਆਂ ਹੋਰ ਵੀ ਹੈ ਜੋ ਜੀਵ ਆਪਣੇ ਮੋਹ, ਪਿਆਰ ਤੇ ਲਾਲਚਾਂ ਅਧੀਨ ਹੋ ਕੇ ਰਚ ਲੈਂਦਾ ਹੈ। ਇਹ ਝੂਠੀ ਦੁਨੀਆਂ ਹੈ। ਇਸ ਵਿਚ ਪਿਆਰ ਉਨ੍ਹਾਂ ਚੀਜ਼ਾਂ ਨਾਲ ਹੁੰਦਾ ਹੈ ਜੋ ਛਿੰਨ-

ਭੰਗਰ ਹਨ ਤੇ ਜਿਨ੍ਹਾਂ ਤੋਂ ਅੰਤਮ ਦੁਖ ਨਿਕਲਦਾ ਹੈ । ਜਿਵੇਂ ਹਰ ਇਨਸਾਨ ਲਈ ਖ਼ੁਰਾਕ ਦਾ ਖਾਣਾ ਸਰੀਰ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਤੇ ਇਸ ਲਈ ਇਹ ਖਾਣਾ ਆਪਣੇ ਆਪ ਵਿਚ ਸੱਚ ਹੈ, ਪਰ ਸਵਾਦਾਂ ਦੇ ਅਧੀਨ ਪਦਾਰਥਾਂ ਦੇ ਗੁਲਾਮ ਹੋ ਕੇ ਖਾਣਾ ਜਾਂ ਲੋੜ ਤੋਂ ਵੱਧ ਖਾਣਾ, ਇਹ ਝੂਠ ਹੈ ਤੇ ਇਸ ਤੋਂ ਦੁਖ ਨਿਕਲਦਾ ਹੈ ਤੇ ਸਰੀਰ ਰੋਗੀ ਹੋ ਜਾਂਦਾ ਹੈ । ਰੋਗਾਂ ਦੀ ਇਹ ਦੁਨੀਆਂ ਰੱਬ ਦੀ ਦੁਨੀਆਂ ਨਹੀਂ । ਇਹ ਝੂਠੀ ਤੇ ਨਾਸਵੰਤ ਦੁਨੀਆਂ ਹੈ ਜੋ ਮਨੁੱਖ ਨੇ ਆਪ ਖੜ੍ਹੀ ਕੀਤੀ ਹੋਈ ਹੈ । ਇਸੇ ਲਈ ਇਸ ਨੂੰ ਕੂੜ, ਧੂੰਏਂ ਦਾ ਪਹਾੜ, ਸੁਪਨਾ, ਰੇਤ ਦੀ ਕੰਧ, ਮ੍ਰਿਗ ਤ੍ਰਿਸ਼ਨਾ, ਬਾਦਰ ਕੀ ਛਾਈ ਕਰਕੇ ਬਿਆਨ ਕੀਤਾ ਹੁੰਦਾ ਹੈ ; ਜਿਵੇਂ ਕਿ –

"ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥"

(ਵਾਰ ਆਸਾ ਮਹਲਾ ੧)

ਅਰਥਾਤ "ਰਾਜਾ ਤੇ ਪਰਜਾ ਸਭ ਕੂੜੇ ਹਨ ॥ ਸਾਰਾ ਸੰਸਾਰ ਕੂੜਾ ਹੈ ।

ਭਗਤ ਰਵਿਦਾਸ ਜੀ , ਸੋਰਠਿ ਵਿਚ ਇਸ ਕੂੜੇ ਸੰਸਾਰ ਦੀ ਵਿਆਖਿਆ ਇਕ ਅਲੰਕਾਰ ਨਾਲ ਕਰਦੇ ਹਨ :

"ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥"

(ਅੰਗ ੬੫੭)

ਅਰਥਾਤ "ਜੀਵਾਂ ਦੀ ਹਾਲਤ ਉਸ ਰਾਜੇ ਵਾਂਗ ਹੈ ਜੋ ਆਪਣੇ ਰਾਜ ਸਿੰਘਾਸਣ ਤੇ ਸੁੱਤਾ ਸੁੱਤਾ ਕਿਤੇ ਸੁਪਨੇ ਵਿਚ ਭਿਖਾਰੀ ਹੋ ਗਿਆ ਸੀ । ਰਾਜ ਦੇ ਹੁੰਦਿਆਂ ਸੁੰਦਿਆਂ ਰਾਜ ਦੇ ਫ਼ਰਜ਼ੀ ਵਿਛੋੜੇ ਤੋਂ ਹੀ ਉਹ ਦੁਖ ਮਨਾ ਰਿਹਾ ਸੀ । ਉਹੋ ਹਾਲਤ ਸਾਡੀ ਹੈ ।"

ਹਰ ਮਨੁੱਖ ਦੇ ਅੰਦਰ ਬਾਦਸ਼ਾਹੀ ਹੈ ਪਰ ਉਸ ਨੂੰ ਇਸ ਦਾ ਇਲਮ ਨਾ ਹੋਣ ਕਰਕੇ ਉਹ ਇਸ ਬਾਦਸ਼ਾਹੀ ਤੋਂ ਵਾਂਝਿਆਂ ਰਹਿੰਦਾ ਹੈ ਤੇ ਦੁਖੀ ਰਹਿੰਦਾ ਹੈ । ਉਸ ਨੇ ਆਪਣੇ ਆਲੇ ਦੁਆਲੇ ਇਕ ਝੂਠੀ ਤੇ ਫ਼ਰਜ਼ੀ ਦੁਨੀਆਂ ਬਣਾਈ ਹੋਈ ਹੁੰਦੀ ਹੈ । ਮਹਾਰਾਜ ਨਾਮ ਸਿਮਰਨ ਦੁਆਰਾ ਉੱਚੀ ਸੁਰਤ ਦੇ ਕੇ ਜੀਵ ਦੀ ਇਸ ਆਪਣੀ ਫ਼ਰਜ਼ੀ ਦੁਨੀਆਂ ਨੂੰ ਢਾਹੁਣਾ ਚਾਹੁੰਦੇ ਹਨ । ਇਹ ਦੁਨੀਆਂ ਗ਼ਲਤ ਕੀਮਤਾਂ ਦੇ ਕਾਰਨ ਖੜ੍ਹੀ ਹੋ ਗਈ ਹੈ । ਜੋ ਚੀਜ਼ਾਂ ਇਨਸਾਨ ਦੀਆਂ ਵੈਰੀ ਹੁੰਦੀਆਂ ਹਨ ਉਨ੍ਹਾਂ ਦਾ ਉਹ ਮਿਤ੍ਰ ਬਣ ਜਾਂਦਾ ਹੈ । ਅਸਲ ਗੱਲ



ਇਹ ਹੈ ਕਿ ਉਸ ਦੀ ਸਾਰੀ ਸੋਚਣੀ ਹੀ ਗ਼ਲਤ ਹੁੰਦੀ ਹੈ । ਆਉ, ਇਸ ਸੋਚਣੀ ਦਾ ਪਤਾ ਗੁਰੂ ਅਰਜਨ ਦੇਵ ਜੀ ਤੋਂ ਪੁਛੀਏ :-

"ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ ਸੋ ਦੂਰਿ
ਪਰਾਨੈ ॥ ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥ ਸੰਗਿ ਸਹਾਈ
ਤਿਸੁ ਪਰਹਰੈ ॥ ਚੰਦਨ ਲੇਪੁ ਉਤਾਰੈ ਧੋਇ ॥ ਗਰਧਬ ਪ੍ਰੀਤਿ
ਭਸਮ ਸੰਗਿ ਹੋਇ ॥

(ਗਉੜੀ ਸੁਖਮਨੀ ਮਹਲਾ ੪) ਅੰ ੨੬੭

ਅਰਥਾਤ "ਜੋ ਚੀਜ਼ ਛੱਡ ਜਾਣੀ ਹੈ ਉਸ ਨੂੰ, ਇਹ ਜੀਵ, ਸਦੀਵੀ ਮੰਨ ਬੈਠਾ ਹੈ । ਜੋ ਨਹੀਂ ਟਲਣ ਵਾਲੀ (ਜਿਵੇਂ ਮੌਤ ਹੈ) ਉਸ ਨੂੰ ਦੂਰ ਸਮਝਦਾ ਹੈ । ਜਿਸ ਨੇ ਸਾਥ ਨਹੀਂ ਦੇਣਾ ਉਸ ਲਈ ਮਿਹਨਤ ਕਰਦਾ ਹੈ ਅਤੇ ਜੋ ਸਦਾ ਅੰਗ ਸੰਗ ਹੈ ਉਸ ਤੋਂ ਦੂਰ ਰਹਿੰਦਾ ਹੈ । ਖੋਤੇ ਦੀ ਪ੍ਰੀਤ ਭਸਮ ਨਾਲ ਹੈ, ਉਹ ਚੰਦਨ ਦੇ ਲੇਪ ਨੂੰ ਲਾਹ ਕੇ ਸੁਟ ਦਿੰਦਾ ਹੈ ।"

ਹੋਰ : "ਕਉਡੀ ਬਦਲੇ ਰਤਨ ਤਿਆਗਹਿ ॥"

(ਗਉੜੀ ਸੁਖਮਨੀ ਮਹਲਾ ੫)

ਅੰਗ ੧੯੫

ਅਰਥਾਤ "ਕੌਡੀ ਦੀ ਖ਼ਾਤਰ ਰਤਨਾ ਦਾ ਤਿਆਗ ਕਰ ਦਿੰਦਾ ਹੈ।"

ਹੋਰ : ਜੋ ਪਰਾਇਓ ਸੋਈ ਅਪਨਾ ॥ ਜੋ ਤਜਿ ਛੋਡਨ ਤਿਸੁ ਸਿਉ
ਮਨੁ ਰਚਨਾ ॥੧॥ ਕਹਹੁ ਗੁਸਾਈ ਮਿਲੀਐ ਕੇਹ ॥ ਜੋ ਬਿਬਰਜਤ
ਤਿਸੁ ਸਿਉ ਨੇਹ ॥੧॥ ਰਹਾਉ ॥ ਝੂਠੁ ਬਾਤ ਸਾ ਸਚੁ ਕਰਿ ਜਾਤੀ॥
ਸਤਿ ਹੋਵਨੁ ਮਨਿ ਲਗੈ ਨ ਰਾਤੀ॥ ੨॥ ਬਾਵੈ ਮਾਰਗੁ ਟੇਢਾ ਚਲਨਾ ॥
ਸੀਧਾ ਛੋਡਿ ਅਪੂਠਾ ਬੁਨਨਾ ॥੩॥ ਦੁਹਾ ਸਿਰਿਆ ਕਾ ਖਸਮੁ
ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥"

(ਗਉੜੀ ਗੁਆਰੇਰੀ ਮਹਲਾ ੫) ਅੰਗ ੧੮੫

ਅਰਥਾਤ "ਜੋ ਚੀਜ਼ ਪਰਾਈ ਹੈ, ਉਸ ਨੂੰ ਆਪਣੀ ਬਣਾਈ ਬੈਠਾ ਹੈ ਤੇ ਜੋ ਛਡ ਜਾਣੀ ਹੈ ਉਸ ਨਾਲ ਪ੍ਰੇਮ ਰਖਦਾ ਹੈ । ਹੇ ਪ੍ਰਮਾਤਮਾ, ਉਹ ਤੈਨੂੰ ਕਿਵੇਂ ਮਿਲੇ ਜਿਸ ਨੇ ਉਹਨਾਂ ਚੀਜ਼ਾਂ ਨਾਲ ਮੋਹ ਪਾਇਆ ਹੈ ਜੋ ਤਿਆਗਣ

ਯੋਗ ਹਨ? ਝੂਠ ਨੂੰ ਉਸ ਨੇ ਸੱਚ ਸਮਝ ਲਿਆ ਹੋਇਆ ਹੈ ਤੇ ਜਿਸ ਦੀ ਹੋਂਦ ਸੱਚ ਹੈ ਉਹ ਉਸ ਦੇ ਦਿਲੋਂ ਦੂਰ ਰਹਿੰਦੀ ਹੈ । ਇਹ ਜੀਵ ਟੇਢੇ ਰਾਹ ਪੈ ਕੇ ਟੇਢਾ ਹੀ ਚਲਦਾ ਰਹਿੰਦਾ ਹੈ । ਉਸ ਨੇ ਸਿੱਧਾ ਰਾਹ ਤਿਆਗ ਦਿਤਾ ਹੈ ਤੇ ਪੁਠੇ ਰਾਹ ਪਿਆ ਰਹਿੰਦਾ ਹੈ । ਪਰ ਲੋਕ ਤੇ ਪ੍ਰਲੋਕ ਦੋਹਾਂ ਦਾ ਮਾਲਕ ਹਰੀ ਆਪ ਹੈ । ਜਿਸ ਕਿਸੇ (ਭਾਗਾਂ ਵਾਲੇ) ਨੂੰ ਉਹ ਆਪਣੇ ਨਾਲ ਮੇਲ ਲੈਂਦਾ ਹੈ, ਹੇ ਨਾਨਕ ਉਹ ਮੁਕਤ ਹੈ ।"

ਪਰ ਜਿਨ੍ਹਾਂ ਨੂੰ ਨਾਮ ਦੁਆਰਾ ਸਹਜ ਪ੍ਰਾਪਤ ਹੋ ਗਿਆ ਹੈ ਉਹਨਾਂ ਦੀਆਂ ਕੀਮਤਾਂ ਠੀਕ ਹੁੰਦੀਆਂ ਹਨ ਫਿਰ ਉਹ ਆਪਣੇ ਘਰ ਦੇ ਮਾਲਕ ਬਣੇ ਰਹਿੰਦੇ ਹਨ :-

"ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥

ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥"

(ਗਉੜੀ ਮਹਲਾ ੫) ਅੰਗ ੨੦੯

ਅਰਥਾਤ "ਜਿਨ੍ਹਾਂ ਨੇ ਕਾਮਾਦਿਕ ਮਹਾਂ ਬਿਖਾਦੀਆਂ ਨੂੰ ਜਿਤ ਲਿਆ ਹੈ ਉਹਨਾਂ ਦੇ ਬਚਨ ਸਹਜੇ ਹੀ ਸੁਖਦਾਈ ਹੋ ਗਏ ਹਨ । ਉਹਨਾਂ ਦੇ ਮਨ ਵਿਚ ਚਾਨਣ ਹੋਇਆ ਹੈ ਤੇ ਉਹਨਾਂ ਨੂੰ ਨਿਰਬਾਣ ਅਵਸਥਾ ਪ੍ਰਾਪਤ ਹੋ ਗਈ ਹੈ ।

ਫਿਰ ਉਹ ਮਨ ਦੇ ਗ਼ੁਲਾਮ ਨਹੀਂ ਸਗੋਂ ਉਸ ਦੇ ਮਾਲਕ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਵਿਚ ਇਉਂ ਦਸਿਆ ਹੈ :

**"ਮਨ ਜੀਤੈ ਜਗੁ ਜੀਤੁ ॥"**

(ਜਪੁ ਜੀ, ਗੁਰੂ ਨਾਨਕ)

ਜੇ ਮਨ ਸੇਵਕ ਹੋ ਕੇ ਚਲੇ ਤਾਂ ਇਹ ਸਾਡੇ ਸਾਰੇ ਕੰਮ ਕਰਦਾ ਹੈ ਪਰ ਜੇ ਇਸ ਨੂੰ ਮਾਲਕ ਹੋਣ ਦਿਤਾ ਜਾਏ ਤਾਂ ਬਰਬਾਦ ਕਰਕੇ ਰੱਖ ਦਿੰਦਾ ਹੈ।ਕਿਸੇ ਨੇ ਸੱਚ ਕਿਹਾ ਹੈ :-

"Mind is a useful servant but a bad master."

ਅਰਥਾਤ "ਮਨ ਗੁਲਾਮ ਹੋ ਕੇ ਰਹੇ ਤਾਂ ਲਾਭਦਾਇਕ ਹੈ ਪਰ ਜੇ ਮਾਲਕ ਹੋ ਜਾਏ ਤਾਂ ਬੁਰਾ ਹੈ ।"

ਜਦ ਸਹਜ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਪੂਰਨ ਗਿਆਨ ਹੋ ਜਾਂਦਾ



ਹੈ ਤੇ ਆਪਣੇ ਅਸਲ ਕੁਦਰਤੀ ਆਪੇ ਵਿਚ ਦਾਖ਼ਲ ਹੋ ਜਾਈਦਾ ਹੈ। ਫਿਰ ਸਭ ਵਿਚਾਰਾਂ ਦਰੁਸਤ ਹੋ ਜਾਂਦੀਆਂ ਹਨ । ਜਿਥੇ ਜਿਥੇ ਵੀ ਜੀਵਨ ਅੰਦਰ ਕੀਮਤਾਂ ਗ਼ਲਤ ਹੋ ਚੁਕੀਆਂ ਸਨ ਸਹੀ ਹੋ ਜਾਂਦੀਆਂ ਹਨ ਤੇ ਸੁਖਾਂ ਦੇ ਘਰ ਵਿਚ ਪੁਜ ਜਾਈਦਾ ਹੈ । ਇਸ ਪਹਿਲੂ ਤੇ 'ਧਰਮ ਕੀ ਹੈ' ਦੇ ਲੇਖ ਵਿਚ ਖੁਲ੍ਹ ਕੇ ਵਿਚਾਰ ਕੀਤੀ ਜਾ ਚੁੱਕੀ ਹੋਈ ਹੈ, ਇਸ ਲਈ ਏਥੇ ਹੋਰ ਵਿਸਥਾਰ ਦੀ ਲੋੜ ਨਹੀਂ ।

ਇਸ ਲੇਖ ਨੂੰ ਇਕ ਸ਼ਬਦ ਨਾਲ ਸਮਾਪਤ ਕਰਦੇ ਹਾਂ । ਸ਼ਬਦ ਦੀਆਂ ਕਈ ਜ਼ਰੂਰੀ ਤੁਕਾਂ ਇਸ ਲੇਖ ਪਹਿਲਾਂ ਆ ਚੁਕੀਆਂ ਹਨ । ਸਾਰਾ ਸ਼ਬਦ ਦੇਣ ਨਾਲ ਸਾਰੀ ਵਿਚਾਰ ਵਧੇਰੇ ਸਪਸ਼ਟ ਰੂਪ ਵਿਚ ਸਾਹਮਣੇ ਆ ਜਾਏਗੀ । ਸ਼ਬਦ ਇਹ ਹੈ :-

**"ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨਾ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥ ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥ ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥ ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥ ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥ ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥ ੪॥ ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ**

**ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥ ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥ ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥ ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥ ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥ ੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥ ਸਹਜੇ ਹੀ ਸੋਝੀ ਪਈ ਸਚੈ ਸ਼ਬਦਿ ਅਪਾਰਿ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥ ੮॥ ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥ ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥ ਪੂਰੇ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥ ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥ ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥" ਅੰਗ ੬੮**

ਅਰਥਾਤ "ਸਹਜ ਪ੍ਰਾਪਤ ਕਰਨ ਦੀ ਇੱਛਾ ਸਾਰੇ ਕਰਦੇ ਹਨ ਪਰ ਬਿਨਾਂ ਗੁਰੂ ਦੇ ਇਸ ਦੀ ਪ੍ਰਾਪਤੀ ਹੁੰਦੀ ਨਹੀਂ । ਜੋਤਸ਼ੀ ਤੇ ਪੰਡਤ, ਸਹਜ ਦੀ ਭਾਲ ਵਿਚ ਪੜ੍ਹ ਪੜ੍ਹ ਕੇ ਥੱਕ ਗਏ ਹਨ ਤੇ ਭੇਖੀ ਵੀ ਇਹ ਭਾਲ ਕਰਦਿਆਂ ਭਰਮਾਂ ਵਿਚ ਭੁੱਲੇ, ਭਟਕਦੇ ਰਹਿੰਦੇ ਹਨ (ਉਹਨਾਂ ਨੂੰ ਸਹਜ ਨਹੀਂ ਮਿਲਦਾ); ਪਰ ਗੁਰੂ ਦਾ ਮੇਲ ਹੋ ਜਾਣ ਨਾਲ ਸਹਜ ਪ੍ਰਾਪਤ ਹੋ ਜਾਂਦਾ ਹੈ, ਹੇ ਹਰੀ! ਆਪਣੇ ਹੁਕਮ ਅਨੁਸਾਰ ਅਜੇਹੀ ਕਿਰਪਾ ਕਰ ਦੇਵੋ (ਜੋ ਹੁੰਦੀ ਤਾਂ ਹੈ ਜੇ ਇਸ ਦਾ ਇਛੁਕ ਆਪਣੇ ਯਤਨ ਤਨੋ ਮਨੋ ਕਰਦਾ ਹੈ )। ਹੇ ਭਰਾਵੋ ! ਯਾਦ ਰੱਖੋ ਗੁਰੂ ਤੋਂ ਬਿਨਾਂ ਸਹਜ ਨਹੀਂ ਹੁੰਦਾ, ਉਸ ਦੀ ਅਗਵਾਈ ਵਿਚ ਗੁਰੂ ਦੇ



ਸ਼ਬਦ ਦਵਾਰਾ, ਸਹਜ ਉਪਜਦਾ ਹੈ ਤੇ ਸਚ ਸਰੂਪ ਪ੍ਰਮਾਤਮਾ ਪਾਇਆ ਜਾਂਦਾ ਹੈ । ਜੇ ਸਹਜ ਦੀ ਪਉੜੀ ਚੜ੍ਹ ਕੇ ਹਰੀ ਦਾ ਜਸ ਕੀਤਾ ਜਾਏ ਤਾਂ ਇਹ ਕਬੂਲ ਪੈਂਦਾ ਹੈ, ਪਰ ਸਹਜ ਦੇ ਬਿਨਾਂ ਸਭ ਕਥਨੀ ਵੇਅਰਥ ਹੋ ਕੇ ਰਹਿ ਜਾਂਦੀ ਹੈ । ਸਹਜ ਵਿਚ ਹੀ ਸਦਾ ਭਗਤੀ ਭਾਵ ਪੈਦਾ ਹੁੰਦਾ ਹੈ ਤੇ ਸਹਜ ਵਿਚ ਹੀ ਪ੍ਰੇਮ ਵਾਲੇ ਤੇ ਵੈਰਾਗ ਵਾਲੇ ਹੋਈਦਾ ਹੈ (ਭਾਵ ਪ੍ਰੇਮ ਤੇ ਵੈਰਾਗ ਦੇ ਗੁਣ ਉਪਜਦੇ ਹਨ) ; ਸਹਜ ਤੋਂ ਹੀ ਸੁਖ ਤੇ ਸ਼ਾਂਤੀ ਮਿਲਦੀ ਹੈ, ਬਿਨਾਂ ਸਹਜ ਜੀਵਨ ਬੇਅਰਥ ਹੈ । ਮੈਂ ਉਸ ਨੂੰ ਸਦਾ ਸਹਜ ਵਿਚ ਹੋ ਕੇ ਹੀ ਸਲਾਹੁੰਦਾ ਹਾਂ ਤੇ ਇਸ ਤਰ੍ਹਾਂ ਸਹਜ ਸਮਾਧੀ ਵਿਚ ਟਿਕਦਾ ਹਾਂ । ਮੇਰੀ ਜ਼ਬਾਨ ਉਸ ਦੇ ਗੁਣ ਸਹਜ ਵਿਚ ਹੀ ਉਚਾਰਦੀ ਹੈ ਤੇ ਹੁਣ ਲਿਵ ਵਿਚ ਭਗਤੀ ਹੋ ਰਹੀ ਹੈ। ਸ਼ਬਦ ਦਵਾਰਾ ਹਰੀ ਮਨ ਵਿਚ ਵਸਦਾ ਹੈ ਤੇ ਰਸਨਾ ਹਰੀ ਰਸ ਮਾਣਦੀ ਹੈ। ਹਰੀ ਦੁਆਰਾ ਕਾਲ ਦਾ ਡਰ ਮਾਰ ਕੱਢਿਆ ਹੈ ਤੇ ਸੱਚੀ ਸ਼ਰਨ ਪ੍ਰਾਪਤ ਹੋ ਗਈ ਹੈ । ਸਹਜ ਦਵਾਰਾ ਹਰੀ ਦਾ ਨਾਮ ਹੁਣ ਮਨ ਵਿਚ ਵਸ ਹੀ ਗਿਆ ਹੈ ਤੇ ਸੱਚੀ ਕਾਰ ਕਮਾਈਦੀ ਹੈ । ਉਹ ਭਾਗਾਂ ਵਾਲੇ ਹਨ ਜਿਨ੍ਹਾਂ ਸਹਜ ਪਾ ਲਿਆ ਹੈ, ਮੁੜ ਉਹ ਸਹਜ ਵਿਚ ਸਮਾਏ ਰਹਿੰਦੇ ਹਨ । ਮਾਇਆ ਵਿਚ ਹੁੰਦਿਆਂ ਸਹਜ ਨਹੀਂ ਮਿਲਦਾ ; ਕਿਉਂਕਿ ਮਾਇਆ ਵਿਚ ਹੋਣਾ ਦਵੈਤ ਵਿਚ ਹੋਣਾ ਹੈ। ਮਨਮੁਖ ਕਰਮ ਕਮਾਂਦਾ ਹੋਇਆ ਵੀ ਹਉਮੈਂ ਵਿਚ ਸੜਦਾ ਰਹਿੰਦਾ ਹੈ । ਉਸ ਦਾ ਜਨਮ ਮਰਨ ਮੁੱਕਦਾ ਨਹੀਂ ਅਰਥਾਤ ਉਹ ਸੰਸਾਰ ਵਿਚ ਬਾਰ ਬਾਰ ਆਂਵਦਾ ਜਾਂਦਾ ਰਹਿੰਦਾ ਹੈ । ਤਿੰਨਾਂ ਗੁਣਾਂ ਵਿਚ ਸਹਜ ਨਹੀਂ ਹੰਦਾ, ਤਿੰਨਾ ਗੁਣਾਂ ਵਿਚ ਹੋਣਾ ਭਰਮ ਵਿਚ ਭੁੱਲੇ ਫਿਰਨਾ ਹੈ । ਪੜ੍ਹਨ, ਵਿਚਾਰਨ ਤੇ ਕਥਨ ਕਰਨ ਦਾ ਕੀ ਲਾਭ ਹੈ ਜੇ ਮੁਢੋਂ ਹੀ ਕੋਈ ਗੁਮਰਾਹ ਹੋ ਚੁਕਾ ਹੋਵੇ (ਤਿੰਨਾਂ ਗੁਣਾਂ ਤੋਂ ਉੱਤੇ) ਚੌਥਾ ਪਦ ਹੈ ; ਇਹ ਸਹਜ ਹੈ ਤੇ ਗੁਰਾਂ ਦਵਾਰੇ ਪੱਲੇ ਪੈਂਦਾ ਹੈ । ਨਿਰਗੁਣ ਹਰੀ ਦਾ ਨਾਮ ਉਹ ਖ਼ਜ਼ਾਨਾ ਹੈ ਜਿਸ ਦੀ ਸਾਰ ਸਹਜ ਦੁਆਰਾ ਹੁੰਦੀ ਹੈ । ਗੁਣਾਂ ਵਾਲੀ ਜੀਵ-ਰੂਪੀ ਇਸਤਰੀ ਜਦ ਹਰੀ ਦੀ ਸਿਫ਼ਤ ਸਲਾਹ ਕਰਦੀ ਹੈ ਤਾਂ ਉਸ ਨੂੰ ਸਚੇ ਦੀ ਸਚੀ ਸੋਭਾ ਦੀ ਕੀਮਤ ਪਤਾ ਲੱਗਦੀ ਹੈ । ਉਹ ਹਰੀ, ਭੁਲੇ ਹੋਏ ਲੋਕਾਂ ਨੂੰ ਸਹਜ ਦੁਆਰਾ ਆਪਣਾ ਮੇਲ ਕਰਾਂਦਾ ਹੈ ਪਰ ਇਹ ਮੇਲ ਸ਼ਬਦ ਦੀ ਕਮਾਈ ਦੁਆਰਾ ਹੁੰਦਾ ਹੈ । ਸਹਜ ਤੋਂ ਬਿਨਾਂ ਜੀਵਨ ਹਨੇਰਾ ਹੀ ਹੈ, ਫਿਰ ਇਹ ਮਾਇਆ ਦਾ ਅੰਨ੍ਹਾ ਪਸਾਰਾ ਹੋ ਕੇ ਰਹਿ ਜਾਂਦਾ ਹੈ । ਸਹਜ ਦੁਆਰਾ ਸਹੀ ਸਮਝ ਪੈ ਜਾਂਦੀ ਹੈ ਪਰ ਇਹ ਸਹਜ ਸੱਚੇ ਹਰੀ ਦੇ ਅਪਾਰ ਸ਼ਬਦ ਦਵਾਰਾ ਪ੍ਰਾਪਤ ਹੁੰਦਾ ਹੈ । ਗੁਰੂ ਕਰਤਾਰ ਨੇ

ਬਖਸ਼ਿਸ਼ ਕਰਕੇ ਮੈਨੂੰ ਆਪਣੇ ਨਾਲ ਮਿਲਾਇਆ ਹੈ । ਸਹਜ ਦਵਾਰਾ ਹੀ ਉਸ ਅਦ੍ਰਿਸ਼ਟ (ਨਾ ਦਿਸਣ ਵਾਲੇ) ਹਰੀ ਨੂੰ ਪਛਾਣੀਦਾ ਹੈ । ਉਹ ਨਿਰੰਕਾਰ ਹੈ ਤੇ ਉਸ ਦੀ ਜੋਤ ਨਿਰਮਲ ਹੈ। ਉਹ ਸਭ ਜੀਵਾਂ ਦਾ ਦਾਤਾ ਹੈ, ਜੋਤ ਸਰੂਪ ਹੈ ਤੇ ਸਭ ਜੋਤਾਂ (ਆਤਮਾਵਾਂ) ਨੂੰ ਆਪਣੇ ਨਾਲ ਮਿਲਾਵਣ ਵਾਲਾ ਹੈ । ਜਿਸ ਹਰੀ ਦਾ ਅੰਤ, ਪਾਰ ਜਾਂ ਉਰਾਰ ਕੋਈ ਨਹੀਂ, ਉਸ ਦੀ ਸਿਫ਼ਤ ਸਲਾਹ ਪੂਰੇ ਗੁਰੂ ਦੇ ਸ਼ਬਦ ਦੁਆਰਾ ਕੀਤੀ ਜਾਣੀ ਚਾਹੀਦੀ ਹੈ । ਗਿਆਨੀਆਂ ਦਾ ਧਨ ਹਰੀ ਦਾ ਨਾਮ ਹੀ ਹੈਤੇ ਉਹ ਇਸ ਦਾ ਵਪਾਰ ਸਹਜ ਵਿਚ ਹੋ ਕੇ ਕਰਦੇ ਹਨ । ਉਹ ਹਰ ਰੋਜ਼ ਹਰੀ ਦੇ ਨਾਮ ਦਾ ਹੀ ਲਾਭ ਲੈਂਦੇ ਹਨ ਤੇ ਉਹਨਾਂ ਦੇ ਆਤਮ ਭੰਡਾਰੇ ਅਮੁਕ ਰਹਿੰਦੇ ਹਨ ਕਿਉਂਕਿ ਦੇਵਣਹਾਰ ਦੀਆਂ ਦਾਤਾਂ ਦਾ ਕਦੇ ਖ਼ਾਤਮਾ ਨਹੀਂ ਹੁੰਦਾ ।

ਇਸ ਉਤਲੇ ਸ਼ਬਦ ਦਾ ਸੰਖੇਪ ਭਾਵ ਇਹ ਹੈ : ਸਹਜ ਇਕ ਮਾਨਸਕ ਹਾਲਤ ਹੈ । ਇਹ ਐਸੇ ਸੁਖ, ਸ਼ਾਂਤੀ ਅਤੇ ਪੂਰਨ ਗਿਆਨ ਦੀ ਕੁਦਰਤੀ ਹਾਲਤ ਹੈ ਕਿ ਇਸ ਦੀ ਲੋਚਾ, ਜਾਣ ਚਾਹੇ ਅੰਜਾਣ, ਸਭ ਨੂੰ ਹੁੰਦੀ ਹੈ; ਕਿਉਂਕਿ ਇਸ ਰਾਹੀਂ ਹਰ ਕਿਸੇ ਦਾ ਅਸਲ ਤੇ ਕੁਦਰਤੀ ਆਪਣਾ ਆਪ ਪ੍ਰਗਟ ਹੁੰਦਾ ਹੈ । ਇਸ ਮਾਨਸਕ ਦਸ਼ਾ ਦੀ ਪ੍ਰਾਪਤੀ ਤੋਂ ਬਿਨਾਂ ਜੀਵਨ ਵਿਅਰਥ ਹੈ, ਪਰ ਇਹ ਪ੍ਰਾਪਤੀ ਗੁਰੂ ਦੇ ਸ਼ਬਦ ਜਾਂ ਨਾਮ ਦੀ ਕਮਾਈ ਦਵਾਰਾ ਹੁੰਦੀ ਹੈ । ਸਭ ਕਿਸਮ ਦਾ ਗਾਵਿਆ ਤੇ ਸੁਣਿਆ, ਸਭ ਜਾਪ, ਭਗਤੀਆਂ, ਸਿਮਰਨ, ਸਮਾਧੀਆਂ ਤੇ ਸਿਫ਼ਤ ਸਲਾਹਾਂ ਆਦਿਕ ਪਰਮਾਰਥ ਦੇ ਰਾਹੇ ਤਾਂ ਪ੍ਰਵਾਣ ਚੜ੍ਹਦੇ ਹਨ ਜੇ ਸਹਜ ਦੀ ਪਉੜੀ ਚੜ੍ਹ ਕੇ ਕੀਤੇ ਜਾਣ । ਮਾਇਆ ਤੇ ਤਿੰਨਾਂ ਗੁਣਾਂ ਵਿਚ ਰਹਿੰਦਿਆਂ ਹੋਇਆਂ ਕਦੇ ਵੀ ਸਹਜ ਨਹੀਂ ਉਪਜਦਾ ਕਿਉਂਕਿ ਸਹਜ ਤਾਂ ਹੈ ਹੀ ਤਾਂ ਇਹਨਾਂ ਤੋਂ ਉਤੇ, ਚੌਥਾ ਪਦ । ਸਹਜ ਤੋਂ ਬਿਨਾਂ "**ਸਭ ਅੰਧੁ**" ਤੇ "**ਮਾਇਆ ਮੋਹੁ ਗੁਬਾਰੁ**" ਹੈ ਅਤੇ ਜੀਵਨ ਦਾ ਸਾਰਾ ਰੁਖ ਹੀ "**ਮੁੰਢਹੁ ਘੁਥਾ**" ਸਮਝਣਾ ਚਾਹੀਦਾ ਹੈ ।



# ਅ

# ਦ੍ਵੈਤਵਾਦ ਅਤੇ ਜੀਵਨ ਅੰਦਰ ਇਹਦੀ ਵਰਤੋਂ ਕੀ ਹੋਵੇ ?

"ਜੋ ਦੀਸੈ ਸੋ ਤੇਰਾ ਰੂਪ ॥"

(ਤਿਲੰਗ ਮਹਲਾ ੫)

ਅਰਥਾਤ "ਜੋ ਕੁਝ ਵੀ ਨਜ਼ਰ ਆ ਰਿਹਾ ਹੈ ਉਹ ਸਭ ਤੇਰਾ ਹੀ ਰੂਪ ਹੈ, ਹੇ ਹਰੀ ।"

**"ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥ ੧॥ ਦੂਜਾ ਕਉਣੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥ ਦੂਜੀ ਦੁਰਮਤਿ ਆਖੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥ ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥ ੩॥ ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥ ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥ ਏਕੁ ਨਿਰੰਜਨੁ ਗੁਰਮੁਖਿ ਜਾਤਾ ॥ਦੂਜਾ ਮਾਰਿ ਸਬਦਿ ਪਛਾਤਾ ॥ ੬ ॥ ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥ ੭॥ ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥ ੮ ॥ ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥੯॥"**

(ਗਉੜੀ ਮਹਲਾ ੧) ਅੰਗ ੨੨੩

ਅਰਥਾਤ –"(ਵਾਹਿਗੁਰੂ ਤੋਂ ਬਿਨਾਂ ਹੋਰ ਦੂਜਾ ਕੋਈ ਹੈ ਹੀ ਨਹੀਂ) ਹਾਂ, ਮਾਇਆ ਨੂੰ ਦੂਜੀ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਦਵੈਤ [ਦੂਜਾ] ਭਾਵ ਪੈਦਾ ਕਰਕੇ ਸਾਰੇ ਜਗਤ ਦੇ ਚਿਤ ਵਿਚ ਵਸ ਜਾਂਦੀ ਹੈ । ਕਾਮ,

ਕਰੋਧ, ਹੰਕਾਰ, ਆਦਿਕ, ਜੋ ਜੀਵ ਨੂੰ ਨਾਸ ਕਰਕੇ ਰੱਖ ਦਿੰਦੇ ਹਨ (ਇਹ ਇਹਨਾਂ ਦਾ ਰੂਪ ਧਾਰ ਲੈਂਦੀ ਹੈ) ਪਰ ਵਾਸਤਵ ਵਿਚ ਮੈਂ ਕਿਸ ਨੂੰ ਦੂਜਾ ਕਹਾਂ ਜਦ ਕਿ ਦੂਜਾ ਕੋਈ ਹੈ ਹੀ ਨਹੀਂ ? ਸਭ ਅੰਦਰ ਉਹੋ,ਮਲ ਰਹਿਤ (ਪਵਿਤ੍ਰ) ਪ੍ਰਮਾਤਮਾ ਵਰਤ ਰਿਹਾ ਹੈ । ਇਹ ਮਾਇਆ ਦੂਜੀ ਇਸ ਲਈ ਹੈ ਕਿ ਇਹ ਦੁਰਮਤ ਹੋ ਕੇ ਦੋਇ (ਦਵੈਤ) ਦਿਸਦੀ ਹੈ । ਇਸ ਦੇ ਅਸਰ ਹੇਠ ਜੀਵ ਦਵੈਤ ਵਿਚ ਚਲਾ ਜਾਂਦਾ ਹੈ ਅਤੇ ਆਉਂਦਾ ਜਾਂਦਾ ਰਹਿੰਦਾ ਹੈ । ਪਰ ਵਾਸਤਵ ਵਿਚ ਧਰਤੀ, ਅਸਮਾਨ ਆਦਿਕ ਕਿਸੇ ਥਾਂ ਵੀ ਮੈਂ ਦਵੈਤ ਨਹੀਂ ਵੇਖਦਾ ਤੇ ਨਾ ਨਾਰੀ, ਪੁਰਖ ਤੇ ਹੋਰ ਸਭ ਲੋਕਾਈ ਵਿਚ ਕਿਤੇ ਦਵੈਤ ਹੋ ਸਕਦੀ ਹੈ। ਜਦ ਮੈਂ ਸੂਰਜ ਤੇ ਚੰਦ੍ਰਮਾ ਰੂਪ ਦੀਵਿਆਂ ਦਾ ਚਾਨਣਾ ਵੇਖਦਾ ਹਾਂ ਤਾਂ ਮੈਨੂੰ ਸਭ ਵਿਚ ਮੇਰਾ ਸਦ-ਜਵਾਨ ਪ੍ਰੀਤਮ ਹੀ ਵਸਦਾ ਦਿਸਦਾ ਹੈ। ਸਤਿਗੁਰ ਨੇ ਕਿਰਪਾ ਕਰਕੇ ਮੇਰਾ ਚਿਤ ਉਸ ਹਰੀ ਵਿਚ ਲਾ ਦਿੱਤਾ ਹੈ ਤੇ ਕੇਵਲ ਉਸ ਇਕ ਨੂੰ ਹੀ ਸਭ ਵਿਚ ਵਿਖਾਇਆ ਹੈ । ਗੁਰੂ ਦਵਾਰਾ ਮੈਂ ਹੁਣ ਇਕ ਵਾਹਿਗੁਰੂ ਨੂੰ ਹੀ ਸਭ ਥਾਂ ਜਾਣਿਆ ਹੈ , ਅਰਥਾਤ ਗੁਰੂ ਸ਼ਬਦ ਦਵਾਰਾ ਦਵੈਤ ਮਾਰ ਕੇ ਉਸ ਇਕ ਨੂੰ ਪਛਾਣ ਲਿਆ ਹੈ । (ਹੁਣ ਸਾਫ਼ ਦਿਸ ਰਿਹਾ ਹੈ ਕਿ ) ਕਿ ਵਾਹਿਗੁਰੂ ਦਾ ਹੁਕਮ ਹੀ ਸਭ ਦੁਨੀਆਂ ਵਿਚ ਵਰਤ ਰਿਹਾ ਹੈ ਤੇ ਉਸ ਇਕ ਤੋਂ ਹੀ ਸਾਰੀ ਪੈਦਾਇਸ਼ ਹੋਈ ਹੈ । ਜੀਵ ਲਈ ਰਾਹ ਦੋ ਹੀ ਹਨ : ਇਕ ਮਾਇਆ ਦਾ ਤੇ ਇਕ ਹਰੀ ਪੀਤ ਦਾ ; ਭਾਵੇਂ ਦੋਹਾਂ ਰਾਹਾਂ ਦਾ ਕਰਣਹਾਰ ਮਾਲਕ ਉਹ ਆਪ ਹੀ ਹੈ । ਗੁਰੂ ਦੇ ਸ਼ਬਦ ਦਵਾਰਾ ਉਸ ਦੇ ਹੁਕਮ ਨੂੰ ਪਛਾਣੋ, ਹੇ ਜੀਵ ! (ਇਸੇ ਵਿਚ ਹੀ ਤੇਰਾ ਕਲਿਆਨ ਹੈ)। ਸਭ ਰੂਪਾਂ ਤੇ ਰੰਗਾਂ ਵਿਚ ਉਹੋ ਹੈ ਜੋ ਮੇਰੇ ਮਨ ਵਿਚ ਵੀ ਵਸ ਰਿਹਾ ਹੈ। ਹੇ ਨਾਨਕ, ਕਹੁ : "ਮੈਂ ਉਸ ਇਕ ਦੀ ਹੀ ਸਿਫ਼ਤ ਸਲਾਹ ਕਰਦਾ ਹਾਂ ।"

ਇਸ ਉਤਲੇ ਸ਼ਬਦ ਵਿਚ ਮਹਾਰਾਜ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੇ ਮੁਢਲੇ, ਬੁਨਿਆਦੀ ਅਤੇ ਸਭ ਤੋਂ ਉਤਮ ਸਿਧਾਂਤ ਦੀ ਵਿਆਖਿਆ ਕੀਤੀ ਹੈ । ਗੁਰੂ ਗ੍ਰੰਥ ਸਾਹਿਬ 'ੴ' ਤੋਂ ਸ਼ੁਰੂ ਹੁੰਦਾ ਹੈ ਤੇ ਇਹ ਉਤਲਾ ਸ਼ਬਦ ਉਸੇ ਏਕੰਕਾਰ ਓਅੰਕਾਰ ਦਾ ਵਰਨਣ ਹੈ । ਭਾਈ ਗੁਰਦਾਸ ਅਨੁਸਾਰ 'ਏਕੰਕਾਰ' ਨਿਰਗੁਣ ਨੂੰ ਪ੍ਰਗਟ ਕਰਦਾ ਹੈ, ਤੇ 'ਓਅੰਕਾਰ' ਸਰਗੁਣ ਨੂੰ ; ਸੋ ੴ ਦਾ ਅਰਥਾ ਹੋਇਆ —(ਨਿਰਗੁਣ, ਸਰਗੁਣ) ਪ੍ਰਮਾਤਮਾ ਦੇ ਦੋਵੇਂ ਪੱਖਾਂ ਦਾ । ਪਹਿਲਾਂ ਅਸੀਂ ਰਹਾਉ ਦੀ ਤੁਕ 'ਤੇ ਨਜ਼ਰ ਮਾਰਦੇ ਹਾਂ, ਕਿਉਂਕਿ ਇਸ ਵਿਚ ਸਾਰੇ ਸ਼ਬਦ ਦਾ ਨਿਚੋੜ ਹੁੰਦਾ ਹੈ । ਮਹਾਰਾਜ ਇਸ ਤੁਕ ਵਿਚ



ਕਹਿੰਦੇ ਹਨ ਕਿ 'ਮੈਂ ਦੂਜਾ ਕਿਸ ਨੂੰ ਕਹਾਂ ਜਦ ਮੈਂ ਵੇਖਦਾ ਹਾਂ ਕਿ ਦੂਜਾ ਕੋਈ ਹੈ ਹੀ ਨਹੀਂ । ਮੈਂ ਜਿਧਰ ਵੇਖਦਾ ਹਾਂ ਮੈਨੂੰ ਓਹੋ ਸਭ ਵਿਚ ਇਕ ਹੀ ਇਕ ਹੋ ਕੇ ਦਿਸਦਾ ਹੈ । ਜੋ ਕੁਝ ਵੀ ਬਣਿਆ ਹੈ ਉਹ ਨਾ ਸਿਰਫ਼ ਉਸ ਦਾ ਬਣਾਇਆ ਹੋਇਆ ਹੈ ਸਗੋਂ ਉਸ ਦਾ ਆਪਣਾ ਆਪ ਵੀ ਹੈ ।

ਗੁਰੂ ਅਮਰਦਾਸ ਜੀ ਦਸਦੇ ਹਨ :"ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪ ਨਦਰੀ ਆਇਆ ॥"

(ਰਾਮਕਲੀ ਮਹਲਾ ੩, ਅਨੰਦ)

ਅਰਥਾਤ "ਇਹ ਸਾਰਾ ਦਿਸਦਾ ਸੰਸਾਰ ਹਰੀ ਦਾ ਰੂਪ ਹੈ ਤੇ ਮੈਨੂੰ ਵੀ ਹਰੀ ਦਾ ਰੂਪ ਹੋ ਕੇ ਹੀ ਦਿਸ ਰਿਹਾ ਹੈ ।"

ਭਾਵ ਇਹ ਹੈ ਕਿ ਸਾਰਾ ਦਿਸਦਾ ਪਿਸਦਾ ਸੰਸਾਰ ਉਸ ਇਕ ਦਾ ਹੀ ਪ੍ਰਗਟਾਵਾ ਹੈ । ਇਸ ਨਜ਼ਰ ਵਿਚ ਨਿਰਾ ਮਨੁੱਖ ਮਾਤ੍ਰ ਨਹੀਂ ਸਭ ਜੀਵ ਜੰਤ ਤੇ ਸਭ ਰੁਖ, ਬਿਰਖ, ਬਨਸਪਤੀ, ਆਦਿਕ ਨਾਲੋਂ ਇਕ ਅਸਚਰਜ ਤੇ ਵਿਸ਼ਾਲ ਸਾਂਝ ਬਣ ਗਈ ਹੈ, ਕਿਉਂਕਿ ਓਹੋ ਸਭ ਵਿਚ ਵਿਆਪਕ ਹੋ ਕੇ ਦਿਸ ਰਿਹਾ ਹੈ ; ਜਿਵੇਂ ਗੁਰੂ ਅਰਜਨ ਦੇਵ ਜੀ ਸੁਖਮਨੀ ਵਿਚ ਕਹਿੰਦੇ ਹਨ:

"ਸਰਬ ਭੂਤ ਆਪਿ ਵਰਤਾਰਾ ॥
ਸਰਬ ਨੈਨ ਆਪਿ ਪੇਖਨਹਾਰਾ ॥"

(ਗਉੜੀ ਸੁਖਮਨੀ ਮਹਲਾ ੫)

ਅਰਥਾਤ "ਸਭ ਸਰੀਰਾਂ ਵਿਚ ਆਪ ਵਰਤ ਰਿਹਾ ਹੈ । ਸਰਬ ਨੈਣ ਰਚ ਕੇ ਆਪ ਹੀ ਵੇਖਣ ਵਾਲਾ ਵੀ ਹੋ ਰਿਹਾ ਹੈ ।"

ਇਕ ਪ੍ਰਿਥਵੀ ਤੋਂ ਕਈ ਬ੍ਰਿਛ, ਬੂਟੇ ਤੇ ਫਲ ਹੁੰਦੇ ਹਨ, ਇਕ ਦੁੱਧ ਤੋਂ ਕਈ ਤਰ੍ਹਾਂ ਦੀਆਂ ਮਿਠਿਆਈਆਂ ਬਣਦੀਆਂ ਹਨ, ਇਕ ਸੋਨੇ ਤੋਂ ਕਈ ਤਰ੍ਹਾਂ ਦੇ ਗਹਿਣੇ ਘੜੀਂਦੇ ਹਨ । ਇਸੇ ਤਰ੍ਹਾਂ ਇਸ ਦਿਸਦੀ ਪਿਸਦੀ ਅਨੇਕਤਾ ਵਿਚ ਉਸ ਪਾਰਬ੍ਰਹਮ ਦੀ ਏਕਤਾ ਹੈ । ਉਸ ਤੋਂ ਬਿਨਾਂ ਤੋਂ ਕੁਝ ਹੈ ਹੀ ਨਹੀਂ। ਗੁਰੂ ਅਰਜਨ ਦੇਵ ਜੀ ਰਾਗ ਤਿਲੰਗ ਵਿਚ ਇਸ ਗੱਲ ਨੂੰ ਇਉਂ ਸਮਝਾਂਦੇ ਹਨ :-

"ਜੋ ਦੀਸੈ ਸੋ ਤੇਰਾ ਰੂਪੁ॥" (ਤਿਲੰਗ ਮਹਲਾ ੫) ਅੰ :੭੨੪

ਰਾਗ ਸੂਹੀ ਵਿਚ ਵਧੇਰੇ ਖੋਹਲ ਕੇ ਇਉਂ ਬੋਲਦੇ ਹਨ :

"ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਭੇਖ ਰੂਪ ਦਿਖਲਾਈ ॥ ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ ॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥ ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥ ਸਹਸ ਘਟਾ ਮਹਿ ਏਕ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥ ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥ ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥ ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮਗਤਿ ਹੋਈ ॥੪॥"

(ਸੂਹੀ ਮਹਲਾ ੫) ਅੰਗ ੭੩੬

ਅਰਥਾਤ–"ਸ੍ਵਾਂਗੀ ਨਟ ਖੇਡ ਪਾਉਂਦਾ ਹੈ ਤੇ ਕਈ ਤਰ੍ਹਾਂ ਦੇ ਰੂਪ ਬਣਾ ਬਣਾ ਦਸਦਾ ਹੈ, ਪਰ ਫੇਰ ਜਦ ਸਾਂਗ ਉਤਾਰ ਕੇ ਖੇਡ ਬੰਦ ਕੀਤੀ ਜਾਂਦੀ ਹੈ ਤਾਂ ਉਹ ਇਕੋ ਨਟ ਹੀ ਰਹਿ ਜਾਂਦਾ ਹੈ (ਤਿਵੇਂ ਵਾਹਿਗੁਰੂ ਆਪਣੇ ਵਿਚੋਂ ਹੀ ਅਨੇਕ ਰੂਪ ਵਾਲੇ ਸੰਸਾਰ ਦੀ ਰਚਨਾ ਆਪਣੀ ਮੌਜ ਲਈ ਕਰਦਾ ਹੈ ਤੇ ਅੰਤ ਜਦ ਇਹ ਖਿਲਾਰਾ ਸਮੇਟ ਲੈਂਦਾ ਹੈ ਤਾਂ ) ਉਹ ਆਪ ਇਕੋ ਇਕ ਰਹਿ ਜਾਂਦਾ ਹੈ । ਕਿਹੜੇ ਕਿਹੜੇ ਸਾਂਗ ਬਣੇ, ਦਿਸੇ ਅਤੇ ਅੰਤ ਅਲੋਪ ਹੋ ਗਏ ? ਉਹ ਕਿਥੋਂ ਆਇਆ ਤੇ ਕਿਥੇ ਚਲਾ ਗਿਆ । ਇਕੋ ਪਾਣੀ ਵਿਚ ਅਨੇਕਾਂ ਲਹਿਰਾਂ ਉਠਦੀਆਂ ਹਨ, ਇਕੋ ਸੋਨੇ ਤੋਂ ਕਈ ਗਹਿਣੇ ਬਣਾਏ ਜਾਂਦੇ ਹਨ (ਤਿਵੇਂ ਇਕ ਤੋਂ ਅਨੇਕ ਹੋਇਆ ਹੈ) । ਕਈ ਤਰ੍ਹਾਂ ਦੇ ਬੀਜ ਬੀਜੇ ਜਾਂਦੇ ਤੇ ਉਹਨਾਂ ਦੇ ਫਲ ਪਕਦੇ ਅਸਾਂ ਵੇਖੇ ਹਨ (ਉਹਨਾਂ ਵਿਚ ਪਹਿਲਾਂ ਵਾਲਾ ਬੀਜ ਫਿਰ ਆ ਪ੍ਰਗਟ ਹੁੰਦਾ ਹੈ, ਤਿਵੇਂ ਰਚਨਾ ਜਦ ਖ਼ਤਮ ਹੋ ਜਾਂਦੀ ਹੈ ਤਾਂ ਕੇਵਲ) ਇਕ ਕਰਤਾਰ ਹੀ ਰਹਿ ਜਾਂਦਾ ਹੈ। ਹਜ਼ਾਰਾਂ ਘੜਿਆਂ ਵਿਚ ਇਕੋ ਅਸਮਾਨ (ਦਾ ਅਕਸ ਪੈਂਦਾ ਹੈ) ਹੈ ਪਰ ਘੜੇ ਭੱਜਣ ਤੇ ਓਸੇ ਅਕਾਸ਼ ਦਾ ਕੇਵਲ ਚਾਨਣਾ ਰਹਿ ਜਾਂਦਾ ਹੈ (ਘੜਿਆਂ ਦਾ ਜ਼ਾਰੀ ਵਖੇਵਾਂ ਅਕਾਸ਼ ਦੀ ਏਕਤਾ ਨੂੰ ਤੋੜ ਨਹੀਂ ਸਕਦਾ)। ਇਸੇ ਤਰ੍ਹਾਂ ਮਾਇਆ ਦੇ ਪਾਏ ਭਰਮਾਂ ਦੇ ਕਾਰਨ ਜੀਵਾਂ



ਅੰਦਰ ਲਾਲਚ ਅਤੇ ਮੋਹ ਆਦਿਕ ਵਿਕਾਰ ਪੈਦਾ ਹੁੰਦੇ ਹਨ, ਪਰ ਭਰਮਾਂ ਦੇ ਦੂਰ ਹੋਣ ਨਾਲ ਕੇਵਲ ਏਕੰਕਾਰ (ਨਿਰਗੁਣ ਹਰੀ) ਦਿਸਣ ਲੱਗ ਪੈਂਦਾ ਹੈ । ਉਹ ਅਮਰ ਹੈ ਪ੍ਰਮਾਤਮਾ, ਉਹ ਕਦੇ ਨਾਸ ਨਹੀਂ ਹੁੰਦਾ, ਇਸ ਲਈ ਵਾਸਤਵ ਵਿਚ ਉਸ ਤੋਂ ਬਿਨਾਂ ਨਾ ਕੋਈ ਆਉਂਦਾ ਤੇ ਨਾ ਕੋਈ ਜਾਂਦਾ ਹੈ । ਪੂਰੇ ਗੁਰੂ ਨੇ ਮੇਰੀ ਹਉਮੈਂ ਦੀ ਮੈਲ ਹੁਣ ਕਟ ਦਿੱਤੀ ਹੈ (ਹੁਣ ਮੈਨੂੰ ਉਸ ਤੋਂ ਵੱਖਰਾ ਕੁਝ ਵੀ ਨਹੀਂ ਦਿਸਦਾ) ਤੇ ਸਮਝੋ ਕਿ ਮੈਨੂੰ ਮੋਖ ਪ੍ਰਾਪਤ ਹੋ ਗਿਆ ਹੈ ।"

ਗੁਰੂ ਨਾਨਕ ਦੇਵ ਜੀ ਇਨ੍ਹਾਂ ਵਿਚਾਰਾਂ ਨੂੰ ਹੋਰ ਨਵੀਂ ਸ਼ਕਲ ਇਥੇ ਦੇਂਦੇ ਹਨ ।

**ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥**
**ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥**

(ਵਾਰ ਮਲਾਰ ਮਹਲਾ ੧) ਅੰਗ ੧੨੯੧

ਅਰਥਾਤ –"ਉਹ ਆਪ ਪਟੀ ਤੇ ਆਪ ਹੀ ਕਲਮ ਹੈ—ਤੇ ਪਟੀ 'ਤੇ ਲਿਖਿਆ ਅਖਰ ਭੀ ਆਪ ਹੈ । ਹੇ ਨਾਨਕ, ਤੂੰ ਸਭ ਵਿਚ ਇਕ ਹੀ ਇਕ ਵੇਖ, ਦੂਜਾ ਕਿਥੇ ਹੈ ?"

ਮਹਾਰਾਜ ਦੇ ਥਾਂ ਥਾਂ ਕਈ ਬਚਨ ਮਿਲਦੇ ਹਨ ਜੋ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਉਸ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ । ਨਾਮ ਸਿਮਰਨ ਦੇ ਲੇਖ ਵਿਚ ਇਸ ਸਿਧਾਂਤ ਨੂੰ ਖੋਹਲ ਕੇ ਦਸਿਆ ਗਿਆ ਹੈ । ਏਥੇ ਇਸ ਸਿਧਾਂਤ ਦੇ ਕੇਵਲ ਇਸ ਪਹਿਲੂ 'ਤੇ ਵਿਸ਼ੇਸ਼ ਵਿਚਾਰ ਕਰਨੀ ਹੈ ਕਿ ਜੇ ਸਭ ਮਨੁੱਖ ਜਾਤੀ ਅੰਦਰ ਉਸ ਦਾ ਹੀ ਆਪਣਾ ਆਪ ਹੈ ਤਾਂ ਇਸ ਤੋਂ ਕੀ ਸਿੱਟਾ ਨਿਕਲਦਾ ਹੈ ? ਪਰ ਪਹਿਲਾਂ ਕਬੀਰ ਜੀ ਦੇ ਇਕ ਸ਼ਬਦ ਨੂੰ ਵੀ ਏਥੇ ਦੇਂਦੇ ਹਾਂ :

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗ ਉਪਜਿਆ ਕਉਨ ਭਲੇ ਕੋ ਮੰਦੇ ॥
ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ
ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥ ਮਾਟੀ ਏਕ
ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ ਮਾਟੀ
ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥ ਸਭ ਮਹਿ ਸਚਾ ਏਕੋ ਸੋਈ
ਤਿਸ ਕਾ ਕੀਆ ਸਭੁ ਕਛੁ ਹੋਈ ॥ ਹੁਕਮੁ ਪਛਾਨੈ ਸੁ ਏਕੋ

ਜਾਨੈ ਬੰਦਾ ਕਹੀਐ ਸੋਈ ॥੩॥ ਅਲਹੁ ਅਲਖੁ ਨ ਜਾਈ
ਲਖਿਆ ਗੁਰਿ ਗੁੜੁ ਦੀਨਾ ਮੀਠਾ ॥ ਕਹਿ ਕਬੀਰ ਮੇਰੀ ਸੰਕਾ
ਨਾਸੀ ਸਰਬ ਨਿਰੰਜਨੁ ਡੀਠਾ ॥"

(ਪ੍ਰਭਾਤੀ ਕਬੀਰ ਜੀ) ਅੰਗ ੧੩੪੯

ਅਰਥਾਤ "ਪਹਿਲਾਂ ਕਰਤਾਰ ਨੇ ਜੋਤ ਰਚੀ ਤੇ ਫਿਰ ਉਸ ਦੀ ਕੁਦਰਤ ਤੋਂ ਸਭ ਬੰਦੇ ਹੋਏ । ਜੇ ਇਕ ਜੋਤ ਤੋਂ ਹੀ ਸਾਰਾ ਸੰਸਾਰ ਉਤਪੰਨ ਹੋਇਆ, ਤਾਂ ਫਿਰ ਕਿਸੇ ਇਕ ਨੂੰ ਮੰਦਾ ਤੇ ਕਿਸੇ ਦੂਜੇ ਨੂੰ ਚੰਗਾ ਕਿਵੇਂ ਕਹਿ ਸਕਦੇ ਹਾਂ ? (ਕਿਉਂਕਿ ਹਰ ਕੋਈ ਉਸ ਜੋਤ ਸਰੂਪ ਹਰੀ ਤੋਂ ਹੋਇਆ ਹੈ, ਇਸ ਲਈ ਕੋਈ ਵੀ ਮਾੜਾ ਨਹੀਂ ਹੋ ਸਕਦਾ। ਸਾਰੇ ਬੰਦੇ ਹਰੀ ਦਾ ਰੂਪ ਹੋਣ ਕਰਕੇ ਮਾਣਯੋਗ ਹਨ)। ਉਸ ਖਲਕਤ ਦਾ ਖਾਲਕ (ਸਿਰਜਨਹਾਰ) ਹੈ ਤੇ ਆਪਣੀ ਸਿਰਜੀ ਖਲਕਤ ਦੇ ਅੰਦਰ ਵਰਤ ਕੇ ਸਭ ਵਿਚ ਵਿਆਪਕ ਵੀ ਹੋ ਰਿਹਾ ਹੈ । ਮਿੱਟੀ ਇਕ ਹੀ ਹੈ, ਪਰ ਸਿਰਜਨਹਾਰ ਨੇ ਇਹ ਕਈ ਤਰ੍ਹਾਂ ਨਾਲ ਬਣਾਈ ਹੈ । ਇਕੋ ਮਿੱਟੀ ਤੋਂ ਕਈ ਤਰ੍ਹਾਂ ਸ਼ਕਲਾਂ ਘੜ ਦਿੱਤੀਆਂ ਹਨ। ਇਨ੍ਹਾਂ ਮਿੱਟੀ ਦੇ ਭਾਂਡਿਆਂ ਵਿਚ ਕੋਈ ਨੁਕਸ ਨਹੀਂ ਹੋ ਸਕਦਾ । ਕਿਉਂਕਿ ਉਹਨਾਂ ਦੇ ਘੜਨਹਾਰ ਕਰਤਾਰ ਵਿਚ ਕੋਈ ਨੁਕਸ ਨਹੀਂ , ਸਭ ਅੰਦਰ ਉਹੋ ਸੱਚਾ ਹੈ ਜਿਸ ਦਾ ਕੀਤਾ ਹੋਇਆ ਸਾਰੇ ਹੁੰਦਾ ਹੈ । ਜੋ ਪੁਰਸ਼ ਉਸ ਦੇ ਹੁਕਮ ਨੂੰ ਪਛਾਣਦਾ ਹੈ ਉਹ ਉਸ ਇਕ ਨੂੰ ਹੀ ਸਭ ਵਿਚ ਵੇਖਦਾ ਹੈ ਤੇ ਉਹੋ ਅਸਲ ਬੰਦਾ ਕਿਹਾ ਜਾ ਸਕਦਾ ਹੈ । ਪ੍ਰਮਾਤਮਾ ਅਲਖ ਹੈ ਜੋ ਸਮਝ ਤੋਂ ਪਰੇ ਹੈ; ਪਰ ਮੈਨੂੰ (ਗੂੰਗੇ ਨੂੰ) ਗੁਰੂ ਨੇ (ਅਲਖ ਹਰੀ ਦੀ ਸਮਝ ਰੂਪ) ਐਸਾ ਮਿੱਠਾ ਗੁੜ ਦਿੱਤਾ ਹੈ ਜਿਸ ਦਾ ਸਵਾਦ ਮੈਥੋਂ ਦਸਿਆ ਨਹੀਂ ਜਾ ਸਕਦਾ । ਕਬੀਰ ਜੀ ਕਹਿੰਦੇ ਹਨ, ਮੇਰੇ ਸਾਰੇ ਸ਼ੰਕੇ ਹੁਣ ਮੁਕ ਚੁੱਕੇ ਹਨ ; ਕਿਉਂਕਿ ਮੈਂ ਸਭ ਥਾਂ ਨਿਰਲੇਪ ਹਰੀ ਹੀ ਵੇਖਿਆ ਹੈ ।"

ਇਸ ਉਤਲੇ ਸ਼ਬਦ ਤੋਂ ਮਾਨਵ ਜਾਤੀ ਦੀ ਏਕਤਾ ਦੀ ਕਿਤਨੀ ਵਿਸ਼ਾਲ ਨਜ਼ਰ ਪ੍ਰਗਟ ਹੋ ਰਹੀ ਹੈ । ਇਸ ਨਜ਼ਰ ਵਿਚ ਸਭ ਇਨਸਾਨ ਪ੍ਰਮਾਤਮਾ ਦਾ ਰੂਪ ਹੋ ਕੇ ਦਿਸ ਰਹੇ ਹਨ, ਇਸ ਲਈ ਵਖੇਵੇਂ ਦੀ ਕੋਈ ਗੁੰਜਾਇਸ਼ ਨਹੀਂ ਰਹਿ ਗਈ ।

ਇਸ ਤੋਂ ਗੁਰੂ ਨਾਨਕ ਦੇਵ ਜੀ ਇਉਂ ਸਿੱਟਾ ਕੱਢਦੇ ਹਨ :

"ਨਾਨਕੁ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥



ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥"

ਅੰਗ ੧੧੬੮

ਅਰਥਾਤ-"ਗ਼ਰੀਬ ਨਾਨਕ ਕੀ ਆਖੇ? ਹੁਣ ਉਹ ਸਭ ਲੋਕਾਂ ਨੂੰ ਇਕੋ ਜਿਹਾ ਸਲਾਹੁੰਦਾ ਹੈ । ਨਾਨਕ ਦਾ ਸਿਰ ਸਭ ਲੋਕਾਂ ਦੇ ਪੈਰਾਂ ਥੱਲੇ ਹੈ ਕਿਉਂਕਿ ਉਸ ਨੂੰ ਸਾਰੇ ਹੀ ਉਸ ਪ੍ਰਮਾਤਮਾ ਦਾ ਨਾਮ ਹੋ ਕੇ ਦਿਸ ਰਹੇ ਹਨ। ਨਾਨਕ ਹੁਣ ਸਾਰੀ ਮੱਨੁਖ ਜਾਤੀ ਤੋਂ ਸਦਕੇ ਹੋ ਹੋ ਜਾਂਦਾ ਹੈ ।

ਏਕਤਾ ਦਾ ਕਿਤਨਾ ਡੂੰਘਾ ਜਜ਼ਬਾ ਇਨ੍ਹਾਂ ਸਤਰਾਂ ਤੋਂ ਪ੍ਰਗਟ ਹੁੰਦਾ ਹੈ: ਮਹਾਰਾਜ ਨੂੰ ਸਭ ਮਨੁੱਖ ਉਸ ਪ੍ਰਮਾਤਮਾ ਦੇ ਨਾਮ ਹੋ ਕੇ ਦਿਸ ਰਹੇ ਹਨ ਤੇ ਸਭ ਦੇ ਪੈਰਾਂ 'ਤੇ ਸਿਰ ਰੱਖਣ ਨੂੰ ਉਤਾਵਲੇ ਹੋ ਜਾਂਦੇ ਹਨ । ਇਸ ਵਿਚਾਰ ਨੂੰ ਨਵੇਂ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਇਉਂ ਪੇਸ਼ ਕੀਤਾ ਹੈ :

**"ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ ॥**
**ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ ॥੧॥**
**ਏਕ ਮਹਿਲ ਤੂੰ ਪੰਡਤੁ ਬਕਤਾ ਏਕ ਮਹਲਿ ਖਲੁ ਹੋਤਾ ॥**
**ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ**
**ਨ ਲੇਤਾ ॥" (ਗਉੜੀ ਮਹਲਾ ੫) ਅੰਗ ੨੦੬**

ਅਰਥਾਤ "ਇਕ ਸਰੀਰ ਦੇ ਅੰਦਰ ਤੂੰ ਹੰਕਾਰੀ ਹੋ ਕੇ ਵਰਤ ਰਿਹਾ ਹੈਂ ਤੇ ਕਿਸੇ ਹੋਰ ਇਕ ਅੰਦਰ ਤੂੰ ਨਿਮਾਣਾ ਹੋ ਜਾਂਦਾ ਹੈਂ । ਇਕ ਸਰੀਰ ਵਿਚ ਤੂੰ ਵਖਿਆਨੀ ਪੰਡਤ ਹੈਂ ਤੇ ਦੂਜੇ ਵਿਚ ਮੂਰਖ ਹੋ ਜਾਂਦਾ ਹੈ । ਇਕ ਸਰੀਰ ਵਿਚ ਤੂੰ ਸਭ ਕੁਝ ਆਪਣੇ ਲਈ ਇਕੱਠਾ ਕਰਨ ਵਾਲਾ ਹੈਂ, ਪਰ ਦੂਜੇ ਵਿਚ ਤੂੰ ਪੂਰਾ ਤਿਆਗੀ ਹੋ ਵਰਤਦਾ ਹੈਂ ॥"

ਗ਼ਰੀਬਾਂ, ਅਮੀਰਾਂ, ਪੰਡਤਾਂ, ਮੂਰਖਾਂ, ਨਿਰਮਾਣਾਂ ਅਤੇ ਹੰਕਾਰੀਆਂ ਸਭ ਵਿਚ ਮਹਾਰਾਜ ਰੱਬ ਵੇਖ ਰਹੇ ਹਨ । ਗੁਰੂ ਗੋਬਿੰਦ ਸਿੰਘ ਜੀ ਵੀ ਅਕਾਲ ਉਸਤਤਿ ਵਿਚ ਏਵੇਂ ਹੀ ਬੋਲਦੇ ਸਨ :-

ਕਤਹੂੰ ਸੁਚੇਤ ਹੁਇ ਕੈ, ਚੇਤਨਾ ਕੋ ਚਾਰੁ ਕੀਉ;
ਕਤਹੂੰ ਅਚਿੰਤ ਹੁਇ ਕੈ, ਸੋਵਤ ਅਚੇਤ ਹੋ ।
ਕਤਹੂੰ ਭਿਖਾਰੀ ਹੁਇ ਕੈ, ਮਾਂਗਤ ਫਿਰਤ ਭੀਖ ;
ਕਹੂੰ ਮਹਾਂ ਦਾਨਿ ਹੁਇ ਕੈ, ਮਾਂਗਿਓ ਧਨ ਦੇਤ ਹੋ ।

ਕਹੂੰ ਮਹਾਂ ਰਾਜਨ ਕੋ, ਦੀਜਤ ਅਨੰਤ ਦਾਨ; ਕਹੂੰ ਮਹਾਂ ਰਾਜਨ ਤੇ
ਛੀਨ ਛਿਤ, ਲੇਤ ਹੋ ।
ਕਹੂੰ ਬੇਦਿ ਰੀਤਿ, ਕਹੂੰ ਤ ਸਿਉ ਬਿਪਰੀਤਿ ; ਕਹੂੰ ਤ੍ਰਿਗੁਨ ਅਤੀਤ ।
ਕਹੂੰ ਸੁਰਗੁਨ ਸਮੇਤ ਹੋ ॥੧੧

ਅਰਥਾਤ "ਹੇ ਵਾਹਿਗੁਰੂ ਕਿਤੇ ਤੂੰ ਬੜੇ ਸੁੰਦਰ ਦਿਮਾਗ ਵਾਲਾ ਹੋ ਕੇ ਦਿਮਾਗ ਦੀ ਸ਼ੋਭਾ ਵਧਾਉਂਦਾ ਹੈਂ ਪਰ ਕਿਤੇ ਤੂੰ ਮੂਰਖ ਹੋ ਕੇ ਬੇ-ਫਿਕਰ ਸੌਂਦਾ ਹੈਂ । ਕਿਤੇ ਤੂੰ ਮੰਗਤਾ ਹੋ ਕੇ ਮੰਗਦਾ ਫਿਰਦਾ ਹੈਂ ਤੇ ਕਿਤੇ ਵੱਡਾ ਦਾਨੀ ਹੋ ਕੇ ਮੰਗਤਿਆਂ ਨੂੰ ਦਾਨ ਦਿੰਦਾ ਹੈ, ਕਿਤੇ ਤੂੰ ਵਡੇ ਵਡੇ ਰਾਜਿਆਂ ਨੂੰ ਕਈ ਤਰ੍ਹਾਂ ਦੀਆਂ ਬਖਸ਼ਸ਼ਾ ਕਰਦਾ ਹੈ, ਪਰ ਕਈਆਂ ਮਹਾਰਾਜਿਆਂ ਤੋਂ ਉਹਨਾਂ ਦੀ ਰਾਜ ਧਰਤੀ ਵੀ ਖੋਹ ਲੈਂਦਾ ਹੈਂ । ਕਿਤੇ ਤੂੰ ਬੇਦਾਂ ਦੀ ਰਹੁ ਰੀਤ ਵਿਚ ਲੱਗਾ ਹੈਂ ਤੇ ਕਿਤੇ ਇਸ ਤੋਂ ਨਿਆਰਾ ਹੋ ਜਾਂਦਾ ਹੈਂ । ਕਿਤੇ ਤੂੰ ਤਿੰਨਾਂ ਗੁਣਾਂ ਤੋਂ ਨਿਰਲੇਪ ਹੋ ਕੇ ਰਹਿੰਦਾ ਹੈਂ ਤੇ ਕਿਤੇ ਸਾਰੇ ਗੁਣਾਂ ਦਾ ਧਾਰਨੀ ਹੋ ਦਿਸਦਾ ਹੈਂ ॥"

ਸਪਾਈਨੋਜ਼ਾ ਨੇ ਇਸੇ ਏਕਤਾ ਦਾ ਅਨੁਭਵੀ ਸਿੱਟਾ ਇਉਂ ਕੱਢਿਆ ਸੀ :-

"The greatest good is the knowledge of the union which the mind has with the whole nature. Our individual separateness is illusory. We are parts of the great stream of law and cause, parts of God. As such parts of such a whole, we are immortal"

ਅਰਥਾਤ "ਇਹ ਜਾਣਕਾਰੀ ਕਿ ਸਾਡੇ ਮਨ ਸਾਰੀ ਕੁਦਰਤ ਨਾਲ ਅਭੇਦ ਹਨ ਸਭ ਤੋਂ ਉਤਮ ਬਾਤ ਹੈ । ਫਿਰ ਸਾਡਾ ਸ਼ਖਸੀ ਵਖੇਵਾਂ ਇਕ ਭੁਲੇਖਾ ਹੋਇਆ। ਅਸੀਂ ਸਾਰੇ ਉਸ ਦੇ ਕਾਨੂੰਨਾਂ ਤੇ ਕਾਰਨਾਂ ਦੀ ਵਗ ਰਹੀ ਵਿਸ਼ਾਲ ਨਦੀ ਦੇ ਹਿੱਸੇ ਹਾਂ, ਮਾਨੋਂ ਉਸ ਪ੍ਰਮਾਤਮਾ ਦੇ ਹਿੱਸੇ ਹਾਂ । ਅਜਿਹੇ ਸਾਰੇ ਦਾ ਇਸ ਤਰ੍ਹਾ ਹਿੱਸਾ ਹੋਣ ਦੀ ਹੈਸੀਅਤ ਵਿਚ ਅਸੀਂ ਅਮਰ ਹਾਂ ।"

ਹੁਣ ਵੇਖੋ ਸ਼ਾਪਨਹਾਰ (Shopenhauer) ਨੂੰ ਵੀ ਜੋ ਇਸ ਸਿਧਾਂਤ ਨੂੰ ਆਪਣੇ ਨਾਲ ਇਉਂ ਦਸਦੇ ਹਨ :

"Only in space and time do we seem to be separate



beings. Space and time are the veil of Maya—illusion, hiding the unity fo things. In reality there is only one life."

ਅਰਥਾਤ -"ਜੀਵਾਂ ਦਾ ਜ਼ਾਹਰਾ ਵਖੇਵਾਂ ਦੇਸ਼ ਤੇ ਕਾਲ ਦੇ ਕਾਰਨ ਹੈ। ਦੇਸ਼ ਅਤੇ ਕਾਲ ਮਾਇਆ ਦਾ ਪਰਦਾ ਹਨ ਇਹ ਭੁਲੇਖਾ ਹਨ ਜਿਸ ਦੇ ਕਾਰਨ ਸਰਬ ਪਸਰੀ ਏਕਤਾ ਲੁਕੀ ਰਹਿੰਦੀ ਹੈ । ਅਸਲ ਵਿਚ ਇਕ ਹੀ ਜੀਵਨ ਸਤਾ ਚਲ ਰਹੀ ਹੈ ।"

ਇਹ ਹੈ ਏਕਤਾ ਦੀ ਨਜ਼ਰ ਜਿਸ ਅੰਦਰ ਸਾਰਾ ਸੰਸਾਰ ਆਪਣਾ ਹੋ ਕੇ ਦਿਸਣਾ ਚਾਹੀਦਾ ਹੈ । ਗੁਰੂ ਅਰਜਨ ਦੇਵ ਜੀ, ਇਸ ਨੂੰ ਆਪਣੀ ਬੋਲੀ ਵਿਚ ਇਉਂ ਪੇਸ਼ ਕਰਦੇ ਹਨ :

**"ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥"**

(ਗਉੜੀ ਭੈਰਉ ਮਹਲਾ ੫) ਅੰਗ ੧੧੫੬

ਅਰਥਾਤ -"ਜਿਸਦੇ ਹਿਰਦੇ ਨਾਮ ਵੱਸਦਾ ਹੈ, ਸਾਰੀ ਦੁਨੀਆਂ ਉਸ ਦਾ ਟੱਬਰ ਹੁੰਦੀ ਹੈ ।"

ਪ੍ਰਕਾਸ਼ ਹੋ ਜਾਣ ਨਾਲ ਸਭ ਵਖੇਵੇਂ ਮੁਕ ਜਾਂਦੇ ਹਨ ਤੇ ਫਿਰ :
"ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥

(ਧਨਾਸਰੀ ਮਹਲਾ ੫) ਅੰਗ ੬੭੧

ਅਰਥਾਤ-"ਨਾ ਮੇਰਾ ਕੋਈ ਦੁਸ਼ਮਨ ਹੈ ਤੇ ਨਾ ਮੇਰੇ ਅਪਨੇ ਅੰਦਰ ਕਿਸੇ ਨਾਲ ਵੈਰ ਭਾਵ ਹੈ ।"

ਗੁਰੂ ਅਮਰਦਾਸ ਜੀ ਇਉਂ ਬੋਲਦੇ ਹਨ :

**"ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥**
**ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥"**

(ਸਿਰੀ ਰਾਗ ਮਹਲਾ ੩) ਅੰਗ ੬੨

ਅਰਥਾਤ -"ਸਭ ਕੋਈ ਚੰਗਾ ਹੈ, ਮਾੜਾ ਕੋਈ ਨਹੀਂ, ਕਿਉਂਕਿ ਇਕੋ ਹਰੀ ਤੋਂ ਹੀ ਸਾਰੇ ਸਰੀਰ ਬਣੇ ਹਨ ਤੇ ਓਸੇ ਇਕ ਦਾ ਚਾਨਣ ਤਿੰਨਾਂ ਲੋਕਾਂ ਵਿਚ ਹੈ ।"

ਵਖੇਵੇਂ ਦਾ ਕਾਰਨ ਗੁਰੂ ਨਾਨਕ ਇਉਂ ਦਸਦੇ ਹਨ :

"ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ ॥
ਭਰਮੁ ਉਪਾਇ ਭੁਲਾਈਅਨੁ ਆਪੇ ਤੇਰਾ ਕਰਮੁ ਹੋਆ ਤਿਨ੍ ਗੁਰੂ ਮਿਲਿਆ ॥
(ਆਸਾ ਮਹਲਾ ੧, ਪਟੀ) ਅੰਗ ੪੩੩

ਅਰਥਾਤ—"ਸਭ ਜੀਵਾਂ ਅੰਦਰ ਅਵਿਦਿਆ ਵਰਤ ਗਈ ਹੈ (ਸਭ ਦੁਨੀਆਂ ਭਰਮ ਵਿਚ ਭਟਕ ਰਹੀ ਹੈ, ਪਰ ਤੂੰ ਆਪ ਹੀ ਭਰਮ ਪੈਦਾ ਕਰਕੇ ਸਭ ਨੂੰ ਭੁਲਾਇਆ ਹੈ । ਜਦ ਤੇਰੀ ਬਖਸ਼ਿਸ਼ ਹੁੰਦੀ ਹੈ ਤਾਂ ਗੁਰੂ ਮਿਲ ਪੈਂਦਾ ਹੈ (ਤੇ ਭਰਮ ਕਟਿਆ ਜਾਂਦਾ ਹੈ )।"

ਇਸ ਮਨ ਦੀ ਹਾਲਤ ਵਿਚ ਕੋਈ ਓਪਰਾ ਜਾਂ ਬਿਗਾਨਾ ਕਿਵੇਂ ਰਹਿ ਸਕਦਾ ਹੈ ; ਸਭ ਵਿਚ ਉਹ ਆਪ ਵਰਤ ਰਿਹਾ ਦਿਸਦਾ ਹੈ—ਚੇਤਾ ਰਹੇ ਕਿ ਮਹਾਰਾਜ ਏਥੇ ਸਿੱਖੀ ਦੇ ਉਸ ਮਹਾਂ ਗਿਆਨ ਦੀ ਵਿਆਖਿਆ ਕਰ ਰਹੇ ਹਨ ਜਿਸ ਨੂੰ ਸਮਝਣਾ ਤੇ ਦ੍ਰਿੜ੍ਹ ਕਰਨਾ ਹੀ ਅਸਲ ਸਿਖੀ ਨੂੰ ਸਮਝਣਾ ਹੈ ਇਸ ਸਮਝ ਤੋਂ ਬਿਨਾਂ ਬਾਕੀ ਸਮਝਾਂ ਮੂਰਖਤਾ ਅਤੇ ਅੰਧੇਰਾ ਹਨ । ਮਹਾਰਾਜ ਜਗਤ ਵਿਚ ਕੋਈ ਨਿਰਾਪੁਰਾ ਵਖਰਾ ਫਿਰਕਾ ਕਾਇਮ ਕਰਨਾ ਨਹੀਂ ਚਾਹੁੰਦੇ ਸਨ, ਸਗੋਂ ਰੱਬ ਦਾ ਰਾਹ ਅਰਥਾਤ (ਪੰਥ) ਸਾਜਨਾ ਚਾਹੁੰਦੇ ਸਨ, ਐਸਾ ਪੰਥ ਜਹੋ ਸਭ ਫਿਰਕਿਆਂ ਤੇ ਮਨੁੱਖਾਂ ਵਿਚ ਪਏ ਹਰ ਕਿਸਮ ਦੇ ਵਿਖੇਵਿਆਂ ਨੂੰ ਮੇਟ ਕੇ ਉਹਨਾਂ ਨੂੰ ਏਕਤਾ ਦੀ ਲੜੀ ਵਿਚ ਪਰੋ ਦੇਵੇ —ਤੇ ਜਿਥੇ ਕਿਤੇ ਵੀ ਮਨੁੱਖਾਂ ਨੇ ਆਪਣੀ ਬੇਸਮਝੀ ਦੇ ਕਾਰਨ ਪਾੜੇ ਪਾਏ ਹਨ ਉਹਨਾਂ ਨੂੰ ਮਿਟਾ ਦੇਵੇ । ਪੰਥ ਜਾਂ ਖ਼ਾਲਸਾ ਏਸੇ ਮਿਸ਼ਨ ਦੀ ਪੂਰਤੀ ਲਈ ਸਾਜਿਆ ਗਿਆ ਸੀ। ਇਸ ਖ਼ਾਲਸੇ ਨੇ ਦੁਨੀਆਂ ਵਿਚ ਸਭ ਦਾ ਸੇਵਕ ਹੋ ਕੇ ਵਿਚਰਨਾ ਸੀ, ਗੁਰੂ ਸਾਹਿਬ ਨੇ ਆਪਣਾ ਮਜ਼ਹਬ ਨਿਰੇ ਮਜ਼ਹਬ ਦੀ ਖ਼ਾਤਰ ਨਹੀਂ ਬਣਾਇਆ ਸੀ। ਉਹ ਤਾਂ ਸਗੋਂ ਸਾਰੇ ਹੀ ਮਜ਼ਹਬਾਂ ਦਾ ਸਤਿਕਾਰ ਕਰਦੇ ਸਨ ਤੇ ਚਾਹੁੰਦੇ ਸਨ ਕਿ ਜਿਥੇ ਵੀ ਕੋਈ ਖੜ੍ਹਾ ਹੈ ਓਥੇ ਬੇਸ਼ਕ ਖੜ੍ਹਾ ਰਹੇ ਪਰ ਉਸ ਦੀ ਨਜ਼ਰ ਐਸੀ ਚੌੜੀ ਹੋ ਜਾਏ ਕਿ ਉਸ ਵਿਚ ਬਿਗਾਨਾ ਕੋਈ ਰਹੇ ਹੀ ਨਾ । ਉਹ ਧਰਮ ਨਾਲ ਅਸਲ ਤੇ ਪੱਕਾ ਨਾਤਾ ਜੋੜਨ ਦਾ ਰਾਹ ਵਿਖਾਲਦੇ ਹਨ । ਜਿਸ ਕਿਸੇ ਮਨੁੱਖ ਅੰਦਰ ਏਕਤਾ ਦੀ ਤਾਲੀਮ ਪਰਵੇਸ਼ ਕਰ ਜਾਂਦੀ ਸੀ ਉਹਨਾਂ ਦੇ ਖ਼ਿਆਲ ਵਿਚ ਉਹੋ ਧਰਮ ਸੀ, ਬਾਕੀ ਸਭ ਵਿਖਾਵਾ, ਫਿਰਕਾ-ਪ੍ਰਸਤੀ ਤੇ ਤੰਗ ਦਿਲੀ ਸੀ ।

ਟਰਾਈਨ ਨੇ ਬਹੁਤ ਠੀਕ ਬਾਤ ਇਉਂ ਕਹੀ ਸੀ : "Tell me how much he loves and I will tell you how far he is in



the kingdom of God."

ਅਰਥਾਤ "ਮੈਨੂੰ ਦਸੋ ਕਿ ਫਲਾਂ ਆਦਮੀ ਹੋਰਾਂ ਨੂੰ ਕਿਤਨਾ ਪਿਆਰ ਕਰਦਾ ਹੈ ਤਾਂ ਮੈਂ ਤੁਹਾਨੂੰ ਦਸ ਸਕਾਂਗਾ ਕਿ ਉਹ ਪ੍ਰਮਾਤਮਾ ਦੀ ਬਾਦਸ਼ਾਹਤ ਵਿਚ ਕਿੰਨਾ ਕੁ ਦਾਖ਼ਲ ਹੋਇਆ ਹੈ ।

ਇਸ ਨਜ਼ਰ ਦੀ ਨਿਸ਼ਾਨੀ ਇਹ ਹੈ ਕਿ ਉਸ ਦਾ ਵਰਤਾਉ ਸਭ ਨਾਲ ਪ੍ਰੇਮ ਵਾਲਾ ਹੈ ਤੇ ਇਸ ਪ੍ਰੇਮ ਵਿਚੋਂ ਸਭ ਮਨੁੱਖ ਮਾਤ੍ਰ ਦੀ ਸੇਵਾ ਆਪਣੇ ਆਪ ਨਿਕਲਦੀ ਹੈ । ਜਿਵੇਂ ਸਰੀਰ ਦੇ ਕਿਸੇ ਅੰਗ ਨੂੰ ਤਕਲੀਫ਼ ਹੋਵੇ ਤਾਂ ਸਾਰਾ ਸਰੀਰ ਦੁਖੀ ਹੁੰਦਾ ਹੈ ਤਿਵੇਂ ਜਿਥੇ ਕਿਤੇ ਵੀ ਕੋਈ ਕਸ਼ਟ ਜਾਂ ਦੁੱਖ ਹੋਵੇ ਉਹ ਕਸ਼ਟ ਜਾਂ ਦੁਖ ਆਪਣਾ ਹੋ ਜਾਂਦਾ ਹੈ । ਸਰਬਤ ਦਾ ਭਲਾ ਮੰਗਣਾ ਤੇ ਸਭ ਦੀ ਸੇਵਾ ਵਿਚ ਰਹਿਣਾ, ਜੀਵਨ ਦਾ ਆਦਰਸ਼ ਬਣ ਜਾਂਦੇ ਹਨ। ਇਹ ਪਿਛੋਕੜ ਹੈ ਇਸ ਗੱਲ ਦਾ ਕਿ ਮਹਾਰਾਜ ਕਿਉਂ ਸਾਰੀ ਉਮਰ ਜਗਤ ਦੇ ਕੋਨੇ ਕੋਨੇ ਵਿਚ ਫਿਰੇ ਤੇ ਕਿਉਂ ਉਹਨਾਂ ਲੰਮੀਆਂ ਉਦਾਸੀਆਂ ਕੀਤੀਆਂ ਸਨ। ਕੇਵਲ ਏਸੇ ਲਈ ਹੀ ਕਿ ਸਾਰੇ ਜਗਤ ਦੀ ਪੀੜ ਉਹਨਾਂ ਦੀ ਆਪਣੀ ਪੀੜ ਹੋ ਗਈ ਸੀ । ਫਿਰ ਉਹਨਾਂ ਦੇ ਹਿਰਦੇ ਵਿਚੋਂ ਅਰਦਾਸ ਵੀ ਸਦਾ ਉਹੋ ਹੀ ਨਿਕਲਦੀ ਸੀ ਜੋ ਗੁਰੂ ਅਮਰਦਾਸ ਜੀ ਦੇ ਦਿਲ ਵਿਚ ਆ ਵਸੀ ਸੀ :

"ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥"
(ਬਿਲਾਵਲ ਮਹਲਾ ੩) ਅੰਗ ੮੫੩

ਅਰਥਾਤ "ਹੇ ਵਾਹਿਗੁਰੂ, ਆਪਣੀ ਕਿਰਪਾ ਦਵਾਰਾ ਸਾਰੇ ਦੁਖੀ ਜਗਤ ਦੀ ਰਖਿਆ ਕਰੋ ।"

ਇਹ ਅਰਦਾਸ ਉਸ ਹਿਰਦੇ ਦੀ ਤੜਪ ਹੈ ਜੋ ਸਭ ਨਾਲ ਪ੍ਰੇਮ ਕਰ ਸਕਦਾ ਹੈ ਤੇ ਜਿਸ ਨੇ ਸਭ ਵਿਚ ਬ੍ਰਹਮ ਨੂੰ ਸਹੀ ਕੀਤਾ ਹੈ । ਮਹਾਰਾਜ ਦੀ ਇਸ ਵਿਸ਼ਾਲ ਤਾਲੀਮ ਵਿਚ ਸਭ ਤਾਲੀਮਾਂ ਆ ਜਾਂਦੀਆਂ ਹਨ । ਇਸ ਤੋਂ ਬਿਨਾਂ ਦੁਨੀਆਂ ਵਿਚ ਕਦੇ ਅਮਨ ਜਾਂ ਸ਼ਾਂਤੀ ਵਰਤ ਨਹੀਂ ਸਕਦੀ । ਇਹ ਐਸੀ ਤਾਲੀਮ ਹੈ ਜਿਸ ਦੀ ਹਰ ਸਮੇਂ ਤੇ ਵਿਸ਼ੇਸ਼ ਕਰਕੇ ਇਸ ਸਮੇਂ, ਡਾਢੀ ਲੋੜ ਹੈ । ਅਸੀਂ ਵੇਖਦੇ ਹਾਂ ਕਿ ਦੁਨੀਆਂ ਅੱਜ ਬੜੇ ਭਿਆਨਕ ਦੌਰ ਵਿਚੋਂ ਲੰਘ ਰਹੀ ਹੈ । ਕੌਮਾਂਤਰੀ ਹਾਲਾਤ ਰੋਜ਼ ਰੋਜ਼ ਗੁੰਝਲਦਾਰ ਹੁੰਦੇ ਜਾ ਰਹੇ ਹਨ। ਪ੍ਰਸਪਰ ਬੇਇਤਬਾਰੀ, ਸ਼ੱਕ ਤੇ ਨਫ਼ਰਤ ਤੋਂ ਖਿਚੋਤਾਣ ਵਧਦੀ ਜਾ ਰਹੀ ਹੈ। ਵੱਡੀਆਂ ਤਾਕਤਾਂ ਆਪਣੇ ਅਸਰ ਰਸੂਖ ਦਾ ਦਾਇਰਾ ਚੌੜਾ ਕਰਨ ਦੇ

ਆਹਰਾਂ ਵਿਚ ਛੋਟੀਆਂ ਤੇ ਕਮਜ਼ੋਰ ਤਾਕਤਾਂ ਨੂੰ ਆਪਣੀ ਲਪੇਟ ਵਿਚ ਲੈਣਾ ਚਾਹੁੰਦੀਆਂ ਹਨ । ਅੱਜ ਦਾ ਇਨਸਾਨ ਭਾਵੇਂ ਇਹ ਦਾਹਵਾ ਕਰਦਾ ਥੱਕਦਾ ਨਹੀਂ ਕਿ ਉਸ ਨੇ ਬੜੀ ਤਰੱਕੀ ਕੀਤੀ ਹੈ ਤੇ ਉਹ ਬੜਾ ਸਿਆਣਾ ਤ ਮੁਹੱਜ਼ਬ (cultured) ਹੋ ਗਿਆ ਹੈ ਪਰ ਸੱਚ ਇਹ ਹੈ ਕਿ ਉਸ ਦਾ ਸੁਭਾਉ ਤੇ ਉਸ ਦੀਆਂ ਮਾਨਸਿਕ ਬਿਰਤੀਆਂ ਅਜੇ ਵੀ ਪਸ਼ੂਆਂ ਵਾਲੀਆਂ ਹਨ । ਕੀ ਦੂਜਿਆਂ ਨੂੰ ਲਤਾੜਨਾ, ਉਨ੍ਹਾਂ ਨੂੰ ਆਪਣੀ ਖੁਦਗ਼ਰਜ਼ੀ ਲਈ ਵਰਤਣਾ ਤੇ ਉਨ੍ਹਾਂ ਦੇ ਹੱਕਾਂ 'ਤੇ ਛਾਪੇ ਮਾਰਨੇ ਪਸ਼ੂਆਂ ਦੇ ਕਰਤੱਵ ਨਹੀਂ ਹਨ ? ਇਹ ਠੀਕ ਹੈ ਕਿ ਮਨੁੱਖ ਨੇ ਸਾਇੰਸ ਦੀ ਸਹਾਇਤਾ ਨਾਲ ਬੜੀ ਰੋਸ਼ਨੀ ਪ੍ਰਾਪਤ ਕੀਤੀ ਹੈ, ਪਰ ਉਸ ਦੀਆਂ ਕੀਮਤਾਂ ਬਦਲੀਆਂ ਹਨ ਤੇ ਜਿੰਨਾ ਚਿਰ ਇਹ ਨਾ ਹੋਵੇ ਸਮਾਜ ਕਦੇ ਵੀ ਸਹੀ ਅਰਥਾਂ ਵਿਚ ਉੱਨਤ ਨਹੀਂ ਹੋ ਸਕਦਾ । ਅੱਜ ਦਾ ਮਨੁੱਖ ਮਾਦਾ ਪ੍ਰਸਤੀ, ਅਰਾਮ ਤਲਬੀ ਤੇ ਖੁਦਗਰਜ਼ੀ ਦਾ ਸ਼ਿਕਾਰ ਹੋ ਕੇ ਇਕ ਪਸ਼ੂ ਬਣ ਕੇ ਰਹਿ ਗਿਆ ਹੈ ਤੇ ਉਸ ਦੀ ਸਾਰੀ ਅਖੌਤੀ ਤਰੱਕੀ ਉਸ ਨੂੰ ਵਾਹੋ-ਦਾਹੀ ਬਰਬਾਦੀ ਦੇ ਰਾਹ 'ਤੇ ਤੋਰੀ ਜਾ ਰਹੀ ਹੈ । ਅਸਲ ਨਿਸ਼ਾਨੇ ਤੋਂ ਖੁੰਝ ਕੇ ਇਸ ਸਿਆਣੇ ਪਸ਼ੂ ਨੇ ਹੁਣ ਤਬਾਹੀ ਦੇ ਐਸੇ ਸਮਾਨ ਤਿਆਰ ਕਰ ਲਏ ਹਨ ਜਿਨ੍ਹਾਂ ਦਵਾਰਾ ਸਾਰੀ ਦੁਨੀਆਂ ੨੪ ਘੰਟਿਆਂ ਵਿਚ ਬਰਬਾਦ ਕੀਤੀ ਜਾ ਸਕਦੀ ਹੈ, ਪਰ ਇਸ ਨੂੰ ਹਾਲੇ ਇਹ ਸਮਝ ਨਹੀਂ ਆਈ ਕਿ ਉਹ ਆਪਣੇ ਹੀ ਪੈਦਾ ਕੀਤੇ ਤਬਾਹੀ ਦੇ ਇਨ੍ਹਾਂ ਸਮਾਨਾਂ ਤੋਂ ਕਿਵੇਂ ਬਚੇਗਾ ? ਈਰਖਾ, ਗੁੱਸਾ, ਨਫ਼ਰਤ, ਵੈਰ-ਵਿਰੋਧ ਤੇ ਲੋਭ ਉਸ ਦਾ ਮਾਸ ਤੇ ਹੱਡੀਆਂ ਚੱਟ ਰਹੇ ਹਨ; ਪਰ ਉਹ ਆਪਣੇ ਆਪ ਨੂੰ ਬੇਬਸ ਤੇ ਲਾਚਾਰ ਸਮਝਣ ਲੱਗ ਪਿਆ ਹੈ । ਉਸ ਦਾ ਇਹ ਸੁਭਾਉ ਨਿਰਾਂ ਮੁਲਕਾਂ ਦੇ ਆਪਸੀ ਝਗੜਿਆਂ ਵਿਚ ਹੀ ਨਹੀਂ ਸਗੋਂ ਥਾਂ ਥਾਂ ਪ੍ਰਗਟ ਹੋ ਰਿਹਾ ਹੈ । ਇਕੋ ਮੁਲਕ ਵਿਚ ਵਸਦੀਆਂ ਕੌਮਾਂ ਦੇ ਪ੍ਰਸਪਰ ਝਗੜੇ ਤੇ ਫ਼ਰਕ ਮੁਕਣ ਵਿਚ ਹੀ ਨਹੀਂ ਆਉਂਦੇ । ਸਾਡੇ ਆਪਣੇ ਦੇਸ਼ ਵਿਚ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੇ ਝਗੜੇ, ਸ਼ੀਆ ਤੇ ਸੁੰਨੀਆਂ ਦੇ ਪ੍ਰਸਪਰ ਵਿਰੋਧ, ਜੱਟਾਂ ਤੇ ਨਾਨ-ਜੱਟਾਂ ਦੇ ਸਵਾਲਾ, ਬੁਰਾਦਰੀਆਂ ਤੇ ਇਲਾਕਿਆਂ ਦੇ ਵੀਹ ਕਿਸਮ ਦੇ ਬਖੇੜੇ, ਕਿਸੇ ਨਾ ਕਿਸੇ ਸ਼ਕਲ ਵਿਚ ਸਾਹਮਣੇ ਆ ਖਲੋਂਦੇ ਰਹੇ ਹਨ । ਕਰੋੜਾਂ ਰੱਬ ਦੇ ਬੰਦੇ ਜਿਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਰਿਹਾ ਹੈ ਕਈ ਸਦੀਆਂ ਇਨਸਾਨੀ ਜ਼ੁਲਮਾਂ ਦਾ ਸ਼ਿਕਾਰ ਹੁੰਦੇ ਰਹੇ ਹਨ । ਦੁਖ ਭਰੀ ਗੱਲ ਹੈ ਕਿ ਇਹ ਜ਼ੁਲਮ ਧਰਮ ਦੇ ਹੀ ਨਾਮ 'ਤੇ ਹੁੰਦੇ ਰਹੇ ਹਨ । ਇਹਨਾਂ ਕਰੋੜਾਂ ਇਨਸਾਨਾਂ ਨੂੰ ਜਨਮ ਕਰਕੇ ਹੀ ਨੀਵਾਂ ਸਮਝ ਲਿਆ ਗਿਆ ਸੀ । ਉਹਨਾਂ ਨੂੰ ਛੋਹਣ ਜਾਂ ਉਨ੍ਹਾਂ ਨਾਲ ਵਰਤਣ ਦੀ



ਮਨਾਹੀ ਧਾਰਮਿਕ ਤੌਰ 'ਤੇ ਪਰਵਾਨ ਕਰ ਲਈ ਗਈ । ਇਸ ਦਾ ਸਿੱਟਾ ਇਹ ਨਿਕਲਿਆ ਕਿ ਸਮਾਂ ਪਾ ਕੇ ਰੱਬ ਦੇ ਇਹਨਾਂ ਬੰਦਿਆਂ ਨਾਲ ਕੁੱਤਿਆਂ ਤੋਂ ਵੀ ਵੱਧ ਭੈੜਾ ਸਲੂਕ ਹੋਣ ਲੱਗ ਪਿਆ ਸੀ । ਉਹਨਾਂ ਨੂੰ ਇਹ ਆਗਿਆ ਵੀ ਨਹੀਂ ਸੀ ਕਿ ਉਹ ਪੂਜਾ ਲਈ ਧਰਮ ਮੰਦਰਾਂ ਵਿਚ ਜਾਣ ਜਾਂ ਸੜਕਾਂ 'ਤੇ ਖੱਲ੍ਹੇ ਤੁਰ ਫਿਰ ਸਕਣ। ਇਹਨਾਂ ਅਖੌਤੀ ਅਛੂਤਾ ਵਿਚ ਕਈ ਐਸੀਆਂ ਜਾਤਾਂ ਵੀ ਸਨ, ਜਿਨ੍ਹਾਂ ਦੇ ਨੇੜਿਓਂ ਲੰਘਣ ਨਾਲ ਜਾਂ ਇਨ੍ਹਾਂ ਨੂੰ ਕੇਵਲ ਵੇਖਣ ਨਾਲ ਹੀ ਭਿਟ ਹੋਈ ਸਮਝੀ ਜਾਂਦੀ ਸੀ । ਉਨ੍ਹਾਂ ਦੇ ਕਸ਼ਟਾਂ ਦੀਆਂ ਕਹਾਣੀਆਂ ਤਾਂ ਬੇਅੰਤ ਹਨ ਪਰ ਇਨਸਾਨ ਦੀ ਅਧੋਗਤੀ ਦਰਸਾਣ ਲਈ ਕਿ ਗ਼ਲਤ ਕੀਮਤਾਂ ਦੇ ਕਾਰਨ ਉਹ ਕਿਸ ਹੱਦ ਤਕ ਡਿਗ ਸਕਦਾ ਹੈ ਇਕ ਕਹਾਣੀ ਅਸੀਂ ਏਥੇ ਵੀ ਦਿੰਦੇ ਹਾਂ :-

"ਪੂਨੇ ਵਰਗੀ ਥਾਂ "ਤੇ ਇਹਨਾਂ ਗ਼ਰੀਬਾਂ ਨੂੰ ਆਪਣੇ ਪੈਰਾਂ ਦੇ ਨਿਸ਼ਾਨ ਸਾਫ਼ ਕਰਨ ਲਈ ਲੱਕ ਨਾਲ ਬੁਹਾਰੀ ਬੰਨ੍ਹਣੀ ਹੁੰਦੀ ਸੀ ਅਤੇ ਥੁਕਣ ਲਈ ਆਪਣੇ ਗਲ ਨਾਲ ਭਾਂਡਾ ਬੰਨ੍ਹਣਾ ਪੈਂਦਾ ਸੀ । ਸੋਨਾ, ਚਾਂਦੀ ਤਿੱਲੇਦਾਰ ਪਗੜੀ ਤੇ ਰੰਗੀ ਹੋਈ ਸ਼ੋਖ ਧੋਤੀ ਉਨ੍ਹਾਂ ਲਈ ਮਨ੍ਹਾ ਸਨ । ਉਹਨਾਂ ਨੂੰ ਇਹ ਹੱਕ ਵੀ ਨਹੀਂ ਸੀ ਕਿ ਆਪਣੀ ਕੀਤੀ ਕਾਰ ਦਾ ਮੁੱਲ ਮੰਗ ਸਕਣ । ਇਕ ਪਿੰਡ ਦੀ ਘਟਨਾ ਹੈ ਕਿਸੇ ਘਰ ਵਿਚ ਆਏ ਰਿਸ਼ਤੇਦਾਰ ਪ੍ਰਾਹੁਣਿਆਂ ਦੀ ਰੋਟੀ ਵਿਚ ਘਿਉ ਵਰਤਣ ਦੇ ਦੋਸ਼ ਵਿਚ ਉਹਨਾਂ ਨੂੰ ਡਾਂਗਾਂ ਨਾਲ ਕੁਟਿਆ ਗਿਆ ਤੇ ਉਨ੍ਹਾਂ ਦੀ ਪੱਕੀ ਹੋਈ ਸਾਰੀ ਰੋਟੀ ਬਰਬਾਦ ਕਰ ਦਿੱਤੀ ਗਈ ਸੀ ਤੇ ਬਦਕਿਸਮਤ ਡਰਦੇ ਮਾਰੇ ਪਿੰਡੋਂ ਨੱਸ ਗਏ ਸਨ। ਅਫਸੋਸ ਹੈ ਕਿ ਮਨੁੱਖ ਦੀ ਗ਼ਲਤ ਸੋਚਣੀ ਤੋਂ ਇਹ ਜਿਹੇ ਦਿਲ ਹਿਲਾ ਦੇਣ ਵਾਲੇ ਵਿਤਕਰੇ ਤੇ ਫ਼ਰਕ ਪੈਦਾ ਹੋ ਜਾਂਦੇ ਹਨ । ਫਿਰ ਇਹ ਵਿਤਕਰੇ ਸੀਮਾ ਰਹਿਤ ਹੁੰਦੇ ਹਨ ਜੋ ਭਾਈਚਾਰਕ, ਪੋਲੀਟੀਕਲ, ਆਰਥਕ, ਮਜ਼ਹਬੀ ਤੇ ਜੀਵਨ ਦੇ ਹੋਰ ਖੇਤਰਾਂ ਵਿਚ ਵਰਤੇ ਜਾ ਕੇ ਜੀਵਨ ਲੰਗੜਾ, ਫਿੱਕਾ ਤੇ ਬੇ-ਸੁਆਦਾ ਕਰ ਜਾਂਦੇ ਹਨ।"

ਗੁਰੂ ਸਾਹਿਬ ਇਕ ਸਿਆਣੇ ਵੈਦ ਵਾਂਗ ਬੀਮਾਰੀ ਦੀ ਜੜ੍ਹ ਕੱਟਣਾ ਚਾਹੁੰਦੇ ਸਨ । ਉਹ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦੇ ਸਨ ਕਿ ਸਮਾਜ ਲਈ ਕਿਸ ਕਿਸਮ ਦਾ ਨਜ਼ਾਮ ਵਧੇਰੇ ਚੰਗਾ ਹੈ । ਪਹਿਲਾਂ ਉਹ ਮਨੁੱਖ ਨੂੰ ਮਨੁੱਖ ਬਣਨ ਦੀ ਜਾਚ ਦਸਦੇ ਹਨ । ਪਹਿਲਾਂ ਆਦਮੀ ਬਦਲੇ ਤੇ ਉਸ ਦੀ ਤਾਲੀਮ ਤੇ ਸੋਚਣੀ ਬਦਲੇ, ਤਾਂ ਹੀ ਕੋਈ ਨਜ਼ਾਮ, ਭਾਵੇਂ ਉਹ ਸਮਾਜਵਾਦ

ਹੈ ਤੇ ਭਾਵੇਂ ਕੋਈ ਹੋਰ, ਮਜ਼ਬੂਤ ਪੈਰਾਂ ਤੇ ਖੜ੍ਹਾ ਹੋ ਸਕਦਾ ਹੈ । ਇਸ ਤਬਦੀਲੀ ਤੋਂ ਬਿਨਾਂ ਕੋਈ ਨਜ਼ਾਮ ਪੂਰਾ ਸਫਲ ਨਹੀਂ ਹੋ ਸਕਦਾ । ਗੁਰੂ ਸਾਹਿਬ ਐਸਾ ਭਾਈਚਾਰਾ ਵਜੂਦ ਵਿਚ ਲਿਆਉਣਾ ਚਾਹੁੰਦੇ ਸਨ ਜੋ ਏਕਤਾ, ਪ੍ਰੇਮ ਤੇ ਬਰਾਬਰੀ ਦੀਆਂ ਨੀਹਾਂ ਤੇ ਖੜ੍ਹਾ ਹੋਵੇ । ਉਹ ਪੁੱਛਦੇ ਸਨ ਕਿ ਜਦ ਰੱਬ ਵਿਤਕਰਾ ਨਹੀਂ ਕਰਦਾ ਤਾਂ ਮਨੁੱਖਾਂ ਨੇ ਵਿਤਕਰੇ ਕਿਉਂ ਪਾਏ ਹਨ ? ਰੱਬੀ ਅਮੋਲਕ ਦਾਤਾਂ ਸਭ ਲਈ ਇਕੋ ਜਿਹੀਆਂ ਕਿਉਂ ਨਹੀਂ ਹਨ ? ਰੱਬ ਨੇ ਸੂਰਜ, ਪਵਣ, ਪਾਣੀ ਤੇ ਧਰਤੀ ਆਦਿਕ ਸਭ ਲਈ ਇਕੋ ਜਿਹੇ ਖੁਲ੍ਹੇ ਦਿੱਤੇ ਹਨ । ਸਰੀਰਕ ਬਣਤਰਾਂ ਤੇ ਸਰੀਰਕ ਅੰਗ ਸਭ ਦੇ ਇਕੋ ਮਿੱਟੀ ਨਾਲ ਘੜੇ ਹਨ । ਸਭ ਦਾ ਜਨਮ ਮਰਨ ਇਕੋ ਢੰਗ ਨਾਲ ਹੋਇਆ ਹੈ । ਫਿਰ ਵਿਤਕਰੇ ਕਿਉਂ ? ਹਾਸ ਰਾਸ ਵਿਚ ਬ੍ਰਾਹਮਣ ਨੂੰ ਪੁਛਦੇ ਹਨ :

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**

**ਤਉ ਆਨ ਬਾਟ ਕਾਹੇ ਨਹੀ ਆਇਆ ॥**

(ਗਉੜੀ ਕਬੀਰ ਜੀ) ਅੰਗ ੩੨੪

ਅਰਥਾਤ–"ਹੇ ਬ੍ਰਾਹਮਣ, ਜੇ ਤੂੰ ਬ੍ਰਾਹਮਣੀ ਦੀ ਕੁੱਖੋਂ ਜੰਮ ਕੇ ਉੱਚ–ਜਾਤੀ ਬ੍ਰਾਹਮਣ ਹੋਇਆ ਸਮਝਦਾ ਹੈਂ, ਤਾਂ ਤੇਰਾ ਜਨਮ ਕਿਸੇ ਹੋਰ ਰਾਹੇ ਕਿਉਂ ਨਹੀਂ ਹੋਇਆ (ਬਾਕੀ ਦੁਨੀਆਂ ਵਾਂਗ ਹੀ ਕਿਉਂ ਹੈ) ?"

ਇਸੇ ਲਈ ਉਹ ਨੀਵਿਆਂ ਨੂੰ ਵੀ ਗਲੇ ਇਉਂ ਲਾਂਦੇ ਸਨ :

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥"

(ਸਿਰੀ ਰਾਗ ਮਹਲਾ ੧) ਅੰਗ ੧੫

ਅਰਥਾਤ –"ਨੀਚ ਜਾਤਾਂ ਅੰਦਰ ਜੋ ਨੀਵੀਂ ਤੋਂ ਨੀਵੀਂ ਜਾਤ ਸਮਝੀ ਜਾਂਦੀ ਹੈ, ਨਾਨਕ ਦਾ ਸੰਗ ਉਨ੍ਹਾਂ ਨਾਲ ਹੀ ਹੈ । ਜੋ ਵੱਡੇ ਬਣੇ ਫਿਰਦੇ ਹਨ, ਉਨ੍ਹਾਂ ਨਾਲ ਉਸਦਾ ਕੀ ਵਾਸਤਾ ਹੋ ਸਕਦਾ ਹੈ ? ਜਿਥੇ ਵੀ ਨੀਵਿਆਂ ਦੀ ਸੰਭਾਲਨਾ ਹੋਵੇਗੀ ਉਥੇ ਹੀ ਮੇਰੇ ਖ਼ਿਆਲਾਂ ਅਨੁਸਾਰ ਤੇਰੀ ਮਿਹਰ ਦੀ ਨਜ਼ਰ ਪਏਗੀ, ਹੇ ਹਰੀ !"

ਕਿਸੇ ਨੂੰ ਮੰਦਾ ਜਾਂ ਨੀਵਾਂ ਕਿਵੇਂ ਕਿਹਾ ਜਾ ਸਕਦਾ ਹੈ ਜਦ ਸਭ ਦਾ



ਕਰਤਾ ਉਹ ਪੂਰਨ ਪੁਰਸ਼ ਆਪ ਹੈ । ਕਬੀਰ ਜੀ ਦੇ ਇਹ ਬਚਨ ਅੱਗੇ ਦੇ ਚੁਕੇ ਹਾਂ :

"ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"

ਅੰਗ ੧੩੪੯

"ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥"

ਅੰਗ ੧੩੫੦

ਅਰਥਾਤ –"ਜਦ ਘੜਨਹਾਰ ਹਰੀ ਵਿਚ ਦੋਸ ਨਹੀਂ ਤਾਂ ਉਸ ਦੇ ਘੜੇ ਭਾਂਡਿਆਂ ਵਿਚ ਕਿਵੇਂ ਹੋ ਸਕਦਾ ਹੈ ?"

ਇਸ ਕਿਸਮ ਦੀ ਤਾਲੀਮ ਦੇ ਸਿੱਟੇ ਦੇ ਤੌਰ 'ਤੇ ਜੋ ਭਾਈਚਾਰਾ ਖੜ੍ਹਾ ਕੀਤਾ ਗਿਆ ਸੀ, ਉਸ ਨੂੰ ਸਿੱਖ ਗੁਰੂ ਸਾਹਿਬਾਨ ਬੜੇ ਮਾਣ ਨਾਲ, ਖ਼ਾਲਸਾ ਪੰਥ ਕਹਿੰਦੇ ਸਨ । ਉਹ ਪੰਥ ਕੀ ਸੀ ਤੇ ਸਮਾਜ ਦੀ ਕੀ ਰੂਪ-ਰੇਖਾ ਹੋਣੀ ਚਾਹੀਦੀ ਹੈ ? ਇਸ ਨੂੰ ਠੀਕ ਠਾਕ ਸਮਝਣ ਲਈ ਉਹ ਦ੍ਰਿਸ਼ ਅੱਖਾਂ ਦੇ ਸਾਹਮਣੇ ਲਿਆਂਦਾ ਜਾ ਸਕਦਾ ਹੈ, ਜਦ ਦਸਮ ਪਾਤਸ਼ਾਹ ਨੇ ਖਾਲਸਾ ਸਾਜਿਆ ਸੀ, ਮਹਾਰਾਜ, ਤਦੋਂ ਸਿੱਖ ਸੰਗਤਾਂ ਦੇ ਸਾਹਮਣੇ ਬੜੇ ਡਰਾਉਣੇ ਰੂਪ ਵਿਚ ਆਏ ਸਨ । ਮਿਆਨੋਂ ਤਲਵਾਰ ਕੱਢ ਕੇ ਉਨ੍ਹਾਂ ਸਿੱਖਾਂ ਨੂੰ ਲਲਕਾਰ ਨਾਲ ਵੰਗਾਰਿਆ ਸੀ ਕਿ ਧਰਮ ਦੀ ਪਾਲਣਾ ਲਈ ਉਨ੍ਹਾਂ ਨੂੰ ਸਿਰਾਂ ਦੀ ਲੋੜ ਹੈ, ਪਰ ਉਠੇ ਉਹ ਜੋ ਸਿਰ ਹਾਜ਼ਰ ਕਰਕੇ ਕਤਲ ਹੋਣ ਲਈ ਤਿਆਰ ਸਨ। ਇਹ ਲਲਕਾਰ ਉਸ ਸਮੇਂ ਸਭ ਕਿਸੇ ਨੂੰ ਬੜੀ ਅਨੋਖੀ ਤੇ ਅਸਚਰਜ ਦਿਸਦੀ ਸੀ, ਫਿਰ ਵੀ ਹੁਕਮ ਦੀ ਪਾਲਣਾ ਵਿਚ ਪੰਜ ਸਿੱਖ ਨਿਤਰੇ ਸਨ । ਇਹ ਪੰਜੇ ਸੂਰਬੀਰ ਵੱਖ ਵੱਖ ਜਾਤਾਂ—ਖੱਤਰੀ, ਜੱਟ, ਛੀਂਬਾ, ਝੀਵਰ ਤੇ ਨਾਈ ਦੇ ਸਨ ਤੇ ਵੱਖ ਵੱਖ ਪ੍ਰਾਂਤਾਂ ਦੇ ਵੀ ਸਨ । ਇਨ੍ਹਾਂ ਪੰਜਾਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਇਕ ਕਰ ਦਿੱਤਾ ਗਿਆ ਸੀ । ਗੁਰੂ ਸਾਹਿਬ ਦੀ ਤਲਵਾਰ ਨੇ ਪੰਜਾਂ ਦੇ ਸਾਰੇ ਵਖੇਵਿਆਂ ਨੂੰ, ਜੋ ਜੀਵਨ ਦੇ ਵੱਖ ਵੱਖ ਖੇਤਰਾਂ ਵਿਚ ਪੈ ਜਾਂਦੇ ਹਨ, ਝਟਕਾ ਕੇ ਉਨ੍ਹਾਂ ਨੇ ਵਿਤਕਰੇ ਭਰੇ ਸਾਰੇ ਜੀਵਨ ਦਾ ਹੀ ਭੋਗ ਪਾ ਦਿਤਾ ਸੀ ਤੇ ਨਵਾਂ ਜਨਮ ਦੇ ਦਿਤਾ ਸੀ । ਉਨ੍ਹਾਂ ਪੰਜਾਂ ਨੇ ਸਤਿਗੁਰੂ ਦੇ ਘਰ ਹੀ ਮਾਨੋ ਜਨਮ ਲੈ ਲਿਆ ਸੀ । ਇਸ ਜਨਮ ਤੋਂ ਬਾਅਦ ਉਨ੍ਹਾਂ ਦੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਹੋਏ ਸਨ । ਉਨ੍ਹਾਂ ਦੀ ਪਿਛਲੀ ਕੁਲ, ਜਿਸ ਵਿਚ ਜਾਤ, ਪਾਤ ਜਾਂ ਨਸਲ ਆ ਜਾਂਦੇ ਹਨ ਤੇ ਉਨ੍ਹਾਂ ਦੀ ਪਿਛਲੀ ਕ੍ਰਿਤ,

ਉਨ੍ਹਾਂ ਦੇ ਕਰਮ ਧਰਮ ਸਭ ਨਾਸ ਹੀ ਕਰ ਦਿੱਤੇ ਗਏ ਸਨ । ਕਿਰਤਾਂ ਦੇ ਸਭ ਵਿਤਕਰੇ ਹੁਣ ਰਹਿ ਨਹੀਂ ਸਕਦੇ ਸਨ । ਹਰ ਉਹ ਕਿਰਤ ਪਵਿਤ੍ਰ ਹੋ ਗਈ ਸੀ ਜਿਸ ਵਿਚ ਈਮਾਨਦਾਰੀ ਹੈ ਤੇ ਹਰ ਉਹ ਕਿਰਤ ਨੀਵੀਂ ਹੋ ਗਈ ਸੀ ਜਿਸ ਵਿਚ ਬਦ-ਦਿਆਨਤੀ ਹੈ । ਆਪਣੇ ਆਪ ਵਿਚ ਕੋਈ ਕਿਰਤ ਨੀਵੀਂ ਜਾਂ ਉੱਚੀ ਨਹੀਂ । ਸਭ ਕਿਰਤਾਂ ਇਕੋਂ ਪੱਧਰ ਤੇ ਆ ਗਈਆਂ ਅਰਥਾਤ ਕ੍ਰਿਤ ਦੀ ਬਿਨਾਅ 'ਤੇ ਕਿਸੇ ਨੂੰ ਉੱਚਾ ਜਾਂ ਨੀਵਾਂ ਨਹੀਂ ਸਮਝਿਆ ਜਾ ਸਕਦਾ ਸੀ; ਜਿਵੇਂ ਗੁਰੂ ਅਮਰਦਾਸ ਜੀ ਨੇ ਪਹਿਲਾਂ ਇਹ ਕਿਹਾ ਹੋਇਆ ਸੀ :

"ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੈ ਕੀਜੈ ਰਾਮ ॥"

(ਵਡਹੰਸ ਮਹਲਾ ੩)

ਅਰਥਾਤ -"ਗੁਰਮੁਖਾਂ ਦੀ ਹਰ ਕਿਰਤ ਭਲੀ ਹੈ ਜੇ ਇਸ ਨੂੰ ਸਹਜੇ (ਕੁਦਰਤੀ ਤੇ ਠੀਕ ਤਰ੍ਹਾਂ) ਚਲਾਇਆ ਜਾਏ ।"

ਗਿਆਨ ਦਾ ਅਧਿਕਾਰੀ ਨਿਰਾ ਬ੍ਰਾਹਮਣ ਨਹੀਂ ਤੇ ਨਾ ਹੀ ਨਿਰਾ ਕੁਸ਼ੱਤਰੀ ਹੀ ਬੀਰਤਾ ਦਾ ਠੇਕੇਦਾਰ ਹੈ । ਕੇਵਲ ਤੁਰਕਾਂ, ਮੁਗ਼ਲਾਂ, ਪਠਾਣਾਂ, ਰਾਜਪੂਤਾਂ ਜਾਂ ਮਰਹੱਟਿਆਂ ਨੂੰ ਹੀ ਸੂਰਬੀਰਾਂ ਦੀਆਂ ਕੌਮਾਂ ਤਸਵੱਰ ਨਹੀਂ ਕੀਤਾ ਜਾ ਸਕਦਾ । ਹਰ ਮਨੁੱਖ ਨੂੰ ਸੂਰਬੀਰ ਬਹਾਦਰ ਸਿਪਾਹੀ ਹੋਣ ਦਾ ਅਧਿਕਾਰ ਹੈ । ਇਸ ਤੋਂ ਵੀ ਅਗਾਂਹ, ਇਕ ਹੀ ਆਦਮੀ ਇਕੋ ਵੇਲੇ ਚਾਰ ਵਰਨਾਂ ਦਾ ਧਾਰਨੀ ਹੋ ਸਕਦਾ ਹੈ । ਤਬੇਲੇ ਵਿਚ ਲਿੱਦ ਢੋਂਦਾ ਹੋਇਆ ਉਹ ਸ਼ੂਦਰ ਹੈ, ਲੰਗਰ ਦੀ ਸੇਵਾ ਵਿਚ ਲੱਗਾ ਵੈਸ਼ ਹੈ, ਜੰਗ ਸਮੇਂ ਸ਼ਸਤਰਧਾਰੀ ਹੋ ਕੇ ਖੱਤਰੀ ਹੋ ਜਾਂਦਾ ਹੈ ਤੇ ਗੁਰਦੁਆਰੇ ਵਿਚ ਕਥਾ ਕਰਦਾ ਹੋਇਆ ਉਹ ਬ੍ਰਾਹਮਣ ਤੇ ਪੰਡਤ ਵੀ ਹੈ । ਇਸੇ ਤਰ੍ਹਾਂ ਖਾਲਸੇ ਦੀ ਕਿਰਤ ਦਾ ਨਾਸ਼ ਹੋਇਆ । ਤਿਵੇਂ ਹੀ ਧਰਮ ਵੀ ਨਾਸ਼ ਹੋਇਆ ਅਰਥਾਤ ਧਰਮ ਦੇ ਅਧਾਰ 'ਤੇ ਫਿਰਕਾਪ੍ਰਸਤੀ ਦੇ ਸਭ ਵਿਤਕਰੇ ਤੋੜ ਦਿਤੇ ਗਏ ।

"ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ ...।"

(ਅਕਾਲ ਉਸਤਤਿ ਪਾਤਸ਼ਾਹੀ ੧੦)

ਕਿਤਨਾ ਵਿਸ਼ਾਲ ਦ੍ਰਿਸ਼ਟੀਕੋਨ ਗੁਰੂ ਸਾਹਿਬ ਨੇ ਦਿੱਤਾ ਸੀ ਜੋ ਇਨ੍ਹਾਂ ਸ਼ਬਦਾਂ ਤੋਂ ਪ੍ਰਗਟ ਹੁੰਦਾ ਹੈ । ਆਪਣਾ ਇਸ਼ਟ ਭਾਵੇਂ ਜਾਨ ਤੋਂ ਵੀ ਵੱਧ ਪਿਆਰਾ ਹੁੰਦਾ ਹੈ ਪਰ ਨਜ਼ਰ ਵਿਚ ਧਰਮਾਂ ਦੀ ਸਰਬੱਤ ਦੇ ਭਲੇ ਦੀ (Universal) ਏਕਤਾ ਦਾ ਅਹਿਸਾਸ ਬਣਿਆ ਰਹਿਣਾ ਚਾਹੀਦਾ ਹੈ । ਇਸ



ਵਿਸ਼ਾਲ ਨਜ਼ਰ ਵਿਚ ਮਸੀਤ ਤੇ ਮੰਦਰ, ਪੂਜਾ ਤੇ ਨਮਾਜ਼, ਇਕ ਹੋ ਜਾਂਦੇ ਹਨ। ਇਸ ਲਈ ਆਪਣੇ ਧਰਮ ਇਸ਼ਟ ਦੀ ਵੱਧ ਤੋਂ ਵੱਧ ਵਰਤੋਂ ਕਰਦਿਆਂ ਹੋਇਆਂ ਵੀ ਏਕਤਾ ਦੇ ਇਸ ਵਿਸ਼ਾਲ ਨਜ਼ਰੀਏ ਨੂੰ ਪੱਕਾ ਕਰਦੇ ਰਹਿਣਾ ਚਾਹੀਦਾ ਹੈ । ਉਤਲੀ ਵਿਚਾਰ ਦਾ ਸੰਖੇਪ ਭਾਵ ਇਹ ਹੈ ਕਿ ਹਰ ਖੇਤਰ ਵਿਚ ਸਰਬੱਤ ਦੇ ਭਲੇ ਦੀ ਏਕਤਾ ਦੀ ਬੁਨਿਆਦ ਪੱਕੀ ਕਰ ਦਿੱਤੀ ਗਈ ਹੈ। ਪਹਿਲਾਂ ਜਾਤ-ਪਾਤ ਨਸਲ ਜਾਂ ਕੁਲ ਨਾਸ ਕੀਤੀ ਗਈ । ਸਮਾਜਿਕ ਤੌਰ 'ਤੇ ਸਭ ਇਨਸਾਨ ਇਕ ਹੋ ਗਏ । ਫਿਰ ਸਭ ਕਿਰਤਾਂ ਪਵਿਤ੍ਰ ਹੋ ਗਈਆਂ। ਇਸ ਤੋਂ ਅਗਾਂਹ ਤਾਂ ਫਿਰਕਾ-ਪ੍ਰਸਤੀ ਦੀ ਤਾਂ ਜੜ੍ਹ ਹੀ ਕਟ ਦਿਤੀ ਗਈ ਤੇ ਇਸ ਤਰ੍ਹਾਂ ਸਭ ਧਰਮ ਉਤਮ ਹੋ ਕੇ ਦਿਸੇ। ਇਸ ਤੋਂ ਹੋਰ ਅਗਾਂਹ ਸਭ ਕਰਮ (ਕਰਮ ਕਾਂਡ ਜਾਂ ਰਸਮੀ ਪੂਜਾ ਪਾਠ) ਨਿਖਿਧ ਕਰਾਰ ਦਿਤੇ ਗਏ । ਇਸ ਕਿਸਮ ਦੀ ਤਾਲੀਮ, ਉਨ੍ਹਾਂ ਪੰਜ ਸਿਰ-ਲੱਥਾਂ ਨੂੰ ਤੇ ਉਹਨਾਂ ਰਾਹੀਂ ਸਾਰੇ ਖਾਲਸੇ ਨੂੰ ਦਿੱਤੀ ਗਈ ਸੀ । ਇਸ ਤਰ੍ਹਾਂ ਹਰ ਪ੍ਰਕਾਰ ਦੇ ਵਿਤਕਰੇ ਕੱਟ ਕੇ ਇਹ ਪੰਜ ਸੂਰਬੀਰ ਖਾਲਸਾ ਕਹਾਏ ਜੋ ਹਰ ਤਰ੍ਹਾਂ ਸੁੰਤਤਰ ਕਰ ਦਿਤੇ ਗਏ। ਉਹਨਾਂ ਦੀਆਂ ਸਭ ਗ਼ੁਲਾਮੀਆਂ ਕੱਟੀਆਂ ਗਈਆਂ ਤੇ ਉਹ ਸ਼ਸਤਰਧਾਰੀ ਹੋ ਕੇ ਦੂਜਿਆਂ ਦੀ ਹਰ ਪ੍ਰਕਾਰ ਦੀਆਂ ਗੁਲਾਮੀਆਂ ਕੱਟਣ ਦੇ ਦਾਹਵੇਦਾਰ ਹੋਏ ਸਨ । ਗੁਰੂ ਸਾਹਿਬ ਹਰ ਥਾਂ ਏਕਤਾ ਤੇ ਪ੍ਰੇਮ ਦਾ ਰਾਜ ਚਲਦਾ ਵੇਖਣਾ ਚਾਹੁੰਦੇ ਸਨ । ਜਿਥੇ ਕਿਤੇ ਵੀ ਧੱਕੇ , ਵਿਤਕਰੇ ਤੇ ਕਾਣੀਆਂ ਵੰਡਾਂ ਹੋਣ, ਉਹਨਾਂ ਨੂੰ ਮਿਟਾਣ ਦਾ ਜ਼ਿੰਮਾ ਲੈਂਦੇ ਸਨ ਤੇ ਦੁਨੀਆਂ ਵਿਚ ਪਰਮੇਸ਼ਰ ਦਾ ਰਾਜ ਵਰਤਾਣਾ ਚਾਹੁੰਦੇ ਸਨ । ਇਹੋ ਜੇਹੀ ਨਜ਼ਰ ਵਿਚ ਓਹੋ ਭਾਈਚਾਰਾ ਕਾਇਮ ਹੋ ਸਕਦਾ ਹੈ ਜੋ ਜਾਤ, ਪਾਤ ਕਿਰਤ ਕਰਮ ਆਦਿ ਦੇ ਸਭ ਫ਼ਰਕ ਮਿਟਾ ਦੇਵੇ।

ਪਰ ਏਕਤਾ ਪੱਕੇ ਪੈਰਾਂ ਤੇ ਤਦ ਹੀ ਖੜ੍ਹੀ ਰਹਿ ਸਕਦੀ ਹੈ ਜੇ ਇਸ ਨੂੰ ਜੀਵਣ ਦੇ ਦੂਜੇ ਸਾਰੇ ਖੇਤਰਾਂ ਵਿਚ ਹੀ ਅਮਲ ਵਿਚ ਲਿਆਂਦਾ ਜਾਏ । ਮਾਇਆ ਦੀ ਕਾਣੀ ਵੰਡ ਦੀ ਮੌਜੂਦਗੀ ਵਿਚ ਅਸਲ ਏਕਤਾ ਕਿਵੇਂ ਰਹਿ ਸਕਦੀ ਹੈ । ਧਾਰਮਿਕ ਤੌਰ 'ਤੇ ਵਧਣ ਫੁਲਣ ਲਈ ਵੀ ਰੋਟੀ ਦੇ ਸਵਾਲ ਦਾ ਹੱਲ ਸਭ ਤੋਂ ਪਹਿਲੇ ਜ਼ਰੂਰੀ ਹੈ । ਰੋਟੀ ਲਈ ਮਨੁੱਖ ਨੂੰ ਕਈ ਪਾਪੜ ਵੇਲਣੇ ਪੈਂਦੇ ਹਨ । ਗ਼ਰੀਬੀ ਸੱਚਮੁੱਚ ਇਕ ਵਡੀ ਲਾਹਨਤ ਹੈ ਜਿਸ ਵਿਚੋਂ ਕਈ ਤਰ੍ਹਾਂ ਦੇ ਕਸ਼ਟ ਤੇ ਦੁਖ ਨਿਕਲਦੇ ਰਹਿੰਦੇ ਹਨ ਤੇ ਸਮੁੱਚੇ ਸਮਾਜ ਦਾ ਵਾਧਾ ਰੁਕ ਜਾਂਦਾ ਹੈ । ਗ਼ਰੀਬ ਆਦਮੀ ਦਾ ਧਰਮ ਕੀ ਰਹਿ ਜਾਣਾ ਹੋਇਆ,

ਜਦੋਂ ਉਸ ਨੂੰ ਰੋਟੀ ਲਈ ਥਾਂ ਥਾਂ ਖੁਸ਼ਾਮਦ ਕਰਨੀ ਪੈਂਦੀ ਹੋਵੇ, ਆਪਣੀ ਸੱਚੀ ਅਵਾਜ਼ ਨੂੰ ਦਬਾਣਾ ਪੈਂਦਾ ਹੋਵੇ ਤੇ ਪੈਸੇ ਜਾਂ ਰਸੂਖ ਵਾਲਿਆਂ ਦੀ ਤਾਬੇਦਾਰੀ ਕਰਨੀ ਪੈਂਦੀ ਹੋਵੇ । ਹਰ ਕਿਸੇ ਨੇ ਕੁੱਲੀ, ਗੁੱਲੀ ਤੇ ਜੁੱਲੀ ਦੀਆਂ ਲੋੜਾਂ ਅਵੱਸ਼ ਪੂਰੀਆਂ ਕਰਨੀਆਂ ਹੁੰਦੀਆਂ ਹਨ ; ਪਰ ਜੇ ਇਹਨਾਂ ਦੀ ਪ੍ਰਾਪਤੀ ਲਈ ਉਸ ਨੂੰ ਥਾਂ ਥਾਂ ਡਿੱਗਣਾ ਪੈ ਜਾਂਦਾ ਹੋਵੇ ਤਾਂ ਉਹ ਕੀ ਕਰੇ ? ਭੁੱਖਾ ਰਹਿ ਕੇ ਤਾਂ ਬਾਬਾ ਫਰੀਦ ਜੀ ਵਰਗਾ ਕੋਈ ਵਿਰਲਾ ਹੀ ਆਪਣੀ ਮਸਤੀ ਕਾਇਮ ਰਖ ਕੇ ਗਾ ਸਕਦਾ ਹੈ

"ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥

ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥" ਅੰਗ ੧੩੭੯

ਅਰਥਾਤ –"ਹੇ ਫਰੀਦ, ਮੇਰੀ ਰੋਟੀ ਲੱਕੜ ਵਾਂਗ ਸੁਕੀ ਹੈ ਤੇ ਮੇਰੀ ਭੁੱਖ ਸਲੂਣੇ ਦਾ ਕੰਮ ਦਿੰਦੀ ਹੈ । ਜਿਨ੍ਹਾਂ ਨੇ ਚੋਪੜੀਆਂ ਖਾਧੀਆਂ ਹਨ ਉਹ ਵੱਡੇ ਦੁਖੀ ਹੋਣਗੇ ।"

ਪਰ ਇਹ ਗੱਲ ਸੱਚੀ ਹੈ ਕਿ ਹਰ ਕੋਈ ਫਰੀਦ ਨਹੀਂ ਜੋ ਰੋਟੀ ਦਾ ਸਵਾਲ ਇਸ ਤਿਆਗ ਤੇ ਸਾਦਗੀ ਨਾਲ ਹੱਲ ਕਰ ਲਏ । ਭਗਤ ਕਬੀਰ ਜੀ ਜੈਸੇ ਫ਼ਕੀਰ ਵੀ ਸੋਰਠ ਵਿਚ ਇਉਂ ਕਹਿੰਦੇ ਸਨ :

"ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥

... .... ... ... ...

ਦੁਇ ਸੇਰੁ ਮਾਂਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥

ਅਧ ਸੇਰੁ ਮਾਂਗਉ ਦਾਲੇ ॥ਮੋ ਕਉ ਦੋਨਉ ਵਖਤ ਜਿਵਾਲੇ ॥"

ਅੰਗ ੬੫੬

ਅਰਥਾਤ "ਸਾਥੋਂ ਭੁਖਿਆਂ ਰਹਿ ਕੇ ਭਗਤੀ ਨਹੀਂ ਹੁੰਦੀ, ਹੇ ਹਰੀ, ਇਹ ਵਾਪਸ ਲਵੋ ਆਪਣੀ ਮਾਲਾ...ਮੈਂ ਤੈਥੋਂ, ਰੋਜ਼ ਲਈ, ਦੋ ਸੇਰ ਆਟਾ ਮੰਗਦਾ ਹਾਂ, ਇਸ ਤੋਂ ਛੁਟ ਮੈਂ ਇਕ ਪਾ ਘਿਓ ਤੇ ਨਾਲੇ ਲੂਣ ਅਤੇ ਅੱਧ ਸੇਰ ਦਾਲ ਮੰਗਦਾ ਹਾਂ । ਇਹ ਸਾਰੀ ਮੇਰੀ ਮੰਗ ਮੇਰੇ ਦੋਹਾਂ ਵੇਲਿਆਂ ਦੀ ਮਸਾਂ ਗੁਜ਼ਰਾਨ ਹੈ ।"

ਇਸ ਸ਼ਬਦ ਵਿਚ ਮੰਗੀਆਂ ਚੀਜ਼ਾਂ ਹਰ ਮਨੁੱਖ ਦੀਆਂ ਘੱਟੋ ਘੱਟ ਲੋੜਾਂ ਹਨ, ਤਾਂ ਹੀ ਕਬੀਰ ਜੀ ਨੂੰ ਇਉਂ ਕਹਿਣ ਦੀ ਲੋੜ ਪਈ ਸੀ :

"ਮੈ ਨਾਹੀ ਕੀਤਾ ਲਬੋ ॥ (ਸੋਰਠਿ ਕਬੀਰ ਜੀ) ਅੰਗ ੬੫੬



ਅਰਥਾਤ "ਮੈਂ ਕੋਈ ਲੋਭ ਨਹੀਂ ਕੀਤਾ ਭਾਵ ਕੇਵਲ ਲੋੜ ਅਨੁਸਾਰ ਮੰਗ ਕੀਤੀ ਹੈ।"

ਮਹਾਰਾਜ ਗ਼ਰੀਬੀ ਨੂੰ ਲਾਹਨਤ ਸਮਝਦੇ ਸਨ ਪਰ ਉਹ ਅਮੀਰੀ ਨੂੰ ਵੀ ਲਾਹਨਤ ਹੀ ਸਮਝਦੇ ਸਨ । ਸਫਲ ਜੀਵਨ ਲਈ ਅਮੀਰੀ ਤੇ ਗ਼ਰੀਬੀ ਦੋਵੇਂ ਹਾਨੀਕਾਰਕ ਹੁੰਦੀਆਂ ਹਨ । ਰੋਟੀ ਸਭ ਨੂੰ ਰਜਵੀਂ ਮਿਲੇ, ਨਾ ਕੋਈ ਗ਼ਰੀਬ ਤੇ ਨਾ ਕੋਈ ਸਰਮਾਏਦਾਰ ਹੋਵੇ । ਜਿਥੇ ਗ਼ਰੀਬੀ ਲਾਹਨਤ ਹੈ ਓਥੇ ਸਰਮਾਏਦਾਰੀ ਉਸ ਤੋਂ ਵੀ ਵੱਧ ਲਾਹਨਤ ਹੈ । ਪੈਸਾ ਤਾਂ ਆਦਮੀ ਦੀ ਆਦਮੀਅਤ ਚੱਟ ਜਾਂਦਾ ਹੈ ਤੇ ਉਸ ਨੂੰ ਨਕਾਰਾ ਕਰ ਕੇ ਰੱਖ ਦਿੰਦਾ ਹੈ । ਗੁਰੂ ਅਮਰਦਾਸ ਜੀ ਖ਼ਬਰਦਾਰ ਕਰਦੇ ਹਨ :

"ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥"

(ਧਨਾਸਰੀ ਮਹਲਾ ੩) ਅੰਗ ੬੬੫

ਅਰਥਾਤ "ਮੂਰਖ ਤੇ ਗਵਾਰ ਲੋਕ ਕੱਚਾ ਧਨ ਇਕੱਠਾ ਕਰਦੇ ਫਿਰਦੇ ਹਨ ।"

ਹੋਰ **"ਮਾਇਆਧਾਰੀ ਅਤਿ ਅੰਨਾ ਬੋਲਾ ॥"**

(ਵਾਰ ਗਉੜੀ ਮਹਲਾ ੩) ਅੰਗ ੩੧੩

ਅਰਥਾਤ "ਸਰਮਾਏਦਾਰ ਲੋਕ ਅੰਨ੍ਹੇ ਤੇ ਬੋਲੇ ਹੁੰਦੇ ਹਨ ।"

ਗੁਰੂ ਨਾਨਕ ਅਨੁਸਾਰ ਇਹ ਮਾਇਆ ਝੂਠ ਤੇ ਕੁਮੱਤ ਨਾਲ ਬਣਦੀ ਹੈ ।

"ਪਾਪਾ ਬਾਝਹੁ ਹੋਵੈ ਨਾਹੀ ॥ ਮੁਇਆ ਸਾਥਿ ਨ ਜਾਈ ॥

ਅੰਗ ੪੧੭

ਅਰਥਾਤ "ਪਾਪ ਕਰਨ ਤੋਂ ਬਿਨਾਂ ਇਹ ਮਾਇਆ ਇਕੱਠੀ ਹੀ ਨਹੀਂ ਕੀਤੀ ਜਾ ਸਕਦੀ ।"

ਇਨਸਾਨ ਨੂੰ ਇਹ ਖੁਦਗਰਜੀ ਅਰਾਮ ਪ੍ਰਸਤ ਤੇ ਨੀਵਾਂ ਜੇਹਾ ਲਾਲਚੀ ਕਰਕੇ ਰੱਖ ਦਿੰਦੀ ਹੈ ਤੇ ਉਸਦੀ ਆਤਮਾ ਦੀ ਜੋਤ ਬੁਝਾ ਦਿੰਦੀ ਹੈ । ਜਿਹੜੇ ਲੋਕ ਰੋਟੀ ਦੇ ਸਵਾਲ ਨੂੰ ਹੱਲ ਕਰਨ ਲਈ ਕਈ ਲਹਿਰਾਂ ਚਲਾਉਂਦੇ ਹਨ ਉਹਨਾਂ ਨੂੰ ਇਹ ਗੱਲ ਚੇਤਾ ਰੱਖਣੀ ਚਾਹੀਦੀ ਹੈ ਕਿ ਨਿਰੀ ਰੋਟੀ ਹੀ ਆਪਣੇ ਆਪ ਵਿਚ ਕਾਫ਼ੀ ਨਹੀਂ । ਉੱਨਤੀ ਦੇ ਰਾਹੇ ਅਗਾਂਹ ਵਧਣ ਲਈ

ਰੋਟੀ ਜ਼ਰੂਰੀ ਤਾਂ ਹੈ ਪਰ ਇਹ ਜੀਵਨ ਨਿਸ਼ਾਨਾ ਨਹੀਂ ਹੋ ਸਕਦਾ, ਨਹੀਂ ਤਾਂ ਪਸ਼ੂਆਂ ਤੇ ਮਨੁੱਖਾਂ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ । ਮਨੁੱਖ ਨੇ ਢਿੱਡ ਤਾਂ ਜ਼ਰੂਰ ਭਰਨਾ ਹੈ ਪਰ ਨਿਸ਼ਾਨਾ ਉਸ ਦਾ ਰੋਟੀ ਨਹੀਂ ਦੇਵਤਾ ਬਣਨਾ ਹੈ। ਰੋਟੀ ਵੀ ਕਿਰਤ ਕਰਕੇ ਤੇ ਦਸਾਂ ਨਹੁੰਆਂ ਦੀ ਕਮਾਈ ਨਾਲ ਪੈਦਾ ਕਰਨੀ ਹੈ । ਬਣੀਆਂ ਬਣਾਈਆਂ ਜਾਇਦਾਦਾਂ ਪ੍ਰਾਪਤ ਕਰਕੇ, ਐਸ਼ੋ-ਇਸ਼ਰਤ ਦਾ ਜੀਵਨ ਪਾਪ ਹੈ । ਦੁਨੀਆਂ ਵਿਚ ਗ਼ਰੀਬੀ ਦੇ ਹੁੰਦਿਆਂ ਸਰਮਾਇਆ ਇਕੱਠਾ ਕਰਨਾ ਚੋਰੀ ਹੈ ਤੇ ਦੂਜਿਆਂ ਦੇ ਹੱਕਾਂ ਤੇ ਛਾਪਾ ਹੈ । ਜਿੰਨਾ ਚਿਰ ਇਕ ਆਦਮੀ ਵੀ ਗ਼ਰੀਬ ਤੇ ਭੁੱਖਾ ਹੈ, ਸਰਮਾਇਆ ਬੁਰਾਈ ਤੇ ਪਾਪ ਹੈ। ਇਸ ਪਾਪ ਤੋਂ ਬਚਣ ਲਈ ਹਰ ਸਰਮਾਏਦਾਰ ਆਪਣੇ ਆਪ ਨੂੰ ਖ਼ਜ਼ਾਨਾ ਬਰਦਾਰ ਸਮਝੇ। ਇਸ ਨੂੰ ਗੁਰੂ ਅਰਜਨ ਦੇਵ ਆਪਣੀ ਬੋਲੀ ਵਿਚ ਪੋਤਦਾਰੀ (Trusteeship) ਕਹਿੰਦੇ ਸਨ ।

**"ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ ॥"**

(ਬਸੰਤ ਮਹਲਾ ੫) ਅੰਗ ੧੧੮੨

ਅਰਥਾਤ "ਹਰੀ ਦੇ ਖ਼ਜ਼ਾਨਾ ਬਰਦਾਰ ਹੋ ਜਾਉ, ਫਿਰ ਤੁਹਾਨੂੰ ਕੋਈ ਦੁਖ ਨਹੀਂ ਲੱਗ ਸਕੇਗਾ ।"

ਗੁਰੂ ਨਾਨਕ ਦੇਵ ਜੀ ਤਾਂ ਉਸ ਗ਼ਰੀਬ ਸ਼ੂਦਰ ਭਾਈ ਲਾਲੋ ਦੇ ਪਿਆਰੇ ਸਨ ਜੋ ਹੱਥੀਂ ਕਿਰਤ ਨਾਲ ਰੋਟੀ ਪੈਦਾ ਕਰਦਾ ਸੀ । ਇਸ ਰੋਟੀ ਵਿਚ ਮਾਨੋਂ ਉਹ ਦੁੱਧ ਵੇਖਦੇ ਸਨ ਤੇ ਇਕ ਸਰਮਾਏਦਾਰ ਮਲਕ ਭਾਗੋ ਦੀ ਪੂੜੀਆਂ ਵਿਚੋਂ ਉਹਨਾਂ ਨੂੰ ਲਹੂ ਨਿਕਲਦਾ ਦਿਸਦਾ ਸੀ, ਕਿਉਂਕਿ ਉਸ ਨੇ ਗਰੀਬਾਂ ਦਾ ਲਹੂ ਨਿਚੋੜ ਕੇ ਰੋਟੀ ਬਣਾਈ ਹੋਈ ਸੀ । ਉਹਨਾਂ ਕਿਰਤ ਨੂੰ ਬੜੀ ਪਰਧਾਨਤਾ ਦਿਤੀ ਸੀ ਭਾਵੇਂ ਉਹਨਾਂ ਦੀ ਨਜ਼ਰਾਂ ਵਿਚ ਹੱਥੀ ਕਿਰਤ ਦੀ ਸ਼ੋਭਾ (Dignity of Labour) ਹੋਰ ਵੀ ਮਹਾਨ ਸੀ । ਭਾਈ ਗੁਰਦਾਸ ਜੀ ਨੇ ਇਸ ਨੂੰ ਇਉਂ ਪੇਸ਼ ਕੀਤਾ ਸੀ :

"ਕਿਰਤ ਵਿਰਤ ਕਰ ਧਰਮ ਦੀ " ਗੁਰੂ ਅਰਜਨ ਦੇਵ ਜੀ ਨੇ ਆਪ ਇਸ ਗੱਲ ਨੂੰ ਇਸ ਤਰ੍ਹਾ ਪੇਸ਼ ਕੀਤਾ ਸੀ :

"ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥"

(ਸਾਰੰਗ ਵਾਰ ਮਹਲਾ ੫) ਅੰਗ ੧੨੪੫



ਅਰਥਾਤ "ਜੋ ਲੋਕ ਮਿਹਨਤ ਕਰਕੇ ਕਮਾਂਦੇ ਤੇ ਖਾਂਦੇ ਹਨ ਅਤੇ ਆਪਣੀ ਕਮਾਈ ਦੂਜਿਆਂ ਨਾਲ ਵੰਡਦੇ ਹਨ, ਉਹਨਾਂ ਨੇ ਹੀ ਧਰਮ ਦਾ ਠੀਕ ਰਾਹ ਲੱਭਾ ਹੈ ।"

ਗੁਰੂ ਸਾਹਿਬ ਦਾ ਆਰਥਿਕ ਨਿਸ਼ਾਨਾ ਇਸ ਤਰ੍ਹਾਂ ਪ੍ਰਾਪਤ ਕੀਤੀ ਰੋਟੀ ਹੀ ਸੀ ਤੇ ਇਹੋ ਜਿਹੀ ਰੋਟੀ ਸਭ ਕਿਸੇ ਨੂੰ ਆਪ ਬਨਾਣੀ ਚਾਹੀਦੀ ਹੈ। ਉਹਨਾਂ ਦੀ ਨਜ਼ਰ ਵਿਚ ਅਜਿਹੀ ਆਰਥਿਕ ਏਕਤਾ ਹੀ ਸੀ ਜਿਸ ਵਿਚ ਵੇਹਲੜਾਂ ਦੀ ਕੋਈ ਥਾਂ ਨਹੀਂ ਸੀ । ਕੰਮ ਕਾਜ ਨਾਲ ਐਸਾ ਪਿਆਰ ਹੋਵੇ ਕਿ ਉਸ ਵਿਚ ਅਨੰਦ ਪ੍ਰਾਪਤ ਹੋਵੇ । ਜੋ ਪੁਰਸ਼ ਵੇਹਲੜ ਹੈ ਉਹ ਆਪਣਾ ਭਾਰ ਦੂਜਿਆਂ 'ਤੇ ਪਾਂਦਾ ਹੈ ਤੇ ਇਸ ਲਈ ਗੁਣਹਗਾਰ ਹੋ ਜਾਂਦਾ ਹੈ । ਕੰਮ ਤੋਂ ਬਿਨਾਂ ਜੀਵਨ ਵੈਸੇ ਵੀ ਫਿੱਕਾ ਤੇ ਬੇ-ਰਸਾ ਹੋ ਕੇ ਰਹਿ ਜਾਂਦਾ ਹੈ ।

ਵਾਲਟੇਅਰ ਨੇ ਠੀਕ ਹੀ ਕਿਹਾ ਸੀ "Not to be occupied and not to exist amount to same thing. All people are good except those who are idle. The further I advance in age the more I find work necessary. It Pleasures and takes the place of the illusions of life. If you do not want to commit suicide always have something to do."

ਅਰਥਾਤ "ਵੇਸਲੇ ਹੋਣਾ ਤੇ ਮੋਏ ਹੋਣਾ ਇਕ ਚੀਜ਼ ਹਨ। ਹੋਰ ਸਭ ਦੁਨੀਆਂ ਚੰਗੀ ਹੈ "ਸਵਾਏ ਉਹਨਾਂ ਦੇ ਜੋ ਵੇਹਲੇ ਹਨ । ਜਿੰਨਾ ਮੈਂ ਵਧਦਾ ਜਾ ਰਿਹਾ ਹਾਂ ਉਤਨਾ ਹੀ ਮੈਨੂੰ ਕੰਮ ਕਾਜ ਵਿਚ ਰੁਝੇਵਾਂ ਜ਼ਰੂਰੀ ਜਾਪਦਾ ਹੈ। ਇਹ ਰੁਝੇਵਾਂ ਆਖਰਕਾਰ ਸਭ ਤੋਂ ਵੱਡਾ ਅਨੰਦ ਹੈ ਅਤੇ ਇਹ ਜੀਵਨ ਦੇ ਕੁੱਲ ਭੁਲੇਖਿਆਂ ਨੂੰ ਕੱਟ ਕੇ ਉਨ੍ਹਾਂ ਦੀ ਥਾਂ ਆਪ ਲੈ ਲੈਂਦਾ ਹੈ । ਜੇ ਤੁਸੀਂ ਆਤਮਘਾਤ ਨਹੀਂ ਕਰਨਾ ਚਾਹੁੰਦੇ ਤਾਂ ਕੁਝ ਕੰਮ ਕਾਰ ਕਰਦੇ ਰਹੋ ।

ਬੇਕਨ ਨੇ ਵੀ ਇਸ ਦੀ ਪ੍ਰੋੜ੍ਹਤਾ ਇਉਂ ਕੀਤੀ ਸੀ: "Men ought to know that in the theatre of human life it is only for gods and angels to be spectators.

ਅਰਥਾਤ "ਮਨੁੱਖਾਂ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਜੀਵਨ ਦੀ ਤਮਾਸ਼ਗਾਹ ਵਿਚ ਕੇਵਲੇ ਦੇਵਤੇ ਤੇ ਫਰਿਸ਼ਤੇ ਹੀ ਤਮਾਸ਼ਬੀਨ ਹੋ

ਸਕਦੇ ਹਨ ।"

ਇਹ ਗੱਲ ਸੱਚੀ ਵੀ ਹੈ ਕਿ "Idle mind is the workhop of a devil."

ਅਰਥਾਤ "ਵੇਹਲੜਾਂ ਦੇ ਮਨ ਸ਼ੈਤਾਨ ਦਾ ਪਹਾਰਾ ਹੁੰਦੇ ਹਨ ।"

ਵੇਹਲੇ ਮਨਾਂ ਤੇ ਦਿਮਾਗ਼ਾਂ ਵਿਚ ਬੁਰਾਈ ਮਾਨੋਂ ਘੜੀਦੀ ਰਹਿੰਦੀ ਹੈ, ਇਸ ਲਈ ਉਹ ਸੁਸਾਇਟੀ ਲਈ ਵੀ ਖ਼ਤਰਨਾਕ ਹੁੰਦੇ ਹਨ । ਸੱਚੀ ਗੱਲ ਸਗੋਂ ਇਹ ਹੈ ਕਿ ਵੇਹਲੜ ਲੋਕ ਆਪਣੇ ਆਪ ਲਈ ਵਧੇਰੇ ਖ਼ਤਰਨਾਕ ਹੁੰਦੇ ਹਨ । ਰੁਝੇਵਾਂ ਇਨਸਾਨ ਦੀ ਸਰੀਰਕ ਤੇ ਮਾਨਸਿਕ ਸਿਹਤਾਂ ਲਈ ਬੜਾ ਗਗੁਣਕਾਰੀ ਹੁੰਦਾ ਹੈ । ਇਸ ਦੇ ਉਲਟ ਉਸ ਦਾ ਸਾਰਾ ਜੀਵਨ-ਰੁੱਖ ਰੋਗੀ ਕਰ ਦਿੰਦੀ ਹੈ । ਕੇਵਲ ਵੇਹਲੜ ਹੀ ਨਿਰਾਸ਼ਾਵਾਦੀ ਹੁੰਦਾ ਹੈ । ਇਸ ਬਾਬਤ ਨਾਲ ਦਿਤੇ ਇਹ ਬਚਨ ਨੋਟ ਕਰਨ ਵਾਲੇ ਹਨ :

"One must have leisure to be a pessimist. An active life always brings good spirits in body and mind. The world is neither with us nor against us. It is but raw material in our hands and can be heaven or hell according to what we are."

ਅਰਥਾਤ-"ਨਿਰਾਸ਼ਾਵਾਦੀ ਉਹੋ ਹੋ ਸਕਦਾ ਹੈ ਜਿਸ ਪਾਸ ਵਿਹਲ ਹੈ । ਸਰਗਰਮ ਜੀਵਨ ਮਨ ਤੇ ਸਰੀਰ ਦੋਹਾਂ ਨੂੰ ਚੜ੍ਹਦੀਆਂ ਕਲਾ ਵਿਚ ਰਖਦਾ ਹੈ । ਦੁਨੀਆਂ ਨਾ ਸਾਡੇ ਖਿਲਾਫ਼ ਹੈ ਤੇ ਨਾ ਸਾਡੇ ਹੱਕ ਵਿਚ ਹੈ । ਇਹ ਸਾਡੇ ਹੱਥਾਂ ਵਿਚ ਕੱਚਾ ਮਾਲ ਹੈ ਜਿਸ ਨੂੰ ਅਸੀਂ ਆਪਣੀ ਸ਼ਖ਼ਸੀਅਤ ਤੇ ਸਮਝ ਅਨੁਸਾਰ ਨਰਕ ਜਾਂ ਸੁਰਗ ਵਿਚ ਬਦਲ ਸਕਦੇ ਹਾਂ ।"

ਖੈਰ, ਅਸੀਂ ਆਰਥਿਕ ਏਕਤਾ ਦਾ ਜ਼ਿਕਰ ਕਰ ਰਹੇ ਸਾਂ । ਮਹਾਰਾਜ ਆਰਥਿਕ ਖੇਤਰ ਵਿਚ ਵੀ ਦੂਜੇ ਖੇਤਰਾਂ ਵਾਂਗ ਏਕਤਾ ਚਾਹੁੰਦੇ ਹਨ। ਇਹ ਇਸ ਲਈ ਕਿ ਇਸ ਤੋਂ ਬਿਨਾਂ ਅਸਲ ਤੇ ਪੱਕੀ ਏਕਤਾ ਹੋ ਨਹੀਂ ਸਕਦੀ । ਹੱਕ ਕਿਸੇ ਮੰਗਣੇ ਨਹੀਂ ਤੇ ਨਾ ਕਿਸੇ ਦੇਣੇ ਹਨ, ਸਗੋਂ ਸਭ ਨੂੰ ਇਕੋ ਜਿਹਾ ਕਰ ਦੇਣ ਦੇ ਰਾਹੇ ਪੈ ਜਾਣਾ ਚਾਹੀਦਾ ਹੈ ਤੇ ਇਸ ਤਰ੍ਹਾਂ ਸਭ ਦਾ ਰਾਜ ਹੋਇਆ ਦਿਸਣਾ ਚਾਹੀਦਾ ਹੈ । ਇਸ ਨੂੰ ਅੱਜਕੱਲ ਦੀ ਬੋਲੀ ਵਿਚ ਲੋਕ-ਰਾਜ ਜਾਂ ਪੰਚਾਇਤੀ ਰਾਜ ਕਹਿੰਦੇ ਹਨ । ਪਰ ਇਹ ਰਾਜ ਕੈਸਾ ਹੋਵੇ?



ਇਸ ਤੇ ਵੱਖਰੇ ਲੇਖ ਵਿਚ ਵਿਚਾਰ ਕੀਤੀ ਜਾਵੇਗੀ । ਇਕ-ਪੁਰਖੀ ਰਾਜ ਜਾਂ ਕੁਝ ਮੁਖੀਆਂ ਦਾ ਰਾਜ ਕੋਈ ਰਾਜ ਨਹੀਂ; ਕਿਉਂਕਿ ਇਸ ਰਾਜ ਤੋਂ ਏਕਤਾ ਨਿਕਲ ਹੀ ਨਹੀਂ ਸਕਦੀ ਤੇ ਨਾ ਹੀ ਸਭ ਨੂੰ ਅਜ਼ਾਦੀ ਦਾ ਅਹਿਸਾਸ ਹੋ ਸਕਦਾ ਹੈ । ਇਸ ਤਰ੍ਹਾਂ ਸਗੋਂ ਉਚ ਤੇ ਨੀਚ, ਛੋਟੇ ਤੇ ਵੱਡੇ ਗ਼ਰੀਬ ਤੇ ਅਮੀਰ ਦੇ ਫ਼ਰਕ ਬਣੇ ਰਹਿਣਗੇ । ਮਹਾਰਾਜ ਇਨਸਾਨ ਨੂੰ ਬਤੌਰ ਇਨਸਾਨ ਉੱਚਾ ਕਰਨਾ ਚਾਹੁੰਦੇ ਹਨ । ਇਸ ਵਿਚਾਰਧਾਰਾ ਵਿਚ ਮਰਦਾਂ ਤੇ ਔਰਤਾਂ ਦੋਹਾਂ ਦਾ ਇਕ ਦਰਜਾ ਹੋ ਜਾਂਦਾ ਹੈ । ਸਦੀਆਂ ਤੋਂ ਔਰਤ ਨੂੰ ਮਰਦ ਦੀ ਗੁਲਾਮ ਸਮਝਿਆ ਜਾਂਦਾ ਰਿਹਾ ਸੀ, ਪਰ ਗੁਰੂ ਜੀ ਨੇ ਇਸ ਮਾਨਸਿਕ ਦਸ਼ਾ ਨੂੰ ਬਦਲਿਆ ਸੀ । ਔਰਤ ਦੀਆਂ ਸਭ ਗੁਲਾਮੀਆਂ ਕੱਟ ਦਿਤੀਆਂ ਸਨ ਤੇ ਉਹਨਾਂ ਵਿਚ ਵੀ ਮਰਦਾਂ ਵਾਂਗ ਸਵੈ-ਮਾਣ ਆਇਆ ਸੀ ਸਤੀ ਦੇ ਖਿਲਾਫ ਵਡੇ ਪੈਮਾਨੇ ਤੇ ਜਹਾਦ ਕੀਤਾ ਗਿਆ ਸੀ ।

ਮਹਾਰਾਜ, ਜਿਵੇਂ ਅਸੀਂ ਪਿੱਛੇ ਵਿਚਾਰ ਆਏ ਹਾਂ, ਕਹਿੰਦੇ ਸਨ ਕਿ ਸਾਰਾ ਸੰਸਾਰ ਉਸ ਨੇ ਆਪਣੀ ਅਣਦਿਸਦੀ ਸ਼ਕਤੀ ਨਾਲ ਤੇ ਆਪਣੀ ਕੋਈ ਗੁਪਤ ਵਿਉਂਤ ਪੂਰੀ ਕਰਨ ਲਈ ਆਪਣੇ ਵਿਚੋਂ ਹੀ ਪੈਦਾ ਕਰ ਦਿੱਤਾ ਸੀ ਤੇ ਹੁਣ ਉਹ ਉਸ ਵਿਚ ਆਪ ਹੀ ਵਰਤ ਰਿਹਾ ਹੈ । ਨਿਰਗੁਣ ਤੇ ਸਰਗੁਣ ਉਹ ਆਪ ਹੀ ਹੋ ਰਿਹਾ ਹੈ । ਅੱਡ ਅੱਡ ਨਾਮ, ਰੂਪ, ਰੰਗ, ਗੁਣ, ਦੇਸ ਤੇ ਕਾਲ ਦੇ ਫ਼ਰਕ ਹੁੰਦਿਆਂ ਹੋਇਆਂ ਵੀ ਉਸ ਮੂਲ ਤੱਤ ਦੀ ਏਕਤਾ ਵਿਚ ਫ਼ਰਕ ਨਹੀਂ ਪੈਂਦਾ । ਮਹਾਰਾਜ ਏਡੀ ਵਿਸ਼ਾਲ ਏਕਤਾ ਚਾਹੁੰਦੇ ਸਨ ਜਿਸ ਵਿਚ ਕੋਈ ਵਖੇਵਾਂ ਰਹਿ ਹੀ ਨਾ ਜਾਏ । ਸਾਰੇ ਮਨੁੱਖ ਮਾਨੋਂ ਸਕੇ ਭਰਾ ਹਨ ਕਿਉਂਕਿ ਸਭ ਦਾ ਪਿਤਾ ਪਰਮੇਸ਼ਰ ਇਕੱਲਾ ਆਪ ਹੈ । ਜਿਵੇਂ ਗੁਰੂ ਅਰਜਨ ਦੇਵ ਜੀ ਦੱਸਦੇ ਸਨ :

"ਏਕੁ ਪਿਤਾ ਏਕਸ ਕੇ ਹਮ ਬਾਰਿਕ .....॥" ਅੰਗ ੬੧੧

ਅਰਥਾਤ ਸਭ ਜੀਵਾਂ ਦਾ ਪਿਤਾ ਇਕ ਪ੍ਰਮਾਤਮਾ ਹੈ ਤੇ ਜੀਵ ਉਸ ਦੇ ਬਾਲਕ ਹਨ (ਇਸ ਲਈ ਆਪੋ ਵਿਚ ਭਰਾ ਹਨ ) ।

ਇਸ ਲਈ ਸਭ ਹੀ ਮਨੁੱਖ ਜਾਤੀ ਇਕ ਹੈ । ਦੇਸ਼, ਕਾਲ, ਨਾਮ ਤੇ ਰੂਪ ਦੇ ਵਖੇਵੇਂ ਜਾਹਰਾ ਤੇ ਓਪਰੇ ਹਨ, ਕਿਉਂਕਿ ਸਭ ਦੇ ਅੰਦਰ ਇਕੋ ਜੋਤ ਵਰਤ ਰਹੀ ਹੈ । ਇਸ ਲਈ ਸਾਰਾ ਜਗਤ ਇਕ ਇਕਾਈ ਦੇ ਰੂਪ ਵਿਚ ਪਰੋਤਾ ਜਾਣਾ ਚਾਹੀਦਾ ਹੈ । ਤੁਲਸੀ ਦਾਸ ਜੀ ਦੀ ਰਮਾਇਣ ਵਿਚ ਏਹੋ

ਵਿਚਾਰ ਨੂੰ ਬੁਨਿਆਦੀ ਤੌਰ ਤੇ ਇਉ ਪੇਸ਼ ਕੀਤਾ ਗਿਆ ਹੈ

"ਸੀਅ ਰਾਮੁ ਮੈ ਸਭ ਜਗ ਜਾਨੀ ॥
ਕਰੌ ਪ੍ਰਨਾਮੁ ਜੋਗ ਜੁਗ ਪਾਨੀ ॥"

ਅਰਥਾਤ "ਸਾਰੇ ਜਗਤ ਨੂੰ ਸੀਤਾ ਰਾਮ ਦਾ ਰੂਪ ਜਾਣ ਕੇ, ਦੋਵੇਂ ਹੱਥ ਜੋੜ, ਮੈਂ ਸਭ ਨੂੰ ਪ੍ਰਣਾਮ ਕਰਦਾ ਹਾਂ ।"

ਏਕਤਾ ਦੇ ਇਸ ਸਿਧਾਂਤ ਨੂੰ ਠੋਸ ਸ਼ਕਲ ਦੇਣ ਲਈ ਤੇ ਇਸ ਨੂੰ ਦੁਨੀਆਂ ਵਿਚ ਪ੍ਰਚਾਰ ਕੇ ਖਿਲਾਰਨ ਲਈ ਖਾਲਸਾ ਪੰਥ ਵਜੂਦ ਵਿਚ ਆਂਦਾ ਗਿਆ ਸੀ । ਮਹਾਰਾਜ ਦੀਆਂ ਮੁਖ ਵਾਕ ਬਾਣੀਆਂ, ਉਹਨਾਂ ਦੇ ਆਪਣੇ ਤੇ ਸਿੱਖਾਂ ਦੇ ਜੀਵਣ ਚਰਿੱਤ੍ਰ, ਸਿੱਖਾਂ ਦੀ ਰਹਤ ਬਹਤ, ਮਰਯਾਦਾਵਾਂ ਤੇ ਭਾਈਚਾਰਕ ਰਸਮਾਂ, ਇਸੇ ਬੁਨਿਆਦ ਤੇ ਖੜ੍ਹੇ ਕੀਤੇ ਗਏ ਸਨ, ਤਾਂ ਜੋ ਇਹ ਤਾਲੀਮ ਸਾਰੇ ਜੀਵਨ ਅੰਦਰ ਪੱਕੀ ਹੋ ਕੇ ਜੀਵਨ ਨੂੰ ਬੇਹੱਦ ਸੁਆਦਲਾ ਕਰ ਦੇਵੇ । ਸੰਗਤ ਪੰਗਤ ਦੀ ਏਕਤਾ ਸਭ ਤੋਂ ਪਹਿਲਾਂ ਦ੍ਰਿੜ੍ਹ ਕਰਾਈ ਗਈ । ਇਹ ਇਸ ਹੱਦ ਤਕ ਲਿਜਾਈ ਗਈ ਕਿ ਗੁਰੂ ਅਮਰਦਾਸ ਜੀ ਦਾ ਇਹ ਨੇਮ ਬਣ ਗਿਆ ਸੀ ਕਿ ਕੋਈ ਵੀ ਉਹਨਾਂ ਨੂੰ ਮਿਲਣ ਆਵੇ ਤਾਂ ਪਹਿਲਾਂ ਸੰਗਤ ਵਿਚ ਬੈਠ ਕੇ ਪ੍ਰਸ਼ਾਦ ਛਕੇ । ਅਕਬਰ ਬਾਦਸ਼ਾਹ ਨੂੰ ਵੀ ਇਸ ਨੇਮ ਦੀ ਪਾਲਣਾ ਲਈ ਬੇਨਤੀ ਕੀਤੀ ਗਈ ਸੀ ਤੇ ਉਹਨਾਂ ਪ੍ਰਵਾਨ ਕਰ ਲਈ ਸੀ । ਲੰਗਰ ਵਿਚ ਜੇ ਸਭ ਪ੍ਰਾਣੀ-ਮਾਤਰ ਰਲ ਕੇ ਪ੍ਰਸ਼ਾਦਾ ਛਕਣ ਤਾਂ ਭਾਈਚਾਰਕ ਅਤੇ ਆਰਥਕ ਏਕਤਾ ਦਾ ਇਸ ਤੋਂ ਵੱਧ ਪ੍ਰਗਟਾਵਾ ਕੀ ਹੋ ਸਕਦਾ ਹੈ ? ਸ਼ਹਿਰ ਅੰਮ੍ਰਿਤਸਰ ਨੂੰ ੫੨ ਭਿੰਨ ਭਿੰਨ ਜਾਤਾਂ ਦੇ ਕਿਰਤੀਆਂ ਨਾਲ ਵਸਾਇਆ ਗਿਆ ਸੀ । ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਧਰਮਾਂ ਤੇ ਵੱਖ ਵੱਖ ਪ੍ਰਾਂਤਾਂ ਦੇ ਭਗਤਾਂ ਦੀ ਬਾਣੀ ਚੜ੍ਹਾਈ ਗਈ । ਇਹ ਤੇ ਇਹੋ ਜਿਹੇ ਕਈ ਪੂਰਨੇ ਪਾਏ ਗਏ ਸਨ, ਜਿਨ੍ਹਾਂ ਨਾਲ ਸਰਬਪੱਖੀ (Universal) ਏਕਤਾ, ਪ੍ਰੇਮ ਤੇ ਸੇਵਾ ਦੀ ਇਕ ਲਹਿਰ ਚਲ ਪਈ ਸੀ । ਏਕਤਾ ਦੀ ਇਸ ਤਾਲੀਮ ਵਿਚ ਕਿੰਨਾ ਅਨੰਦ ਹੈ ਤੇ ਜੇ ਇਸ ਨੂੰ ਅਮਲ ਵਿਚ ਲਿਆਂਦਾ ਜਾਏ ਤਾਂ ਜੀਵਣ ਕਿੰਨਾ ਸੁਖੀ ਤੇ ਸੌਖਾ ਹੋ ਜਾਏ ?

ਅਸਾਂ ਹੁਣ ਤਕ ਇਸ ਲੇਖ ਦੇ ਮੁਖ ਭਾਵ ਤੇ ਵਿਚਾਰ ਕਰ ਲਈ ਹੈ। ਪਰ ਇਸ ਲੇਖ ਪ੍ਰਤੀ ਜੋ ਸ਼ਬਦ ਅਸਾਂ ਚੁਣਿਆ ਸੀ ਉਸ ਵਿਚ ਇਕ ਹੋਰ ਮਸਲਾ ਵੀ ਛੇੜਿਆ ਗਿਆ ਹੈ, ਜਿਸ ਦੀ ਕੁਝ ਕੁ ਵਿਚਾਰ ਅਸਾਂ 'ਸਿਮਰਨ'



ਦੇ ਲੇਖ ਵਿਚ ਕਰ ਲਈ ਹੋਈ ਹੈ । ਇਸੇ ਸ਼ਬਦ ਦੇ ਸਹਾਰੇ ਉਸ ਮਸਲੇ ਦੀ ਕੁਝ ਹੋਰ ਵਿਆਖਿਆ ਵੀ ਉਚਿਤ ਪ੍ਰਤੀਤ ਹੁੰਦੀ ਹੈ । ਮਹਾਰਾਜ ਇਸ ਸ਼ਬਦ ਵਿਚ ਦੱਸਦੇ ਹਨ ਕਿ ਦੁਨੀਆਂ ਵਿਚ ਇਕ ਹੋਰ ਪ੍ਰਬਲ ਸ਼ਕਤੀ ਪ੍ਰਮਾਤਮਾ ਦੀ ਆਪਣੀ ਚਲਾਈ ਹੋਈ ਹੀ ਚਲ ਰਹੀ ਹੈ ਜਿਸ ਦਾ ਸਾਰੇ ਜਗਤ ਦੇ ਚਿਤ ਵਿਚ ਵਾਸਾ ਹੈ ਅਰਥਾਤ ਡੂੰਘਾ ਪ੍ਰਭਾਵ ਹੈ । ਇਸ ਸ਼ਕਤੀ ਨੂੰ ਮਾਇਆ ਦਾ ਨਾਮ ਇਉਂ ਦਿੱਤਾ ਗਿਆ ਸੀ :-

**"ਦੂਜੀ ਮਾਇਆ ਜਗਤ ਚਿਤ ਵਾਸੁ ॥**
**ਕਾਮ ਕ੍ਰੋਧ ਅਹੰਕਾਰ ਬਿਨਾਸੁ ॥" ਅੰਗ ੨੨੩**

ਗੁਰੂ ਜੀ ਦੱਸਦੇ ਹਨ ਕਿ ਇਸ ਸ਼ਕਤੀ ਦੇ ਪ੍ਰਭਾਵ ਤੋਂ ਕੋਈ ਵਿਰਲਾ ਹੀ ਬਚਦਾ ਹੈ । ਫਿਰ ਕਈ ਅਲੰਕਾਰਕ ਢੰਗਾਂ ਨਾਲ ਇਸ ਦੀ ਵਿਆਖਿਆ ਕਰਦੇ ਹਨ । ਮਾਇਆ ਉਹ ਹੈ ਜੋ ਜੀਵਾਂ ਅੰਦਰ ਦੂਜਾ ਭਾਵ ਪੈਦਾ ਕਰਦੀ ਹੈ ਤੇ ਰੱਬ ਤੋਂ ਨਿਖੇੜ ਕੇ ਲਾਂਭੇ ਲੈ ਜਾਂਦੀ ਹੈ । ਇਸ ਦੀ ਸੁੰਦਰ ਚਮਕ ਦਮਕ ਨਾਲ ਹਰ ਕੋਈ ਇਸ ਦਾ ਪਾਨੀਹਾਰ ਸੇਵਕ ਬਣ ਜਾਂਦਾ ਹੈ । ਆਮ ਮਨੁੱਖ ਤਾਂ ਭਲਾ ਆਸਾਨੀ ਨਾਲ ਇਸ ਦੇ ਅਸਰ ਹੇਠਾਂ ਆ ਹੀ ਜਾਂਦੇ ਹਨ, ਪਰ ਇਹ ਉਹਨਾਂ ਮਨੁੱਖਾਂ ਨੂੰ ਵੀ ਜੋ ਪਰਮਾਰਥ ਦੇ ਰਾਹ 'ਤੇ ਤੁਰਨ ਦਾ ਯਤਨ ਕਰਦੇ ਹਨ ਤੇ ਆਪਣੀ ਸੂਝ ਬੂਝ ਨਾਲ ਦੂਜਿਆਂ ਨੂੰ ਵੀ ਰਾਹ ਦੱਸਦੇ ਹਨ, ਆਪਣੇ ਨਿਸ਼ਾਨਿਉਂ ਡੇਗ ਦਿੰਦੀ ਹੈ । ਇਸ ਦੇ ਜ਼ਹਿਰੀਲੇ ਅਸਰਾਂ ਦੇ ਕਾਰਨ ਇਸ ਨੂੰ ਕਬੀਰ ਜੀ ਸਰਪਨੀ ਕਹਿੰਦੇ ਹਨ ।—

**"ਸਰਪਨੀ ਤੇ ਊਪਰਿ ਨਹੀ ਬਲੀਆ ॥**
**ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥"**

(ਆਸਾ ਕਬੀਰ ਜੀ) ਅੰਗ ੪੮੦

ਅਰਥਾਤ "ਇਸ ਸਪਨੀ ਮਾਇਆ ਤੋਂ ਵੱਧ ਬਲਵਾਨ ਕੋਈ ਨਹੀਂ। ਇਸ ਨੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਨੂੰ ਵੀ ਛਲਿਆ ਸੀ ।"

ਕਬੀਰ ਜੀ ਤਾਂ ਇਸ ਨੂੰ ਨਕਟੀ ਤੇ ਬੇਸ਼ਰਮ ਵੀ ਕਹਿੰਦੇ ਸਨ; ਕਿਉਂਕਿ ਇਹ ਕਿਸੇ ਦਾ ਲਿਹਾਜ਼ ਨਹੀਂ ਸਕਰਦੀ, ਪਰ ਮੁੜ ਵੀ ਇਸ ਦੀ ਚਹੁੰ ਕੁੰਟਾਂ ਵਿਚ ਤੂਤੀ ਬੋਲਦੀ ਹੈ ।

"ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥"

(ਆਸਾ ਕਬੀਰ ਜੀ) ਅੰਗ ੪੭੬

ਅਰਥਾਤ "ਸਭ ਅੰਦਰ ਇਸ ਨੱਕ ਕਟੀ ਦਾ ਵਾਸਾ ਹੈ । ਸਾਰਿਆਂ ਨੂੰ ਮਾਰ ਕੇ ਮੁੜ ਵੇਖਦੀ ਹੈ ਕਿ ਕੋਈ ਉਸ ਦੇ ਅਸਰਾਂ ਤੋਂ ਬਚ ਤਾਂ ਨਹੀਂ ਗਿਆ ।" ਜੀਵਨ ਦੇ ਹਰ ਦਾਇਰੇ ਵਿਚ ਇਸ ਦਾ ਜਾਲ ਵਿਛਿਆ ਹੋਇਆ ਹੈ । ਇਹ ਤੀਰਥਾਂ 'ਤੇ ਵੀ ਪਹੁੰਚ ਜਾਂਦੀ ਹੈ ; ਜਿਵੇਂ ਗੁਰੂ ਰਾਮਦਾਸ ਜੀ ਕਹਿੰਦੇ ਹਨ :

**"ਤੀਰਥਿ ਜਾਉ ਤ ਹਉ ਹਉ ਕਰਤੇ ॥**

**ਪੰਡਿਤ ਪੂਛਉ ਤ ਮਾਇਆ ਰਾਤੇ ॥"**

(ਆਸਾ ਮਹਲਾ ੪) ਅੰਗ ੩੯੫

ਅਰਥਾਤ "ਜਦ ਮੈਂ ਤੀਰਥਾਂ 'ਤੇ ਜਾਂਦਾ ਹਾਂ ਤਾਂ ਓਥੇ ਵਸਦੇ ਲੋਕ ਵੀ ਮਾਇਆ ਦੇ ਪ੍ਰਭਾਵ ਕਰਕੇ ਹੰਕਾਰੀ ਹਨ । ਜੇ ਪੰਡਤਾਂ ਨੂੰ ਮਿਲਦਾ ਹਾਂ ਤਾਂ ਉਹ ਵੀ ਮਾਇਆ ਵਿਚ ਫਸੇ ਹਨ।" ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਵੀ ਨੋਟ ਕਰਨ ਵਾਲੇ ਹਨ :

"ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥"

(ਧਨਾਸਰੀ ਮਹਲਾ ੧) ਅੰਗ ੬੬੨

ਅਰਥਾਤ "ਇਸ਼ਟ ਦੇ ਥਾਂ ਵੀ ਮਾਇਆ ਦੇ ਪ੍ਰਭਾਵ ਨਾਲ ਗੰਦੇ ਹੋ ਜਾਂਦੇ ਹਨ ਤੇ ਫਿਰ ਸਭ ਸੰਸਾਰ ਡੁਬ ਜਾਂਦਾ ਹੈ ।"

ਇਹ ਮਾਇਆ ਕਿਤੇ ਹਉਮੈਂ ਦੀ ਚਿੰਗਾਰੀ ਸੁਟ ਕੇ ਵਿਦਿਆ ਦੇ ਕੀਮਤੀ ਗੁਣਾਂ ਨੂੰ ਹੰਕਾਰ ਵਿਚ ਬਦਲ ਦਿੰਦੀ ਹੈ । ਵਿਦਵਾਨਾਂ ਤੇ ਗਿਆਨੀਆਂ ਨੂੰ ਸ਼ਾਸਤਰਾਂ ਦੇ ਪੜ੍ਹਨ ਪੜ੍ਹਾਉਣ, ਲੰਮੀਆਂ ਤੇ ਕੁਵੱਲੀਆਂ ਬਹਿਸਾਂ ਛੇੜਨ ਤੇ ਦਿਮਾਗ਼ੀ ਜਿੱਤ ਹਾਰ ਦੀ ਲੜਾਈ ਲੜਨ ਲਈ ਲਾਈ ਰੱਖਦੀ ਹੈ । ਚੌਧਰ ਦੀ ਭੁੱਖ, ਫਿੱਕੇ ਬੋਲ ਬੁਲਾਰੇ, ਵਟ ਵਿਰੋਧ ਤੇ ਗੁਸੇ ਦੀਆਂ ਗੱਲਾਂ, ਉਹਨਾਂ ਲੋਕਾਂ ਤੋਂ ਕਰਵਾ ਲੈਂਦੀ ਹੈ ਜੋ ਧਰਮੀ ਹੋਣ ਦਾ ਦਾਹਵਾ ਵੀ ਕਰਦੇ ਹਨ । ਸਿੱਟਾ ਇਹ ਹੁੰਦਾ ਹੈ ਕਿ ਉਹਨਾਂ ਤੋਂ ਪ੍ਰੇਮ, ਪਿਆਰ ਤੇ ਮਿਠਾਸ ਨਿਕਲਣ ਦੀ ਥਾਂ ਸਗੋਂ ਇਹ ਉਹਨਾਂ ਨੂੰ ਗੁਸੇ ਦੀ ਅੱਗ ਵਿਚ ਸਾੜਦੀ ਰਹਿੰਦੀ ਹੈ । ਇਹ ਸਭ ਮਾਇਆ ਦੇ ਕ੍ਰਿਸ਼ਮੇਂ ਹਨ ਕਿ ਕਦੇ ਹੰਕਾਰ ਦੀ ਸ਼ਕਲ ਵਿਚ ਤੇ ਕਦੇ ਮੋਹ, ਪਿਆਰ, ਈਰਖਾ, ਵੈਰ, ਵਿਰੋਧ ਦੇ ਰੂਪ ਵਿਚ ਦੁਨੀਆਂ ਨੂੰ ਗਲਤ



ਰਾਹ ਪਾਂਦੀ ਰਹਿੰਦੀ ਹੈ । ਮਹਾਰਾਜ ਕਹਿੰਦੇ ਹਨ ਕਿ ਜੀਵ ਲਈ ਰਾਹ ਦੋ ਹੀ ਹਨ—ਇਕ ਰੱਬ ਦਾ ਤੇ ਇਕ ਮਾਇਆ ਦਾ, ਅਰਥਾਤ ਰੱਬ ਤੋਂ ਦੂਰ ਚਲੇ ਜਾਣ ਦਾ । ਹਰ ਉਹ ਚੀਜ਼ ਜੋ ਰੱਬ ਦੇ ਰਾਹੋਂ ਹਟਾ ਕੇ ਲਾਂਭੇ ਲੈ ਜਾਂਦੀ ਹੈ, ਮਾਇਆ ਹੈ । ਇਹ ਭੁਲੇਖਾ ਹੈ ਜੋ ਗ਼ਲਤ ਕੀਮਤਾਂ ਦਾ ਨਤੀਜਾ ਹੈ।ਇਸ ਨੂੰ ਧੋਖਾ ਜਾਂ ਫ਼ਰੇਬ ਕਹਿ ਸਕਦੇ ਹਾਂ । ਇਸ ਦਾ ਤਸੱਵਰ, ਪ੍ਰਸ਼ਨ ਤੇ ਉੱਤਰ ਦਵਾਰਾ ਗੁਰੂ ਅਮਰਦਾਸ ਜੀ ਨੇ ਇਉਂ ਕਰਾਇਆ ਸੀ :

"ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥"

(ਸਿਰੀ ਰਾਗ ਮਹਲਾ ੩) ਅੰਗ ੬੭

ਅਰਥਾਤ "ਕਿਸ ਚੀਜ਼ ਦਾ ਨਾਉਂ ਮਾਇਆ ਹੈ ? ਕਿਹੜੇ ਕਰਮਾਂ ਤੋਂ ਇਹ ਪਛਾਣੀ ਜਾ ਸਕਦੀ ਹੈ ?"

ਤੇ ਇਸ ਦਾ ਉੱਤਰ ਇਉਂ ਦਿੱਤਾ ਹੈ :

"ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥"

(ਸਿਰੀ ਰਾਗ ਮਹਲਾ ੩) ਅੰਗ ੬੭

ਅਰਥਾਤ "ਇਹ ਜੀਵਨ ਦੁਖ ਸੁਖ ਵਿਚ ਇਸ ਲਈ ਬੰਨ੍ਹਿਆਂ ਰਹਿੰਦਾ ਹੈ ਕਿਉਂਕਿ ਇਹ ਹਉਮੈਂ ਤੋਂ ਉਪਜੇ ਕਰਮ ਕਰਦਾ ਰਹਿੰਦਾ ਹੈ।

ਇਹੋ ਮਾਇਆ ਹੈ ; ਪਰ ਇਸ ਦੇ ਸੇਵਕਾਂ ਦੀ ਨਿਸ਼ਾਨੀ ਇਹ ਹੈ ਕਿ ਉਹਨਾਂ ਦਾ ਮਨ ਸਦਾ ਅਸ਼ਾਂਤ ਰਹਿੰਦਾ ਹੈ । ਸੱਚਮੁਚ ਇਸ ਮਾਇਆ ਦਾ ਭਗਤ ਇਸ ਨੂੰ ਭੋਗਦਾ ਹੋਇਆ ਆਪ ਭੋਗਿਆ ਜਾਂਦਾ ਹੈ ।

"ਜੋ ਇਸ ਕੀ ਸੇਵਾ ਕਰੇ ਤਿਸ ਹੀ ਕੋ ਫਿਰ ਖਾਇ ॥"

ਅਰਥਾਤ "ਜੋ ਇਸ ਦਾ ਸੇਵਕ ਹੋ ਜਾਂਦਾ ਹੈ ਓਸੇ ਨੂੰ ਹੀ ਇਹ ਖਾ ਜਾਂਦੀ ਹੈ ।"

ਹੋਰ "ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ ॥"

(ਆਸਾ ਮਹਲਾ ੫) ਅੰਗ ੩੭੦

ਅਰਥਾਤ "ਜਿਸ ਨੇ ਇਸ ਨਾਲ ਪ੍ਰੀਤੀ ਲਾਈ ਹੈ ਉਸਨੂੰ ਹੀ ਇਹ ਖਾਂਦੀ ਹੈ ।"

ਸ਼ਬਦ ਦੇ ਅਖ਼ੀਰਲੇ ਹਿੱਸੇ ਵਿਚ ਇਸ ਗੱਲ ਦਾ ਵੀ ਨਿਰਣਾ ਕਰ

ਦਿੱਤਾ ਗਿਆ ਹੈ ਕਿ ਮਾਇਆ ਵੀ ਓਸੇ ਹਰੀ ਦੀ ਪੈਦਾਵਾਰ ਹੈ । ਉਸ ਤੋਂ ਵਖਰਾ ਤਾਂ ਕੁਝ ਹੈ ਹੀ ਨਹੀਂ ; ਅਨਾਦੀ ਉਹ ਇਕੱਲਾ ਆਪ ਹੈ ਤੇ ਬਾਕੀ ਸਭ ਕੁਝ ਸਮੇਤ ਮਾਇਆ ਦੇ ਉਸ ਤੋਂ ਨਿਕਲਿਆ ਹੈ, ਉਸ ਦੇ ਆਪਣੇ ਹੁਕਮ ਵਿਚ, ਉਸ ਦੀ ਆਪਣੀ ਵਿਉਂਤ ਅਨੁਸਾਰ ।

**ਰਾਹ ਦੋਵੈ ਖਸਮੁ ਏਕੋ ਜਾਣੁ ॥ ਅੰਗ ੨੨੩**

ਠੀਕ ਰਸਤੇ ਦੋ ਹੀ ਹਨ ਪਰ ਦੋਹਾਂ ਦਾ ਕਰਤਾ ਉਹ ਆਪ ਹੈ । ਜੇ ਇਹ ਨਾ ਹੋਵੇ ਤਾਂ ਉਸ ਕਰਤੇ ਦੀ ਏਕਤਾ ਦਾ ਤਸੱਵਰ ਹੀ ਟੁਟ ਜਾਂਦਾ ਹੈ। ਗੁਰੂ ਅਮਰਦਾਸ ਜੀ ਨੇ ਇਸ ਖ਼ਿਆਲ ਦੀ ਤਰਜਮਾਨੀ ਇਉਂ ਕੀਤੀ ਸੀ:-

"ਮਾਇਆ ਤ ਮੋਹਣੀ ਤਿਨੈ ਕੀਤੀ......॥"

(ਰਾਮਕਲੀ ਮਹਲਾ ੩, ਅਨੰਦੁ) ਅੰਗ ੯੧੮

ਅਰਥਾਤ "ਇਹ ਮੋਹਣੀ ਮਾਇਆ ਉਸ ਨੇ ਆਪ ਪੈਦਾ ਕੀਤੀ ਹੈ।"

ਗੁਰੂ ਸਾਹਿਬ ਦਾ ਭਾਵ ਇਹ ਹੈ ਕਿ ਜੋ ਕੁਝ ਵੀ ਹੈ ਭਾਵੇਂ ਉਸ ਨੂੰ ਕੋਈ ਚੰਗਾ ਕਹੇ ਜਾਂ ਮੰਦਾ, ਸਭ ਉਸ ਦੀ ਆਪਣੀ ਹੀ ਰਚਨਾ ਹੈ। ਉਸ ਨੂੰ ਉਸ ਦੀ ਆਪਣੀ ਵਿਉਂਤ ਅਨੁਸਾਰ ਉਸ ਦੀ ਲੋੜ ਹੈ । ਜੋ ਖੇਡ ਉਹ ਖੇਡਣਾ ਚਾਹੁੰਦਾ ਹੈ ਉਹ ਕਿਸੇ ਨੂੰ ਖਿਡਾ ਸਕਦਾ ਹੈ । ਜਿਸ ਨੂੰ ਅਸੀਂ ਬੁਰਾਈ ਕਹਿੰਦੇ ਹਾਂ, ਉਹ ਇਕ ਹੋਰ ਨਜ਼ਰ ਵਿਚ ਵੇਖਿਆਂ ਬੁਰਾਈ ਨਹੀਂ ਸਮਝਣੀ ਚਾਹੀਦੀ, ਕਿਉਂਕਿ ਸਮੁੱਚੀ ਰਚਨਾ ਵਿਚ ਉਸ ਦੀ ਲੋੜੀਂਦੀ ਥਾਂ ਬਣ ਜਾਂਦੀ ਹੈ। ਹੋਰ ਵੇਖੋ ਕਿ ਜਦ ਉਹ ਆਪ ਪੂਰਾ ਹੈ ਤਾਂ ਉਸ ਤੋਂ ਬੁਰਾਈ ਨਿਕਲ ਕਿਵੇਂ ਸਕਦੀ ਹੈ? ਸੁਖਮਨੀ ਸਾਹਿਬ ਵਿਚ ਗੁਰੂ ਅਜਰਨ ਦੇਵ ਜੀ ਕਹਿੰਦੇ ਹਨ :

**"ਇਸ ਤੇ ਹੋਇ ਸੁ ਨਾਹੀ ਬੁਰਾ ॥ ਓਰੈ ਕਹਹੁ ਕਿਨੈ ਕਛੁ ਕਰਾ ॥"**

(ਗਉੜੀ ਸੁਖਮਨੀ ਮਹਲਾ ) ਅੰਗ ੨੯੪

ਅਰਥਾਤ "ਜੋ ਰੱਬ ਤੋਂ ਹੁੰਦਾ ਹੈ ਉਹ ਬੁਰਾ ਨਹੀਂ ਹੋ ਸਕਦਾ ਹੈ । ਦੱਸੋ, ਉਸ ਤੋਂ ਉਰਾਂ ਕੌਣ ਕੋਈ ਕੁਝ ਕਰਦਾ ਹੈ ? ਜਾਂ ਕਰਣ ਯੋਗ ਹੈ ? ਜਦ ਕਿਸੇ ਦੀ ਆਪਣੀ ਨਜ਼ਰ ਠੀਕ ਸੋਚਣ ਯੋਗ ਹੋ ਜਾਂਦੀ ਹੈ ਤਾਂ ਉਸ ਲਈ ਬੁਰਾਈ ਵੀ ਕਿਤੇ ਨਹੀਂ ਰਹਿੰਦੀ ਤੇ "ਸਭ ਭਲੋ ਹੈ" ਹੋ ਜਾਂਦਾ ਹੈ ।

**"ਜਿਸਹਿ ਬੁਝਾਏ ਤਿਸਹਿ ਸਭ ਭਲੀ ॥"**



(ਗਉੜੀ ਮਹਲਾ ੫ ਅੰਗ ੨੯੪

ਅਰਥਾਤ "ਜਿਸ ਕਿਸੇ ਨੂੰ ਉਹ ਸਹੀ ਸਮਝ ਬਖ਼ਸ਼ਦਾ ਹੈ, ਉਸ ਲਈ ਸਭ ਭਲਾ ਹੋ ਜਾਂਦਾ ਹੈ ।"

ਇਹ ਐਸੀ ਨਜ਼ਰ ਹੈ ਜਿਸ ਵਿਚ "ਆਪੁ ਸਤਿ ਕੀਆ ਸਭੁ ਸਤਿ" ਹੋ ਜਾਣਾ ਹੋਇਆ । ਫਿਰ ਸਮਝ ਪੈ ਜਾਂਦੀ ਹੈ ਕਿ ਪਰਮਾਤਮਾ ਦੀ ਇਸ ਇਲਾਹੀ ਖੇਡ ਵਿਚ ਹਰ ਚੀਜ਼ ਦੀ ਆਪਣੀ ਜ਼ਰੂਰੀ ਥਾਂ ਹੈ । ਜਿਸ ਨੂੰ ਅਸੀਂ ਬੁਰਾਈ ਕਹਿੰਦੇ ਹਾਂ ਉਸ ਦੀ ਵੀ ਮਨੁੱਖੀ ਵਾਧੇ ਲਈ ਲੋੜ ਹੁੰਦੀ ਹੈ । ਦੁਖ ਨੂੰ ਬੁਰਾਈ ਸਮਝ ਲਿਆ ਜਾਂਦਾ ਹੈ, ਪਰ ਦੁਖਾਂ ਕਲੇਸ਼ਾਂ ਵਿਚੋਂ ਲੰਘਣਾ ਵੀ ਮਨੁੱਖੀ ਸ਼ਖ਼ਸੀਅਤ ਦੇ ਬਣਨ ਬਨਾਣ ਤੇ ਪੱਕਣ ਪਕਾਣ ਲਈ ਜ਼ਰੂਰੀ ਹੋ ਜਾਂਦਾ ਹੈ।ਪਹਿਲਵਾਨ ਸਰੀਰਕ ਕਸਰਤਾਂ ਦਵਾਰਾ ਤੇ ਵਿਰੋਧੀਆਂ ਨਾਲ ਘੁਲ ਕੇ ਆਪਣੇ ਜਿਸਮ ਨੂੰ ਪਕਾਂਦਾ ਹੈ । ਤਿਵੇਂ ਮਾਨਸਕ ਤੇ ਆਤਮਕ ਉਸਾਰੀ ਲਈ ਬੁਰਾਈ ਨਾਲ ਟਕੱਰ ਲੈਣੀ ਗੁਣਕਾਰੀ ਹੁੰਦੀ ਹੈ ਤੇ ਕਈ ਵਾਰ ਇਹ ਵਿਕਾਸ ਤੇ ਉੱਨਤੀ ਲਈ ਜ਼ਰੂਰੀ ਬਣ ਜਾਂਦੀ ਹੈ । ਮਾਇਆ ਦੇ ਅਸਰਾਂ ਨੂੰ ਆਪਣੇ ਕਿਸੇ ਕਮਾਈ ਨਾਲ ਜ਼ਾਇਲ ਕਰਕੇ ਹੀ ਆਚਰਣਕ ਸ਼ਖ਼ਸੀਅਤ ਬਣਦੀ ਤੇ ਫਲਦੀ ਹੈ । ਜੋ ਇਸ ਤਰ੍ਹਾਂ ਕਰ ਸਕਦਾ ਹੈ, ਉਹ ਮਾਇਆ ਦਾ ਗੁਲਾਮ ਨਹੀਂ ਰਹਿੰਦਾ, ਸਗੋਂ ਸੁਆਮੀ ਹੋ ਜਾਂਦਾ ਹੈ ਤੇ ਮੁੜ ਇਹੋ ਮਾਇਆ ਉਸ ਲਈ ਸੁਖਦਾਈ ਹੋ ਜਾਂਦੀ ਹੈ । ਫਿਰ ਇਹ ਕਾਮ, ਕ੍ਰੋਧ, ਆਦਿਕ ਸਭ ਉਸ ਦੇ ਸੇਵਕ ਤੇ ਗ਼ੁਲਾਮ ਹੋ ਜਾਂਦੇ ਹਨ ਜਿਨ੍ਹਾਂ ਤੋਂ ਉਹ ਮੁਨਾਸਬ ਸੇਵਾ ਲੈਂਦਾ ਹੈ । ਇਨ੍ਹਾਂ ਸਾਰਿਆਂ ਸੇਵਕਾਂ ਦੀ ਉਹਨਾਂ ਨੂੰ ਆਪਣੀ ਆਪਣੀ ਹੱਦ ਅੰਦਰ ਰਖ ਕੇ ਉਸਨੂੰ ਜ਼ਰੂਰਤ ਹੈ । ਹੱਦੋਂ ਅਗਾਂਹ ਜਾ ਕੇ ਹੀ ਇਹ ਦੁਖਦਾਇਕ ਹੋ ਜਾਂਦੇ ਹਨ । ਕਾਮ ਠੀਕ ਬੁਰਾਈ ਹੈ ਪਰ ਕਾਮ ਤੋਂ ਹੀ ਦੁਨੀਆਂ ਚਲਦੀ ਹੈ। ਕਰੋਧ ਤੋਂ ਹੀ ਬੁਰਾਈ ਨਾਲ ਘ੍ਰਿਣਾ ਹੋ ਕੇ ਇਸ ਬੁਰਾਈ ਦੇ ਖਿਲਾਫ਼ ਜਦੋ ਜਹਿਦ ਦਾ ਆਰੰਭ ਹੁੰਦਾ ਹੈ । ਕਾਮ ਤੇ ਕਰੋਧ ਦੇ ਗੁਣਕਾਰੀ ਰੂਪ ਦਾ ਜ਼ਿਕਰ ਗੁਰਬਾਣੀ ਵਿਚ ਇਉਂ ਕੀਤਾ ਗਿਆ ਹੈ :

**"ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥"**

(ਬਸੰਤ ਮਹਲਾ ੧) ਅੰਗ ੧੧੭੧

ਅਰਥਾਤ "ਕਾਮ, ਕਰੋਧ ਨੂੰ ਰੰਬੇ ਬਣਾ ਕੇ ਇਸ ਸਰੀਰ ਰੂਪ ਧਰਤੀ ਨੂੰ ਗੋਡੋ ।"

ਜਿਵੇਂ ਧਰਤੀ ਗੋਡਣ ਸਮੇਂ ਧਰਤੀ ਨਾਲ ਪਿਆਰ (ਕਾਮ) ਤੇ ਨਦੀਨ ਨਾਲ ਕਰੋਧ (ਘ੍ਰਿਣਾ) ਦੀ ਵਰਤੋਂ ਕੀਤੀ ਜਾਂਦੀ ਹੈ ਤਿਵੇਂ ਸਰੀਰ ਰੂਪ ਧਰਤੀ ਨੂੰ ਸ਼ੁੱਧ ਕਰਨ ਲਈ ਚੰਗੇ ਗੁਣਾਂ ਦਾ ਪਿਆਰ ਤੇ ਵਿਕਾਰਾਂ ਨੂੰ ਕੱਟਣ ਲਈ ਕ੍ਰੋਧ, ਇਹ ਦੋ ਬਸੋਲੇ (ਰੰਬੇ) ਬਣਾਏ ਜਾ ਸਕਦੇ ਹਨ । ਇਸੇ ਤਰ੍ਹਾਂ ਮੋਹ ਭਾਵੇਂ ਬੁਰਾਈ ਵੀ ਹੈ ਪਰ ਇਹ ਮੋਹ ਦਾ ਹੀ ਅੰਸ਼ ਹੈ ਜੋ ਮਾਂ ਦੇ ਅੰਦਰ ਦਾਖ਼ਲ ਹੋ ਕੇ ਬੱਚਿਆਂ ਦੀ ਪਰਵਰਿਸ਼ ਦਾ ਕਾਰਨ ਬਣਦਾ ਹੈ । ਚੰਗੀਆਂ ਚੀਜ਼ਾਂ ਦੀ ਲਾਲਸਾ ਵੀ ਲੋਭ ਦੇ ਚੰਗੇ ਪੱਖ 'ਚੋਂ ਨਿਕਲਦੀ ਹੈ ਤੇ ਹੰਕਾਰ ਤੋਂ ਸ੍ਵੈ-ਮਾਣ ਤੇ ਅਣਖ ਆਦਿਕ ਦੈਵੀ ਗੁਣ ਨਿਕਲਦੇ ਹਨ । ਜੇ ਇਕ ਪਾਸੇ 'ਹਉਮੈਂ ਰੋਗ ਹੈ' ਤਾਂ ਦੂਜੇ ਪਾਸੇ 'ਦਾਰੂ ਭੀ ਇਸ ਮਾਹਿ ਹੈ' , ਜੋ ਵਰਤੋਂ ਵਿਚ ਤਦੋਂ ਆਉਂਦਾ ਹੈ ਜਦੋਂ 'ਗੁਰੂ ਕਾ ਸਬਦ ਕਮਾਹਿ' ਵਾਲੀ ਖੇਡ ਹੋ ਜਾਂਦੀ ਹੈ । ਮਨ ਨੂੰ ਮਾਰਨ ਦਾ ਜ਼ਿਕਰ ਵੀ ਆਂਦਾ ਰਹਿੰਦਾ ਹੈ । ਪਰ ਉਤੇ ਵਾਂਗ, ਇਸਦਾ ਅਰਥ ਵੀ ਇਹੋ ਹੈ ਕਿ ਮਨ ਦੀਆਂ ਕਮਜ਼ੋਰੀਆਂ ਮਾਰਨੀਆਂ ਹਨ ਤੇ ਮਨ ਨੂੰ ਆਪਣੇ ਕਾਬੂ ਵਿਚ ਰੱਖ ਕੇ ਇਸ ਨੂੰ ਸੇਵਕ ਬਨਾਉਣਾ ਹੈ । ਮਨ ਮਾਰ ਕੇ ਬਹਿਸ ਨਹੀਂ ਕਰ ਦੇਣਾ ਹੁੰਦਾ । ਮਨ ਨੂੰ ਮਾਰਨ ਤੋਂ ਭਾਵ ਸਦਾ ਇਹ ਹੈ ਕਿ ਇਸ ਦੀ ਭਟਕਣਾ ਨੂੰ ਮਾਰਨਾ ਹੈ, ਇਸ ਅੰਦਰ ਦਾਖ਼ਲ ਹੋਈ ਬੁਰਾਈ ਕੱਟਣੀ ਹੈ, ਇਸ ਦੀ ਅੰਦਰ ਲੁਕੀ ਮਾਇਆ ਕੱਢਣੀ ਹੈ । ਫੇਰ ਮਨ ਬੁਰਾਈ ਨਹੀਂ, ਸਗੋਂ ਦਾਤ ਹੈ । ਗੁਰੂ ਨਾਨਕ ਦੇਵ ਸਮਝਾਂਦੇ ਹਨ :

**"ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥**
**ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥**
**(ਗਉੜੀ ਮਹਲਾ ੩) ਅੰਗ ੧੫੯**

ਅਰਥਾਤ "ਮਨ ਦੇ ਮਾਰਨ ਦਾ ਅਰਥ ਇਹ ਹੈ ਕਿ ਇਸ ਦੀ ਧਾਵਨਾ ਮਰ ਜਾਏ । ਪਰ ਜੇ ਕੋਈ ਮਨ ਨੂੰ ਮੂਲੋਂ ਹੀ ਮਾਰ ਮੁਕਾਏ ਤਾਂ ਮੁੜ ਉਹ ਹੋਰ ਕਿਸੇ ਵਸੀਲੇ ਨਾਲ ਹਰੀ ਨੂੰ ਪ੍ਰਾਪਤ ਕਰੇਗਾ ? ਮਨ ਉਸ ਮਨੁੱਖ ਦਾ ਹੀ ਠੀਕ ਮਰਦਾ ਹੈ ਜਿਸਨੂੰ ਮਾਰਨ ਦਾ ਦਾਰੂ ਆਉਂਦਾ ਹੋਵੇ । ਦਾਰੂ ਇਹ ਹੈ—ਮਨ ਸ਼ਬਦ ਦਵਾਰਾ ਮਰਦਾ ਹੈ ਤੇ ਉਸ ਦਾ ਮਰਦਾ ਹੈ ਜੋ ਇਸ ਭੇਦ ਨੂੰ ਸਮਝ ਲੈਂਦਾ ਹੈ ।"

ਇਹ ਹੈ ਮਨ ਦੇ ਮਾਰਨ ਦਾ ਅਸਲ ਭਾਵ ਕਿ ਇਸ ਦੀ ਧਾਤ(ਭਾਵਨਾ) ਮਰ ਜਾਏ । ਮਨ ਦਾ ਨਰੋਆ ਅੰਗ ਤਾਂ ਰੱਬੀ ਦਾਤ ਹੈ । ਇਸ ਭੇਦ ਨੂੰ ਇਕ



ਸ਼ਬਦ ਨੂੰ ਇਕ ਸ਼ਬਦ ਵਿਚ ਹੋਰ ਵਧੇਰੇ ਚੰਗੀ ਤਰ੍ਹਾਂ ਖੋਲ੍ਹਿਆ ਗਿਆ ਹੈ:

**"ਮਨ ਕਾ ਸੁਭਾਉ ਮਨਹਿ ਬਿਆਪੀ ॥ ਮਨਹਿ ਮਾਰਿ**
**ਕਵਨ ਸਿਧਿ ਥਾਪੀ॥੧॥ ਕਵਨੁ ਸੁ ਮੁਨਿ ਜੋ ਮਨੁ ਮਾਰੈ ॥**
**ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥ ੧ ॥ ਰਹਾਉ ॥**
**ਮਨ ਅੰਤਰਿ ਬੋਲੈ ਸਭੁ ਕੋਈ ॥ ਮਨ ਮਾਰੇ ਬਿਨੁ ਭਗਤਿ**
**ਨ ਹੋਈ ॥ ੨ ॥ ਕਹੁ ਕਬੀਰ ਜੋ ਜਾਨੈ ਭੇਉ ॥**
**ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥ ੩ ॥"**

(ਗਉੜੀ ਕਬੀਰ ਜੀ) ਅੰਗ ੩੨੯

ਅਰਥਾਤ "ਮਨ ਦਾ ਸੁਭਾਉ ਮਨ ਦੇ ਅੰਦਰ ਦਾਖ਼ਲ ਹੋ ਚੁਕਾ ਹੁੰਦਾ ਹੈ (ਇਸ ਸੁਭਾਉ ਨੂੰ ਬਦਲਣ ਦੀ ਲੋੜ ਹੈ । ਪਰ ਸਰੀਰ ਦੇ ਕਿਸੇ ਹੋਰ ਅੰਗ ਦੀ ਮਨ ਤਕ ਪਹੁੰਚ ਨਹੀਂ । ਇਸ ਲਈ ਮਨ ਦੀ ਤਾੜਨਾ ਲਈ ਮਨ ਆਪ ਹੀ ਹਥਿਆਰ ਹੈ) । ਜੇ ਇਸ ਮਨ ਦਾ ਹੀ ਅਭਾਵ ਕਰ ਦਿੱਤਾ ਜਾਏ ਤਾਂ ਕੀ ਖਟਿਆ (ਕਿਉਂਕਿ ਇਸ ਦੀ ਹੋਂਦ ਨੂੰ ਹੀ ਖੋਹ ਦੇਣ ਨਾਲ ਮਾੜੇ ਫੁਰਨਿਆਂ ਦੇ ਨਾਲ ਨਾਲ ਚੰਗੇ ਫੁਰਨੇ ਵੀ ਮਰ ਜਾਂਦੇ ਹਨ ਤੇ ਫਿਰ ਮਨੁੱਖ ਕਦੇ ਵੀ ਮਨੁੱਖਤਾ ਦੀ ਸਿਖ਼ਰ 'ਤੇ ਨਹੀ ਪੁਜ ਸਕਦਾ । ਅੱਵਲ ਤਾਂ ਦਸੋ ਕਿ ਉਹ ਕੇਹੜਾ ਮੁਨੀ ਹੈ ਜੋ ਮਨ ਨੂੰ ਮਾਰ ਸਕਦਾ ਹੈ ? ਫਿਰ ਜੇ ਮਨ ਨੂੰ ਮਾਰ ਵੀ ਲਵੇ ਤਾਂ ਤਾਰੇਗਾ ਕਿਸ ਨੂੰ (ਤਾਰਨ ਜੋਗੀ ਚੀਜ਼ ਫਿਰ ਕੇਹੜੀ ਰਹਿ ਜਾਵੇਗੀ। ਤਾਰਨਾ ਤਾਂ ਮਨ ਨੂੰ ਹੀ ਹੈ ਤੇ ਇਹ ਹੋਣਾ ਵੀ ਮਨ ਦੁਆਰਾ ਹੀ ਹੈ)। ਮਨ ਨਾਲ ਹੀ ਜੀਵਨਸਤਾ ਚਲਦੀ ਹੈ ਪਰ ਮਨ ਦੇ ਮਾੜੇ ਸੁਭਾਉ ਨੂੰ ਮਾਰਨ ਤੋਂ ਬਿਨਾਂ ਭਗਤੀ ਵੀ ਸੰਭਵ ਨਹੀਂ । ਹੇ ਕਬੀਰ, ਕਹੁ ਕਿ 'ਜੋ ਮਨੁੱਖ ਇਸ ਉੱਪਰ ਆਈ ਅੜੰਗੜੀ ਦਾ ਭੇਦ ਬੁਝਦਾ ਹੈ ਉਸ ਲਈ ਮਨ ਆਪ ਹਰੀ ਰੂਪ ਹੋ ਕੇ ਦਿਸਦਾ ਹੈ । ਮੁੜ ਇਹ ਤਿੰਨਾਂ ਭਵਨਾਂ ਦਾ ਦੇਵਤਾ ਹੈ (ਅੰਤਗੜੀ ਇਹ ਹੈ ਕਿ ਮਨ ਨੂੰ ਮਾਰਨਾ ਵੀ ਹੈ ਤੇ ਨਹੀਂ ਮਾਰਨਾ ਵੀ ਹੈ । ਇਸ ਭੇਦ ਦੀ ਵਿਆਖਿਆ ਉਪਰ ਕਰ ਦਿੱਤੀ ਗਈ ਹੈ )।" ਇਸੇ ਕਰਕੇ ਭਗਤ ਕਬੀਰ ਜੀ ਇਉਂ ਕਹਿੰਦੇ ਸਨ ।

"ਅਬ ਮਨੁ ਉਲਟਿ ਸਨਾਤਨੁ ਹੂਆ ॥ "(ਗਉੜੀ ਕਬੀਰ ਜੀ)
ਅੰਗ ੩੨੭

ਅਰਥਾਤ "ਹੁਣ ਮੇਰਾ ਮਨ ਪਲਟ ਕੇ ਆਪਣੀ ਪਹਿਲੀ ਤੇ ਕੁਦਰਤੀ ਹਾਲਤ ਵਿਚ ਆ ਗਿਆ ਹੈ ।"

ਜਿਸ ਨੂੰ ਇਸ ਅੜੰਗੜੀ ਦੀ ਸਮਝ ਆ ਜਾਂਦੀ ਹੈ ਉਸ ਲਈ ਮਾਇਆ ਵੀ ਰੱਬੀ ਦਾਤ ਬਣ ਜਾਂਦੀ ਹੈ । ਫਿਰ ਮਾਇਆ ਦਾ ਨਰੋਆ ਅੰਗ ਗੁਣਕਾਰੀ ਹੋ ਕੇ ਦਿਸਦਾ ਹੈ ਤੇ ਕੋਝਾ ਅੰਗ ਦੁਖਦਾਈ, ਜਿਸ ਨੂੰ ਗਿਆਨ ਹੈ ਉਸ ਦੀ ਚੌੜੀ ਨਜ਼ਰ ਵਿਚ ਜਗਤ ਦੀ ਸਾਰੀ ਖੇਡ ਹੁਕਮ ਦੀ ਖੇਡ ਹੋ ਕੇ ਦਿਸਦੀ ਹੈ ; ਪਰ ਜਿਸ ਨੂੰ ਸਮਝ ਨਹੀਂ, ਉਸ ਲਈ ਇਹ ਸਾਰੀ ਖੇਡ ਹੁਕਮ ਦੀ ਖੇਡ ਨਹੀਂ ਹੁੰਦੀ, ਮਾਇਆ ਜਾਂ ਹਉਮੈਂ ਦੀ ਖੇਡ ਹੁੰਦੀ ਹੈ । ਜੋ ਹੁਕਮੀ ਬੰਦਾ ਹੈ ਉਸ ਲਈ ਇਕ ਪਰਮਾਤਮਾ ਤੋਂ ਬਿਨਾਂ ਕੁਝ ਹੁੰਦਾ ਹੀ ਨਹੀਂ। ਫਿਰ ਉਹ ਸੇਵਕ ਦਾ ਰੂਪ ਲੈ ਕੇ ਵਿਚਰਦਾ ਹੈ ਤੇ ਹੁਕਮ ਵਿਚ ਸਭ ਕਾਰ ਕਮਾਂਦਾ ਹੈ । ਬਸ ਏਨਾ ਹੀ ਫ਼ਰਕ ਹੈ ਤੇ ਇਹੋ ਅਤੰਗੜੀ ਦਾ ਹੱਲ ਹੈ ਤੇ ਏਸੇ 'ਚ ਅਦ੍ਵੈਤਵਾਦ ਦੀ ਠੀਕ ਸਮਝ ਪੈਂਦੀ ਹੈ । ਇਹੋ ਬ੍ਰਹਮ ਗਿਆਨਤਾ ਹੈ । ਏਸੇ ਕਾਰਨ ਬ੍ਰਹਮ ਗਿਆਨੀ ਦਾ ਇਹ ਲੱਛਣ ਹੁੰਦਾ ਹੈ ਕਿ ਉਹ ਨੂੰ ਸਭ ਕੁਝ ਭਲਾ ਹੋ ਕੇ ਦਿਸਦਾ ਹੈ । ਪਰ,

"ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥"

(ਗਉੜੀ ਮਹਲਾ ੯) ਅੰਗ ੨੧੯

ਅਰਥਾਤ "ਇਹ ਖੇਡ ਬਹੁਤ ਕਠਿਨ ਹੈ । ਕਿਸੇ ਵਿਰਲੇ ਗੁਰਮੁਖ ਨੂੰ ਇਸ ਦੀ ਸਮਝ ਪੈਂਦੀ ਹੈ ।



# ਆਦਰਸ਼ਕ ਸੇਵਕ

"ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥"

(ਵਡਹੰਸ ਮਹਲਾ ੫) ਅੰਗ ੫੭੯

ਅਰਥਾਤ "ਜੋ ਪੁਰਸ਼ ਸੇਵਾ ਕਰਦੇ ਵੀ ਰਾਮ ਨੂੰ ਹੀ ਲਭਦੇ ਹਨ ਓਹੋ ਅਸਲ ਸੇਵਕ ਹਨ ।"

"ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥ ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥ ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥ ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥ ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥੪॥੫॥

(ਮਾਰੂ ਮਹਲਾ ੫) (ਅੰਗ ੧੦੦੦)

ਅਰਥਾਤ "ਸੇਵਕ ਆਪਣੇ ਮਨ ਅੰਦਰ ਮਾਨ, ਮੋਹ, ਲੋਭ ਆਦਿਕ ਵਿਕਾਰਾਂ ਨੂੰ ਦਾਖ਼ਲ ਨਹੀਂ ਹੋਣ ਦਿੰਦਾ । ਉਹ ਸਗੋਂ ਹਰੀ ਤੋਂ ਬਿਨਾਂ ਕਿਸੇ ਹੋਰ ਨੂੰ ਮਨ ਵਿਚ ਥਾਂ ਹੀ ਨਹੀਂ ਦਿੰਦਾ । ਉਹ ਕੇਵਲ ਹਰੀ ਦੇ ਗੁਣਾਂ ਰੂਪ ਰਤਨਾਂ ਦਾ ਖ਼ਰੀਦਦਾਰ ਹੈ ਤੇ ਇਹੋ ਸਮਗੱਰੀ ਲੱਦ ਕੇ ਲੈ ਚਲਿਆ ਹੈ । ਸੇਵਕ ਦੀ

ਪ੍ਰੀਤੀ ਤੋੜ ਨਿਭ ਗਈ, ਸਾਰੀ ਉਮਰ ਉਸ ਨੇ ਸਾਹਿਬ ਦੀ ਸੇਵਾ ਕੀਤੀ ਤੇ ਸੰਸਾਰ ਤੋਂ ਜਾਣ ਵੇਲੇ ਭੀ ਸਾਹਿਬ ਨੂੰ ਹੀ ਦਿਲ ਵਿਚ ਰਖਿਆ ਹੈ । ਜੋ ਵੀ ਮਾਲਕ ਨੇ ਹੁਕਮ ਦਿੱਤਾ ਹੈ ਉਸ ਤੋਂ ਉਸ ਨੇ ਕਦੇ ਮੂੰਹ ਨਹੀਂ ਮੋੜਿਆ । ਜੇ ਮਾਲਕ ਨੇ ਘਰ ਰਖਿਆ ਤਾਂ ਓਥੇ ਹੀ ਪੂਰਨ ਅਨੰਦ ਜਾਤਾ ਹੈ ਅਤੇ ਜੇ ਉਸ ਆਖਿਆ 'ਉਠੋ' ਤਾਂ ਤੁਰਤ ਓਥੋਂ ਦੌੜ ਪਿਆ ਹੈ । ਜੇ ਉਸ ਦੇ ਹੁਕਮ ਵਿਚ ਭੁੱਖੇ ਰਹਿਣਾ ਪਿਆ ਹੈ ਤਾਂ ਇਸ ਨੂੰ ਸੁਖ ਸਮਝਿਆ ਹੈ, ਖ਼ੁਸ਼ੀ ਤੇ ਗ਼ਮੀ ਦੋਹਾਂ ਤੋਂ ਉਹ ਉਤੇ ਰਿਹਾ ਹੈ । ਜੋ ਵੀ ਹੁਕਮ ਉਸ ਨੂੰ ਸਾਹਿਬ ਵੱਲੋਂ ਆਇਆ ਹੈ ਉਸ ਨੇ ਖਿੜੇ ਮੱਥੇ ਪਰਵਾਣ ਕੀਤਾ ਹੈ । ਤਾਂ ਹੀ ਠਾਕਰ ਆਪਣੇ ਸੇਵਕ 'ਤੇ ਪ੍ਰਸੰਨ ਹੋਇਆ ਹੈ, ਜਿਸ ਦੇ ਕਾਰਨ ਸੇਵਕ ਦੇ ਲੋਕ ਤੇ ਪ੍ਰਲੋਕ ਸੰਵਰ ਗਏ ਹਨ । ਧੰਨ ਹੈ ਐਸਾ ਸੇਵਕ ਤੇ ਸਫਲ ਹੈ ਉਸ ਦਾ ਸੰਸਾਰ ਵਿਚ ਆਵਣਾ, ਜਿਸ ਨੇ ਆਪਣੇ ਮਾਲਕ ਨੂੰ ਪਛਾਣ ਲਿਆ ਹੈ ।

ਇਸ ਸ਼ਬਦ ਵਿਚ ਇਕ ਪੂਰਨ ਆਗਿਆਕਾਰੀ ਸੇਵਕ ਦੀ ਤਸਵੀਰ ਵਿਖਾਈ ਗਈ ਹੈ । ਕਈ ਹੋਰ ਸ਼ਬਦ ਵੀ ਮਿਲਦੇ ਹਨ ਜਿਨ੍ਹਾਂ ਵਿਚ ਸੇਵਾ 'ਤੇ ਬੜਾ ਜ਼ੋਰ ਦਿੱਤਾ ਗਿਆ ਹੈ । ਏਸੇ ਕਾਰਨ ਹੀ ਸਿਖ ਇਤਿਹਾਸ ਸੇਵਾ, ਉਪਕਾਰ ਤੇ ਕੁਰਬਾਨੀ ਦੇ ਅਦੁੱਤੀ ਕਾਰਨਾਮਿਆਂ ਨਾਲ ਭਰਿਆ ਪਿਆ ਹੈ । ਗੁਰੂ ਸਾਹਿਬ ਕਹਿੰਦੇ ਹਨ :

**"ਵਿਚਿ ਦੁਨੀਆ ਸੇਵ ਕਮਾਈਐ ॥**
**ਤਾ ਦਰਗਹ ਬੈਸਣੁ ਪਾਈਐ ॥"**

(ਸਿਰੀ ਰਾਗ ਮਹਲਾ ੧) ਅੰਗ ੨੬

ਅਰਥਾਤ "ਇਸ ਦੁਨੀਆਂ ਅੰਦਰ ਜੇ ਸੇਵਾ ਕਰਦੇ ਰਹੀਏ ਤਾਂ ਰੱਬ ਦੀ ਦਰਗਾਹ ਵਿਚ ਆਦਰ ਦੀ ਥਾਂ ਮਿਲਦੀ ਹੈ ।"

ਪਰ ਜਿਸ ਆਦਰਸ਼ਕ ਸੇਵਕ ਦਾ ਨਮੂਨਾ ਗੁਰੂ ਅਰਜਨ ਦੇਵ ਜੀ ਏਥੇ ਪੇਸ਼ ਕਰ ਰਹੇ ਹਨ ਉਹ ਇਤਨਾ ਖੂਬਸੂਰਤ ਤੇ ਮਹਾਨ ਹੈ ਕਿ ਅਜਿਹਾ ਸੇਵਕ ਉਹ ਆਪ ਹੀ ਹੋ ਸਕਦੇ ਹਨ । ਉਹਨਾਂ ਦਾ ਜੀਵਨ ਇਕ ਅਣਥੱਕ ਸੇਵਕ ਦਾ ਜੀਵਨ ਹੈ ਜੋ ਸਾਰੇ ਦਾ ਸਾਰਾ ਹੀ ਸੇਵਾ ਕਰਦਿਆਂ ਗੁਜ਼ਰਿਆ ਹੈ ਤੇ ਜਿਸ ਵਿਚ ਉਦਮ ਤੇ ਮਿਹਨਤ ਇਸ ਕਦਰ ਲਗਾਤਾਰ ਹੋਈ ਹੈ ਕਿ



ਜੀਵਨ ਦਾ ਇਕ ਮਿੰਟ ਵੀ ਅਜਾਈਂ ਨਹੀਂ ਗਿਆ । ਹਰਿਮੰਦਰ ਸਾਹਿਬ, ਤਰਨਤਾਰਨ ਸਾਹਿਬ, ਆਦਿਕ ਕਈ ਵੱਡੇ ਵੱਡੇ ਤੀਰਥ ਉਹਨਾਂ ਬਣਵਾਏ ਸਨ । ਭਾਈ ਗੁਰਦਾਸ ਜੀ ਦੀ ਸੇਵਾ ਪ੍ਰਾਪਤ ਕਰਕੇ ਕਈ ਸਾਲਾਂ ਦੀ ਘਾਲਣਾ ਨਾਲ ਗੁਰਬਾਣੀ ਨੂੰ ਜਥੇਬੰਦ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਧੀ ਸੀ। ਇਸ ਬੀੜ ਵਿਚ ਬਾਣੀ ਦੀ ਹਰ ਲਗ ਮਾਤਰ ਨੂੰ ਚੰਗੀ ਤਰ੍ਹਾਂ ਸੋਧ ਕੇ ਨਿਯਮਾਂ ਤੇ ਰਾਗਾਂ ਅਨੁਸਾਰ, ਚਾੜ੍ਹਿਆ ਸੀ । ਬਹੁਤ ਸਾਰੀ ਬਾਣੀ ਉਹਨਾਂ ਦੀ ਆਪਣੀ ਰਚਨਾ ਹੈ । ਫਿਰ ਉਹਨਾਂ ਨੇ ਕਈ ਬਾਉਲੀਆਂ ਬਣਵਾਈਆਂ, ਪਿੰਡ ਵਸਾਏ ਤੇ ਤਜਾਰਤ ਦੇ ਕੇਂਦਰ ਵੀ ਕਾਇਮ ਕੀਤੇ ਸਨ । ਥਾਂ ਥਾਂ 'ਤੇ ਪ੍ਰਚਾਰ ਦੇ ਅੱਡੇ ਖੜ੍ਹੇ ਕਰਕੇ ਲਗਾਤਾਰ ਪ੍ਰਚਾਰ ਦਵਾਰਾ ਮਨੁੱਖਾ ਸਮਾਜ ਅੰਦਰ ਜਾਗ੍ਰਤੀ ਲਿਆਂਦੀ ਸੀ ਤੇ ਸਮਾਜ ਨੂੰ ਹਰ ਤਰ੍ਹਾਂ ਤਾਕਤਵਾਰ ਬਣਾਇਆ ਸੀ ।

ਸਾਡੇ ਆਪਣੇ ਇਸ ਭਾਰਤ ਵਿਚ ਧਰਮ ਦੀ ਗ਼ਲਤ ਪ੍ਰਚਾਰੀ ਜਾਂਦੀ ਤਾਲੀਮ ਦਾ ਇਹ ਸਿੱਟਾ ਸੀ ਕਿ ਜੋ ਲੋਕ ਰੂਹਾਨੀ ਜ਼ਿੰਦਗੀ ਦੇ ਮੁਤਲਾਸ਼ੀ ਹੁੰਦੇ ਸਨ, ਉਹ ਜਗਤ ਦੀਆਂ ਜ਼ਿੰਮੇਵਾਰੀਆਂ ਨੂੰ ਕੁਝ ਘਟੀਆ ਜਿਹੀ ਚੀਜ਼ ਸਮਝ ਕੇ ਲਾਂਭੇ ਹੋ ਜਾਂਦੇ ਸਨ । ਉਹ ਕਹਿੰਦੇ ਸਨ ਕਿ ਦੁਨੀਆਂ ਤਾਂ ਦੁੱਖਾਂ ਦਾ ਚਿੱਕੜ ਹੈ । ਜੋ ਇਸ ਵਿਚ ਪੈਂਦਾ ਹੈ ਉਹ ਆਪਣੇ ਆਪ ਨੂੰ ਬਰਬਾਦੀ ਦੇ ਰਾਹ 'ਤੇ ਤੋਰਦਾ ਹੈ । ਉਹਨਾਂ ਦਾ ਖ਼ਿਆਲ ਸੀ ਕਿ ਆਪਣੀ ਕਲਿਆਨ ਲਈ ਕੀਤੇ ਜਪ, ਤਪ ਆਦਿਕ ਸਾਧਨ, ਪਹਾੜਾਂ, ਜੰਗਲਾਂ ਤੇ ਕੰਦਰਾਂ ਆਦਿਕ ਥਾਵਾਂ 'ਤੇ ਲਾਂਭੇ ਰਹਿ ਕੇ ਨੇਪਰੇ ਚੜ੍ਹਦੇ ਸਨ ਅਤੇ ਸਫਲ ਜੀਵਨ ਦਾ ਸਭ ਤੋਂ ਚੰਗਾ ਰਾਹ ਇਹੋ ਹੀ ਹੈ, ਬਾਕੀ ਸਭ ਹਨੇਰਾ ਤੇ ਭੁਲੇਖਾ ਹੈ । ਗੁਰੂ ਸਾਹਿਬ ਇਸ ਤਾਲੀਮ ਨੂੰ ਮੂਲੋਂ ਹੀ ਗ਼ਲਤ ਸਮਝਦੇ ਹਨ । ਉਹਨਾਂ ਦੀ ਨਜ਼ਰ ਵਿਚ ਇਹ ਇਕ ਤਰ੍ਹਾਂ ਦੀ ਖ਼ੁਦਗਰਜ਼ੀ ਸੀ, ਭਾਵੇਂ ਨੀਵੀਂ ਤਰ੍ਹਾਂ ਦੀ ਖ਼ੁਦਗਰਜ਼ੀ ਨਹੀਂ ਸੀ ਕਿ ਮਨੁੱਖ ਕੇਵਲ ਆਪਣੀ ਉੱਨਤੀ ਦੇ ਫ਼ਿਕਰ ਅੰਦਰ ਵਰਤੇ ਰਹ ਹਾਲਾਤ ਤੇ ਇਸ ਵਿਚ ਕਈ ਤਰ੍ਹਾਂ ਦੇ ਹੋ ਰਹੇ ਧੱਕੇ, ਜ਼ੋਰ ਤੇ ਜ਼ੁਲਮ ਵੇਖਦਾ ਹੋਇਆ ਉਹਨਾਂ ਵੱਲੋਂ ਅੱਖਾਂ ਮੀਟ ਦੇਵੇ । ਇਹ ਗੱਲ ਸਮਝ ਵਿਚ ਹੀ ਨਹੀਂ ਆਉਂਦੀ ਕਿ ਕੀ ਇਸ ਤਰ੍ਹਾਂ ਦਾ ਕੋਈ ਮਨੁੱਖ ਕਦੇ ਸਹੀ ਅਰਥਾਂ ਵਿਚ ਆਤਮਕ ਉੱਨਤੀ ਕਰ ਵੀ ਸਕਦਾ ਹੈ ? ਉਹ ਪੁਰਸ਼ ਤਾਂ ਸਗੋਂ ਠਰਿਆ ਹੋਇਆ ਤੇ ਨਿਰਜਿੰਦ ਮਨੁੱਖ ਹੈ, ਜੋ ਦੂਜਿਆਂ ਦੀ ਪੀੜ ਨੂੰ ਆਪਣੀ ਪੀੜ

ਨਹੀਂ ਸਮਝਦਾ । ਇਹ ਗੱਲ ਅਜੇ ਸਮਝ ਵਿਚ ਆ ਸਕਦੀ ਹੈ ਤੇ ਕਿਸੇ ਹੱਦ ਤਕ ਸ਼ਾਇਦ ਜ਼ਰੂਰੀ ਵੀ ਹੈ ਕਿ ਆਤਮ ਬਲ ਪ੍ਰਾਪਤ ਕਰਨ ਲਈ ਜਾਂ ਆਪਣੇ ਮਨ ਦੀ ਸ਼ਾਂਤੀ, ਸੁਖ ਤੇ ਕਲਿਆਣ ਲਈ ਕੁਝ ਸਮੇਂ ਲਈ ਕੋਈ ਲਾਂਭੇ ਹੋ ਕੇ ਜਪ, ਤਪ ਦੀ ਸਾਧਨਾ ਕਰੇ ; ਪਰ ਇਸ ਜਪ ਤਪ ਦਾ ਅਵੱਸ਼ ਸਿੱਟਾ ਸੇਵਾ ਵਿਚ ਨਿਕਲਣਾ ਚਾਹੀਦਾ ਹੈ । ਗੁਰੂ ਸਾਹਿਬ ਕਹਿੰਦੇ ਸਨ :

**"ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥"**

(ਵਾਰ ਆਸਾ ਮਹਲਾ ੫) ਅੰਗ ੩੮੧

ਅਰਥਾਤ "ਜੋ ਪਹਿਲਾਂ ਆਪਣੇ ਮਨ ਨੂੰ ਸਮਝਾਉਂਦਾ ਹੈ ਉਹ ਇਸ ਗੱਲ ਦੇ ਯੋਗ ਹੋ ਜਾਂਦਾ ਹੈ ਕਿ ਉਹ ਦੂਜਿਆਂ ਨੂੰ ਸਮਝਾ ਕੇ ਉਹਨਾ ਦੀ ਤਸੱਲੀ ਕਰੇ ।"

ਹੋਰ : "ਆਪ ਜਪੈ ਨਾਮੁ ਜਪਾਵੈ ॥"

(ਗਉੜੀ ਮਹਲਾ ੫)

ਪਰ ਦੁਨੀਆਂ ਤੋਂ ਹਟ ਜਾਣ ਨੂੰ ਬਾਕਾਇਦਾ ਤੇ ਹਰ ਸਮੇਂ ਲਈ ਇਕ ਅਟੱਲ ਧਾਰਮਿਕ ਨਿਸ਼ਚਾ ਬਣਾ ਲੈਣਾ ਤੇ ਸੇਵਾ ਦੇ ਮੈਦਾਨ ਵਿਚ ਆਉਣਾ ਹੀ ਨਾ, ਇਕ ਬੁਨਿਆਦੀ ਭੁੱਲ ਹੈ । ਸਹੀ ਅਰਥਾਂ ਵਿਚ ਧਾਰਮਿਕ ਉਹੋ ਹੁੰਦਾ ਹੈ ਅਤੇ ਓਸੇ ਦੀ ਆਤਮਾ ਪ੍ਰਫੁੱਲਤ ਹੰਦੀ ਹੈ ਜੋ ਸੇਵਾ ਦੇ ਮੈਦਾਨ ਵਿਚ ਹੁੰਦਾ ਆਉਂਦਾ ਹੈ । ਆਤਮਕ ਜੀਵਨ ਦੀ ਪਕਿਆਈ, ਪਰਖ ਤੇ ਸੋਧ ਲਈ ਦੁਨੀਆਂ ਦੇ ਸੇਵਾ-ਖੇਤਰ ਵਿਚ ਆਉਣਾ ਜ਼ਰੂਰੀ ਹੈ । ਭਾਵੇਂ ਇਹ ਉਪਕਾਰ ਵੀ ਹੈ, ਪਰ ਆਪਣੀ ਉੱਨਤੀ ਲਈ ਵੀ ਇਹ ਜ਼ਰੂਰੀ ਹੈ। ਮਹਾਰਾਜ ਗੁਰੂ ਨਾਨਕ ਦੇਵ ਜੀ ਦੇਸ਼ ਦੇ ਨੇਤਾਵਾਂ ਨੂੰ ਉਹਨਾਂ ਦੇ ਟਿਕਾਣਿਆਂ ਤੋਂ ਲੱਭ ਲੱਭ ਕੇ ਮਿਲੇ ਸਨ ਤੇ ਉਹਨਾਂ ਨੂੰ ਸਮਝਾਇਆ ਸੀ ਕਿ ਤਿਆਗ ਦੀ ਇਹ ਵਿਚਾਰਧਾਰਾ ਠੀਕ ਨਹੀਂ । ਸੁਮੇਰ ਪਰਬਤ 'ਤੇ ਸਿਧਾਂ ਨਾਲ ਹੋਈ ਗੋਸ਼ਟੀ ਸਮੇਂ, ਉਹਨਾਂ ਦੇ ਦਿਲ ਦੀ ਤੜਪ ਭਾਈ ਗੁਰਦਾਸ ਅਨੁਸਾਰ, ਇਉਂ ਪ੍ਰਗਟ ਹੋਈ ਸੀ :

"ਸਿਧ ਛਪਿ ਬੈਠੇ ਪਰਬਤੀ ਕੁਉਣੁ ਜਗਤਿ ਕਉ ਪਾਰਿ ਉਤਾਰਾ ।
ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਏ ਛਾਰਾ ।



ਬਾਝੁ ਗੁਰੂ ਡੁਬਾ ਜਗੁ ਸਾਰਾ ।" (ਵਾਰ ੧ ਭਾਈ ਗੁਰਦਾਸ)

ਅਰਥਾਤ "ਜਦ ਸਿਧ ਲੋਕ (ਕਮਾਈ ਵਾਲੇ ਲੋਕ) ਪਰਬਤਾਂ ਵਿਚ ਲੁਕੇ ਬੈਠੇ ਹਨ ਤਾਂ ਜਗਤ ਦਾ ਬਚਾਉ ਕਿਵੇਂ ਹੋਵੇਗਾ ? ਇਹ ਅਖੌਤੀ ਗਿਆਨੀ ਪੁਰਸ਼ ਅਸਲ ਗਿਆਨ ਤੋਂ ਸੱਖਣੇ ਹਨ ਤੇ ਦਿਨ ਰਾਤ ਜਿਸਮ ਤੇ ਸੁਆਹ ਮਲੀ ਫਿਰਦੇ ਹਨ (ਇਸੇ ਨੂੰ ਧਰਮ ਸਮਝੀ ਬੈਠੇ ਹਨ) । ਨਿਰਸੰਦੇਹ, ਗੁਰੂ (ਸਹੀ ਆਗੂ) ਤੋਂ ਬਿਨਾਂ ਜਗਤ ਡੁਬ ਰਿਹਾ ਹੈ ।"

ਉਹ ਖੁਦ ਆਪ ਵੀ ਤਾਂ ਸਭ ਜਗਤ ਦੀ ਤੜਪ ਆਪਣੇ ਦਿਲ ਅੰਦਰ ਲਈ ਬੈਠੇ ਸਨ, ਕਿਉਂਕਿ ਸਾਰਾ ਸੰਸਾਰ ਉਹਨਾਂ ਨੂੰ ਆਪਣਾ ਹੋ ਕੇ ਦਿਸਦਾ ਸੀ । ਘਰ ਬਾਹਰ ਤਿਆਗ ਉਹ ਦੇਸ ਪ੍ਰਦੇਸ਼ ਪੈਦਲ ਚਲ ਕੇ ਗਏ ਸਨ । ਜ਼ਾਲਮਾਂ, ਮੁਤਅਸਬ, ਪੁਰਸ਼ਾਂ, ਰਾਖ਼ਸ਼ਾਂ, ਠੱਗਾਂ, ਪੰਡਤਾਂ, ਯੋਗੀਆਂ, ਵਿਦਵਾਨਾਂ, ਸਭ ਨੂੰ ਮਿਲ ਕੇ ਸਹੀ ਰਾਹ ਵਿਖਾਇਆ ਸੀ । ਥਾਂ ਥਾਂ ਬਣੀਆਂ ਗੱਦੀਆਂ ਤੇ ਅੱਡੇ ਉਹਨਾਂ ਢਾਹੇ ਅਤੇ ਭਾਰੀਆਂ ਵਿਰੋਧਤਾਈਆਂ ਦੇ ਟਾਕਰੇ ਕੀਤੇ ਸਨ। ਬਗਦਾਦ ਦੇ ਵਡੇ ਪੀਰ ਨੇ ਉਹਨਾਂ ਨੂੰ ਸੰਗਸਾਰਾ ਕੀਤੇ ਜਾਣ (ਪੱਥਰਾਂ ਨਾਲ ਮਾਰੇ ਜਾਣ) ਦਾ ਫਤਵਾ ਵੀ ਦਿੱਤਾ ਸੀ, ਪਰ ਸਭ ਔਕੜਾਂ ਦੇ ਬਾਵਜੂਦ ਉਹ ਘਰ ਕਿਵੇਂ ਬੈਠ ਸਕਦੇ ਸਨ, ਜਦ ਸਾਰੀ ਦੁਨੀਆਂ ਉਹਨਾਂ ਦਾ ਘਰ ਹੋ ਗਿਆ ਸੀ? ਜਿੰਨਾ ਚਿਰ ਦੁਨੀਆਂ ਵਿਚ ਗ਼ਰੀਬੀ, ਬੀਮਾਰੀ, ਦੁਖ ਜਾਂ ਰਾਜਸੀ ਧੱਕੇ, ਨਸਲੀ ਤੇ ਸਮਾਜਕ ਵਿਤਕਰੇ ਮੌਜੂਦ ਹਨ, ਕੋਈ ਨੇਕ ਤੇ ਸੱਚਾ ਮਨੁੱਖ ਚੈਨ ਨਾਲ ਕਿਵੇਂ ਬੈਠ ਸਕਦਾ ਹੈ ? ਖੈਰ, ਇਕ ਅਮਰੀਕਨ ਮਹਾਂਪੁਰਸ਼ ਹੋਇਆ ਹੈ, ਜਿਸ ਨੂੰ ਸਰਕਾਰੀ ਟੈਕਸਾਂ ਦੇ ਖਿਲਾਫ਼, ਅਵਾਜ਼ ਉਠਾਣ ਦੇ ਕਾਰਨ, ਜੇਲ੍ਹ ਵਿਚ ਸੁਟਿਆ ਗਿਆ ਸੀ । ਉਸਦਾ ਇਕ ਦੋਸਤ ਉਸਨੂੰ ਜੇਹਲ ਵਿਚ ਵੇਖਕੇ ਹੈਰਾਨ ਹੋ ਗਿਆ ਤੇ ਪੁੱਛਣ ਲੱਗਾ, "ਥੋਰੋ ਤੂੰ ਜੇਲ੍ਹ ਵਿਚ ਕਿਉਂ ਹੈ ?" ਥੋਰੋ ਨੇ ਉਤਰ ਦਿੱਤਾ 'ਭਰਾਵਾ' ਤੂੰ ਜੇਹਲੋਂ ਬਾਹਰ ਕਿਉਂ ਹੈ ।"ਥੋਰੋ ਦਾ ਮਤਲਬ ਇਹ ਸੀ ਕਿ ਜ਼ੋਰ ਜ਼ੁਲਮ ਦੀ ਮੌਜੂਦਗੀ ਵਿਚ ਕੋਈ ਨੇਕ ਆਦਮੀ ਚੁਪ ਕਿਵੇਂ ਰਹਿ ਸਕਦਾ ਹੈ ? ਜੋ ਮਨੁੱਖ ਰੱਬ ਦੀ ਹਜ਼ੂਰੀ ਵਿਚ ਰਹਿਣਾ ਚਾਹੁੰਦਾ ਹੈ, ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦਾ ਰੱਬ ਹਰ ਮਨੁੱਖ-ਮਾਤਰ ਦੇ ਅੰਦਰ ਵਸਦਾ ਹੈ। ਉਸ ਲਈ ਫਿਰ ਰੱਬ ਦੀ ਪੂਜਾ ਤੇ ਰੱਬ ਦੀ ਸੇਵਾ, ਮਨੁੱਖ ਮਾਤਰ ਦੀ ਪੂਜਾ ਤੇ ਸੇਵਾ ਹੋ ਜਾਂਦਾ ਹੈ । ਜੋ ਲੋਕ ਮੂੰਹੋਂ ਤਾਂ

ਰੱਬ ਰੱਬ ਕਰੀ ਜਾਂਦੇ ਹਨ ਪਰ ਰੱਬ ਦੇ ਬੰਦਿਆਂ ਦੀ ਸੇਵਾ ਨੂੰ ਜ਼ਰੂਰੀ ਨਹੀਂ ਸਮਝਦੇ ਉਹਨਾਂ ਦੀ ਸਾਰੀ ਸੋਚਣੀ ਹੀ ਗ਼ਲਤ ਹੈ ਤੇ ਉਹਨਾਂ ਦਾ ਰੱਬ ਰੱਬ ਕੂਕਣਾ ਵੀ ਬੇ-ਅਰਥ ਹੈ । ਉਹਨਾਂ ਅੰਦਰ ਅਣਦਿਸਦੇ ਰੱਬ ਦਾ ਪਿਆਰ ਕਿਵੇਂ ਉਤਪੰਨ ਹੋ ਸਕਦਾ ਹੈ ਜੋ ਉਹ ਦਿਸਦੇ ਉਹਦੇ ਬੰਦਿਆਂ ਨੂੰ ਪਿਆਰ ਨਹੀਂ ਕਰਦੇ ? ਜਿਨ੍ਹਾਂ ਬੰਦਿਆਂ ਨੂੰ ਉਹ ਰੋਜ਼ ਵੇਖਦੇ ਹਨ, ਉਹਨਾਂ ਅੰਦਰ ਵਸਦੇ ਰੱਬ ਨੂੰ ਵੀ , ਉਹ ਹਰ ਸਮੇਂ ਵੇਖ ਸਕਦੇ ਹਨ, ਜੇ ਉਹਨਾਂ ਦੀ ਸੁਰਤ ਠੀਕ ਹੋਵੇ ।

ਇਸ ਵਿਚਾਰ ਦਾ ਨਿਚੋੜ ਇਹ ਹੈ ਕਿ ਧਾਰਮਿਕ ਜੀਵਨ ਲਈ ਸੇਵਾ ਜ਼ਰੂਰੀ ਹੈ । ਪਰ ਮੁਖ ਗੱਲ ਹੈ ਧਾਰਮਿਕ ਜੀਵਨ । ਇਹੋ ਕਾਰਨ ਹੈ ਕਿ ਮਹਾਰਾਜ ਸੇਵਾ 'ਤੇ ਏਨਾ ਜ਼ੋਰ ਦੇ ਕੇ ਵੀ ਉਸ ਸੇਵਾ ਦਾ ਕੋਈ ਮੁੱਲ ਨਹੀਂ ਸਮਝਦੇ ਸਨ ਜਿਸ ਦੀ ਬੁਨਿਆਦ ਅੰਦਰੂਨੀ ਧਾਰਮਿਕ ਜੀਵਨ ਨਹੀਂ ਹੁੰਦਾ ਸੀ ਜਾਂ ਜੋ ਉਸ ਜੀਵਨ ਦਾ ਸੂਚਕ ਨਹੀਂ ਹੁੰਦਾ ਸੀ । ਸੇਵਕ ਦੀ ਵਿਆਖਿਆ ਉਹ ਇਉਂ ਕਰਦੇ ਸਨ :

"ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥

(ਵਾਰ ਆਸਾ ਮਹਲਾ ੧) ਅੰਗ ੪੬੬

ਅਰਥਾਤ "ਸੇਵਾ ਸੰਤੋਖੀ ਪੁਰਸ਼ ਹੀ ਕਰ ਸਕਦੇ ਹਨ, ਜਿਨ੍ਹਾਂ ਕੇਵਲ ਸੱਚ ਨੂੰ ਹੀ ਧਿਆਇਆ ਹੁੰਦਾ ਹੈ । ਉਹ ਮੰਦੇ ਕੰਮਾਂ ਵਿਚ ਕਦੇ ਪੈਰ ਨਹੀਂ ਪਾਂਦੇ ਤੇ ਨੇਕ ਕਰਨੀ ਨਾਲ ਹੀ ਧਰਮ ਦੀ ਪਾਲਣਾ ਕਰਦੇ ਹਨ । ਉਨ੍ਹਾਂ ਦੁਨੀਆਂ ਦੀਆਂ ਸਭ ਬੰਧਨਾਂ ਤੋੜ ਸੁਟੀਆਂ ਹਨ । ਉਹਨਾਂ ਦਾ ਖਾਣ ਪੀਣ ਵਿਚ ਵੀ, ਸੰਤੋਖ ਹੀ ਹੈ ।" ਪਰ ਐਸੇ ਲੋਕ ਦਾਖਲੇ ਦੀ ਸੇਵਾ ਦਾ ਕੋਈ ਮੁਲ ਨਹੀਂ ਪਾਂਦੇ । ਗੁਰੂ ਅਮਰਦਾਸ ਜੀ ਕਹਿੰਦੇ ਹਨ ।

"ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥"

(ਸਿਰੀ ਰਾਗ ਮਹਲਾ ੩) ਅੰਗ ੨੮



ਅਰਥਾਤ "ਵੇਖੋ ਵੇਖੀ ਤਾਂ ਸਾਰੇ ਸੇਵਾ ਕਰ ਲੈਂਦੇ ਹਨ, ਪਰ ਮਨਮੁਖਾਂ ਨੂੰ ਅਸਲ ਸੇਵਾ ਦੀ ਸਾਰ ਹੀ ਨਹੀਂ ਹੁੰਦੀ ਕੇਵਲ ਉਨ੍ਹਾਂ ਗੁਰਮੁਖਾਂ ਦੀ ਸੇਵਾ ਸਫਲ ਹੁੰਦੀ ਹੈ ਜਿਨ੍ਹਾਂ ਦਾ ਮਨ ਪਵਿੱਤਰ ਹੈ ।"

ਇਸ ਨੂੰ ਗੁਰੂ ਸਾਹਿਬ ਹੋਰ ਸਪਸ਼ਟ ਕਰਦੇ ਹਨ :

"ਹਉਮੈਂ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥"

(ਵਡਹੰਸ ਮਹਲਾ ੩) ਅੰਗ ੫੬੦

ਹਉਮੈਂ ਅੰਦਰ ਕੀਤੀ ਸੇਵਾ ਕੋਈ ਸੇਵਾ ਨਹੀਂ । ਇਸ ਸੇਵਾ ਨਾਲ ਸਗੋਂ ਮਨ ਕੋਰਾ ਰਹਿੰਦਾ ਹੈ ।"

ਅਰਥਾਤ "ਇਸ ਲਈ ਗੁਰੂ ਅਰਜਨ ਦੇਵ ਜੀ ਸਮਝਾਂਦੇ ਹਨ :

"ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥"

(ਗਉੜੀ ਸੁਖਮਨੀ ਮਹਲਾ ) ਅੰਗ ੨੯੬

ਅਰਥਾਤ "ਜੋ ਪੁਰਸ਼ ਸੇਵਾ ਕਰਦਾ ਨਿਸ਼ਕਾਮ ਹੋ ਜਾਂਦਾ ਹੈ ਉਸਨੂੰ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ।"

ਭਾਵ ਇਹ ਹੈ ਕਿ ਸੇਵਾ ਸਫਲ ਤਾਂ ਹੀ ਹੁੰਦੀ ਹੈ ਅਤੇ ਉਸ ਵਿਚ ਬਰਕਤ ਵੀ ਤਾਂ ਹੀ ਪੈਂਦੀ ਹੈ ਜੇ ਸੇਵਕ ਦਾ ਆਪਣਾ ਜੀਵਨ ਪਵਿੱਤਰ ਤੇ ਨਿਸ਼ਕਾਮ ਹੋਵੇ । ਕੇਵਲ ਪਵਿੱਤਰ ਤੇ ਨਿਸ਼ਕਾਮ ਜੀਵਨ ਵਿਚੋਂ ਸ਼ਕਤੀ ਨਿਕਲਦੀ ਹੈ ਤੇ ਸੇਵਾ ਫਲਦੀ ਹੈ । ਕੀ ਅਸੀਂ ਵੇਖਦੇ ਨਹੀਂ ਹਾਂ ਕਿ ਧਾਰਮਿਕ ਸਭਾਵਾਂ ਤੇ ਪੰਥਕ ਆਸ਼ਰਮ ਅੰਦਰ ਹਜ਼ਾਰਾਂ ਦੀ ਗਿਣਤੀ ਵਿਚ ਸੇਵਕ ਕੰਮ ਕਰਦੇ ਦਿਸਦੇ ਹਨ ਪਰ ਫਿਰ ਵੀ ਨਤੀਜੇ ਉਹ ਨਹੀਂ ਨਿਕਲਦੇ ਜੋ ਨਿਕਲਣੇ ਚਾਹੀਦੇ ਹਨ ? ਸਪਸ਼ੱਟ ਹੈ ਕਿ ਚੌਧਰ ਜਾਂ ਨਿਜੀ ਤੇ ਦੁਨਿਆਵੀ ਲਾਭਾਂ ਲਈ ਕੀਤੀ ਸੇਵਾ ਕੋਈ ਮੁੱਲ ਨਹੀਂ ।

"ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥"

(ਗੂਜਰੀ ਮਹਲਾ ੫) ਅੰਗ ੪੯੫

ਅਰਥਾਤ "ਕਰੋੜਾਂ ਵਿਚ ਅਸਲ ਸੇਵਕ ਕੋਈ ਵਿਰਲਾ ਹੁੰਦਾ ਹੈ ।

ਬਾਕੀ ਸਭ (ਆਪਣੀਆਂ ਗ਼ਰਜ਼ਾਂ) ਦਾ ਸੌਦਾ ਕਰ ਰਹੇ ਹੁੰਦੇ ਹਨ ।

ਸਮਝਣਾ ਸਗੋਂ ਇਹ ਚਾਹੀਦਾ ਹੈ ਕਿ ਸੇਵਾ ਜ਼ਿੰਮੇਵਾਰੀ ਹੈ ਤੇ ਪੰਡ ਚੁਕਣਾ ਹੈ, ਇਹ ਚੌਧਰ ਲਈ ਨਹੀਂ । ਜਿਵੇਂ ਤਕੜਾ ਢੱਗਾ ਹੀ ਮੋਹਰੇ ਕੀਤਾ ਜਾਂਦਾ ਹੈ ਤਿਵੇਂ ਅੰਦਰੂਨੀ ਧਾਰਮਿਕ ਸ਼ਕਤੀ ਵਾਲੇ ਹੀ ਸੇਵਾ ਦਾ ਅਸਲ ਮਨੋਰਥ ਪੂਰਾ ਕਰਦੇ ਹਨ ।

ਦਸਮੇਸ਼ ਜੀ ਨੇ ਇਕ ਵਾਰ ਜਲ ਦਾ ਗੜਵਾ ਮੰਗਵਾ ਕੇ ਉਸ ਵਿਚ ਪੱਥਰ, ਢੀਮ ਤੇ ਪਤਾਸੇ ਪਾਏ । ਉਹਨਾਂ ਦਾ ਅਸਲ ਭਾਵ ਅਸਲੀ ਤੇ ਨਕਲੀ ਸੇਵਕਾਂ ਵਿਚ ਫ਼ਰਕ ਵਖਾਣਾ ਸੀ । ਉਹ ਦੱਸਣਾ ਚਾਹੁੰਦੇ ਸਨ ਕਿ ਅਸਲ ਸੇਵਕ ਉਹ ਹੈ ਜੋ ਪਤਾਸਿਆਂ ਵਾਂਙ ਆਪਣੇ ਆਪ ਨੂੰ ਸੇਵਾ ਵਿਚ ਖ਼ਤਮ ਕਰ ਦਿੰਦਾ ਹੈ । ਸਕਾਮੀ ਸੇਵਾਕ ਮਿੱਟੀ ਵਾਂਗ ਹੁੰਦਾ ਹੈ, ਜੋ ਵੱਖਰਾ ਵੀ ਹੈ ਤੇ ਵਿਚ ਵੀ ਹੈ । ਉਸ ਦਾ ਮਨ ਦੁਚਿਤਾ ਹੈ, ਇਸ ਲਈ ਇਹ ਸਫਲ ਸੇਵਾ ਨਹੀਂ । ਇਕ ਸੇਵਕ ਵਿਖਾਵੇ ਜਾਂ ਨਿਰੀਆਂ ਨਿੱਜੀ ਗਰਜ਼ਾ ਵਾਲੇ ਵੀ ਹੁੰਦੇ ਹਨ ਜੋ ਪੱਥਰ ਵਾਂਗ ਅਭਿਜ ਰਹਿੰਦੇ ਹਨ ।

ਆਰੰਭ ਦੇ ਸ਼ਬਦ ਵਿਚ ਮਹਾਰਾਜ ਗੁਰੂ ਅਰਜਨ ਦੇਵ ਜਿਸ ਆਦਰਸ਼ਕ ਸੇਵਕ ਦਾ ਜ਼ਿਕਰ ਕਰ ਰਹੇ ਹਨ ਉਹ ਸੇਵਕ ਇਸ ਲਈ ਆਦਰਸ਼ਕ ਹੈ ਕਿ ਉਹ ਨਾਂ ਰਸੀਆ ਭਗਤ ਵੀ ਹੈ ਤੇ ਗਿਆਨੀ ਵੀ ਹੈ । ਉਸ ਨੇ ਖਸਮ ਨੂੰ ਪਛਾਤਾ ਹੈ ਤੇ ਉਸ ਖਸਮ ਦੀ ਆਗਿਆ ਵਿਚ ਹੀ ਉਹ ਰਹਿੰਦਾ ਹੈ । ਇਸ ਲਈ ਹੀ ਐਸੇ ਸੇਵਕ ਦੀ ਇਕ ਨਿਸ਼ਾਨੀ ਇਹ ਹੈ:

"ਪ੍ਰਭ ਕਾ ਸੇਵਕੁ ਨਾਮ ਕੇ ਰੰਗਿ ॥

(ਗਉੜੀ ਮਹਲਾ ੫) ਅੰਗ ੨੮੫

ਅਰਥਾਤ "ਵਾਹਿਗੁਰੂ ਦਾ ਸੇਵਕ ਉਹ ਜੋ ਨਾਮ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ ।"

ਹੋਰ : "ਅਪਨੇ ਸੇਵਕ ਕਉ ਨਾਮੁ ਜਪਾਈ ॥"

(ਗਉੜੀ ਮਹਲਾ ੫) ਅੰਗ ੨੮੫

ਅਰਥਾਤ "ਜਪਣ ਕਰਾਉਂਦਾ ਹੈ ਦਾ ਭਾਵ ਇਹੋ ਹੈ ਕਿ ਸੇਵਕ ਨੂੰ ਜਪਣ ਕਰਣ ਦੀ ਰੀਝ ਹੋ ਗਈ ਹੋਈ ਹੈ "ਵਾਹਿਗੁਰੂ ਆਪਣੇ ਸੇਵਕਾਂ ਤੋਂ



ਨਾਮ ਜਪਣ ਕਰਵਾਂਦਾ ਹੈ ।"

ਉਸ ਦੀ ਦੂਜੀ ਨਿਸ਼ਾਨੀ ਇਹ ਹੈ ਕਿ ਉਹ ਗਿਆਨਵਾਨ ਹੈ ਜਿਸ ਨੂੰ ਨਾਮ ਦਾ ਸਹੀ ਜਪਣਾ ਆਉਂਦਾ ਹੈ ।

"ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥

(ਗਉੜੀ ਮਹਲਾ ੫) ਅੰਗ ੨੭੩

ਅਰਥਾਤ "ਜਿਸ ਸੇਵਕ ਨੇ ਬ੍ਰਹਮ ਨੂੰ ਪਛਾਣਿਆ ਹੈ ਉਸ ਦਾ ਭੋਜਨ ਗਿਆਨ ਹੈ ।"

ਉਹ ਸੰਤ, ਸੇਵਕ, ਸਿਪਾਹੀ ਤੇ ਬ੍ਰਹਮ ਗਿਆਨੀ ਇਕੋ ਵੇਲੇ ਹੈ। ਉਸ ਨੇ ਪਹਿਲਾਂ ਬ੍ਰਹਮ ਨੂੰ ਪਛਾਣਿਆ ਹੈ ਫਿਰ ਉਸਨੂੰ ਆਪਣੇ ਅੰਦਰ ਸਹੀ ਤੇ ਪ੍ਰਗਟ ਕੀਤਾ ਤੇ ਪਿੱਛੋਂ ਸੇਵਕ ਹੋ ਕੇ ਦੂਜਿਆਂ ਨੂੰ ਰਾਹ ਵਿਖਾਇਆ ਹੈ। ਰੂਹਾਨੀ ਜ਼ਿੰਦਗੀ ਦੀ ਮਸ਼ਕ ਕਰਕੇ ਪਹਿਲਾਂ ਉਸ ਨੇ ਆਪਣੀ ਅੰਦਰੂਨੀ ਸ਼ਕਤੀ ਵਧਾਈ ਹੈ । ਅਜਿਹੇ ਗਿਅਨੀ ਸੇਵਕ ਦੀ ਵਿਆਖਿਆ ਗੁਰੂ ਨਾਨਕ ਦੇਵ ਇਉਂ ਕਰਦੇ ਹਨ :

"ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥
ਆਪੁ ਪਛਾਣੈ ਬੂਝੈ ਸੋਇ ॥
ਗੁਰ ਪਰਸਾਦਿ ਕਰੇ ਬੀਚਾਰੁ ॥
ਸੋ ਗਿਆਨੀ ਦਰਗਹ ਪਰਵਾਣੁ ॥

(ਸਿਰੀ ਰਾਗੁ ਮਹਲਾ ੧) ਅੰਗ ੨੫

ਅਰਥਾਤ "ਨਾਨਕ ਪੁੱਛਦਾ ਹੈ, "ਗਿਆਨੀ ਕੌਣ ਹੈ ?" ਉੱਤਰ ਇਹ ਹੈ ) "ਜੋ ਆਪੇ ਨੂੰ ਪਛਾਣਦਾ ਹੈ ਤੇ ਇਸ ਤਰ੍ਹਾਂ ਵਾਹਿਗੁਰੂ ਨੂੰ ਪਛਾਣ ਲੈਂਦਾ ਹੈ । ਜੋ ਪੁਰਸ਼ ਗੁਰੂ ਦੀ ਕਿਰਪਾ ਨਾਲ ਗੁਰੂ ਦੀ ਸਿੱਖਿਆ ਦਾ ਧਾਰਨੀ ਹੈ, ਉਹੋ ਗਿਆਨੀ ਹੈ ਓਹੋ ਵਾਹਿਗੁਰੂ ਦੀ ਦਰਗਾਹ ਵਿਚ ਪਰਵਾਨ ਚੜ੍ਹਦਾ ਹੈ ।"

"ਗੁਰੂ ਦੀ ਕ੍ਰਿਪਾ ਨਾਲ" ਦਾ ਭਾਵ ਇਹ ਹੈ ਕਿ ਉਹ ਗੁਰੂ ਦੀ ਸਿਖਿਆ ਦਾ ਆਪ ਧਾਰਨੀ ਹੋ ਗਿਆ ਹੋਇਆ ਹੈ ।

ਕੁਝ ਧਰਮ ਫ਼ਿਲਾਸਫ਼ੀਆਂ ਨੇ ਕਰਮਾਂ 'ਤੇ ਜ਼ੋਰ ਦਿੱਤਾ ਹੈ ਤੇ ਕੁਝ ਨੇ ਭਗਤੀ ਹੀ ਪਰਰਧਾਨ ਸਮਝੀ ਹੈ—ਤੇ ਕੁਝ ਹੋਰਨਾਂ ਨੇ ਗਿਆਨ ਨੂੰ ਹੀ ਸਭ ਕੁਝ ਸਮਝ ਲਿਆ ਹੈ। ਭਾਵ ਇਹ ਹੈ ਕਿ ਕਰਮ, ਭਗਤੀ ਤੇ ਗਿਆਨ ਇਹ ਤਿੰਨੇ ਪਰਮਾਰਥ ਦੇ ਅੱਡ ਅੱਡ ਰਾਹ ਮਿਥੇ ਗਏ ਹਨ। ਪਰ ਗੁਰਮਤਿ ਅਨੁਸਾਰ ਇਹ ਤਿੰਨੇ ਇਕੱਠੇ ਹੀ ਜਾਂਦੇ ਹਨ। ਕਰਮ, ਭਗਤੀ ਤੇ ਗਿਆਨ, ਤਿੰਨੇ ਇਕ ਦੂਜੇ ਦੇ ਸਹਾਇਕ ਹੋਣੇ ਚਾਹੀਦੇ ਹਨ—ਤੇ ਇਨ੍ਹਾਂ ਵਿਚੋਂ ਕਿਸੇ ਵਿਚ ਵੀ ਥੁੜ੍ਹ ਸਾਰੀ ਸ਼ਖ਼ਸੀਅਤ ਨੂੰ ਅਧੂਰਾ ਕਰਕੇ ਰੱਖ ਦਿੰਦੀ ਹੈਤੇ ਤਰੱਕੀ ਰੋਕ ਦਿੰਦੀ ਹੈ। ਏਥੇ ਸਵੇਕ ਉਹ ਹੈ ਜੋ ਭਗਤ ਹੈ ਅਤੇ ਬ੍ਰਹਮ ਗਿਆਨੀ ਵੀ ਹੈ। ਉਸ ਦੀ ਸ਼ਖ਼ਸੀਅਤ ਵਿਚ ਐਸੀ ਸਭ ਪਾਸੀਂ ਪੂਰਨਤਾ ਆ ਗਈ ਹੈ ਕਿ ਇਸ ਵਿਚ ਕੋਈ ਕਸਰ ਨਹੀਂ ਰਹਿ ਗਈ :

"ਪ੍ਰਭ ਕੇ ਸੇਵਕ ਊਚ ਤੇ ਊਚੇ ॥"

(ਗਉੜੀ ਮਹਲਾ ੫) ਅੰਗ ੨੮੫

ਅਰਥਾਤ "ਰੱਬ ਦਾ ਸੇਵਕ ਉਚੇ ਤੋਂ ਉੱਚਾ ਹੈ।"

ਇਹ ਸੇਵਕ ਹਰ ਤਰ੍ਹਾਂ ਨਿਪੁੰਨ ਹੈ। ਇਸੇ ਲਈ ਹੀ ਗੁਰੂ ਸਾਹਿਬ ਵੀ ਜਿਥੇ ਕਿਸੇ ਸੇਵਕ ਵਿਚ ਕੋਈ ਘਾਟਾ ਵੇਖਦੇ ਸਨ ਉਸ ਨੂੰ ਪੂਰਾ ਕਰਨ ਦਾ ਰਾਹ ਵਿਖਾਲਦੇ ਸਨ। ਮਾਧੋ ਦਾਸ ਇਕ ਬੈਰਾਗੀ ਭਗਤ ਸੀ। ਪਰ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਤਲਵਾਰ ਦੇ ਕੇ ਸੇਵਾ ਦੇ ਮੈਦਾਨ ਭੇਜ ਦਿੱਤਾ। ਦੂਜੇ ਪਾਸੇ ਇਕ ਸੈਦ ਖਾਂ ਤਲਵਾਰ ਦਾ ਧਨੀ ਸੀ ਪਰ ਉਸ ਦੇ ਹੱਥ ਮਾਲਾ ਵੀ ਫੜਾ ਦਿੱਤੀ ਗਈ। ਇਸ ਦਾ ਇਹ ਭਾਵ ਨਹੀਂ ਕਿ ਸਿੱਖ ਗੁਰੂ ਸਾਹਿਬਾਨ ਦੀ ਨਜ਼ਰਾਂ ਵਿਚ ਕਰਮ, ਭਗਤੀ ਅਤੇ ਗਿਆਨ ਇਕੱਲੇ ਇਕੱਲੇ ਬੇਅਰਥ ਹੋ ਜਾਂਦੇ ਹਨ ਸਨ। ਗਿਆਨ ਦੀ ਮਹਾਨਤਾ ਸਗੋਂ ਉਹ ਇਉਂ ਦੱਸਦੇ ਸਨ :

**"ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥"**

**(ਵਾਰ ਆਸਾ ਮਹਲਾ ੧) ਅੰਗ ੪੬੫**

ਅਰਥਾਤ "ਹੇ ਨਾਨਕ, ਗਿਆਨ ਤੋਂ ਸੱਖਣੀ ਦੁਨੀਆਂ ਲੁੱਟੀ ਜਾ ਰਹੀ ਹੈ। ਜਮ੍ਹਾਂ ਦਾ ਡਰ ਇਸ ਨੂੰ ਖਾ ਰਿਹਾ ਹੈ।"



ਹੋਰ : "ਦੀਪਕੁ ਸਹਜਿ ਬਲੈ ਤਤਿ ਜਲਾਇਆ ॥"

(ਤੁਖਾਰੀ ਮਹਲਾ ੧) ਅੰਗ ੪੬੫

ਅਰਥਾਤ "ਜੀਵਨ ਰੂਪੀ ਦੀਵਾ ਠੀਕ ਤਰ੍ਹਾਂ ਤਾਂ ਬਲਦਾ ਹੈ ਜੇ ਗਿਆਨ ਦੀ ਤੀਲੀ ਨਾਲ ਬਾਲਿਆ ਜਾਏ।"

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :

"ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥" (ਟੋਡੀ ਮਹਲਾ ੫)

ਅੰਗ ੭੧੨

ਅਰਥਾਤ "ਵਿਚਾਰਹੀਣ ਮਨੁੱਖ ਜਗਤ ਵਿਚ ਬਿਰਥਾ ਆਇਆ ਹੈ ॥"

ਗੁਰੂ ਅਮਰਦਾਸ ਜੀ ਦੇ ਇਹ ਬਚਨ ਵੀ ਸੁਣੋ :

"ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥

(ਸਿਰੀ ਰਾਗ ਮਹਲਾ ੩) ਅੰਗ ੨੮

ਅਰਥਾਤ "ਉਸ ਸੇਵਕ ਦੀ ਕੋਈ ਰੀਸ ਨਹੀਂ ਜਿਸ ਨੂੰ ਬਿਬੇਕ ਵਿਚਾਰ ਹੈ।"

ਤੇ ਗੁਰੂ ਅੰਗਦ ਦੇਵ ਇਉਂ ਬੋਲਦੇ ਹਨ :

"ਅਕਲੀ ਸਾਹਿਬੁ ਸੇਵੀਐ ...॥" ਅੰਗ ੧੨੪੫

ਅਰਥਾਤ "ਸਾਹਿਬ ਦੀ ਸੇਵਾ ਅਕਲ ਨਾਲ ਹੁੰਦੀ ਹੈ।"

ਗੁਰੂ ਨਾਨਕ ਜੀ ਦੀ ਉਤਲੀ ਤੁਕ ਦੀ ਅਗਲੀ ਸਤਰ ਵਿਚ ਦੱਸਿਆ ਗਿਆ ਹੈ ਕਿ ਜੀਵਨ ਦੀਵੇ ਲਈ ਭਾਵੇਂ ਪ੍ਰੇਮ ਦਾ ਤੇਲ (ਦੀਪਕ ਰਸ ਤੇਲੋ) ਹੋਣਾ ਚਾਹੀਦਾ ਹੈ, ਪਰ ਗਿਆਨ ਦੀ ਤੀਲੀ ਇਸ ਤੋਂ ਵੀ ਪਹਿਲਾਂ ਚਾਹੀਦੀ ਹੈ; ਕਿਉਂਕਿ ਇਸ ਤੋਂ ਬਿਨਾਂ ਤਾਂ ਦੀਵਾ ਜਗ ਹੀ ਨਹੀ ਸਕਦਾ। ਗੁਰੂ ਸਾਹਿਬਾਨ ਨੂੰ ਗਿਆਨ, ਬਿਬੇਕ ਤੇ ਵਿਚਾਰ ਆਦਿਕ ਦੀ ਬੜੀ ਕਦਰ ਸੀ। ਇਸੇ ਲਈ ਦਸਮ ਪਾਤਸ਼ਾਹ ਦੇ ਆਪਣੇ ਦਰਬਾਰ ਵਿਚ ਅਰਬੀ, ਹਿੰਦੀ, ਫਾਰਸੀ ਤੇ ਸੰਸਕ੍ਰਿਤ ਦੇ ਵਿਦਵਾਨ ਕਵੀ ਮੌਜੂਦ ਸਨ। ਸੰਸਕ੍ਰਿਤ ਦੀ ਵਿਦਿਆ ਪ੍ਰਾਪਤ ਕਰਨ ਲਈ ਉਹਨਾ ਨਿਰਮਲੇ ਤਿਆਰ ਕੀਤੇ ਸਨ ਤੇ ਉਹ ਆਪ ਵੀ ਸੰਸਕ੍ਰਿਤ, ਅਰਬੀ ਤੇ ਫਾਰਸੀ ਦੇ ਮਾਹਿਰ ਸਨ। ਦਮਦਮੇ

ਸਾਹਿਬ ਨੂੰ ਖੋਜ ਤੇ ਉੱਚੀ ਤਾਲੀਮ ਦਾ ਕੇਂਦਰ ਬਣਾ ਦਿਤਾ ਗਿਆ ਹੈ । ਉਹ ਸਮਝਦੇ ਸਨ ਕਿ ਗਿਆਨ ਤੋਂ ਬਿਨਾਂ, ਆਤਮਕਿ ਜੀਵਨ ਦੀ ਭਾਲ ਨਿਰੇ ਹਨੇਰੇ ਵਿਚ ਟੱਕਰਾਂ ਮਾਰਨਾ ਹੈ ; ਪਰ ਇਸ ਤੋਂ ਇਹ ਵੀ ਨਾ ਸਮਝ ਲਿਆ ਜਾਏ ਕਿ ਆਮ ਸੰਸਾਰੀ ਜੀਵਨ ਲਈ ਵਿਚਾਰ ਦੀ ਤੀਲੀ ਦੀ ਲੋੜ ਨਹੀਂ । ਸਗੋਂ ਸੱਚ ਇਹ ਹੈ ਕਿ ਚਾਹੇ ਇਕੱਲੇ ਇਕੱਲੇ ਮਨੁੱਖੀ ਜੀਵਨ ਲਈ ਤੇ ਚਾਹੇ ਕੌਮੀ ਜ਼ਿੰਦਗੀ ਲਈ ਗਿਆਨ, ਵਿਚਾਰ, ਦਲੀਲ ਤੇ ਨਿਰਣਾ ਸਕਤੀ ਦਾ ਨਾ ਹੋਣਾ ਜਾਂ ਘੱਟ ਹੋਣਾ ਭਾਰਾ ਘਾਟਾ ਹੁੰਦਾ ਹੈ ।

ਫ਼ਿਲਾਸਫ਼ਰ ਸਪਾਈਨੋਜ਼ਾ ਕਹਿੰਦੇ ਹਨ, “Only knowledge is power and freedom and the only permanent happiness.”

ਅਰਥਾਤ “ਕੇਵਲ ਗਿਆਨ ਹੀ ਸ਼ਕਤੀ ਤੇ ਆਜ਼ਾਦੀ ਹੈ ਅਤੇ ਸਦਾ ਕਾਇਮ ਰਹਿਣ ਵਾਲਾ ਸੁਖ ਹੈ ।”

ਯੂਨਾਨੀ ਕਹਾਵਤ ਹੈ, "Life is the gift of nature but beautiful living is the gift of wisdom.”

ਭਾਵੇਂ ਜੀਵਨ ਕੁਦਰਤ ਦੀ ਦਾਤ ਹੈ ਪਰ ਖੂਬਸੂਰਤ ਜੀਵਨ ਸਹੀ ਸੂਝ ਬੂਝ ਤੋਂ ਉਪਜਦਾ ਹੈ ।

ਅਰਿਸਟਾਟਲ (Aristole) ਇਸ ਤਰ੍ਹਾਂ ਬੋਲਦੇ ਹਨ, “Man differs from other beings in his power of thought. It is by this that he rules all other forms of life. And as the growth of this faculty has given him his supremacy. So we may presume its development will give him fulfilment and happiness. So the chief condition of happiness is the life of reason.”

ਅਰਥਾਤ “ਮਨੁੱਖ ਆਪਣੀ ਵਿਚਾਰ-ਸ਼ਕਤੀ ਦੇ ਕਾਰਨ ਹੋਰ ਜੀਵਾਂ ਤੋਂ ਸ੍ਰੇਸ਼ਟ ਹੈ ਤੇ ਏਸੇ ਲਈ ਉਹ ਉਹਨਾਂ ’ਤੇ ਰਾਜ ਵੀ ਕਰਦਾ ਹੈ । ਜਿਵੇਂ ਇਸ ਸ਼ਕਤੀ ਦਾ ਵਾਧਾ ਹੋ ਕੇ ਉਸ ਨੰ ਸਰਦਾਰੀ ਮਿਲੀ ਹੈ ਤਿਵੇਂ ਇਹ



ਸਮਝਿਆ ਜਾ ਸਕਦਾ ਹੈ ਕਿ ਇਸ ਸ਼ਕਤੀ ਦੀ ਹੋਰ ਉੱਨਤੀ ਨਾਲ ਉਸ ਨੂੰ ਪੂਰਨਤਾ ਤੇ ਸੁਖ ਪ੍ਰਾਪਤ ਹੋ ਜਾਣਗੇ । ਸੋ, ਸੁਖ ਪ੍ਰਾਪਤੀ ਦੀ ਵੱਡੀ ਸ਼ਰਤ ਦਲੀਲ ਭਰਪੂਰ ਜੀਵਨ ਹੈ ।”

ਪਰ ਇਹ ਭੁੱਲਣਾ ਨਹੀਂ ਚਾਹੀਦਾ ਕਿ ਨਿਰੇ ਦਿਮਾਗ਼ ਜਾਂ ਨਿਰੀ ਨਿਰਨਾ ਸ਼ਕਤੀ ਦੀ ਬਹੁਲਤਾ ਜੋ ਅੰਦਰੂਨੀ ਆਤਮਕ ਜੀਵਨ ਦੀ ਬੁਨਿਆਦ ਤੇ ਖੜ੍ਹੀ ਨਹੀਂ, ਲਾਹਨਤ ਵੀ ਸਾਬਤ ਹੋ ਸਕਦੀ ਹੈ । ਜੀਵਨ ਨੂੰ ਸੁਖਦਾਈ ਕਰਨ ਦੀ ਥਾਂ ਇਸ ਵਿਚ ਰੁੱਖਾ-ਪਨ ਅਤੇ ਦਿਮਾਗ਼ੀ ਹੇਰਾ-ਫੇਰੀਆਂ ਵਿਚ ਸੁਖੀ ਜੀਵਨ ਦੀ ਪ੍ਰਾਪਤੀ ਨਹੀਂ ਹੁੰਦੀ । ਕੀ ਸਾਇੰਸ ਨੇ ਜੀਵਨ ਦੇ ਅਸਲ ਮਨੋਰਥਾਂ ਤੋਂ ਪਰੇ ਜਾ ਕੇ ਨਿਰੀ ਮਾਦਾ ਪ੍ਰਸਤੀ ਨਹੀਂ ਵਧਾਈ ? ਜੇ ਇਸ ਨੇ ਮਾਦੀ ਪਦਾਰਥਾਂ ਨੂੰ ਹੀ ਆਪਣੀ ਭਾਲ ਦਾ ਨਿਸ਼ਾਨਾ ਬਣਾ ਛੱਡਿਆ ਹੈ ਤਾਂ ਇਸ ਦਾ ਸਿੱਟਾ ਕੀ ਨਿਕਲਿਆ ?

ਗੁਰੂ ਅਰਜਨ ਦੇਵ ਇਸ ਦਾ ਉੱਤਰ ਇਉਂ ਦਿੰਦੇ ਹਨ :

**“ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥”**

(ਵਾਰ ਮਾਝਾ ਮਹਲਾ ੫) ਅੰਗ ੧੪੦

ਅਰਥਾਤ “ਉਸ ਪੜ੍ਹੇ ਹੋਏ ਨੂੰ ਮੂਰਖ ਸਮਝਣਾ ਚਾਹੀਦਾ ਹੈ ਜਿਸ ਅੰਦਰ ਲਬ ਲੋਭ ਤੇ ਹੰਕਾਰ ਹੁੰਦੇ ਹਨ ।”

ਅਤੇ ਗੁਰੂ ਨਾਨਕ ਜੀ ਅਜੇਹੇ ਪੜ੍ਹਨ ਪੜ੍ਹਾਨ ਦਾ ਨਾ ਸਿਰਫ਼ ਕੋਈ ਲਾਭ ਨਹੀਂ ਸਮਝਦੇ ਸਗੋਂ ਇਸ ਨੂੰ ਹਾਨੀਕਾਰਕ ਮਿਥਦੇ ਹਨ ।

“ਲਿਖਿ ਲਿਖਿ ਪੜਿਆ ਤੇਤਾ ਕੜਿਆ ॥”

(ਆਸਾ ਮਹਲਾ ੧) ਅੰਗ ੪੬੭

ਅਰਥਾਤ “ਜਿੰਨਾ ਬਹੁਤ ਕੋਈ ਪੜ੍ਹਿਆ ਉਤਨਾ ਬਹੁਤਾ ਉਹ ਈਰਖਾ ਵਿਚ ਸੜਦਾ ਰਿਹਾ ਹੋਵੇ (ਤਾਂ ਉਸ ਦਾ ਕੀ ਮੁਲ ਪਿਆ) ਹੈ ।”

ਇਸ ਲਈ ਨਾ ਕੇਵਲ ਵਿਚਾਰ ਸਹੀ ਹੋਣ ਸਗੋਂ ਉਹਨਾਂ ਦੀ ਰੋਸ਼ਨੀ ਵਿਚ ਜੀਵਨ ਬਣਾਇਆ ਜਾਏ, ਤਾਂ ਹੀ ਬੁੱਧੀ ਨਿਰਮਲ ਕਹੀ ਜਾ ਸਕਦੀ ਹੈ। ਇਸ ਤੋਂ ਬਿਨਾਂ ਮਨੁਖ ਦਾ ਧਰਮ ਵੀ ਨਿਰਾ ਅੰਧ-ਵਿਸ਼ਵਾਸ, ਪਾਗਲਪਨ ਤੇ ਕੋਝਾ ਜਜ਼ਬਾ ਹੋ ਕੇ ਰਹਿ ਜਾਂਦਾ ਹੈ । ਬੇਸਮਝੀ ਤੇ ਜਹਾਲਤ ਨੇ ਦੁਨੀਆਂ ਵਿਚ

ਅੰਧ-ਵਿਸ਼ਵਾਸ ਪੈਦਾ ਕਰਕੇ ਓਨੀ ਹੀ ਤਬਾਹੀ ਲੈ ਆਂਦੀ ਹੈ ਜਿੰਨੀ ਬੁਰੇ ਆਦਮੀਆਂ ਆਂਦੀ ਹੈ । ਧਰਮ ਦੇ ਨਾਮ ਪਰ ਕੀ ਕੀ ਉੱਪਦਰ ਨਹੀਂ ਹੋਏ? ਅੰਨ੍ਹੇ ਸ਼ਰਧਾਲੂਆਂ ਤੇ ਧਰਮ ਦੇ ਠੇਕੇਦਾਰਾਂ ਨੇ ਉਹ ਉਹ ਜ਼ੁਲਮ ਕੀਤੇ ਹਨ ਜੋ ਬਿਆਨ ਕਰਦਿਆਂ ਕੰਬ ਉਠੀਦਾ ਹੈ । ਸਾਡੇ ਆਪਣੇ ਦੇਸ਼ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਦੇ ਰਿਹਾ ਹੈ ਕਿ ਕਿਸੇ ਸਮੇਂ ਇਸਲਾਮ ਦੇ ਨਾਮ ਪਰ ਰੱਬ ਦੇ ਬੰਦਿਆਂ ਨਾਲ ਕੁੱਤਿਆਂ ਤੋਂ ਵੀ ਵੱਧ ਭੈੜਾ ਸਲੂਕ ਕੀਤਾ ਰਿਹਾ ਸੀ। ਔਰੰਗਜ਼ੇਬ ਵਰਗੇ ਜ਼ਾਲਮਾਂ ਨੇ ਧਰਮ ਦੇ ਨਾਮ 'ਤੇ ਹੀ ਮਜ਼ਲੂਮਾਂ ਦੇ ਖ਼ੂਨ ਵਿਚ ਨਹਾ ਕੇ ਫ਼ਖ਼ਰ ਮਹਿਸੂਸ ਕੀਤਾ ਸੀ । ਈਸਾਈਆਂ ਵਿਚ ਇਕ ਫਿਰਕੇ ਦੇ ਲੋਕ ਦੂਜਿਆਂ ਨੂੰ ਜ਼ਿੰਦਾ ਸਾੜ ਕੇ ਧਰਮ ਦੀ ਸੇਵਾ ਸਮਝਣ ਲੱਗ ਪਏ ਸਨ। ਇਕੋ ਰੱਬ ਦੇ ਮੰਨਣ ਵਾਲੇ ਇਕ ਦੂਜੇ ਦੀ ਜਾਨ ਦੇ ਤਿਹਾਏ ਬਣ ਗਏ ਤੇ ਆਪੋ ਵਿਚ ਲੜਦੇ ਰਹੇ । ਈਸਾਈਆਂ ਵੱਲੋਂ ਯਹੂਦੀਆਂ 'ਤੇ ਕੀਤੇ ਜ਼ੁਲਮਾਂ ਦੀ ਕਹਾਣੀ ਬੜੀ ਲੰਮੀ ਤੇ ਦੁਖ ਭਰੀ ਹੈ ।ਇਹ ਉਸ ਬੇਸਮਝੀ ਦੇ ਕ੍ਰਿਸ਼ਮੇ ਹਨ ਜੋ ਗ਼ਲਤ ਕਿਸਮ ਦੀ ਸ਼ਰਧਾ ਉਤਪੰਨ ਕਰਕੇ ਕਈ ਅਖੌਤੀ ਧਰਮੀਆਂ ਨੂੰ ਵੀ ਗੁਮਰਾਹ ਕਰ ਦਿੰਦੀ ਹੈ । ਸੱਚ,

"ਮਤਿ ਥੋੜੀ ਸੇਵ ਗਵਾਈਐ ॥"

(ਵਾਰ ਆਸਾ ਮਹਲਾ ੧) ਅੰਗ ੪੬੮

ਅਰਥਾਤ "ਥੋੜੀ ਅਕਲ ਦੇ ਕਾਰਨ ਕੀਤੀ ਕਰਾਈ ਸੇਵਾ ਨਸ਼ਟ ਹੋ ਜਾਂਦੀ ਹੈ ।"

ਸੁਕਰਾਤ ਨੇ ਠੀਕ ਕਿਹਾ ਸੀ :

perhaps all sin is error partial vision, foolishness."

ਅਰਥਾਤ "ਪਾਪ ਸ਼ਾਇਦ ਹੈ ਹੀ ਭੁੱਲ, ਆਪ ਨਜ਼ਰ ਤੇ ਮਰੂਖਤਾ।"

ਸੋ, ਜਿਥੇ ਸਹੀ ਅਕਲ, ਵਿਚਾਰ ਤੇ ਦਲੀਲ ਧਰਮ ਦੇ ਵਾਧੇ ਲਈ ਜ਼ਰਰੀ ਹਨ ਉਥੇ ਠੀਕ ਨਿਸ਼ਚਾ, ਸ਼ਰਧਾ ਤੇ ਭਗਤੀ ਭਾਵਨਾ ਵੀ ਓਨੇ ਹੀ ਜ਼ਰੂਰੀ ਹਨ । ਦਿਲ ਤੇ ਦਿਮਾਗ਼ ਦੋਵੇਂ ਸਾਬਤ ਹੋਣੇ ਚਾਹੀਦੇ ਹਨ ।



ਪੈਸਕਲ (Pascal) ਨੇ ਦਿਲ ਨੂੰ ਦਿਮਾਗ਼ ਤੋਂ ਵੀ ਵੱਧ ਗੁਣਕਾਰੀ ਆਖਿਆ ਸੀ :

"The heart has reasons of its own, which the head can never understand."

ਅਰਥਾਤ "ਦਿਲ ਦੀਆਂ ਆਪਣੀਆਂ ਦਲੀਲਾਂ ਹਨ ਜਿਨ੍ਹਾ ਨੂੰ ਨਿਰਾ ਦਿਮਾਗ਼ ਹੀ ਸਮਝ ਨਹੀਂ ਸਕਦਾ ।"

ਕੈਂਟ ਦੀ ਤਾਂ ਸਾਰੀ ਫ਼ਿਲਾਸਫ਼ੀ ਹੀ ਨਿਸ਼ਚੇ 'ਤੇ ਖੜ੍ਹੀ ਕੀਤੀ ਗਈ ਸੀ, ਦਲੀਲ 'ਤੇ ਨਹੀਂ । ਉਸ ਨੇ ਸਾਬਤ ਕੀਤਾ ਸੀ ਕਿ ਨਿਰੀ ਦਲੀਲ ਨਾਲ ਦੋ ਪ੍ਰਸਪਰ ਵਿਰੋਧੀ ਖ਼ਿਆਲਾਂ ਨੂੰ ਲੈ ਕੇ ਦੋਵੇਂ ਹੀ ਠੀਕ ਸਿਧ ਕੀਤੇ ਜਾ ਸਕਦੇ ਹਨ ; ਕਿਉਂਕਿ ਨਿਰੀ ਦਲੀਲ ਆਪਣੇ ਆਪ ਵਿਚ ਹੀ ਨਾਕਸ ਹੈ । ਦੱਸੋ ਆਤਮਾ ਦਾ ਅਮਰ ਹੋਣਾ ਜਾਂ ਪ੍ਰਮਾਤਮਾ ਦੀ ਸਦੀਵੀ ਹੋਂਦ, ਨਿਰੀ ਦਲੀਲ ਨਾਲ ਕਿਸ ਤਰ੍ਹਾਂ ਸਿਧ ਕੀਤੀ ਜਾ ਸਕਦੀ ਹੈ? ਇਹੋ ਅੜੰਗੜੀ ਸਪੈਨਸਰ (Spenser) ਨੇ ਇਉਂ ਪਾਈ ਸੀ :

"If God made the world who made God ? Every theory of the origin of Universe drives us into inconceivabilities. We cannot conceive of anything beginningless or uncaused. The cause of these obscurities in the relativity of all knowledge. Thinking being relating, no thought can express more than relation. Actuality is thus unknowable."

ਇਨ੍ਹਾਂ ਸਤਰਾਂ ਦਾ ਭਾਵ ਇਹ ਹੈ ਕਿ ਕਈ ਪਰਾਭੌਤਿਕ (Metaphysical) ਮਸਲਿਆਂ ਦਾ ਵਿਚਾਰ ਗੋਰਖ ਧੰਦਾ ਬਣ ਜਾਂਦਾ ਹੈ ਤੇ ਓਥੇ ਜਾ ਡੇਗਦਾ ਹੈ ਜਿਥੇ ਇਨਸਾਨੀ ਸਮਝ ਕੰਮ ਨਹੀਂ ਕਰੇਗੀ । ਮਿਸਾਲ ਦੇ ਤੌਰ 'ਤੇ ਇਹ ਗੱਲ ਕੋਈ ਕਿਸ ਤਰ੍ਹਾਂ ਸਮਝੇ ਕਿ ਪ੍ਰਮਾਤਮਾ ਅਨਾਦੀ ਹੈ ਜਾਂ ਸੈਭੰ ਹੈ ? ਇਸੇ ਤਰ੍ਹਾਂ ਹੀ, ਜੇ ਸੰਸਾਰ ਦਾ ਆਰੰਭ ਰੱਬ ਤੋਂ ਹੋਇਆ ਮੰਨਿਆ ਜਾਏ ਤਾਂ ਰੱਬ ਦਾ ਆਰੰਭ ਕਿਵੇਂ ਹੋਇਆ ਮੰਨਿਆ ਜਾਏਗਾ ? ਅਸਲ ਗੱਲ ਇਹ ਹੈ ਕਿ ਇਨ੍ਹਾਂ ਅੜੰਗੜੀਆਂ ਦਾ ਕਾਰਨ ਇਨਸਾਨ ਦੀ

ਆਪਣੀ ਜਾਣਕਾਰੀ ਦਾ ਮਹਿਦੂਦ ਹੋਣਾ ਹੈ । ਇਹ ਜਾਣਕਾਰੀ ਹੋਰ ਚੀਜ਼ਾਂ ਨਾਲ ਸੰਬੰਧਤ ਹੋ ਕੇ ਪ੍ਰਾਪਤ ਹੁੰਦੀ ਹੈ । ਇਸ ਲਈ ਇਨ੍ਹਾਂ ਚੀਜ਼ਾਂ ਤੋਂ ਪਰੇ ਕਿਸੇ ਅਟੱਲ ਅੰਤਮ ਸੱਚਾਈ ਦਾ ਪਤਾ ਇਸ ਜਾਣਕਾਰੀ ਤੋਂ ਨਹੀਂ ਲੱਗ ਸਕਦਾ ।"

ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਦੇ ਖ਼ਿਆਲ ਦੀ ਇਉਂ ਪੁਸ਼ਟੀ ਕਰਦੇ ਹਨ :

"ਤੁਮਰਾ ਲਖਾ ਨ ਜਾਇ ਪਸਾਰਾ ॥
ਕਿਹ ਬਿਧ ਸਜਾ ਪ੍ਰਥਮ ਸੰਸਾਰਾ ॥"

ਅਰਥਾਤ "ਤੇਰੀ ਬੇਅੰਤਤਾ ਸਮਝ ਤੋਂ ਪਰੇ ਹੈ । ਕੌਣ ਦੱਸ ਸਕਦਾ ਹੈ ਕਿ ਤੂੰ ਪਹਿਲਾਂ ਕਿਸ ਤਰ੍ਹਾਂ ਰਚਨਾ ਰਚੀ ਸੀ ?"

ਸੋ, ਇਹ ਤੇ ਇਹੋ ਜਿਹੀਆਂ ਹੋਰ ਕਈ ਬੁਨਿਆਦੀ ਮਜ਼ਹਬੀ ਸਚਾਈਆਂ 'ਤੇ ਸਿਦਕ ਲਿਆਉਣਾ ਪੈਂਦਾ ਹੈ । ਪਰ ਇਸ ਦਾ ਇਹ ਭਾਵ ਵੀ ਨਹੀਂ ਕਿ ਹਰ ਵਿਸ਼ਵਾਸ ਨੂੰ ਅੱਖਾਂ ਮੀਟ ਕੇ ਪ੍ਰਵਾਨ ਕਰ ਲਿਆ ਜਾਏ। ਇਹੋ ਜਿਹੀ ਗ਼ਲਤ ਕਿਸਮ ਦੀ ਸ਼ਰਧਾ ਜਾਂ ਭਾਵਨਾ ਦਾ ਸਿਖੀ ਵਿਚ ਓਨਾ ਚਿਰ ਕੋਈ ਮੁੱਲ ਨਹੀਂ ਜਿੰਨਾ ਚਿਰ ਉਸਾਰੀ ਨਾਲ ਜਾਗਰਤ ਹੋ ਨਹੀਂ ਜਾਂਦੀ। ਅਰੰਭ ਵਿਚ ਸ਼ਰਧਾ ਹਮੇਸ਼ਾਂ ਚੰਗੀਆਂ ਤੇ ਵੱਡੀਆਂ ਚੀਜ਼ਾਂ 'ਤੇ ਹੀ ਹੋਣੀ ਚਾਹੀਦੀ ਹੈ ; ਜਿਵੇਂ ਸੱਚ,ਨੇਕੀ, ਪ੍ਰੇਮ, ਦਇਆ, ਉਪਕਾਰ ਆਦਿਕ। ਜਹਾਲਤ ਤੇ ਖੜ੍ਹੀ ਸ਼ਰਧਾ ਦਾ ਕੌਡੀ ਮੁੱਲ ਨਹੀਂ ।

ਇਸ ਲਈ ਮਹਾਰਾਜ ਦੀ ਨਜ਼ਰਾਂ ਵਿਚ ਜਿਥੇ "ਧਨ ਪਿਰ" ਦੇ ਮੇਲ ਲਈ ਭਗਤੀ ਭਾਵਨਾ ਤੇ ਸ਼ਰਧਾ ਦਾ ਤੇਲ ਜ਼ਰੂਰੀ ਹੈ (ਦੀਪਕ ਰਸ ਤੇਲੋ ਧਨ ਪਿਰ ਮੇਲੋ) ਓਥੇ ਗਿਆਨ ਦੀ ਤੀਲੀ ਦੀ ਲੋੜ ਵੀ ਘੱਟ ਨਹੀਂ । ਇਸ ਤੋਂ ਹੋਰ ਅਗਾਂਹ ਕ੍ਰਿਤ ਕਰਮ (ਸੇਵਾ) ਦੇ ਮੈਦਾਨ ਵਿਚ ਉਤਰਨਾ ਵੀ ਜ਼ਰੂਰੀ ਹੈ । ਤਿੰਨੇ ਚੀਜ਼ਾਂ-ਕ੍ਰਿਤ ਕਰਮ (ਸੇਵਾ), ਭਗਤੀ ਤੇ ਗਿਆਨ ਇਕੱਠੀਆਂ ਚਲਣੀਆਂ ਚਾਹੀਦੀਆਂ ਹਨ, ਨਹੀਂ ਤਾਂ ਜੀਵਨ ਅਧੂਰਾ ਜਾਂ ਅਪੂਰਨ ਰਹਿੰਦਾ ਹੈ । ਇਸ ਵਿਚਾਰ ਦੇ ਸਪੱਸ਼ਟੀਕਰਨ ਲਈ ਗੁਰੂ ਘਰ ਵਿਚ ਇਕ ਸੁੰਦਰ ਮਿਸਾਲ ਮਿਲ ਜਾਂਦੀ ਹੈ । ਗੁਰੂ ਰਾਮਦਾਸ ਜੀ ਦੇ ਵਡੇ ਲੜਕੇ ਪ੍ਰਿਥੀ ਚੰਦ



ਲੰਗਰ ਦੀ ਸੇਵਾ ਦੇ ਇੰਚਾਰਜ ਸਨ ਪਰ ਇਹ ਸੇਵਾ ਉਹਨਾਂ ਨੂੰ ਤਾਰਣ ਦੀ ਥਾਂ ਲੈ ਡੁਬੀ ਸੀ । ਦੂਜੇ ਲੜਕੇ ਮਹਾਂਦੇਵ ਜੀ ਇਕ ਵਿਰਕਤ ਸਾਧੂ ਸਨ ਜੋ ਤਪ, ਜਪ, ਭਗਤੀ ਵਿਚ ਤਾਂ ਨਿਸ਼ਚਾ ਰੱਖਦੇ ਸਨ ਪਰ ਸੇਵਾ ਨੂੰ ਗ਼ੈਰ-ਜ਼ਰੂਰੀ ਸਮਝਦੇ ਸਨ। ਉਹ ਨੇਕ ਪੁਰਸ਼ ਤਾਂ ਸਨ ਪਰ ਅਮਲੀ ਸੇਵਾ ਦੀ ਥੁੜ੍ਹੋਂ ਅਪੂਰਨ ਸਨ ਤੇ ਇਸ ਲਈ ਪਿਛੇ ਹੀ ਰਹਿ ਗਏ ਸਨ । ਅਗੇ ਕੇਵਲ ਗੁਰੂ ਅਰਜਨ ਦੇਵ ਜੀ ਆਏ ਸਨ ਜਿਨ੍ਹਾਂ ਅੰਦਰ ਭਗਤੀ, ਗਿਆਨ ਤੇ ਸੇਵਾ (ਕਰਮ ਕ੍ਰਿਤ) ਤਿੰਨੇ ਹੀ ਤੁਲ ਕੇ ਮੌਜੂਦ ਸਨ। ਉਹ ਸਭ ਪਾਸੀਂ ਪੂਰਨਤਾ ਨੂੰ ਪਹੁੰਚ ਕੇ ਹੀ ਗੁਰਿਆਈ ਦੇ ਯੋਗ ਸਮਝੇ ਗਏ ਸਨ ।

ਭਾਈ ਨੰਦ ਲਾਲ ਜੀ ਵਰਗੇ ਪ੍ਰਤਿਸ਼ਠਿਤ ਵਿਦਵਾਨ ਨੂੰ ਸਾਧ ਸੰਗਤ ਦੇ ਜੋੜੇ ਝਾੜਦਿਆਂ ਵੇਖ, ਬਹਾਦਰ ਸ਼ਾਹ ਹੈਰਾਨ ਹੋ ਕੇ ਸੋਚਦਾ ਸੀ ਕਿ ਗੁਰੂ ਘਰ ਵਿਚ ਕਿਸ ਤਰ੍ਹਾਂ ਦੇ ਲੋਕ ਵਸਦੇ ਹਨ । ਭਾਈ ਜੀ ਨੇ ਉਸ ਦੀ ਹੈਰਾਨੀ ਦੂਰ ਕਰਨ ਉਸ ਨੂੰ ਇਉਂ ਉੱਤਰ ਦਿੱਤਾ ਸੀ । "ਕੁੱਤਾ ਮਾਲਕ ਦੀ ਰੋਟੀ ਵਲ ਤੱਕਦਾ ਰਹਿੰਦਾ ਹੈ । ਮੈਂ ਵੀ ਗੁਰੂ ਘਰ ਦਾ ਭਿਖਾਰੀ ਹਾਂ ਤੇ ਆਪਣੀ ਕਿਸੇ ਅਖੌਤੀ ਵਿਦਵਤਾ ਦਾ ਹੰਕਾਰ ਗੁਰੂ ਦੀ ਬਖ਼ਸ਼ੀ ਇਸ ਸੇਵਾ ਦਵਾਰਾ ਸਾਧਾਂ ਦੀ ਧੂੜੀ ਵਿਚ ਰੁਲ ਕੇ ਤੋੜ ਰਿਹਾ ਹਾਂ ।"

ਪੂਰਨ ਸ਼ਖ਼ਸੀਅਤ ਦੀ ਤਸਵੀਰ ਇਹ ਹੈ ਕਿ ਸੇਵਾ, ਕਿਰਤ ਕਰਮ, ਭਗਤੀ ਤੇ ਵਿਦਵਤਾ ਤਿੰਨੇ ਹੀ ਇਸ ਦੇ ਥੰਮ੍ਹ ਹੋਣ। ਸਰਦਾਰ ਕਪੂਰ ਸਿੰਘ ਨਵਾਬੀ ਦੇ ਯੋਗ ਇਸ ਲਈ ਸਮਝੇ ਗਏ ਸਨ ਕਿ ਉਹ ਤਬੇਲੇ ਦੇ ਘੋੜਿਆਂ ਦੀ ਲਿੱਦ ਢੋ ਢੋ ਕੇ ਮਨ ਦੀ ਸਾਰੀ ਮੈਲ ਧੋ ਬੈਠੇ ਸਨ ਤੇ ਸੇਵਾ ਰਹਿਤ ਨਿਰੀ ਨਵਾਬੀ ਨੂੰ ਠੁਢੇ ਮਾਰਦੇ ਸਨ । ਉਨ੍ਹਾਂ ਨੂੰ ਜੋ ਸਵਾਦ ਲਿਦ ਢੋਣ ਵਿਚ ਸੀ ਉਹ ਕਿਸੇ ਨਵਾਬੀ ਵਿਚ ਨਹੀਂ ਸੀ । ਇਸ ਲਈ ਨਵਾਬੀ ਦੀ ਜ਼ਿੰਮੇਵਾਰੀ ਉਨ੍ਹਾਂ ਓਦੋਂ ਮੰਨੀ ਸੀ ਜਦੋਂ ਇਹ ਗੱਲ ਪਹਿਲਾਂ ਮੰਨਵਾ ਲਈ ਸੀ ਕਿ ਲਿਦ ਢੋਣ ਦੀ ਸੇਵਾ ਉਹਨਾਂ ਦੀ ਹੱਥਾਂ ਵਿਚ ਹੀ ਰਹੇਗੀ ।

ਸੇਵਾ ਦੀ ਤੇ ਖਾਸ ਕਰਕੇ ਹੱਥੀਂ ਸੇਵਾ ਦੀ, ਸਿੱਖੀ ਵਿਚ ਸਦਾ ਹੀ ਵਿਸ਼ੇਸ਼ ਕਦਰ ਰਹੀ ਹੈ, ਕਿਉਂਕਿ ਸੇਵਾ ਦਾ ਅਸਰ ਮਨ ਨੂੰ ਗ਼ਰੀਬੀ ਨਿਮਰਤਾ ਭਾਵ ਵਿਚ ਰੱਖਣ ਲਈ ਬੜਾ ਡੂੰਘਾ ਤੇ ਦੇਰਪਾ (ਦੇਰ ਤਕ ਰਹਿਣ ਵਾਲਾ) ਹੁੰਦਾ ਹੈ ।

ਦਸਮੇਸ਼ ਜੀ ਨੇ ਇਕ ਵਾਰੀ, ਆਪਣੇ ਕਿਸੇ ਸੇਵਕ ਨੂੰ ਪਾਣੀ ਲਈ ਅਵਾਜ਼ ਦਿੱਤੀ । ਉਸ ਵੇਲੇ ਉਹ ਸੇਵਕ ਹਾਜ਼ਰ ਨਹੀਂ ਸੀ ਤੇ ਕੋਈ ਹੋਰ ਸਿੰਘ ਜੋ ਪਾਸ ਖੜ੍ਹਾ ਸੀ, ਪਾਣੀ ਲੈ ਕੇ ਆ ਗਿਆ । ਉਸ ਦੇ ਕੂਲੇ ਕੂਲੇ ਨਰਮ ਨਰਮ ਹੱਥ ਵੇਖ ਕੇ ਮਹਾਰਾਜ ਨੇ ਸਮਝ ਲਿਆ ਕਿ ਇਸ ਪੁਰਸ਼ ਨੇ ਕਦੇ ਹੱਥੀਂ ਸੇਵਾ ਨਹੀਂ ਕੀਤੀ । ਉਸ ਦੇ ਹੱਥੋਂ ਪਾਣੀ ਲੈਣੋਂ ਉਹਨਾਂ ਨਾਂਹ ਕਰ ਦਿੱਤੀ । ਉਹਨਾਂ ਦਾ ਮਨੋਰਥ ਕੇਵਲ ਇਹ ਦਰਸਾਣਾ ਸੀ ਕਿ ਹੱਥੀਂ ਸੇਵਾ ਦੀ ਮਹਾਨਤਾ ਬਹੁਤ ਵੱਡੀ ਸਮਝਣੀ ਚਾਹੀਦੀ ਹੈ । ਲੰਗਰ ਦੇ ਜੂਠੇ ਭਾਂਡੇ ਮਾਂਜਣੇ, ਸਾਧ ਸੰਗਤ ਦੇ ਜੋੜੇ ਝਾੜਣੇ ਅਤੇ ਪੱਖੇ ਕਰਨ ਦੀਆਂ ਸਿੱਖੀ ਰਵਾਇਤਾਂ ਵੀ ਇਸੇ ਕਰਕੇ ਪ੍ਰਚਲਿਤ ਕੀਤੀਆਂ ਗਈਆਂ ਸਨ । ਗੁਰੂ ਸਾਹਿਬ ਦਾ ਧਿਆਨ ਮਨੁੱਖ ਦੀ ਸਭ ਪਾਸੀਂ ਉਸਾਰੀ ਵਲ ਹੁੰਦਾ ਹੈ । ਉਹ ਚਾਹੁੰਦੇ ਸਨ ਕਿ ਇਨਸਾਨ ਨੂੰ ਐਸੀ ਜੀਵਨ ਜੁਗਤਿ ਮਿਲੇ ਕਿ ਉਸ ਵਿਚ ਕਿਸੇ ਤਰ੍ਹਾਂ ਦੀ ਕੋਈ ਕਸਰ ਨਾ ਰਹਿ ਜਾਏ। ਗੁਰੂ ਅਰਜਨ ਦੇਵ ਕਹਿੰਦੇ ਹਨ :

“ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ
ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

(ਵਾਰ ਗੂਜਰੀ ਮਹਲਾ ੫) ਅੰਗ ੫੨੨

ਅਰਥਾਤ “ਹੇ ਨਾਨਕ ! ਸਤਿਗੁਰ ਨੂੰ ਮਿਲਿਆਂ, ਸਤਿਗੁਰੂ ਦੀ ਅਗਵਾਈ ’ਚ ਤੁਰਿਆਂ ਪੂਰਨ ਜੀਵਨ ਜੁਗਤਿ ਲਭ ਜਾਂਦੀ ਹੈ । ਫਿਰ ਹੱਸਦਿਆਂ, ਖੇਡਦਿਆਂ, ਖਾਦਿਆਂ, ਪੀਂਦਿਆਂ ਹੀ ਮੁਕਤ ਹੋ ਜਾਈਦਾ ਹੈ ।

ਪੂਰਨ ਜੀਵਨ ਜੁਗਤ ਉਹ ਹੈ ਜੋ ਇਨਸਾਨ ਨੂੰ ਸਭ ਪਾਸੀਂ ਪੂਰਨਤਾ (integrated personality) ਦੇ ਰਾਹੇ ਪਾਂਦੀ ਹੈ । ਭਾਵ ਇਹ ਹੈ ਕਿ ਪੂਰਨ ਸ਼ਖ਼ਸੀਅਤ ਜਾਂ ਪਰਮ ਮਨੁੱਖਤਾ ਦੀ ਪ੍ਰਾਪਤੀ ਤਾਂ ਹੁੰਦੀ ਹੈ ਜਦ ਸਰੀਰਕ, ਮਾਨਸਿਕ ਤੇ ਆਤਮਿਕ ਪੂਰਨਤਾ ਇਕੋ ਜਿਹੀ ਹੋ ਜਾਂਦੀ ਹੈ । ਇਨਸਾਨੀ ਜੀਵਨ ਨੇ ਤਿੰਨਾਂ ਖੰਡਾਂ (Planes) ਵਿਚ ਰਹਿਣਾ ਹੁੰਦਾ ਹੈ—ਮਹਾਂ ਅਕਾਸ (Physical plane), ਚਿਤਾਕਾਸ (mental plane) ਅਤੇ ਚਿਦਾਕਾਸ਼ (Spiritual plane) । ਇਨ੍ਹਾਂ ਤਿੰਨਾਂ ਹੀ ਖੰਡਾਂ ਵਿਚ ਜੀਵਨ-ਰੌ ਠੀਕ ਤਰ੍ਹਾਂ ਚਲਣੀ ਚਾਹੀਦੀ ਹੈ, ਤਾਂ ਹੀ ਜੀਵਨ ਪੂਰਨ ਸਮਝਿਆ ਜਾ ਸਕਦਾ ਹੈ। ਸਰੀਰ ਹਰੀ ਦਾ ਮੰਦਰ ਹੈ । ਚੰਗੀ ਖ਼ੁਰਾਕ ਦਵਾਰਾ ਤੇ ਸਿਹਤ ਦੇ ਨਿਯਮਾਂ



ਦੀ ਪਾਲਣਾ ਨਾਲ ਇਸ ਮੰਦਰ ਦੀ ਸੰਭਾਲ ਇਨਸਾਨ ਦਾ ਪਹਿਲਾ ਧਰਮ ਹੈ; ਕਿਉਂਕਿ ਪਰਮਾਰਥ ਦੇ ਰਾਹ ’ਤੇ ਇਹ ਮੰਦਰ ਸਭ ਤੋਂ ਵੱਧ ਸਹਾਇਕ ਹੁੰਦਾ ਹੈ । ਸਰੀਰ ਦੇ ਸਾਰੇ ਅੰਗਾਂ ਦੀ ਪੂਰੀ ਸੰਭਾਲ ਵਲੋਂ ਬੇਪਰਵਾਹੀ ਪਾਪ ਹੈ । ਇਸ ਤੋਂ ਅਗਾਂਹ ਮਨ ਦੀ ਸੰਭਾਲ ਸ਼ੁਰੂ ਹੁੰਦੀ ਹੈ । ਦਿਮਾਗ਼, ਜਜ਼ਬਾ ਅਤੇ ਇਰਾਦਾ ਮਨ ਦੇ ਤਿੰਨ ਅੰਗ ਹਨ ਤੇ ਇਨ੍ਹਾਂ ਤਿੰਨਾਂ ਅੰਗਾਂ ਨੂੰ ਹੀ ਨਵਾਂ ਨਰੋਆ ਰੱਖਣਾ ਧਰਮ ਹੈ । ਇਨ੍ਹਾਂ ਤਿੰਨਾਂ ਦੀ ਹੀ ਠੀਕ ਸੰਭਾਲ ਤੋਂ ਗਿਆਨ, ਭਗਤੀ ਅਤੇ ਕਰਮ (ਸੇਵਾ) ਦਾ ਪ੍ਰਕਾਸ਼ਨ ਹੁੰਦਾ ਹੈ । ਇਸ ਤਰ੍ਹਾਂ ਸੁਤੇ ਸਿਧ ਆਤਮਕ ਉਸਾਰੀ ਹੁੰਦੀ ਜਾਂਦੀ ਹੈ ਤੇ ਅੰਦਰ ਦੇ ਆਤਮਕ ਚਸ਼ਮੇ ਫੁਟ ਪੈਂਦੇ ਹਨ । ਇਹ ਹੈ ਕਰਮਯੋਗੀ ਜਾਂ ਸੰਤ ਸਿਪਾਹੀ ਦੀ ਮੁਕੰਮਲ ਤਸਵੀਰ । ਕਰਮਯੋਗੀ ਉਹ ਨਹੀਂ ਜੋ ਨਿਰੇ ਜਪ, ਤਪ ਦੇ ਸਾਧਨਾਂ ਪੁੰਨ ਦਾਨ ਤੇ ਯੱਗ ਆਦਿਕ ਕਰਮਾਂ ਵਿਚ ਲੱਗਾ ਰਹਿੰਦਾ ਹੈ ਸਗੋਂ ਉਹ ਹੈ ਜਿਸ ਦੇ ਭਗਤੀ ਭਾਵ ਤੋਂ ਉਪਕਾਰ ਤੇ ਸੇਵਾ ਨਿਕਲਦੇ ਹਨ । ਪਰ ਇਸ ਤਰ੍ਹਾਂ, ਉਸ ਰੱਬ ਦੀ ਸਾਰੇ ਵਰਤ ਰਹੀ ਏਕਤਾ ਅਨੁਭਵ ਕਰਕੇ ਹੀ ਹੁੰਦਾ ਹੈ । ਸੋ ਇਹ ਹੈ ਗੁਰੂ ਜੀ ਦੇ ਕਿਆਸ ਦਾ ਆਦਰਸ਼ਕ ਸੇਵਕ ਜੋ ਸਭ ਤਰ੍ਹਾਂ ਨਿਪੁੰਨ ਹੈ ।

ਆਰੰਭ ਦੇ ਸ਼ਬਦ ਵਿਚ ਹੀ ਇਸ ਕਿਆਸ ਦਾ ਹੀ ਸੇਵਕ ਵਿਖਾਇਆ ਗਿਆ ਸੀ । ਰਹਾਉ ਦੀ ਤੁਕ ਵਿਚ ਦਸਿਆ ਹੈ ਕਿ ਸੇਵਕ ਦੀ ਪ੍ਰੀਤੀ ਅਖੀਰ ਤਕ ਨਿਭ ਜਾਂਦੀ ਹੈ । ਇਸ ਸੇਵਕ ਦੀ ਸੇਵਾ ਦਾ ਮੰਤਵ ਕਿਸੇ ਪੁਰਸ਼ ਦੀ ਸੇਵਾ ਕਰਕੇ ਉਸ ਨੂੰ ਖ਼ੁਸ਼ ਕਰਨਾ ਨਹੀਂ ਬਲਕਿ ਰੱਬ ਦੀ ਪ੍ਰੀਤ ਨਿਬਾਹੁਣਾ ਹੈ। ਉਸ ਲਈ ਮੁਢਲੀ ਚੀਜ਼ ਕੇਵਲ ਆਪਣੇ ਰੱਬ ਦੀ ਪ੍ਰੀਤ ਹੈ, ਜੋ ਉਸ ਦੀ ਭਗਤੀ ਹੈ । ਸੇਵਾ ਤਾਂ ਇਸ ਪ੍ਰੀਤ ਤੋਂ ਸੁਤੇ ਸਿਧ ਨਿਕਲੀ ਹੈ । ਨਿਰਸੰਦੇਹ ਅਸਲ ਸੇਵਾ ਨਿਕਲਦੀ ਹੀ ਪ੍ਰੀਤ ਤੋਂ ਹੈ ਭਾਵੇਂ ਇਹ ਜ਼ਰੂਰੀ ਨਹੀਂ ਕਿ ਸੇਵਾ ਤੋਂ ਪ੍ਰੀਤ ਵੀ ਨਿਕਲੇ । ਰੱਬ ਦਾ ਸੱਚਾ ਸੇਵਕ ਜਦ ਸੇਵਾ ਦੇ ਮੈਦਾਨ ਵਿਚ ਆਂਵਦਾ ਹੈ ਤਾਂ ਵੀ ਉਹ ਪ੍ਰੀਤ ਨਿਭਾਉਣ ਲਈ ਆਂਵਦਾ ਹੈ । ਉਹ ਸੇਵਾ ਤਾਂ ਮਨੁੱਖਾਂ ਦੀ ਕਰਦਾ ਦਿਸਦਾ ਹੈ ਪਰ ਉਸ ਲਈ ਇਹ ਸੇਵਾ ਕਿਸੇ ਮਨੁੱਖ ਦੀ ਸੇਵਾ ਨਹੀਂ ਹੁੰਦੀ, ਉਸ ਦੀ ਮਾਲਕ ਦੀ ਹੁੰਦੀ ਹੈ ਤੇ ਇਹ ਸੇਵਾ ਉਹ ਆਪਣੀ ਸਾਰੀ ਜ਼ਿੰਦਗੀ ਵਿਚ ਨਿਭਾਉਣੀ ਚਾਹੁੰਦਾ ਹੈ । ਉਹ ਜਦ ਕਿਸੇ ਪੁਰਸ਼ ਦੇ ਕੰਮ ਆਂਵਦਾ ਹੈ ਤਾਂ ਉਹ ਸਾਹਿਬ ਦੀ ਸੇਵਾ ਕਰ ਰਿਹਾ ਹੁੰਦਾ ਹੈ ।

ਉਸ ਵੇਲੇ ਉਸ ਦੇ ਸਾਹਮਣੇ ਉਸਦਾ ਮਾਲਕ ਹੈ, ਕੋਈ ਮਨੁੱਖ ਨਹੀਂ । ਸਾਰੀ ਉਮਰ ਦੇ ਉਹਦੇ ਕੰਮ, ਸਾਹਿਬ ਦੇ ਕੰਮ ਹਨ ਤੇ ਉਸ ਨੇ ਅੰਤ ਤਕ ਉਸੇ ਦੀ ਪ੍ਰੀਤ ਨੂੰ ਚਿੱਤ ਵਿਚ ਰਖਿਆ ਹੈ । ਭਗਤੀ ਤੇ ਸੇਵਾ ਦੋਹਾਂ ਵਿਚ ਲਗਿਆਂ ਉਸਨੇ ਖਸਮ ਨੂੰ ਵੀ ਪਛਾਣ ਲਿਆ ਹੈ, ਅਰਥਾਤ ਉਹ ਬ੍ਰਹਮਗਿਆਨੀ ਹੋ ਗਿਆ ਹੈ । ਸੋ ਗਿਆਨ, ਸੇਵਾ ਤੇ ਪ੍ਰੀਤ ਏਥੇ ਇਕੋ ਮਹਾਂ-ਪੁਰਖ ਅੰਦਰ ਇਕੱਠੇ ਹੋ ਗਏ ਹਨ; ਤਾਂ ਹੀ ਸ਼ਬਦ ਦੀ ਆਖਰੀ ਸਤਰ ਵਿਚ ਕਹਿੰਦੇ ਹਨ ਕਿ ਸੇਵਕ ਦਾ ਜੀਵਨ ਸਫ਼ਲ ਹੋਇਆ ਹੈ ਕਿਉਂਕਿ ਉਸ ਨੂੰ ਖਸਮ ਦੀ ਪੂਰੀ ਪਛਾਣ ਹੋਈ ਹੈ । ਸੇਵਕ ਹੁਣ ਸਰਬ ਰੂਪ ਗੁਣਾਂ ਭਰਪੂਰ ਹੋ ਗਿਆ ਹੈ ਤੇ ਸਭ ਵਡਿਆਈਆਂ ਦਾ ਮਾਲਕ ਬਣਿਆ ਹੈ ; ਪਰ ਇਹ ਸਾਰਾ ਕੁਝ ਉਸ ਦੇ ਜੀਵਨ ਦੀ ਪ੍ਰੀਤ-ਬੁਨਿਆਦ ਤੋਂ ਨਿਕਲਿਆ ਹੈ । ਅਸਲੀ ਰਹੱਸਵਾਦ (Practical mysticism ) ਹੈ ਹੀ ਇਹ , ਜਿਸ ਵਿਚੋਂ ਸੇਵਾ ਤੇ ਉਪਕਾਰ ਸੁਤੇ ਵਹਿ ਤੁਰਦੇ ਹਨ । ਨਿਰੀਆਂ ਸਮਾਧੀਆਂ ਦਾ ਕੁਝ ਅਰਥ ਨਹੀਂ ਜੇ ਇਨ੍ਹਾਂ ਤੋਂ ਨੇਕੀ, ਉਪਕਾਰ ਤੇ ਸੇਵਾ ਨਹੀਂ ਉਪਜਦੇ ਤੇ ਸੇਵਾ ਸਫਲ ਵੀ ਉਹੋ ਹੈ ਜੋ ਪ੍ਰੀਤ ਦੀ ਬੁਨਿਆਦ ਤੋਂ ਨਿਕਲਦੀ ਹੈ, ਨਹੀਂ ਤਾਂ ਇਹ ਸਭ ਵਖਾਵਾ, ਦੰਭ ਤੇ ਹੰਕਾਰ ਹੋ ਕੇ ਰਹਿ ਜਾਂਦਾ ਹੈ; ਜਿਵੇਂ ਕਲਾਕਾਰ ਪਿਛਾਂਹ ਹਟ ਕੇ ਆਪਣੀ ਕਲਾ ਦੇ ਨੁਕਸ ਵਧੇਰੇ ਅੱਛੀ ਤਰ੍ਹਾਂ ਵੇਖ ਸਕਦਾ ਹੈ ਤਿਵੇਂ ਸੇਵਕ ਵੀ ਆਤਮ ਮੰਡਲ ਵਿਚ ਦਾਖ਼ਲ ਹੋ ਕੇ ਆਪਣਾ ਆਪ ਵੇਖਦਾ ਹੋਇਆ ਆਪਣੀ ਸੇਵਾ ਨੂੰ ਨਿਸ਼ਕਾਮ ਬਣਾਈ ਰੱਖਦਾ ਹੈ ਤੇ ਸਹੀ ਲਾਈਨਾਂ 'ਤੇ ਚਲਾਂਦਾ ਰਹਿੰਦਾ ਹੈ, ਮਾਨ, ਮੋਹ, ਲੋਭ, ਵਿਕਾਰ ਆਦਿਕ ਉਸ ਦੇ ਮਨ ਅੰਦਰ ਰਹਿ ਹੀ ਨਹੀਂ ਸਕਦੇ ; ਕਿਉਂਕਿ ਉਹ ਤਾਂ ਕੇਵਲ ਪ੍ਰੀਤ ਨਿਭਾ ਰਿਹਾ ਹੁੰਦਾ ਹੈ ਤੇ ਉਸ ਦਾ ਆਪਣਾ ਆਪ ਇਸ ਵਿਚ ਹੁੰਦਾ ਹੀ ਨਹੀਂ ।

"ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥"

(ਸਿਰੀ ਰਾਗ ਮਹਲਾ ੫) ਅੰਗ ੫੧

ਅਰਥਾਤ "ਜੋ ਮਨੁੱਖ ਮਾਨ ਜਾਂ ਅਪਮਾਨ (ਨਿਆਦਰੀ) ਦੇ ਅਸਰਾਂ ਹੇਠ ਹੈ, ਉਹ ਸੇਵਕ ਨਹੀਂ ਹੈ ।"

ਸੱਚੇ ਸੇਵਕ ਵਿਚ ਨਿਮ੍ਰਤਾ, ਗ਼ਰੀਬੀ, ਮਿਠਾਸ ਅਤੇ ਪ੍ਰੇਮ-ਪਿਆਰ ਅਦਿਕ ਦੈਵੀ ਗੁਣ ਪ੍ਰਬਲ ਰੂਪ ਵਿਚ ਆ ਗਏ ਹੁੰਦੇ ਹਨ ।



ਭਾਈ ਬੁਧੂ ਨੇ ਇਕ ਸਿਪਾਹੀ ਨੂੰ ਰੋਟੀ ਪਕਾ ਦਿੱਤੀ, ਜੋ ਉਸ ਤੋਂ ਜ਼ਰਾ ਸੜ ਗਈ । ਸਿਪਾਹੀ ਨੇ ਰੋਹ ਵਿਚ ਆ ਕੇ ਭਾਈ ਜੀ ਨੂੰ ਚਪੇੜ ਕੱਢ ਮਾਰੀ । ਪਰ ਭਾਈ ਜੀ ਨੇ ਬੁਰਾ ਮਨਾਣ ਦੀ ਥਾਂ ਦੂਜੀ ਗੱਲ੍ਹ ਵੀ ਅਗੇ ਕਰ ਦਿੱਤੀ ਕਿ ਉਸਨੇ ਉਹਨਾਂ ਨੂੰ ਸਹੀ ਮਤ ਦਿੱਤੀ ਹੈ ਕਿ ਭਰਾਵਾਂ ਦੇ ਕੰਮ ਵਧੇਰੇ ਧਿਆਨ ਨਾਲ ਕੀਤੇ ਜਾਣੇ ਚਾਹੀਦੇ ਹਨ ।

ਬਾਬਾ ਸ੍ਰੀ ਚੰਦ ਗੁਰੂ ਘਰ ਤੋਂ ਨਾਰਾਜ਼ ਹੋ ਕੇ ਚਲੇ ਗਏ ਹੋਏ ਸਨ, ਪਰ ਸਮੇਂ ਨਾਲ ਉਹਨਾਂ ਦੇ ਮਨੋਂ ਸਭ ਨਾਰਾਜ਼ਗੀਆਂ ਦੂਰ ਹੋ ਗਈਆਂ ਹੋਈਆਂ ਸਨ । ਬਿਰਧ ਉਮਰ ਵਿਚ ਗੁਰੂ ਰਾਮਦਾਸ ਜੀ ਨੂੰ ਮਿਲਣ ਆਏ ਤੇ ਓਥੇ ਜੋ ਵਾਰਤਾਲਾਪ ਹੋਈ, ਉਸ ਨੂੰ ਕਵੀ ਸੰਤੋਖ ਸਿੰਘ ਨੇ ਇਉਂ ਬਿਆਨ ਕੀਤਾ ਹੈ:

ਸ੍ਰੀ ਚੰਦ ਤਬ ਗਿਰਾ ਉਚਾਰੀ, ਕਾਹੇ ਬਢਾਈ ਦਾੜੀ ਭਾਰੀ ॥
ਰਾਮ ਦਾਸ ਗੁਰ ਨਿੰਮਰ ਹੋ ਹੈ, ਕਹਿਉ ਆਪ ਸੇ ਸਾਧੂ ਜੋ ਹੈ,
ਤਿਨ ਕੇ ਚਰਨ ਪੋਸਨੇ ਕਾਰਨ, ਇਬ ਕਹ ਲਗੇ ਚਰਨ ਤਿਹ
ਝਾਰਨ ॥ ਸ੍ਰੀ ਚੰਦ ਖੁਸ਼ ਹੋਏ ਉਚਾਰਾ, ਇਸੀ ਤੌਰ ਘਰ
ਲੁਟਿਉ ਹਮਾਰਾ ॥ ਅਬ ਜੋ ਕੁਛ ਬਾਕੀ ਥੀ ਮੋ ਪੈ, ਛੀਨ ਲਈ
ਯੋਗੀ ਸਭ ਤੋਂ ਪੈ ॥ ਨਿਮ੍ਰਤਾ ਭਗਤੀ ਕਰ ਸੇਵਾ, ਲਈ
ਗੁਰਿਆਈ ਅੰਗਦ ਦੇਵਾ ॥ ਹਮ ਗੁਰ ਕੇ ਸੁਤ ਛੂਛ ਰਹਾਏ,
ਸੇਵਾ ਤੇ ਮੇਵਾ ਤੁਮ ਪਾਏ ॥"

ਅਰਥਾਤ "ਸ੍ਰੀ ਚੰਦ ਜੀ ਨੇ ਗੁਰੂ ਰਾਮਦਾਸ ਜੀ ਤੋਂ ਪੁਛਿਆ ਕਿ ਉਹਨਾਂ ਏਡੀ ਦਾੜ੍ਹੀ ਕਿਸ ਲਈ ਰਖੀ ਹੋਈ ਹੈ । ਗੁਰੂ ਰਾਮਦਾਸ ਜੀ ਨੇ ਨਿਮਰਤਾ ਸਹਿਤ ਉੱਤਰ ਦਿੱਤਾ ਕਿ ਇਹ ਦਾਹੜੀ ਬਾਬਾ ਸ੍ਰੀ ਚੰਦ ਜੀ ਵਰਗੇ ਸਾਧੂਆਂ ਦੇ ਚਰਨ ਝਾੜਨ ਲਈ ਹੈ । ਇਹ ਕਹਿੰਦਿਆਂ ਸਾਰ ਉਹਨਾਂ ਨੇ ਬਾਬਾ ਜੀ ਦੇ ਚਰਨ ਆਪਣੀ ਦਾਹੜੀ ਨਾਲ ਝਾੜਨੇ ਵੀ ਸ਼ੁਰੂ ਕਰ ਦਿੱਤੇ । ਬਾਬਾ ਸ੍ਰੀ ਚੰਦ ਖ਼ੁਸ਼ ਹੋ ਕੇ ਹਾਸ-ਰਸ ਵਿਚ ਇਉਂ ਕਹਿਣ ਲੱਗੇ : "ਸਾਡਾ ਘਰ ਇਸੇ ਤਰ੍ਹਾਂ ਲੁਟਿਆ ਗਿਆ ਸੀ । ਹੁਣ ਜੋ ਕੁਝ ਮੇਰੇ ਪਾਸ ਬਾਕੀ ਰਹਿ ਗਿਆ ਹੈ ਉਸ ਵੀ ਤੁਸਾਂ (ਗੁਰੂ ਰਾਮਦਾਸ ਜੀ ਨੇ) ਮੈਥੋਂ ਖੋਹ ਲਿਆ ਹੈ ।

ਨਿਮਰਤਾ ਤੇ ਭਗਤੀ ਭਾਵ ਵਿਚ ਰਹਿ ਕੇ ਸੇਵਾ ਕਰਨ ਨਾਲ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਪ੍ਰਾਪਤ ਕੀਤੀ ਸੀ । ਅਸੀਂ ਗੁਰੂ ਨਾਨਕ ਦੇ ਪੁਤਰ ਹੋਏ ਹੋਏ ਵੀ ਖ਼ਾਲੀ ਰਹੇ ਪਰ ਤੁਸਾਂ ਸੇਵਾ ਤੋਂ ਸਾਰੇ ਮਿੱਠੇ ਫਲ ਪ੍ਰਾਪਤ ਕਰ ਲਏ ।"

ਦਾਤੂ ਜੀ ਨੇ ਗੁਰੂ ਅਮਰਦਾਸ ਨੂੰ ਭਰੀ ਮਹਿਫਲ ਵਿਚ ਲੱਤ ਮਾਰ ਕੇ ਉਹਨਾਂ ਦਾ ਮਾਣ ਭੰਗ ਕੀਤਾ ; ਪਰ ਉਹਨਾਂ ਗੁਸਾ ਨਹੀਂ ਖਾਧਾ । ਸਗੋਂ ਉਹਨਾਂ ਦੇ ਪੈਰ ਘੁਟਣੇ ਸ਼ੁਰੂ ਕਰ ਦਿਤੇ ਅਤੇ ਅਤਿ ਨਿਮਰਤਾ ਵਿਚ ਇਉਂ ਕਿਹਾ : "ਮੇਰੇ ਕਰੜੇ ਹੱਡਾਂ ਨਾਲ ਤੁਹਾਨੂੰ ਸੱਟ ਲੱਗੀ ਹੋਣੀ ਹੈ, ਮੈਨੂੰ ਖਿਮ ਕਰਨਾ ।"

ਇਸ ਕਿਸਮ ਦੀ ਨਿੰਮ੍ਰਤਾ ਦੀਆਂ ਕਈ ਸਾਖੀਆਂ ਹਨ ਜੋ ਦੱਸਦੀਆਂ ਹਨ ਕਿ ਸੱਚਾ ਸੇਵਕ ਸਭ ਦੈਵੀ ਗੁਣਾਂ ਦਾ ਮਾਲਕ ਬਣਿਆ ਹੁੰਦਾ ਹੈ ਤੇ ਉਹਨਾਂ ਗੁਣਾਂ ਵਿਚ ਗ਼ਰੀਬੀ ਭਾਵ ਸਭ ਤੋਂ ਮੂਹਰੇ ਹੁੰਦਾ ਹੈ । ਭਾਈ ਗੁਰਦਾਸ ਜੀ ਕਹਿੰਦੇ ਹਨ :

"ਜਿਉ ਧਰਤੀ ਧੀਰਜ ਧਰਮੁ ਮਸਕੀਨੀ ਮੂੜੀ ॥
ਸਭਦੂੰ ਨੀਵੀਂ ਹੋਈ ਰਹੀ ਤਿਸ ਮਣੀ ਨ ਕੂੜੀ ॥
ਕੋਈ ਹਰਿ ਮੰਦਰੁ ਕਰੈ ਕੋ ਕਰੈ ਅਰੂੜੀ ॥ ਜੇਹਾ ਬੀਜੈ
ਸੋ ਲੁਣੈ ਫਲ ਅੰਬ ਲਸੂੜੀ ॥ ਜੀਵਦਿਆਂ ਮਰਿ ਜਾਵਣਾ
ਜੁੜਿ ਗੁਰਮੁਖਿ ਜੂੜੀ ॥ ਲਤਾਂ ਹੇਠਿ ਲਤਾੜੀਐ
ਗਤਿ ਸਾਧਾਂ ਧੂੜੀ ॥"

(ਵਾਰ ਭਾ: ਗੁ: ੯ਵੀਂ ਪਉੜੀ ੧੯)

ਅਰਥਾਤ– "ਧਰਤੀ ਦਾ ਧਰਮ ਧੀਰਜ ਹੁੰਦਾ ਹੈ ਤੇ ਉਹ ਗ਼ਰੀਬੀ ਭਾਵ ਦੀ ਪੁੰਜ ਹੈ । ਉਸ ਦਾ ਇਹ ਦਾਹਵਾ ਕੂੜਾ ਨਹੀਂ ਕਿ ਉਹ ਸਭ ਤੋਂ ਨੀਵੀਂ ਹੋ ਕੇ ਰਹਿੰਦੀ ਹੈ। ਚਾਹੇ ਉਸ 'ਤੇ ਕੋਈ ਹਰਿਮੰਦਰ ਉਸਾਰੇ ਤੇ ਚਾਹੇ ਉਸ ਨੂੰ ਅਰੂੜੀ ਦੇ ਤੌਰ ਤੇ ਵਰਤੇ (ਉਹ ਦੋਹਾਂ ਹਾਲਤਾਂ ਵਿਚ ਇਕੋ ਜਿਹੀ ਰਹਿੰਦੀ ਹੈ) ; ਜਿਵੇਂ ਅੰਬ ਜਾਂ ਲਸੂੜੀ ਵਿਚੋਂ ਜੋ ਕੁਝ ਵੀ ਉਸ 'ਤੇ ਕੋਈ ਬੀਜਦਾ ਹੈ, ਉਹ ਫਲ ਲੈਂਦਾ ਹੈ ਤਿਵੇਂ ਹੀ ਸਾਧੂ ਜਨ ਜੀਵਤ ਭਾਵ ਤੋਂ ਗੁਰਾਂ



ਦਵਾਰੇ ਮਰ ਕੇ,ਰੱਬ ਵਿਚ ਜੁੜੇ ਰਹਿੰਦੇ ਹਨ । ਸਾਧੂਆਂ ਦੀ ਏਡੀ ਮਹਾਨ ਅਵਸਥਾ ਹੈ ਕਿ ਉਹ ਧਰਤੀ ਵਾਂਗ ਲੱਤਾਂ ਹੇਠ ਲਤਾੜੇ ਜਾ ਕੇ ਵੀ ਸਭ ਦੇ ਚਰਨਾਂ ਦੀ ਧੂੜੀ ਬਣੇ ਰਹਿੰਦੇ ਹਨ ।"

ਧਰਤੀ ਨੂੰ ਇਕ ਅਤਿ ਸੁੰਦਰ ਦ੍ਰਿਸ਼ਟਾਂਤ ਦੇ ਤੌਰ 'ਤੇ ਵਰਤ ਕੇ ਸੇਵਕ ਦਾ ਤਿਆਗ, ਉਸ ਦੀ ਗ਼ਰੀਬੀ ਤੇ ਉਸ ਦੀ ਕੁਰਬਾਨੀ ਦਰਸਾਈ ਗਈ ਹੈ । ਫ਼ਰੀਦ ਜੀ ਦੇ ਇਹ ਬਚਨ ਅਮੋਲਕ ਹਨ :

"ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥"

(ਸਲੋਕ ਫਰੀਦ ਜੀ) ਅੰਗ ੧੩੮੪

ਅਰਥਾਤ "ਗਰੀਬੀ ਅਖਰ ਹੈ, ਖ਼ਿਮਾ ਗੁਣ ਹੈ ਤੇ ਜੀਭ ਦੀ ਮਿਠਾਸ ਕੀਮਤੀ ਮੰਤਰ ਹੈ । ਹੇ ਭੈਣ, ਜੇ ਤੂੰ ਇਹ ਤਿੰਨੇ ਪ੍ਰਾਪਤੀਆਂ ਆਪਣੇ ਵੇਸ ਵਿਚ ਦਾਖ਼ਲ ਕਰੇਂ ਤਾਂ ਤੇਰਾ ਕੰਤ ਤੇਰੇ ਵਸ ਵਿਚ ਹੋ ਜਾਏਗਾ ।" ਭਗਤ ਕਬੀਰ ਜੀ ਵੀ ਇਕ ਦ੍ਰਿਸ਼ਟਾਂਤ ਨਾਲ ਇਉਂ ਸਮਝਾਂਦੇ ਹਨ :

"ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥"

(ਸਲੋਕ ਕਬੀਰ ਜੀ) ਅੰਗ ੧੩੭੭

ਅਰਥਾਤ "ਪਰਮਾਤਮਾ ਉਸ ਖੰਡ ਦੀ ਨਿਆਈਂ ਸਮਝੋ ਜੋ ਰੇਤ ਵਿਚ ਖਿਲਰੀ ਹੋਵੇ। ਹਾਥੀ ਉਸ ਨੂੰ ਚੁਣ ਨਹੀਂ ਸਕਦਾ, ਪਰ ਕੀੜੀ ਹੋ ਕੇ ਇਸ ਨੂੰ ਚੁਣ ਲਈਦਾ ਹੈ ।"

ਅਜਿਹਾ ਸੇਵਕ ਹੁਕਮੀ ਬੰਦਾ ਹੋ ਗਿਆ ਹੁੰਦਾ ਹੈ । ਉਹ ਰੱਬ ਦਾ ਟਹਿਲੀਆ ਤੇ ਚਾਕਰ ਹੈ । ਇਸ ਲਈ ਉਸ ਦੀ ਹਉਮੈ ਰਹਿ ਹੀ ਨਹੀਂ ਸਕਦੀ । ਉਸ ਨੇ ਪਰਮਾਤਮਾ ਨਾਲ ਇਕ ਸੁਰ ਹੋ ਕੇ ਆਪਣੀ ਸਾਰੀ ਅਪਣਤ ਨੂੰ ਖ਼ਤਮ ਕੀਤਾ ਹੁੰਦਾ ਹੈ । ਉਸ ਦਾ ਆਪਾ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਆਰੰਭ ਦੇ ਸ਼ਬਦ ਵਿਚ ਇਸ ਪ੍ਰਕਾਰ ਦੇ ਹੁਕਮੀ ਬੰਦੇ ਦਾ ਹੀ ਵਿਸ਼ੇਸ਼ ਜ਼ਿਕਰ ਇਉਂ ਕੀਤਾ ਗਿਆ ਸੀ :

"ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥"

ਇਹੋ ਬਾਤ ਇਉਂ ਦੁਹਰਾਈ ਹੈ :

"ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥"

ਅੰਗ ੧੦੦੦

ਇਸ ਤਰ੍ਹਾਂ ਦੇ ਆਦਰਸ਼ਕ ਤੇ ਸੱਚੇ ਸੇਵਕ ਦਾ ਜੀਵਨ ਨਿਸ਼ਾਨਾ ਉਸ ਪ੍ਰਮਾਤਮਾ ਦੀ ਪ੍ਰੀਤ ਨਿਬਾਹੁਣੀ ਬਣ ਗਿਆ ਹੈ । ਇਸ ਲਈ ਉਹ ਹੁਕਮੀ ਬੰਦਾ ਹੋ ਕੇ ਹੁਕਮ ਵਿਚ ਜੀਵਨ ਬਤੀਤ ਕਰਦਾ ਹੈ । ਉਸ ਨੂੰ 'ਜਿਵ ਜਿਵ ਹੁਕਮ' ਹੁੰਦਾ ਹੈ, ਤਿਵੇਂ ਤਿਵੇਂ ਉਸ ਦੀ ਕਾਰ ਹੋ ਜਾਂਦੀ ਹੈ । ਜਿਉਂ ਜਿਉਂ ਉਹ ਵਧੀਕ ਧਰਮੀ ਹੁੰਦਾ ਜਾਂਦਾ ਹੈ ਤਿਉਂ ਤਿਉਂ ਉਸ ਦਾ ਆਪਣਾ ਆਪ ਜਾਂ ਉਸ ਦੀ ਹੁਓਮੈਂ ਜਾਂ ਖੁਦੀ ਮਿਟਦੀ ਜਾਂਦੀ ਹੈ । ਮੁੜ ਹੁਕਮ ਬੁਝਣਾ ਤੇ ਉਸ ਹੁਕਮ ਨੂੰ ਮੰਨਣਾ, ਉਸ ਵਿਚ ਵਧੇਰੇ ਆਉਂਦਾ ਜਾਂਦਾ ਹੈ । ਗੁਰਮਤਿ ਅਨੁਸਾਰ ਇਹੋ ਜੀਵਨ ਦਾ ਮਨੋਰਥ ਹੈ '

"ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥"

(ਆਸਾ ਮਹਲਾ ੧) ਅੰਗ ੪੨੧

ਅਰਥਾਤ "ਜੋ ਹਰੀ ਦੇ ਹੁਕਮ ਵਿਚ ਰਹਿੰਦਾ ਹੈ ਉਹੋ ਉਸ ਦੀ ਹਜ਼ੂਰੀ ਪ੍ਰਾਪਤ ਕਰਦਾ ਹੈ ।" ਹੋਰ:

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥

(ਵਾਰ ਆਸਾ ਮਹਲਾ ੧) ਅੰਗ ੪੭੧

ਅਰਥਾਤ "ਹੁਕਮ ਮੰਨ ਕੇ ਹੀ ਪ੍ਰਵਾਨ ਚੜ੍ਹੀਦਾ ਹੈ ਅਤੇ ਹਰੀ ਦਾ ਮਹਲ ਲੱਭਦਾ ਹੈ ।" ਗੁਰੂ ਅਮਰਦਾਸ ਜੀ ਇਸੇ ਬਾਤ ਨੂੰ ਆਪਣੇ ਤਜਰਬੇ ਅਨੁਸਾਰ ਇਉਂ ਲਿਖਦੇ ਹਨ :

"ਭਾਣੇ ਜੇਵਡ ਹੋਰ ਦਾਤਿ ਨਾਹੀ ...॥

ਅਰਥਾਤ "ਇਸ ਤੋਂ ਵੱਧ ਕਿਸੇ ਲਈ ਹੋਰ ਕੋਈ ਦਾਤ ਨਹੀਂ ਕਿ ਉਸ ਦੀ ਰਜ਼ਾ ਵਿਚ ਜੀਵਨ ਗੁਜ਼ਰੇ ।"

ਇਤਿਹਾਸ ਦੱਸਦਾ ਹੈ ਕਿ ਗੁਰਗੱਦੀ ਦੀ ਮਹਾਨ ਜ਼ਿੰਮੇਵਾਰੀ ਲਈ ਵੀ ਯੋਗਤਾ ਦੀ ਪਰਖ ਭਾਵੇਂ ਛੋਟੇ ਜਿਹੇ ਦਾਇਰੇ ਵਿਚ ਹੀ ਹੁੰਦੀ ਸੀ, ਕੇਵਲ



ਇਸ ਕਸਵੱਟੀ ਨਾਲ ਕੀਤੀ ਜਾਂਦੀ ਸੀ ਕਿ ਜਿਸ ਪੁਰਸ਼ ਨੇ ਇਹ ਜ਼ਿੰਮੇਵਾਰੀ ਚੁੱਕਣੀ ਹੈ ਉਸ ਨੇ ਹੁਕਮ ਜਾਂ ਆਪਣੇ ਮਾਲਕ ਦੀ ਰਜ਼ਾ ਨੂੰ ਕਿੰਨਾ ਕੁ ਸਹੀ ਬੁਝਿਆ ਹੈ ।

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਕੰਧ ਦੀ ਉਸਾਰੀ ਤੇ ਲਾ ਦਿੱਤਾ । ਪਰ ਜਦ ਕੰਧ ਮੁਕੰਮਲ ਹੋ ਗਈ ਤਾਂ ਉਹਨਾਂ ਇਸ ਨੂੰ ਰੱਦ ਕਰਾਰ ਦੇ ਦਿਤਾ ਤੇ ਇਸ ਨੂੰ ਗਿਰਾ ਕੇ ਫਿਰ ਬਨਾਣ ਦਾ ਹੁਕਮ ਦੇ ਦਿੱਤਾ। ਇਹ ਕੰਧ ਫਿਰ ਬਣਾਈ ਗਈ ਪਰ ਫਿਰ ਅਗੇ ਵਾਂਗ ਹੀ ਢਵਾਈ ਵੀ ਗਈ। ਇਸ ਤਰ੍ਹਾਂ ਕਈ ਵਾਰ ਹੋਇਆ । ਮਾਤਾ ਸੁਲੱਖਣੀ ਜੀ ਨੂੰ ਲਹਿਣਾ ਜੀ 'ਤੇ ਤਰਸ ਆਇਆ ਤੇ ਉਹਨਾਂ ਭਾਈ ਜੀ ਨੂੰ ਪ੍ਰੇਰਿਆ ਕਿ ਉਹ ਇਸ ਤਰ੍ਹਾਂ ਦੇ ਬੇਅਰਥ ਹੁਕਮ ਮੰਨਣੋਂ ਨਾਂਹ ਕਰ ਦਿਆ ਕਰਨ । ਪਰ ਲਹਿਣਾ ਜੀ ਨੇ ਅਤੀ ਨਿਮਰਤਾ ਨਾਲ ਉੱਤਰ ਦਿੱਤਾ ਕਿ ਉਨ੍ਹਾਂ ਦਾ ਕੰਮ ਮਾਲਕ ਦੇ ਹੁਕਮ ਦੀ ਪੜਚੋਲ ਕਰਨਾ ਨਹੀਂ, ਕੇਵਲ ਉਸ ਹੁਕਮ ਦੀ ਪਾਲਣਾ ਕਰਨਾ ਹੈ । ਨਹੀਂ ਤਾਂ ਹੁਕਮ ਬੁਝਿਆ ਨਹੀਂ ਜਾ ਸਕਦਾ । ਗੁਰਗੱਦੀ ਤੇ ਬਿਰਾਜਮਾਨ ਹੋ ਕੇ ਉਨ੍ਹਾਂ ਨਿਜੀ ਤਜਰਬਾ ਇੰਜ ਦੱਸਿਆ ਸੀ :

"ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥"

(ਵਾਰ ਆਸਾ ਮਹਲਾ ੨) ਅੰਗ ੪੭੪

ਅਰਥਾਤ "ਜੋ ਪੁਰਸ਼ ਆਪਣੇ ਮਾਲਕ ਨੂੰ ਸਲਾਮ ਕਰਦਾ ਹੈ ਪਰ ਉਸ ਨੂੰ ਜਵਾਬ ਵੀ ਦਿੰਦਾ ਰਹਿੰਦਾ ਹੈ, ਉਹ ਮੂਲੋਂ ਹੀ ਖੁੰਝਿਆ ਪਿਆ ਹੈ।"

ਹੋਰ : "ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥

ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥"

(ਵਾਰ ਆਸਾ ਮਹਲਾ ੨) ਅੰਗ ੪੭੪

ਅਰਥਾਤ : "ਜੋ ਪੁਰਸ਼ ਆਪਣੇ ਮਾਲਿਕ ਦੇ ਕਿਸੇ ਇਕ ਹੁਕਮ ਨੂੰ ਚੰਗਾ ਕਰਕੇ ਮੰਨਦਾ ਹੈ ਤੇ ਕਿਸੇ ਦੂਜੇ ਨੂੰ ਮੰਦਾ, ਉਹ ਅਜੇ ਹਿਸਾਬਾਂ ਵਿਚ ਹੈ । ਇਸ ਲਈ ਉਹ ਆਪਣੇ ਮਾਲਕ ਦਾ ਪੂਰਾ ਪ੍ਰੇਮੀ ਨਹੀ ।"

ਬਾਬਾ ਸ੍ਰੀ ਚੰਦ ਜੀ ਬੇਸ਼ੱਕ ਬੜੇ ਤਿਆਗੀ ਸਾਧੂ ਸਨ, ਪਰ ਹੁਕਮ

ਉਨ੍ਹਾਂ ਵੀ ਨਹੀਂ ਸੀ ਬੁਝਿਆ । ਮੋਹਰੀ ਜੀ ਵਿਚ ਵੀ ਇਹ ਵੱਡੀ ਕਸਰ ਸੀ ਤੇ ਮਹਾਂਦੇਵ ਜੀ ਵੀ ਏਥੋਂ ਹੀ ਉਕੇ ਸਨ । ਪਰ ਜੋ ਇਸ ਕਸਵੱਟੀ 'ਤੇ ਪੂਰਾ ਉਤਰਿਆ ਉਹੋ ਪੂਰਨ ਗਿਣਿਆ ਗਿਆ । ਗੁਰੂ ਸਾਹਿਬ ਨੇ ਸਿੱਖਾਂ ਦੀਆਂ ਜ਼ਿੰਦਗੀਆਂ ਏਸੇ ਇਕ ਟਕਸਾਲ 'ਤੇ ਘੜੀਆਂ ਸਨ । ਭਾਈ ਭਿਖਾਰੀ ਵਰਗੇ ਸਿੱਖ ਪੈਦਾ ਕੀਤੇ ਸਨ, ਜਿਨ੍ਹਾਂ ਹੁਕਮੀ ਬੰਦੇ ਦਾ ਅਦੁੱਤੀ ਨਮੂਨਾ ਬਣ ਕੇ ਵਿਖਾਇਆ ਸੀ । ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਮਨੀ ਸਿੰਘ, ਭਾਈ ਸੁਬੇਗ ਸਿੰਘ ਆਦਿਕ ਨੇ ਦੁਨੀਆਂ ਨੂੰ ਦੰਗ ਕਰ ਦਿੱਤਾ ਸੀ ਕਿ ਸੱਚੇ ਆਸ਼ਕ ਕੌਣ ਹੁੰਦੇ ਹਨ । ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਹੁਕਮੀ ਸੇਵਕ ਦੀਆਂ ਆਦਰਸ਼ਕ ਮਿਸਾਲਾਂ ਬਣਕੇ ਵਿਖਾਇਆ ਸੀ। ਜਿਵੇਂ ਸਰੀਰ ਦੇ ਭਾਵੇਂ ਕਈ ਅੰਗ ਹੁੰਦੇ ਹਨ ਤੇ ਉਨ੍ਹਾਂ ਦੇ ਕੰਮ ਵੀ ਆਪਣੇ ਆਪਣੇ ਹਨ, ਪਰ ਜੇ ਕੋਈ ਅੰਗ ਸਰੀਰ ਨਾਲ ਮਿਲ ਕੇ ਨਾ ਚਲੇ ਤਾਂ ਇਸ ਦਾ ਨਤੀਜਾ ਦੁਖ, ਕਸ਼ਟ ਜਾਂ ਬੀਮਾਰੀ ਨਿਕਲਦਾ ਹੈ ਤੇ ਮਿਲ ਕੇ ਚਲਣ ਨਾਲ ਸੁਖ ਹੀ ਸੁਖ ਹੋ ਜਾਂਦਾ ਹੈ । ਇਸੇ ਤਰ੍ਹਾਂ ਸਾਰੇ ਜਗਤ ਵਿਚ ਵਰਤ ਰਹੇ ਪ੍ਰਮਾਤਮਾ ਦੇ ਅਟੱਲ ਹੁਕਮ ਅਨਸਾਰ ਇਕਸੁਰ ਹੋ ਕੇ ਤੁਰਨਾ ਹੀਸਫਲ ਜੀਵਨ ਦੀ ਜ਼ਰੂਰੀ ਸ਼ਰਤ ਹੈ, ਨਹੀਂ ਤਾਂ ਕਸ਼ਟ ਤੇ ਦੁਖ ਟਲ ਨਹੀਂ ਸਕਦੇ। ਇਸ ਦਾ ਭਾਵ ਇਹ ਹੈ ਕਿ ਮਨੁੱਖਾ ਜੀਵਨ ਦਾ ਮਨੋਰਥ ਹੁਕਮੀ ਜੀਵਨ ਪ੍ਰਾਪਤ ਕਰਨਾ ਹੈ । ਇਸ ਹੁਕਮੀ ਜੀਵਨ ਦੇ ਦੋ ਅੰਗ ਹੁੰਦੇ ਹਨ : ਇਕ ਹੁਕਮ ਨੂੰ ਬੁਝਣਾ ਤੇ ਇਕ ਹੁਕਮ ਨੂੰ ਮੰਨਣਾ । ਗੁਰਬਾਣੀ ਵਿਚ ਇਨ੍ਹਾਂ ਦੋਹਾਂ ਅੰਗਾਂ ਦਾ ਜ਼ਿਕਰ ਆਉਂਦਾ ਹੈ । ਸਮਝਣ ਸਮਝਾਣ ਲਈ ਅਸੀਂ ਦੋਹਾਂ ਬਾਬਤ ਕੁਝ ਤੁਕਾਂ ਦੇਂਦੇ ਹਨ :-

(੧) "ਆਗਿਆ ਮਾਨਿ ਜਾਨਿ ਸੁਖੁ ਪਾਇਆ...ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥"

(ਨਟ ਮਹਲਾ ੫) ਅੰਗ ੯੭੮

ਅਰਥਾਤ "ਆਗਿਆ (ਹੁਕਮ)) ਬੁਝ ਕੇ, ਹੁਕਮ ਮੰਨ ਕੇ ਅਸਾਂ ਸੁਖ ਪ੍ਰਾਪਤ ਕਰ ਲਿਆ ਹੈ ।"

ਏਥੇ ਇਕ ਆਗਿਆ ਤਾਂ ਜਾਨਣੀ ਹੈ ਤੇ ਇਕ ਆਗਿਆ ਮੰਨਣੀ ਦਸੀ ਗਈ ਹੈ।



ਹੋਰ : "ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥"

(ਗਉੜੀ ਮਹਲਾ ੫) ਅੰਗ ੨੫੬

ਏਥੇ ਹੁਕਮ ਨੂੰ ਕੇਵਲ ਬੁਝਣ ਦਾ ਜ਼ਿਕਰ ਹੈ ।

ਹੋਰ : "ਹੁਕਮਿ ਮੰਨਿਐ ਹੋਵੈ ਪਰਵਾਣੁ .........॥"

(ਵਾਰ ਆਸਾ ਮਹਲਾ ੫) ਅੰਗ ੪੭੧

ਇਸ ਤੁਕ ਵਿਚ ਹੁਕਮ ਮੰਨਣ ਦੀ ਹਦਾਇਤ ਹੈ ।

(੨) "ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥"

(ਜਪੁ ਜੀ ਪਉੜੀ ੨, ਗੁਰੂ ਨਾਨਕ)

ਉਤਲੀਆਂ ਤੁਕਾਂ ਤੋਂ ਪ੍ਰਗਟ ਹੈ ਕਿ ਹੁਕਮੀ ਬੁਝਣਾ ਜਾਂ ਪਛਾਨਣਾ ਅਤੇ ਹੁਕਮ ਮੰਨਣਾ ਦੋ ਭਿੰਨ ਭਿੰਨ ਵਿਚਾਰ ਹੋ ਸਕਦੇ ਹਨ ਤੇ ਇਹਨਾਂ ਦੇ ਪ੍ਰਸਪਰ ਫ਼ਰਕ ਨ ਸਮਝ ਕੇ ਹੁਕਮ ਜਾਂ ਭਾਣੇ ਨੂੰ ਮਹਦੂਦ ਜਹੇ ਅਰਥਾਂ ਵਿਚ ਲਿਆ ਜਾ ਸਕਦਾ ਹੈ । ਪ੍ਰਚੱਲਤ ਖ਼ਿਆਲ ਇਹ ਹੈ ਕਿ ਜੇ ਕੋਈ ਕਸ਼ਟ ਆ ਪਵੇ ਜਾਂ ਧਨ ਬਰਬਾਦ ਹੋ ਜਾਏ, ਜਾਂ ਕੋਈ ਸਨਬੰਧੀ ਮਾਰਿਆ ਜਾਏ ਜਾਂ ਘਰ ਵਿਚ ਬੀਮਾਰੀ ਪੈ ਜਾਏ, ਤਾਂ ਇਸ ਨੂੰ ਰੱਬ ਦਾ ਹੁਕਮ ਸਮਝ ਕੇ ਇਸ ਅਗੇ ਸਿਰ ਝੁਕਾ ਦੇਣਾ, ਇਹ ਹੀ ਉਸ ਦਾ ਹੁਕਮ ਮੰਨਣਾ ਹੈਮਤੇ ਅਗਾਂਹ ਬਸ। ਪਰ ਇਹ ਖ਼ਿਆਲ ਇਕ ਹਦ ਤਕ ਹੀ ਠੀਕ ਹੈ । ਇਸ ਵਿਚ ਸ਼ੱਕ ਨਹੀਂ ਕਿ ਇਸ ਤਰ੍ਹਾਂ ਆਤਮਾ ਨੂੰ ਸ਼ਾਂਤੀ ਤੇ ਸਬਰ ਸੰਤੋਖ ਜ਼ਰੂਰ ਮਿਲ ਜਾਂਦੇ ਹਨ। ਸਮੁੱਚੇ ਤੌਰ 'ਤੇ ਸਿਆਣਪ ਵੀ ਏਸੇ ਵਿਚ ਹੈ ਕਿ ਜਿਸ ਘਟਨਾ ਨੂੰ ਟਾਲਿਆ ਨਹੀਂ ਜਾ ਸਕਦਾ, ਉਸ ਬਾਬਤ ਦੁਖੀ ਹੋਣਾ ਜਾਂ ਸ਼ਿਕਵਾ ਸ਼ਿਕਾਇਤ ਕਰਨਾ ਬੇਅਰਥ ਹੈ । ਗੁਰੂ ਅਰਜਨ ਦੇਵ ਜੀ ਸਮਝਾਂਦੇ ਹਨ :

"ਜਿਸੁ ਠਾਕੁਰੁ ਸਿਉ ਨਾਹੀ ਚਾਰਾ ॥

ਤਾ ਕਉ ਕੀਜੈ ਸਦ ਨਮਸਕਾਰਾ ॥"

(ਗਉੜੀ ਸੁਖਮਨੀ ਮਹਲਾ ੫) ਅੰਗ ੨੬੮

ਅਰਥਾਤ "ਜਿਸ ਮਾਲਕ ਦੇ ਸਾਹਮਣੇ ਕੋਈ ਚਾਰਾ ਨਹੀਂ ਚਲਦਾ ਉਸ ਅਗੇ, ਉਸ ਦੇ ਹੁਕਮ ਅੱਗੇ ਸਿਰ ਝੁਕਾ ਦੇਣਾ ਚਾਹੀਦਾ ਹੈ ।"

ਇਹ ਮਾਨਸਿਕ ਦਸ਼ਾ ਇਸ ਪੱਖੋਂ ਤਾਂ ਚੰਗੀ ਹੈ, ਪਰ ਇਸ ਤੋਂ ਬਹੁਤ ਵੱਡੀ ਦਸ਼ਾ ਹੋਰ ਹੋ ਸਕਦੀ ਹੈ । ਉਹ ਇਹ ਹੈ ਕਿ ਉਸ ਦੇ ਹੁਕਮ ਨੂੰ ਪਹਿਲਾਂ ਬੁਝ ਕੇ ਉਸ ਅਨੁਸਾਰ ਸਾਰਾ ਜੀਵਨ ਬਣਾਇਆ ਜਾਏ । ਅਰਥਾਤ ਹੁਕਮੀ ਸੇਵਕ ਹੋ ਕੇ ਜੀਵਨ ਤੋਰਿਆ ਜਾਏ । ਜੇ ਇਹ ਹੋ ਜਾਏ ਤਾਂ ਇਸ ਦਾ ਕੁਦਰਤੀ ਨਤੀਜਾ ਇਹ ਆਪੇ ਹੀ ਹੋ ਜਾਣਾ ਹੋਇਆ ਕਿ ਹਰ ਘਟਨਾ ਰੱਬ ਵੱਲੋਂ ਹੋਈ ਮੰਨ ਕੇ ਉਸ ਨੂੰ ਪਰਵਾਣ ਕਰ ਲਿਆ ਜਾਏ । ਜਦ ਆਪਣਾ ਆਪ ਹੀ ਮਿਟ ਗਿਆ ਤਾਂ ਖੇਦ ਕਿਸ ਗੱਲ ਦਾ ਹੋਇਆ ? ਸੁਖਾਂ ਦੁਖਾਂ ਨੂੰ ਮੁੜ ਸਮਾਨਤਾ ਦੀ ਨਜ਼ਰ ਨਾਲ ਵੇਖਣ ਦਾ ਸੁਭਾਵਕ ਆਦੀ ਹੋ ਜਾਈਦਾ ਹੈ। ਪਰ ਸਮਝਣ ਵਾਲੀ ਬਾਤ ਇਹ ਹੈ ਕਿ ਉਸ ਹੁਕਮ ਨੂੰ ਇਨ੍ਹਾਂ ਚੌੜੇ ਅਰਥਾਂ ਵਿਚ ਕੋਈ ਬੁਝੇ ਕਿਵੇਂ ? ਇਹ ਕਿਵੇਂ ਪਤਾ ਲੱਗੇ ਕਿ ਉਸ ਦਾ ਇਹ ਹੁਕਮ ਹੈ ਤੇ ਇਹ ਨਹੀਂ ਹੈ ? ਪਰਮਾਤਮਾ ਨਿਰਾਕਾਰ ਹੈ ਤੇ ਆਪਣਾ ਹੁਕਮ ਬੋਲ ਕੇ ਹੀ ਤਾਂ ਦੱਸਦਾ ਨਹੀਂ । ਫਿਰ ਹੁਕਮ ਬੁਝਣਾ ਕੀ ਹੋਇਆ ? ਇਸ ਦਾ ਉੱਤਰ ਜੁਪਜੀ ਵਿਚ ਕੁਝ ਇਉਂ ਦਿਤਾ ਗਿਆ ਹੈ :

"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥"

ਅਰਥਾਤ "ਉਸ ਦੇ ਹੁਕਮ ਵਿਚ ਰਹਿਣ ਦੀ ਸੂਝ ਆਪਣੇ ਅੰਦਰੋਂ ਹੋ ਜਾਂਦੀ ਹੈ ਕਿਉਂਕਿ ਇਹ ਆਪਣੇ ਨਾਲ ਹੀ ਲਿਖਿਆ ਹੁੰਦਾ ਹੈ ।"

ਇਸ ਦਾ ਭਾਵ ਤਾਂ ਇਹ ਹੈ ਕਿ ਉਸ ਦੇ ਹੁਕਮ ਦਾ ਪ੍ਰਕਾਸ਼ ਸਭ ਦੇ ਅੰਦਰ ਹੀ ਹੈ, ਕਿਉਂਕਿ ਉਹ ਆਪ ਸਭ ਦੇ ਅੰਦਰ ਵਸ ਰਿਹਾ ਹੈ । ਮਨੁੱਖੀ ਆਤਮਾ, ਮਨ, ਤਨ ਤੇ ਭਾਵਾਂ ਵਿਚ ਉਸ ਦਾ ਹੁਕਮ ਉਕਰਿਆ ਹੋਇਆ ਹੈ। ਹਰ ਮਨੁੱਖ ਦੇ ਅੰਦਰ ਉਸ ਰੱਬ ਦੀ ਜੋਤ ਹੈ ਜੋ ਉਸ ਦੇ ਹੁਕਮ ਦਾ ਪਤਾ ਦੇਂਦੀ ਹੈ ਤੇ ਜਿਸ ਨੂੰ ਅੰਦਰ ਦੀ ਆਵਾਜ਼ ਕਿਹਾ ਜਾਂਦਾ ਹੈ । ਆਪਣੇ ਨਿਰੋਲ ਰੂਪ ਵਿਚ ਹਰ ਮਨੁੱਖ ਦੀ ਸ਼ੁਧ ਆਤਮਾ ਤੋਂ ਉਸ ਦੇ ਹੁਕਮ ਦਾ ਪਤਾ ਲੱਗਣਾ ਚਾਹੀਦਾ ਹੈ । ਪਰ ਇਸ ਵਿਚ ਸ਼ੱਕ ਨਹੀਂ ਕਿ ਇਸ ਅੰਦਰ ਦੀ ਜੋਤ ਦਾ ਪ੍ਰਕਾਸ਼ ਕਈ ਵਾਰ ਮੱਧਮ ਪੈ ਜਾਂਦਾ ਹੈ । ਇਸ ਦਾ ਕਾਰਨ ਹਉਮੈ ਹੈ। ਗੁਰੂ ਅਮਰਦਾਸ ਇਸ ਕਾਰਨ ਨੂੰ ਵੀ ਦੱਸਦੇ ਹਨ :

"ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥"

(ਵਡਹੰਸ ਮਹਲਾ ੩) ਅੰਗ ੫੬੦



ਅਰਥਾਤ "ਹਉਮੈ ਵਿਚ ਕਿਉਂਕਿ ਭਗਤੀ ਹੋ ਨਹੀਂ ਸਕਦੀ, ਇਸ ਲਈ ਹੁਕਮ ਬੁਝਿਆ ਨਹੀਂ ਜਾ ਸਕਦਾ ।"

ਹੋਰ : "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥"

(ਵਡਹੰਸ ਮਹਲਾ ੩, ਅੰਗ ੫੬੦)

ਅਰਥਾਤ "ਨਾਮੀ ਪਰਮਾਤਮਾ ਅਤੇ ਹਉਮੈਂ ਦਾ ਪ੍ਰਸਪਰ ਵਿਰੋਧ ਹੈ, ਦੋਵੇਂ ਇਕੋ ਦਿਲ ਵਿਚ ਵਸ ਨਹੀਂ ਸਕਦੇ ।" ਗੁਰੂ ਨਾਨਕ ਦੇਵ ਵੀ ਹੁਕਮ ਬੁਝ ਲੈਣ ਨੂੰ ਇਉਂ ਪੇਸ਼ ਕਰਦੇ ਹਨ :

"ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥"

(ਗੁਰੂ ਨਾਨਕ-ਜਪੁ ਜੀ)

ਅਰਥਾਤ "ਜੋ ਪੁਰਸ਼ ਹੁਕਮ ਨੂੰ ਬੁਝ ਲੈਂਦਾ ਹੈ ਫਿਰ ਉਹ ਹਉਮੈਂ ਵਿਚ ਨਹੀਂ ਹੁੰਦਾ ।"

ਜੋ ਪੁਰਸ਼ ਖੁਦੀ ਮੇਟ ਦਿੰਦਾ ਹੈ ਉਸਦੀ ਜੋਤਿ ਜਗ ਪੈਂਦੀ ਹੈ ਤੇ ਉਹ ਸੁਤੇ ਹੀ ਹੁਕਮ ਬੁਝਦਾ ਹੈ । ਫਿਰ ਉਹ ਹੁਕਮੀ ਬੰਦਾ ਹੋ ਗਿਆ ਹੁੰਦਾ ਹੈ । ਇਹ ਸਭ ਵਿਚਾਰ ਅਪਨੇ ਅਪਨੇ ਥਾਂ ਠੀਕ ਹਨ ਪਰ ਹੁਕਮ ਨੂੰ ਬੁਝ ਲੈਣਾ ਆਸਾਨ ਨਹੀਂ । ਇਹ ਕਮਾਈ ਮੰਗਦਾ ਹੈ, ਹਉਮੈਂ ਉਤੇ ਨਾਮ ਦੁਆਰਾ ਫਤਹਿ ਪਾਣੀ ਪੈਂਦੀ ਹੈ । ਵੇਖੋ, ਜਪੁ ਜੀ ਦੀਆਂ ਪਉੜੀਆਂ ਇਕ ਤੋਂ ਚਾਰ ਤਕ ।

ਉਂਝ ਇਸ ਜੋਤ ਨੂੰ ਜਗਾਨ ਦਾ ਇਕ ਹੋਰ ਪ੍ਰਬੰਧ ਵੀ ਹੈ ਤੇ ਉਹ ਇਹ ਹੈ ਕਿ ਜਿਨ੍ਹਾਂ ਮਹਾਂਪੁਰਸ਼ਾਂ ਨੇ ਉਸ ਦੇ ਹੁਕਮ ਨੂੰ ਜਾਣਿਆ ਹੈ ਭਾਵ ਜਿਨ੍ਹਾਂ ਦੇ ਪਵਿਤ੍ਰ ਸ਼ੀਸ਼ੇ ਵਰਗੇ ਦਿਲਾਂ 'ਤੇ ਉਸ ਦੇ ਹੁਕਮ ਦਾ ਅਕਸ ਪਿਆ ਹੈ ਉਹਨਾਂ ਦੇ ਦੱਸੇ ਰਾਹ ਅਨੁਸਾਰ ਅਪਨੇ ਜੀਵਣ ਨੂੰ ਵੀ ਤੋਰਨਾ । ਭਾਵ ਇਹ ਹੈ ਕਿ ਉਹਨਾਂ ਮਹਾਂਪੁਰਸ਼ਾਂ ਦੀ ਆਗਿਆ ਵਿਚ ਜੀਵਨ ਰੌਂ ਨੂੰ ਚਲਾਣਾ, ਇਹ ਵੀ ਉਸ ਪਰਮਾਤਮਾ ਦਾ ਹੁਕਮ ਬੁਝ ਕੇ ਉਸ ਦੀ ਆਗਿਆ ਵਿਚ ਤੁਰਨ ਦੇ ਤੁਲ ਹੋ ਜਾਂਦਾ ਹੈ । ਗੁਰੂ ਅਜਿਹਾ ਮਹਾਂਪੁਰਸ਼ ਹੈ ਜਿਸ ਦੇ 'ਸ਼ਬਦ' ਦਵਾਰਾ ਹਰੀ ਦਾ ਹੁਕਮ ਪ੍ਰਗਟ ਹੋਇਆ ਹੁੰਦਾ ਹੈ । ਇਸ ਲਈ ਉਸ ਦੇ 'ਸ਼ਬਦ' ਨੂੰ ਵੀ ਹਰੀ ਦਾ ਹੁਕਮ ਸਮਝਿਆ ਜਾ ਸਕਦਾ ਹੈ । ਗੁਰੂ ਨਾਨਕ ਦੇਵ ਇਸ ਨੂੰ

ਇਉਂ ਪੇਸ਼ ਕਰਦੇ ਹਨ :

"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥"
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥"

(ਵਾਰ ਆਸਾ ਮਹਲਾ ੧ ਅੰਗ ੪੬੬)

ਅਰਥਾਤ "ਹਉਮੈ ਚੰਦਰਾ ਰੋਗ ਜ਼ਰੂਰ ਹੈ ਪਰ ਦਾਰੂ ਭੀ ਇਸ ਦੇ ਅੰਦਰ ਹੀ ਹੈ । ਜੇ ਗੁਰੂ ਦੀ ਕ੍ਰਿਪਾ ਨਾਲ ਗੁਰੂ ਦੀ ਅਗਵਾਈ ਵਿਚ ਹੋ ਕੇ ਸ਼ਬਦ ਦੀ ਕਮਾਈ ਕੀਤੀ ਜਾਏ ਤਾਂ, ਹੇ ਸੰਤ ਜਨੋ, ਇਸ ਹਉਮੈਂ ਦਾ ਦੁੱਖ ਮੁੱਕ ਜਾਂਦਾ ਹੈ (ਤੇ ਇਸ ਕਾਰਨ ਹੁਕਮ ਬੁਝਿਆ ਜਾਂਦਾ ਹੈ )।"

ਸੋ, ਇਹ ਵੀ ਕਮਾਈ ਮੰਗਦੀ ਹੈ । ਸ਼ਬਦ ਦੀ ਕਮਾਈ ਨਾਲ ਹੀ ਹਉਮੈਂ ਕਟੀਦੀ ਹੈ ਤੇ ਜੋਤ ਜਗਦੀ ਹੈ । ਜਿਉਂ ਜਿਉਂ ਹਿਰਦਾ ਰੂਪ ਸ਼ੀਸ਼ਾ ਸਾਫ਼ ਹੁੰਦਾ ਜਾਏਗਾ ਤਿਉਂ ਤਿਉਂ ਉਸ ਹਰੀ ਦੀ ਰਜ਼ਾ ਨੂੰ ਸਾਫ਼ ਸਾਫ਼ ਵੇਖਿਆ ਜਾ ਸਕੇਗਾ । ਸਿਧਾਂ ਨੂੰ ਵੀ ਇਸ ਕਿਸਮ ਦਾ ਤੌਖਲਾ ਹੋਇਆ ਸੀ ਤੇ ਉਹਨਾਂ ਗੁਰੂ ਜੀ ਤੋਂ ਇਸ ਪ੍ਰਕਾਰ ਪੁੱਛਿਆ ਸੀ—'ਜਿਸ ਹੁਕਮ ਦਾ ਤੁਸੀਂ ਬਾਰ ਬਾਰ ਜ਼ਿਕਰ ਕਰਦੇ ਹੋ ਉਸ ਹੈ ਕੀ?'

ਗੁਰੂ ਮਹਾਰਾਜ ਦਾ ਹੇਠਾਂ ਦਿੱਤਾ ਉੱਤਰ ਵਿਚਾਰਨ ਵਾਲਾ ਹੀ ਹੈ:

**"ਹੁਕਮ ਬਿਸਮਾਦੁ ਹੁਕਮਿ ਪਛਾਣੈ ਜੀਅ ਜਗੁਤਿ ਸਚੁ ਜਾਣੈ ਸੋਈ ॥"**

**(ਰਾਮਕਲੀ ਗੋਸਟਿ ਮਹਲਾ ੧, ਅੰਗ ੯੪੦**

ਅਰਥਾਤ "ਹੁਕਮ ਅਸਚਰਜ (ਧਿਆਨ ਤੋਂ ਬਾਹਰ) ਹੈ, ਪਰ ਹੁਕਮ ਵਿਚ ਤੁਰਿਆਂ ਹੀ ਇਸ ਹੁਕਮ ਦੀ ਪਛਾਣ ਹੁੰਦੀ ਹੈ ਤੇ ਫਿਰ ਸੱਚ ਰੂਪ ਜੀਵਨ ਜੁਗਤ ਲੱਭ ਜਾਂਦੀ ਹੈ ।"

ਹੁਕਮ ਕਿਉਂਕਿ ਅਸਚਰਜ ਹੈ, ਇਸ ਨੂੰ ਨਿਰੀਆਂ ਗੱਲਾਂ ਨਾਲ ਦਸਿਆ ਨਹੀਂ ਜਾ ਸਕਦਾ, ਇਸ ਦੀ ਸਮਝ ਦਾ ਤੁਅੱਲਕ ਅਮਲ ਨਾਲ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

"…..ਹੁਕਮੁ ਨ ਕਹਿਆ ਜਾਈ ॥" (ਜਪੁ ਜੀ, ਗੁਰੂ ਨਾਨਕ)



ਇਸ ਲਈ ਹੁਕਮ ਵਿਚ ਤੁਰਿਆਂ ਹੀ ਹੁਕਮ ਦੀ ਸਮਝ ਆਂਵਦੀ ਹੈ ਤੇ ਜੀਵਨ ਜੁਗਤ ਲੱਭਦੀ ਹੈ । ਆਪੇ ਨੂੰ ਪ੍ਰਮਾਤਮਾ ਰੂਪ ਗੁਰੂ ਦੀ ਮੁਕੰਮਲ ਤਾਬੇਦਾਰੀ ਅੰਦਰ ਲਿਆਉਣਾ ਪੈਂਦਾ ਹੈ । ਗੁਰੂ ਦੇ ਹਵਾਲੇ ਪੂਰਨ ਤੌਰ 'ਤ ਹੋ ਕੇ ਆਪੇ ਨੂੰ ਖ਼ਤਮ ਹੀ ਕਰ ਦੇਣਾ ਹੁੰਦਾ ਹੈ ਅਰਥਾਤ ਉਸ ਦਾ ਹਥਿਆਰ ਬਣ ਕੇ ਜਿਵੇਂ ਜਿਵੇਂ ਉਹ ਚਲਾਏ ਤਿਵੇਂ ਤਿਵੇਂ ਚਲਣਾ ਹੁੰਦਾ ਹੈ । ਇਸ ਮੁਕੰਮਲ ਤਾਬੇਦਾਰੀ ਤੋਂ ਫਿਰ ਸਾਰੇ ਕੰਮ ਸੁਤੇ ਹੀ ਹੁਕਮ ਅਨੁਸਾਰ ਹੁੰਦੇ ਰਹਿੰਦੇ ਹਨ, ਜਿਵੇਂ ਗੁਰੂ ਅਰਜਨ ਦੇਵ ਇਉਂ ਤਸੱਲੀ ਨਾਲ ਦੱਸਦੇ ਹਨ :

**"ਜੇਤਾ ਬੋਲਣੁ ਤੇਤਾ ਗਿਆਨੈ ॥"**
**"ਜੇਤਾ ਸੁਨਣਾ ਤੇਤਾ ਨਾਮੁ ॥**
**ਜੇਤਾ ਪੇਖਨੁ ਤੇਤਾ ਧਿਆਨੁ ॥"**

(ਗਉੜੀ ਮਹਲਾ ੫, ਅੰਗ ੨੩੬)

ਅਰਥਾਤ "ਜੋ ਵੀ ਉਹ (ਹੁਕਮੀ ਬੰਦਾ) ਬੋਲਦਾ ਹੈ ਗਿਆਨ ਹੈ, ਜੋ ਵੇਖਦਾ ਹੈ ਧਿਆਨ ਹੈ ਤੇ ਜੋ ਸੁਣਦਾ ਹੈ ਨਾਮ ਹੈ ।"

ਹੁਕਮੀ ਬੰਦਾ ਤਾਂ ਖ਼ੁਦ ਇਕ ਰੱਬੀ ਵਿਸਮਾਦ ਹੈ । ਉਸਦੀ ਅਤੇ ਉਸ ਦੇ ਕੰਮਾਂ ਦੀ ਸਮਝ ਹੀ ਨਹੀਂ ਪੈਂਦੀ ਕਿਉਂਕਿ ਉਸਨੇ ਆਪਣੇ ਹੱਥ ਵਿਚ ਕੁਝ ਰਖਿਆ ਹੀ ਨਹੀਂ ਹੁੰਦਾ । ਉਹ ਆਪਣੇ ਮਾਲਕ ਦੇ ਹੱਥਾਂ ਵਿਚ ਹੁੰਦਾ ਹੈ ਤੇ ਜਿਵੇਂ ਉਹ ਉਸ ਨੂੰ ਚਲਾਂਦਾ ਹੈ ਤਿਵੇਂ ਉਹ ਚਲਦਾ ਹੈ । ਉਹ ਕਿਸੇ ਵੇਲੇ ਸੇਵਕ ਦੇ ਰੂਪ ਵਿਚ ਵਿਚਰਦਾ ਹੈ ਪਰ ਕਦੇ ਕਦੇ ਚੁਪ ਕਰਕੇ ਲਾਂਭੇ ਬੈਠਾ ਹੁਕਮ ਦੀ ਉਡੀਕ ਕਰ ਰਿਹਾ ਹੁੰਦਾ ਹੈ । ਉਹ ਕਦੇ ਸ਼ਹੀਦੀ ਪਾਣ ਲਈ ਤਿਆਰੀਆਂ ਵਿਚ ਲੱਗਾ ਹੈ ਤੇ ਕਦੇ ਲੰਮੀਆਂ ਪ੍ਰਚਾਰ ਸਕੀਮਾਂ ਬਣਾ ਰਿਹਾ ਹੈ। ਕਦੇ ਸਾਲ-ਹਾ-ਸਾਲ ਦੀਆਂ ਲੰਮੀਆਂ ਮਿਹਨਤਾਂ ਨਾਲ ਸਾਹਿਤ ਤਿਆਰ ਕਰ ਰਿਹਾ ਹੈ ਅਤੇ ਕਦੇ ਕਦਾਈਂ ਸ਼ਸਤਰਧਾਰੀ ਹੋ ਕੇ ਰਣ ਵਿਚ ਵਿਰੋਧੀਆਂ ਦੇ ਆਹੂ ਲਾਂਹਦਾ ਹੋਇਆ ਬੜੇ ਭਿਆਨਕ ਰੂਪ ਵਿਚ ਵੀ ਹੋ ਜਾਂਦਾ ਹੈ । ਮੁੱਕਦੀ ਗੱਲ ਇਹ ਹੈ ਕਿ ਉਹ ਸਦਾ ਅੰਦਰ ਵਸਦੇ ਰੱਬ ਦੀ ਅਵਾਜ਼ ਸੁਣਦਾ ਹੈ ਤੇ ਉਸ ਅਨੁਸਾਰ ਚਲਦਾ ਹੈ । ਸੱਚ-ਮੁੱਚ ਹੁਕਮ ਵਿਸਮਾਦ ਹੈ ਪਰ ਇਸ ਦੀ ਸਮਝ ਤੇ ਇਸ ਦਾ ਅਨੰਦ ਹੁਕਮ ਵਿਚ ਚਲਿਆਂ ਹੀ ਆਉਂਦਾ ਹੈ ।

ਏਥੇ, ਇਕ ਹੋਰ ਬਾਤ ਜ਼ਿਕਰ ਯੋਗ ਹੋ ਗਈ ਹੈ । ਇਕ ਪਾਸੇ ਮਹਾਰਾਜ ਕਹਿੰਦੇ ਹਨ ਕਿ ਹੁਕਮ ਨੂੰ ਬੁਝ ਕੇ ਉਸ ਨੂੰ ਮੰਨਣਾ ਤੇ ਉਸ ਅਨੁਸਾਰ ਤੁਰਨਾ ਚਾਹੀਦਾ ਹੈ ਤੇ ਦੂਜੇ ਪਾਸੇ ਕਹਿੰਦੇ ਹਨ ਕਿ ਹੁਕਮ ਨੂੰ ਮੰਨ ਕੇ ਤੇ ਉਸ ਅੁਨਸਾਰ ਤੁਰ ਕੇ ਹੀ ਹੁਕਮ ਬੁਝਣਾ ਹੁੰਦਾ ਹੈ, ਇਹ ਦੋਵੇਂ ਖ਼ਿਆਲ ਪ੍ਰਸਪਰ ਵਿਰੋਧੀ ਨਹੀਂ ਹਨ । ਜਿਵੇਂ ਕੋਈ ਉਸਤਾਦ ਆਪਣੇ ਸ਼ਾਗਿਰਦ ਨੂੰ ਇਕ ਸਮੇਂ ਕਹਿੰਦਾ ਹੈ ਕਿ ਕਿਸ ਕਾਇਦੇ ਨੂੰ ਸਮਝ ਕੇ ਹੀ ਸਵਾਲ ਹੱਲ ਕੀਤੇ ਜਾ ਸਕਦੇ ਹਨ ਤੇ ਫਿਰ ਦੂਜੇ ਸਮੇਂ ਉਹ ਇਹ ਕਹਿ ਦਿੰਦਾ ਹੈ ਕਿ ਸਵਾਲਾਂ ਦੀ ਮਸ਼ਕ ਕੀਤਿਆਂ ਹੀ ਇਹ ਕਾਇਦਾ ਚੰਗੀ ਤਰ੍ਹਾਂ ਸਮਝ ਵਿਚ ਆ ਸਕੇਗਾ ।ਇਨ੍ਹਾਂ ਦੋਹਾਂ ਬਾਤਾਂ ਵਿਚ ਕੋਈ ਪ੍ਰਸਪਰ ਵਿਰੋਧ ਨਹੀਂ, ਸਗੋਂ ਦੋਵੇਂ ਬਾਤਾਂ ਇਕੱਠੀਆਂ ਚਲਦੀਆਂ ਹਨ । ਜਿਨ੍ਹਾਂ ਨੂੰ ਸ਼ਬਦ ਦੀ ਕਮਾਈ ਨਾਲ ਜੀਵਨ ਜੁਗਤ ਲੱਭ ਜਾਂਦੀ ਹੈ ਉਹਨਾਂ ਤੋਂ ਮੁੜ ਸਹਜ ਸੁਭਾਇ ਉਹੋ ਕੰਮ ਹੁੰਦੇ ਹਨ ਜੋ ਵਾਹਿਗੁਰੂ ਨੂੰ ਭਾਂਵਦੇ ਹਨ ਅਰਥਾਤ ਜੋ ਉਸ ਦਾ ਹੁਕਮ ਹੁੰਦਾ ਹੈ। ਉਨ੍ਹਾਂ ਦਾ ਫਿਰ ਧਰਮ ਨਾਲ ਏਨਾ ਪੱਕਾ ਨਾਤਾ ਹੋ ਜਾਂਦਾ ਹੈ ਕਿ ਉਹ ਧਰਮ ਦੇ ਰਾਹ ਨੂੰ ਕਦੇ ਛੱਡ ਨਹੀਂ ਸਕਦੇ । ਉਸ ਰਾਹ 'ਤੇ ਦੁੱਖ ਕਸ਼ਟ ਪਏ ਆਉਣ, ਪਰ ਉਹ ਬਿਨਾਂ ਡੋਲੇ ਤੁਰੀ ਜਾਂਦੇ ਹਨ । ਕਿਤਨਾ ਖ਼ੂਬਸੂਰਤ ਇਹ ਦ੍ਰਿਸ਼ ਹੈ ਹੁਕਮੀ ਬੰਦੇ ਦਾ! ਪਰ ਯਾਦ ਰੱਖੋ ਕਿ ਇਉਂ ਕਰ ਸਕਣਾ ਬਹੁਤ ਕਠਿਨ ਹੈ । ਪਰ ਜਿਸ ਪੁਰਸ਼ ਨੇ ਆਪਣੀ ਖੁਦੀ ਨੂੰ ਮੇਟ ਕੇ, ਸਾਰੇ ਜਗਤ ਨੂੰ ਹੀ ਆਪਣਾ ਬਣਾ ਲਿਆ ਹੈ ਉਸ ਨੂੰ ਸਾਰੇ ਹੀ ਜਗਤ ਦਾ ਫ਼ਿਕਰ ਹੋ ਗਿਆ ਹੈ । ਇਸ ਲਈ ਉਹ ਸਭ ਤੋਂ ਵੱਧ ਉਦਮੀ ਹੈ ਤੇ ਸਭ ਤੋਂ ਵੱਧ ਮਿਹਨਤੀ ਹੈ। ਇਹ ਵਿਚਾਰ ਹਾਸੋ-ਹੀਣਾ ਹੈ ਕਿਉਂਕਿ ਕਰਤਾਰ ਵਲੋਂ ਜੋ ਹੁਕਮ ਹੈ ਉਹ ਅਵੱਸ਼ ਹੋ ਕੇ ਰਹਿਣਾ ਹੈ ਤੇ ਟਲ ਨਹੀਂ ਸਕਦਾ, ਇਸ ਲਈ ਆਪਣੇ ਯਤਨ ਦੀ ਨਾ ਥਾਂ ਹੈ ਤੇ ਨਾ ਤੋੜ । ਗੁਰੂ ਅਰਜਨ ਦੇਵ ਜੀ ਵਰਗੇ ਮਹਾਂਪੁਰਸ਼ਾਂ ਦੇ ਜੀਵਨ ਇਕ ਪਾਸੇ ਹੁਕਮ ਮੰਨਣ ਦੀ ਕਮਾਲ ਹੱਦ ਤਕ ਚਲਾਏ ਗਏ ਸਨ ਤੇ ਦੂਜੇ ਪਾਸੇ ਉਦਮ, ਉਤਸ਼ਾਹ, ਚੜ੍ਹਦੀਆਂ ਕਲਾਂ ਤੇ ਅਣਥੱਕ ਮਿਹਨਤ ਨਾਲ ਭਰੇ ਪਏ ਸਨ । ਉਨ੍ਹਾਂ ਦਾ ਜੀਵਨ ਸਗੋਂ ਇਹ ਪਗ੍ਰਟ ਕਰਦਾ ਹੈ ਕਿ ਹੁਕਮੀ ਬੰਦੇ ਸਭ ਤੋਂ ਵੱਧ ਉਦਮੀ ਹੁੰਦੇ ਹਨ । ਪਰ ਫ਼ਰਕ ਇਹ ਹੋ ਗਿਆ ਹੁੰਦਾ ਹੈ ਕਿ ਉਹ ਸਾਰੇ ਕੰਮ ਕਾਜ ਹਉਮੈਂ ਰਹਿਤ ਹੋ ਕੇ ਤੇ ਆਪਣੇ ਮਾਲਕ ਦੀ ਕਾਰ ਸਮਝ ਕੇ ਕਰਦੇ ਹਨ ।



ਇਹ ਹੈ ਮਹਾਰਾਜ ਦੇ ਵਿਸ਼ਵਾਸ (ਅਕੀਦੇ) ਅਨੁਸਾਰ ਹੁਕਮੀ ਸੇਵਕ ਦਾ ਜੀਵਨ ਆਦਰਸ਼ । ਹਰ ਮਨੁੱਖ ਦੇ ਸਾਹਮਣੇ ਕੋਈ ਜੀਵਨ ਮਨੋਰਥ ਜਾਂ ਆਦਰਸ਼ ਹੁੰਦਾ ਹੈ—ਕੁਝ ਪ੍ਰਾਪਤ ਕਰਨਾ ਜਾਂ ਕੁਝ ਬਣਨਾ । ਕੋਈ ਵਿਦਵਾਨ ਬਣਨਾ ਚਾਹੁੰਦਾ ਹੈ, ਕੋਈ ਧਨ, ਇਜਤ ਜਾਂ ਰਸੂਖ ਲੋੜਦਾ ਹੈ, ਕੋਈ ਬਹਾਦਰ, ਤਪਸਵੀ, ਜੋਧਾ, ਜੋਗੀ, ਮੋਨੀ, ਗਿਆਨੀ ਜਾਂ ਧਿਆਨੀ ਹੋਣਾ ਚਾਹੁੰਦਾ ਹੈ ; ਪਰ ਇਹ ਸਭ ਕੁਝ ਹਾਸਲ ਕਰਕੇ ਵੀ ਉਸ ਨੂੰ ਕੋਈ ਥੁੜ੍ਹ ਜਾਂ ਖਲਾ ਮਹਿਸੂਸ ਹੁੰਦਾ ਰਹਿੰਦਾ ਹੈ ਕਿਉਂਕਿ ਉਸ ਦੀ ਅੰਦਰ ਦੀ ਭੁਖ ਲਹਿੰਦੀ ਨਹੀਂ ।

"ਭੁਖਿਆ ਭੁਖ ਨ ਉਤਰੀ ... ... ॥"

(ਜਪੁ ਜੀ ਗੁਰੂ ਨਾਨਕ)

ਗੁਰੂ ਸਾਹਿਬ ਉਹ ਆਦਰਸ਼ ਦਸਦੇ ਹਨ ਜਿਸ ਦੀ ਪ੍ਰਾਪਤੀ ਨਾਲ ਸਭ ਭੁੱਖਾਂ ਲਹਿ ਜਾਂਦੀਆਂ ਹਨ । ਉਹ ਆਦਰਸ਼ ਹੈ ਹੁਕਮੀ ਬੰਦਾ ਜਾਂ ਸੇਵਕ ਹੋ ਜਾਣਾ ਦਾ । ਅੰਤ ਵਿਚ ਅਸੀਂ ਹੁਕਮੀ ਬੰਦੇ ਸੰਬੰਧੀ ਹੋਈ ਵਿਚਾਰ ਨੂੰ, ਇਕ ਹੋਰ ਸਬਦ ਨਾਲ ਸਮਝਣ-ਸਮਝਾਣ ਦਾ ਯਤਨ ਕਰਦੇ ਹਾਂ :

**"ਲਾਲੁ ਚੋਲਨਾ ਤੈ ਤਨਿ ਸੋਹਿਆ ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ ॥ ੧॥ ਕਵਨ ਬਨੀ ਰੀ ਤੇਰੀ ਲਾਲੀ ॥ ਕਵਨ ਰੰਗਿ ਤੂੰ ਭਈ ਗੁਲਾਲੀ ॥ ੧॥ ਰਹਾਉ ॥ ਤੁਮ ਹੀ ਸੁੰਦਰਿ ਤੁਮਹਿ ਸੁਹਾਗੁ ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ ॥੨॥ ਤੂੰ ਸਤਵੰਤੀ ਤੂੰ ਪਰਧਾਨਿ ॥ ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ ॥੩॥ ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ ॥ ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲ ॥੪॥ ਸੁਨਿ ਰੀ ਸਖੀ ਇਹ ਹਮਰੀ ਘਾਲ ॥ ਪ੍ਰਭ ਆਪਿ ਸੀਗਾਰਿ ਸਵਾਰਨਹਾਰ ॥੧॥ ਰਹਾਉ ਦੂਜਾ॥"**

(ਆਸਾ ਮਹਲਾ ੫, ਅੰਗ ੩੮੪)

ਅਰਥਾਤ "ਹੇ ਸਖੀ, ਲਾਲ ਰੰਗ ਦਾ ਇਹ ਚੋਲਾ ਤੇਰੇ ਤਨ ਨਾਲ ਸੋਹਣਾ ਲੱਗ ਰਿਹਾ ਹੈ । ਉਸ ਸੁਰਜਨ ਹਰੀ ਨੂੰ ਤੂੰ ਭਾਈ ਹੈ, ਤਾਂ ਹੀ ਤੂੰ ਉਸ ਦਾ ਮਨ ਮੋਹਣ ਜੋਗੀ ਹੋਈ ਹੈਂ। ਤੇਰੀ ਇਹ ਲਾਲੀ ਕਿਵੇਂ ਬਣੀ ਹੈ ਤੇ ਕਿਸ ਰੰਗ ਦੇ ਚੜ੍ਹਨ ਨਾਲ ਤੂੰ ਗੂਹੜੇ ਸੁਰਖ ਰੰਗ ਵਾਲੀ ਹੋਈ ਹੈਂ ? ਤੂੰ ਸੁੰਦਰੀ ਹੈਂ ਤੇ ਤੈਨੂੰ ਹੀ ਸੋਹਾਗ ਸੋਭਾ ਦਿੰਦਾ ਹੈ । ਤੇਰੇ ਘਰ ਤੇਰਾ ਪਿਆਰਾ ਵਸਦਾ ਹੈ, ਇਸ ਲਈ ਤੇਰੇ ਘਰ ਸਭ ਭਾਗ ਹਨ । ਤੂੰ ਸਤ ਵਾਲੀ ਤੇ ਪਰਧਾਨ ਹੈਂ। ਤੂੰ ਪ੍ਰੀਤਮ ਨੂੰ ਭਾ ਗਈ ਹੈ ਤੇ ਉਚੇ ਗਿਆਨ ਵਾਲੀ ਹੋਈ ਹੈਂ ।" ਅਗੇ ਸਖੀ ਦਾ ਉਤਰ ਹੈ—, "ਮੈਂ ਪ੍ਰੀਤਮ ਦੀ ਪ੍ਰਸੰਨਤਾ ਪ੍ਰਾਪਤ ਕਰ ਲਈ ਹੈ ਤਾਂ ਹੀ ਮੈਨੂੰ ਲਾਲੀ ਚੜ੍ਹੀ ਹੈ। ਹੇ ਨਾਨਕ ਕਹੁ "ਮੈਂ ਪ੍ਰੀਤਮ ਦੀ ਚੰਗੀ ਨਜ਼ਰ ਨਾਲ ਨਿਹਾਲ ਹੋਈ ਹਾਂ ।" ਹੇ ਸਖੀ, ਸੁਣ ਉਸ ਦੀ ਮੇਹਰ ਦੀ ਨਜ਼ਰ ਹੋਈ ਹੈ, ਤੁਸੀਂ ਭਾਵੇਂ ਇਸ ਨੂੰ ਸਾਡੀ ਘਾਲਣਾ ਸਮਝ ਲਉ । ਪਰ ਅਸਲ ਗੱਲ ਇਹ ਹੈ ਕਿ ਮਾਲਕ ਆਪ ਹੀ ਸ਼ਿੰਗਾਰ ਕੇ ਸਵਾਰਨ ਵਾਲਾ ਹੈ, ਨਿਰੇ ਸਾਡੇ ਆਪਣੇ ਵੱਲੋਂ ਕੀਤੇ ਯਤਨ ਕੁਝ ਸਵਾਰ ਨਹੀਂ ਸਕਦੇ।"

ਇਸ ਸ਼ਬਦ ਵਿਚ ਇਕ ਆਗਿਅਕਾਰ ਇਸਤਰੀ ਦਾ ਅਲੰਕਾਰ ਲਿਆ ਗਿਆ ਹੈ । ਇਕ ਰਸੀਏ ਭਗਤ ਦੀ ਉਚੀ ਸ਼ਾਨ ਤੇ ਅਨੰਦ ਵਾਲੀ ਹਾਲਤ ਨੂੰ ਵੇਖ ਕੇ ਕੋਈ ਹੋਰ ਰਸੀਆ ਪੁੱਛਦਾ ਹੈ ਕਿ ਇਹ ਇਲਾਹੀ ਸ਼ਾਨ ਕਿਥੋਂ ਆਈ ਹੈ? ਉੱਤਰ ਮਿਲਦਾ ਹੈ ਕਿ ਇਹ ਵਾਹਿਗੁਰੂ ਦੀ ਕਿਰਪਾ ਦਾ ਫਲ ਹੈ, ਕਿਸੇ ਆਪਣੀ ਸਿਆਣਪ ਜਾਂ ਘਾਲ ਦਾ ਸਿੱਟਾ ਨਹੀਂ । ਸਭ ਕੁਝ ਉਸ 'ਤੇ ਛੱਡ ਦਿੱਤਾ ਗਿਆ ਸੀ ਤੇ ਉਸ ਨੇ ਆਪ ਹੀ ਕਿਰਪਾ ਕਰਕੇ ਸਭ ਫਲ ਲਾਏ ਹਨ। ਭਗਤ ਲੋਕਾਂ ਦੀ ਇਹ ਨਿਸ਼ਾਨੀ ਸਮਝੋ ਕਿਤੇ ਉਹ ਸਾਰੇ ਯਤਨ ਕਰਦੇ ਹੋਏ ਵੀ, ਉਹਨਾਂ ਯਤਨਾਂ ਦਾ ਫਲ, ਮਾਲਕ ਦੀ ਆਪਣੀ ਕ੍ਰਿਪਾ ਦਵਾਰਾ ਹੋਇਆ ਮੰਨਦੇ ਹਨ । ਭਗਤਾਂ ਦੀ ਇਸ ਮਾਨਸਿਕ ਦਸ਼ਾ ਨੂੰ ਅਰਥ ਕਰਦਿਆਂ ਧਿਆਨ ਵਿਚ ਰੱਖਣਾ ਚਾਹੀਦਾ ਹੈ ।



# ਗ੍ਰਿਹਸਥ ਦੀ ਪ੍ਰਧਾਨਤਾ

**"ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥"**
**ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥"**

(ਸਿਰੀ ਰਾਗ ਮਹਲਾ ੩, ਅੰਗ ੨੬)

ਅਰਥਾਤ "ਹੇ ਮੇਰੇ ਮਨ, ਜੋ ਪੁਰਸ਼ ਗ੍ਰਿਹਸਥ ਵਿਚ ਰਹਿੰਦਾ ਹੋਇਆ ਤਿਆਗੀ ਹੋ ਕੇ ਰਹਿੰਦਾ ਹੈ ਉਸ ਦੇ ਜੀਵਨ 'ਚੋਂ ਸੱਚ ਸੰਜਮ ਅਤੇ ਸ਼ੁਭ ਕਰਣੀ ਸੁਤੇ ਸਿਧ ਨਿਕਲਦੇ ਹਨ, ਕਿਉਂਕਿ ਉਸ ਨੂੰ ਗੁਰਾਂ ਦਵਾਰੇ ਚਾਨਣ ਹੋ ਗਿਆ ਹੁੰਦਾ ਹੈ ।"

**"ਜੋਗੁ ਨਾ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥ ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ ॥ ੨॥ ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ ॥੩॥ ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥"**

**(ਸੂਹੀ ਮਹਲਾ ੧, ਅੰਗ ੭੩੦)**

ਅਰਥਾਤ "ਜੋਗ ਦੀ ਪ੍ਰਾਪਤੀ ਗੋਦੜੀ ਪਾ ਲੈਣ ਨਾਲ ਨਹੀਂ ਹੋ ਜਾਂਦੀ ਤੇ ਨਾ ਡੰਡੇ ਚੁੱਕੀ ਫਿਰਨ ਨਾਲ ਜਾਂ ਸਰੀਰ 'ਤੇ ਭਸਮ ਲਾਣ ਨਾਲ ਹੁੰਦੀ ਹੈ। ਜੋਗ, ਨਾ ਮੁੰਦਰਾਂ ਕੰਨੀਂ ਪਾਣ ਨਾਲ ਮਿਲਦਾ ਹੈ, ਨਾ ਸਿਰ ਮੁਨਾਣ ਨਾਲ ਤੇ ਨਾ ਸਿੰਙੀ ਵਜਾਉਣ ਨਾਲ । ਮਾਇਕੀ ਸੰਸਾਰ ਵਿਚ ਰਹਿੰਦਿਆਂ ਹੋਇਆਂ ਨਿਰਲੇਪ ਹਰੀ ਵਿਚ ਸਮਾਏ ਰਹੀਏ ਤਾਂ ਅਸਲ ਜੋਗ ਦਾ ਰਸਤਾ ਲੱਭਦਾ ਹੈ। ਨਿਰੀਆਂ ਗੱਲਾਂ ਨਾਲ ਜੋਗੀ ਨਹੀਂ ਹੋ ਜਈਦਾ । ਜੋ ਪੁਰਸ਼ ਸਾਰੇ ਸੰਸਾਰ ਨੂੰ ਸਮਾਨਤਾ ਦੀ ਨਜ਼ਰ ਨਾਲ ਵੇਖਦਾ ਹੈ, ਓਸ ਨੂੰ ਅਸਲ ਜੋਗੀ ਕਹੀਦਾ ਹੈ । ਜੋਗ ਨਾ ਬਾਹਰ ਮੜੀਆਂ ਮਸਾਣਾਂ ਵਿਚ ਹੈ, ਨਾ ਸਮਾਧੀਆਂ ਲਾਣ ਵਿਚ, ਨਾ ਦੇਸਾਂ ਪ੍ਰਦੇਸਾਂ ਅੰਦਰ ਭਉਣ ਵਿਚ ਤੇ ਨਾ ਹੀ ਤੀਰਥਾਂ ਦੇ ਇਸ਼ਨਾਨਾਂ ਵਿਚ ਹੈ। ਮਾਇਕੀ ਸੰਸਾਰ ਵਿਚ ਰਹਿੰਦਿਆਂ ਹੋਇਆਂ ਨਿਰਲੇਪ ਹਰੀ ਵਿਚ ਸਮਾਏ ਰਹੀਏ ਤਾਂ ਅਸਲ ਜੋਗ ਦਾ ਰਸਤਾ ਲੱਭਦਾ ਹੈ । ਸਤਿਗੁਰ ਦੇ ਮਿਲਿਆਂ ਜਦੋਂ ਭਰਮ ਭੁਲੇਖੇ ਦੂਰ ਹੋ ਜਾਣ, ਵਿਸਿਆਂ ਵੱਲ ਦੌੜਦੇ ਮਨ ਨੂੰ ਰੋਕ ਕੇ ਰੱਖ ਲਿਆ ਜਾਏ, ਸਹਜ ਦੀ ਧੁਨੀ ਲਗੇ ਤੇ ਆਤਮ-ਅੰਮ੍ਰਿਤ ਵਰ੍ਹਦਾ ਜਾਏ ਤਾਂ ਆਪਣੇ ਅੰਦਰੋਂ ਹੀ ਮਨ ਨੂੰ ਪੂਰੀ ਸੰਤੁਸ਼ਟਤਾ ਹੋ ਜਾਂਦੀ ਹੈ (ਕਿਉਂਕਿ ਇਸ ਤਰ੍ਹਾਂ ਆਪਣਾ ਅਸਲ ਸਰੂਪ ਲੱਭ ਪੈਂਦਾ ਹੈ) ਮਾਇਕੀ ਸੰਸਾਰ ਵਿਚ ਰਹਿੰਦਿਆਂ ਹੋਇਆਂ ਨਿਰਲੇਪ ਹਰੀ ਵਿਚ ਸਮਾਏ ਰਹੀਏ ਤਾਂ ਅਸਲ ਜੋਗ ਦਾ ਰਸਤਾ ਲੱਭਦਾ ਹੈ । (ਇਥੇ ਮਹਾਰਾਜ ਜੋਗੀਆਂ ਦੀ ਬੋਲੀ ਵਰਤ ਰਹੇ ਹਨ । ਜੋਗੀ ਦਸਮ ਦੁਆਰ ਤੋਂ ਅੰਮ੍ਰਿਤ ਰਸ ਦਾ ਟਪਕਣਾ ਮੰਨਦੇ ਸਨ ਪਰ ਗੁਰੂ ਸਾਹਿਬ ਆਤਮ-ਅਨੰਦ ਦੇ ਲਗਾਤਾਰ ਰਸ ਨੂੰ ਅੰਮ੍ਰਿਤ ਕਹਿੰਦੇ ਹਨ। ਜੋਗੀ ਜੋਗ ਦੀਆਂ ਕਠਨ ਸਾਧਨਾਂ ਦੁਆਰਾ ਦਸਮ ਦੁਆਰ ਵਿਚ ਅਨਹਦ ਸ਼ਬਦ ਸੁਣਨਾ ਚਾਹੁੰਦੇ ਸਨ । ਇਸ ਦੇ ਮੁਕਾਬਲੇ ਤੇ ਗੁਰੂ ਸਾਹਿਬ ਮਨ ਦੇ ਪੂਰਨ ਟਿਕਾਉ ਦੁਆਰਾ ਸੰਗੀਤਕ ਹੋਏ ਆਤਮਕ ਅਨੰਦ ਨੂੰ ਸਹਜ ਧੁਨੀ ਦਾ ਉਠਣਾ ਕਹਿੰਦੇ ਹਨ) । ਹੇ ਨਾਨਕ, ਐਸਾ ਜੋਗ ਕਮਾਈਏ ਕਿ ਜੀਵਤ ਭਾਵ ਤੋਂ ਮਰਿਆ ਜਾਏ ਤੇ ਫਿਰ ਬਿਨਾਂ ਵਜਾਏ ਸਿੰਙੀ ਪਈ ਵਜੇ, ਭਾਵ ਅਖੰਡ ਨਾਮ ਦੀ ਧੁਨੀ ਪਈ ਉਠੇ। ਇਸ ਤਰ੍ਹਾਂ ਨਿਰਭਉ ਪਦ ਪ੍ਰਾਪਤ ਕਰੀਦਾ ਹੈ । ਮਾਇਕੀ ਸੰਸਾਰ ਵਿਚ ਰਹਿੰਦਿਆਂ ਹੋਇਆਂ ਨਿਰਲੇਪ ਹਰੀ ਵਿਚ ਸਮਾਏ ਰਹੀਏ ਤਾਂ ਅਸਲ ਜੋਗ ਦਾ ਰਸਤਾ ਲੱਭਦਾ ਹੈ ।"

ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਇਕ ਸਮੇਂ ਜੋਗੀਆਂ ਪ੍ਰਥਾਇ ਉਚਾਰਨ ਕੀਤਾ ਗਿਆ ਸੀ । ਗੁਰੂ ਜੀ ਦੇ ਸਮੇਂ ਜੋਗੀਆਂ ਦਾ ਬੜਾ ਜ਼ੋਰ ਸੀ ਤੇ



ਉਹ ਆਪਣੇ ਮਤ ਦਾ ਪ੍ਰਚਾਰ ਸਾਰੇ ਦੇਸ਼ ਵਿਚ ਤੇ ਦੇਸ਼ ਤੋਂ ਬਾਹਰ ਖਿਲਰ ਕੇ ਬੜੇ ਜ਼ੋਰ ਨਾਲ ਕਰ ਰਹੇ ਸਨ । ਗ੍ਰਿਹਸਥ ਜਾਂ ਘਰ ਬਾਹਰੀ ਜੀਵਨ ਨੂੰ ਇਕ ਘਟੀਆ ਚੀਜ਼ ਸਮਝ ਕੇ ਉਹ ਦਰਕਾਰ ਛਡਦੇ ਸਨ । ਜੋਗ ਮਤ ਅਨੁਸਾਰ ਪੂਰਣਤਾ ਤਕ ਪੁੱਜਣ ਲਈ ਜਤ ਸਤ ਦੀ ਸ਼ਰਤ ਲਾਜ਼ਮੀ ਮਿਥੀ ਗਈ ਸੀ, ਜੋਗੀ ਇਹ ਖ਼ਿਆਲ ਵੀ ਕਰਦੇ ਸਨ ਕਿ ਪਹਾੜਾ, ਦਰਿਆ ਕਿਨਾਰਿਆਂ ਮੜੀ ਮਸਾਣਾਂ ਤੇ ਕੰਦਰਾਂ ਆਦਿਕ ਥਾਵਾਂ ਦੇ ਭਾਵ ਸੰਸਾਰ ਤੋਂ ਮੂਲੋਂ ਹੀ ਲਾਂਭੇ ਹੋਇਆਂ ਪਰਮਾਰਥ ਦੇ ਰਾਹ 'ਤੇ ਵਧੇਰੀ ਸਫਲਤਾ ਨਾਲ ਤੁਰਿਆ ਜਾ ਸਕਦਾ ਹੈ । ਸੰਸਾਰ ਦੁਖਾਂ ਦਾ ਘਰ ਹੈ ਤੇ ਇਸ ਨੂੰ ਇਕ ਵਡੀ ਬੁਰਾਈ ਸਮਝਣਾ ਚਾਹੀਦਾ ਹੈ । ਇਸਤਰੀ, ਬਾਲ ਬਚਿਆਂ ਤੇ ਮਾਤਾ ਪਿਤਾ ਦਾ ਮੋਹ, ਚਿੱਕੜ ਹਨ ਜਿਸ ਤੋਂ ਬਚਣਾ ਕਲਿਆਣ ਦਾ ਰਾਹ ਖੋਲ੍ਹਣਾ ਹੈ। ਜਗਤ ਅਤੇ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਫਾਹੀ ਤੇ ਜੰਜਾਲ ਹਨ ਜੋ ਪਰਮਾਰਥ ਦੇ ਰਾਹ ਵਿਚ ਰੋਕਾਂ ਬਣ ਜਾਂਦੀਆਂ ਹਨ ਅਤੇ ਇਨ੍ਹਾਂ ਦੇ ਤਿਆਗ ਤੋਂ ਬਿਨਾਂ ਮੋਖ ਦੀ ਪ੍ਰਾਪਤੀ ਦੀ ਆਸ ਸੁਫਨੇ ਤੋਂ ਵੱਧ ਹੈਸੀਅਤ ਨਹੀਂ ਰੱਖਦੀ । ਨਿਉਲੀ, ਨੇਤੀਆਂ ਤੇ ਧੋਤੀਆਂ ਸਾਧਨੀਆਂ, ਪੰਚਾਗਣੀਆਂ ਤਪਨੀਆ, ਜਲ ਧਾਰਾ ਲੈਣੀਆਂ, ਉਗਰ ਤਪ ਕਰਨੇ, ਪ੍ਰਾਣਾਯਾਮ ਦੇ ਰੇਚਕ, ਪੂਰਕ ਅਤੇ ਕੁੰਭਕ ਅਭਿਆਸ, ਦਸਮ ਦੁਆਰ ਵਿਚ ਸੁਆਸਾਂ ਨੂੰ ਚਾੜ੍ਹਨਾ, ਜੀਭ ਦੂਹਰੀ ਕਰਕੇ ਤਾਲੂ ਨਾਲ ਲਾਣੀ, ਮਾਲਸ਼ਾਂ ਨਾਲ ਸਰੀਰ ਦੀ ਪਾਲਣਾ ਕਰਨੀ, ਇਤਿਆਦਕਿ ਕਈ ਕਠਨ ਸਾਧਨਾਂ, ਜੋਗ ਧਰਮ ਦੇ ਜ਼ਰੂਰੀ ਅੰਗ ਬਣ ਗਏ ਸਨ । ਇਹਨਾਂ ਗ਼ੈਰ ਕੁਦਰਤੀ ਸਾਧਨਾਂ ਦੀਆਂ ਥਕਾਨਾਂ ਦੇ ਕਾਰਨ ਜੋਗੀ ਦੁਨਿਆਵੀ ਕੰਮਾਂ ਕਾਜਾਂ ਜੋਗੇ ਰਹਿ ਹੀ ਨਹੀਂ ਸਨ ਜਾਂਦੇ ; ਪਰ ਉਨ੍ਹਾਂ ਦੀ ਫ਼ਿਲਾਸਫ਼ੀ ਵੀ ਇਨ੍ਹਾਂ ਕੰਮਾਂ ਨੂੰ ਘਿਰਣਾ ਦੀ ਨਜ਼ਰ ਨਾਲ ਹੀ ਵੇਖਦੀ ਸੀ । ਗ਼ੈਰ-ਕੁਦਰਤੀ ਯੋਗ ਸਾਧਨਾ, ਕਾਇਆ ਮਾਂਜਨ ਦੇ ਕੰਮਾਂ ਦੇ ਤਪਾਂ ਆਦਿਕ ਨਾਲ ਸਰੀਰ ਤੇ ਮਨ ਨੂੰ ਉਹ ਇਸ ਤਰ੍ਹਾਂ ਸਿਥਲ ਕਰ ਲੈਂਦੇ ਸਨ ਕਿ ਉਹਨਾਂ ਵਿਚ ਭੋਗਨ ਦੀ ਸ਼ਕਤੀ ਹੀ ਨਾ ਰਹੇ । ਪ੍ਰਾਣਾਯਾਮ ਰਾਹੀਂ ਮਨ ਨੂੰ ਟਿਕਾਣ ਅਤੇ ਮੁੜ ਦਸਮ ਦੁਆਰ ਤੋਂ ਅੰਮ੍ਰਿਤ ਪ੍ਰਾਪਤ ਕਰਨ ਦੇ ਯਤਨ, ਜਿਨ੍ਹਾਂ ਦਾ ਜ਼ਿਕਰ ਉਤਲੇ ਸਬਦ ਵਿਚ ਵੀ ਹੈ, ਯੋਗ ਧਰਮ ਅੰਦਰ ਬਹੁਤ ਪਰਮਾਣੀਕ ਹੋ ਗਏ ਸਨ। ਸੁਆਸਾਂ ਨੂੰ ਇੜਾ (ਖੱਬੀ ਸੁਰ) ਰਾਹੀਂ ਚੜ੍ਹਾਣ, ਪਿੰਗਲ (ਸੱਜੀ ਸੁਰ) ਰਾਹੀਂ ਬਾਹਰ ਕੱਢਣ ਅਤੇ ਇਨ੍ਹਾਂ ਦੋਹਾਂ ਦੇ ਮੇਲ ਅਰਥਾਤ ਸੁਖਮਨਾ ਵਿਚ ਰੋਕਣ ਨਾਲ ਉਹ ਕੁੰਡਲਨੀ ਖੋਲ੍ਹਦੇ ਸਨ ਜਿਸ ਤੋਂ ਉਨ੍ਹਾਂ ਦਾ ਖ਼ਿਆਲ ਸੀ ਕਿ ਨਾ ਕੇਵਲ ਮਨ ਦੀ ਦੌੜ-

ਭੱਜ ਖ਼ਤਮ ਹੋ ਜਾਂਦੀ ਹੈ ਸਗੋਂ ਗੁਪਤ ਸ਼ਕਤੀਆਂ ਉਤੇਜਤ ਹੋ ਜਾਂਦੀਆਂ ਹਨ ਅਤੇ ਕੋਈ ਐਸਾ ਅੰਮ੍ਰਿਤ ਜ਼ੁਬਾਨ 'ਤੇ ਪੈਣਾ ਸ਼ੁਰੂ ਹੋ ਜਾਂਦਾ ਹੈ ਜਿਸ ਦਾ ਅਨੰਦ ਅਕਥਨੀਯ ਹੈ । ਮਨ ਅਤੇ ਸਰੀਰ ਦੀਆਂ ਇਹ ਤੇ ਇਹੋ ਜਿਹੀਆਂ ਹੋਰ ਕਈ ਕਸਰਤਾਂ ਨਾਲ ਉਹ ਅੰਦਰ ਹੋ ਰਹੇ ਕਿਸੇ ਅਨਹਦ ਸ਼ਬਦ ਨੂੰ ਸੁਣਨ ਤੇ ਉਸ ਵਿਚ ਲਗਾਤਾਰ ਖੀਵੇ ਹੋਣ ਨੂੰ ਵੱਡੀ ਮਹਾਨਤਾ ਦਿੰਦੇ ਸਨ ("ਨਾਮ ਸਿਮਰਨ" ਦੇ ਲੇਖ ਵਿਚ ਕਈ ਕਿਸਮ ਦੇ ਸੁਆਦਾਂ ਦਾ ਜ਼ਿਕਰ ਖੋਲ੍ਹ ਕੇ ਕਰ ਆਏ ਹਾਂ)।

ਜੋਗੀਆਂ ਦੇ ਧਰਮ ਦੇ ਬਾਹਰਲੇ ਚਿੰਨ੍ਹਾਂ-ਮੁੰਦ੍ਰਾਂ, ਡੰਡਾ, ਬਿਭੂਤ, ਖਪਰ, ਸਿੰਙੀ ਆਦਿਕ—ਦਾ ਜ਼ਿਕਰ ਵੀ ਉਤਲੇ ਸ਼ਬਦ ਵਿਚ ਆਇਆ ਹੈ। ਇਹ ਚਿੰਨ੍ਹ ਯੋਗੀਆਂ ਦੀ ਸੰਸਾਰ ਤਿਆਗ ਦੀ ਫ਼ਿਲਾਸਫ਼ੀ ਦੇ ਹੀ ਲਖਾਇਕ ਸਨ । ਇਤਿਹਾਸ ਦਸਦਾ ਹੈ ਕਿ ਗੁਰੂ ਸਾਹਿਬ ਜੋਗੀਆਂ ਨੂੰ ਕਈ ਵਾਰ ਮਿਲੇ ਸਨ ਤੇ ਉਹਨਾਂ ਨਾਲ ਲੰਮੀਆਂ ਵਿਚਾਰਾਂ ਵੀ ਕੀਤੀਆਂ ਸਨ । ਸਿਧ ਗੋਸਟ ਬਾਣੀ ਵਿਚ ਉਹਨਾਂ ਨੇ ਜੋਗ ਧਰਮ ਦੀ ਸਾਰੀ ਵਿਚਾਰਧਾਰਾ ਦਾ ਚੰਗਾ ਚੀਰ ਫਾੜ ਕੀਤਾ ਹੈ । ਇਸ ਉਤਲੇ ਸ਼ਬਦ ਵਿਚ ਵੀ ਯੋਗ ਮਤ ਦੇ ਜ਼ਰੂਰੀ ਪੱਖਾਂ ਨੂੰ ਲੈ ਕੇ ਉਨ੍ਹਾਂ ਵਿਚ ਆਈਆਂ ਸਭ ਭੁੱਲਾਂ ਦੀ ਦਰੁਸਤੀ ਕੀਤੀ ਹੈ ਤੇ ਅਸਲ ਚੀਜ਼ ਨੂੰ ਨਕਲ ਤੋਂ ਨਿਖੇੜ ਵਿਖਾਇਆ ਹੈ । ਏਥੇ ਭਾਵੇਂ ਉਹ ਯੋਗੀਆਂ ਦੀਆਂ ਭੁੱਲਾਂ ਦਾ ਨਿਰਨਾ ਕਰ ਰਹੇ ਹਨ ਪਰ ਇਹ ਸਮਝਣਾ ਚਾਹੀਦਾ ਹੈ ਕਿ ਉਪਦੇਸ਼ ਦਾ ਭਾਵ ਸਭ ਧਰਮਾਂ ਲਈ ਸਾਂਝਾ ਹੈ । ਉਹ ਜੋਗ ਮਤ ਜਾਂ ਕਿਸੇ ਹੋਰ ਮਤ ਦੇ ਵਿਰੋਧੀ ਨਹੀਂ ਸਨ । ਇਸ ਸ਼ਬਦ ਨੂੰ ਤਾਂ ਉਨ੍ਹਾਂ ਕੇਵਲ ਆਪਣੇ ਵਿਚਾਰਾਂ ਦੇ ਪਰਚਾਰ ਲਈ ਇਕ ਸਹਾਰਾ ਬਣਾਇਆ ਸੀ । ਏਥੇ ਭਾਵੇਂ ਉਹ ਯੋਗੀਆਂ ਦੀਆਂ ਮੁੰਦਰਾਂ, ਖਿੰਥਾ ਆਦਿਕ ਦਾ ਜ਼ਿਕਰ ਛੇੜ ਰਹੇ ਸਨ ਪਰ ਜੋ ਸਿੱਟੇ ਇਸ ਤੋਂ ਨਿਕਲਦੇ ਹਨ ਪਰ ਉਹਨਾਂ ਦੀ ਮਹਾਨਤਾ ਸਭ ਧਰਮਾਂ ਲਈ ਇਕੋ ਜਿਹੀ ਹੈ। ਹਿੰਦੂਆਂ ਦੇ ਤਿਲਕ, ਜੰਞੂ ਤੇ ਮਾਲਾ, ਮੁਸਲਮਾਨਾਂ ਦੀ ਤਸਬੀ, ਸੁੰਨਤ ਤੇ ਮੁਸੱਲੇ, ਸਿੱਖਾਂ ਦੀ ਬੈਰੂਨੀ ਰਹਿਤ ਬਹਿਤ ਅਤੇ ਹੋਰ ਧਰਮਾਂ ਦੇ ਮਜ਼੍ਹਬੀ ਚਿੰਨ੍ਹ ਇਸ ਵਿਚਾਰ ਦੀ ਮਦਦ ਵਿਚ ਆ ਜਾਂਦੇ ਹਨ । ਇਸੇ ਤਰ੍ਹਾਂ ਜੋਗੀਆਂ ਦੀਆਂ ਤਾੜੀਆਂ, ਤੀਰਥ ਇਸ਼ਨਾਨ ਤੇ ਦੇਸ਼ ਦੇਸ਼ਾਂਤਰ ਰਮਣ ਆਦਿਕ, ਮੁਸਲਮਾਨਾਂ ਦੇ ਰੋਜ਼ੇ ਤੇ ਨਿਮਾਜ਼ਾਂ ਅਤੇ ਹਿੰਦੂ ਸਿੱਖਾਂ ਦੇ ਸਭ ਤਰ੍ਹਾਂ ਦੇ ਰਸਮੀ ਪੂਜਾ ਪਾਠ ਤੇ ਕਰਮ ਕਾਂਡ ਇਸ ਉਪਦੇਸ਼ ਦੀ ਮਾਰ ਹੇਠ ਆ ਜਾਂਦੇ ਹਨ । ਗੁਰੂ ਸਾਹਿਬ ਕਿਸੇ ਖਿੰਥਾ, ਡੰਡਾ ਤੇ ਮੁੰਦਰਾਂ ਦੇ ਵਿਰੋਧੀ ਨਹੀਂ ਸਨ ਤੇ ਨਾ ਹੀ ਕਿਸੇ ਦਾ



ਤਿਲਕ ਤੇ ਜੰਞੂ ਲਾਹੁਣਾ ਚਾਹੁੰਦੇ ਸਨ । ਇਹ ਚੀਜ਼ਾਂ ਆਪਣੇ ਆਪਣੇ ਥਾਂ 'ਤੇ ਚੰਗੀਆਂ ਵੀ ਹੋ ਸਕਦੀਆਂ ਹਨ ਤੇ ਬੇਲੋੜੀਆਂ ਵੀ । ਜੇ ਇਹ ਕਿਸੇ ਅੰਦਰ ਦੇ ਸੁੰਦਰ ਜੀਵਨ ਦੇ ਲਖਾਇਕ ਹੋਣ ਜਾਂ ਉਸ ਜੀਵਨ ਨੂੰ ਬਨਾਣ ਵਿਚ ਸਹਾਇਤਾ ਕਰਨ ਤਾਂ ਇਹ ਮੁਬਾਰਕ ਹਨ। ਮਿਸਾਲ ਲਈ, ਜੇ ਸਿੱਖ ਰਹਿਤ ਬਹਿਤ ਦਸਮ-ਪਾਤਿਸਾਹ ਨਾਲ ਜੋੜਨ ਦਾ ਓਸੇ ਤਰ੍ਹਾਂ ਸਾਧਨ ਬਣੇ, ਜਿਵੇਂ ਭਾਈ ਮਨੀ ਸਿੰਘ ਵਰਗੀਆਂ ਕਈ ਮਹਾਨ ਸੂਰਬੀਰ ਸ਼ਖ਼ਸੀਅਤਾਂ ਦੀ ਹਾਲਤ ਵਿਚ ਬਣਿਆ ਸੀ ਤਾਂ ਇਹ ਰਹਿਤ ਬਹਿਤ ਅਮੋਲਕ ਦਾਤ ਹੋ ਜਾਂਦੀ ਹੈ । ਭਾਈ ਮਨੀ ਸਿੰਘ ਨੂੰ ਕਿਉਂਕਿ ਅੰਦਰਲੀ ਅਸਲ ਸਿਖ ਪਿਆਰੀ ਸੀ, ਇਸ ਲਈ ਇਸ ਸਿੱਖੀ ਦੀ ਬਾਹਰਲੀ ਰਹਿਤ ਵੀ ਪਿਆਰੀ ਸੀ । ਉਹ ਰਹਿਤ ਵਿਚੋਂ ਸਿੱਖੀ ਨਹੀਂ ਕੱਢਦੇ ਸਨ, ਸਗੋਂ ਸਿੱਖੀ ਵਿਚੋਂ ਰਹਿਤ ਦਾ ਪਿਆਰ ਕੱਢਦੇ ਸਨ ; ਕਿਉਂਕਿ ਇਹ ਰਹਿਤ ਉਨ੍ਹਾਂ ਦੀ ਸਿੱਖੀ ਦੀ ਲਖਾਇਕ ਹੋ ਗਈ ਸੀ। ਉਹ ਸਾਰੇ ਸਰੀਰ ਦੇ ਟੋਟੇ ਕਰਵਾ ਦਿੰਦੇ ਸਨ ਪਰ ਕੇਸਾਂ ਨੂੰ ਸਰੀਰ ਨਾਲੋਂ ਜੁਦਾ ਨਹੀਂ ਕਰਵਾ ਸਕਦੇ ਸਨ । ਕੇਸ ਉਹਨਾਂ ਨੂੰ ਜਾਨ ਨਾਲੋਂ ਵੱਧ ਪਿਆਰੇ ਇਸ ਕਰਕੇ ਸਨ ਕਿਉਂਕਿ ਇਹ ਕੇਸ ਸਿੱਖੀ ਨਾਲ ਤੇ ਦਸਮ ਪਾਤਸ਼ਾਹ ਨਾਲ ਜੋੜਨ ਦਾ ਸਾਧਨ ਬਣੇ ਹੋਏ ਸਨ । ਇਸੇ ਤਰ੍ਹਾਂ ਬਾਣੀਆਂ ਦੇ ਪਾਠ, ਸੰਧਿਆ, ਗਾਇਤ੍ਰੀ ਆਦਿਕ ਵੀ ਪਰਮਾਰਥ ਦੇ ਰਾਹ 'ਤੇ ਵਸੀਲੇ ਸਮਝਣੇ ਚਾਹੀਦੇ ਹਨ, ਮਨੋਰਥ ਨਹੀਂ ਅਰਥਾਤ ਜੇ ਇਹ ਚੀਜ਼ਾਂ ਪਰਮਾਰਥ ਜੀਵਨ ਦੀ ਪ੍ਰਾਪਤੀ ਲਈ ਮਦਦ ਕਰਨ ਤਾਂ ਚੰਗੀਆ ਹਨ ਨਹੀਂ ਤਾਂ ਰਸਮ ਪ੍ਰਸਤੀ, ਬੇਸਮਝੀ ਤੇ ਪਖੰਡ ਦਾ ਰੂਪ ਧਾਰ ਲੈਂਦੀਆਂ ਹਨ ਤੇ ਵਖੇਵੇਂ ਪੈਦਾ ਕਰਕੇ ਧਰਮ ਦੇ ਅਸਲ ਨਿਸ਼ਾਨੇ ਤੋਂ ਦੂਰ ਲੈ ਜਾਂਦੀਆਂ ਹਨ । ਫਿਰ ਨਿਰੇ ਵਿਖੇਵੇਂ ਰਹਿ ਜਾਂਦੇ ਹਨ ਕਿਉਂਕਿ ਅਸਲ ਜਾਨ ਤਾਂ ਨਿਕਲ ਚੁੱਕੀ ਹੁੰਦੀ ਹੈ। ਮਹਾਰਾਜ ਦਾ ਨਿਸ਼ਾਨਾ ਇਹ ਕਦਾਚਿਤ ਨਹੀਂ ਹੋ ਸਕਦਾ ਸੀ ਕਿ ਦੂਜਿਆਂ ਫਿਰਕਿਆਂ ਦੇ ਮੁਕਾਬਲੇ 'ਤੇ ਇਕ ਉਹਨਾਂ ਫਿਰਕਿਆਂ ਜੇਰਾ ਹੀ ਹੋਰ ਫਿਰਕਾ ਖੜ੍ਹਾ ਕਰ ਦਿੱਤਾ ਜਾਏ। ਫਿਰਕੇ ਤਾਂ ਅਗੇ ਬਥੇਰੇ ਸਨ । ਉਹਨਾਂ ਵਿਚ ਇਕ ਹੋਰ ਦਾ ਵਾਧਾ ਕਰਨ ਦੀ ਕੀ ਵਿਸ਼ੇਸ਼ਤਾ ਰਹਿ ਜਾਂਦੀ ਹੈ ਜੇ ਸੰਧਿਆ ਗਾਇਤ੍ਰੀ ਤੁੜਾ ਕੇ ਓਸੇ ਤਰ੍ਹਾਂ ਦੇ ਹੀ ਨਵੇਂ ਪੂਜਾ ਪਾਠਾਂ ਵਿਚ ਲਾ ਦਿਤਾ ਜਾਏ ? ਉਹ ਤਿਲਕ ਜੰਞੂ ਲੁਹਾ ਕੇ ਨਵੀਂ ਤਰ੍ਹਾਂ ਦੇ ਤਿਲਕ ਜੰਞੂ ਪਵਾਣਾ ਨਹੀਂ ਚਾਹੁੰਦੇ ਸਨ। ਅਸਲ ਅੰਦਰੂਨੀ ਜੀਵਨ ਤੋਂ ਬਿਨਾਂ ਜਨੇਊ ਨੂੰ ਉਹ ਨਿਰਾ ਧਾਗਾ ਕਹਿੰਦੇ ਸਨ :

"ਵਟਿ ਧਾਗੇ ਅਵਰਾ ਘਤੈ ॥"

(ਵਾਰ ਆਸਾ ਮਹਲਾ ੧) ਅੰਗ ੪੭੧

ਅਰਥਾਤ "ਦੂਜਿਆਂ ਦੇ ਗਲ ਪੰਡਤ ਧਾਗੇ ਵੱਟ-ਵੱਟ ਘੱਤ ਰਿਹਾ ਹੈ।"

ਇਹ ਜਨੇਊ ਮੁਬਾਰਕ ਵੀ ਹੈ ਪਰ ਨਿਰਾ ਧਾਗਾ ਜਾਂ ਨਿਰਾ ਭਾਰ ਹੋ ਕੇ ਰਹਿ ਜਾਂਦਾ ਹੈ ।

ਇਸ ਸ਼ਬਦ ਵਿਚ ਭਾਵੇਂ ਯੋਗ ਮਤ ਦੇ ਕਈ ਪਹਿਲੂਆਂ ਦਾ ਜ਼ਿਕਰ ਹੈ ਪਰ ਵਧੇਰਾ ਕਰਕੇ ਗੁਰੂ ਸਾਹਿਬ ਨੇ ਯੋਗੀਆਂ ਦੀ ਸੰਸਾਰ ਤਿਆਗੀ ਦੀ ਫ਼ਿਲਾਸਫ਼ੀ ਨੂੰ ਮੁੱਖ ਰੁਖਿਆ ਹੈ । ਇਸ ਫ਼ਿਲਾਸਫ਼ੀ ਨੇ ਹਿੰਦ ਵਾਸੀਆਂ ਦੀ ਇਕ ਖਾਸ ਕਿਸਮ ਦੀ ਜ਼ਿਹਨੀਅਤ ਪੈਦਾ ਕਰ ਦਿੱਤੀ ਸੀ ਜਿਸ ਦੇ ਕਾਰਨ ਇਹ ਦੇਸ਼ ਸਦੀਆਂ ਗੁਲਾਮ ਰਿਹਾ ਸੀ। ਜੋਗੀਆਂ ਦੀ ਬਾਣ-ਪ੍ਰਸਤੀ, ਚਿਲਾਕਸੀ ਤੇ ਅੰਤਮ ਧਿਆਨ ਸਮਾਧੀਆਂ ਦੇ ਨਾਲ ਨਾਲ ਦੇਸ਼ ਅੰਦਰ ਪ੍ਰਚਲਤ ਹੋਇਆ ਸੰਨਿਆਸ ਆਸ਼ਰਮ ਜਾਂ ਬੋਧੀਆਂ ਦਾ ਤਿਆਗ ਆਦਿਕ ਸਭ ਏਸੇ ਗਲਤ ਵਿਚਾਰਧਾਰਾ ਦਾ ਨਤੀਜਾ ਸਨ । ਇਸ ਤਾਲੀਮ ਦੇ ਅਸਰ ਹੇਠ ਹੀ ਮਹਾਤਮਾ ਬੁੱਧ ਜੀ ਨੇ ੨੯ ਸਾਲ ਦੀ ਉਮਰ ਵਿਚ ਘਰ ਬਾਰ ਤੇ ਰਾਜ ਭਾਗ ਆਦਿਕ ਤਿਆਗ ਦਿਤਾ ਸੀ । ਉਸ ਵੇਲੇ ਉਹ ਇਕ ਛੋਟੀ ਜਿਹੀ ਰਿਆਸਤ ਦੇ ਸ਼ਾਹਜ਼ਾਦੇ ਸਨ । ਅੱਧੀ ਰਾਤ ਗੁਜ਼ਰੀ ਸੀ ਕਿ ਆਪਣੀ ਇਸਤਰੀ ਤੇ ਇਕ ਛੋਟੇ ਮਾਸੂਮ ਬੱਚੇ ਨੂੰ ਸੁੱਤਿਆਂ ਛੱਡ ਕੇ ਉਹ ਚੁੱਪ-ਚੁਪੀਤੇ ਘਰੋਂ ਚਲੇ ਗਏ ਸਨ। ਉਹਨਾਂ ਆਪਣੇ ਪੰਜਾਂ ਸਾਥੀਆਂ ਸਮੇਤ ਵਰਿਆਂ ਬੱਧੀ ਕਠਨ ਤਪ ਸਾਧਨਾ ਕੀਤੇ ਤੇ ਸੁੱਕ ਕੇ ਪਿੰਜਰ ਹੋ ਗਏ । ਪਰ ਮਾਲਕ ਦੀ ਮੇਹਰ, ਕਿ ਉਹਨਾਂ ਨੂੰ ਵੀ ਆਖਰਕਾਰ ਰੌਸ਼ਨੀ ਮਿਲ ਗਈ ਸੀ ਕਿ ਉਹਨਾਂ ਦਾ ਇਹ ਰਾਹ ਗ਼ਲਤ ਸੀ ।

ਇਕ ਹੋਰ ਮਹਾਂਪੁਰਸ਼ ਬਾਬਾ ਫਰੀਦ ਜੀ ਨੂੰ ਵੀ ਇਸ ਕਿਸਮ ਦਾ ਪੱਕਾ ਵਿਸ਼ਵਾਸ ਹੋ ਗਿਆ ਸੀ ਕਿ ਮੋਖਸ਼ ਦੀ ਪ੍ਰਾਪਤੀ ਲਈ ਇਹ ਜ਼ਰੂਰੀ ਹੈ ਕਿ ਦੇਹ ਅਭਿਆਸ ਇਸ ਹੱਦ ਤਕ ਜਾਣਾ ਚਾਹੀਦਾ ਹੈ ਕਿ ਸਰੀਰ ਵਿਚ ਖ਼ੂਨ ਦਾ ਕਤਰਾ ਨਾ ਰਹਿ ਜਾਏ । ਸੰਸਾਰ ਨੂੰ ਉਹਨਾਂ ਵੀ ਦੁੱਖਾਂ ਦਾ ਹੀ ਘਰ ਸਮਝਿਆ ਸੀ ਤੇ ਈਸ਼ਵਰ ਪਿਆਰੇ ਦੀ ਪ੍ਰਾਪਤੀ ਲਈ ਸੰਸਾਰ ਨੂੰ ਤਿਆਗ ਕੇ ਉਹ ਲੀਰਾਂ ਵਿਚ ਰੁਲਦੇ ਫਿਰਨ ਦੀਆ ਗੱਲਾਂ ਇਉਂ ਕਰਦੇ ਸਨ :

"ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥



ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥"

(ਸਲੋਕ ਫਰੀਦ ਜੀ, ਅੰਗ ੧੩੮੩)

ਅਰਥਾਤ "ਹੇ ਫਰੀਦ, ਮੈਂ ਸਭ ਕਪੜੇ ਪਾੜ ਕੇ ਲੀਰ ਲੀਰ ਕਰ ਦਿਆਂ ਤੇ ਕੰਬਲੀ ਪਹਿਨ ਕੇ ਉਸ ਪ੍ਰਮਾਤਮਾ ਦੀ ਤਲਾਸ਼ ਕਰਾਂ । ਜਿਸ ਕਿਸੇ ਵੇਸ ਵਿਚ ਉਹ ਮਿਲਦਾ ਹੋਵੇ ਮੈਂ ਓਹੋ ਵੇਸ ਧਾਰਨ ਕਰਨ ਨੂੰ ਤਿਆਰ ਹਾਂ।"

ਜਦੋਂ ਗੁਰੂ ਨਾਨਕ ਦੇਵ ਜੀ ਦਾ ਮੇਲ ਸ਼ੇਖ ਫ਼ਰੀਦ ਜੀ ਦੇ ਚੇਲੇ ਸ਼ੇਖ ਬ੍ਰਹਮ ਜੀ ਨਾਲ ਪਾਕਪਟਨ ਵਿਚ ਹੋਇਆ ਸੀ ਤਾਂ ਵੀ ਸ਼ੇਖ ਜੀ ਦੀ ਤਿਆਗ-ਫ਼ਿਲਾਸਫ਼ੀ ਦਾ ਹੀ ਚੀਰ ਫਾੜ ਹੋਇਆ ਸੀ । ਸ਼ੇਖ ਜੀ ਨੇ ਗੁਰੂ ਜੀ ਨੂੰ ਇਉਂ ਮਸ਼ਵਰਾ ਦਿੱਤਾ ਸੀ :

"ਅਕੈ ਤਾ ਲੋੜ ਮੁਕਦਮੀ ਅਕੈ ਤਾ ਅਲਾਹ ਲੋੜ॥

ਦੋਂਹ ਬੇੜੀ ਨ ਲਤ ਧਰ ਮਤ ਵੰਞਹੁ ਵਖਰ ਬੋੜ ॥"

ਅਰਥਾਤ "ਜਾਂ ਤਾਂ ਸੰਸਾਰੀ ਪ੍ਰਤਾਪ ਦੀ ਢੂੰਡ ਕਰੋ ਤੇ ਜਾਂ ਰੱਬ ਦਾ ਰਾਹ ਫੜੋ । ਦੋ ਬੇੜੀਆਂ ਵਿਚ ਪੈਰ ਨ ਧਰੋ ਨਹੀਂ ਤਾਂ ਤੁਸੀਂ ਆਪਣੀ ਸਾਰੀ ਪੂੰਜੀ ਡੋਬ ਬੈਠੋਗੇ ।"

ਉਹ ਕਹਿੰਦੇ ਸਨ ਕਿ ਸੰਸਾਰ ਅੰਦਰ ਆਸਾ, ਅੰਦੇਸ਼ਾ, ਫਿਕਰ, ਝੋਰੇ ਅਤੇ ਖ਼ਾਹਸਾਂ ਆਦਿਕ ਸਦਾ ਬਣੇ ਰਹਿੰਦੇ ਹਨ ਤੇ ਦੁੱਖਾਂ ਵਿਚ ਵਾਧਾ ਕਰਦੇ ਰਹਿੰਦੇ ਹਨ। ਜੀਵਾਂ ਨੂੰ ਠੀਕ ਤਰ੍ਹਾਂ ਸਮਝਣ ਤੇ ਫਿਰ ਉਸ ਅਨੁਸਾਰ ਚਲਾਣ ਵਿਚ ਸਭ ਤੋਂ ਵੱਡੀ ਰੁਕਾਵਟ ਸੰਸਾਰ ਹੈ । ਇਸ ਲਈ ਜੀਵਨ ਦੀ ਸਫਲਤਾ ਲਈ ਇਸ ਦਾ ਹੀ ਤਿਆਗ, ਪਹਿਲਾ ਜ਼ਰੂਰੀ ਕਦਮ ਹੈ ਅਤੇ ਇਸ ਤਿਆਗ ਵਿਚ ਸਭ ਦੁਨਿਆਵੀ ਕੰਮ,ਕਾਜ, ਸਮੇਤ ਜੀਵਨ ਦੇ ਨਿਰਬਾਹ ਲਈ ਜਾਂ ਰੋਟੀ ਲਈ ਕੀਤੇ ਯਤਨ ਆ ਜਾਂਦੇ ਹਨ ।

ਇਸ ਤਰ੍ਹਾਂ ਦੇ ਰੋਗੀ ਤੇ ਨਿਰਾਸ਼ਾਵਾਦੀ ਵਿਚਾਰਾਂ ਵਾਲੇ ਦੁਨੀਆਂ ਵਿਚ ਸਦਾ ਪੈਦਾ ਹੁੰਦੇ ਰਹੇ ਹਨ । ਸੰਸਾਰਿਕ ਜੀਵਨ ਦੇ ਤਜਰਬੇ 'ਚੋਂ ਜਦੋਂ ਦੁੱਖ ਨਿਕਲਦਾ ਸੀ ਤਾਂ ਇਸ ਦੇ ਸਹੀ ਕਾਰਨ ਲੱਭਣ ਦੀ ਥਾਂ ਸੰਸਾਰ ਨੂੰ ਹੀ ਬੁਰਾਈ ਸਮਝ ਲਿਆ ਜਾਂਦਾ ਸੀ । ਸ਼ਾਪਨਹਾਰ ਵਰਗੇ ਈਮਾਨਦਾਰ ਖੋਜੀ ਨੇ ਵੀ ਜੀਵਨ ਸੰਬੰਧੀ ਕਈ ਗ਼ਲਤ ਸਿੱਟੇ ਕੱਢੇ ਸਨ । ਉਹਨਾਂ ਦੀ ਜੀਵਨ

ਫਿਲਾਸਫ਼ੀ ਇਹ ਹੈ :

"Life is evil as life is war, strife, competition and conflict. The total picture of life is too painful for contemplation. It depends upon our not knowing is too well. We are unhappy married, alone or in society. Desire is infinite fulfilment is limited. So the world is evil. The loveliness of life is a lie and the greatest boon is death"

ਅਰਥਾਤ "ਜੀਵਨ ਬੁਰਾਈ ਹੈ, ਕਿਉਂਕਿ ਇਸ ਵਿਚੋਂ ਲੜਾਈਆਂ, ਝਗੜੇ, ਮੁਕਾਬਲੇ ਤੇ ਵਿਰੋਧ ਨਿਕਲਦੇ ਹਨ । ਜੀਵਨ ਦੀ ਸਾਰੀ ਤਸਵੀਰ ਇਤਨੀ ਦੁਖਦਾਇਕ ਹੈ ਕਿ ਇਸ ਦਾ ਖਿਆਲ ਵੀ ਨਹੀਂ ਕੀਤਾ ਜਾ ਸਕਦਾ। ਇਹ ਇਸ ਲਈ ਕਿ ਸਾਨੂੰ ਸਾਰੀ ਤਸਵੀਰ ਦਾ ਪਤਾ ਹੀ ਨਹੀਂ ਹੁੰਦਾ । ਅਸੀਂ ਸਾਰੇ ਹੀ, ਵਿਆਹੇ ਚਾਹੇ ਅਣਵਿਆਹੇ, ਇਕੱਲੇ ਚਾਹੇ ਸਮਾਜ ਵਿਚ ਰਹਿੰਦੇ, ਦੁਖੀ ਹਾਂ । ਇਸ ਦਾ ਕਾਰਨ ਇਹ ਹੈ ਕਿ ਖਾਹਸ਼ਾਂ ਬੇਅੰਤ ਹਨ ਤੇ ਉਨ੍ਹਾਂ ਦੀ ਪੂਰਤੀ ਮਹਿਦੂਦ ਹੈ। ਜੀਵਨ 'ਚੋਂ ਖੂਬਸੂਰਤੀ ਲੱਭਣੀ ਝੂਠ ਹੈ ਅਤੇ ਸਭ ਤੋਂ ਵੱਡੀ ਦਾਤ ਮੌਤ ਸਮਝੀ ਜਾਣੀ ਚਾਹੀਦੀ ਹੈ ।"

ਇਸ ਵਿਦਵਾਨ ਨੇ ਜੀਵਨ ਦੀ ਪੜਚੋਲ ਤਾਂ ਚੰਗੀ ਕੀਤੀ ਸੀ ਪਰ ਜੋ ਸਿੱਟਾ ਉਹਨਾਂ ਕੱਢਿਆ ਉਹ ਇਸ ਗੱਲ ਦਾ ਸਬੂਤ ਹੈ ਕਿ ਉਹਨਾਂ ਦਾ ਆਪਣਾ ਮਨ ਨਰੋਆ ਨਹੀਂ ਸੀ । ਇਸ ਲਈ ਹੀ ਉਹ ਨਿਰਾਸ਼ਾਵਾਦ ਦੀਆਂ ਸਭ ਹੱਦਾਂ ਟਪ ਗਏ ਸਨ । ਕੁਝ ਏਸੇ ਤਰ੍ਹਾਂ ਦੀ ਹੀ ਮਾਨਸਿਕ ਦਸ਼ਾ ਵਿਚ ਹਿੰਦ ਵਾਸੀ ਲੰਮਾ ਸਮਾਂ ਪਏ ਰਹੇ ਸਨ । ਉਹਨਾਂ ਲਈ ਗ੍ਰਿਹਸਥ ਜੀਵਨ ਵਿਸ਼ੇਸ਼ ਕਰਕੇ ਘ੍ਰਿਣਤ ਹੋ ਗਿਆ ਸੀ ਤੇ ਜਿਣਸੀ ਖ਼ਾਹਸ਼ਾਂ ਦਾ ਮੂਲੋਂ ਹੀ ਤਿਆਗ ਧਰਮ ਦੀ ਬੁਨਿਆਦੀ ਗੱਲ ਬਣ ਗਈ ਸੀ । ਇਸ ਦੇ ਨਾਲ ਨਾਲ ਇਹ ਵੀ ਫ਼ਰਜ਼ ਕਰ ਲਿਆ ਕਿ ਜਿਨਸੀ ਖ਼ਾਹਸ਼ਾਂ ਦੇ ਭਟਕਣ ਦਾ ਕਾਰਨ ਔਰਤ ਹੀ ਹੈ । ਇਸ ਲਈ ਔਰਤ ਜਾਤੀ ਦਾ ਮਾਨ ਵੀ ਘਟਣਾ ਸ਼ੁਰੂ ਹੋ ਗਿਆ । ਇਹ ਸਮਝ ਲਿਆ ਗਿਆ ਕਿ ਔਰਤ ਬੁਰਾਈ ਹੈ ਜਿਸ ਤੋਂ ਸਦਾ ਦੂਰ ਰਹਿਣਾ ਚਾਹੀਦਾ ਹੈ । ਇਸ 'ਤੇ ਕਿਉਂਕਿ ਕਦੇ ਭਰੋਸਾ ਨਹੀਂ ਕੀਤਾ ਜਾ ਸਕਦਾ, ਇਸ ਲਈ ਇਸ ਨੂੰ ਪਰਦਿਆਂ ਵਿਚ ਢੱਕ ਦੇਣਾ ਚਾਹੀਦਾ ਹੈ । ਕਈ



ਲੋਕ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦਿੰਦੇ ਰਹੇ ਹਨ । ਸਤੀ ਦਾ ਰਿਵਾਜ ਵੀ ਔਰਤ ਦੀ ਇਸ ਬੇਬਸੀ ਦੇ ਕਾਰਨ ਚਾਲੂ ਹੋ ਗਿਆ ਸੀ । ਮਨੂ ਜੀ ਦੇ ਵਿਚਾਰ ਅਨੁਸਾਰ ਤਾਂ ਔਰਤ ਨੂੰ ਵੇਦਾਂ ਦੇ ਪੜ੍ਹਨ ਪੜ੍ਹਾਉਣ ਦੀ ਆਗਿਆ ਵੀ ਨਹੀਂ ਦਿਤੀ ਜਾ ਸਕਦੀ । ਮੋਖਸ਼ ਦੀ ਉਹ ਹੱਕਦਾਰ ਹੀ ਨਹੀਂ ਤੇ ਉਸ ਨੂੰ ਕੇਵਲ ਆਦਮੀ ਦਾ ਜਨਮ ਧਾਰਨ ਉਪਰੰਤ ਹੀ ਇਹ ਹੱਕ ਪ੍ਰਾਪਤ ਹੋ ਸਕਦਾ ਹੈ । ਇਸ ਤਰ੍ਹਾਂ ਦੇ ਵਿਚਾਰ ਨਿਰਾ ਹਿੰਦ ਵਿਚ ਹੀ ਨਹੀਂ, ਬਾਹਰ ਦੇਸ਼ਾਂ ਵਿਚ ਵੀ ਕਈ ਧਰਮਾਂ ਨੇ ਅਪਨਾਏ ਸਨ । ਸੇਂਟਪਾਲ ਜਿਹੇ ਬਜ਼ੁਰਗ ਇਹ ਪ੍ਰਚਾਰ ਕਰਦੇ ਰਹਿੰਦੇ ਸਨ ਕਿ ਵਿਆਹ ਪ੍ਰਮਾਤਮਾ ਦੇ ਮੇਲ ਦੇ ਰਾਹ ਵਿਚ ਰੁਕਾਵਟ ਹੈ ਤੇ ਅਣਵਿਆਹੇ ਇਹ ਮੇਲ ਵਧੇਰੇ ਆਸਾਨੀ ਨਾਲ ਪ੍ਰਾਪਤ ਕਰ ਲੈਂਦੇ ਹਨ। ਸ਼ਾਪਨਹਾਰ ਤੇ ਭਗਤ ਛੱਜੂ ਦੇ ਵਿਚਾਰ ਵੀ ਬੇਹੱਦ ਨਿਰਾਸ਼ਾਵਾਦੀ ਸਨ । ਸ਼ਾਪਨਹਾਰ ਇਉਂ ਬੋਲਦੇ ਸਨ :

"Let men recognise the snare that lies in women's beaty and the absurd comedy of reproduction will end. The development of intelligence will weaken the wil to reproduce and will at last achieve extinction."

ਅਰਥਾਤ "ਆਦਮੀਆਂ ਨੂੰ ਔਰਤ ਦੀ ਖੂਬਸੂਰਤੀ ਦੇ ਜਾਲ ਨੂੰ ਭਲੀ ਪਰਕਾਰ ਸਮਝਣਾ ਚਾਹੀਦਾ ਹੈ, ਤਾਂ ਹੀ ਪੈਦਾਇਸ਼ ਦਾ ਇਹ ਹਾਸੋ ਹੀਣਾ ਮਖੌਲ ਕੀਤਾ ਜਾ ਸਕਦਾ ਹੈ । ਦਿਮਾਗੀ ਵਿਕਾਸ ਹੀ ਬੱਚੇ ਪੈਦਾ ਕਰਨ ਦੇ ਇਰਾਦੇ ਨੂੰ ਕਮਜ਼ੋਰ ਕਰੇਗਾ ਅਤੇ ਆਖਰਕਾਰ ਮਨੁੱਖ ਜਾਤੀ ਦੇ ਖ਼ਾਤਮੇ ਦਾ ਰਾਹ ਖੋਹਲ ਸਕੇਗਾ ।"

ਇਹ ਗੱਲ ਅਸਚਰਜ ਹੈ ਕਿ ਸਿਆਣੇ ਆਦਮੀ ਨੂੰ ਨਿਰਾਸ਼ਾਵਾਦ ਇਸ ਭਿਆਨਕ ਹੱਦ ਤਕ ਲਿਜਾ ਸਕਿਆ ਹੈ ।

ਭਗਤ ਛੱਜੂ ਦੁਨੀਆਂ ਵਿਚ, ਇਉਂ ਖੁਲ੍ਹ ਕੇ ਪਰਚਾਰ ਕਰਦੇ ਸਨ:

**"ਕਾਗਦ ਸੰਦੀ ਪੁਤਲੀ ਤਊ ਤਊ ਤ੍ਰਿਅ ਨਿਹਾਰ ॥**
**ਯੋਹੀ ਮਾਰ ਲੈ ਜਾਵਹੀ ਜਥਾ ਬਿਲੋਚਨ ਧਾੜ ॥"**

ਅਰਥਾਤ "ਔਰਤ ਏਨੀ ਖ਼ਤਰਨਾਕ ਹੈ ਕਿ ਕਾਗ਼ਜ਼ ਦੀ ਪੁਤਲੀ ਦੇ ਰੂਪ ਵਿਚ ਵੀ ਇਸ ਨੂੰ ਵੇਖਣਾ ਨਹੀਂ ਚਾਹੀਦਾ । ਇਹ ਮਨੁੱਖਾਂ ਨੂੰ ਇਸ ਤਰ੍ਹਾਂ

ਮਾਰ ਸੁਟਦੀ ਜਿਵੇਂ ਬਲੋਚਾਂ ਦੀ ਧਾੜ ਮਾਰਦੀ ਹੈ ।"

ਸਿੱਖ ਧਰਮ ਇਨ੍ਹਾਂ ਸਭ ਖ਼ਿਆਲਾਂ ਨੂੰ ਅਪਰਵਾਨ ਕਰਦਾ ਹੈ । ਅਸੀਂ ਵੇਖ ਰਹੇ ਹਾ ਕਿ ਗੁਰਮਤਿ ਅਨੁਸਾਰ ਜਗਤ ਬੁਰਾਈ ਨਹੀਂ ਹੈ ਤੇ ਨਾ ਹੀ ਇਸ ਦਾ ਆਰੰਭ ਕਿਸੇ ਬੁਰਾਈ ਤੋਂ ਹੋਇਆ ਹੈ ਤੇ ਨਾ ਹੀ ਇਹਨੂੰ ਆਪਣੇ ਆਪ ਵਿਚ ਦੁੱਖਾਂ ਦਾ ਘਰ ਮੰਨਿਆ ਜਾ ਸਕਦਾ ਹੈ ।

**"ਆਪਿ ਸਤਿ ਕੀਆ ਸਭੁ ਸਤਿ ॥"**

(ਗਉੜੀ ਸੁਖਮਨੀ ਮਹਲਾ ੫)ਅੰਗ ੨੮੪

ਅਰਥਾਤ "ਪ੍ਰਮਾਤਮਾ ਸੱਚ ਹੈ ਤੇ ਉਸ ਦੀ ਰਚਨਾ ਵੀ ਸੱਚ ਹੈ ।"

**"ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥"**

(ਵਾਰ ਆਸਾ ਮਹਲਾ ੨, ਅੰਗ ੪੬੩)

ਇਹ ਖੂਬਸੂਰਤ ਦੁਨੀਆਂ ਉਸ ਹਰੀ ਦੀ ਰਚਨਾ ਹੈ ਤੇ ਉਸ ਦਾ ਆਪਣਾ ਘਰ ਹੈ । ਇਸ ਵਿਚ ਕੋਈ ਬੁਰਾਈ ਨਹੀਂ ਹੋ ਸਕਦੀ ਕਿਉਂਕਿ ਉਹ ਪੂਰਨ ਪੁਰਸ਼ ਆਪ ਇਸ ਵਿਚ ਵਸ ਰਿਹਾ ਹੈ; ਤਿਵੇਂ ਹੀ ਸਰੀਰ ਵੀ ਹਰੀਮੰਦਰ ਹੈ ਜਿਸ ਵਿਚ ਹਰੀ ਦਾ ਆਪਣਾ ਵਾਸਾ ਹੈ ।

"ਮਨੁ ਮੰਦਰੁ ਤਨੁ ਵੇਸ ਕਲੰਦਰ ਘਟ ਹੀ ਤੀਰਥਿ ਨਾਵਾ ॥"

(ਬਿਲਾਵਲ ਮਹਲਾ ੧, ਅੰਗ ੭੯੫

ਅਰਥਾਤ "ਸਰੀਰ ਇਕ ਮੰਦਰ ਹੈ ਜਿਸ ਵਿਚ ਆਤਮਾ ਰੂਪ ਫ਼ਕੀਰ ਦਾ ਵਾਸਾ ਹੈ ।"

ਇਹ ਸਰੀਰ ਅਮੋਲਕ ਦਾਤ ਹੈ ਤੇ ਭਾਗਾਂ ਨਾਲ ਪ੍ਰਾਪਤ ਹੋਈ ਹੈ । ਇਸ ਨੂੰ ਛੁਟਿਆਣਾ ਮੂਰਖਤਾ ਤੇ ਬੇਸਮਝੀ ਹੈ । ਸਗੋਂ ਇਸ ਦੀ ਚੰਗੀ ਤਰ੍ਹਾਂ ਸੰਭਾਲ ਤੇ ਪਾਲਣਾ ਪੋਸਣਾ ਜਿਥੇ ਫ਼ਰਜ਼ ਹੈ ਓਥੇ ਮਨੁੱਖੀ ਜੀਵਨ ਦੀ ਸਫਲਤਾ ਲਈ ਵੀ ਜ਼ਰੂਰੀ ਹੈ :

"ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥"

(ਵਾਰ ਬਿਹਾਗੜਾ ਮਹਲਾ ੫, ਅੰਗ ੫੫੪)

ਅਰਥਾਤ "ਹੇ ਨਾਨਕ, ਇਸ ਦੇਹੀ ਦੀ ਪਾਲਣਾ ਕਰ ਕੇ ਮੁੜ ਇਸ ਰਾਹੀਂ ਉਸ ਪ੍ਰਮਾਤਮਾ ਦਾ ਸਿਮਰਨ ਕਰੀਏ "



**"ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥"**

(ਵਾਰ ਆਸਾ ਮਹਲਾ ੧) ਅੰਗ ੪੬੮

ਅਰਥਾਤ "ਸਰੀਰ ਧਰਤੀ ਨੂੰ ਸਾਧ ਕੇ ਇਸ ਅੰਦਰ ਕਰਤਾ ਪੁਰਖ ਦਾ ਬੀਜ ਬੋਇਆ ਜਾਣਾ ਚਾਹੀਦਾ ਹੈ ।"

ਪਰਮਾਰਥ ਦੇ ਰਾਹ 'ਤੇ ਇਨਸਾਨ ਲਈ ਸਰੀਰ ਹੀ ਸਭ ਤੋਂ ਵੱਧ ਸਹਾਇਕ ਹੈ । ਇਸ ਦੀ ਸੰਭਾਲ ਵਲੋਂ ਲਾਪਰਵਾਹੀ ਜਾਂ ਇਸ ਨੂੰ ਬੇਲੋੜੇ ਕਸ਼ਟਾਂ ਵਿਚ ਪਾਉਣਾ ਬੀਮਾਰ ਜ਼ਿਹਨੀਅਤ ਦੀ ਨਿਸ਼ਾਨੀ ਹੈ । ਨਿਰੋਆ ਮਨ ਨਰੋਏ ਸਰੀਰ ਵਿਚ ਹੀ ਰਹਿ ਸਕਦਾ ਹੈ ।

ਸ਼ੇਖ ਫਰੀਦ ਜੀ ਦੀ ਵਿਚਾਰਧਾਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਇਉਂ ਕਟਿਆ ਸੀ ।

**"ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥**

**ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥"**

ਅੰਗ ੧੩੮੪

ਅਰਥਾਤ "ਤਨ ਨੂੰ ਤਪਾਂ ਵਿਚ ਪਾ ਕੇ ਤਨੂਰ ਵਾਗ ਤਪਾਣ ਤੇ ਹੱਡਾਂ ਨੂੰ ਬਾਲਣ ਦੀ ਲੋੜ ਨਹੀਂ । ਸਿਰ ਪੈਰ ਤੇ ਹੋਰ ਸਰੀਰਕ ਅੰਗਾਂ ਦਾ ਕੀ ਦੋਸ਼ ਹੈ, ਆਪਣੇ ਅੰਦਰ ਪਿਆਰੇ ਨੂੰ ਵੇਖੋ।"

ਬੇਕਨ ਨੇ ਠੀਕ ਕਿਹਾ ਹੈ Nothing could be so injurious for health as the stoic repression of desire."

ਅਰਥਾਤ "ਸਿਹਤ ਲਈ ਇਸ ਤੋਂ ਵਧ ਹਾਨੀਕਾਰਕ ਕੋਈ ਚੀਜ਼ ਨਹੀਂ ਜਿੰਨੀ ਇਹ ਕਿ ਇਨਸਾਨੀ ਖਾਹਸ਼ਾਂ ਨੂੰ ਕਠਨ ਤਪ ਸਾਧਨਾ ਨਾਲ ਦਬਾ ਦਿਤਾ ਜਾਏ ।"

ਦਸਮ ਪਾਤਸ਼ਾਹ ਇਨ੍ਹਾਂ ਕਠਨ ਤਪ ਸਾਧਨਾਂ ਦਾ ਇਉਂ ਮਖੌਲ ਉਡਾਂਦੇ ਸਨ :

**"ਖੂਕ ਮਲਹਾਰੀ, ਗਜ ਗਦਹਾ ਬਿਭੂਤ ਧਾਰੀ ;**

**ਗਿਦੂਆ ਮਸਾਨ ਬਾਸ, ਕਰਿਓਈ ਕਰਤ ਹੈ ।**

**ਘੁਘੂ ਮਟਬਾਸੀ ਲਗੇਂ ਡੋਲਤ ਉਦਾਸੀ ਮ੍ਰਿਗ ;**

**ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈ ।**
**ਬਿੰਦ ਕੇ ਸਧੱਯਾ, ਤਾਹਿ ਹੀਜ ਕੀ ਬਡੱਯਾ ਦੇਤ**
**ਬੰਦਰਾ ਸਦੀਵ ਪਾਂਇ ਨਾਂਗੇ ਈ ਫਿਰਤ ਹੈ ।**
**ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀ, ;**
**ਏਕ ਗਿਆਨ ਕੇ ਬਿਹੀਨ, ਛੀਨ ਕੈਸੇ ਕੈ ਤਰਤ ਹੈ ।" ੧੧**

(ਅਕਾਲ ਉਸਤਤਿ ਪਾਤਸ਼ਾਹੀ ੧੦, ਤ੍ਵ ਪ੍ਰਸਾਦਿ ॥ ਕਬਿੱਤ

ਅਰਥਾਤ : "ਸੂਰ ਮੈਲ ਖਾਂਦੇ ਹਨ, ਹਾਥੀ ਤੇ ਖੋਤੇ ਆਪਣੇ ਸਰੀਰਾਂ ਨਾਲ ਖੇਹ ਮਲਦੇ ਹਨ । ਗਿਦੜ ਮਸਾਣਾਂ ਵਿਚ ਸਦਾ ਵਾਸਾ ਕਰਦੇ ਰਹੇ ਹਨ ਤੇ ਹੁਣ ਵੀ ਕਰਦੇ ਹਨ । ਉੱਲੂ ਮਟਾਂ ਦੇ ਵਾਸੀ ਹਨ, ਹਿਰਨ ਜੰਗਲਾਂ ਵਿਚ ਇਕੱਲੇ ਫਿਰਦੇ ਹਨ ਤੇ ਰੁੱਖ ਸਾਰੀ ਉਮਰ ਦੀ ਮੋਨ ਵਿਚ ਹੀ ਖ਼ਤਮ ਹੋ ਜਾਂਦੇ ਹਨ । ਜੋ ਪੁਰਸ਼ ਵੀਰਯ ਦੀ ਸਾਧਨਾ ਕਰਦਾ ਹੈ ਉਸ ਨੂੰ ਹੀਜੜੇ ਦੀ ਵਡਿਆਈ ਦਿਤੀ ਜਾ ਸਕਦੀ ਹੈ ਅਤੇ ਬਾਂਦਰ ਸਦਾ ਨੰਗੇ ਪੈਰੀਂ ਫਿਰਦੇ ਹਨ। ਜੋ ਮਨੁੱਖ ਔਰਤ ਦੇ ਅਧੀਨ ਹੈ ਤੇ ਕਾਮ ਤੇ ਕਰੋਧ ਦੇ ਵਸ ਵਿਚ ਰਹਿੰਦਾ ਹੈ ਉਹ ਮੂਰਖ ਹੈ ਬਿਨਾਂ ਗਿਆਨ ਦੀ ਪ੍ਰਾਪਤੀ ਦੇ ਉਹ ਕਿਵੇਂ ਬਚ ਸਕਦਾ ਹੈ?"

ਇਸ ਸ਼ਬਦ ਦਾ ਸੰਖੇਪ ਭਾਵ "ਧਰਮ ਕੀ ਹੈ" ਦੇ ਲੇਖ ਵਿਚ ਅਗੇ ਹੀ ਆ ਚੁੱਕਾ ਹੈ । ਇਸ ਨੂੰ ਫਿਰ ਦੁਹਰਾਣ ਦੀ ਲੋੜ ਨਹੀਂ ਸਮਝੀ । ਕੇਵਲ ਸ਼ਬਦ ਤੇ ਉਸ ਦੇ ਸਾਧਾਰਨ ਅਰਥ ਦੇਣਾ ਹੀ ਕਾਫ਼ੀ ਸਮਝਿਆ ਗਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਇਹੋ ਗੱਲ ਹਾਸ ਰਸ ਵਿਚ ਇਉਂ ਕਹਿੰਦੇ ਹਨ :

"ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥"

(ਵਾਰ ਆਸਾ ਮਹਲਾ ੧) ਅੰਗ ੪੬੭

ਅਰਥਾਤ "ਜੋ ਅੰਨ ਛਡ ਬੈਠਾ ਹੈ ਉਸ ਨੇ ਕੀ ਖਟਿਆ ਹੈ ? ਇਹ ਹੀ, ਕਿ ਉਸ ਦੇ ਕੁਦਰਤੀ ਸਵਾਦ ਮਾਰੇ ਗਏ ਹਨ ਤੇ ਉਹ ਦੂਜੇ ਭਾਵ ਵਿਚ



ਦੁਖ ਪਾਂਦਾ ਹੈ । ਜਿਸ ਨੇ ਬਸਤਰ ਤਿਆਗੇ ਹਨ ਉਹ ਮੌਸਮ ਦੀ ਗਰਮੀ ਸਰਦੀ ਤੋਂ ਔਖਾ ਹੋ ਕੇ ਕੁੜ੍ਹਦਾ ਰਹਿੰਦਾ ਹੈ (ਗੈਰ ਕੁਦਰਤੀ ਜੀਵਣ ਵਿਚੋਂ ਦੁਖ ਹੀ ਨਿਕਲਦਾ ਹੈ)।"

ਪਰ ਜਿਥੇ ਗੁਰਮਤਿ ਅਨੁਸਾਰ ਸਰੀਰ ਦੀ ਸੰਭਾਲ ਜ਼ਰੂਰੀ ਹੈ ਤੇ ਕਠਨ ਤਪਾਂ ਦੀ ਮਨਾਹੀ ਹੈ ਉਥੇ ਦੂਜੇ ਇੰਤਹਾ ਤੋਂ ਵੀ ਬਚਣਾ ਚਾਹੀਦਾ ਹੈ । ਨਿਰਾਪੁਰਾ ਸਰੀਰ ਦੀ ਪਾਲਣਾ ਤੇ ਖਾਣ ਪੀਣ ਦੀ ਜ਼ਿੰਦਗੀ ਕੋਈ ਜ਼ਿੰਦਗੀ ਨਹੀਂ । ਭਾਵ ਇਹ ਹੈ ਕਿ ਸਰੀਰ ਦੀ ਸੰਭਾਲ ਜੇ ਪਰਮਾਰਥ ਦੇ ਰਾਹ 'ਤੇ ਸਹਾਇਕ ਹੋਵੇ ਤਾਂ ਠੀਕ ਹੈ, ਨਹੀਂ ਤਾਂ ਇਸ ਸੰਭਾਲ ਦਾ ਕੋਈ ਅਰਥ ਨਹੀਂ।

**"ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥"**

(ਟੋਡੀ ਮਹਲਾ ੫, ਅੰਗ ੭੧੨)

ਅਰਥਾਤ "ਸਿਮਰਨ ਤੋਂ ਬਿਨਾਂ ਜੀਵਨ ਉਸੇ ਤਰ੍ਹਾਂ ਵਿਅਰਥ ਹੈ ਜਿਵੇਂ ਸੱਪ ਦੀ ਵੱਡੀ ਉਮਰ ਬੇਅਰਥ ਹੈ ।"

**"ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥"**

(ਗਉੜੀ ਮਹਲਾ ੫) ਅੰਗ ੧੭੯

ਅਰਥਾਤ "ਉਸ ਪੁਰਖ ਦਾ ਤਨ ਤੇ ਧਨ ਧ੍ਰਿਗ ਹਨ ਜੋ ਮਾਇਆ ਅਰਥ ਲਗਦੇ ਹਨ ।"

ਸਰੀਰ ਅਤੇ ਇਸ ਦੇ ਸਾਰੇ ਅੰਗ ਇਸ ਲਈ ਨਰੋਏ, ਸੋਹਣੇ ਤੇ ਸਿਹਤਵੰਦ ਹੋਣੇ ਚਾਹੀਦੇ ਹਨ ਕਿ ਇਹ ਪਰਮਾਰਥਕ ਜੀਵਨ ਵਿਚ ਮਦਦਗਾਰ ਬਣਨ ।

**"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥"**

(ਰਾਮਕਲੀ ਮਹਲਾ ੩) ਅੰਗ ੯੨੨)

ਅਰਥਾਤ "ਹੇ ਮੇਰੇ ਕੰਨੋਂ, ਤੁਸੀਂ ਸਚ ਸੁਨਣ ਦੇ ਰਾਹ ਤੇ ਚਲੋ ।"

**"ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ**
**ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥"**

(ਰਾਮਕਲੀ ਮਹਲਾ ੩) ਅੰਗ ੯੨੨

ਅਰਥਾਤ "ਹੇ ਮੇਰੇ ਨੇਤਰੋ, ਰੱਬ ਨੇ ਤੁਹਾਡੇ ਅੰਦਰ ਆਪਣੀ ਜੋਤ ਪਾਈ ਹੈ, ਉਸ ਜੋਤ ਸਰੂਪ ਤੋਂ ਬਿਨਾਂ ਹੋਰ ਕੁਝ ਨ ਵੇਖੋ ।"

ਪਰ ਜੇ ਇਹ ਸਰੀਰਕ ਅੰਗ ਇਸ ਤਰ੍ਹਾਂ ਸਹਾਇਕ ਨਹੀਂ ਤਾਂ ਇਹਨਾਂ ਦੀ ਪਾਲਣਾ ਪੋਸਣਾ ਵੀ ਬੇਅਰਥ ਹੋ ਜਾਂਦੀ ਹੈ, ਕਿਉਂਕਿ ਅੰਤ ਨੂੰ ਨਾਸ ਹੋ ਜਾਣਾ ਹੈ ।

ਮਹਾਤਮਾ ਬੁੱਧ ਜੀ ਨੇ ਕਠਨ ਤਪ ਸਾਧਨਾ ਤੋਂ ਬਾਅਦ ਇਸ ਸੰਬੰਧੀ ਅੰਤਮ ਸਿੱਟਾ ਇਹੋ ਕਢਿਆ ਸੀ । ਉਹਨਾਂ ਨੂੰ ਅੰਦਰੋਂ ਆਵਾਜ਼ ਆਈ ਕਿ ਸਾਜ਼ ਬਹੁਤ ਕਸ ਦੇਣ ਨਾਲ ਰਾਗ ਛਿੜਦਾ ਨਹੀਂ ਪਰ ਇਸ ਨੂੰ ਢਿੱਲਾ ਛੱਡਣ ਨਾਲ ਹੀ ਇਹ ਖ਼ਤਮ ਹੋ ਜਾਂਦਾ ਹੈ । ਇਹਨਾਂ ਦੋਹਾਂ ਇੰਤਹਾਵਾਂ ਤੋਂ ਬਚਣਾ ਚਾਹੀਦਾ ਹੈ । ਸਰੀਰ ਨਰੋਆ ਹੈ ਤਾਂ ਸਭ ਸੁਆਦ ਹਨ, ਨਹੀਂ ਤਾਂ ਜੀਵਨ ਬੇ-ਰਸਾ ਤੇ ਫਿੱਕਾ ਹੈ ; ਤਿਵੇਂ ਮਨ ਤੇ ਆਤਮਾ ਵੀ ਨਰੋਏ ਹੋਣੇ ਚਾਹੀਦੇ ਹਨ।

ਇਸ ਵਿਚਾਰ ਦਾ ਭਾਵ ਇਹ ਹੈ ਕਿ ਦਰਮਿਆਨਾ ਰਸਤਾ ਹੀ ਸੁਨਹਿਰੀ ਰਾਹ ਹੈ । ਸਰੀਰ ਤੇ ਮਨ ਦੋਵੇਂ ਨਰੋਏ ਤੇ ਤੰਦਰੁਸਤ ਹੋਣੇ ਚਾਹੀਦੇ ਹਨ । ਗੁਰੂ ਸਾਹਿਬ ਪ੍ਰਚਲਿਤ ਵਿਚਾਰਧਾਰਾ, ਸਾਰੀ ਦੀ ਸਾਰੀ ਹੀ ਬਦਲਣਾ ਚਾਹੁੰਦੇ ਸਨ ਤੇ ਗ਼ਲਤ ਬਣ ਚੁੱਕੀਆਂ ਕੀਮਤਾਂ ਨੂੰ ਢਾਹ ਕੇ ਤੁੰਦਰੁਸਤ ਦ੍ਰਿਸ਼ਟੀਕੋਣ ਦੇਣਾ ਚਾਹੁੰਦੇ ਸਨ । ਜਿਥੇ ਸਰੀਰ ਤੇ ਉਸ ਦੇ ਦਿਲ ਦਿਮਾਗ ਆਦਿਕ ਸਾਰੇ ਅੰਗ ਸਾਬਤ ਹੋਣੇ ਚਾਹੀਦੇ ਹਨ ਓਥੇ ਮਨ ਦੇ ਸੰਕਲਪ, ਇਰਾਦੇ ਤੇ ਜਜ਼ਬੇ ਵੀ ਸੁਲਝੇ ਹੋਏ ਤੇ ਜ਼ਬਤ ਵਿਚ ਹੋਣ । ਫਿਰ ਇਨ੍ਹਾਂ ਦੀ ਸਹਾਇਤਾ ਰਾਹੀਂ ਸਾਰੇ ਜਗਤ ਨਾਲ ਪ੍ਰੇਮ ਦੀ ਸਾਂਝ ਬਣੇ । ਜਗਤ ਨਾਲ ਤੋੜ ਵਿਛੋੜ ਨਾ ਹੋਵੇ, ਕਿਉਂਕਿ ਜੀਵਨ ਦਾ ਮਨੋਰਥ ਤਾਂ ਏਹੋ ਦਿਸਦੇ ਪਿਸਦੇ ਸੰਸਾਰ ਅੰਦਰ ਵਰਤ ਰਹੀ ਅੰਤਮ ਸਚਾਈ ਜਾਂ ਸਰਬ ਵਿਆਪਕ ਜੀਵਨ-ਸ਼ਕਤੀ ਦੀ ਪ੍ਰਾਪਤੀ ਹੈ । ਇਸ ਮਨੋਰਥ ਦੀ ਪੂਰਤੀ ਲਈ ਬਾਹਰ ਢੂੰਡਣ ਦੀ ਲੋੜ ਨਹੀਂ । ਇਨਸਾਨੀ ਮਨਾਂ ਅੰਦਰ ਉਸ ਦਾ ਪ੍ਰਕਾਸ਼ ਹੈ ਤੇ ਇਸ ਪ੍ਰਕਾਸ਼ ਨੂੰ ਸੰਸਾਰ ਦਾ ਅੰਗ ਹੋ ਕੇ ਵਧੇਰੇ ਆਸਾਨੀ ਨਾਲ ਸਹੀ ਕੀਤਾ ਜਾ ਸਕਦਾ ਹੈ।

ਪਿਛਲੇ ਲੇਖ ਵਿਚ ਅਸੀਂ ਵੇਖ ਆਏ ਹਾਂ ਕਿ ਦੇਸ਼ ਅੰਦਰ ਲੰਮਿਆਂ ਸਮਿਆਂ ਤੋਂ ਚਲ ਰਹੀ ਗ਼ਲਤ ਤਾਲੀਮ ਦੇ ਅਸਰ ਹੇਠ ਜੋਗੀ ਤੇ ਸੰਨਿਆਸੀ ਟੋਲਿਆਂ ਦੇ ਟੋਲੇ ਬਣ ਕੇ, ਵਸਦੇ ਘਰਾਂ ਨੂੰ ਉਜਾੜ, ਪਹਾੜਾਂ ਜਾਂ ਦਰਿਆਵਾਂ



ਨੂੰ ਮੂੰਹ ਕਰ ਲੈਂਦੇ ਸਨ। ਦੁਨੀਆਂ ਵਿਚ ਜੋ ਹੋਵੇ ਪਿਆ ਹੋਵੇ, ਉਹਨਾਂ ਨੂੰ ਇਸ ਨਾਲ ਕੋਈ ਵਾਸਤਾ ਨਹੀਂ ਸੀ । ਇਕ ਖਾਸ ਜਿਹਨੀ ਹਾਲਤ ਬਣ ਚੁਕੀ ਸੀ ਜਿਸ ਦੇ ਕਾਰਨ ਸਾਰਾ ਦੇਸ਼ ਕਮਜ਼ੋਰੀ, ਖੁਦਗਰਜ਼ੀ ਤੇ ਬੁਜ਼ਦਿਲੀ ਦੀ ਖੱਡ ਵਿਚ ਪਿਆ ਸੀ। ਇਸ ਜ਼ਿਹਨੀ ਹਾਲਤ ਨੂੰ ਬਦਲਣ ਤੋਂ ਬਿਨਾਂ ਦੇਸ਼ ਬਚ ਨਹੀਂ ਸਕਦਾ ਸੀ । ਸੁਮੇਰ ਪਰਬਤ 'ਤੇ ਗੁਰੂ ਸਾਹਿਬ ਦੀ ਜੋਗੀਆਂ ਨਾਲ ਇਸ ਮਸਲੇ 'ਤੇ ਲੰਮੀ ਗੱਲ ਬਾਤ ਹੋਈ ਹੈ ਜਿਸ ਨੂੰ ਭਾਈ ਗੁਰਦਾਸ ਜੀ ਨੇ ਇਉਂ ਬਿਆਨ ਕੀਤਾ ਹੈ : ਪਹਿਲਾਂ ਜੋਗੀਆਂ ਨੇ ਗੁਰੂ ਨਾਨਕ ਜੀ ਨੂੰ ਪੁਛਿਆ:

"ਮਾਤ ਲੋਕ ਵਿਚਿ ਕਿਆ ਵਰਤਾਰਾ ?"

ਭਾਵ "ਦੇਸ਼ ਦਾ ਕੀ ਹਾਲ ਹੈ ?"

ਇਸ ਦਾ ਉੱਤਰ ਗੁਰੂ ਸਾਹਿਬ ਨੇ ਦੁਖ ਭਰੇ ਦਿਲ ਨਾਲ ਇਉਂ ਦਿੱਤਾ ਸੀ :-

**ਪਾਪਿ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ ।**
**ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ ।**

ਭ:ਗੁ : ਵਾਰ ੧ ਪਉੜੀ ੨੯

ਅਰਥਾਤ "ਸਾਰਾ ਜਗਤ ਪਾਪਾਂ ਵਿਚ ਦਬਿਆ ਪਿਆ ਹੈ ਤੇ ਧਰਮ ਰੂਪ ਧੌਲ ਇਨ੍ਹਾਂ ਪਾਪਾਂ ਦੇ ਭਾਰ ਤੋਂ ਦੁਖੀ ਹੋ ਕੇ ਚੀਖ ਰਿਹਾ ਹੈ । ਜਦ ਸਿਧ ਲੋਕ ਹੀ ਪਰਬਤਾਂ ਵਿਚ ਜਾ ਲੁਕੇ ਹੋਣ ਤਾਂ ਜਗਤ ਦਾ ਉਧਾਰ ਕਿਵੇਂ ਹੋਣਾ ਹੈ? "

ਏਸੇ ਵਿਸ਼ੇ 'ਤੇ ਹੀ ਅਚਲ ਵਟਾਲੇ ਵੀ ਜੋਗੀਆਂ ਨਾਲ ਗੱਲ ਹੋਈ ਸੀ। ਉਹਨਾਂ ਨੂੰ ਗੁਰੂ ਜੀ ਦਾ ਸੰਸਾਰੀ ਹੋਣਾ ਬਹੁਤ ਬੁਰਾ ਲੱਗਾ । ਉਹ ਪੁੱਛਦੇ ਹਨ :

"ਖਾਧੀ ਖੁਣਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ ।
ਪੁਛੇ ਜੋਗੀ ਭੰਗਰਨਾਥੁ, 'ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ ?
ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ ।
ਭੇਖ ਉਤਾਰਿ ਉਦਾਸਿ ਦਾ, ਵਤਿ ਕਿਉ ਸੰਸਾਰੀ ਰੀਤਿ ਚਲਾਈ।"

(ਭਾਈ ਗੁਰਦਾਸ ਦੀ ਵਾਰ ੧, ਪਉੜੀ ੪੦)

ਅਰਥਾਤ "ਜੋਗੀ ਰੋਹ ਵਿਚ ਆ ਗਏ ਤੇ ਭੰਗੀਰਨਾਥ ਨੇ ਗੁਰੂ ਜੀ ਨੂੰ ਪੁੱਛਿਆ: 'ਤੁਸਾਂ ਦੁੱਧ ਵਿਚ ਕਾਂਜੀ ਕਿਉਂ ਪਾਈ ਹੈ ਅਰਥਾਤ ਉਦਾਸੀ ਦਾ ਭੇਖ ਉਤਾਰ ਕੇ ਸੰਸਾਰ ਰੀਤ ਕਿਉਂ ਚਲਾ ਦਿੱਤੀ ਹੈ ? ਇਸ ਤਰ੍ਹਾਂ ਤੁਹਾਡਾ ਜੀਵਨ ਰੂਪ ਦੁਧ ਦਾ ਚਾਟਾ ਫਿਟ ਗਿਆ ਹੈ ਤੇ ਹੁਣ ਇਸ ਨੂੰ ਰਿੜਕਿਆਂ ਮੱਖਣ (ਤਤ ਵਸਤੂ) ਪ੍ਰਾਪਤ ਨਹੀਂ ਹੋ ਸਕੇਗਾ ।"

ਇਹਨਾਂ ਸਤਰਾਂ ਤੋਂ ਸਪਸ਼ਟ ਹੈ ਕਿ ਜੋਗੀਆਂ ਦੇ ਖ਼ਿਆਲ ਅਨੁਸਾਰ ਕਿਸੇ ਉਦਾਸੀ ਲਈ ਸੰਸਾਰੀ ਹੋਣਾ ਦੁਧ ਵਿਚ ਕਾਂਜੀ ਪਾਣਾ ਹੈ, ਜਿਸ ਨਾਲ ਜੀਵਣ ਰੂਪ ਦੁੱਧ ਨਸ਼ਟ ਹੋ ਜਾਂਦਾ ਹੈ ਤੇ ਫਿਰ ਪਰਮਾਰਥ ਦਾ ਤਤ ਰੂਪ ਮੱਖਣ ਨਿਕਲ ਨਹੀਂ ਸਕਦਾ । ਮਹਾਰਾਜ ਦਾ ਉੱਤਰ ਹੇਠਾਂ ਦਿਤਾ ਹੈ ਜੋ ਜੋਗੀਆਂ ਦੀ ਸਾਰੀ ਵਿਚਾਰਧਾਰਾ ਦਾ ਹੀ ਖੰਡਨ ਹੈ । ਭੰਗਰਨਾਥ ਦੀ ਮਾਂ ਹੀ ਕੁਚੱਜੀ ਹੈ ਭਾਵ ਉਸ ਦਾ ਉਸਤਾਦ ਜਾਂ ਗੁਰੂ ਹੀ ਅਪੂਰਣ ਹੈ ਜਿਸਨੇ ਉਸ ਨੂੰ ਇਸ ਗ਼ਲਤ ਰਾਹੇ ਪਾਇਆ ਹੈ । ਉਸ ਨੇ ਰਿੜਕ ਕੇ ਮੱਖਣ ਕੀ ਕੱਢਣਾ ਹੋਇਆ ਜਿਸ ਨੂੰ ਭਾਂਡਾ ਧੋਣ ਦੀ ਵੀ ਜਾਚ ਨਹੀਂ ?

"ਨਾਨਕ ਆਖੇ 'ਭੰਗਰਿਨਾਥ ! ਤੇਰੀ ਮਾਉ ਕੁਚਜੀ ਆਹੀ ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ ॥" (ਵਾਰ ਭਾਈ ਗੁਰਦਾਸ)

ਭੰਗਰਨਾਥ ਤੋਂ ਮਹਾਰਾਜ ਪੁੱਛਦੇ ਹਨ ਕਿ ਧਰਮ ਦਾ ਦਸਿਆ ਉਹ ਰਾਹ ਕੀ ਹੋਇਆ ਜੋ ਕਿਸੇ ਦੀ ਆਪਣੀ ਰੋਟੀ ਦਾ ਪ੍ਰਬੰਧ ਵੀ ਨਹੀਂ ਕਰ ਸਕਦਾ ਤੇ ਉਸ ਨੂੰ ਦੂਜਿਆਂ ਦੇ ਦਰਾਂ 'ਤੇ ਭਟਕਣਾ ਪੈਂਦਾ ਹੈ ? ਗ੍ਰਿਹਸਤੀਆਂ ਨੂੰ ਦੁਰਕਾਰਨ ਵਾਲੇ ਇਹ ਲੋਕ ਉਨ੍ਹਾਂ ਦੇ ਹੀ ਘਰ ਮੰਗਣ ਕਿਉਂ ਚੜ੍ਹੇ ਫਿਰਦੇ ਹਨ ? ਗੁਰੂ ਸਾਹਿਬ ਉਨ੍ਹਾਂ ਨੂੰ ਘਾਲ ਕੇ ਖਟ ਖਾਣ ਦੀ ਸਿਖਿਆ ਪਹਿਲਾਂ ਦਿੰਦੇ ਹਨ ਤੇ ਫਿਰ ਦਸਦੇ ਹਨ ਕਿ ਸੱਚ, ਪਿਆਰ, ਨਿਰਭੈਤਾ, ਸੇਵਾ ਤੇ ਬੇਗਰਜ਼ੀ ਨਾਲ ਹੀ ਮਨੁੱਖ ਅੰਦਰੋਂ ਗਉਰਾ ਤੇ ਭਾਰਾ ਹੋ ਸਕਦਾ ਹੈ, ਨਹੀਂ ਤਾਂ ਸ਼ਖ਼ਸੀਅਤ ਸਖਣੀ ਹੀ ਰਹਿੰਦੀ ਹੈ । ਇਸ ਰੱਬ ਦੀ ਸੋਹਣੀ ਦੁਨੀਆਂ ਵਿਚ ਗ੍ਰਿਹਸਤ ਹੀ ਕੁਦਰਤੀ ਤੇ ਠੀਕ ਰਾਹ ਹੈ ; ਪਰ ਇਸਦੇ ਨਾਲ ਇਹ ਵੀ



ਜ਼ਰੂਰੀ ਹੈ ਕਿ ਆਪਣੀ ਨਿੱਕੀ ਜਿਹੀ ਖੁਦੀ ਦਾ ਤਿਆਗ ਹੋਵੇ, ਤਾਂ ਹੀ ਕੋਈ ਅਸਲ ਤਿਆਗੀ ਹੋਣ ਦਾ ਦਾਹਵਾ ਕਰ ਸਕਦਾ ਹੈ । ਗੁਰੂ ਸਾਹਿਬ ਐਸਾ ਜੀਵਨ ਦਿੰਦੇ ਹਨ ਜੋ ਗ੍ਰਿਹਸਤ ਵਿਚ ਤਾਂ ਪਾਂਦਾ ਹੈ ਪਰ ਨਾਲ ਹੀ ਇਸ ਵਿਚ ਪੂਰਾ ਤਿਆਗ ਸਿਖਾਂਦਾ ਹੈ । ਫਿਰ ਗ੍ਰਿਹਸਤ ਤੇ ਤਿਆਗ ਦੋ ਅੱਡ ਅੱਡ ਚੀਜ਼ਾਂ ਨਹੀਂ ਰਹਿੰਦੀਆਂ" ਇਕੋ ਆਦਮੀ ਇਕੋ ਵੇਲੇ ਦੋਵੇਂ ਚੀਜ਼ਾਂ ਹੈ । ਇਸ ਦਾ ਭਾਵ ਇਹ ਹੈ ਕਿ ਸਿਖ ਧਰਮ ਗ੍ਰਿਹਸਤ-ਉਦਾਸ ਧਰਮ ਹੈ । ਆਰੰਭ ਦੇ ਸ਼ਬਦ ਵਿਚ ਇਸ ਗੱਲ ਨੂੰ ਬੜਾ ਸਪਸ਼ਟ ਖੋਲ੍ਹਿਆ ਹੈ ।

"ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥"

ਅੰਗ ੭੩੦

ਇਸ ਤੁਕ ਨੂੰ ਸ਼ਬਦ ਵਿਚ ਬਾਰ ਬਾਰ ਦੁਹਰਾਇਆ ਗਿਆ ਹੈ । ਇਹ ਇਸ ਲਈ ਕਿ ਧਰਮ ਦੀ ਜਿਹੜੀ ਅੰਤਮ ਤਸਵੀਰ ਬਣਨੀ ਹੈ ਉਸ ਵਿਚ ਇਹੋ ਗੱਲ ਪਰਵਾਨ ਹੋਣੀ ਹੈ । ਅਸਲ ਜੀਵਨ ਰਹਿਣੀ ਉਹ ਹੈ ਜਿਸ ਵਿਚ ਮਨੁੱਖ ਇਕੋ ਵੇਲੇ ਪੂਰਾ ਗ੍ਰਿਹਸਤੀ ਤੇ ਪੂਰਾ ਤਿਆਗੀ ਹੋਵੇ।

**"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥"**

(ਰਾਮਕਲੀ ਮਹਲਾ ੧, ਅੰਗ ੯੩੮)

ਅਰਥਾਤ "ਜਿਵੇਂ ਜਲ ਵਿਚ ਕੰਵਲ ਤੇ ਨਦੀ ਵਿਚ ਮੁਰਗਾਈ ਨਿਰਲੇਪ ਰਹਿੰਦੇ ਹਨ ਤਿਵੇਂ ਸੰਸਾਰ ਵਿਚ ਤਿਆਗੀ ਹੋ ਕੇ ਰਹਿਣਾ ਹੈ।"

ਗ੍ਰਿਹਸਤ ਤੇ ਉਦਾਸ ਇਕੱਲੇ ਇਕੱਲੇ ਦੋਵੇਂ ਅਧੂਰਾ ਜੀਵਨ ਹਨ, ਜਿਨ੍ਹਾਂ ਤੋਂ ਮਨੁੱਖੀ ਵਿਕਾਸ ਰੁਕਿਆ ਰਹਿੰਦਾ ਹੈ ।

"ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥
ਕਰਮ ਕਰਤ ਜੀਅ ਕਉ ਜੰਜਾਰ ॥੩॥"

(ਆਸ ਮਹਲਾ ੫, ਅੰਗ ੩੯੫)

ਅਰਥਾਤ "ਗ੍ਰਿਹਸਤ ਵਿਚ ਝੋਰੇ ਹਨ ਤੇ ਉਦਾਸ ਤੋਂ ਹੰਕਾਰ ਉਤਪੰਨ ਹੋ ਸਕਦਾ ਹੈ । ਫਿਰ ਜੀਵ ਕਰਮ ਕਰਦਾ ਵੀ ਜੰਜਾਲਾਂ ਵਿਚ ਜਕੜਿਆ ਜਾਂਦਾ ਹੈ ।

ਜੋ ਪੁਰਸ਼ ਨਿਰਾ ਗ੍ਰਿਹਸਤੀ ਹੈ ਉਹ ਮਾਇਕੀ ਚੀਜ਼ਾਂ ਨੂੰ ਹੀ ਸਭ

ਕੁਝ ਸਮਝ ਲੈਂਦਾ ਹੈ ਤੇ ਉਨ੍ਹਾਂ ਵਿਚ ਫਸ ਕੇ ਉਨ੍ਹਾਂ ਦਾ ਗੁਲਾਮ ਹੋ ਕੇ ਜੀਵਨ ਬਰਬਾਦ ਕਰ ਲੈਂਦਾ ਹੈ । ਪਦਾਰਥਾਂ ਨੂੰ ਭੋਗਦਾ ਉਹ ਆਪ ਭੋਗਿਆ ਜਾਂਦਾ ਹੈ । ਇਸ ਗਲਤ ਕਿਸਮ ਦੇ ਗ੍ਰਿਹਸਤ ਦੇ ਭੈੜੇ ਨਤੀਜਿਆਂ ਦਾ ਪ੍ਰਤੀਕਰਮ (reaction) ਹੀ ਤਿਆਗ ਵਿਚੋਂ ਨਿਕਲਿਆ ਸੀ ; ਪਰ ਜਿਵੇਂ ਗ੍ਰਿਹਸਤ ਦਾ ਤਜਰਬਾ ਗ਼ਲਤ ਢੰਗ ਨਾਲ ਕੀਤਾ ਗਿਆ ਸੀ ਤਿਵੇਂ ਤਿਆਗ ਦਾ ਵੀ ਗ਼ਲਤ ਕੀਤਾ ਗਿਆ ਸੀ । ਇਹ ਤਿਆਗ ਆਪ ਗਲਤ ਲੀਹਾਂ 'ਤੇ ਪੈ ਗਿਆ, ਜਦੋਂ ਤਿਆਗ ਦਾ ਅਰਥ ਹੀ ਇਹ ਲਿਆ ਗਿਆ ਕਿ ਜਗਤ ਤੋਂ ਉਪਰਾਮ ਹੋ ਕੇ ਇਸ ਦੀਆਂ ਜ਼ਿੰਮੇਵਾਰੀਆਂ ਤੋਂ ਨਸਣਾ ਹੈ ਤੇ ਸੰਸਾਰੀ ਜੀਵਨ ਨੂੰ ਦੁਰਕਾਰ ਦੇਣਾ ਹੈ । ਪਰ ਅਸਲ ਤਿਆਗ ਹਉਮੈ ਦਾ ਤਿਆਗ ਹੈ ਅਰਥਾਤ ਮਾਇਕੀ ਪਦਾਰਥਾਂ ਦੀ ਗੁਲਾਮੀ ਤੋਂ ਬਚਣਾ ਇਹ ਅਸਲ ਤਿਆਗ ਹੈ । ਗੁਰੂ ਸਾਹਿਬ ਨੇ ਗ੍ਰਿਹਸਤ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਚੁਕੀਆਂ ਤੇ ਚੁਕਵਾਈਆਂ । ਉਨ੍ਹਾਂ ਕਿਸੇ ਅਗਲੀ ਦੁਨੀਆਂ ਵਿਚ ਨਹੀਂ, ਏਥੇ ਹੀ ਤੇ ਹੁਣੇ ਹੀ ਧਰਮੀ ਬਣਨ ਦੀ ਜਾਚ ਸਿਖਾਈ ਤੇ ਸੁਖੀ ਜੀਵਨ ਦਿੱਤਾ । ਇਸ ਦੁਨੀਆਂ ਨੂੰ ਉਹ ਸੁਰਗ ਵਿਚ ਬਦਲਣਾ ਚਾਹੁੰਦੇ ਸਨ । ਜਗਤ ਦੀਆਂ ਸਮੱਸਿਆਵਾਂ ਤੋਂ ਨਸਣਾ ਬੁਜ਼ਦਿਲੀ ਤੇ ਖੁਦਗਰਜ਼ੀ ਹੈ । ਇਨ੍ਹਾਂ ਨੂੰ ਹੱਲ ਕਰਨਾ ਮਰਦਊਪੁਣਾ ਹੈ ਤੇ ਇਸ ਤੋਂ ਜ਼ਿੰਦਗੀ ਦੀ ਖ਼ੂਬਸੂਰਤੀ ਲਭਦੀ ਹੈ ; ਜੀਵਨ ਸੰਪੂਰਨ ਹੁੰਦਾ ਹੈ । ਇਹ ਆਦਰਸ਼ਕ ਜੀਵਨ ਹੈ, ਜਿਸ ਦੇ ਨਮੂਨੇ ਉਹਨਾਂ ਆਪ ਬਣ ਕੇ ਵਿਖਾਇਆ । ਸਮਝਣ ਸਮਝਾਣ ਲਈ ਗੁਰੂ ਘਰ ਵਿਚ ਗ੍ਰਿਹਸਤ, ਉਦਾਸ ਅਤੇ ਗ੍ਰਿਹਸਤ ਉਦਾਸ ਤਿੰਨਾਂ ਹੀ ਹਾਲਤਾਂ ਦੀਆਂ ਪ੍ਰਗਟ ਮਿਸਾਲਾਂ ਮਿਲਦੀਆਂ ਹਨ । ਜਿਵੇਂ ਪਿਛੇ ਵੇਖ ਆਏ, ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰਾਂ ਵਿਚ ਬਾਬਾ ਪ੍ਰਿਥੀ ਚੰਦ ਜੀ ਨਿਰੇ ਗ੍ਰਿਹਸਤੀ ਸਨ ਤੇ ਮਹਾਂਦੇਵ ਜੀ ਨਿਰੇ ਤਿਆਗੀ, ਪਰ ਗੁਰੂ ਅਰਜਨ ਦੇਵ ਜੀ ਸਿਖ ਧਰਮ ਦੀ ਵਿਚਾਰਧਾਰਾ ਅਨੁਸਾਰ ਗ੍ਰਿਹਸਤ-ਉਦਾਸ ਦੇ ਆਦਰਸ਼ਕ ਨਮੂਨੇ ਬਣੇ ਸਨ । ਉਹ ਸਹੀ ਗ੍ਰਿਹਸਤੀ ਸਨ ਪਰ ਨਾਲ ਪੂਰੇ ਤਿਆਗੀ ਵੀ ਹਨ । ਗੁਰੂ ਤੇਗ ਬਹਾਦਰ ਜੀ ਪਹਿਲੀ ਉਮਰ ਵਿਚ ਸੁਭਾਵਕ ਹੀ ਕੁਝ ਵਧੇਰੇ ਉਪਰਾਮ ਤਬੀਅਤ ਵੇਖੇ ਗਏ ਸਨ । ਉਸ ਹਾਲਤ ਵਿਚ ਉਨ੍ਹਾਂ ਨੂੰ ਗੱਦੀ ਦੇ ਯੋਗ ਨਹੀਂ ਸਮਝਿਆ ਗਿਆ ਸੀ । ਸਮੇਂ ਨਾਲ ਜਦੋਂ ਉਨ੍ਹਾਂ ਵਿਚ ਸਹੀ ਕਿਸਮ ਦੀ ਤੇ ਹੱਦ ਦੇ ਅੰਦਰ ਤੁਲ ਕੇ ਉਪਰਾਮਤਾ ਆ ਗਈ ਸੀ ਉਦੋਂ ਹੀ ਗਰਿਆਈ ਦੇ ਯੋਗ ਸਮਝੇ ਗਏ ਸਨ । ਜਦ ਉਹ ਪੱਕ ਗਏ ਸਨ ਤਾਂ ਉਨ੍ਹਾਂ ਦੇ ਤਿਆਗ 'ਚੋ ਆਮ ਤਿਆਗੀਆਂ ਦੀ ਰੁਖੇਵੇਂ ਵਾਲੀ



ਖੁਸ਼ਕ ਮਾਨਸਿਕ ਦਸ਼ਾ ਮੁਕੰਮਲ ਤੋਰ 'ਤੇ ਜਾਂਦੀ ਰਹੀ ਸੀ । ਜੀਵਨ ਵਿਚ ਪਿਆਰ ਹੁਲਾਰੇ ਖਾਂਦਾ ਸੀ । ਸਿੱਖ ਸੇਵਕਾਂ ਤੇ ਸ਼ਰਧਾਲੂਆਂ ਨਾਲ ਉਹਨਾਂ ਦੇ ਅਤੁਟ ਪਿਆਰ ਦੀਆਂ ਬੇਅੰਤ ਕਹਾਣੀਆਂ ਹਨ । ਸਾਰੇ ਜਗਤ ਨਾਲ ਇਸ ਹੱਦ ਤਕ ਦਿਲਚਸਪੀ ਹੋ ਗਈ ਸੀ ਕਿ ਸਾਲਾਂ ਬੱਧੀ ਉਹ ਦੇਸ਼ ਦਿਸ਼ਾਂਤਰੀ ਫਿਰੇ ਸਨ । ਫਿਰਨ ਦਾ ਇਹ ਕੰਮ ਗੁਰੂ ਨਾਨਕ ਜੀ ਤੋਂ ਪਿਛੋਂ ਸਭ ਤੋਂ ਵੱਧ ਉਨ੍ਹਾਂ ਹੀ ਕੀਤਾ। ਤਿਆਗ ਦੀ ਮੂਰਤੀ ਹੁੰਦੇ ਹੋਏ ਹੀ ਵੀ ਉਹ ਪੂਰੇ ਸੰਸਾਰੀ ਸਨ । ਸੱਚਮੁੱਚ ਉਹ ਗ੍ਰਿਹਸਤ-ਉਦਾਸ ਦੀ ਇਕ ਮੁਕੰਮਲ ਤਸਵੀਰ ਪੇਸ਼ ਕਰਕੇ ਇਹ ਪਤਾ ਦਿੰਦੇ ਸਨ ਕਿ ਕਿਹੋ ਜਿਹਾ ਗ੍ਰਿਹਸਤ ਸਫਲ ਗ੍ਰਿਹਸਤ ਹੈ ।

ਭਗਤ ਕਬੀਰ ਜੀ ਨੇ ਇਸ ਬਾਬਤ ਆਪਣਾ ਖ਼ਿਆਲ ਕੁਝ ਇਸ ਤਰ੍ਹਾਂ ਪੇਸ਼ ਕੀਤਾ ਹੈ :

**"ਕਬੀਰ ਜਉ ਗ੍ਰਿਹ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ।**
**ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥" ੨੪ ੩॥**

(ਸਲੋਕ ਕਬੀਰ ਜੀ) ਅੰਗ ੧੩੭੭

ਅਰਥਾਤ "ਹੇ ਕਬੀਰ, ਜੇ ਗ੍ਰਿਹਸਤੀ ਹੋਣਾ ਚਾਹੁੰਦਾ ਹੈਂ ਤਾਂ ਧਰਮ ਕਮਾਉ, ਨਹੀਂ ਤਾਂ ਤਿਆਗ ਧਾਰਨ ਕਰੋ । ਪਰ ਜੇ ਕੋਈ ਤਿਆਗੀ ਹੋ ਕੇ ਵੀ ਬੰਧਨਾਂ ਵਿਚ ਪੈ ਜਾਵੇ ਤਾਂ ਉਹ ਅਭਾਗਾ ਹੈ ।"

ਜੇ ਇਹ ਠੀਕ ਹੈ ਕਿ ਜਗਤ ਰੱਬ ਦਾ ਘਰ ਹੈ ਇਸ ਨੂੰ ਮਾੜਾ ਕਹਿਣ ਵਾਲੇ ਆਪ ਮਾੜੇ ਹਨ ਜਾਂ ਰੋਗੀ ਹਨ । ਸਰੀਰ ਤੇ ਮਨ ਨੂੰ ਦੁੱਖ ਦੇ ਕੇ ਕੋਹਣ ਵਾਲੇ, ਰੱਬ ਦੇ ਪਰਵਾਨ ਨਹੀਂ ਹੋ ਸਕਦੇ। ਰੱਬ ਦੀ ਬਣਾਈ ਏਡੀ ਸੁੰਦਰ ਦੁਨੀਆਂ ਵਿਚ ਸੰਸਾਰ ਦਾ ਹੀ ਤਿਆਗ ਜੀਵਨ ਦਾ ਮਨੋਰਥ ਕਿਵੇਂ ਹੋ ਸਕਦਾ ਹੈ । ਇਨਸਾਨ ਤਾਂ ਸੁਭਾਵਿਕ ਸੋਸ਼ਲ ਹੈ । ਉਸ ਨੂੰ ਸੰਸਾਰ ਤੋਂ ਸਦਾ ਲਈ ਵੱਖ ਕਿਵੇਂ ਕੀਤਾ ਜਾ ਸਕਦਾ ਹੈ ? ਇਸ ਲਈ ਇਹ ਰਾਹ ਗ਼ੈਰ ਕੁਦਰਤੀ ਹੈ । ਲੋੜ ਤਾਂ ਅੰਦਰੋਂ ਬੁਰਾਈ ਦੀ ਜੜ੍ਹ ਨੂੰ ਕੱਟਣਾ ਹੈ । ਜੇ ਬੁਰਾਈ ਅੰਦਰ ਰਹਿੰਦੀ ਹੈ ਤਾਂ ਜੰਗਲਾਂ ਦਾ ਵਾਸਾ ਵੀ ਉਸ ਨੂੰ ਕਟ ਨਹੀਂ ਸਕਦਾ । ਮੋਹ ਦੀ ਅੰਸ ਹਰ ਥਾਂ ਆਪਣੇ ਚਮਤਕਾਰ ਵਿਖਾਂਦੀ ਰਹਿੰਦੀ ਹੈ । ਜੇ ਗ੍ਰਿਹਸਤੀ ਇਸ ਦਾ ਪ੍ਰਗਟਾਵਾ ਆਪਣੇ ਬੱਚਿਆਂ ਤੇ ਪਰਵਾਰ ਵਿਚ ਕਰਦੇ ਹਨ ਤਾਂ ਤਿਆਗੀ ਇਸ ਦਾ ਪ੍ਰਗਟਾਵਾ ਚੇਲਿਆਂ ਜਾਂ ਜੰਗਲਾਂ ਦੇ ਪੰਛੀਆਂ ਵਿਚ ਕਰ ਲੈਂਦੇ ਹਨ। ਇਸੇ ਤਰ੍ਹਾਂ ਕਰੋਧ, ਹੰਕਾਰ ਤੇ ਕਾਮ ਦੀਆਂ ਪਰਬਲ

ਪਕੜਾਂ ਤੋਂ ਆਦਮੀ ਬਚ ਨਹੀਂ ਸਕਦਾ ਭਾਵੇਂ ਉਹ ਕਿੱਥੇ ਵੀ ਹੋਵੇ, ਜਿੰਨਾ ਚਿਰ ਉਸ ਨੂੰ ਸ੍ਵੈ ਕਾਬੂ (self-control) ਦਾ ਵੱਲ ਨਾ ਆਇਆ ਹੋਵੇ ।

**"ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥**
**ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥"**

(ਬਿਲਾਵਲ ਕਬੀਰ ਜੀ, ਅੰਗ ੮੫੫)

ਅਰਥਾਤ "ਜੇ ਘਰ ਛੱਡ ਕੇ ਕੋਈ ਬਨਾਂ ਵਿਚ ਚਲਾ ਜਾਏ ਤੇ ਉਥੇ ਫਲ ਖਾ ਕੇ ਗੁਜ਼ਾਰਾ ਕਰੇ ਤਾਂ ਵੀ ਇਹ ਪਾਪੀ ਮਨ ਵਿਕਾਰਾਂ ਨੂੰ ਨਹੀਂ ਛੱਡਦਾ।"

ਦੁਨੀਆਂ ਇਸ ਖੇਤਰ ਵਿਚ ਤਜਰਬੇ ਤਾਂ ਕਈ ਤਰ੍ਹਾਂ ਕਰਦੀ ਆਈ ਹੈ। ਸਮਾਧੀਆਂ ਦੁਆਰਾ ਇਕਾਗਰਤਾ ਦਾ ਪਕਾਣ, ਕਰਮ, ਧਰਮ, ਪੂਜਾ ਤੇ ਪਾਠ ਤੀਰਥ ਇਸ਼ਨਾਨ, ਹੋਮ, ਜਗ, ਗਿਆਨ, ਧਿਆਨ ਤੇ ਹੋਰ ਕਈ ਤਰ੍ਹਾਂ ਦੇ ਕਠਨ ਸਾਧਨ ਕੀਤੇ ਜਾਂਦੇ ਰਹੇ ਹਨ । ਪਰ ਇਹਨਾਂ ਸਾਰਿਆਂ ਸਾਧਨਾਂ ਤੋਂ ਸੱਚ ਦੀ ਪ੍ਰਾਪਤੀ ਹੋ ਕੇ ਮਨ ਦੀ ਭਟਕਣਾ ਤੇ ਅਸ਼ਾਂਤੀ ਦਾ ਮਿਟਣਾ ਆਸਾਨ ਨਾ ਹੋਇਆ । ਇਸ ਤਰ੍ਹਾਂ ਨਾਲ ਅੰਦਰੋਂ ਉਠਦੀਆਂ ਪੁੱਛਾਂ ਮੁੱਕ ਕਿਵੇਂ ਸਕਦੀਆਂ ਸਨ ? ਮਨ ਕਹਿੰਦਾ ਰਹਿੰਦਾ ਸੀ ਕਿ ਜੇ ਅੰਤਮ ਸਚਾਈ ਬ੍ਰਹਮ ਹੈ ਤਾਂ ਇਸ ਨੂੰ ਕਿਵੇਂ ਪ੍ਰਾਪਤ ਕੀਤਾ ਜਾਏ ? ਪੂਜਾ, ਪਾਠ, ਕਰਮ ਕਾਂਡ ਤੇ ਸਮਾਧੀਆਂ ਕਿਸ ਕੰਮ ਹਨ ਜੇ ਇਨ੍ਹਾਂ ਦੁਆਰਾ ਉਸ ਬ੍ਰਹਮ ਦਾ ਪਤਾ ਨਹੀਂ ਹੋ ਜਾਂਦਾ ? ਬਹਮ ਦੀ ਪ੍ਰਾਪਤੀ ਦੀ ਨਿਸ਼ਾਨੀ ਤਾਂ ਇਹ ਹੈ ਕਿ ਅੰਦਰ ਸੁਖ ਤੇ ਸ਼ਾਂਤੀ ਵਰਤ ਜਾਣ ; ਕਿਉਂਕਿ ਬ੍ਰਹਮ ਤਾਂ ਹੈ ਹੀ ਅਨੰਦ ਸਰੂਪ ਤੇ ਸਦੈਵੀ ਸੁਖਾਂ ਦਾ ਸੋਮਾ । ਤਿਆਗ ਦੇ ਸਾਰੇ ਰਾਹ ਵੀ ਇਸੇ ਲਈ ਅਪਨਾਏ ਜਾਂਦੇ ਰਹੇ ਹਨ ਕਿ ਇਹ ਭਟਕਣ ਵਾਲਾ ਮਨ ਮਰ ਜਾਏ । ਭੁਖ, ਤੇਹ, ਖਾਹਸ਼ਾਂ, ਸੁਪਨੇ, ਸੁਖ ਤੇ ਦੁਖ ਖ਼ਤਮ ਹੋ ਜਾਣ ਤੇ ਕੇਵਲ ਆਤਮਕ ਅਨੰਦ ਰਹਿ ਜਾਏ। ਮਨ ਮਾਰਨ ਤੇ ਆਪਾ ਮਿਟਾਣ ਦੇ ਕਈ ਢੰਗ ਵੀ ਇਸ ਲਈ ਹੀ ਵਰਤੇ ਜਾਂਦੇ ਹਨ ਕਿ ਆਪੇ ਦਾ ਅਭਾਵ ਹੋ ਜਾਏ ਪਰ ਉਹ ਆਪਾ ਕਈ ਸ਼ਕਲਾਂ ਵਿਚ ਮੁੜ ਵਾਪਸ ਆ ਜਾਂਦਾ ਹੈ ।

**"ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥**
**ਮਨ ਤੇ ਕਬਹੂ ਨ ਬਿਖਿਆ ਟਰੈ ॥"**

(ਗਉੜੀ ਸੁਖਮਨੀ ਮਹਲਾ ੫, ਅੰਗ ੨੬੫)



ਅਰਥਾਤ "ਇਸ ਸਰੀਰ ਦੀ ਕਈ ਤਰ੍ਹਾਂ ਸਾਧਨਾ ਕਰਦਾ ਹੈ ਪਰ ਮਨ ਤੋਂ ਵਿਸ਼ੇ ਟਲਦੇ ਨਹੀਂ ।"

**"ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥**
**ਤਉ ਭੀ ਹਉਮੈ ਮੈਲੁ ਨ ਜਾਵੈ ॥"**

(ਗਉੜੀ ਸੁਖਮਨੀ ਮਹਲਾ ੫) ਅੰਗ ੨੬੫

ਅਰਥਾਤ "ਸਰੀਰ ਦੇ ਰਤਾ ਰਤਾ ਕਰਕੇ ਟੋਟੇ ਵੀ ਕਰਾ ਦਿਤੇ ਪਰ ਹਉਮੈਂ ਦੀ ਮੈਲ ਦੂਰ ਨਾ ਹੋਈ ।"

ਇਹਨਾਂ ਤਜਰਬਿਆਂ ਤੋਂ ਈਮਾਨਦਾਰ ਮੁਤਲਾਸ਼ੀਆਂ ਨੂੰ ਯਕੀਨ ਹੋ ਜਾਂਦਾ ਸੀ ਕਿ ਉਹਨਾਂ ਦਾ ਇਹ ਰਸਤਾ ਠੀਕ ਨਹੀਂ, ਕਿਉਂਕਿ ਸੰਸਾਰ ਤਿਆਗ ਆਪੇ ਦੀ ਪੀੜ ਤੋਂ ਛੁਟਕਾਰਾ ਨਹੀਂ ਸੀ ਦਿੰਦਾ । ਇਹ ਤਾਂ ਸਗੋਂ ਉਸ ਆਪੇ ਤੋਂ ਕੰਨੀ ਕਤਰਾਨਾ ਜਾਂ ਆਰਜ਼ੀ ਤੌਰ 'ਤੇ ਉਸ ਤੋਂ ਲਾਂਭੇ ਭੱਜਣਾ ਜਾਂ ਉਸ ਵਲੋਂ ਅੱਖਾਂ ਮੀਟ ਛੱਡਣਾ ਜਾਂ ਉਸ ਤੋਂ ਡਰਨਾ ਹੋਇਆ, ਉਸ ਨਾਲ ਦੋ ਹੱਥ ਕਰਨਾ ਨਹੀਂ । ਇਹ ਸਭ ਆਪਣੇ ਆਪ ਨਾਲ ਧੋਖਾ ਹੈ । ਇਹ ਸ਼ਾਇਦ ਆਰਜ਼ੀ ਜਿਹਾ ਅਰਾਮ ਤਾਂ ਦੇਵੇ ਪਰ ਇਸ ਤਰ੍ਹਾਂ ਦਾ ਅਰਾਮ ਤਾਂ ਅਫੀਮ ਜਾਂ ਕਿਸੇ ਹੋਰ ਅਮਲ ਨਾਲ ਵੀ ਪ੍ਰਾਪਤ ਹੋ ਸਕਦਾ ਹੈ । ਲੋੜ ਆਪੇ ਤੋਂ ਲੁਕਦੇ ਫਿਰਨਾ ਨਹੀਂ ਸਗੋਂ ਉਸ ਨਾਲ ਮੁਖਾਤਬ ਹੋਣਾ ਤੇ ਉਸ ਦੀ ਕਮਜ਼ੋਰੀਆਂ ਨਾਲ ਜੂਝਣਾ ਹੈ । ਇਹ ਜੂਝਣ ਦਾ ਕੰਮ ਗ੍ਰਿਹਸਤ ਵਿਚ ਹੁੰਦਿਆਂ ਵਧੇਰੀ ਯੋਗਤਾ ਨਾਲ ਹੋ ਸਕਦਾ ਹੈ । ਪਰ ਪਹਿਲਾਂ ਦ੍ਰਿਸ਼ਟੀਕੋਣ ਬਦਲੇ । ਇਕ ਐਸੀ ਨਜ਼ਰ ਬਣੇ ਕਿ ਦੁਨੀਆਂ ਨਵੇਂ ਰੂਪ ਵਿਚ ਦਿਸੇ। ਫਿਰ ਇਹ ਦੁਨੀਆਂ ਮਾਇਆ ਦਾ ਪਰਦਾ ਨਹੀਂ, ਬੜੀ ਸੁੰਦਰ ਕੋਈ ਚੀਜ਼ ਹੋ ਜਾਂਦੀ ਹੈ । ਬ੍ਰਹਮ ਹਰ ਥਾਂ ਹੈ, ਤੇਰੇ ਤੇ ਮੇਰੇ ਵਿਚ ਹੈ, ਰੁੱਖਾ, ਬਿਰਖਾਂ ਤੇ ਦਰਿਆਵਾਂ, ਸਭ ਵਿਚ ਹੈ । ਖੁਦਾਈ ਕਾਰੀਗਰੀ ਐਸੀ ਕਲਾ ਹੈ ਜਿਸ ਵਿਚ ਕਲਾ ਦਿਸਦੀ ਨਹੀਂ ਕਿਉਂਕਿ ਇਹ ਕਲਾ ਪੂਰਨ ਕਲਾ ਹੈ । ਜਿਥੇ ਜਿਥੇ ਉਸ ਦੀ ਆਪਣੀ ਰਜ਼ਾ ਹੈ ਉਥੇ ਉਥੇ ਉਹ ਵਰਤ ਰਿਹਾ ਹੈ । ਜੇ ਇਕ ਥਾਂ ਨੀਲੇ ਅਸਮਾਨ ਵਿਚ ਨੀਲਾ ਹੋ ਕੇ ਵਰਤ ਰਿਹਾ ਹੈ ਤਾਂ ਦੂਜੇ ਥਾਂ ਬਨਸਪਤੀ ਵਿਚ ਸਬਜ਼ ਹੋ ਜਾਂਦਾ ਹੈ । ਜੀਵਨ ਇਕ ਕਿਤਾਬ ਹੈ ਪਰ ਜੇ ਇਸ ਨੂੰ ਪੜ੍ਹਨਾ ਹੈ ਤਾਂ ਇਸ ਦੇ ਸਭ ਅੱਖਰਾਂ 'ਤੇ ਨਿਸ਼ਾਨੀਆਂ ਦਾ ਮੁਤਾਲਿਆ ਕਰਨਾ ਹੋਵੇਗਾ । ਇਸ ਦਾ ਅਰਥ ਇਹ ਹੈ ਕਿ ਗ੍ਰਿਹਸਤ ਵਿਚ ਰਹਿ ਕੇ ਆਪਣੇ ਮਨ ਨੂੰ ਇਕਸੁਰ ਕਰਨਾ ਹੋਵੇਗਾ । ਪਰ

ਇਹ ਮਿਹਨਤ ਮੰਗਦਾ ਹੈ । ਆਪੇ ਦੀਆਂ ਤਰੁਟੀਆਂ ਸਬੂਤੀਆਂ ਵੇਖਣੀਆਂ ਤੇ ਉਹਨਾਂ ਨੂੰ ਕੁਦਰਤੀ ਰਾਹ ’ਤੇ ਪਾਣਾ ਕੋਈ ਆਸਾਨ ਗੱਲ ਨਹੀਂ, ਪਰ ਹੈ ਇਹੋ ਅਸਲ ਗੱਲ ।

ਗਲਤ ਕਿਸਮ ਦਾ ਤਿਆਗ ਕਈ ਹਾਲਤਾਂ ਵਿਚ ਗ੍ਰਿਹਸਤ ਨਾਲੋਂ ਵੀ ਮਾੜਾ ਹੈ, ਕਿਉਂਕਿ ਗ੍ਰਿਹਸਤ ਇਕ ਐਸਾ ਸਕੂਲ ਹੈ ਜਿਥੇ ਮਨੁੱਖ ਸੁਤੇ ਹੀ ਕਈ ਕੁਝ ਸਿਖ ਲੈਂਦਾ ਹੈ ਅਰਥਾਤ ਉਸ ਨੂੰ ਕਈ ਗੁਣ ਪ੍ਰਾਪਤ ਹੋ ਜਾਂਦੇ ਹਨ। ਗ੍ਰਿਹਸਤ ਵਿਚ ਵੜਦਿਆਂ ਹੀ ਕੁਰਬਾਨੀ, ਸੇਵਾ ਤੇ ਪਿਆਰ ਸਿਖੀ ਦਾ ਹੈ, ਹੈ ਪਰ ਇਨ੍ਹਾਂ ਤੋਂ ਵਿਰਵਾ ਰਹਿੰਦਾ ਹੈ। ਮਾਂ ਦੀ ਕੁਰਬਾਨੀ, ਮਾਂ ਦਾ ਪਿਆਰ, ਤਿਆਗ ਤੇ ਸੇਵਾ ਦੀ ਕੌਣ ਰੀਸ ਕਰ ਸਕਦਾ ਹੈ? ਭੈਣ, ਭਰਾ, ਇਸਤਰੀ, ਪਤੀ ਇਕ ਦੂਜੇ ਨੂੰ ਪਿਆਰਦੇ ਤੇ ਇਕ ਦੂਜੇ ਲਈ ਕੁਰਬਾਨੀਆਂ ਕਰਦੇ ਹਨ। ਗ੍ਰਿਹਸਤੀਆਂ ਨੇ ਕਿਰਤ ਕਮਾਈ ਵੀ ਕਰਨੀ ਹੁੰਦੀ ਹੈ ਜਿਸ ਨਾਲ ਉਨ੍ਹਾਂ ਵਿਚ ਉਦਮ ਆਉਂਦਾ ਹੈ, ਦੂਜਿਆਂ ਨਾਲ ਸਾਂਝ ਬਣਦੀ ਹੈ ਤੇ ਫਿਰ ਉਨ੍ਹਾਂ ਦੀ ਸਹਾਇਤਾ ਦਾ ਮਾਣ ਪ੍ਰਾਪਤ ਹੈ ; ਤਾਂ ਹੀ ਮਹਾਰਾਜ ਫ਼ੁਰਮਾਉਂਦੇ ਹਨ ।

“ਇਸ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥”

(ਵਡਹੰਸ ਮਹਲਾ ੩, ਅੰਗ ੫੮੭)

ਅਰਥਾਤ— “ਇਸ ਉਦਾਸ ਭੇਖ ਨਾਲੋਂ ਗ੍ਰਿਹਸਤ ਵਧੇਰੇ ਚੰਗਾ ਹੈ ਕਿਉਂਕਿ ਗ੍ਰਿਹਸਤੀ ਦੂਜਿਆਂ ਦੇ ਕੰਮ ਆ ਜਾਂਦਾ ਹੈ ।”

ਤਿਆਗੀਆਂ ਦੇ ਦਿਲ ਠਰੇ ਹੁੰਦੇ ਹਨ । ਉਨ੍ਹਾਂ ਵਿਚ ਨਾ ਉਤਸ਼ਾਹ ਹੈ, ਨਾ ਉਹਨਾਂ ਦੀ ਜੀਵਨ ਵਿਚ ਕੋਈ ਦਿਲਚਸਪੀ ਹੈ ਤੇ ਨਾ ਕਿਸੇ ਦੇਸ਼ ਜਾਂ ਕੌਮ ਦੇ ਦਰਦ ਦੀ ਪੀੜ ਹੈ । ਉਹਨਾਂ ਦੇ ਦਿਲ ਠਰੇ ਹੋਏ ਪੱਥਰ ਹਨ । ਇਕ ਇਹੋ ਜਿਹੇ ਬੈਰਾਗੀ ਤੇ ਤਿਆਗੀ ਮਾਧੋ ਦਾਸ ਦਾ ਜ਼ਿਕਰ ਅਸੀਂ ਅੱਗੇ ਕੀਤਾ ਹੈ । ਦੇਸ਼ ਉਸ ਵੇਲੇ ਜਲ ਰਿਹਾ ਸੀ ਪਰ ਮਾਧੋ ਦਾਸ ਤਕ ਕਿਸੇ ਨੂੰ ਵੀ ਚੀਖ ਪੁਕਾਰ ਦੀ ਸੁਣਾਈ ਨਹੀਂ ਸੀ । ਉਹ ਜਪਾਂ ਤਪਾਂ ਵਿਚ ਲੱਗਾ ਆਪਣੇ ਇਕ ਖਾਸ ਰੰਗ ਵਿਚ ਮਸਤ ਸੀ ; ਐਸਾ ਰੰਗ ਜਿਸ ਵਿਚ ਦੁਨੀਆਂ ਵੱਲ ਕੋਈ ਜ਼ਿੰਮੇਵਾਰੀ ਨਹੀਂ ਰਹਿੰਦੀ । ਉਸ ਨੂੰ ਅਜੇ ਇਹ ਸਮਝ ਨਹੀਂ ਸੀ ਆਈ ਕਿ ਇਹ ਵੀ ਇਕ ਖਾਸ ਕਿਸਮ ਦੀ ਖੁਦਗਰਜ਼ੀ ਹੈ ਕਿ ਆਲੇ ਦੁਆਲੇ ਦੇ ਹਾਲਾਤ ਨਾਲ ਕੋਈ ਦਿਲਸਚਪੀ ਹੀ ਨਾ ਰਹੇ ।



ਹੁਣ ਅੰਤ ਵਿਚ ਅਸੀਂ ਦਸਮ ਪਾਤਿਸ਼ਾਹ ਦਾ ਇਕ ਸਬਦ ਦੇਂਦੇ ਹਾਂ ਜਿਸ ਨਾਲ ਲੇਖ ਦੇ ਭਾਵ ਨੂੰ ਸਮਝਣ ਵਿਚ ਹੋਰ ਸਹਾਇਤਾ ਮਿਲੇਗੀ ।

“ਰੇ ਮਨੁ, ਐਸੋ ਕਰਿ ਸੰਨਿਆਸਾ । ਬਨ ਸੇ ਸਦਨ ਸਬੈ
ਕਰਿ ਸਮਝਹੁ, ਮਨਹੀ ਮਾਹਿ ਉਦਾਸਾ ॥੧॥ ਰਹਾਉ
ਜਤ ਕੀ ਜਟਾ, ਜੋਗ ਕੋ ਮੱਜਨੁ ; ਨੇਮ ਕੇ ਨਖੁਨ ਬਢਾਓ ।
ਗਿਆਨ-ਗੁਰੂ ਆਤਮ ਉਪਦੇਸਹੁ; ਨਾਮ ਬਿਭੂਤ ਲਗਾਓ ॥੧
ਅਲਪ ਅਹਾਰ ਸੁਲਪ ਸੀ ਨਿੰਦ੍ਰਾ ; ਦਯਾ ਛਿਮਾ ਤਨ ਪ੍ਰੀਤਿ ।
ਸੀਲ ਸੰਤੋਖ ਸਦਾ ਨਿਰਬਾਹਿਬੋ ; ਹ੍ਵੈਬੋ ਤ੍ਰਿਗੁਣ ਅਤੀਤ ॥੨
ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਮੋ ਲਯਾਵੈ ॥
ਤਬ ਹੀ ਆਤਮ-ਤਤ ਕੋ ਦਰਸੈ, ਪਰਮ ਪੁਰਖ
ਕਹ ਪਾਵੈ ॥੩॥੧ (ਰਾਮਕਲੀ ਪਾਤਿਸ਼ਾਹੀ ੧੦)

ਅਰਥਾਤ “ਹੇ ਮਨ, ਇਸ ਤਰ੍ਹਾਂ ਦਾ ਸੰਨਿਆਸ ਧਾਰਨ ਕਰੋ— ਆਪਣੇ ਘਰ ਨੂੰ ਇਉਂ ਬਨ ਕਰਕੇ ਸਮਝੋ ਕਿ ਇਸ ਵਿਚ ਵਿਚਰਦਿਆਂ ਵੀ ਮਨ ਉਪਰਾਮ ਹੋ ਕੇ ਰਹੇ ਅਰਥਾਤ ਮੋਹ ਦੇ ਚਿੱਕੜ ਤੇ ਹੋਰ ਬੁਰਾਈਆਂ ਤੋਂ ਮਨ ਬਚਿਆ ਰਹੇ) । ਜਤ ਕੀ ਜਟਾ ਹੋਵੈ, ਜੋਗ (ਪ੍ਰਮਾਤਮਾ ਨਾਲ ਜੁੜਨ) ਦਾ ਮਜਨ (ਇਸ਼ਨਾਨ) ਹੋਵੇ ਅਤੇ ਨੇਮ ਦੇ ਨਹੁੰ ਵਧਾਏ ਹੋਣ । ਹਰੀ ਦਾ ਗਿਆਨ, ਗੁਰੂ ਹੋਵੇ ਜਿਸ ਤੋਂ ਆਤਮਾ ਨੂੰ ਉਪਦੇਸ਼ ਮਿਲੇ ਅਤੇ ਹਰੀ ਦੇ ਨਾਮ ਦੀ ਬਿਭੂਤੀ ਸਰੀਰ ਨੂੰ ਚੜ੍ਹਾਈ ਜਾਏ । ਥੋੜ੍ਹ ਖਾਣਾ ਤੇ ਥੋੜ੍ਹਾ ਸੋਣਾ ਹੋਵੇ ਅਤੇ ਦਇਆ, ਖਿਮਾਂ ਤੇ ਪ੍ਰੀਤ ਦਾ ਸਰੀਰ ਵਿਚ ਵਾਸਾ ਹੋਵੇ । ਸੀਲ ਤੇ ਸੰਤੋਖ ਦੇ ਧਾਰਨੀ ਹੋ ਕੇ ਜੀਵਨ ਇਸ ਤਰ੍ਹਾਂ ਨਿਬਾਹਿਆ ਜਾਏ ਕਿ ਇਹ ਤਿੰਨਾਂ ਗੁਣਾਂ ਦੇ ਅਸਰਾਂ ਤੋਂ ਅਜ਼ਾਦ ਹੋ ਜਾਏ । ਜੋ ਪੁਰਸ਼ ਕਾਮ, ਕ੍ਰੋਧ,ਹੰਕਾਰ, ਲੋਭ, ਮੋਹ ਤੇ ਹਠ ਨੂੰ ਮਨ ਤੋਂ ਦੂਰ ਰਖਦਾ ਹੈ ਉਹੋ ਆਪਣੀ ਆਤਮਾ ਦੇ ਦਰਸ਼ਨ ਕਰਦਾ ਹੈ ਅਤੇ ਪਰਮ ਪੁਰਖ ਪਰਮਾਤਮਾ ਦੀ ਪ੍ਰਾਪਤੀ ਕਰ ਲੈਂਦਾ ਹੈ ।”

# ਧਰਮੀ ਸਿਆਸਤ (ਰਾਜਨੀਤੀ)

**"ਪੰਚੇ ਸੋਹਹਿ ਦਰਿ ਰਾਜਾਨੁ ॥" (ਗੁਰੂ ਨਾਨਕ—ਜਪੁ ਜੀ)**

ਅਰਥਾਤ—"ਰਾਜ ਦਰਬਾਰ ਦੇ ਕੰਮਾਂ ਵਿਚ ਸੰਤ (ਧਰਮੀ) ਲੋਕ ਸੋਹਣੇ ਲੱਗਦੇ ਹਨ ।"

**"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥**
**ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ**
**ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥ ਸਕਤਾ ਸੀਹੁ ਮਾਰੇ**
**ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ**
**ਕੁਤੀ ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ**
**ਵੇਖੁ ਤੇਰੀ ਵਡਿਆਈ ॥੨॥ ਜੇ ਕੋ ਨਾਉ ਧਰਾਏ ਵਡਾ**
**ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ**
**ਚੁਗੈ ਦਾਣੇ ॥ ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ**
**ਵਖਾਣੇ॥੩॥" (ਆਸਾ ਮਹਲਾ ੧, ਅੰਗ ੩੬੦)**

ਅਰਥਾਤ "ਹੇ ਹਰੀ, ਖੁਰਾਸਾਨ ਨੂੰ ਤਾਂ ਤੂੰ ਅਪਨਾ ਲਿਆ ਅਤੇ ਹਿੰਦੂ ਵਿਚਾਰੇ ਨੂੰ ਡਰਾ ਲਿਆ ਹੈ ।ਹੇ ਕਰਤਾ, ਜ਼ੁਲਮ ਦੀ ਵਰਤੀ ਸਾਰੀ ਇਸ ਖੇਡ ਦਾ ਤੂੰ ਆਪ ਜ਼ਿੰਮੇਵਾਰ ਹੈਂ ਪਰ ਆਪਣੇ ਆਪ ਨੂੰ ਦੋਸ ਨਾ ਦੇਣ ਖ਼ਾਤਰ ਤੂੰ ਮੁਗਲਾਂ ਨੂੰ ਜਮ੍ਹਾਂ ਦਾ ਰੂਪ ਦੇ ਕੇ ਸਾਡੇ ਤੇ ਲਿਆ ਚਾੜ੍ਹਿਆ ਹੈ। ਏਥੇ ਏਨੀ ਮਾਰ ਪਈ ਹੈ ਕਿ ਲੋਕ ਕੁਰਲਾ ਉਠੇ ਹਨ । ਪਰ ਕੀ ਤੈਨੂੰ ਦਰਦ ਨਹੀਂ ਆਇਆ ? ਹੇ ਕਰਤਾ, ਤੂੰ ਸਭਨਾਂ ਦਾ ਇਕੋ ਜਿਹਾ ਮਾਲਕ ਹੈਂ (ਕੇਵਲ ਮੁਗਲਾਂ ਦਾ ਨਹੀਂ, ਹਿੰਦੀਆਂ ਦਾ ਵੀ ਹੈਂ)। ਜੇ ਇਕ ਤਾਕਤਵਾਰ ਪੁਰਸ਼ ਮੁਕਾਬਲੇ ਵਿਚ ਕਿਸੇ ਹੋਰ ਤਾਕਤਵਰ ਨੂੰ ਮਾਰ ਦੇਂਦਾ ਹੋਵੇ ਤਾਂ ਮੈਨੂੰ ਰੋਸ ਨਹੀਂ । ਪਰ ਜੇ ਇਕ ਬਲ ਵਾਲਾ ਸ਼ੀਂਹ (ਸ਼ੇਰ) ਗਊਆਂ ਦੇ ਵਗ 'ਤੇ ਆ ਪਏ ਤਾਂ ਵਗ ਦੇ ਖਸਮ ਤੋਂ ਹੀ ਪੁਛ ਹੁੰਦੀ ਹੈ ਕਿ ਉਹ ਕਿੱਥੇ ਗਿਆ ਸੀ? (ਗਾਈਆਂ ਦਾ ਵਗ ਏਥੇ ਨਿਹੱਥੇ ਹਿੰਦੀ ਹਨ ਤੇ ਉਹਨਾਂ ਦਾ ਵਾਗੀ ਕਰਤਾ



ਪੁਰਖ ਆਪ ਹੈ) ਇਨ੍ਹਾਂ ਕੁਤਿਆਂ (ਮੁਗਲਾਂ) ਨੇ ਹੀਰਿਆਂ ਵਰਗੇ (ਹਿੰਦੀ) ਇਨਸਾਨਾਂ ਨੂੰ ਘੱਟੇ ਵਿਚ ਰੋਲਿਆ ਹੈ, ਤੇ ਏਨੇ ਹਿੰਦੀ ਮੁਏ ਹਨ ਕਿ ਗਿਣਤੀ ਨਹੀਂ ਹੋ ਸਕਦੀ । (ਇਸ ਤੋਂ ਬਾਅਦ ਤਸਵੀਰ ਦਾ ਦੂਜਾ ਪਾਸਾ ਵੀ ਸਾਹਮਣੇ ਲਿਆਇਆ ਜਾਂਦਾ ਹੈ । ਗੁਰੂ ਸਾਹਿਬ ਭਾਣੇ ਦੇ ਘਰ ਵਿਚ ਆ ਗਏ ਹਨ ਤੇ ਇਉਂ ਬੋਲਦੇ ਹਨ) । ਇਹ ਤੇਰੇ ਨਾਲ ਜੀਵਾਂ ਦਾ ਜੋੜਨਾ ਤੇ ਤੈਥੋਂ ਵਿਛੋੜਨਾ ਤੂੰ ਆਪ ਹੀ ਵਰਤਾ ਰਿਹਾ ਹੈਂ । ਜੋ ਹੋ ਰਿਹਾ ਹੈ ਤੇਰਾ ਹੀ ਭਾਣਾ ਹੈ ਤੇ ਠੀਕ ਹੈ ; ਸਗੋਂ ਇਹ ਤੇਰੀ ਵਡਿਆਈ ਪ੍ਰਗਟ ਕਰਦਾ ਹੈ (ਪਰ ਕਿਵੇਂ ? ਉੱਤਰ ਇਹ ਹੈ) ਜੇ ਕੋਈ ਪੁਰਸ਼ ਵੱਡਾ ਬਣਿਆ ਰਹੇ ਤੇ ਮਨ ਭਾਉਂਦੇ ਸਵਾਦਾਂ ਵਿਚ ਪਿਆ ਰਹੇ (ਉਸ ਮਰਨਾ ਹੀ ਹੁੰਦਾ ਹੈ) , ਉਹ ਹਰੀ ਦੀ ਨਜ਼ਰ ਵਿਚ ਇਕ ਕੀੜਾ ਹੋ ਕੇ ਦਿਸੇਗਾ, ਉਹ ਜੋ ਦਾਣੇ ਚੁਗਦਾ ਫਿਰਦਾ ਹੈ । (ਫਿਰ ਠੀਕ ਜੀਵਣ ਕੀ ਹੈ? ਉੱਤਰ ਅਗੇ ਹੈ), ਜੀਵਤ ਭਾਵ ਤੋਂ ਨਾਮ ਦੁਆਰਾ ਮਰ ਕੇ ਜੋ ਆਪਣਾ ਜੀਵਨ ਜਿਉਂਦਾ ਹੈ ਉਹੋ, ਹੇ ਨਾਨਕ ! ਜੀਵਨ 'ਚੋਂ ਕੁਝ ਲੱਭਦਾ ਹੈ ।

ਰਾਜਨੀਤੀ ਦੇ ਖਿਡਾਰੀਆਂ ਨੇ ਰਾਜਨੀਤੀ ਨੂੰ ਰੱਜ ਕੇ ਬਦਨਾਮ ਕਰ ਛਡਿਆ ਹੋਇਆ ਹੈ । ਹੁਣ ਹਾਲਤ ਇਹ ਹੋ ਗਈ ਹੈ ਕਿ ਰਾਜਨੀਤੀ ਦੇ ਮੈਦਾਨ ਵਿਚ ਵਧੇਰੇ ਉਹ ਲੋਕ ਹੀ ਆਉਂਦੇ ਹਨ ਜਾਂ ਆਉਣ ਦਿੱਤੇ ਜਾਂਦੇ ਹਨ ਜਿਨ੍ਹਾਂ ਦਾ ਨਿਸ਼ਾਨਾ ਹੀ ਸੁਆਰਥ ਹੁੰਦਾ ਹੈ, ਸੇਵਾ ਨਹੀਂ । ਰਾਜਨੀਤੀ ਦੇ ਰਸਤੇ ਦੇਸ ਦੀ ਰਾਜਸੀ ਤਾਕਤ ਹਥਿਆਈ ਜਾ ਸਕਦੀ ਹੈ ਤੇ ਮੁੜ ਉਸ ਤਾਕਤ ਦਵਾਰਾ ਚੌਧਰ,ਰਸੂਖ, ਇੱਜ਼ਤ, ਧਨ ਤੇ ਹੋਰ ਕਈ ਪ੍ਰਕਾਰ ਦੀ ਖ਼ੁਦਗਰਜ਼ੀ ਪੂਰੀ ਕੀਤੀ ਜਾ ਸਕਦੀ ਹੈ । ਪਰ ਇਹ ਤਾਕਤ ਪ੍ਰਾਪਤ ਕਰਨ ਲਈ ਜਦੋ ਜਹਿਦ ਕਰਨੀ ਹੁੰਦੀ ਹੈ ਜਿਸ ਵਿਚ ਹੇਰਾ ਫੇਰੀਆਂ, ਝੂਠ ਤੇ ਬਦਦਿਆਨਤੀ ਤੋਂ ਛੁਟ ਨਵੇਂ ਨਵੇਂ ਪੈਂਤੜੇ ਤੇ ਦਾਉ ਪੇਚ ਖੁਲ੍ਹੇ ਤੌਰ 'ਤੇ ਵਰਤੇ ਜਾਂਦੇ ਹਨ। ਹੁਣ ਹਾਲਤ ਇਹ ਹੋ ਗਈ ਹੈ ਕਿ ਇਨ੍ਹਾਂ ਨੂੰ ਮਾੜਾ ਨਹੀਂ ਸਮਝਿਆ ਜਾਂਦਾ। ਦੇਸ਼ ਭਗਤੀ ਸਚਮੁਚ ਹੀ ਬੁਰੇ ਲੋਕਾਂ ਦੀ ਆਖਰੀ ਟੇਕ ਬਣ ਕੇ ਰਹਿ ਗਈ ਹੈ (Patriotism is the last resort of scoundrels ), ਜਿਹੜੇ ਚੰਦ ਲੋਕ ਆਪਣੀ ਖੁਦਗਰਜ਼ੀ ਤੋਂ ਕੁਝ ਉਤਾਂਹ ਉਠਦੇ ਹਨ ਉਨ੍ਹਾਂ ਦੇ ਸਾਹਮਣੇ ਵੀ ਧੜਾ ਵਿਸ਼ੇਸ਼ ਹੁੰਦਾ ਹੈ । ਧਰਮ ਅਤੇ ਦੇਸ਼ ਭਲਾਈ ਦੋਹਾਂ ਤੋਂ ਧੜਾ ਵੱਧ ਪਿਆਰਾ ਹੋ ਜਾਂਦਾ ਹੈ ਤੇ ਇਸ ਗੱਲ ਨੂੰ ਬੁਰਾ ਨਹੀਂ ਸਮਝਿਆ ਜਾਂਦਾ । ਜੇ ਕੋਈ ਪੁਰਸ਼ ਆਪਣੀ ਜ਼ਮੀਰ ਦੀ ਆਵਾਜ਼ ਪਿਛੇ ਲਗਦਾ ਹੈ ਤਾਂ ਉਸ ਨੂੰ

ਪਾਰਟੀ-ਜ਼ਬਤ ਤੋੜਨ ਦੇ ਦੋਸ਼ ਵਿਚ ਡੰਨ ਦਿਤਾ ਜਾ ਸਕਦਾ ਹੈ । ਇਸ ਅਧੋਗਤੀ ਨੂੰ ਵੇਖ ਕੇ ਸ਼ਰੀਫ਼ ਤੇ ਬੇਗ਼ਰਜ਼ ਦੁਨੀਆਂ ਲਾਂਭੇ ਹੋ ਜਾਂਦੀ ਹੈ ਤੇ ਰਾਜਸੀ ਖੇਤਰ ਵਿਚ ਘਟੀਆ ਆਦਮੀ ਦਾ ਜੱਫਾ ਵਧੇਰੇ ਪੱਕਾ ਹੋ ਜਾਂਦਾ ਹੈ। ਇਸ ਦਾ ਕੁਦਰਤੀ ਸਿੱਟਾ ਇਹ ਹੈ ਕਿ ਨਾ ਦੇਸ਼ ਦੀਆਂ ਸਮੱਸਿਆਵਾਂ ਠੀਕ ਤਰ੍ਹਾਂ ਹੱਲ ਹੁੰਦੀਆਂ ਹਨ ਤੇ ਨਾ ਅੰਤਰ-ਰਾਸ਼ਟਰੀ ਮਾਮਲੇ ਚਜ ਨਾਲ ਨਜਿੱਠੇ ਜਾ ਸਕਦੇ ਹਨ । ਦੁਨੀਆਂ ਹੁਣ ਵਾਹੋਦਾਹੀ ਤਬਾਹੀ ਤੇ ਬਰਬਾਦੀ ਦੇ ਰੁਖ ਜਾ ਰਹੀ ਹੈ ।

ਇਸ ਲੇਖ ਦੇ ਆਰੰਭ ਵਿਚ ਦਿਤੇ ਸ਼ਬਦ ਦਵਾਰਾ ਇਕ ਧਰਮੀ ਸਿਆਸਾਦਾਨ ਤੇ ਸੱਚੇ ਦੇਸ਼ ਭਗਤ ਦੇ ਡੂੰਘੇ ਦੇਸ਼ ਪਿਆਰੇ ਦੇ ਜਜ਼ਬੇ ਫੁਟ ਫੁਟ ਬਾਹਰ ਆ ਰਹੇ ਹਨ । ਇਸ ਸ਼ਬਦ ਦਾ ਇਤਿਹਾਸਕ ਪਿਛੋਕੜ ਇਉਂ ਹੈ: ਬਾਬਰ ਬਾਦਸ਼ਾਹ ਨੇ ਪਹਿਲਾਂ ਆਪਣੇ ਅਸਲੀ ਵਤਨ ਖੁਰਾਸਾਨ ਤੇ ਹਮਲਾ ਕੀਤਾ ਸੀ, ਪਰ ਉਥੋਂ ਨਿਰਾਸ ਹੋ ਕੇ ਉਹ ਕਮਜ਼ੋਰ ਹਿੰਦੁਸਤਾਨ ਤੇ ਚੜ੍ਹ ਆਇਆ ਸੀ ਜਿਥੇ ਉਸ ਲਈ ਮੈਦਾਨ ਤੁਰੰਤ ਹੀ ਸਾਫ਼ ਹੋ ਗਿਆ ਸੀ । ਉਸ ਦੇ ਅਤਿਆਚਾਰਾਂ ਨੂੰ ਮਹਾਰਾਜ ਗੁਰੂ ਨਾਨਕ ਦੇਵ ਜੀ ਨੇ ਅੱਖੀਂ ਡਿੱਠਾ ਸੀ ਅਤੇ ਇਹ ਸ਼ਬਦ ਉਹਨਾਂ ਦੇ ਦਿਲ ਦੀ ਦਰਦ-ਭਰੀ ਇਕ ਪੁਕਾਰ ਹੈ ਜਿਸ ਵਿਚ ਦੇਸ਼ ਵਾਸੀਆਂ ਦੀ ਕਮਜ਼ੋਰ ਤੇ ਦੁਖ ਭਰੀ ਹਾਲਤ ਲਈ ਤਰਸ ਦੇ ਜਜ਼ਬੇ ਹਨ ਤੇ ਬਾਬਰਕਿਆਂ ਲਈ ਸਖਤ ਰੰਜ, ਨਾਰਾਜ਼ਗੀ ਤੇ ਘਿਰਨਾ ਹੈ : "ਬਾਬਰਬਾਣੀ ਫਿਰ ਗਈ", "ਪਾਪ ਕੀ ਜੰਞ ਲੈ ਕਾਬਲਹੁ ਧਾਇਆ" ਤੇ "ਰਤ ਕੇ ਕੁੰਗੂ ਪਾਇ ਵੇ ਲਾਲੋ" ਆਦਿਕ, ਉਹਨਾਂ ਦੇ ਕਈ ਬਚਨ ਰਾਗ ਤਿਲੰਗ ਵਿਚ ਮਿਲਦੇ ਹਨ ਜੋ ਉਸ ਚੀਕ-ਪੁਕਾਰ ਤੇ ਰੰਜ ਨੂੰ ਪ੍ਰਗਟ ਕਰਦੇ ਹਨ । ਇਸ ਸ਼ਬਦ ਵਿਚ ਵੀ ਬਾਬਰਕਿਆਂ ਲਈ ਸ਼ਬਦ 'ਕੁਤੇ' ਵੀ ਵਰਤਿਆ ਗਿਆ ਹੈ । ਬੇਹਦ ਕੋਮਲ ਹਿਰਦੇ ਵਾਲੇ ਗੁਰੂ ਨਾਨਕ ਦੇਵ ਜੀ ਦੇ ਦਿਲ 'ਚੋਂ ਆਮ ਤੌਰ 'ਤੇ ਕਿਸੇ ਇਨਸਾਨ ਲਈ ਸ਼ਬਦ ਕੁੱਤਾ ਕਦੇ ਨਹੀਂ ਸੀ ਨਿਕਲ ਸਕਦਾ । ਪਰ ਉਨ੍ਹਾਂ ਦੇ ਮਨ 'ਤੇ ਇਹਨਾਂ ਜ਼ੁਲਮਾਂ ਦਾ ਬੇਹੱਦ ਅਸਰ ਹੈ ; ਮਾਨੋਂ ਦਸਮ ਪਾਤਿਸ਼ਾਹ ਦੀ ਰੂਹ ਉਹਨਾਂ ਦੇ ਆਪਣੇ ਦਾਖ਼ਲ ਹੋ ਕੇ ਆਪਣੇ ਬਲਵਾਨ ਤੇ ਬੀਰ ਰਸੀ ਰੂਪ ਵਿਚ ਸਾਰੇ ਦੇਸ਼ ਦੀ ਤੜਪ ਲੇ ਕੇ ਕੂਕ ਉਠੀ ਹੈ ਤੇ ਦੇਸ਼ ਦੀ ਬਿਹਬਲਤਾ ਤੇ ਦੁਖ ਭਰੀ ਹਾਲਤ ਨੂੰ ਡੂੰਘੇ ਦਿਲ ਨਾਲ ਮਹਿਸੂਸ ਕਰਕੇ ਕੁਝ ਕਾਹਲੀ ਤੇ ਛਿੱਥੀ ਪੈ ਰਹੀ ਹੈ ਤੇ ਕੁਝ ਕਰਨਾ ਚਾਹੁੰਦੀ ਹੈ । ਪਰ ਸਾਰਾ ਦੇਸ਼ ਡਰਿਆ, ਸਹਿਮਿਆ ਤੇ ਨਿਤਾਣਾ ਦੇਖ ਕੇ



ਆਪਣੇ ਆਪ ਨੂੰ ਬੇਬਸ ਪਾਂਦੀ ਹੈ ਤੇ ਰੱਬ ਨੂੰ ਉਲ੍ਹਾਮੇ ਦੇਣੇ ਸ਼ੁਰੂ ਕਰ ਦਿੰਦੀ ਹੈ ਕਿ ਉਸ ਨੇ ਜਾਲਮਾਂ ਦਾ ਸਾਥ ਦਿੱਤਾ ਹੈ ਤੇ ਉਹਨਾਂ ਜ਼ਾਲਮਾਂ ਦੀ ਹੀ ਜਿਤ ਕਰਾਈ ਹੈ । ਗੁਰੂ ਸਾਹਿਬਾਨ ਦੇ ਇਹ ਬਚਨ ਨੋਟ ਕੀਤੇ ਜਾਣ ਵਾਲੇ ਹਨ:

"ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥"

ਮਹਾਰਾਜ ਨਾ ਬਾਬਰ ਦੇ ਵਿਰੋਧੀ ਸਨ ਤੇ ਨਾ ਕਿਸੇ ਦੇਸ਼ ਜਾਂ ਕੌਮ ਦੇ, ਪਰ ਜਦ ਉਹਨਾਂ ਬਾਬਰ ਨੂੰ ਜਮ ਦੇ ਰੂਪ ਵਿਚ ਹਿੰਦ ਦੀ ਆਫਤ ਲਈ ਆਇਆ ਡਿੱਠਾ ਤਾਂ ਉਸ ਦੇ ਜ਼ੁਲਮਾਂ ਵਿਰੁੱਧ ਦਿਲ ਦੇ ਇਹ ਡੂੰਘੇ ਉਬਾਲੇ ਫੁੱਟ ਆਏ ਸਨ ।

ਪਰ ਉਹ ਆਪਣੇ ਦੇਸ਼ ਦੇ ਹਿੱਤਾਂ ਲਈ ਵੀ ਅੱਜਕੱਲ੍ਹ ਦੇ ਅੰਨ੍ਹੇ ਪੱਖ-ਪਾਤੀਆਂ ਵਾਂਗ ਨਹੀਂ ਸੋਚੇਦ ਸਨ । ਅੱਜ ਦੁਨੀਆਂ ਜਿਥੇ ਖੜ੍ਹੀ ਹੈ ਉਥੇ ਦੇਸ਼ ਪਿਆਰ ਵੀ ਸਗੋਂ ਇਕ ਲਾਹਨਤ ਬਣ ਕੇ ਰਹਿ ਗਿਆ ਹੈ । ਹੁਣ ਤਾਂ ਇਹ ਨਾਹਰਾ ਚਾਲੂ ਹੁੰਦਾ ਜਾ ਰਿਹਾ ਹੈ :

"My country first and last, whether right or wrong, my counrty at all costs."

ਅਰਥਾਤ "ਮੇਰਾ ਦੇਸ਼ ਪਹਿਲਾ ਤੇ ਅਖਾਰੀ ਹੈ ; ਭਾਵੇਂ ਠੀਕ ਹੋਵੇ ਤੇ ਭਾਵੇਂ ਗ਼ਲਤ, ਹਰ ਕੀਮਤ 'ਤੇ ਮੇਰਾ ਦੇਸ਼ ਮੋਹਰੇ ਹੈ ।"

ਦੁਨੀਆਂ ਅੱਜ ਵੱਖ ਵੱਖ ਦੇਸ਼ਾਂ ਵਿਚ ਵੰਡੀ ਪਈ ਹੈ ਤੇ ਹਰ ਕੋਈ ਆਪਣੇ ਦੇਸ਼ ਦਾ ਵਾਧਾ ਇਸ ਗੱਲ ਵਿਚ ਸਮਝਦਾ ਹੈ ਕਿ ਦੂਜਿਆਂ ਨੂੰ ਗੁਲਾਮ ਬਣਾ ਕੇ ਉਹਨਾਂ ਦੇ ਵਸੀਲੇ ਆਪਣੇ ਦੇਸ਼ ਦੇ ਲਾਭਾਂ ਲਈ ਵਰਤੇ ਜਾਣ । ਪਰ ਐਸੇ ਦੇਸ਼ ਪਿਆਰ ਦੇ ਕੌੜੇ ਤਜਰਬਿਆਂ ਤੋਂ ਦੁਨੀਆਂ ਤੰਗ ਵੀ ਹੋਈ ਫਿਰਦੀ ਹੈ ਤੇ ਏਕਤਾ ਦਾ ਕੋਈ ਰਾਹ ਲੱਭਣ ਦੀਆਂ ਸੋਚਾਂ ਵਿਚ ਪੈ ਗਈ ਦਿਸਦੀ ਹੈ। ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਸਭ ਦੁਨੀਆਂ ਇਕ ਸੀ ਕਿਉਂਕਿ ਉਨ੍ਹਾਂ ਦੀ ਤਾਲੀਮ ਹੀ ਐਸੀ ਆਲਮਗੀਰ ਸੀ ਕਿ ਇਹ ਸਭ ਨੂੰ ਇਕੱਠਾ ਕਰਕੇ ਮੇਲ ਦੇਣਾ ਚਾਹੁੰਦੀ ਸੀ । ਇਹ ਠੀਕ ਹੈ ਕਿ ਉਹਨਾਂ ਦਾ ਜਨਮ ਹਿੰਦ ਵਿਚ ਹੋਇਆ ਤੇ ਇਸੇ ਲਈ ਉਨ੍ਹਾਂ ਨੂੰ ਆਪਣੇ ਕੰਮ ਦਾ ਬਹੁਤਾ ਸਮਾਂ ਹਿੰਦ ਵਿਚ ਹੀ ਲਾਣਾ ਪਿਆ । ਉਹਨਾਂ ਦੀਆਂ ਆਪਣੀਆਂ ਮਜਬੂਰੀਆਂ ਤੇ ਸਮੇਂ ਦੀਆਂ ਔਕੜਾਂ ਦੇ ਕਾਰਨ ਉਹਨਾਂ ਦੀ ਸੇਵਾ ਦਾ ਦਾਇਰਾ ਬਿਲਕੁਲ ਉਹ ਨਹੀਂ ਜੋ ਉਹ ਚਾਹੁੰਦੇ ਸਨ ; ਪਰ ਉਹਨਾਂ ਦੀ ਨਜ਼ਰ ਐਸੀ ਵਿਸ਼ਾਲ ਤੇ ਚੌੜੀ ਸੀ ਕਿ

ਹਰ ਮਨੁੱਖ ਮਾਤਰ ਨੂੰ ਆਪਣੇ ਜੱਫੀ ਵਿਚ ਲੈ ਲੈਂਦੀ ਸੀ । ਅਸੀਂ ਵੇਖ ਆਏ ਹਾਂ ਕਿ ਸਫ਼ਰ ਦੀਆਂ ਔਕੜਾਂ ਦੇ ਬਾਵਜੂਦ ਉਹ ਦੂਰ ਦੂਰ ਦੇਸ਼-ਦੇਸ਼ਾਂਤਰੀਂ ਪੈਦਲ ਚੱਲ ਕੇ ਪੁੱਜੇ ਸਨ ਅਤੇ ਸਭ ਪ੍ਰਕਾਰ ਦੇ ਕੁਰਾਹੇ ਪਿਆਂ ਨੂੰ ਉਹਨਾਂ ਦੇ ਘਰੀਂ ਜਾ ਕੇ ਰਾਹ ਵਿਖਾਲਿਆ ਸੀ। ਸਾਰੀ ਦੁਨੀਆਂ ਉਹਨਾਂ ਲਈ ਇਕ ਹੋ ਗਈ ਸੀ ਤੇ ਦੇਸ਼, ਕੌਮ, ਰੰਗ, ਨਸਲ, ਜਾਤ ਤੇ ਬਰਾਦਰੀਆਂ ਆਦਿ ਦੇ ਸਭ ਫ਼ਰਕ ਮੁਕ ਚੁਕੇ ਹੋਏ ਸਨ । ਉਹ ਜਗਤ ਗੁਰੂ ਸਨ ਤੇ "ਸਰਬੱਤ ਦਾ ਭਲਾ" ਉਹਨਾਂ ਦੀ ਅਰਦਾਸ ਸੀ । ਉਹਨਾਂ ਦਾ ਕੋਈ ਧੜਾ ਨਹੀਂ ਸੀ, ਜਾਂ ਇਉਂ ਕਹਿ ਸਕਦੇ ਹਾਂ ਕਿ ਕੇਵਲ ਸੱਚ ਜਾਂ ਰੱਬ ਹੀ ਉਹਨਾਂ ਦਾ ਧੜਾ ਸੀ । ਜਿਵੇਂ ਗੁਰੂ ਰਾਮ ਦਾਸ ਜੀ ਨੇ ਇਉਂ ਕਹਿਆ ਸੀ:

**"ਹਮਾਰਾ ਧੜਾ ਹਰਿ ਰਹਿਆ ਸਮਾਈ ॥"**

(ਆਸਾ ਮਹਲਾ ੪, ਅੰਗ ੩੬੬)

ਅਰਥਾਤ "ਸਾਡਾ ਧੜਾ ਉਸ ਹਰੀ ਨਾਲ ਹੈ ਜੋ ਸਭ ਦੇ ਅੰਦਰ ਵਸ ਰਿਹਾ ਹੈ (ਤੇ ਇਸ ਕਾਰਨ ਸਾਡਾ ਕਿਸੇ ਨਾਲ ਵੀ ਵਿਰੋਧ ਨਹੀਂ ਹੋ ਸਕਦਾ।

ਕਈ ਥਾਂ ਉਹਨਾਂ ਦੀ ਨਿਰਾਦਰੀ ਕੀਤੀ ਗਈ ਸੀ, ਸਗੋਂ ਧੱਕੇ ਵੀ ਮਾਰੇ ਗਏ ਸਨ ਤੇ ਪੱਥਰਾਂ ਨਾਲ ਮਾਰੇ ਜਾਣ ਦੇ ਫਤਵੇ ਵੀ ਦਿੱਤੇ ਗਏ ਸਨ; ਪਰ ਫਿਰ ਵੀ ਉਹਨਾਂ ਸਭਨਾ ਨੂੰ ਇਕੋ ਜਿਹਾ ਅਪਨਾਣ ਅਤੇ ਇਕੋ ਜਿਹਾ ਪਿਆਰ ਦੇਣ ਵਿਚ ਫ਼ਰਕ ਨਹੀਂ ਪੈਣ ਦਿਤਾ ਸੀ । ਉਹ ਸੁਲਹਕੁਨ ਸਨ, ਇਸੇ ਲਈ ਸਭ ਨੂੰ ਪਿਆਰੇ ਲਗਦੇ ਸਨ । ਏਡੀ ਚੌੜੀ ਨਜ਼ਰ ਵਾਲੇ ਨੂੰ ਹੀ ਸਹੀ ਅਰਥਾਂ ਵਿਚ ਸੱਚਾ ਦੇਸ਼-ਸੇਵਕ ਕਿਹਾ ਜਾ ਸਕਦਾ ਹੈ । ਅਜਿਹੀ ਹਾਲਤ ਵਿਚ ਦੇਸ਼ ਪਿਆਰ ਅਤੇ ਜਗਤ ਪਿਆਰ ਦੋ ਅੱਡ ਅੱਡ ਗੱਲਾਂ ਨਹੀਂ ਰਹਿ ਜਾਂਦੀਆਂ । ਜਿਵੇਂ ਕੋਈ ਪੁਰਸ਼ ਆਪਣੀ ਵਿੱਤ ਅਨੁਸਾਰ ਕੇਵਲ ਆਪਣੇ ਟੱਬਰ ਦੀ ਸੇਵਾ ਕਰੇ ਤੇ ਗਵਾਂਢੀਆਂ ਲਈ ਵੀ ਅਤਿ ਮਿੱਤਰਤਾ ਤੇ ਪਿਆਰ ਦੇ ਜਜ਼ਬੇ ਰੱਖੇ, ਜਾਂ ਜਿਵੇਂ ਕੋਈ ਆਪਣੇ ਸ਼ਹਿਰ ਦੇ ਵਿਕਾਸ ਵਿਚ ਬੜੇ ਫ਼ਿਕਰ ਨਾਲ ਕੰਮ ਕਰੇ ਤੇ ਦੂਜੇ ਸ਼ਹਿਰਾਂ ਲਈ ਵੀ ਮੈਤ੍ਰੀ ਭਾਵ ਤੇ ਸ਼ੁੱਭ ਇੱਛਿਆਵਾਂ ਰੱਖਦਾ ਹੋਵੇ, ਤਿਵੇਂ ਮਹਾਰਾਜ ਦੀ ਜ਼ਿੰਦਗੀ ਦਾ ਵਧੇਰੇ ਸਮਾਂ ਭਾਵੇਂ ਹਿੰਦ ਵਿਚ ਤੇ ਖ਼ਾਸ ਕਰਕੇ ਪੰਜਾਬ ਵਿਚ ਲੱਗਾ ਸੀ, ਪਰ ਇਸ ਨੂੰ ਸਮੇਂ ਤੇ ਹਾਲਤ ਦੀ ਮਜ਼ਬੂਰੀ ਹੀ ਸਮਝਣਾ ਚਾਹੀਦਾ ਹੈ। ਉਂਞ ਉਹਨਾਂ ਦੀ ਨਜ਼ਰ ਵਿਚ ਸਾਰਾ ਹੀ



ਸੰਸਾਰ ਆ ਜਾਂਦਾ ਸੀ । ਇਹ ਇਕ ਸਬੱਬ (Chance) ਹੀ ਹੈ ਕਿ ਬਾਬਰ ਦੇ ਜ਼ੁਲਮਾਂ ਦਾ ਸ਼ਿਕਾਰ ਉਹਨਾਂ ਦਾ ਆਪਣਾ ਦੇਸ਼ ਹੋਇਆ ਸੀ ਤੇ ਇਸ ਸ਼ਬਦ ਰਾਹੀਂ ਕੇਵਲ ਦੇਸ਼ ਦੀ ਹੀ ਤੜਪ ਪ੍ਰਗਟ ਹੋ ਰਹੀ ਸੀ । ਪਰ ਇਸ ਤੜਪ ਤੋਂ ਉਹਨਾਂ ਦੀ ਵਿਸ਼ਾਲਤਾ ਦੀ ਘਾਟ ਪ੍ਰਗਟ ਨਹੀਂ ਹੁੰਦੀ। ਇਸ ਬਿਹਬਲਤਾ ਦੀ ਹਾਲਤ ਦਾ ਟਾਕਰਾ ਕਰਨ ਲਈ ਉਹਨਾਂ ਜੀਵਨ ਪ੍ਰੋਗਰਾਮ ਨਿਰਾਪੁਰਾ ਪੁਲੀਟੀਕਲ ਜਦੋ ਜਹਿਦ ਨਹੀਂ ਬਣਾਇਆ ਸੀ; ਕਿਉਂਕਿ ਉਹਨਾਂ ਨੂੰ ਸਾਫ਼ ਦਿਸਦਾ ਸੀ ਦੇਸ਼ ਦੇ ਦੁਖਾਂ ਦਾ ਕਾਰਨ ਨਿਰੀ ਪੁਲੀਟੀਕਲ ਗੁਲਾਮੀ ਨਹੀਂ ਸੀ । ਉਹ ਬੀਮਾਰੀ ਦੀ ਸਹੀ ਪਛਾਣ ਕਰਕੇ ਉਸ ਦੀ ਜੜ੍ਹ ਕੱਟਣਾ ਚਾਹੁੰਦੇ ਸਨ ਅਤੇ ਹਰ ਪ੍ਰਕਾਰ ਦੀ ਮਾਨਸਿਕ ਗੁਲਾਮੀ ਤੋਂ ਛੁਟਕਾਰਾ ਕਰਾਣਾ ਚਾਹੁੰਦੇ ਸਨ । ਇਹ ਠੀਕ ਹੈ ਕਿ ਉਹਨਾਂ ਦੇਸ਼ ਨੂੰ ਪੁਲੀਟੀਕਲ ਤੋਰ 'ਤੇ ਕਮਜ਼ੋਰ ਤੇ ਨਿਤਾਣਾ ਵੇਖਿਆ ਸੀ ਤੇ ਇਹ ਇਸ ਗੱਲ ਦੇ ਬਾਵਜੂਦ ਵੀ ਕਿ ਦੇਸ਼ ਅੰਦਰ ਹੱਟੇ ਕੱਟੇ ਰਾਜਪੂਤ, ਪਠਾਨ ਤੇ ਮਰਹੱਟੇ ਬਥੇਰੇ ਸਨ । ਫਿਰ ਵੀ ਹਾਲਤ ਇਹ ਹੋ ਗਈ ਸੀ ਕਿ ਕਾਬਲ ਵੱਲੋਂ ਅਕਸਰ ਹਮਲੇ ਹੁੰਦੇ ਰਹਿੰਦੇ ਸਨ ਤੇ ਦੇਸ਼ ਦੀ ਰਾਖੀ ਦਾ ਕੋਈ ਵੀ ਪ੍ਰਬੰਧ ਨਹੀਂ ਸੀ। ਬਾਕੀ ਖੇਤਰਾਂ ਵਿਚ ਵੀ ਇਸੇ ਤਰ੍ਹਾਂ ਭੈੜਾ ਹਾਲ ਸੀ । ਸਮਾਜਿਕ ਤੌਰ 'ਤੇ ਜਾਤ ਪਾਤ ਦੇ ਫ਼ਰਕਾਂ ਅਤੇ ਫੋਕੀਆਂ ਨਿਰਜਿੰਦ ਰਸਮਾਂ ਨੇ ਦੇਸ਼ ਵਾਸੀਆਂ ਨੂੰ ਖੇਰੂੰ ਖੇਰੂੰ ਕੀਤਾ ਹੋਇਆ ਸੀ। ਔਰਤ ਨੂੰ ਜੋ ਮਨੁੱਖ ਜਾਤੀ ਦਾ ਅੱਧਾ ਹਿੱਸਾ ਹੈ ਬੁਰੀ ਤਰ੍ਹਾਂ ਕੁਚਲਿਆ ਹੋਇਆ ਸੀ ਤੇ ਉਸ ਦਾ ਅਨਿਆਇ-ਭਰਿਆ ਅਪਮਾਨ ਹੋ ਰਿਹਾ ਸੀ। ਵਿਦਿਅਕ ਖੇਤਰ ਵਿਚ ਜਨਤਾ ਬਿਲਕੁਲ ਅਨਪੜ੍ਹ ਤੇ ਜਾਹਲ ਹੋਣ ਦੇ ਕਾਰਨ ਭਰਮਾਂ ਵਹਿਮਾਂ ਦੇ ਚਿੱਕੜ ਵਿਚ ਫਸੀ ਸੀ । ਗੁਰੂ ਜੀ ਨੇ ਵੇਖਿਆ ਕਿ ਸਭ ਪਾਸੀਂ ਇਸ ਅਧੋਗਤੀ ਦਾ ਅਸਲ ਕਾਰਨ ਧਰਮ ਦੀ ਹਾਨੀ ਹੈ, ਕਿਉਂਕਿ ਸਹੀ ਧਾਰਮਿਕ ਜੀਵਨ ਹੀ ਕੌਮਾਂ ਦੀ ਜ਼ਿੰਦ ਜਾਨ ਹੋਇਆ ਕਰਦਾ ਹੈ । ਪਰ ਏਥੇ ਧਰਮ ਨਿਰਾ ਵਿਖਾਲਾ, ਦੰਭ, ਰਸਮ ਪ੍ਰਸਤੀ ਤੇ ਕਰਮ ਕਾਂਡ ਹੋ ਕੇ ਰਹਿ ਗਿਆ ਸੀ । ਇਸ ਹਾਲਤ ਵਿਚ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਸ਼ਕਤੀ ਕਿੱਥੋਂ ਆਉਂਦੀ ? ਇਸ ਸਾਰੀ ਗਿਰਾਵਟ ਨੂੰ ਵੇਖ ਕੇ ਮਹਾਰਾਜ ਨੇ ਪਹਿਲਾਂ ਹੀ ਕਹਿ ਦਿੱਤਾ ਹੋਇਆ ਸੀ ਕਿ ਦੇਸ਼ ਬਰਬਾਦੀ ਦੇ ਰੁਖ਼ ਜਾ ਰਿਹਾ ਹੈ । ਗਿਰਾਵਟ ਦੀ ਖੱਡ ਵਿਚ ਡੁੱਬਿਆਂ ਨੂੰ ਦੁਨੀਆਂ ਵਿਚ ਕੋਈ ਥਾਂ ਨਹੀਂ ਹੁੰਦੀ। ਗੁਰੂ ਜੀ ਦੇ ਸ਼ੀਸ਼ੇ ਵਰਗੇ ਸਾਫ ਦਿਲ 'ਤੇ ਆਵਣ ਵਾਲੇ ਸਮੇਂ ਦਾ ਅਕਸ ਭਾਵੇਂ ਸਹਿਜ ਸੁਭਾਉ ਵੀ ਪੈ ਸਕਦਾ ਸੀ ਪਰ ਸਮੇਂ ਦੇ ਹਾਲਾਤ ਨੂੰ ਵੇਖ ਕੇ

ਇਹ ਪੇਸ਼ੀਨਗੋਈ ਕੋਈ ਕਰਾਮਾਤ ਵੀ ਨਹੀਂ ਸੀ । ਜਿਵੇਂ ਕਿਸੇ ਇਨਸਾਨ ਨੂੰ ਗੰਦਗੀ ਵਿਚ ਰਹਿੰਦਿਆਂ ਵੇਖ ਕੋਈ ਸਿਆਣਾ ਵੈਦ ਕਹਿ ਦੇਵੇ ਕਿ ਇਸ ਨੇ ਬੀਮਾਰ ਹੋ ਜਾਣਾ ਹੈ ਜਾਂ ਜਿਵੇਂ ਕਿਸੇ ਦੇ ਫੇਫੜੇ ਤਪਦਿਕ ਨਾਲ ਖਾਧੇ ਜਾ ਚੁੱਕੇ ਹੋਣ ਤੇ ਕੋਈ ਸਿਆਣਾ ਡਾਕਟਰ ਕਹੇ ਕਿ ਇਸ ਦੀ ਮੌਤ ਹੋ ਜਾਣੀ ਹੈ ਜਾਂ ਜਿਵੇਂ ਕਿਸੇ ਨੂੰ ਰੁਖ ਦੀ ਟਾਹਣੀ 'ਤੇ ਬੈਠਿਆਂ ਉਸੇ ਟਾਹਣੀ ਨੂੰ ਕਟਦਾ ਵੇਖ ਕੇ ਕੋਈ ਪੇਸ਼ੀਨਗੋਈ ਕਰ ਦੇਵੇ ਕਿ ਇਸ ਨੇ ਡਿਗ ਕੇ ਮਰ ਜਾਣਾ ਹੈ, ਤਿਵੇਂ ਮਹਾਰਾਜ ਜਦ ਸਾਰੇ ਦੇਸ਼ ਵਿਚ ਆਪਾ-ਧਾਪੀ ਮੱਚੀ ਵੇਖਦੇ ਸਨ ਤਾਂ ਉਹਨਾਂ ਨੂੰ ਦੇਸ਼ ਦਾ ਭਵਿੱਖ ਸਾਫ਼ ਦਿਸ ਪੈਂਦਾ ਸੀ । ਕੌਮਾਂ ਸਦਾ ਏਕਤਾ, ਮਿਹਨਤ, ਇਖ਼ਲਾਕ ਤੇ ਹੋਰ ਗੁਣਾਂ ਦੀ ਸ਼ਕਤੀ ਦੇ ਸਹਾਰੇ ਹੀ ਜਿਊਂਦੀਆਂ ਰਹਿ ਸਕਦੀਆਂ ਹਨ, ਇਨ੍ਹਾਂ ਤੋਂ ਬਿਨਾਂ ਮਰ ਜਾਂਦੀਆਂ ਹਨ ; ਪਰ ਜਿਨ੍ਹਾਂ ਲੋਕਾਂ ਨੂੰ ਤਾਲੀਮ ਹੀ ਇਸ ਕਿਸਮ ਦੀ ਮਿਲੇ ਕਿ ਕਿਸਮਤਾਂ ਪਹਿਲੇ ਹੀ ਬਣ ਚੁੱਕੀਆਂ ਹਨ ਤੇ ਇਹਨਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ, ਉਹ ਕਿਵੇਂ ਬਹੁਤਾ ਸਮਾਂ ਜ਼ਿੰਦਾ ਰਹਿ ਸਕਦੇ ਹਨ ? ਐਸ਼ ਪ੍ਰਸਤੀ, ਖਾਣ ਅਤੇ ਭੋਗਣ ਦੇ ਜੀਵਨ ਤੋਂ ਤਬਾਹੀ ਅਵੱਸ਼ ਨਿਕਲਦੀ ਹੈ । ਇਹ ਕੁਦਰਤ ਦਾ ਕਾਨੂੰਨ ਹੈ ਜੋ ਟਲ ਨਹੀਂ ਸਕਦਾ । ਗੁਰੂ ਜੀ ਕਹਿੰਦੇ ਸਨ :

**"ਇਸ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥**
**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥"**

(ਵਾਰ ਆਸਾ ਮਹਲਾ ੧ ਅੰਗ ੪੧੭)

ਅਰਥਾਤ "ਇਸ ਧਨ ਦੇ ਕਾਰਨ ਬਹੁਤੀ ਦੁਨੀਆਂ ਬਰਬਾਦ ਹੋਈ ਤੇ ਕੁਰਾਹੇ ਪਈ ਹੈ । ਇਹ ਧਨ ਪਾਪਾਂ ਤੋ ਬਿਨਾਂ ਇਕੱਠਾ ਵੀ ਨਹੀਂ ਹੋ ਸਕਦਾ, ਭਾਵੇਂ ਇਹ ਕਿਸੇ ਦੇ ਨਾਲ ਵੀ ਨਹੀਂ ਜਾਂਦਾ ।

ਮਹਿਲ ਮਾੜੀਆਂ ਤੇ ਮਾਲ ਧਨ, ਜਿਨ੍ਹਾਂ ਦੇ ਕਾਰਨ ਰੱਬ ਵਿਸਰਿਆ ਸੀ, ਤਬਾਹ ਕਰਕੇ ਰਖ ਦਿੱਤੇ ਗਏ ਸਨ । ਇਸ ਤੋਂ ਸਾਰੇ ਦੇਸ਼ ਵਿਚ ਦਹਿਸ਼ਤ ਫੈਲ ਗਈ ਸੀ ਤੇ ਇਸ ਗੱਲ ਨੇ ਹੀ ਮਹਾਰਾਜ ਦੇ ਸਾਹਮਣੇ ਤਸਵੀਰ ਦਾ ਦੂਜਾ ਪਾਸਾ ਲੈ ਆਂਦਾ ਸੀ । ਆਰੰਭ ਦਾ ਸ਼ਬਦ ਭਾਵੇਂ ਉਹਨਾਂ ਨੇ ਉਲ੍ਹਾਮਿਆਂ ਨਾਲ ਸ਼ੁਰੂ ਕੀਤਾ ਸੀ ਕਿ ਰੱਬ ਨੇ ਜ਼ਾਲਮਾਂ ਦੀ ਜਿੱਤ ਕਰਾਈ ਹੈ, ਪਰ ਹੁਣ ਇਹ ਸੱਚਾਈ ਵੀ ਸਾਹਮਣੇ ਆ ਗਈ ਸੀ ਕਿ ਇਹ ਸਭ ਭਾਣਾ ਹੈ ਤੇ ਠੀਕ ਹੈ, ਅਰਥਾਤ ਇਹ ਓਸ ਦਾ ਅਟੱਲ ਹੁਕਮ ਵਰਤ ਰਿਹਾ ਹੈ ਜੋ



ਹਿੰਦੀਆਂ ਨੂੰ ਉਹਨਾਂ ਦੀ ਆਪਣੀ ਹੀ ਗਿਰਾਵਟ ਦੀ ਸਜ਼ਾ ਮੁਗਲਾਂ ਤੋਂ ਦਿਵਾ ਰਿਹਾ ਹੈ । ਇਸ ਹਾਲਤ ਦੀ ਤਰਜ ਮਾਨੀ ਗੁਰੂ ਜੀ ਨੇ ਇਉਂ ਕੀਤੀ :

**"ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥"**

(ਅੰਗ ੩੬੦)

ਹੁਣ ਉਹ ਕਾਇਰਾਂ ਤੇ ਜ਼ਾਲਮਾਂ ਨੂੰ ਇਕੋ ਪੱਧਰ ਤੇ ਲਿਆ ਖਿਲਾਰਦੇ ਹਨ । ਇਕ ਆਤਮਘਾਤੀ ਹਨ ਤੇ ਦੂਜੇ ਦੂਜਿਆਂ ਦਾ ਘਾਤ ਕਰਦੇ ਹਨ । ਇਹਨਾਂ ਦੋਹਾਂ ਲਈ ਤੇ ਹੋਰ ਸਭ ਕਿਸਮ ਦੇ ਬੀਮਾਰਾਂ ਲਈ, ਭਾਵੇਂ ਉਹ ਕਿਸੇ ਜੀਵਨ ਖੇਤਰ ਵਿਚ ਵੀ ਹੋਣ, ਇਕੋ ਨੁਸਖਾ ਇਹ ਹੈ :

**"ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥"**

(ਅੰਗ ੩੬੦)

ਆਪਾ ਭਾਵ ਤੋਂ ਮਰਨਾ ਤੇ ਹਉ ਰਹਿਤ ਜੀਵਨ ਜਾਂ ਤਿਆਗ ਦਾ ਜੀਵਨ ਜਿਊਣਾ ਹੀ ਸਹੀ ਜੀਵਨ ਦੀ ਬੁਨਿਆਦ ਹੁੰਦੀ ਹੈ । ਇਸ ਤੋਂ ਐਸੀ ਸ਼ਕਤੀ ਨਿਕਲਦੀ ਹੈ ਕਿ ਜੀਵਨ ਨੂੰ ਹਰ ਖੇਤਰ ਵਿਚ ਸਫਲਾ ਕਰ ਦਿੰਦੀ ਹੈ । ਇਸ ਤੋਂ ਹੀ ਸਹੀ ਸਿਆਸਤ ਤੇ ਸੱਚਾ ਦੇਸ਼ ਪਿਆਰ ਆਪਣੇ ਆਪ ਨਿਕਲਦੇ ਹਨ ਅਤੇ ਇਸ ਤੋਂ ਬਿਨਾਂ ਬੜੇ ਬੜੇ ਅਖੌਤੀ ਦੇਸ਼ ਭਗਤ ਸਮੇਤ ਉਹਨਾਂ ਦੀ ਸਿਆਸਤ ਦੇ, ਦੇਸ਼ ਲਈ ਲਾਹਨਤ ਸਾਬਤ ਹੁੰਦੇ ਰਹਿੰਦੇ ਹਨ ।

ਧਰਮ ਨੂੰ ਸਿਆਸਤ ਤੋਂ ਜੁਦਾ ਰੱਖਣਾ ਹੈ ਜਾਂ ਨਹੀਂ ਇਸ ਸਵਾਲ ਤੇ ਲੰਬੀਆਂ ਬਹਿਸਾਂ ਹੁੰਦੀਆਂ ਰਹਿੰਦੀਆਂ ਹਨ, ਪਰ ਜਦ ਧਰਮ ਦੇ ਸਹੀ ਅਰਥ ਸਾਹਮਣੇ ਰਖ ਲਏ ਜਾਣ ਤਾਂ ਇਹ ਬਹਿਸ ਬੇਲੋੜੀ ਹੋ ਜਾਂਦੀ ਹੈ । ਗੁਰਮਤਿ ਅਨੁਸਾਰ ਧਰਮ ਨੂੰ, ਧਰਮ ਦੇ ਸਹੀ ਅਰਥਾਂ ਵਿਚ, ਸਿਆਸਤ ਤੋਂ ਅੱਡਰਾ ਨਹੀਂ ਕੀਤਾ ਜਾ ਸਕਦਾ, ਸਗੋਂ ਸਹੀ ਸਿਆਸਤ ਹੁੰਦੀ ਹੀ ਉਹ ਹੈ ਜੋ ਧਰਮ ਦੀ ਬੁਨਿਆਦ 'ਤੇ ਖੜ੍ਹੀ ਕੀਤੀ ਜਾਏ । ਪਰ ਇਸ ਗੱਲ ਨੂੰ ਠੀਕ ਦ੍ਰਿਸ਼ਟੀਕੋਣ ਤੋਂ ਸਮਝਣ ਦੀ ਬਹੁਤ ਲੋੜ ਹੈ । ਜਿਵੇਂ ਅਸੀਂ ਅੱਗੇ ਵਿਚਾਰਿਆ ਹੈ, ਧਰਮ ਦੀਆਂ ਕਈ ਵਿਚਾਰਧਾਰਾਵਾਂ ਐਸੀਆਂ ਚਾਲੂ ਹੋ ਗਈਆਂ ਸਨ ਜੋ ਦੁਨੀਆਂ ਨੂੰ ਇਸ ਰਾਹੇ ਪਾਂਦੀਆਂ ਸਨ ਕਿ ਧਰਮੀ ਮਨੁੱਖ ਨੂੰ ਦੇਸ਼ ਦੇ ਰਾਜ ਕਾਜਾਂ ਨਾਲ ਕੋਈ ਵਾਸਤਾ ਨਹੀਂ ਹੋਣਾ ਚਾਹੀਦਾ । ਇਸੇ ਗਲਤ ਵਿਚਾਰਧਾਰਾ ਦਾ ਇਹ ਨਤੀਜਾ ਸੀ ਕਿ ਹਿੰਦ ਦੇਸ਼ ਕਈ ਸਦੀਆਂ ਗੁਲਾਮ ਰਿਹਾ ਹੈ । ਇਹ ਤਾਲੀਮ ਮੂਲੋਂ ਹੀ ਨਾਕਸ ਹੈ ਕਿ ਧਰਮ ਨਿਰੇ ਰਸਮੀ ਪੂਜਾ ਪਾਠ ਦਾ ਨਾਂ

ਹੈ ਜੋ ਗੁਰਦਵਾਰਿਆਂ, ਮੰਦਰਾਂ ਤੇ ਮਸਜਿਦਾਂ ਵਿਚ ਦ੍ਰਿੜ੍ਹ ਕੀਤਾ ਜਾਂਦਾ ਹੈ ਤੇ ਦੇਸ਼ ਦੇ ਰਾਜਸੀ, ਸਮਾਜਕ ਤੇ ਆਰਥਿਕ ਸਵਾਲਾਂ ਨਾਲ ਇਸ ਦਾ ਕੋਈ ਤੁਅੱਲਕ ਨਹੀਂ । ਪਰ ਗੁਰਮਤਿ ਇਕ ਅਮਲੀ ਧਰਮ ਹੈ ਜੋ ਜੀਵਨ ਦੇ ਹਰ ਖੇਤਰ ਉਤੇ ਅਸਰ ਪਾਂਦਾ ਹੈ । ਮਹਾਰਾਜ ਨੇ ਸਿੱਧਾਂ ਜੋਗੀਆਂ ਨੂੰ ਝਿੜਕ ਕੇ ਸਮਝਾਇਆ ਸੀ ਕਿ ਉਨ੍ਹਾਂ ਦੀ ਸਾਰੀ ਸੋਚਣੀ ਹੀ ਗਲਤ ਹੈ ।

ਖਾਲਸੇ ਨੂੰ ਤਾਂ ਹਰ ਮੈਦਾਨ ਵਿਚ , ਪਰ ਤਿਆਗ ਦੀ ਭਾਵਨਾ ਵਿਚ ਰਹਿ ਕੇ, ਸੇਵਾ ਦਾ ਹੁਕਮ ਹੈ, ਭਾਵੇਂ ਉਹ ਮੈਦਾਨ ਸਿਅਸੀ ਹੋਵੇ ਤੇ ਭਾਵੇ ਕੋਈ ਹੋਰ। ਗੁਰੂ ਸਾਹਿਬ "ਖਾਲਸੇ ਦੀ ਹਰ ਮੈਦਾਨ ਫਤਹਿ" ਕਰਾਣੀ ਚਾਹੁੰਦੇ ਸਨ । ਜਿਥੇ ਕਿਤੇ ਕੋਈ ਧੱਕਾ ਹੋ ਰਿਹਾ ਹੋਵੇ ਉਥੇ ਹੀ ਉਸ ਦੇ ਖਿਲਾਫ ਡਟਣਾ ਹੈ ਤੇ ਸਮੇਂ ਦੀ ਲੋੜ ਅਨੁਸਾਰ ਸੋਧਨਾ ਹੈ । ਇਹ ਸੋਧਨ ਦਾ ਕੰਮ ਗੁਰੂ ਸਾਹਿਬਾਨ ਨੇ ਪਹਿਲਾਂ ਆਪ ਸੰਭਾਲਿਆ ਸੀ । ਮੀਰੀ ਤੇ ਪੀਰੀ (ਭਾਵ ਸਿਆਸਤ ਤੇ ਧਰਮ) ਦੀਆਂ ਦੋ ਤਲਵਾਰਾਂ ਪਹਿਨੀਆਂ ਗਈਆਂ ਸਨ ਤੇ ਸਦੀਆਂ ਦੀ ਬਣੀ ਜ਼ੁਲਮੀ ਹਕੂਮਤ ਦਾ ਤਖਤਾ ਉਲਟਾ ਕੇ ਰੱਖ ਦਿੱਤਾ ਗਿਆ ਸੀ । ਸਿੱਖ ਇਤਿਹਾਸ ਹਾਸ, ਗੁਰਬਾਣੀ ਸਿੱਖ ਰਵਾਇਤਾਂ, ਸਿੱਖ ਬੋਲੇ ਤੇ ਨਾਹਰੇ ਸਿਆਸਤ ਨਾਲ ਭਰੇ ਪਏ ਹਨ । ਕੀ 'ਰਾਜੇ ਸ਼ੀਹ ਮੁਕਮਦ ਕੁਤੇ' ਉਸ ਵੇਲੇ ਦੀ ਸਰਕਾਰ ਨੂੰ ਚੈਲੰਜ ਨਹੀਂ ਸੀ ਜਾਂ ਉਸ ਸਰਕਾਰ ਨਾਲ ਟੱਕਰ ਦਾ ਪੇਸ਼ ਖੈਮਾ ਨਹੀਂ ਸੀ ? ਕਦੋਂ ਕੋਈ ਸਰਕਾਰ ਇਹ ਬਰਦਾਸ਼ਤ ਕਰ ਸਕਦੀ ਹੈ ਕਿ ਉਸਦੇ ਕਰਮਚਾਰੀਆਂ ਨੂੰ ਸ਼ੀਹ ਜਾਂ ਕੁੱਤੇ ਆਖਿਆ ਜਾਏ ? ਗੁਰੂ ਅਰਜਨ ਦੇਵ ਜੀ ਦੇ ਸਿੱਖੀ ਪ੍ਰਚਾਰ ਨੂੰ ਜਹਾਂਗੀਰ ਬਾਦਸ਼ਾਹ ਦੁਕਾਨਦਾਰੀ ਕਹਿੰਦਾ ਸੀ ਤੇ ਇਸ ਨੂੰ ਬੰਦ ਕਰਨ ਦਾ ਪ੍ਰੋਗਰਾਮ ਸੋਚਦਾ ਸੀ, ਕਿਉਂਕਿ ਇਹ ਦੁਕਾਨ ਉਸ ਲਈ ਸੱਚਮੁੱਚ ਖਤਰਾ ਹੋ ਰਿਹਾ ਸੀ, ਲੋਕਾਂ ਨੂੰ ਸਹੀ ਜਾਗ੍ਰਤੀ ਦੇ ਕੇ ਇਹ ਸਿਆਸਤ ਦਾ ਰੂਪ ਲੈ ਰਹੀ ਸੀ ਤੇ ਸਰਕਾਰ ਲਈ ਖ਼ਤਰਾ ਬਣ ਰਹੀ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿਆਸੀ ਕਾਰਨਾਂ ਕਰਕੇ ਹੋਈ ਸੀ। "**ਠੀਕਰਿ ਫੋਰ ਦਿਲੀਸ ਸਿਰ**" ਦਾ ਭਾਵ ਇਹੋ ਹੈ ਕਿ ਸ਼ਹੀਦੀ ਸਿਆਸੀ ਕਾਰਨਾਂ ਕਰਕੇ ਹੋਈ ਸੀ ਤੇ ਦਿੱਲੀ ਦੀ ਸਰਕਾਰ ਦੇ ਸਿਰ 'ਤੇ ਠੀਕਰਾ ਭੰਨਿਆ ਗਿਆ ਸੀ । 'ਦੇਗ ਦੇਗ ਫਤਹਿ' ਖਾਲਸੇ ਦੇ ਬੋਲ ਬਾਲੇ' ਖਾਲਸਾ ਜੀ ਦੀ ਚੜ੍ਹਦੀ ਕਲਾ, "ਸ੍ਰੀ ਸਾਹਿਬ ਜੀ ਸਹਾਇ" 'ਪੰਥ ਕੀ ਜੀਤ' 'ਅੜੇ ਸੋ ਝੜੇ' ਸਵਾ ਲਾਖ ਸੇ ਏਕ ਲੜਾਉਂ ਚਿੜੀਉਂ ਸੇ ਮੈਂ ਬਾਜ ਤੁੜਾਊਂ ਇਹ ਤੇ ਇਹੋ ਜਿਹੇ ਕਈ ਹੋਰ ਨਾਹਰੇ ਸਾਰੇ ਹੀ ਸਿਆਸਤ ਸਨ । ਤਖਤ ਸਾਹਿਬਾਂ



'ਤੇ ਸ਼ਸਤਰ ਪੂਜਾ ਹੋਣੀ, ਸਿੰਘਾਂ ਦੇ ਗਾਤਰੇ ਕ੍ਰਿਪਾਨਾਂ ਪਵਾਣੀਆਂ ਤੇ ਉਨ੍ਹਾਂ ਨੂੰ ਸ਼ਸਤਰਧਾਰੀ ਹੋਣ 'ਤੇ ਜ਼ੋਰ ਦੇਣਾ, ਬੀਰ ਰਸ ਦੀ ਉਚੇਰੀ ਤਾਲੀਮ ਦਿੱਤੀ ਜਾਣੀ, ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਆਸੀ ਹੁਕਮਨਾਮੇ ਜਾਰੀ ਹੋਣੇ ਤੇ ਲੋੜ ਅਨੁਸਾਰ ਜੰਗੀ ਤਾਲੀਮ ਦੇ ਕੇ ਸਿੰਘਾਂ ਨੂੰ ਜੰਗੀ ਨੀਤੀ ਵਿਚ ਨਿਪੁੰਨ ਬਨਾਣਾ, ਸਭ ਇਸ ਗੱਲ ਦੇ ਸੂਚਕ ਸਨ ਕਿ ਸਿੱਖ ਧਰਮ ਐਸ਼ਾ ਧਰਮ ਹੈ ਜਿਸ ਤੋਂ ਸਿਆਸਤ ਆਪ ਮੁਹਾਰੇ ਨਿਕਲਦੀ ਹੈ । ਇਸੇ ਖ਼ਿਆਲ ਨਾਲ ਹੀ ਇਹ ਚਰਚਾ ਵੀ ਬੇਲੋੜੀ ਹੈ ਕਿ ਸਿਆਸਤ ਨੂੰ ਗੁਰਦਵਾਰਿਆਂ ਵਿਚ ਦਖ਼ਲ ਹੈ ਜਾਂ ਨਹੀਂ । ਜੇ ਧਰਮੀ ਸਿਆਸਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਚ ਲੈ ਜਾਣ ਤੋਂ ਮਹਾਰਾਜ ਨੂੰ ਝਿਜਕ ਨਹੀਂ ਸੀ ਤਾਂ ਇਹ ਆਮ ਗੁਰਦਵਾਰਿਆਂ ਵਿਚੋਂ ਲਿਜਾਣੋਂ ਕਿਵੇਂ ਰੋਕੀ ਜਾ ਸਕਦੀ ਹੈ ? ਗੁਰਦਵਾਰਿਆਂ ਵਿਚ ਹਰ ਉਹ ਮਾਮਲਾ ਆ ਸਕਦਾ ਹੈ ਜੋ ਸੱਚ, ਇਨਸਾਫ਼ ਤੇ ਉਪਕਾਰ ਦੀ ਮੰਗ ਕਰਦਾ ਹੈ ਅਤੇ ਝਗੜੇ ਵਾਲੇ ਉਹਨਾਂ ਸਭ ਸਵਾਲਾਂ ਨੂੰ ਭਾਵੇਂ ਉਹ ਧਾਰਮਿਕ ਹੋਣ ਤ ਭਾਵੇ ਸਿਆਸੀ, ਜਿਨ੍ਹਾਂ ਤੋਂ ਗੁਰਦਵਾਰਿਆਂ ਦੇ ਵਾਯੂ-ਮੰਡਲ ਦੀ ਸ਼ਾਂਤੀ, ਅਦਬ ਤੇ ਸੰਜੀਦਗੀ ਵਿਚ ਫਰਕ ਪੈਂਦਾ ਹੋਵੇ, ਗੁਰਦਵਾਰਿਆਂ ਅੰਧਰ ਬਹਿਸ ਦਾ ਵਿਸ਼ਾ ਨਹੀਂ ਬਣਨ ਦਿੱਤਾ ਜਾਣਾ ਚਾਹੀਦਾ।

ਖੈਰ, ਇਹ ਗੱਲ ਨਿਸ਼ਚਿਤ ਹੈ ਕਿ ਸਿੱਖ ਗੁਰੂ ਸਾਹਿਬਾਨ ਦਾ ਧਰਮ ਕਿਸੇ ਤੰਗ ਦਾਇਰੇ ਵਿਚ ਕੈਦ ਨਹੀਂ ਕੀਤਾ ਜਾ ਸਕਦਾ ਤੇ ਨਾ ਇਸ ਨੂੰ ਸੰਸਾਰਕ ਮਾਮਲਿਆਂ ਤੋਂ ਅਲਹਿਦਾ ਰੱਖਿਆ ਜਾ ਸਕਦਾ ਹੈ। ਇਸ ਨੂੰ ਤਾਂ ਸਗੋਂ ਸੰਸਾਰੀ (Seculalar) ਕਰ ਦਿੱਤਾ ਗਿਆ ਸੀ ਤਾਂ ਜੋ ਜੀਵਣ ਦੇ ਹਰ ਮਾਮਲੇ 'ਤੇ ਧਰਮ ਦੀ ਮੋਹਰ ਲਾ ਕੇ ਇਸ ਨੂੰ ਠੀਕ ਰਾਹ ਤੇ ਤੋਰਿਆ ਜਾ ਸਕੇ । ਇਸ ਕਿਸਮ ਦੇ ਧਰਮ ਤੋਂ ਸਹੀ ਸਿਆਸਤ ਤੇ ਸੱਚੀ ਦੇਸ਼ ਭਗਤੀ ਦਾ ਸੁਤੇ ਸਿਧ ਪ੍ਰਗਟ ਹੋਣਾ ਅਵੱਸ਼ ਤੇ ਕੁਦਰਤੀ ਹੈ । ਗੁਰੂ ਸਾਹਿਬ ਲੋਕਾਂ ਦੇ ਧਾਰਮਿਕ ਹੋਣ ਦੇ ਦਾਹਵੇ ਨੂੰ ਮਖੌਲ ਕਰਦੇ ਸਨ ਜਿਸ ਵਿਚ ਦੇਸ਼ ਤੇ ਦੇਸ਼ ਦੀਆਂ ਸਮੱਸਿਆਵਾਂ ਨਾਲ ਗਹਿਰੀ ਦਿਲਚਸਪੀ ਨਹੀਂ ਹੁੰਦੀ ਸੀ । ਏਥੋਂ ਤਕ ਕਿ ਦੇਸ਼ ਦੀ ਬੋਲੀ, ਕਲਚਰ, ਵਰਤ ਵਰਤਾਰਾ, ਰਸਮੋ ਰਿਵਾਜ, ਬਲਕਿ ਦੇਸ਼ ਦੀ ਧਰਤੀ, ਪਾਣੀ, ਪਹਾੜ ਕੁਦਰਤੀ ਨਜ਼ਾਰੇ, ਸਭ ਇਸ ਦੇਸ਼ ਪਿਆਰ ਦੀ ਚੌੜੀ ਨਜ਼ਰ ਵਿਚ ਆ ਜਾਂਦੇ ਸਨ। ਉਹਨਾਂ ਦੇਖਿਆ ਸੀ ਕਿ ਪੁਲੀਟੀਕਲ ਗੁਲਾਮੀ ਦੇ ਨਾਲ ਨਾਲ ਦੇਸ਼ ਅੰਦਰ ਮਾਨਸਿਕ ਗੁਲਾਮੀ ਵੀ ਆ ਚੁੱਕੀ ਹੋਈ ਸੀ । ਦੇਸ਼ ਵਾਸੀ ਆਪਣੀ ਸਭਿਅਤਾ 'ਤੇ ਮਾਣ ਕਰਨ ਦੀ ਥਾਂ ਹਾਕਮਾਂ

ਦੀ ਨਕਲ ਕਰਨ ਲੱਗ ਪਏ ਸਨ। ਇਸ ਕਿਸਮ ਦੀ ਗੁਲਾਮੀ ਸਗੋਂ ਵਧੇਰੇ ਦੁਖਦਾਇਕ ਹੁੰਦੀ ਹੈ ਕਿਉਂਕਿ ਇਹ ਗੁਲਾਮੀ ਗਿਰਾਵਟ ਦੀ ਮੁਕੰਮਲਤਾ ਦੀ ਨਿਸ਼ਾਨੀ ਹੁੰਦੀ ਹੈ । ਇਸ ਬਾਤ ਨੂੰ ਉਹ ਇਉਂ ਪੇਸ਼ ਕਰਦੇ ਸਨ :

**"ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁਤੁਰਕਾ ਭਾਈ ॥"**

(ਵਾਰ ਆਸਾ ਮਹਲਾ ੧, ਅੰਗ ੪੭੧)

ਅਰਥਾਤ "ਅੰਦਰ ਬਹਿ ਕੇ ਤਾਂ ਪੂਜਾ ਕਰਦੇ ਦਿਸਦੇ ਹਨ ਪਰ ਮੁਸਲਿਮ ਹਾਕਮਾਂ ਨੂੰ ਖੁਸ਼ ਕਰਨ ਲਈ ਉਹਨਾਂ ਦੀਆਂ ਹੀ ਨਾ ਸਿਰਫ਼ ਧਰਮ ਪੁਸਤਕਾਂ ਪੜ੍ਹ ਲੈਂਦੇ ਹਨ ਸਗੋਂ ਰਹਿਣੀ ਬਹਿਣੀ ਵੀ ਉਹਨਾਂ ਦੀ ਹੀ ਬਣਾ ਲਈ ਹੁੰਦੀ ਹੈ ।"

ਤੁਰਕਾਂ ਵਾਲੇ ਸੰਜਮ, ਇਥੋਂ ਤਕ ਅਪਨਾਏ ਗਏ ਸਨ ਕਿ ਹਿੰਦੀਆਂ ਦੀ ਬੋਲੀ ਵੀ ਆਪਣੀ ਨਹੀਂ ਰਹੀ ਸੀ, ਅਰਥਾਤ ਉਹਨਾਂ ਨੇ ਫਾਰਸੀ ਬੋਲੀ ਹੀ ਅਪਨਾ ਲਈ ਹੋਈ ਸੀ । ਗੁਰੂ ਸਾਹਿਬ ਏਥੇ ਫਾਰਸੀ ਬੋਲੀ ਨੂੰ ਬਤੌਰ ਬੋਲੀ ਨਹੀਂ ਛੁਟਿਆ ਰਹੇ ਬਲਕਿ ਗੁਲਾਮੀ ਦੀ ਜ਼ਿਹਨੀਅਤ ਨੂੰ।

ਹੋਰ : **"ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥"**

(ਧਨਾਸਰੀ ਮਹਲਾ ੧, ਅੰਗ ੬੬੩)

ਅਰਥਾਤ "ਛਤਰੀਆਂ ਦਾ ਧਰਮ ਦੇਸ਼ ਰਖਿਆ ਸੀ, ਜਿਸ ਨੂੰ ਉਹ ਛਡ ਚੁੱਕੇ ਹਨ । ਜਿਨ੍ਹਾਂ ਨੂੰ ਉਹ ਮਲੇਛ ਕਹਿੰਦੇ ਹਨ, ਉਨ੍ਹਾਂ ਦੀ ਬੋਲੀ ਵੀ ਇਹਨਾਂ ਆਪਣੀ ਬੋਲੀ ਬਣਾ ਲਈ ਹੈ ।"

ਇਸ ਤੋਂ ਛੁਟ ਉਹਨਾਂ ਦਾ ਪਹਿਰਾਵਾ ਵੀ ਆਪਣਾ ਨਹੀਂ ਰਿਹਾ ਸੀ।

**"ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥"**

(ਵਾਰ ਆਸਾ ਮਹਲਾ ੧, ਅੰਗ ੪੭੨)

ਅਰਥਾਤ "ਨੀਲੇ ਕੱਪੜੇ ਪਾ ਕੇ ਮੁਸਲਮਾਨ ਹਾਕਮਾਂ ਦੀ ਨਜ਼ਰਾਂ ਵਿਚ ਪਰਵਾਨਗੀ ਲੈਣਾ ਚਾਹੁੰਦੇ ਹਨ ।"

ਇਸ ਤੋਂ ਹੋਰ ਅਗਾਂਹ, ਖਾਣ ਪੀਣ ਵਿਚ ਵੀ ਗੁਲਾਮੀ ਆ ਗਈ ਹੋਈ ਸੀ । ਗ਼ੈਰ ਮੁਸਲਮਾਨਾਂ ਨੂੰ ਕੁਠਾ ਖਾਣ 'ਤੇ ਮਜਬੂਰ ਕੀਤਾ ਜਾਂਦਾ ਸੀ ਤੇ ਉਹ ਇਸ ਧੱਕੇ ਨੂੰ ਚੁਪ ਕੀਤੇ ਸਹਾਰ ਜਾਂਦੇ ਸਨ ।



**"ਅਭਾਖਿਆ ਕਾ ਕੁਠਾ ਬਕਰਾ ਖਾਣਾ ॥"**

(ਵਾਰ ਆਸਾ ਮਹਲਾ੧, ਅੰਗ ੪੭੨)

ਅਰਥਾਤ "ਗ਼ੈਰ-ਬੋਲੀ (ਅਰਬੀ) ਦਾ ਕਲਮਾ ਪੜ੍ਹ ਕੇ ਹਲਾਲ ਕੀਤਾ ਹੋਇਆ ਬੱਕਰਾ ਖਾਂਦੇ ਹਨ ।"

ਪੁਲੀਟੀਕਲ ਸੁਤੰਤਰਤਾ ਦਾ ਖ਼ਿਆਲ ਦੇਣ ਤੋਂ ਪਹਿਲਾ ਇਹ ਜ਼ਰੂਰੀ ਸੀ ਕਿ ਦੇਸ਼ ਦੀ ਆਪਣੀ ਹੋਂਦ ਦਾ ਅਹਿਸਾਸ ਕਰਾਇਆ ਜਾਏ ਤੇ ਉਸ 'ਤੇ ਫ਼ਖਰ ਕੀਤਾ ਜਾਏ । ਗਾਂਧੀ ਜੀ ਦਾ ਖੱਡੀ ਦੇ ਖੱਦਰ 'ਤੇ ਜ਼ੋਰ ਦੇਣ ਦਾ ਭਾਵ ਨਿਰਾਪੁਰਾ ਆਰਥਿਕ ਪਹਿਲੂ ਵੱਲ ਧਿਆਨ ਕਰਾਉਣਾ ਨਹੀਂ ਸੀ , ਸਗੋਂ ਦੇਸ਼ ਪਿਆਰ ਦੀ ਡੂੰਘੀ ਨੀਂਹ ਰਖਣਾ ਸੀ। ਮਹਾਰਾਜ ਨੇ ਸਭ ਤੋਂ ਪਹਿਲਾਂ ਆਪਣੀ ਬੋਲੀ ਨੂੰ ਅਪਨਾਇਆ ਤੇ ਇਸ ਬੋਲੀ ਵਿਚ ਹੀ ਬਾਣੀ ਰਚੀ । ਫਿਰ ਦੇਸ਼ ਦੇ ਰੁੱਖਾਂ, ਪਹਾੜਾਂ, ਮੌਸਮਾਂ, ਜਾਨਵਰਾਂ ਤੇ ਕੁਦਰਤੀ ਨਜ਼ਾਰਿਆਂ ਨੂੰ ਥਾਂ ਥਾਂ ਦ੍ਰਿਸ਼ਟਾਤਾਂ ਵਿਚ ਵਰਤਿਆ । ਹੇਠਲੀਆਂ ਤੁਕਾਂ ਵਿਚ ਸਿੰਬਲ, ਕਾਹੀਆਂ, ਚੌਪਤੀ , ਕੋਇਲ , ਗਰਮੀ ਤੇ ਸਰਦੀ ਦੀਆਂ ਰੁੱਤਾਂ ਆਦਿ ਦਾ ਜ਼ਿਕਰ ਇਉਂ ਕੀਤਾ ਗਿਆ ਹੈ :

**"ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥"**

(ਸਲੋਕ ਮਹਲਾ ੧, ਅੰਗ ੪੭੦)

**"ਝੂਠਿ ਵਿਗੁਤੀ ਤਾ ਪਿਰੁ ਮੁਤੀ ਕੁਕਹ ਕਾਹ ਸਿ ਫੁਲੇ ॥"**

(ਤੁਖਾਰੀ ਮਹਲਾ ੧੧, ਅੰਗ ੧੧੦੮)

**"ਪਬਣਿ ਕੇਰੇ ਪਤ ਜਿਉ ਢਲਿ ਢਲਿ ਜੁੰਮਣਹਾਰ ॥"**

(ਸਿਰੀਰਾਗੁ ਮਹਲਾ ੧, ਅੰਗ ੨੩)

**"ਕੋਕਿਲ ਅੰਬਿ ਸੁਹਾਵੀ ਬੋਲੈ … ….॥"**

(ਤੁਖਾਰੀ ਮਹਲਾ ੧, ਅੰਗ ੧੧੦੮)

**"ਆਗੈ ਘਾਮ ਪਿਛੈ ਰੁਤਿ ਜਾਡਾ… … ॥"**

(ਤੁਖਾਰੀ ਮਹਲਾ ੧, ਅੰਗ ੧੧੦੯)

ਇਸ ਤਰ੍ਹਾਂ ਦੇਸ਼ ਪਿਆਰ ਦੇ ਜਜ਼ਬੇ ਉਭਾਰ ਕੇ ਮਾਨਸਿਕ ਗੁਲਾਮੀ ਕੱਟਣ ਦਾ ਰਾਹ ਪਹਿਲਾਂ ਸਾਫ਼ ਕੀਤਾ । ਖੈਰ, ਸਾਡਾ ਭਾਵ ਇਹ ਹੈ ਕਿ ਗੁਰੂ ਸਾਹਿਬ ਧਰਮੀ ਲੋਕਾਂ ਲਈ ਸਿਆਸਤ ਨੂੰ ਇਕ ਘ੍ਰਿਣਤ ਚੀਜ਼ ਨਹੀਂ ਸਮਝਦੇ

ਸਨ ਸਗੋਂ ਜ਼ਰੂਰੀ ਫ਼ਰਜ਼। ਦੇਸ਼ ਦੀਆਂ ਸਮੱਸਿਆਵਾਂ ਹੱਲ ਕਰਨ ਵਿਚ ਸਹਾਈ ਹੋਣਾ ਧਰਮ ਹੈ । ਪਰ ਗੁਰੂ ਜੀ ਦੀ ਇਸ ਵਿਚਾਰਧਾਰਾ ਤੋਂ ਕਈ ਵਾਰ ਗਲਤ ਨਤੀਜੇ ਕੱਢ ਲਏ ਜਾਂਦੇ ਹਨ । ਇਹ ਤਾਂ ਠੀਕ ਹੈ ਕਿ ਉਹ ਧਰਮ ਦੇ ਆਧਾਰ ’ਤੇ ਸਿਆਸਤ ਖੜ੍ਹੀ ਕਰਨਾ ਚਾਹੁੰਦੇ ਸਨ, ਪਰ ਇਹ ਉਸ ਧਰਮ ਦੇ ਆਧਾਰ ’ਤੇ ਸੀ ਜੋ ਸਭ ਦਾ ਸਾਂਝਾ ਧਰਮ ਹੈ । ਪ੍ਰਮਾਤਮਾ ਦੀ ਪ੍ਰਾਪਤੀ, ਸਾਧਨਾਂ ਦੇ ਫ਼ਰਕਾਂ ਦੇ ਬਾਵਜੂਦ ਇਸ ਵਿਚਾਰ ਦਾ ਮਤਲਬ ਇਹ ਲੈ ਲਿਆ ਜਾਂਦਾ ਹੈ ਕਿ ਸਿੱਖਾਂ ਦੀ ਬਤੌਰ ਸਿਖ ਵੱਖਰੀ ਸਿਆਸਤ ਹਸਤੀ ਹੋਣੀ ਚਾਹੀਦੀ ਹੈ ਜੋ ਹਰ ਪੁਲੀਟੀਕਲ, ਆਰਥਿਕ ਜਾਂ ਸਮਾਜਿਕ ਮਸਲੇ ਨੂੰ ਵਖਰਾ ਸੋਚੇ ਤੇ ਵਖਰੇ ਫ਼ੈਸਲੇ ਕਰੇ । ਇਹ ਖ਼ਿਆਲ ਮੂਲੋਂ ਹੀ ਗ਼ਲਤ ਹੈ ਤੇ ਸਿਖੀ ਦੀ ਬੁਨਿਆਦੀ ਤਾਲੀਮ ਦੇ ਵੀ ਉਲਟ ਹੈ । ਰਾਜਸੀ, ਸਮਾਜਿਕ ਜਾਂ ਆਰਥਿਕ ਮਾਮਲਿਆਂ ਸੰਬੰਧੀ ਸਭ ਸਿੱਖਾਂ ਦੇ ਇਕੋ ਜਿਹੇ ਖ਼ਿਆਲ ਨਹੀਂ ਹੋ ਸਕਦੇ । ਸਿੱਖਾਂ ਵਿਚ ਅਮੀਰ ਵੀ ਹਨ ਤੇ ਗਰੀਬ ਵੀ, ਪੜ੍ਹੇ ਵੀ ਹਨ ਤੇ ਅਨਪੜ੍ਹੇ ਵੀ । ਇਸ ਲਈ ਸਭ ਸਿਖਾਂ ਦੇ ਸਿਆਸੀ ਵਿਚਾਰ ਇਕੋ ਜਹੇ ਕਿਵੇਂ ਹੋ ਸਕਦੇ ਹਨ? ਖ਼ਿਆਲਾਂ ਦੇ ਫ਼ਰਕ ਜ਼ਿੰਦਗੀ ਦੀ ਨਿਸ਼ਾਨੀ ਹਨ ਤੇ ਇਨ੍ਹਾਂ ਮਾਮਲਿਆਂ ਵਿਚ ਖਾਹ-ਮਖਾਹ ਫਿਰਕਾ-ਪ੍ਰਸਤੀ ਦਾ ਦਖ਼ਲ ਠੀਕ ਨਹੀਂ । ਸਾਡਾ ਭਾਵ ਇਹ ਹੈ ਕਿ ਮਜ਼ਹਬੀ ਬਿਨਾਅ ਤੇ ਰਾਜਸੀ ਪਾਰਟੀਆਂ ਖੜ੍ਹੀਆਂ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ । ਦੇਸ਼ ਨੂੰ ਰਾਜਸੀ ਖੇਤਰ ਵਿਚ ਵਖ ਵਖ ਮਜ਼ਹਬੀ ਜਥੇਬੰਦੀਆਂ ਵਿਚ ਵੰਡਣਾ ਸਿਖੀ ਅਨੁਸਾਰ ਬਿਲਕੁਲ ਹੀ ਗ਼ਲਤ ਹੈ। ਸਿੱਖੀ ਤਾਂ ਸਭ ਨੂੰ ਮੇਲ ਕੇ ਇਕ ਕਰਨਾ ਚਾਹੁੰਦੀ ਹੈ । ਦੇਸ਼ ਅੰਦਰ ਏਕਤਾ ਤੇ ਸਾਂਝੀ ਕੌਮੀਅਤ ਦਾ ਜਜ਼ਬਾ ਪ੍ਰਫੁਲਤ ਹੋਣ ਦੇਣਾ ਇਕ ਵੱਡੀ ਸੇਵਾ ਹੈ । ਰਾਖਵੀਆਂ ਸੀਟਾਂ ਲਈ ਜਦੋ-ਜਹਿਦ, ਧਰਮ ਦੀ ਬਿਨਾਅ ’ਤੇ ਚੋਣਾਂ ਲੜਣੀਆਂ ਤੇ ਛੋਟੀਆਂ ਮੋਟੀਆਂ ਮੰਗਾਂ ਦੇ ਹੱਕਾਂ ਲਈ ਲੜਦੇ ਫਿਰਨਾ, ਕਿਸੇ ਤਰ੍ਹਾਂ ਵੀ ਠੀਕ ਨਹੀਂ। ਦੇਸ਼ ਅੰਦਰ ਸੈਕੂਲਰ ਰਾਜ ਕਾਇਮ ਹੋ ਚੁੱਕਾ ਹੈ । ਇਸ ਨੂੰ ਕਾਮਯਾਬ ਕਰਨ ਵਿਚ ਸਭ ਦਾ ਭਲਾ ਹੈ ਤੇ ਖਾਸ ਕਰਕ ਕੇ ਘਟ ਗਿਣਤੀ ਦਾ ਭਲਾ ਹੈ। ਹੁਣ ਲੋਕਰਾਜ ਦਾ ਜ਼ਮਾਨਾ ਵੀ ਆ ਗਿਆ ਹੋਇਆ ਹੈ । ਸ਼ਖ਼ਸ਼ੀ ਰਾਜ ਜਾਂ ਕਿਸੇ ਇਕ ਫਿਰਕੇ ਦਾ ਰਾਜ ਨਾ ਚਲ ਸਕਦਾ ਹੈ ਤੇ ਨਾ ਚਲਣਾ ਚਾਹੀਦਾ ਹੈ। ਰਾਜ ਕਰੇਗਾ ‘ਖਾਲਸਾ’ ਦਾ ਨਾਹਰਾ ਕਿਸੇ ਵੇਲੇ ਲਾਇਆ ਗਿਆ ਸੀ । ਉਸ ਵੇਲੇ ਦੇਸ਼ ਆਜ਼ਾਦ ਕਰਾਉਣ ਲਈ ਖ਼ਾਲਸਾ ਦੀ ਚਲਾਈ ਲਹਿਰ ਵਿਚ ਖਾਲਸਾ ਹੀ ਮੋਢੀ ਬਣਿਆ ਸੀ, ਭਾਵੇਂ ਉਸ ਨਾਲ ਕੁਝ ਹਿੰਦੂ ਤੇ ਮੁਸਲਮਾਨ



ਵੀ ਸ਼ਾਮਲ ਹੋਏ ਸਨ । ਇਕ ਖ਼ਾਸ ਸਮੇਂ ਲਈ ਉਹ ਨਾਹਰਾ ਠੀਕ ਸੀ, ਪਰ ਇਸ ਨੂੰ ਸਦਾ ਲਈ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਸ ਵੇਲੇ ਦੇ ਬਦੇਸ਼ੀ ਤੇ ਜ਼ੁਲਮੀ ਰਾਜ ਨੂੰ ਤੋੜ ਕੇ ਖ਼ਾਲਸਾ ਰਾਜ ਕਾਇਮ ਕਰਨ ਦਾ ਨਾਹਰਾ ਜੋ ਉਸ ਵੇਲੇ ਹਿੰਦ ਵਾਸੀਆਂ ਦੇ ਮਨੋਰਥ ਦੀ ਨੁਮਾਇੰਦਗੀ ਕਰਦਾ ਸੀ, ਠੀਕ ਸੀ । ਪਰ ਜੇ ਕੋਈ ਹੁਣ ਵੀ ਸਿੱਖ ਰਾਜ ਦਾ ਸੁਪਨਾ ਲੈਂਦਾ ਹੈ ਤਾਂ ਇਹ ਨਾ ਕੇਵਲ ਉਸ ਦੀ ਭੁੱਲ ਹੈ, ਸਗੋਂ ਖਾਲਸਾ ਆਦਰਸ਼ ਦੀ ਹਾਨੀ ਹੈ । ਇਸੇ ਤਰ੍ਹਾਂ ਕਿਸੇ ਹੋਰ ਰੂਪ ਵਿਚ ਆਪਣੀ ਵੱਖਰੀ ਪੁਲੀਟੀਕਲ ਤਾਕਤ ਬਨਾਣ ਦੇ ਯਤਨ ਦਰਸੁਤ ਨਹੀਂ । ਜੋੜਨ ਦਾ ਹਰ ਕੰਮ ਚੰਗਾ ਹੈ ਤੇ ਨਿਖੇੜਨ ਦਾ ਹਰ ਕੰਮ ਮਾੜਾ ਹੈ । ਦੇਸ਼ ਭਾਵੇਂ ਅਜ਼ਾਦ ਹੋ ਚੁੱਕਾ ਹੈ ਪਰ ਅਸਲ ਕੰਮ ਅਜੇ ਹੋਣਾ ਹੈ। ਪੁਲੀਟੀਕਲ ਅਜ਼ਾਦੀ ਨੇ ਕੇਵਲ ਉਸ ਅਸਲ ਕੰਮ ਨੂੰ ਸਿਰੇ ਚਾੜ੍ਹਨ ਲਈ ਰਸਤਾ ਸਾਫ਼ ਕੀਤਾ ਹੈ । ਗ਼ਰੀਬੀ ਤੇ ਜਹਾਲਤ ਨੇ ਦੇਸ਼ ਵਾਸੀਆਂ ਨੂੰ ਨਿਕੰਮਾ ਕਰਕੇ ਰੱਖ ਦਿਤਾ ਹੋਇਆ ਹੈ । ਚੰਦ ਆਦਮੀਆਂ ਤੋਂ ਬਿਨਾਂ ਜਨਤਾ ਨੂੰ ਚੱਜ ਦੀ ਕੁਲੀ, ਗੁੱਲੀ ਤੇ ਜੁੱਲੀ ਵੀ ਨਸੀਬ ਨਹੀਂ ਹੁੰਦੀ । ਇਸ ਹਾਲਤ ਨੂੰ ਦੇਸ਼ ਦੇ ਨੇਤਾਵਾਂ ਨੇ ਵੀ ਅਨੁਭਵ ਕੀਤਾ ਸੀ ਤੇ ਵੱਡੇ ਵਡੇ ਪ੍ਰੋਗਰਾਮ ਵੀ ਬਣੇ ਸਨ । ਕਈ ਤਰ੍ਹਾਂ ਦੀਆਂ ਯੋਜਨਾਵਾਂ ਤਿਆਰ ਹੋਈਆਂ ਸਨ । ਗ਼ਰੀਬੀ, ਭੁੱਖ ਤੇ ਜਹਾਲਤ ਕੱਟਣ ਦੇ ਇਹ ਯਤਨ ਚੰਗੇ ਤੇ ਜ਼ੂਰਰੀ ਸਨ, ਪਰ ਜੇ ਇਹ ਯਤਨ ਸਫਲ ਵੀ ਹੋ ਜਾਂਦੇ ਤਾਂ ਇਸ ਨੂੰ ਕਾਫ਼ੀ ਨਹੀਂ ਸਮਝਣਾ ਚਾਹੀਦਾ । ਕੌਮਾਂ ਦੀ ਅਸਲ ਜ਼ਿੰਦ-ਜਾਨ ਜੀਵਣ-ਰਹਿਣੀ ਹੈ। ਇਹ ਦੇਸ਼ ਗੁਰੂਆਂ ਤੇ ਅਵਤਾਰਾਂ ਦਾ ਦੇਸ਼ ਹੁੰਦਾ ਸੀ । ਏਥੇ ਸੱਚ ਤੇ ਨੇਂਕੀ ਦਾ ਰਾਜ ਹੋ ਕੇ ਦੂਜਿਆਂ ਲਈ ਨਮੂਨਾ ਪੇਸ਼ ਕੀਤਾ ਜਾਣਾ ਚਾਹੀਦਾ ਹੈ ; ਪਰ ਅੱਜ ਦੇਸ਼ ਵਾਸੀ ਤਾਂ ਗਿਰਾਵਟ ਦੀ ਖੱਡ ਵਿਚ ਪਏ ਹਨ । ਭ੍ਰਿਸ਼ਟਾਚਾਰ, ਕੁੰਭਾਪਰਵਰੀ, ਝੂਠ ਤੇ ਰਿਸ਼ਵਤ-ਖੋਰੀ ਆਦਿਕ ਦਾ ਚਰਚਾ ਰੋਜ਼ ਹੁੰਦਾ ਰਹਿੰਦਾ ਹੈ । ਪਬਲਿਕ ਕੰਮਾਂ ਵਿਚ ਉਹ ਆਦਮੀ ਅਗੇ ਕੀਤੇ ਜਾਂਦੇ ਹਨ ਜੋ ਆਪਣੀਆਂ ਗ਼ਰਜ਼ਾਂ, ਆਪਣੀ ਚੌਧਰ ਤੇ ਤਾਕਤ ਲਈ ਮੈਦਾਨ ਆ ਮਲਦੇ ਹਨ ਤੇ ਜਨਤਾ ਉਸ ਨੂੰ ਚੁੱਪ ਕੀਤੇ ਬਰਦਾਸ਼ਤ ਕਰ ਲੈਂਦੀ ਹੈ । ਇਹ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਕੌਮੀ ਅਚਾਰ ਬੜਾ ਨੀਵਾਂ ਹੋ ਗਿਆ ਹੈ । ਹਰ ਕੋਈ ਆਪਣੇ ਅੰਦਰ ਝਾਤ ਮਾਰ ਕੇ ਵੇਖ ਸਕਦਾ ਹੈ ਕਿ ਉਹ ਆਪਣੇ ਅੰਦਰ ਕਿੰਨੀਆਂ ਕੁ ਕਮਜ਼ੋਰੀਆਂ ਲੈ ਕੇ ਬੈਠਾ ਹੈ । ਸਪੱਸ਼ਟ ਹੈ ਕਿ ਰਾਜਸੀ ਅਜ਼ਾਦੀ ਪ੍ਰਾਪਤ ਕਰ ਲੈਣ ਨਾਲ ਵੀ ਸਹੀ ਅਰਥਾਂ ਵਿਚ ਅਜ਼ਾਦੀ ਨਹੀਂ ਹੋ ਜਾਂਦੀ । ਅਸਲ ਅਜ਼ਾਦੀ ਸਗੋਂ

ਦੁਰਸਤ ਧਾਰਮਿਕ ਨਜ਼ਰ ਬਣਾਇਆਂ ਹੀ ਆਵੇਗੀ । ਸਿਆਸਤ ਦੇ ਖੇਤਰ ਨੂੰ ਧਰਮੀ ਕਰ ਦੇਣ ਨਾਲ ਠੀਕ ਰਾਹ ਮਿਲੇਗਾ ਤੇ ਦੇਸ਼ ਦੀਆਂ ਸਾਰੀਆਂ ਮੁਸ਼ਕਲਾਂ ਅਸਾਨ ਹੋ ਜਾਣਗੀਆਂ ।ਇਸ ਤਰ੍ਹਾਂ ਦੀ ਸਿਆਸਤ ਸਹੀ ਹੈ ਤੇ ਇਹ ਹੀ ਦੇਸ਼ ਨੂੰ ਅੱਗੇ ਲੈ ਸਕਦੀ ਹੈ ਪਰ ਇਹ ਤਦ ਪ੍ਰਵੇਸ਼ ਕਰਦੀ ਹੈ ਜਦ ਏਨੀ ਜਾਗਰਤੀ ਆ ਜਾਏ ਕਿ ਇਸ ਨੂੰ ਚਲਾਣ ਵਾਲੇ ਨੇਕ, ਵਿਚਾਰਵਾਨ ਤੇ ਤਿਆਗੀ ਲੋਕ ਹੀ ਅੱਗੇ ਆਣ । ਪਲੈਟੋ ਤਾਂ ਇਸ ਤੋਂ ਵੀ ਅੱਗੇ ਜਾਂਦੇ ਸਨ। ਉਨ੍ਹਾਂ ਦੇ ਇਹ ਬਚਨ ਬੜੇ ਕੀਮਤੀ ਹਨ:

"Until philosophers are kings of the kings and princes have the power and spirit of philosophy, and wisdom and political leadership meet in same man, cities will never cease from ills, nor the human race."

ਅਰਥਾਤ "ਜਿੰਨਾ ਚਿਰ ਦੇਸ਼ ਦੇ ਹਾਕਮ ਫ਼ਿਲਾਸਫ਼ਰ ਨਹੀਂ ਹੁੰਦੇ ਜਾਂ ਹਾਕਮਾਂ ਦੇ ਸ਼ਹਿਜ਼ਾਦਿਆਂ ਅੰਦਰ ਫ਼ਿਲਾਸਫ਼ੀ ਦੀ ਸਪਿਰਟ ਤੇ ਸ਼ਕਤੀ ਨਹੀਂ ਆ ਜਾਂਦੀ ਅਤੇ ਇਕ ਹੀ ਇਨਸਾਨ ਵਿਚ ਸਿਆਣਪ ਤੇ ਰਾਜਸੀ ਅਗਵਾਈ ਇਕੱਠੀਆਂ ਨਹੀਂ ਹੋ ਜਾਂਦੀਆਂ. ਰਾਜਾਂ ਦੇ ਦੁਖ ਕਸ਼ਟ ਕਦੇ ਨਹੀਂ ਮੁੱਕਣਗੇ ਤੇ ਨਾ ਹੀ ਸਾਰੀ ਇਨਸਾਨੀ ਨਸਲ ਦੇ ।"

ਪਰ ਇਹੋ ਜਹੇ ਆਕਮ ਕਿਵੇਂ ਮਿਲਣ, ਇਸ 'ਤੇ ਵੀ ਪਲੈਟੋ ਨੇ ਲੰਮੀ ਚੌੜੀ ਵਿਚਾਰ ਕੀਤੀ ਸੀ । ਉਨ੍ਹਾਂ ਨੇ ਐਸੇ ਹਾਕਮਾਂ ਦੀ ਤਿਆਰੀ ਦੇ ਵਰ੍ਹਿਆਂ ਬੱਧੀ ਲੰਮੇ ਪ੍ਰੋਗਰਾਮ ਵੀ ਬਣਾਏ ਸਨ ।

ਸੁਕਰਾਤ ਨੇ ਉਤਲੀ ਗੱਲ ਕੁਝ ਇਸ ਤਰ੍ਹਾਂ ਆਖੀ ਸੀ :

"Is is not shameful that men should be ruled by mere orators ?"

ਅਰਥਾਤ "ਕੀ ਇਹ ਸ਼ਰਮਨਾਕ ਬਾਤ ਨਹੀਂ ਕਿ ਇਨਸਾਨਾਂ ਉਤੇ ਉਹ ਲੋਕ ਰਾਜ ਕਰਦੇ ਹਨ ਜੋ ਨਿਰੇ ਵਖਿਆਨੀ ਹਨ ? "

ਅਗੇ ਜਾ ਕੇ ਉਹ ਫਿਰ ਇਵੇਂ ਕਹਿੰਦੇ ਸਨ :

"How can a society be saved or be strong except it be led by its wisest men ? "

ਅਰਥਾਤ "ਸੁਸਾਇਟੀ ਕਿਵੇਂ ਬਚ ਸਕਦੀ ਹੈ ਜਾਂ ਸ਼ਕਤੀਸਾਲੀ ਹੋ



ਸਕਦੀ ਹੈ ਜਿੰਨਾ ਚਿਰ ਇਸ ਦੇ ਆਗੂ ਸਭ ਤੋਂ ਸਿਆਣੇ ਤੇ ਵਿਚਾਰਵਾਨ ਪੁਰਸ਼ ਨਾ ਹੋਣ ?"

ਐਸੇ ਪੁਰਸ਼ ਹੀ ਧਰਮ ਦਾ ਰਾਜ ਜਾਂ ਰਾਮ ਰਾਜ ਲਿਆ ਸਕਦੇ ਹਨ । ਰਾਮਾਇਣ ਵਿਚ ਇਸ ਰਾਮ ਰਾਜ ਦੀ ਤਸਵੀਰ ਇਉਂ ਖਿਚੀ ਗਈ ਹੈ।

**"ਰਾਮ ਰਾਜ ਬੈਠੇ ਤ੍ਰੈ ਲੋਕਾ ॥**
**ਹਰਖਤ ਭਏ ਗਏ ਸਭ ਸੋਕਾ ॥**
**ਬੈਰ ਨ ਕਰ ਕਾਹੂੰ ਮਨ ਕੋਈ ॥**
**ਰਾਮ ਪ੍ਰਤਾਪ ਬਿਖਮਤਾ ਖੋਈ ॥**

ਸਿਖ ਗੁਰੂ ਸਾਹਿਬਾਨ ਦੀ ਆਪਣੀ ਵਿਚਾਰ ਦਾ ਨਿਚੋੜ ਕੁਝ ਇਉਂ ਲੈ ਸਕਦੇ ਹਾਂ :

**"ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥**
**ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥**
**ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥**

(ਮਾਰੂ ਮਹਲਾ ੧, ਅੰਗ ੧੦੮੮)

ਅਰਥਾਤ "ਰਾਜ ਤਖਤ 'ਤੇ ਉਹੋ ਰਾਜਾ ਬੈਠਣਾ ਚਾਹੀਦਾ ਹੈ ਜੋ ਤਖਤ ਦੇ ਲਾਇਕ ਹੋਵੇ । (ਐਸੇ ਰਾਜੇ ਇਉਂ ਹੁੰਦੇ ਹਨ ) ਜਿਨ੍ਹਾਂ ਨੇ ਸੱਚ ਨੂੰ ਪਛਾਣਿਆ ਹੈ ਉਹ ਅਸਲ ਰਾਜੇ ਹਨ । ਇਹ ਦੁਨਿਆਵੀ ਰਾਜੇ ਕੋਈ ਰਾਜੇ ਨਹੀਂ , ਕਿਉਂਕਿ ਇਹ ਦਵੈਤ ਭਾਵ ਵਿਚ ਰਹਿੰਦੇ ਹਨ ਤੇ ਇਸ ਵਿਚੋਂ ਸਦਾ ਦੁਖ ਨਿਕਲਦਾ ਹੈ ।" ਗੁਰੂ ਨਾਨਕ ਜੀ ਦੇ ਇਹ ਬਚਨ ਨੋਟ ਕੀਤੇ ਜਾਣ ਵਾਲੇ ਹਨ :

"ਤਖਤਿ ਬਹੈ ਤਖਤੈ ਕੀ ਲਾਇਕ ॥
ਪੰਚ ਸਮਾਏ ਗੁਰਮਤਿ ਪਾਇਕ ॥"

(ਮਾਰੂ ਮਹਲਾ ੧, ਅੰਗ ੧੦੩੯)

ਅਰਥਾਤ "ਤਖਤ 'ਤੇ ਉਸ ਨੂੰ ਬੈਠਣਾ ਚਾਹੀਦਾ ਹੈ ਜੋ ਇਸ ਦੇ ਯੋਗ ਹੈ । ਪਰ ਕਿਵੇਂ ਯੋਗ ਹੋਵੇ ? ਜਿਸ ਨੇ ਪੰਜ ਕਾਮਾਦਿਕ ਮਾਰ ਦਿੱਤੇ ਹੋਣ ਤੇ ਜੋ, ਗੁਰਮਤ ਦੁਆਰਾ ਸੇਵਕ ਹੋ ਗਿਆ ਹੋਵੇ ।"

ਇਕ ਤੁਕ ਵਿਚ ਤਾਂ ਆਦਰਸ਼ਕ ਰਾਜ ਦੀ ਤਸਵੀਰ ਹੀ ਖਿਚੀ ਪਈ ਹੈ । ਇਹ ਰਾਮ ਰਾਜ ਹੈ, ਕਿਉਂਕਿ ਇਹ ਸੱਚ, ਧਰਮ ਤੇ ਨੇਕੀ ਤੇ ਖੜ੍ਹਾ ਕੀਤਾ ਗਿਆ ਹੁੰਦਾ ਹੈ । ਇਹੋ ਖ਼ਾਲਸਾ ਰਾਜ ਅਖਵਾਉਂਦਾ ਹੈ । ਇਸ ਵਿਚ ਕੰਮ ਕਰਨ ਵਾਲੇ ਉਹ ਸੇਵਕ ਹੋਣੇ ਚਾਹੀਦੇ ਹਨ, ਜੋ ਦੇਸ਼ ਦੇ ਸਭ ਤੋਂ ਉਤਮ ਪੁਰਸ਼ ਹੋਣ । ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਦੀ ਪਉੜੀ ੧੬ ਵਿਚ ਇਉਂ ਬਚਨ ਕੀਤੇ ਹਨ :

"ਪੰਚੇ ਸੋਹਹਿ ਦਰਿ ਰਾਜਾਨੁ ॥" (ਜਪੁ ਜੀ ਗੁਰੂ ਨਾਨਕ)

ਭਾਵ "ਪੰਚ (ਸੰਤ ਜਨ) ਹੀ ਰਾਜਾਂ ਦੀਆਂ ਕੌਂਸਲਾਂ ਨੂੰ ਸੁਭਾਇਮਾਨ ਕਰਦੇ ਹਨ ।"

ਇਨ੍ਹਾਂ ਭਿੰਨ ਭਿੰਨ ਵਿਚਾਰਾਂ ਤੋਂ ਇਹ ਨਤੀਜਾ ਅਵੱਸ਼ ਨਿਕਲਦਾ ਹੈ ਕਿ ਗੁਰੂ ਸਾਹਿਬ ਦੇ ਖ਼ਿਆਲ ਅਨੁਸਾਰ ਲੋਕ ਰਾਜ ਉਹੋ ਸਫਲ ਹੋ ਸਕਦਾ ਹੈ ਜਿਸ ਵਿਚ ਆਮ ਜਨਤਾ ਦੀ ਸੂਝ ਬੂਝ ਤੇ ਜਾਗ੍ਰਤ ਏਨੀ ਵਿਸ਼ਾਲ ਹੋ ਗਈ ਹੋਵੇ ਕਿ ਸਭ ਤੋਂ ਸ੍ਰੇਸ਼ਟ ਆਦਮੀ ਹੀ ਰਾਜ ਦੇ ਕੰਮਾਂ ਨੂੰ ਚਲਣਾ ਲਈ ਅੱਗੇ ਕੀਤੇ ਜਾ ਸਕਣ । ਜੇ ਇਹ ਨਹੀਂ ਤਾਂ ਲੋਕ ਰਾਜ ਮਖੌਲ ਬਣ ਕੇ ਰਹਿ ਜਾਂਦਾ ਹੈ, ਜਿਵੇਂ ਅੱਜ ਵੇਖ ਰਹੇ ਹਾਂ । ਭਾਰਤ ਦੀ ਆਪਣੀ ਏਕਤਾ ਦੀ ਤਾਲੀਮ, ਇਸ ਦੀਆਂ ਰਵਾਇਤਾਂ ਤੇ ਇਸ ਦੀ ਕਲਚਰ, ਐਸੀਆਂ ਚੀਜ਼ਾਂ ਹਨ ਕਿ ਇਸ ਦੇਸ਼ ਅੰਦਰ ਕੇਵਲ ਸਹੀ ਲੋਕ-ਰਾਜ ਹੀ ਹਰਮਨ ਪਿਆਰਾ ਹੋ ਸਕਦਾ ਹੈ । ਇਕ ਪੁਰਖੀ ਰਾਜ ਜਾਂ ਕੁਝ ਆਦਮੀਆਂ ਦਾ ਰਾਜ ਜਾਂ ਡਿਕਟੇਟਰਾਂ ਨੂੰ ਤਾਂ ਏਥੇ ਖ਼ੁਸ਼ੀ ਨਾਲ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਹਾਂ ਮਹਾਂਪੁਰਸ਼ਾਂ ਤੇ ਫ਼ਿਲਾਸਫ਼ਰਾਂ ਦੇ ਰਾਜ ਇਸ ਧਰਤੀ 'ਤੇ ਸਫਲ ਹੁੰਦੇ ਵੀ ਰਹੇ ਸਨ । ਸ੍ਰੀ ਰਾਮ ਚੰਦਰ ਜੀ, ਸ੍ਰੀ ਜਨਕ ਜੀ, ਸ੍ਰੀ ਅਸ਼ੋਕ ਜੀ ਤੇ ਰਾਜਾ ਹਰੀ ਚੰਦ ਵਰਗਿਆਂ ਮਹਾਂਪੁਰਸ਼ ਰਾਜਿਆਂ ਨੂੰ ਪਰਵਾਨ ਕੀਤਾ ਜਾਂਦਾ ਰਿਹਾ ਹੈ । ਇਥੇ ਮਹਾਤਮਾ ਪੁਰਸ਼ਾਂ ਦਾ ਅਸਰ ਏਨਾ ਡੂੰਘਾ ਹੈ ਕਿ ਇਕ ਪੁਰਖੀ ਰਾਜ ਦੇ ਸਮੇਂ ਦੇ ਰਾਜਿਆਂ ਨੂੰ ਵੀ ਹਰਮਨ ਪਿਆਰੇ ਹੋਣ ਲਈ ਆਪਣੀਆਂ ਮਜਲਸਾਂ ਵਿਚ ਐਸੇ ਰਾਜ-ਗੁਰੂਆਂ ਨੂੰ ਬਤੌਰ ਸਲਾਹਕਾਰ ਆਦਰ ਦੇਣਾ ਪੈਂਦਾ ਸੀ, ਜੋ ਆਪਣੀ ਸਿਆਣਪ ਤੇ ਗੁਣਾਂ ਦੇ ਕਾਰਨ ਸਤਕਾਰੇ ਜਾਂਦੇ ਸਨ ਤੇ ਜਿਨ੍ਹਾਂ ਤੋਂ ਬੜੇ ਬੜੇ ਜ਼ਾਲਮ ਵੀ ਡਰਦੇ ਸਨ । ਸੋ ਇਸ ਦੇਸ਼ ਵਿਚ ਕੇਵਲ ਐਸੀ ਲੋਕ ਸ਼ਾਹੀ ਹੀ ਚਲ ਸਕਦੀ ਹੈ ਜੋ ਸਭ ਨੂੰ ਬਿਨਾਂ ਕਿਸੇ ਵਿਤਕਰੇ ਦੇ, ਇਕੋ ਜਿੰਨੀ ਅਜ਼ਾਦੀ ਦੇ ਸਕੇ—ਉਹ ਅਜ਼ਾਦੀ ਜੋ ਸਮਾਨਤਾ ਤੇ ਪ੍ਰੇਮ ਤੇ ਖੜ੍ਹੀ ਕੀਤੀ ਗਈ



ਹੋਵੇ, ਜਿਸ ਦੇਸ਼ ਵਿਚ ਜਨਤਾ ਦੀ ਸੂਝ ਬੂਝ ਵਿਸ਼ਾਲ ਹੋਵੇ ਤੇ ਇਖਲਾਕੀ ਕੀਮਤਾਂ ਦੀ ਕਦਰ ਪੈਂਦੀ ਹੋਵੇ ਓਥੇ ਜਨਤਾ ਵਿਚੋਂ ਹੀ ਐਸੇ ਮਹਾਂਪੁਰਸ਼ ਨਿਕਲਦੇ ਰਹਿਣਗੇ ਜਿਨ੍ਹਾਂ ਦੀ ਡਿਕਟੇਟਰੀ ਵੀ ਪਰਵਾਣ ਕਰ ਲਈ ਜਾਏਗੀ। ਫਿਰ ਇਸ ਨੂੰ ਡਿਕਟੇਟਰੀ ਨਹੀਂ ਸਮਝਿਆ ਜਾਂਦਾ, ਕਿਉਂਕਿ ਉਹ ਜਨਤਾ ਦੇ ਸੇਵਕ ਹੋ ਕੇ ਬੇਗਰਜ਼ੀ ਨਾਲ ਕੰਮ ਕਰਦੇ ਹਨ ਤੇ ਜਨਤਾ ਉਨ੍ਹਾਂ ਦੇ ਹੁਕਮਾਂ ਨੂੰ ਬੜੇ ਸ਼ੌਕ ਨਾਲ ਤੇ ਖ਼ੁਸ਼ੀ ਖ਼ੁਸ਼ੀ ਪਰਵਾਨ ਕਰਦੀ ਹੈ । ਏਨੀ ਏਕਤਾ ਵਰਤ ਜਾਂਦੀ ਹੈ ਕਿ ਰਾਜਾ ਤੇ ਪਰਜਾ ਦਾ ਫ਼ਰਕ ਹੀ ਨਹੀਂ ਰਹਿੰਦਾ । ਏਕਤਾ ਤੋਂ ਪ੍ਰੇਮ ਸੁਤੇ ਨਿਕਲਦਾ ਹੈ ਜੋ ਜਨਤਾ ਨੂੰ ਇਕ ਟੱਬਰ ਵਾਂਗ ਪ੍ਰੇਮ ਦੀ ਲੜੀ ਵਿਚ ਪਰੋ ਦਿੰਦਾ ਹੈ ਤੇ ਪ੍ਰੇਮ ਤੋਂ ਸੇਵਾ ਤੇ ਉਪਕਾਰ ਆਪ ਮੁਹਾਰੇ ਨਿਕਲਦੇ ਹਨ । ਪਰ ਅਜ਼ਾਦੀ ਦੇ ਲੋਕ ਤੰਤ੍ਰ ਦਾ ਇਹ ਕਿਆਸ ਆਦਰਸ਼ਕ ਸਮਝਣਾ ਚਾਹੀਦਾ ਹੈ ਜੋ ਹੈ ਤਾਂ ਬੜਾ ਖ਼ੂਬਸੂਰਤ ਪਰ ਇਸ ਨੂੰ ਆਦਰਸ਼ਕ ਤੌਰ 'ਤੇ ਹੀ ਸਾਹਮਣੇ ਰੱਖਿਆ ਜਾ ਸਕਦਾ ਹੈ, ਕਿਉਂਕਿ ਅਮਲੀ ਤੌਰ 'ਤੇ ਹਾਲਾਤ ਦੀਆਂ ਮਜ਼ਬੂਰੀਆਂ ਨਜ਼ਰ ਅੰਦਾਜ਼ ਨਹੀਂ ਕੀਤੀਆਂ ਜਾ ਸਕਦੀਆਂ, ਜੋ ਅਸੀਂ ਚੰਗੀ ਤਰ੍ਹਾਂ ਜਾਣਦੇ ਵੀ ਹਾਂ । ਇਸ ਕਿਆਸ ਵਿਚ ਮੁਢਲੀਆਂ ਤੇ ਬੁਨਿਆਦੀ ਚੀਜ਼ਾਂ ਏਕਤਾ, ਅਹਿੰਸਾ ਤੇ ਅਜ਼ਾਦੀ ਹਨ । ਇਸ ਦੇਸ਼ ਵਿਚ ਭਾਵੇਂ ਏਕਤਾ ਦਾ ਪ੍ਰਚਾਰ ਸਦੀਆਂ ਹੁੰਦਾ ਰਿਹਾ ਹੈ, ਪਰ ਫਿਰ ਵੀ ਇਸ ਕਿਆਸ ਦੇ ਲੋਕ ਰਾਜ ਦੀ ਸਫਲਤਾ ਆਸਾਨ ਨਹੀਂ ਸਮਝਣੀ ਚਾਹੀਦੀ, ਕਿਉਂਕਿ ਏਕਤਾ ਦੀ ਐਸੀ ਨਜ਼ਰ ਬਨਾਣੀ ਪੈਂਦੀ ਹੈ ਜਿਸ ਵਿਚ ਵਡੇ ਛੋਟੇ ਅਮੀਰ ਗ਼ਰੀਬ, ਜਾਤ ਪਾਤ ਤੇ ਰਾਜਾ ਪਰਜਾ ਦੇ ਸਭ ਫ਼ਰਕ ਮਿਟ ਜਾਣੇ ਹੁੰਦੇ ਹਨ । ਸਭ ਦਾ ਰਾਜ ਹੋ ਜਾਣਾ ਹੁੰਦਾ ਹੈ ਇਸ ਵਿਚ ਸਾਰੇ ਮਿਲਕੇ, ਇਕ ਦੂਜੇ ਲਈ ਕੰਮ ਕਰਦੇ ਹਨ। ਸਹੀ ਲੋਕ-ਰਾਜ ਲੋਕ ਨੀਤੀ, ਲੋਕ ਸਭਾ ਜਾਂ ਲੋਕ ਤੰਤ੍ਰ ਇਕ ਅਜਿਹਾ ਰਾਜ ਹੈ ਜਿਸ ਦੀ ਬੁਨਿਆਦ ਹੀ ਏਕਤਾ ਹੁੰਦੀ ਹੈ । ਇਸ ਨੂੰ ਆਦਰਸ਼ਕ ਰਾਜ ਕਿਹਾ ਜਾ ਸਕਦਾ ਹੈ ਤੇ ਇਕੋ ਰਾਮ ਰਾਜ ਬਣਦਾ ਹੈ । ਇਹ ਰਾਜ ਓਨਾ ਹੀ ਵਧੀਕ ਸਫਲ ਹੋਵੇਗਾ ਜਿੰਨੀ ਇਸ ਵਿਚ ਸ਼ਕਤੀ ਦੀ ਵਰਤੋਂ ਘਟ ਹੋਵੇਗੀ । ਇਸ ਸ਼ਕਤੀ ਦੀ ਵਰਤੋਂ ਦੇ ਕਿਆਸ ਵਿਚ ਕੁਝ ਜ਼ਬਰਦਸਤੀ ਦਾ ਅੰਸ਼ ਮੌਜੂਦ ਹੈ । ਸ਼ਕਤੀ ਦੇ ਸਾਹਮਣੇ ਸਭ ਨੂੰ ਝੁਕਣ ਲਈ ਮਜ਼ਬੂਰ ਹੋਣਾ ਪੈਂਦਾ ਹੈ,ਪਰ ਅਸਲ ਲੋਕ ਰਾਜ ਉਹ ਹੈ ਜਿਸ ਵਿਚ ਖ਼ੁਸ਼ੀ ਭਰੀ ਆਗਿਆਕਾਰੀ, ਭਰੋਸਾ ਤੇ ਅਦਬ ਹੈ । ਇਸ ਵਿਚ ਹਰ ਕਿਸੇ ਨੂੰ ਸ੍ਵੈ ਮਾਣ ਪ੍ਰਾਪਤ ਹੈ ਤੇ ਮਨੁਸ਼ਤਵ ਪਰਧਾਨ ਹੈ । ਲੋਕ ਸਭਾ ਦੇ ਸਬਦ 'ਸਤਾ' ਦਾ ਅਰਥ ਹੀ 'ਅਧਿਕਾਰ'

ਹੈ; ਪਰ ਲੋਕ ਸਤਾ ਅੰਦਰ ਕੰਮ ਕਰਦੇ ਸਰਕਾਰੀ ਅਧਿਕਾਰੀਆਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਵੀ ਸਖਤੀ ਨਹੀਂ, ਹਮਦਰਦੀ ਤੇ ਪ੍ਰੇਮ ਭਾਵਨਾ ਵਰਤਣੀ ਹੁੰਦੀ ਹੈ । ਐਸੇ ਹਾਲਾਤ ਪੈਦਾ ਕੀਤੇ ਜਾਂਦੇ ਹਨ ਕਿ ਹਰ ਕਿਸੇ ਨੂੰ ਪੂਰਨ ਅਜ਼ਾਦੀ ਦਾ ਅਹਿਸਾਸ ਹੁੰਦਾ ਹੋਵੇ ਤੇ ਉਸ ’ਤੇ ਬੰਦਸ਼ ਕੇਵਲ ਉਹ ਹੋਵੇ ਜੋ ਉਹ ਆਪ ਆਪਣੀਆਂ ਜ਼ਿੰਮੇਵਾਰੀਆਂ ਮਹਿਸੂਸ ਕਰਕੇ ਆਪਣੇ ਆਪ ’ਤੇ ਲਾਏ ਅਤੇ ਉਸ ਨੂੰ ਦੂਜਿਆਂ ਦੇ ਸਤਿਕਾਰ ਦਾ ਫ਼ਿਕਰ ਪਹਿਲਾਂ ਹੋਵੇ । ਲੋਕ ਤੰਤ੍ਰ ਢਾਂਚੇ ਅੰਦਰ ਉਹ ਸਾਧਨ ਵਰਤੇ ਜਾਂਦੇ ਹਨ ਜਿਨ੍ਹਾਂ ਦਵਾਰਾ ਆਮ ਸ਼ਹਿਰੀ ਦਾ ਮਾਣ ਬਣਾਇਆ ਤੇ ਕਾਇਮ ਰਖਿਆ ਜਾਂਦਾ ਹੈ। ਲੋਕ ਨੀਤੀ ਇਕ ਉਚੇਰੀ ਇਖਲਾਕੀ ਜੀਵਨ ਰਹਿਣੀ ਦੇ ਨੇਮਾਂ ਦਾ ਨਾਮ ਹੈ ਤੇ ਇਸ ਵਿਚ ਜੀਵਨ ਦੀਆਂ ਐਸੀਆਂ ਕੀਮਤਾਂ ਪਰਧਾਨ ਹੁੰਦੀਆਂ ਹਨ ਜਦੋਂ ਸਭ ਨੂੰ ਆਪਣੇ ਨਾਲੋਂ ਦੂਜਿਆਂ ਦੇ ਸੁਖ ਅਰਾਮ ’ਤੇ ਮਾਣ ਦਾ ਵਧੇਰੇ ਫ਼ਿਕਰ ਹੁੰਦਾ ਹੈ । ਜੇ ਇਨ੍ਹਾਂ ਕੀਮਤਾਂ ਦੀ ਅਨਹੋਂਦ ਹੋ ਜਾਏ ਤਾਂ ਅਸਲ ਲੋਕ ਰਾਜ ਬਹੁਤਾ ਸਮਾਂ ਕਾਇਮ ਨਹੀਂ ਰਹਿ ਸਕਦਾ । ਆਦਰਸ਼ਕ ਲੋਕ ਰਾਜ ਉਹ ਇਕ ਹੈ ਜਿਸ ਵਿਚ ਫੈਸਲੇ ਬਹੁ ਗਿਣਤੀ ਜਾਂ ਘਟ ਗਿਣਤੀ ਦੇ ਮਾਪਾਂ ਨਾਲ ਨਹੀਂ ਕੀਤੇ ਜਾਂਦੇ ਸਗੋਂ ਕਮਜ਼ੋਰਾਂ ਤੇ ਹੀਣਿਆਂ ਨੂੰ ਵੀ ਅਜ਼ਾਦੀ ਦਾ ਅਹਿਸਾਸ ਹੁੰਦਾ ਹੈ । ਬਹੁ ਗਿਣਤੀ ਦੇ ਫ਼ੈਸਲੇ ਘਟ ਗਿਣਤੀ ’ਤੇ ਠੋਸੇ ਨਹੀਂ ਜਾਂਦੇ, ਸਗੋਂ ਬਹੁਗਿਣਤੀ ਦੀ ਮਿਤਰ ਭਾਵਨਾ ਤੇ ਚੰਗਾ ਵਰਤਾਉ ਘਟ ਗਿਣਤੀ ਦੀ ਰਾਖੀ ਦੀ ਅਸਲ ਗਰੰਟੀ ਹੁੰਦੀ ਹੈ । ਵੋਟਾਂ ਜਾਂ ਸ਼ਕਤੀ ਦਾ ਡਰਾਵਾ ਲੋਕ ਤੰਤ੍ਰ ਦਾ ਵਿਕਾਸ ਰੋਕ ਦਿੰਦਾ ਹੈ । ਜਿਥੇ ਦੋ ਸ਼ਹਿਰੀਆਂ ਦਾ ਪ੍ਰਸਪਰ ਰਿਸ਼ਤਾ ਕਾਨੂੰਨ ਦੇ ਡਰ ਕਰਕੇ ਹੋਵੇ, ਓਥੋਂ ਭਰੋਸਾ, ਰਵਾਦਾਰੀ ਤੇ ਪ੍ਰੇਮ ਪਿਆਰ ਨੱਸ ਜਾਂਦੇ ਹਨ । ਜਿਵੇਂ ਮਾਂਵਾਂ ਧੀਆਂ, ਪਿਉ ਪੱਤਰਾਂ ਜਾਂ ਇਸਤਰੀ-ਪਤੀ ਵਿਚ ਰਿਸ਼ਤਾ ਪ੍ਰੇਮ ਤੇ ਖੜ੍ਹਾ ਕੀਤਾ ਜਾਂਦਾ ਹੈ ਤਿਵੇਂ ਹੀ ਸਾਰੀ ਜਨਤਾ ਵਿਚ ਹੋ ਜਾਣਾ ਹੁੰਦਾ ਹੈ। ਕਾਨੂੰਨ ਤਾਂ ਆਂਵਦਾ ਹੀ ਓਥੇ ਹੈ ਜਿਥੇ ਪ੍ਰੇਮ ਨਹੀਂ, ਤੇ ਪ੍ਰਸਪਰ ਮੁਫ਼ਾਦਾ ਦੀ ਟੱਕਰ ਹੈ । ਲੋਕ ਰਾਜ ਵਿਚ ਤਾਕਤ ਚੰਦ ਆਦਮੀਆਂ ਦੇ ਹੱਥਾਂ ਵਿਚ ਨਹੀਂ ਰਹਿਣੀ ਹੁੰਦੀ, ਭਾਵੇਂ ਇਸ ਤਾਕਤ ਨੂੰ ਚੋਣਾਂ ਰਾਹੀਂ ਹੀ ਪ੍ਰਾਪਤ ਕੀਤਾ ਗਿਆ ਹੋਵੇ । ਇਹ ਤਾਕਤ ਸਭ ਦੇ ਹੱਥ ਕਰ ਦਿਤੀ ਜਾਂਦੀ ਹੈ ; ਕਿਉਂਕਿ ਤਾਕਤ ਨੂੰ ਅਕੇਂਦਰਤ ਕੀਤਾ ਗਿਆ ਹੁੰਦਾ ਹੈ । ਪਬਲਿਕ ਰਾਏ ਦੇ ਜ਼ੋਰ ਨਾਲ ਸਾਰੇ ਕੰਮ ਮਿਲ ਕੇ ਕੀਤੇ ਜਾਂਦੇ ਹਨ । ਜਿਵੇਂ ਜੇ ਚੰਦ ਆਦਮੀਆਂ ਦੇ ਹੱਥ ਧਨ ਦਿੱਤਾ ਜਾਏ ਤਾਂ ਇਹ ਲਾਹਨਤ ਸਾਬਤ ਹੁੰਦਾ ਹੈ ਤਿਵੇਂ ਜੇ ਚੰਦ ਆਦਮੀਆਂ



ਦੇ ਹੱਥ ਤਾਕਤ ਦਿੱਤੀ ਜਾਏ ਤਾਂ ਇਹ ਵੀ ਲਾਹਨਤ ਹੀ ਸਾਬਤ ਹੁੰਦੀ ਹੈ । ਲੋਕ-ਤੰਤ੍ਰ ਨੂੰ ਸਹੀ ਅਰਥਾਂ ਵਿਚ ਲੋਕਾਂ ਦਾ ਰਾਜ ਕਰ ਦੇਣ ਦਾ ਸਹੀ ਤਰੀਕਾ ਇਹੋ ਹੈ ਕਿ ਸਭ ਤਾਕਤ ਅਕੇਂਦਰਤ ਕਰ ਦਿਤੀ ਜਾਏ ਤੇ ਸਭ ਕੰਮ ਪ੍ਰੇਮ ਦੀ ਬੁਨਿਆਦ ’ਤੇ ਮਿਲ ਕੇ ਕੀਤੇ ਜਾਣ । ਗਾਂਧੀ ਜੀ ਕਹਿੰਦੇ ਹੁੰਦੇ ਸਨ :

"That Government is the best which governs the least."

ਅਰਥਾਤ "ਓਹੋ ਹਕੂਮਤ ਸਭ ਤੋਂ ਚੰਗੀ ਹੈ ਜੋ ਘੱਟ ਤੋਂ ਘੱਟ ਆਪਣੇ ਹੁਕਮ ਚਾੜ੍ਹਦੀ ਹੈ ।"

ਗਾਂਧੀ ਜੀ ਨੇ ਹੋਰ ਇਉਂ ਕਿਹਾ ਸੀ, "I look upon the increase in the power of the state with the greatest fear, because while apparently doing good by minimising exploitation it does the greatest harm to mankind by destroying individuality which lies at the root of all progress."

ਅਰਥਾਤ "ਹਕੂਮਤ ਦੇ ਹੱਥ ਵਿਚ ਤਾਕਤ ਦੇ ਵਾਧੇ ਨੂੰ ਮੈਂ ਹਮੇਸ਼ਾਂ ਵਡੇ ਤੋਂ ਵਡੇ ਡਰ ਨਾਲ ਵੇਖਦਾ ਹਾਂ ਕਿਉਂਕਿ ਇਸ ਤਾਕਤ ਨਾਲ ਸੁਆਰਥੀ ਲੁੱਟ ਘਸੁਟ ਹੋ ਕੇ ਭਾਵੇਂ ਜ਼ਾਹਰਾ ਤੌਰ ’ਤੇ ਭਲਾ ਹੁੰਦਾ ਦਿਸੇ ਪਰ ਸਮਾਜ ਨੂੰ ਇਸ ਨਾਲ ਬਹੁਤ ਨੁਕਸਾਨ ਹੁੰਦਾ ਹੈ, ਕਿਉਂਕਿ ਇਹ ਸ਼ਖ਼ਸ਼ੀ ਹੋਂਦ ਨੂੰ, ਜੋ ਕਿ ਹਰ ਉੱਨਤੀ ਦੀ ਜੜ੍ਹ ਹੁੰਦੀ ਹੈ, ਮਾਰ ਦਿੰਦੀ ਹੈ ।

ਅੱਜ ਦੇ ਲੋਕ ਤੰਤ੍ਰ ਦੀ ਪ੍ਰਮਾਣੀਕ ਵਿਆਖਿਆ ਅਨੁਸਾਰ ਇਹ ਰਾਜ ਲੋਕਾਂ ਦਾ ਰਾਜ ਹੈ ਲੋਕਾਂ ਦੀ ਖ਼ਾਤਰ ਹੈ ਤੇ ਲੋਕਾਂ ਵੱਲੋਂ ਸਥਾਪਤ ਹੁੰਦਾ ਹੈ । ਇਹ ਵਿਆਖਿਆ ਦਰੁੱਸਤ ਹੈ ਪਰ ਇਸ ਦਾ ਅਰਥ ਇਹ ਹੁੰਦਾ ਹੈ ਕਿ ਜਨਤਾ ਦੇ ਸਿਰ ਭਾਰੀ ਜ਼ਿੰਮੇਵਾਰੀ ਪੈ ਜਾਂਦੀ ਹੈ । ਐਸੀ ਪ੍ਰੇਮ ਦੀ ਖੇਡ ਵਰਤਣੀ ਹੁੰਦੀ ਹੈ ਕਿ ਹੱਕਾਂ ਦੇ ਖ਼ਿਆਲ ਰਹਿੰਦੇ ਹੀ ਨਹੀਂ, ਕੇਵਲ ਫ਼ਰਜ਼ ਤੇ ਜ਼ਿੰਮੇਵਾਰੀਆਂ ਦਾ ਅਹਿਸਾਸ ਮੋਹਰੇ ਹੁੰਦਾ ਹੈ । ਇਹ ਗੱਲ ਠੀਕ ਹੈ ਸਮਾਜ ਦੀ ਮੌਜੂਦਾ ਹਾਲਤ ਵਿਚ ਇਹ ਗੱਲਾਂ ਹਵਾਈ ਪ੍ਰਤੀਤ ਹੁੰਦੀਆਂ ਹਨ, ਪਰ ਆਦਰਸ਼ ਦੇ ਤੌਰ ਤੇ ਇਸ ਤੋਂ ਵਧੇਰਾ ਚੰਗਾ ਜੀਵਨ ਨਿਸ਼ਾਨਾ ਨਹੀਂ ਬਣਾਇਆ ਜਾ ਸਕਦਾ ਤੇ ਨਾ ਹੀ ਇਸ ਤਾਂ ਬਿਨਾਂ ਦੁਨੀਆਂ ਦੇ ਦੁਖ

ਕਸ਼ਟ ਸਦਾ ਲਈ ਮੁਕ ਹੀ ਸਕਦੇ ਹਨ । ਇਸ ਕਿਸਮ ਦੀ ਸੁਸਾਇਟੀ ਜੋ ਅਹਿੰਸਾ ਤੇ ਖੜ੍ਹੀ ਹੋਵੇ ਤੇ ਸਰਕਾਰੀ ਕੰਟਰੋਲ ਤੋਂ ਬਿਲਕੁਲ ਅਜ਼ਾਦ ਹੋਵੇ, ਇਸ ਵੇਲੇ ਇਕ ਸੁਪਨੇ ਦੀ ਹੈਸੀਅਤ ਰਖਦੀ ਹੈ, ਪਰ ਇਹੋ ਜਿਹੇ ਸੁਪਨੇ ਲੈਯ ਵਾਲੇ ਮੁਬਾਰਕ ਹਨ ਤੇ ਉਹਨਾਂ ਦੇ ਕਾਰਨ ਹੀ ਦੁਨੀਆਂ ਅਗਾਂਹ ਜਾ ਰਹੀ ਹੈ । ਇਹ ਗੱਲ ਅਸੰਭਵ ਨਹੀਂ ਕਿ ਕਿਸੇ ਸਮੇਂ ਭਾਵੇਂ ਉਹ ਸਮਾਂ ਕਿੰਨੀ ਦੇਰ ਬਾਅਦ ਆਵੇ ਸੁਸਾਇਟੀ ਦੀ ਰੂਪ ਰੇਖਾ ਅੱਜ ਨਾਲੋਂ ਹਜ਼ਾਰਾਂ ਗੁਣਾਂ ਵਧੇਰੀ ਚੰਗੀ ਹੋ ਜਾਏ ਤੇ ਫਿਰ ਸ਼ਾਇਦ ਕਿਸੇ ਵੇਲੇ ਇਹ ਸੁਪਨੇ ਵੀ ਪੂਰੇ ਹੋ ਜਾਣ । ਕੀ ਅਸੀਂ ਵੇਖ ਨਹੀਂ ਰਹੇ ਕਿ ਦੁਨੀਆਂ ਵਿਚ ਪਿਛਲੀ ਇਕ ਸਦੀ ਵਿਚ ਹੀ ਕਿੰਨਾ ਪ੍ਰੀਵਰਤਨ ਆਇਆ ਹੈ ? ਉਹਨਾਂ ਦੇਸ਼ਾਂ ਵਿਚ ਜਿਥੇ ਮੌਜੂਦਾ ਲੋਕ ਤੰਤ੍ਰ ਪਰਧਾਨ ਹੈ, ਲੋਕ ਸ਼ਕਤੀ ਦਾ ਕਾਫ਼ੀ ਵਿਕਾਸ ਹੋਇਆ ਹੈ ਤੇ ਜਨਤਾ, ਜੀਵਨ ਦੇ ਵਖ ਵਖ ਖੇਤਰਾਂ ਵਿਚ ਕੁਝ ਅਗਾਂਹ ਵਧਦੀ ਜਾ ਰਹੀ ਹੈ । ਏਥੋਂ ਤਕ ਕਿ ਜੇਹਲਾਂ ਵਿਚ ਪਏ ਕੈਦੀਆਂ ਨੂੰ ਵੀ ਸੁਸਾਇਟੀ ਦਾ ਇਕ ਅੰਗ ਸਮਝਿਆ ਜਾਂਦਾ ਹੈ ਅਗੇ ਉਨ੍ਹਾਂ ਨੂੰ ਇਕ ਗੰਦਾ ਤੇ ਰੋਗੀ ਅੰਗ ਸਮਝ ਕੇ ਸੋਸਾਇਟੀ ਤੋਂ ਕੱਟ ਦਿੱਤਾ ਜਾਂਦਾ ਸੀ ਤੇ ਉਹਨਾਂ ਨਾਲ ਸਖਤ ਵਰਤਾਉ ਕੀਤਾ ਜਾਂਦਾ ਸੀ । ਪਰ ਹੁਣ ਜੁਰਮਾਂ ਨਾਲ ਨਜਿੱਠਣ ਦੇ ਸਭ ਤਰੀਕੇ ਹੀ ਬਦਲ ਚੁੱਕੇ ਹਨ । ਦੋਸ਼ੀ ਹੁਣ ਸੋਸਾਇਟੀ ਦੇ ਦੁਸ਼ਮਨ ਨਹੀਂ , ਜਿਨ੍ਹਾਂ ਤੋਂ ਬਦਲਾ ਲਿਆ ਜਾਣਾ ਹੈ ਤੇ ਕਰੜੀ ਸਜ਼ਾ ਦੁਆਰਾ ਦੂਜਿਆਂ ਲਈ ਡਰ ਪੈਦਾ ਕੀਤਾ ਜਾਣਾ ਹੈ । ਅਗੇ ਮੌਤ ਦੀ ਸਜ਼ਾ ਜਾਂ ਜੇਹਲਾਂ ਅੰਦਰ ਬੇਰਹਿਮੀ ਭਰਿਆ ਤੇ ਵਹਿਸ਼ੀਆਨਾ ਵਰਤਾਉ ਡਰ ਪੈਦਾ ਕਰਨ ਲਈ ਸੀ । ਪਰ ਹੁਣ ਦੋਸ਼ੀਆਂ ਦਾ ਸੁਧਾਰ ਮੁਖ ਹੁੰਦਾ ਹੈ । ਜੇਹਲ ਦਾ ਵਾਤਾਵਰਨ ਨਰੋਆ, ਸੁਖਾਵਾਂ ਤੇ ਖ਼ੁਸ਼ਗਵਾਰ ਬਣਾਇਆ ਹੁੰਦਾ ਹੈ । ਉਹਨਾਂ ਦੀ ਸਿਹਤ ਦੀ ਰਾਖੀ ਲਈ ਖੁਲ੍ਹੀ ਹਵਾ, ਸਫਾਈ, ਹਸਪਤਾਲ ਆਦਿ ਦੇ ਪ੍ਰਬੰਧ ਵੀ ਕੀਤੇ ਹੁੰਦੇ ਹਨ । ਉਹਨਾਂ ਨੂੰ ਅਹਿਸਾਸ ਕਰਾਇਆ ਜਾਂਦਾ ਹੈ ਕਿ ਕੈਦ ਦਾ ਸਮਾਂ ਉਹਨਾਂ ਦੇ ਸੁਧਾਰ ਲਈ ਹੈ ਤਾਂ ਜੋ ਬਾਹਰ ਨਿਕਲਦਿਆਂ ਸਾਰ ਉਹ ਚੰਗੇ ਸ਼ਹਿਰੀ ਬਣ ਜਾਣ। ਜੇਹਲ ਅੰਦਰ ਉਹਨਾਂ ਦੀਆਂ ਆਪਣੀਆਂ ਪੰਚਾਇਤਾਂ ਬਣਦੀਆਂ ਹਨ ਜਿਨ੍ਹਾਂ ਦੀਆਂ ਬਾਕਾਇਦਾ ਇਕੱਤ੍ਰਤਾਵਾਂ ਹੁੰਦੀਆਂ ਹਨ ਤੇ ਇਸ ਤਰ੍ਹਾਂ ਉਨ੍ਹਾਂ ਦੀਆਂ ਤਕਲੀਫ਼ਾਂ ਤੇ ਸ਼ਿਕਾਇਤਾਂ ਦਾ ਵੀ ਪਤਾ ਲੱਗਦਾ ਰਹਿੰਦਾ ਹੈ। ਡਰਾਮੇ ਤੇ ਕਲਚਰਲ ਪ੍ਰੋਗਰਾਮਾਂ ਵਿਚ ਕੈਦੀ ਹਿੱਸਾ ਲੈਂਦੇ ਹਨ ਉਹਨਾਂ ਲਈ ਖੇਡਾਂ ਤੇ ਲਾਜ਼ਮੀ ਵਿਦਿਆ ਦੇ ਪ੍ਰਬੰਧ ਕੀਤੇ ਜਾਂਦੇ ਹਨ, ਤਾਂ ਜੋ ਕੈਦ ਦੇ ਸਮੇਂ ਲਈ



ਆਹਰ ਤੇ ਰੁਝੇਵੇਂ ਬਣੇ ਰਹਿਣ । ਫਿਰ ਉਹ ਦਰੀਆਂ ਕੰਬਲ ਤੇ ਸਾਬਣ ਬਣਾਂਦੇ ਹਨ ਅਤੇ ਉਨਾਈ, ਸਿਉਨ, ਪੇਂਟਿੰਗ, ਖੇਤੀ, ਲੋਹਾਰੇ ਤੇ ਤਰਖਾਣੇ ਆਦਿਕ ਕਈ ਕੰਮ ਸਿਖਦੇ ਹਨ । ਇਹੋ ਜਹੇ ਨਰੋਏ ਅਸਰਾਂ ਹੇਠ ਉਹਨਾਂ ਦੇ ਪ੍ਰਾਸਚਿਤ ਤੇ ਸੁਧਾਰ ਦਾ ਮੁੱਢ ਬੁਝਦਾ ਹੈ। ਇਸ ਵਾਤਾਵਰਣ ਵਿਚ ਕੁਝ ਜਿਹਨੀ ਤਬਦੀਲੀ ਤੇ ਮਾਨਸਿਕ ਸੁਧਾਰ ਅਵੱਸ਼ ਹੋ ਜਾਣੇ ਹੁੰਦੇ ਹਨ । ਇਹ ਪ੍ਰਤੱਖ ਵੇਖਿਆ ਗਿਆ ਹੈ ਕਿ ਇਸ ਤਰ੍ਹਾਂ ਦੇ ਕੈਦੀ ਜੇਹਲ ਦੇ ਨਿਯਮ ਘੱਟ ਤੋੜਦੇ ਹਨ । ਸੋ ਅੱਜ ਦੇ ਦੋਸ਼ੀਆਂ ਨਾਲ ਵੀ ਅਜਿਹਾ ਵਰਤਾਉ ਹੁੰਦਾ ਹੈ ਤੇ ਉਹਨਾਂ ਲਈ ਵੀ ਅਜ਼ਾਦੀ ਦੀ ਜ਼ਰੂਰਤ ਸਮਝੀ ਗਈ ਹੈ ਤਾਂ ਇਹ ਅਨੁਮਾਨ ਲਾਣਾ ਮੁਸ਼ਕਲ ਨਹੀਂ ਕਿ ਦੁਨੀਆਂ ਅੰਤਮ ਤੌਰ 'ਤੇ ਕਿਸ ਤਰਫ਼ ਜਾ ਰਹੀ ਹੈ।

ਹਿੰਸਾ ਦਾ ਰਾਹ ਅਜ਼ਮਾਇਆ ਜਾ ਚੁਕਾ ਹੈ । ਇਸ ਰਾਹੇ ਦੁਨੀਆਂ ਦੇ ਕਸ਼ਟਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ । ਮਸ਼ਹੂਰ ਫ਼ਿਲਾਸਫ਼ਰ ਤੇ ਹਿਸਾਬਦਾਨ ਸ੍ਰੀ ਬਰਟਰੈਂਡ ਰਸਲ ਨੇ ਹਿਸਾਬ ਲਾ ਕੇ ਦਸਿਆ ਸੀ ਕਿ ਨਿਰੇ ਜੰਗ ਦੇ ਸਮਾਨ ਤੇ ਹਥਿਆਰ ਪੈਦਾ ਕਰਨ 'ਤੇ ਹੀ ਦੁਨੀਆਂ ੫੦ ਕਰੋੜ ਰੁਪਿਆ ਪ੍ਰਤੀ ਘੰਟਾ ਖ਼ਰਚ ਕਰ ਰਹੀ ਹੈ । ਕਿੰਨੀ ਦੁਖ ਦੀ ਗੱਲ ਹੈ ਕਿ ਆਦਮੀ ਦੀ ਤਾਂ ਭੁੱਖੇ ਮਰ ਰਹੇ ਹੋਣ ਪਰ ਬੇਅੰਤ ਧਨ ਇਕ ਦੂਜੇ ਨੂੰ ਬਰਬਾਦ ਕਰਨ ਵਿਚ ਖ਼ਰਚ ਹੋ ਰਿਹਾ ਹੋਵੇ । ਜੇ ਇਹੋ ਧਨ ਸਮਾਜ ਦੀ ਉੱਨਤੀ ਲਈ ਵਰਤਿਆ ਜਾਏ ਤਾਂ ਇਹ ਦੁਨੀਆਂ ਸੁਰਗ ਵਿਚ ਬਦਲੀ ਜਾ ਸਕਦੀ ਹੈ । ਸਪਸ਼ਟ ਹੈ ਕਿ ਹਿੰਸਾ ਦਾ ਰਾਹ ਗ਼ਲਤ ਹੈ ਤੇ ਸਫਲ ਰਾਹ ਉਹ ਹੈ ਜਿਸ ਨੂੰ ਪ੍ਰੇਮ ਅਤੇ ਅਹਿੰਸਾ 'ਤੇ ਖੜ੍ਹਾ ਕੀਤਾ ਗਿਆ ਹੋਵੇ ।

ਗਾਂਧੀ ਜੀ ਕਹਿੰਦੇ ਹੁੰਦੇ ਸਨ: "The world of tomorrow will be, must be, a society based on non-violence. It may seem a distant goal, an impracticable since it can be worked from here and now. An individual can adopt the way of life of the future, the non-violent way, without having to wait for others to do so. And if an individual can do it, cannot whole groups of individuals, whole nation? Man often hesitates to make a beginning because he feels that the objective can not be achieved in its entirety. This attitude of mind is precisely our greatest

obstacle to progress—an obstacle that each man, if he wills it can clear away. ”

ਅਰਥਾਤ “ਆ ਰਹੇ ਸਮੇਂ ਦੀ ਦੁਨੀਆਂ ਐਸੀ ਸੁਸਾਇਟੀ ਹੋਵੇਗੀ ਤੇ ਜ਼ਰੂਰ ਹੋਵੇਗੀ ਜੋ ਅਹਿੰਸਾ ਦੀ ਬੁਨਿਆਦ ਤੇ ਖੜ੍ਹੀ ਕੀਤੀ ਜਾਏਗੀ । ਇਹ ਨਿਸ਼ਾਨਾ ਭਾਵੇਂ ਦੁਰਾਡਾ ਤੇ ਅਮਲ ਵਿਚ ਨਾ ਆ ਸਕਣ ਵਾਲਾ , ਨਿਰਾ ਹਵਾਈ ਕਿਲ੍ਹਾ ਦਿਸਦਾ ਹੋਵੇ, ਪਰ ਇਹ ਵੀ ਠੀਕ ਨਹੀਂ ਕਿ ਇਹ ਉੱਕਾ ਹੋ ਹੀ ਨਹੀਂ ਸਕੇਗਾ ; ਕਿਉਂਕਿ ਇਸ ਤਰਫ਼ ਹੁਣੇ ਹੀ ਉਪਰਾਲਾ ਹੋ ਸਕਦਾ ਹੈ। ਹਰ ਸ਼ਖ਼ਸ਼ ਆ ਰਹੇ ਸਮੇਂ ਦੇ ਜੀਵਨ ਰਾਹ ਨੂੰ ਜੋ ਕਿ ਅਹਿੰਸਾ ਦਾ ਰਾਹ ਹੈ, ਦੂਜਿਆਂ ਦੀ ਉਡੀਕ ਤੋਂ ਬਿਨਾਂ ਅਪਨਾ ਸਕਦਾ ਹੈ ਤੇ ਇਕ ਇਕੱਲਾ ਇਸ ਤਰ੍ਹਾਂ ਕਰ ਸਕਦਾ ਹੈ, ਤਾਂ ਚੋਖੇ ਮਿਲ ਕੇ ਜਾਂ ਕੌਮਾਂ ਦੇ ਰੂਪ ਵਿਚ ਉਹ ਕਿਉਂ ਨਹੀਂ ਕਰ ਸਕਦੇ ? ਇਕੱਲਾ ਇਕੱਲਾ ਮਨੁੱਖ ਅਕਸਰ ਅਰੰਭ ਕਰਨੋਂ ਹੀ ਝਕਦਾ ਰਹਿੰਦਾ ਹੈ, ਕਿਉਂਕਿ ਉਹ ਮਹਿਸੂਸ ਕਰਦਾ ਹੈ ਕਿ ਉਹ ਇਸ ਨੂੰ ਪੂਰੇ ਤੌਰ ’ਤੇ ਸਿਰੇ ਨਹੀਂ ਚਾੜ੍ਹ ਸਕੇਗਾ । ਉੱਨਤੀ ਦੇ ਰਾਹ ’ਤੇ ਸਾਡੀ ਸਭ ਤੋਂ ਵੱਡੀ ਰੁਕਾਵਟ ਏਹੋ ਹੈ । ਪਰ ਇਸ ਨੂੰ ਹਰ ਆਦਮੀ ਜੇ ਉਹ ਦ੍ਰਿੜ੍ਹ ਇਰਾਦਾ ਕਰ ਲਏ, ਆਪਣੇ ਰਸਤਿਓਂ ਹਟਾ ਸਕਦਾ ਹੈ ।”

ਜਦ ਹੱਕਾਂ ਦੀ ਥਾਂ ਜ਼ਿੰਮੇਵਾਰੀਆਂ ਮੂਹਰੇ ਹੋਣ ਤਾਂ ਨਾ ਸ਼ਕਤੀ ਦੀ ਲੋੜ ਰਹਿ ਜਾਂਦੀ ਹੈ ਤੇ ਨਾ ਕਾਨੂੰਨ ਦੀ । ਨਾਰਦ ਨੇ ਠੀਕ ਕਿਹਾ ਹੈ, “When men were habitually devoted to Dharma and were always truthful there would be no legal disputes, no hatred and no selfishness. ”

ਅਰਥਾਤ “ਜਦ ਮਨੁੱਖ, ਸੁਭਾਵਕ ਤੌਰ ’ਤੇ ਹੀ ਧਰਮੀ ਤੇ ਸੱਚ ਦੇ ਧਾਰਨੀ ਹੋ ਜਾਣਗੇ ਤਾਂ ਨਾ ਕਾਨੂੰਨੀ ਝਗੜੇ ਉਤਪੰਨ ਹੋਣਗੇ, ਨਾ ਪ੍ਰਸਪਰ ਨਫ਼ਰਤ ਹੋਵੇਗੀ ਤੇ ਨਾ ਹੀ ਕੋਈ ਖ਼ੁਦਗਰਜ਼ੀ ਰਹਿ ਜਾਏਗੀ ।”

ਇਹ ਲੰਮਾ ਤੇ ਮੁਸ਼ਕਲ ਰਾਹ ਜ਼ਰੂਰ ਹੈ, ਪਰ ਇਸ ਤੋਂ ਬਿਨਾਂ ਕੋਈ ਹੋਰ ਰਾਹ ਹੈ ਹੀ ਨਹੀਂ । ਆਦਰਸ਼ਕ ਲੋਕ ਰਾਜ ਹੈ ਹੀ ਧਰਮ ਦਾ ਰਾਜ ਜਾਂ ਰੱਬ ਦਾ ਰਾਜ—ਤੇ ਇਸ ਰਾਜ ਨੂੰ ਲਿਆਣਾ ਵੀ ਆਸਾਨ ਨਹੀਂ ; ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਇਹ ਗੱਲਾਂ ਸਾਰੀਆਂ ਹਵਾਈ ਹਨ ਤੇ ਅਮਲ ਵਿਚ ਆਉਣ ਵਾਲੀਆਂ ਮੂਲੋਂ ਹੀ ਨਹੀਂ । ਭਾਵੇਂ ਇਸ ਵੇਲੇ ਇਹੋ ਪ੍ਰਤੀਤ ਹੁੰਦਾ ਹੈ ਕਿ ਇਸ ਤਰ੍ਹਾਂ ਕਦੇ ਵੀ ਨਹੀਂ ਹੋ ਸਕੇਗਾ, ਪਰ ਆਸ਼ਾਵਾਦੀ



ਇਨਸਾਨਾਂ ਦੇ ਵਿਸ਼ਵਾਸ ਦੀ ਬੁਨਿਆਦ ਇਹ ਹੁੰਦੀ ਹੈ ਕਿ ਹਰ ਇਨਸਾਨ ਵਿਚ ਰੱਬੀ ਚੰਗਿਆਈ ਮੌਜੂਦ ਹੈ, ਕਿਉਂਕਿ ਬੀਜ ਰੂਪ ਵਿਚ ਉਹ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਚੰਗਿਆਈਆਂ ਵੱਲ ਪਰੇਰਿਆ ਜਾ ਸਕਦਾ ਹੈ । ਇਹ ਠੀਕ ਹੈ ਕਿ ਇਸ ਵੇਲੇ ਜੋ ਲੋਕ ਕਈ ਤਰ੍ਹਾਂ ਦੀਆਂ ਮੱਲਾਂ ਮਾਰ ਕੇ ਬੈਠੇ ਹਨ ਤੇ ਜਾਇਜ਼ ਨਾਜਾਇਜ਼ ਹੱਕਾਂ, ਰਿਆਇਤਾਂ ਤੇ ਪੋਜੀਸ਼ਨਾਂ ਦੇ ਮਾਲਕ ਬਣੇ ਬੈਠੇ ਹਨ ਉਹਨਾਂ ਤੋਂ ਇਹ ਚੀਜ਼ਾਂ ਪ੍ਰੇਮ ਦੀ ਪ੍ਰੇਰਨਾ ਨਾਲ ਲੈ ਕੇ ਦੂਜਿਆਂ ਵਿਚ ਵੰਡਣੀਆਂ ਆਸਾਨ ਨਹੀਂ, ਪਰ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਕਦੇ ਹੋ ਹੀ ਨਹੀਂ ਸਕਦਾ । ਆਖਰ ਅਹਿੰਸਾ, ਪ੍ਰੇਮ, ਸੱਚ ਤੇ ਪ੍ਰੇਰਨਾ ਤੋਂ ਵੀ ਬੜੀ ਭਾਰੀ ਸ਼ਕਤੀ ਨਿਕਲਦੀ ਹੈ। ਆਸ਼ਾਵਾਦੀ ਪੁਰਸ਼ ਇਹ ਫ਼ਰਜ਼ ਕਰ ਲੈਂਦਾ ਹੈ ਕਿ ਸਭ ਇਨਸਾਨਾਂ ਵਿਚ ਇਨਸਾਨੀ ਗੁਣ ਮੌਜੂਦ ਹੁੰਦੇ ਹਨ, ਪਰ ਅੰਦਰ ਲੁਕੇ ਰਹਿੰਦੇ ਹਨ । ਰਾਹੋਂ ਖੁੰਝੇ ਇਨਸਾਨਾਂ ਨੂੰ ਕੇਵਲ ਜਗਾਣ ਦੀ ਲੋੜ ਹੈ ਤੇ ਇਹ ਕੰਮ ਅਹਿੰਸਾ ਤੇ ਪ੍ਰੇਮ ਦੀ ਪ੍ਰੇਰਨਾ ਨਾਲ ਹੁੰਦਾ ਹੈ । ਅਹਿੰਸਾ ਦਾ ਇਹ ਰਸਤਾ ਇਸ ਲਈ ਠੀਕ ਹੈ ਕਿ ਇਹ ਸਭ ਨੂੰ ਆਜ਼ਾਦੀ ਦਿੰਦਾ ਹੈ । ਜਿਥੇ ਆਜ਼ਾਦੀ ਨਹੀਂ ਉਥੇ ਕੁਝ ਵੀ ਨਹੀਂ । ਇਸ ਲਈ ਚੰਗੀ ਸਰਕਾਰ ਨੂੰ ਭੀ ਆਜ਼ਾਦ ਸਰਕਾਰ ਤੋਂ ਕੁਰਬਾਨ ਕੀਤਾ ਜਾ ਸਕਦਾ ਹੈ । ਜੇ ਅਜ਼ਾਦੀ ਹੈ ਤਾਂ ਗ਼ਲਤੀਆਂ ਬੇਸ਼ੱਕ ਹੁੰਦੀਆਂ ਰਹਿਣ ਕਿਉਂਕਿ ਇਹਨਾਂ ਗ਼ਲਤੀਆਂ ਨੇ ਹੀ ਆਪਣੇ ਪੈਰਾਂ ਤੇ ਖੜੋਨ ਦਾ ਵੱਲ ਸਿਖਾਣਾ ਹੈ । ਗਾਂਧੀ ਜੀ ਦੇ ਇਹ ਬਚਨ ਬੜੇ ਕੀਮਤੀ ਹਨ:

“Freedom is not worth having if it does not connote freedom to err. If God Almighty has given the humblest of his creatures the freedom to err, it passes my comprehension how human beings , be they ever so experienced and able , can delight in depriving other human beings of that precious right. I live for India's freedom and would die for it because it is part of Truth. There is no freedom for India so long as one man; no matter how highly placed he may be, holds in the hollow of his hands, the life, the property and the honour of millions of human beings. It is an artificial, unnatural

and uncivilised institution. The end of it is an essential preliminary to swaraj. ”

ਅਰਥਾਤ “ਅਜੇਹੀ ਅਜ਼ਾਦੀ ਪ੍ਰਾਪਤ ਕਰਨ ਯੋਗ ਹੀ ਨਹੀਂ ਜਿਸ ਵਿਚ ਇਹ ਗੱਲ ਸ਼ਾਮਲ ਨਹੀਂ ਕਿ ਹਰ ਕਿਸੇ ਨੂੰ ਭੁੱਲਾਂ ਕਰਨ ਦੀ ਵੀ ਅਜ਼ਾਦੀ ਹੈ । ਜੇ ਸਰਬ ਸ਼ਕਤੀਮਾਨ ਪ੍ਰਮਾਤਮਾ ਨੇ ਕਿਸੇ ਛੋਟੇ ਤੋਂ ਛੋਟੇ ਜੀਵ ਨੂੰ ਭੁੱਲਾਂ ਕਰਨ ਦੀ ਅਜ਼ਾਦੀ ਦਿੱਤੀ ਗਈ ਹੈ ਤਾਂ ਮੈਨੂੰ ਸਮਝ ਨਹੀਂ ਆਂਵਦੀ ਕਿ ਕਿਵੇਂ ਕੁਝ ਆਦਮੀ ਭਾਵੇਂ ਉਹ ਕਿੰਨੇ ਵੀ ਤਜਰਬੇਕਾਰ ਤੇ ਲਾਇਕ ਹੋਣ, ਦੂਜਿਆਂ ਨੂੰ ਇਸ ਕੀਮਤੀ ਹੱਕ ਤੋਂ ਵਾਂਞਿਆਂ ਰੱਖ ਕੇ ਖੁਸ਼ ਹੋ ਸਕਦੇ ਹਨ । ਮੈਂ ਭਾਰਤ ਦੀ ਅਜ਼ਾਦੀ ਲਈ ਜਿਊਂਦਾ ਹਾਂ ਅਤੇ ਇਸ ਦੀ ਖ਼ਾਤਰ ਮਰਨ ਨੂੰ ਵੀ ਤਿਆਰ ਹਾਂ, ਕਿਉਂਕਿ ਅਜ਼ਾਦੀ ਸੱਚ ਦਾ ਵੀ ਇਕ ਹਿੱਸਾ ਹੈ । ਭਾਰਤ ਲਈ ਓਨਾ ਚਿਰ ਕੋਈ ਅਜ਼ਾਦੀ ਨਹੀਂ ਜਿੰਨਾ ਚਿਰ ਕਿਸੇ ਇਕ ਆਦਮੀ ਦੇ ਹੱਥ ਦੀ ਮੁੱਠੀ ਵਿਚ, ਭਾਵੇਂ ਉਹ ਕਿੰਨਾ ਵੀ ਵੱਡਾ ਆਦਮੀ ਹੋਵੇ, ਲੱਖਾਂ ਹੋਰਨਾਂ ਆਦਮੀਆਂ ਦੀ ਜਾਨ, ਜਾਇਦਾਦ ਤੇ ਇੱਜ਼ਤ ਹੋਵੇ । ਇਹ ਸੰਸਥਾ ਬਨਾਵਟੀ, ਗ਼ੈਰ ਕੁਦਰਤੀ ਤੇ ਅਸਭਯ ਹੈ । ਇਸ ਦਾ ਖ਼ਾਤਮਾ ਸਵਰਾਜ ਦੀ ਮੁੱਢਲੀ ਸ਼ਰਤ ਹੈ ।

ਇਸੇ ਤਰ੍ਹਾਂ ਉਹ ਕਹਿੰਦੇ ਸਨ । “I claim to live for the semi-starved paupers of India and swaraj means the emancipation of these millions of skeletons. Puran swaraj denotes a condition of things when the dumb and the lame millions will speak and walk. ”

ਅਰਥਾਤ “ਮੈਂ ਭਾਰਤ ਦੇ ਲੱਖਾਂ ਅੱਧੇ-ਭੁੱਖੇ ਕੰਗਾਲਾਂ ਲਈ ਜਿਊਣ ਦਾ ਦਾਹਵਾ ਕਰਦਾ ਹਾਂ । ਸਵਰਾਜ ਉਹ ਹੈ ਜੋ ਇਨ੍ਹਾਂ ਲੱਖਾਂ ਪਿੰਜਰ-ਵਤ ਮਨੁੱਖਾਂ ਨੂੰ ਅਜ਼ਾਦੀ ਦੇਵੇ । ਪੂਰਨ ਸਵਰਾਜ ਉਹਨਾਂ ਹਾਲਾਤ ਦਾ ਨਾਪ ਹਨ ਜਿਨ੍ਹਾਂ ਵਿਚ ਗੂੰਗੇ ਬੋਲ ਸਕਣਗੇ ਤੇ ਲੂਲ੍ਹੇ ਤੁਰ ਸਕਣਗੇ ।”

ਭਾਵ ਇਹ ਹੈ ਕਿ ਅਸਲ ਆਜ਼ਾਦੀ ਉਹ ਹੈ ਜਿਸ ਵਿਚ ਹਰ ਕੋਈ ਆਜ਼ਾਦੀ ਮਾਣਦਾ ਤੇ ਅਨੁਭਵ ਕਰਦਾ ਹੈ ।

ਬਰਟਰੈਂਡ ਰਸਲ, ਅਜ਼ਾਦੀ ਦੀ ਮਹਿਮਾ ਵਿਚ, ਕਹਿੰਦੇ ਹੁੰਦੇ ਸਨ: “Freedom is the supreme good. Without it personality impossible. ”



ਅਰਥਾਤ “ਆਜ਼ਾਦੀ ਸਭ ਤੋਂ ਵਧੀਆ ਚੰਗਿਆਈ ਹੈ । ਇਸ ਤੋਂ ਬਿਨਾਂ ਸਖ਼ਸ਼ੀਅਤ ਅਸੰਭਵ ਹੈ ।”

ਸ੍ਰੀ ਵਿਵੇਕਾਨੰਦ ਜੀ ਇਹੋ ਗੱਲ ਇਉਂ ਕਹਿੰਦੇ ਸਨ : “Liberty of thought and action is the only condition of life of growth and well-being.Where it does not exist the man, the race and the nation must go.”

ਅਰਥਾਤ “ਮਨ, ਬਚ ਤੇ ਕਰਮ ਦੀ ਆਜ਼ਾਦੀ ਹੀ ਜੀਵਨ ਦੀ ਉੱਨਤੀ ਤੇ ਖੁਸ਼ਹਾਲੀ ਦੀ ਸ਼ਰਤ ਹੈ । ਜਿੱਥੇ ਇਹ ਨਹੀਂ, ਉਥੇ ਮਨੁੱਖਾ, ਨਸਲ ਤੇ ਕੌਮ ਖ਼ਤਮ ਹੋ ਜਾਂਦੇ ਹਨ ।”

ਸੋ ਅਜ਼ਾਦੀ ਹੀ ਧਰਮ ਦੇ ਰਾਜ ਜਾਂ ਰਾਮ ਰਾਜ ਦੀ ਲਖਾਇਕ ਹੈ।

ਪਰ, ਸਭ ਤੋਂ ਵੱਧ, ਇਸ ਰਾਜ ਵਿਚ ਪੂਰੀ ਬੇਗ਼ਰਜ਼ੀ ਹੁੰਦੀ ਹੈ ਤੇ ਰਾਜ-ਪ੍ਰਬੰਧ ਨੂੰ ਮੰਨੇ ਪ੍ਰਮੰਨੇ ਇਖ਼ਲਾਕੀ ਨੇਮਾਂ ਤੇ ਖੜ੍ਹਾ ਕੀਤਾ ਹੁੰਦਾ ਹੈ । ਇਹੋ ਜਿਹੀ ਮਜ਼ਬੂਤ ਬੁਨਿਆਦ ਨੂੰ ਬਹੁ ਗਿਣਤੀ ਜਾਂ ਸਰਬ-ਸੰਮਤੀ ਵੀ ਤੋੜ ਨਹੀਂ ਸਕਦੀ । ਸ੍ਰੀ ਸ਼ੰਕਰਾਚਾਰੀਆ ਜੀ ਨੇ ਕਿਹਾ ਸੀ ਕਿ ‘ਰੱਬ ਵੀ ਆਪਣੇ ਬਣਾਏ ਕਾਨੂੰਨਾਂ ਨੂੰ ਤੋੜ ਨਹੀਂ ਸਕਦਾ ਅਤੇ ਇਹੋ ਗੱਲ ਉਸ ਦੇ ਸਰਬ-ਸ਼ਕਤੀਮਾਨ ਹੋਣ ਦੀ ਨਿਸ਼ਾਨੀ ਹੈ (ਕਿਉਂਕਿ ਅਟੱਲ ਨਿਯਮ ਕਿਸੇ ਸਰਬ-ਸ਼ਕਤੀਮਾਨ ਹੋਣ ਤੋਂ ਹੀ ਬਣਦੇ ਹਨ )।’

ਸੋ,ਇਸ ਕਿਆਸ ਦੀ ਲੋਕ ਨੀਤੀ ਲਈ ਲਾਜ਼ਮੀ ਸ਼ਰਤਾਂ ਬੇਗ਼ਰਜ਼ੀ, ਸ੍ਵੈ ਕੰਟਰੋਲ ਤੇ ਹੋਰ ਇਖ਼ਲਾਕੀ ਕੀਮਤਾਂ ਹਨ । ਜਿੰਨਾ ਚਿਰ ਮਨੁੱਖ ਨੂੰ ਮਨੁੱਖ ਬਣਨ ਦੀ ਜਾਚ ਨਾ ਆਵੇ ਉਸ ਦੇ ਸਾਰੇ ਪ੍ਰੋਗਰਾਮ ਧਰੇ ਦੇ ਧਰੇ ਰਹਿ ਜਾਂਦੇ ਹਨ । ਪਹਿਲਾਂ ਆਦਮੀ ਬਦਲਣਾ ਚਾਹੀਦਾ ਹੈ, ਤਾਂ ਹੀ ਕੋਈ ਨਜ਼ਾਮ ਮਜ਼ਬੂਤ ਪੈਰਾਂ ਤੇ ਖੜ੍ਹਾ ਹੋ ਸਕਦਾ ਹੈ । ਜੇ ਅਜਿਹਾ ਨਜ਼ਾਮ ਵਜੂਦ ਵਿਚ ਲਿਆਉਣਾ ਹੈ ਜੋ ਅਜ਼ਾਦੀ, ਏਕਤਾ, ਪ੍ਰੇਮ ਤੇ ਬਰਾਬਰੀ ਦੀ ਨੀਹਾਂ ਤੇ ਖੜ੍ਹਾ ਹੋਵੇ ਤਾਂ ਇਨਸਾਨ ਨੂੰ ਦੇਵਤਾ ਬਣਨ ਦੇ ਰਾਹ ’ਤੇ ਪੈਣਾ ਚਾਹੀਦਾ ਹੈ । ਸੈਕੂਲਰ ਰਾਜ ਚੰਗਾ ਹੈ ਪਰ ਜੇ ਇਹ ਨੇਕੀ, ਉਪਕਾਰ, ਤਿਆਗ ਤੇ ਧਾਰਮਿਕ ਜੀਵਨ ਦੀਆਂ ਹੋਰ ਬੁਨਿਆਦਾਂ ਵੱਲੋਂ ਵੀ ਸੈਕੂਲਰ ਹੋ ਜਾਏ ਤਾਂ ਇਹ ਲਾਹਨਤ ਸਬਤ ਹੁੰਦਾ ਹੈ । ਸ੍ਵੈ-ਕਾਬੂ ਤੋਂ ਹੀ ਲੋਕ-ਰਾਜ ਦੀਆਂ ਉੱਪਰ ਦੱਸੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਹੁੰਦਾ ਹੈ । ਫਿਰ ਆਦਮੀ ਆਪਣੇ

ਹੱਕਾਂ ਦੀ ਨਹੀਂ , ਦੂਜਿਆਂ ਦੇ ਹੱਕਾਂ ਦੀ ਰਾਖੀ ਕਰਦਾ ਹੈ । ਮੁੜ ਕਾਨੂੰਨ ਦੀ ਸ਼ਾਇਦ ਲੋੜ ਹੀ ਨਹੀਂ ਰਹਿੰਦੀ। ਕਾਨੂੰਨ ਸਦਾ ਹਾਲਤ ਦੀ ਰੌਸ਼ਨੀ ਵਿਚ ਬਣਦੇ ਤੇ ਬਦਲਦੇ ਹਨ । ਜਿਸ ਤਰ੍ਹਾਂ ਦਾ ਜੀਵਨ ਇਨਸਾਨ ਚਾਹੁੰਦੇ ਹਨ ਉਸੇ ਅਨੁਸਾਰ ਕਾਨੂੰਨ ਬਣਾਂਦੇ ਹਨ ਤੇ ਫਿਰ ਉਹਨਾਂ ਕਾਨੂੰਨਾਂ ਦੀ ਉਲੰਘਣਾ ਦੀ ਸਜ਼ਾ ਮਿਥਦੇ ਹਨ । ਜਿੰਨੀ ਵਧੇਰੇ ਕਾਨੂੰਨ ਦੀ ਉਲੰਘਣਾ ਹੋਵੇ ਓਨਾ ਹੀ ਲੋਕ ਰਾਜ ਵਧੇਰੇ ਕਮਜ਼ੋਰ ਸਮਝਣਾ ਚਾਹੀਦਾ ਹੈ, ਕਿਉਂਕਿ ਇਹ ਉਲੰਘਣਾ ਸਦਾ ਖੁਦਗਰਜ਼ੀਆਂ ਦੇ ਕਾਰਨ ਹੁੰਦੀ ਹੈ ਤੇ ਫਿਰ ਉਹਨਾਂ ਨੂੰ ਰੋਕਣ ਲਈ ਸ਼ਖ਼ਸ਼ੀ ਆਜ਼ਾਦੀ ’ਤੇ ਪਾਬੰਦੀ ਲਾਣੀ ਪੈਂਦੀ ਹੈ । ਉਹ ਲੋਕ-ਰਾਜ ਕਾਹਦਾ ਹੈ ਜਿਥੇ ਪਾਬੰਦੀਆਂ ਹਨ ਤੇ ਅਜ਼ਾਦੀ ਦਾ ਸਾਹ ਘੁੱਟਿਆ ਗਿਆ ਹੋਵੇ ? ਕਾਨੂੰਨ ਤਾਂ ਬਣਦੇ ਹੀ ਇਸ ਅੰਦਾਜ਼ੇ ਨਾਲ ਹਨ ਕਿ ਬਹੁਤੇ ਲੋਕ ਉਨ੍ਹਾਂ ’ਤੇ ਅਮਲ ਕਰਨਗੇ । ਪਰ ਜੇ ਬਹੁਤੇ ਲੋਕ ਉਹਨਾਂ ਨੂੰ ਤੋੜਦੇ ਹੋਣ ਤਾਂ ਕਾਨੂੰਨ ਦਾ ਮੰਤਵ ਹੀ ਖ਼ਤਮ ਹੋ ਜਾਂਦਾ ਹੈ ਤੇ ਲੋਕ ਤੰਤ੍ਰ ਦੀ ਕਦਰ ਘਟਦੀ ਹੈ । ਪਰ ਉਹ ਸਮਾਂ ਆ ਸਕਦਾ ਹੈ ਜਦੋਂ ਮਜ਼ਬੂਤ ਲੋਕ ਰਾਏ ਦੀ ਅਸਰ ਹੇਠ ਹਰ ਕੋਈ ਆਪਣੀ ਜ਼ਿੰਮੇਵਾਰੀ ਮਹਿਸੂਸ ਕਰੇ । ਮੁੜ ਨਾ ਕਾਨੂੰਨ ਦੀ ਲੋੜ ਹੈ ਤੇ ਨਾ ਸ਼ਕਤੀ ਨੂੰ ਜਥੇਬੰਦ ਕਰਕੇ ਉਸ ’ਤੇ ਅਮਲ ਕਰਾਣ ਦੀ । ਹਰ ਕੋਈ ਕਾਨੂੰਨ ਦਾ ਰਾਖਾ ਆਪ ਹੋ ਜਾਂਦਾ ਹੈ । ਪਰ ਇਹ ਹਾਲਤ ਸ੍ਵੈ ਕੰਟਰੋਲ ਤੇ ਆਪਾ ਸੁਧਾਰ ਤੋਂ ਪੈਦਾ ਹੁੰਦੀ ਹੈ । ਜੇ ਇਹ ਨਹੀਂ ਤਾਂ ਕੁਝ ਭੀ ਨਹੀਂ । ਫਿਰ ਪਸ਼ੂਆਂ ਦੇ ਮਨੁੱਖਾਂ ਵਿਚ ਕੀ ਫ਼ਰਕ ਰਹਿ ਜਾਂਦਾ ਹੈ ? ਆਪਣੇ ਨਫਸ, ਆਪਣੀਆਂ ਆਦਤਾਂ ਤੇ ਆਪਣੀਆਂ ਕੋਹਝੀਆਂ ਖੁਦਗ਼ਰਜ਼ੀਆਂ ’ਤੇ ਕਾਬੂ ਪਾਉਣਾ ਇਨਸਾਨ ਬਣਨਾ ਹੈ । ਹਰ ਕੋਈ ਆਪਣੇ ਘਰ ਦਾ ਮਾਲਕ ਬਣੇ ਤੇ ਪਦਾਰਥਾਂ ਦੀ ਗੁਲਾਮੀ ਤੋਂ ਅਜ਼ਾਦ ਹੋ ਜਾਏ । ਇਸ ਚੌੜੇ ਕਿਆਸ ਦੀ ਆਜ਼ਾਦੀ ਨੂੰ, ਜਿਵੇਂ ਅਸਾਂ ‘ਸਹਿਜ’ ਦੇ ਲੇਖ ਵਿਚ ਵੇਖਿਆ ਹੈ, ਮੁਕਤੀ, ਮੋਖ ਜਾਂ ਨਿਰਵਾਣ ਦਾ ਨਾਮ ਦਿੱਤਾ ਜਾਂਦਾ ਹੈ । ਤਦੋਂ ਕੋਈ ਬੰਧਨ ਹੁੰਦੇ ਹੀ ਨਹੀਂ । ਹਰ ਤਰ੍ਹਾਂ ਮਨੁੱਖ ਸੁਤੰਤ੍ਰਤਾ ਪ੍ਰਾਪਤ ਕਰ ਚੁੱਕਾ ਹੁੰਦਾ ਹੈ । ਉਪਨਿਸ਼ਦਾਂ ਨੇ ਵੀ ਇਸੇ ਕਿਸਮ ਦੀ ਅਜ਼ਾਦੀ ਦਾ ਤਸਵੱਰ ਇਉਂ ਕਰਾਇਆ ਹੈ । ਉਸਨੇ ਪਹਿਲਾਂ, ਇਸ ਤਰ੍ਹਾਂ ਦੇ ਪ੍ਰਸ਼ਨ ਕੀਤੇ ਹਨ—ਦੁਨੀਆਂ ਕੀ ਹੈ, ਕਿਥੋਂ ਆਈ ਹੈ ਅਤੇ ਕਿਸ ਤਰਫ਼ ਨੂੰ ਜਾ ਰਹੀ ਹੈ ?—ਤੇ ਫੇਰ ਇਹਨਾਂ ਦਾ ਉਤਰ ਇਉਂ ਦਿੱਤਾ ਗਿਆ ਹੈ : “ਇਹ ਦੁਨੀਆਂ ਆਜ਼ਾਦੀ ਤੋਂ ਉਪਜੀ ਹੈ, ਅਜ਼ਾਦੀ ਵਿਚ ਰਹਿ ਸਕਦੀ ਹੈ ਅਤੇ ਅਜ਼ਾਦੀ ਵਿਚ ਸਮਾਂ ਜਾਂਦੀ ਹੈ । ਇਸਦਾ ਸੰਖੇਪ ਅਰਥ ਏਥੇ ਕੇਵਲ



ਇਹ ਕੀਤਾ ਜਾ ਸਕਦਾ ਹੈ ਕਿ ਆਤਮਾ ਤੇ ਪ੍ਰਮਾਤਮਾ ਦੋਵੇਂ ਜਿਥੇ ਅਨੰਦ ਸਰੂਪ ਹਨ ਓਥੇ ਉਹ ਮੋਖ-ਸਰੂਪ ਵੀ ਹਨ।

ਪਰ ਇਹ ਆਜ਼ਾਦੀ ਬਾਹਰੋਂ ਨਹੀਂ ਸ੍ਵੈ-ਕੰਟਰੋਲ ਤੋਂ ਉਪਜਦੀ ਹੈ ਤੇ ਇਸ ਵਿਚ ਬੜੀ ਸ਼ਕਤੀ ਹੁੰਦੀ ਹੈ । ਮਹਾਂਪੁਰਸ਼ਾਂ ਦੇ ਇਹ ਬਚਨ ਕਿ ‘ਰੱਬ ਵੀ ਉਸ ਆਦਮੀ ਦੀ ਜਿੱਤ ਨੂੰ ਹਾਰ ਵਿਚ ਨਹੀਂ ਬਦਲ ਸਕਦਾ ਜਿਸ ਨੇ ਆਪਣੇ ਨਫਸ ’ਤੇ ਜਿੱਤ ਪ੍ਰਾਪਤ ਕਰ ਲਈ ਹੋਈ ਹੈ’ ਅਮਲੋਕ ਹਨ । ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕ-ਰਾਜ ਜਾਂ ਸਮਾਜਵਾਦ ਵੀ ਤਾਂ ਵਧਦਾ ਫੁਲਦਾ ਫੁਲਦਾ ਹੈ ਜੇ ਇਸ ਰਾਹੀ ਸ਼ਖ਼ਸ਼ੀ ਅਜ਼ਾਦੀ ਦਾ ਵਾਧਾ ਹੁੰਦਾ ਹੋਵੇ । ਜੇ ਆਦਮੀ ਨੂੰ ਉੱਕਾ ਨਜ਼ਰ ਅੰਦਾਜ਼ ਕਰ ਕੀਤਾ ਜਾਣਾ ਹੈ ਤੇ ਕੇਵਲ ਸੁਸਾਇਟੀ ਨੂੰ ਹੀ ਮੁਖ ਰਖਿਆ ਜਾਣਾ ਹੈ ਤਾਂ ਆਜ਼ਾਦੀ ਦਾ ਗਲਾ ਤਾਂ ਪਹਿਲਾਂ ਹੀ ਘੁੱਟਿਆ ਗਿਆ। ਪਰ ਜੇ ਸ਼ਖ਼ਸੀਅਤ ਮੁਖ ਹੋਵੇ ਤਾਂ ਸੁਸਾਇਟੀ ਉਸੇ ਵਿਚ ਸੁਤੇ ਆ ਜਾਦੀ ਹੈ। ਜਦ ਇਨਸਾਨ ਆਪਣੀ ਛੋਟੀ ਜਿਹੀ ਖੁਦੀ ਤੋਂ ਉਤਾਂਹ ਉੱਠਦਾ ਹੈ, ਉਸ ਦੇ ਅੰਦਰ ਸਾਰਿਆਂ ਨਾਲ ਸਾਂਝ ਦਾ ਅਹਿਸਾਸ ਪੈਦਾ ਹੋ ਜਾਂਦਾ ਹੈ ਤੇ ਫਿਰ ਉਹ ਸੁਸਾਇਟੀ ਦੀ ਸਮੁੱਚੀ ਭਲਾਈ ਦਾ ਦਾਹਵੇਦਾਰ ਬਣ ਜਾਂਦਾ ਹੈ । ਕਮਿਊਨਿਜ਼ਮ, ਕਿਉਂ ਮਾੜਾ ਹੈ ? ਇਸੇ ਲਈ ਕਿ ਸ਼ਖ਼ਸੀ ਅਜ਼ਾਦੀ ਮਾਰਦਾ ਹੈ, ਤਸ਼ੱਦਦ ਤੇ ਖੜ੍ਹਾ ਕੀਤਾ ਜਾਂਦਾ ਹੈ ਤੇ ਇਖ਼ਲਾਕੀ ਕੀਮਤਾਂ ਛੱਡ ਦਿੰਦਾ ਹੈ। ਪ੍ਰੇਰਨਾ ਦੀ ਥਾਂ ਇਸ ਵਿਚ ਡਰ ਤੇ ਧਮਕੀਆਂ ਹੁੰਦੀਆਂ ਹਨ । ਇਸ ਦੀ ਬੋਲੀ ਹੀ ਤਸ਼ੱਦਦ ਭਰੀ ਹੁੰਦੀ ਹੈ ਜੋ ਇਨਸਾਨੀ ਕੋਮਲਤਾ ਮਾਰ ਦਿੰਦੀ ਹੈ। ਪੁਲੀਟਕਲ ਆਜ਼ਾਦੀ ਨੇ ਤਾਂ ਸਗੋਂ ਐਸੇ ਹਾਲਾਤ ਪੈਦਾ ਕਰਨੇ ਹੁੰਦੇ ਹਨ ਕਿ ਆਤਮ ਵਿਕਾਸ ਦੇ ਰਾਹ ਵਿਚ ਪਈਆਂ ਸਭ ਆਰਜ਼ੀ ਰੋਕਾਂ ਦੂਰ ਹੋਣ। ਖ਼ੈਰ, ਇਹ ਤਾਂ ਹੋਈਆਂ ਬਾਹਰੋਂ ਪਈਆਂ ਰੋਕਾਂ, ਪਰ ਜਿਸ ਕੈਦ ਵਿਚ ਇਨਸਾਨ ਨੇ ਆਪਣੇ ਆਪ ਨੂੰ ਖੁਦ ਪਾਇਆ ਹੋਇਆ ਹੈ ਉਸ ਤੋਂ ਬਚਾਉ ਤਾਂ ਉਸ ਨੇ ਆਪਣੇ ਹੀ ਆਪਣੇ ਯਤਨਾਂ ਨਾਲ ਕਰਨਾ ਹੁੰਦਾ ਹੈ । ਸ੍ਵੈ ਕੰਟਰੋਲ ਜੋ ਮਨੁੱਖ ਨੂੰ ਦੇਵਤਾ ਬਣਾ ਦੇਂਦਾ ਹੈ ਹਰ ਹਾਲਤ ਵਿਚ ਉਸ ਨੇ ਆਪ ਹੀ ਲਿਆਣਾ ਹੁੰਦਾ ਹੈ । ਘੱਟੋਂ ਘੱਟ ਓਨਾ ਕੁ ਸ੍ਵੈ-ਕੰਟਰੋਲ ਤਾਂ ਹੋਣਾ ਚਾਹੀਦਾ ਹੈ ਜਿਸ ਦੀ ਮੰਗ ਸਾਧਾਰਨ ਲੋਕ ਨੀਤੀ ਕਰਦੀ ਹੈ । ਇਕ ਸ਼ਹਿਰੀ ਹੋਣ ਦੇ ਨਾਤੇ ਜੋ ਕਿਸੇ ਦੇ ਘੱਟੋ ਘੱਟ ਫ਼ਰਜ਼ ਬਣਦੇ ਹਨ ਉਹ ਤਾਂ ਜ਼ਰੂਰ ਨਿਬਾਹੇ ਜਾਣੇ ਚਾਹੀਦੇ ਹਨ ਅਤੇ ਲੋਕ ਨੀਤੀ ਦੀਆਂ ਪਾਬੰਦੀਆਂ ਨੂੰ ਖੁਸ਼ੀ ਖੁਸ਼ੀ ਕਬੂਲ ਕੀਤਾ ਜਾਣਾ ਚਾਹੀਦਾ ਹੈ । ਜ਼ਿੰਮੇਵਾਰੀ ਦਾ ਅਹਿਸਾਸ ਏਨਾ ਡੂੰਘਾ ਹੋ ਜਾਏ ਕਿ ਘੱਟ-

ਗਿਣਤੀ ਤੇ ਬਹੁ-ਗਿਣਤੀ ਦੇ ਫ਼ਰਕ ਮਿਟ ਜਾਣ । ਨਿਰੀ ਬਹੁ-ਗਿਣਤੀ ਦੇ ਜ਼ੋਰ ਨਾਲ ਚਲਾਇਆ ਲੋਕ ਰਾਜ ਗ਼ਲਤ ਰਾਹਾਂ ’ਤੇ ਚਲਦਾ ਹੈ । ਇਹ ਵੀ ਜ਼ਰੂਰੀ ਨਹੀਂ ਕਿ ਅਜਿਹੀ ਬਹੁ-ਗਿਣਤੀ ਸਦਾ ਠੀਕ ਫ਼ੈਸਲੇ ਕਰੇ । ਕੋਈ ਵਾਰ ਬਹੁ ਗਿਣਤੀ ਹੁਲੜਬਾਜ਼ੀ ’ਤੇ ਜ਼ੋਰ ਜਬਰ ਨਾਲ ਵੀ ਪੈਦਾ ਕੀਤੀ ਜਾ ਸਕਦੀ ਹੈ । ਕਈ ਵਾਰ ਇਨਸਾਫ਼ ਤੇ ਧਰਮ ਨਾਲੋਂ ਧੜਾ ਵਧੀਕ ਪਰਵਾਨ ਚੜ੍ਹਦਾ ਹੈ ਤੇ ਪਾਰਟੀ ਦਾ ਜ਼ਬਤ ਆਜ਼ਾਦ ਸਪਿਰਟ ਨੂੰ ਕੁਚਲ ਦਿੰਦਾ ਹੈ।

ਸੋ, ਆਦਰਸ਼ਕ ਲੋਕ-ਰਾਜ ਲਈ ਤਿੰਨ ਬੁਨਿਆਦੀ ਗੱਲਾਂ ਹਨ —ਆਜ਼ਾਦੀ, ਏਕਤਾ ਤੇ ਉਚੇਰੀਆਂ ਇਖ਼ਲਾਕੀ ਕੀਮਤਾਂ ; ਪਰ ਕੌਮਾਂ ਦੀ ਅਸਲ ਜ਼ਿੰਦ-ਜਾਨ ਇਖ਼ਲਾਕੀ ਕੀਮਤਾਂ ਹੀ ਹੁੰਦੀਆਂ ਹਨ । ਭਾਰਤ ਵਿਚ ਤਾਂ ਪ੍ਰਾਚੀਨਤਾ ਤੋਂ ਇਹਨਾਂ ਕੀਮਤਾਂ ’ਤੇ ਹੀ ਜ਼ੋਰ ਦਿੱਤਾ ਜਾਂਦਾ ਰਿਹਾ ਹੈ । ਇਸ ਦੀ ਪੁਰਾਣੀ ਕਲਚਰ ਹੁਣ ਇਸ ਨੂੰ ਚੈਲੰਜ ਕਰ ਰਹੀ ਹੈ ਕਿ ਇਹ ਸੱਚ ਤੇ ਨੇਕੀ ਦਾ ਰਾਜ ਕਾਇਮ ਕਰਕੇ ਦੂਜੀ ਦੁਨੀਆਂ ਲਈ ਰੌਸ਼ਨ-ਮੁਨਾਰਾ ਬਣੇ । ਇਸ ਦੇਸ਼ ਨੇ ਸੱਚ, ਪ੍ਰੇਮ ਤੇ ਅਹਿੰਸਾ ਦੀ ਸ਼ਕਤੀ ਨਾਲ ਪੁਲੀਟਕੀਲ ਅਜ਼ਾਦੀ ਪ੍ਰਾਪਤ ਕੀਤੀ ਸੀ । ਇਹਨਾਂ ਸਫਲ ਹਥਿਆਰਾਂ ਨਾਲ ਹੀ ਹੁਣ ਦੇਸ਼ ਅੰਦਰ ਧਰਮ ਦਾ ਰਾਜ ਸਥਾਪਤ ਕੀਤਾ ਜਾਣਾ ਚਾਹੀਦਾ ਹੈ । ਆਜ਼ਾਦ ਹੋਇਆਂ ਇਸ ਨੂੰ ਹੁਣ ਲਗਪਗ ੪੫ ਸਾਲ ਹੋ ਗਏ ਹਨ । ਕਈ ਖੇਤਰਾਂ ਵਿਚ ਇਸ ਨੇ ਚੰਗੇ ਕੰਮ ਵੀ ਕੀਤੇ ਹਨ, ਪਰ ਧਰਮ ਦੇ ਖੇਤਰ ਵਿਚ ਇਹ ਬੁਰੀ ਤਰ੍ਹਾਂ ਫੇਹਲ ਹੋਇਆ ਹੈ ਤੇ ਐਸੀ ਗਿਰਾਵਟ ਦੀ ਖੱਡ ਵਿਚ ਡਿੱਗਾ ਹੈ ਕਿ ਧਰਮ ਦੀਆਂ ਸਭ ਚੰਗੀਆਂ ਕੀਮਤਾਂ ਇਸ ਨੂੰ ਵਿਸਰ ਗਈਆਂ ਹਨ ।

ਸਿੱਖ ਗੁਰੂ ਸਾਹਿਬਾਨ ਦੇ ਪਿਛੇ ਆਏ ਇਹ ਬਚਨ ਸੁਨਹਿਰੀ ਅੱਖਰਾਂ ਵਿਚ ਲਿਖੇ ਗਏ ਹਨ ।

(੧) “**ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥** ”

**ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੇ ਭਾਇ ਦੁਖੁ ਹੋਈ ॥** ”

**(ਮਾਰੂ ਮਹਲਾ ੧, ੧੦੮੮)**

(੨) “**ਤਖਤਿ ਬਹੈ ਤਖਤੈ ਕੀ ਲਾਇਕ ॥**

**ਪੰਚ ਸਮਾਏ ਗੁਰਮਤਿ ਪਾਇਕ ॥** ”

**(ਮਾਰੂ ਮਹਲਾ ੧, ੧੦੩੯)**



# ਸ਼ਹੀਦੀ

**“ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥”**

(ਵਡਹੰਸ ਮਹਲਾ ੧, ਅੰਗ ੫੮੯)

ਅਰਥਾਤ “ਮਰਣ ਦਾ ਹੱਕ ਕਵੇਲ ਉਹਨਾਂ ਸੂਰਮਿਆਂ ਨੂੰ ਹੀ ਹੁੰਦਾ ਹੈ ਜੋ ਪਰਵਾਣ ਹੋ ਕੇ ਮਰਦੇ ਹਨ (ਪ੍ਰਵਾਨ ਹੋ ਕੇ ਉਹ ਮਰਦੇ ਹਨ ਜੋ ਜੀਵਤ ਭਾਵ ਤੋਂ ਮਰਦੇ ਹਨ ) ।

**“ਜਿਹ ਮਰਨੈ ਸਭੁ ਜਗਤੁ ਤਰਾਸਿਆ ॥**
**ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥**
**ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥**
**ਮਰਿਮਰਿਜਾਤੇਜਿਨਰਾਮੁਨਾਜਾਨਿਆ॥੧॥ਰਹਾਉ**
**ਮਰਨੋ ਮਰਨੁ ਕਹੈ ਸਭੁ ਕੋਈ ॥**
**ਸਹਜੇ ਮਰੈ ਅਮਰੁ ਹੋਇ ਸੋਈ ॥੨॥**
**ਕਹੁ ਕਬੀਰ ਮਨਿ ਭਇਆ ਅਨੰਦਾ॥**
**ਗਾਇਆ ਭਰਮੁ ਰਹਿਆ ਪਰਮਾਨੰਦਾ ॥੩॥”**

**(ਗਉੜੀ ਕਬੀਰ ਜੀ, ਅੰਗ ੩੨੭)**

ਅਰਥਾਤ “ਜਿਸ ਮਰਨ ਤੋਂ ਸਾਰਾ ਜਗਤ ਡਰਦਾ ਰਹਿੰਦਾ ਹੈ, ਮੈਨੂੰ ਗੁਰੂ ਦੀ ਕਿਰਪਾ ਨਾਲ ਉਸ ਮਰਨ ਦੀ ਸਹੀ ਸੋਝੀ ਹੋ ਗਈ ਹੈ । ਮਰਦੇ ਜਾਂ ਜੰਮਦੇ ਉਹ ਹਨ ਜੋ ਆਵਾਗਵਨ ਦੇ ਚੱਕਰਾਂ ਵਿਚ ਹੁੰਦੇ ਹਨ, ਪਰ ਜੋ ਜੀਵਤ ਭਾਵ ਤੋਂ ਮਰਦਾ ਹੈ, ਉਹ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਤੇ ਉਸ ਦਾ ਆਵਣ ਜਾਵਣ ਖ਼ਤਮ ਹੋ ਜਾਂਦਾ ਹੈ । ਇਸ ਲਈ ਹੁਣ ਮੈਂ ਕਿਵੇਂ ਮਰ ਸਕਦਾ ਹਾਂ? ਮੇਰਾ ਮਨ ਤਾਂ ਸਗੋਂ ਇਸ ਤਰ੍ਹਾਂ ਮਰਨ ਦੇ ਆਹਰਾਂ ਵਿਚ ਲੱਗਾ ਹੋਇਆ ਹੈ ਇਸ ਮਰਨ ਦੀ ਜਾਚ ਮੈਂ ਗੁਰੂ ਤੋਂ ਸਿਖ ਲਈ ਹੈ )। ਯਾਦ ਰੱਖੋ, ਭਰਾਵੋ! ਮਰਦੇ ਉਹੋ ਹਨ ਜਿਨ੍ਹਾਂ ਰਾਮ ਨੂੰ ਨਹੀਂ ਜਾਣਿਆ ਹੁੰਦਾ । ਮੌਤ ਨੂੰ ਸਭ ਕੋਈ ਮਰਨ (ਖਤਮ ਹੋਣਾ) ਕਹਿੰਦਾ ਹੈ ; ਪਰ ਜੋ ਸਹਜ ਵਿਚ ਹੋ ਕੇ ਮਰਦਾ ਹੈ ਉਹ ਮਰਨ ਰਹਿਤ ਹੋ ਜਾਦਾ ਹੈ (ਜੋ ਸਹਜ ਵਿਚ ਹੈ ਉਸਦਾ ਜੀਵਣ ਹੁਕਮੀ ਜੀਵਣ ਹੈ; ਉਹ ਭਾਣੇ ਵਿਚ ਰਹਿ ਕੇ ਜੀਂਦਾ ਤੇ ਭਾਣੇ ਵਿਚ ਹੀ ਮਰਦਾ ਹੈ।

ਉਸ ਜੀਵਨ ਵਿਚ ਨੇਕੀ, ਸੇਵਾ ਤੇ ਉਪਕਾਰ ਮੁੱਖ ਹੁੰਦੇ ਹਨ । ਇਹਨਾਂ ਦੀ ਖ਼ਾਤਰ ਉਹ ਜਿਊਂਦਾ ਤੇ ਇਹਨਾਂ ਦੀ ਖ਼ਾਤਰ, ਜੇ ਲੋੜ ਪਵੇ ਤਾਂ ਸਰੀਰਕ ਜੀਵਣ ਦਾ ਭੋਗ ਹੀ ਪਾ ਦਿੰਦਾ ਹੈ ) । ਹੇ ਕਬੀਰ, ਆਖ ਕਿ ਹੁਣ ਤਾਂ ਮੇਰਾ ਜੀਵਣ ਅਨੰਦ ਨਾਲ ਭਰ ਗਿਆ ਹੈ, ਕਿਉਂਕਿ ਪਰਮ ਅਨੰਦ ਸਰੂਪ ਪ੍ਰਮਾਤਮਾ ਅੰਦਰ ਆ ਵਸਿਆ ਹੈ ਤੇ ਸਭ ਭਰਮ ਭੁਲੇਖੇ ਦੂਰ ਗਏ ਹਨ ।

ਮੌਤ ਹਰ ਕਿਸੇ ਨੂੰ ਅਵੱਸ਼ ਮਰਨੀ ਪੈਂਦੀ ਹੈ ਪਰ ਇਕ ਮੌਤ ਉਹ ਵੀ ਹੈ ਜਿਸ ਦੇ ਮੋਇਆਂ ਫਿਰ ਮਰਨਾ ਨਹੀਂ ਪੈਂਦਾ, ਅਰਥਾਤ ਅਮਰ ਹੋ ਜਾਈਦਾ ਹੈ । ਇਸ ਨਿੱਕੇ ਜਿਹੇ ਸ਼ਬਦ ਵਿਚ ਉਸ ਮੌਤ ਦਾ ਹੀ ਜ਼ਿਕਰ ਹੈ ਅਤੇ ਉਸ ਨੂੰ ਆਮ ਸਰੀਰਕ ਮੌਤ ਤੋਂ ਨਿਖੇੜ ਕੇ ਦਸਿਆ ਗਿਆ ਹੈ । ਜੇ ਸੁੱਚਮੁੱਚ ਅਜੇਹੀ ਕੋਈ ਮੌਤ ਹੋਵੇ ਜੋ ਅਮਰ ਕਰ ਦੇਵੇ ਤਾਂ ਫਿਰ ਮਰਨ ਦਾ ਡਰ ਰਹਿ ਜਾਏਗਾ ? ਸਗੋਂ ਇਹ ਮੌਤ ਪਿਆਰੀ ਹੋ ਕੇ ਦਿਸੇਗੀ ।

"ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥" (ਅੰਗ ੩੨੭)

ਹੋਰ "ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥"

(ਸਲੋਕ ਕਬੀਰ ਜੀ, ਅੰਗ ੧੩੬੭)

ਅਰਥਾਤ "ਹੇ ਕਬੀਰ, ਮੈਨੂੰ ਮਰਨ ਦਾ ਸ਼ੋਕ ਹੈ, ਪਰ ਮੈਂ ਹਰੀ ਦੇ ਦੁਆਰੇ ਮਰਨਾ ਲੋਚਦਾ ਹਾਂ (ਭਾਵ ਜੀਵਤ ਭਾਵ ਤੋਂ ਮਰਣਾ ਚਾਹੁੰਦਾ ਹੈ)।"

ਜਿਸ ਪੁਰਸ਼ ਨੂੰ ਇਹ ਪਤਾ ਹੋਵੇ ਕਿ ਮੌਤ ਤੋਂ ਪਿੱਛੋਂ ਉਸ ਨੂੰ ਸਦੀਵੀ ਅਨੰਦ ਪ੍ਰਾਪਤ ਹੋ ਜਾਣਾ ਹੈ ਉਸ ਪੁਰਸ਼ ਨੂੰ ਮਰਨ ਦਾ ਕੋਈ ਤ੍ਰਾਸ ਨਹੀਂ ਹੋ ਸਕਦਾ ।ਉਂਵ ਦੁਨੀਆਂ ਰੋਜ਼ ਮਰਦੀ ਰਹਿੰਦੀ ਹੈ, ਪਰ, ਕਿਉਂਕਿ ਦੁਨੀਆਂ ਨੂੰ ਸਭ ਚੀਜ਼ਾਂ ਨਾਲੋਂ ਵਧੀਕ ਪਿਆਰੀ ਜਾਨ ਹੁੰਦੀ ਹੈ, ਇਸ ਲਈ ਉਹ ਮੌਤ ਤੋਂ ਬਚਣ ਦੇ ਸਾਰੇ ਹੀਲੇ ਕਰਦੀ ਰਹਿੰਦੀ ਹੈ। ਕਦੇ ਕਦਾਈਂ ਹੀ ਇਹੋ ਜਿਹੇ ਪੈਦਾ ਹੁੰਦੇ ਹਨ ਜੋ ਹੱਸਦੇ ਹੱਸਦੇ ਸੂਲੀਆਂ ਚੜ੍ਹ ਜਾਂਦੇ ਹਨ, ਖ਼ੁਸ਼ੀ ਖ਼ੁਸ਼ੀ ਬੰਦ ਬੰਦ ਕਟਵਾ ਦਿੰਦੇ ਹਨ ਤੇ ਚੀਰਨ ਵਾਲੇ ਆਰਿਆਂ ਨੂੰ ਜਫੀਆਂ ਪਾ ਕੇ ਕਿਸੇ ਪ੍ਰੇਮ ਦੀ ਝੂਮ ਵਿਚ ਗਾ ਉੱਠਦੇ ਹਨ :

"ਆਰਾ ਪਿਆਰਾ ਲਗਤ ਹੈ ॥"

ਐਸੇ ਲੋਕ ਧਰਮੀ ਹੁੰਦੇ ਹਨ ਜੋ ਅਨਿਆਇ ਹੁੰਦੇ ਵੇਖ ਨਹੀਂ ਸਕਦੇ ਤੇ ਅਹੂਤੀ ਚੜ੍ਹ ਜਾਂਦੇ ਹਨ । ਗੁਰੂ ਨਾਨਕ ਦੇਵ ਸਮਝਾਂਦੇ ਹਨ :



"ਜਉ ਤਉ ਪ੍ਰੇਮ ਖੇਲਣ ਕਾ ਚਾਉ ॥

ਸਿਰੁ ਧਰਿ ਤਲੀ ਗਲੀਮੇਰੀ ਆਉ ॥"

(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਅੰਗ ੧੪੧੨)

ਆਸ਼ਕ ਲੋਕਾਂ ਦੇ ਇਹ ਕ੍ਰਿਸ਼ਮੇ ਅਸਚਰਜ ਹਨ । ਉਹ ਇਸ ਯਕੀਨ ਨਾਲ ਮਰਦੇ ਦਿਸਦੇ ਹਨ ਕਿ ਉਹ ਸਦੀਵੀ ਜੀਵਨ ਨੂੰ ਪ੍ਰਾਪਤ ਕਰ ਚੁੱਕੇ ਹੋਏ ਹਨ । ਇਸ ਕਿਸਮ ਦੀ ਮੌਤ ਨੂੰ ਹੀ ਸ਼ਹੀਦੀ ਕਿਹਾ ਜਾਂਦਾ ਹੈ, ਜਿਸ ਦਾ ਆਧਾਰ ਆਰੰਭ ਦੇ ਸ਼ਬਦ ਵਿਚ ਹੀ ਹੈ । । ਪਰ ਹਰ ਚੰਗੀ ਚੀਜ਼ ਨੂੰ ਦੁਨੀਆਂ ਨਕਲ ਨਾਲ ਜੋੜ ਦਿੰਦੀ ਹੈ ਤੇ ਮੁੜ ਅਸਲ ਨੂੰ ਨਕਲ ਤੋਂ ਨਿਖੇੜਨਾ ਹੀ ਔਖਾ ਹੋ ਜਾਂਦਾ ਹੈ । ਸ਼ਹੀਦੀ ਦਾ ਮਹਾਨ ਉੱਤਮ ਸਿਧਾਂਤ ਵੀ ਗ਼ਲਤ ਕਰ ਦਿੱਤਾ ਗਿਆ ਹੈ । ਅੰਜਾਣੀ ਦੁਨੀਆਂ ਮਰਨ ਦੀ ਖੇਡ ਵੀ ਅਪਨੀ ਸ਼ੋਭਾ ਦੀ ਖ਼ਾਤਰ ਖੇਡਣ ਲੱਗ ਜਾਂਦੀ ਹੈ ।

ਫਿਰ ਅਸਲ ਸ਼ਹੀਦੀ ਕੀ ਹੈ ? ਦੁਨੀਆਂ ਜਾਣਦੀ ਹੈ ਕਿ ਸਿੱਖ ਇਤਿਹਾਸ ਸ਼ਹੀਦਾਂ ਦਾ ਹੀ ਇਤਿਹਾਸ ਹੈ ਜਿਨ੍ਹਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਸਨ । ਇਸ ਲਈ ਆਦਰਸ਼ਕ ਸ਼ਹੀਦੀ ਦਾ ਸਹੀ ਤਸਵਰ ਕੁਦਰਤੀ ਤੌਰ 'ਤੇ ਇਹਨਾਂ ਦੋਹਾਂ ਮਹਾਨ ਸ਼ਹੀਦਾਂ ਨੂੰ ਸਾਹਮਣੇ ਰੱਖ ਕੇ ਇਸ ਸ਼ਬਦ ਦੀ ਰੌਸ਼ਨੀ ਵਿਚ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕੀਤਿਆਂ ਕੋਈ ਭੁਲੇਖਾ ਨਹੀਂ ਪੈ ਸਕੇਗਾ ਭਾਵੇਂ ਸ਼ਹੀਦੀ ਇਕ ਐਸਾ ਮਸਲਾ ਹੈ ਜਿੱਥੇ ਭੁਲੇਖੇ ਦੀ ਬੜੀ ਗੁੰਜਾਇਸ਼ ਹੈ । ਮੌਤ, ਦੁਨੀਆਂ ਲਈ, ਇਕ ਭਿਆਨਕ ਕਹਿਰ ਹੈ । ਹਰ ਕੋਈ ਜਿਊਣਾ ਚਾਹੁੰਦਾ ਹੈ ਭਾਵੇਂ ਉਹ ਕਿੰਨਾ ਵੀ ਦੁਖੀ ਕਿਉਂ ਨਾ ਹੋਵੇ । ਇਸ ਲਈ ਜੇ ਕਦੇ ਕੋਈ ਜਾਨ ਦੀ ਬਾਜ਼ੀ ਲਾ ਦਿੰਦਾ ਹੈ ਤਾਂ ਦੁਨੀਆਂ ਉਸ ਨੂੰ ਤੁਰੰਤ ਸ਼ਹੀਦ ਦਾ ਦਰਜਾ ਦੇ ਦੇਂਦੀ ਹੈ। ਜਿਊਣਾ ਬੜਾ ਚੰਗਾ ਲੱਗਦਾ ਹੈ ਤੇ ਲੱਗਣਾ ਚਾਹੀਦਾ ਵੀ ਹੈ । ਏਥੋਂ ਤਕ ਕਿ ਕਈ ਫ਼ਿਲਾਸਫ਼ਰ ਇਹੋ ਜਿਹੇ ਵੀ ਹਨ ਜੋ ਜਿਊਣ ਨੂੰ ਏਨੀ ਅਹਿਮੀਅਤ ਦੇਂਦੇ ਹਨ ਕਿ ਉਹ ਕਿਸੇ ਹੋਰ ਚੀਜ਼ ਨੂੰ ਇਸ ਨਾਲੋਂ ਵੱਧ ਜ਼ਰੂਰੀ ਨਹੀਂ ਸਮਝਦੇ । ਉਹਨਾਂ ਦੇ ਖ਼ਿਆਲ ਵਿਚ ਕੋਈ ਹੋਰ ਪ੍ਰਯੋਜਨ ਐਸਾ ਨਹੀਂ ਹੋ ਸਕਦਾ ਜਿਸ ਦੀ ਖ਼ਾਤਰ ਜਾਨ ਵਾਰ ਦਿੱਤੀ ਜਾਏ । ਧਰਮ ਨੇਕੀ ਤੇ ਸ੍ਵੈ-ਮਾਨ ਸਭ ਇਸ ਤੋਂ ਥੱਲੇ ਹਨ ।ਇਹ ਖ਼ਿਆਲ ਦਰੁੱਸਤ ਨਹੀਂ ਪਰ ਇਸ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਜਿਊਣਾ ਕਿੰਨਾ ਪਿਆਰਾ ਲੱਗਦਾ

ਹੈ । ਇਹੋ ਕਾਰਨ ਹੈ ਕਿ ਜਦ ਕੋਈ ਪੁਰਸ਼ ਕਿਸੇ ਵੀ ਮਨੋਰਥ ਦੀ ਪੂਰਤੀ ਲਈ ਜਾਨ ਦੇ ਦੇਂਦਾ ਹੈ ਤਾਂ ਦੁਨੀਆਂ ਵਾਹ ਵਾਹ ਕਰ ਉੱਠਦੀ ਹੈ । ਇਸ ਦੇ ਨਾਲ ਜੇ ਕਿਸੇ ਨੂੰ ਭਾਰੇ ਕਸ਼ਟ ਉਠਾ ਕੇ ਜਾਨ ਦੇਣੀ ਪਵੇ ਤਾਂ ਇਸ ਮੌਤ ਦੀ ਕਦਰ ਕਈ ਗੁਣਾਂ ਹੋਰ ਵਧ ਜਾਂਦੀ ਹੈ । ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ਼ ਬਹਾਦਰ ਜੀ ਭਾਵੇਂ ਬੇਅੰਤ ਹੋਰ ਗੁਣਾਂ ਤੇ ਖ਼ੂਬੀਆਂ ਦੇ ਮਾਲਕ ਵੀ ਸਨ ਪਰ, ਕਿਉਂਕਿ ਉਹਨਾਂ ਨੂੰ ਜਾਨ ਦੇਣੀ ਪਈ ਸੀ ਤੇ ਲੂੰ-ਕੰਢੇ ਖੜ੍ਹੇ ਕਰਨ ਵਾਲੇ ਤਸੀਹੇ ਉਹਨਾਂ ਸਹਾਰੇ ਸਨ—ਤੇ ਹਰ ਪ੍ਰਕਾਰ ਦੇ ਦੁੱਖਾਂ ਕਸ਼ਟਾਂ ਵਿਚ ਖ਼ੁਸ਼ ਰਹਿੰਦਿਆਂ ਹੋਇਆਂ ਆਪਣੀ ਬਰਦਾਸ਼ਤ ਸ਼ਕਤੀ ਨਾਲ ਦੁਨੀਆਂ ਨੂੰ ਹੈਰਾਨ ਕੀਤਾ ਸੀ, ਇਸ ਲਈ ਉਹਨਾਂ ਨੂੰ ਆਮ ਤੌਰ 'ਤੇ ਬਤੌਰ ਸ਼ਹੀਦ ਹੀ ਦੁਨੀਆਂ ਦੇ ਸਾਹਮਣੇ ਲਿਆਇਆ ਜਾਂਦਾ ਹੈ । ਜਦ ਕਦੇ ਉਹਨਾਂ ਦਾ ਜ਼ਿਕਰ ਛਿੜਦਾ ਹੈ ਤਾਂ ਸ਼ਹਾਦਤ ਸਭ ਤੋਂ ਮੂਹਰੇ ਹੁੰਦੀ ਹੈ ਤੇ ਉਹਨਾਂ ਦੇ ਬਾਕੀ ਗੁਣ ਲਾਂਭੇ ਰੱਖ ਦਿੱਤੇ ਜਾਂਦੇ ਹਨ, ਜਿਵੇਂ ਉਹਨਾਂ ਗੁਣਾਂ ਦੀ ਕੀਮਤ ਕੁਝ ਘੱਟ ਹੈ । ਇਹ ਠੀਕ ਹੈ ਕਿ ਉਹਨਾਂ ਧਰਮ ਦੀ ਪਾਲਣਾ ਜਾਨ ਦੇ ਕੇ ਕੀਤੀ ਤੇ ਉਹਨਾਂ ਦੀ ਸ਼ਹਾਦਤ ਦੀ ਘਟਨਾ ਵੀ ਇਕ ਅਲੌਕਿਕ ਤੇ ਚੁੰਧਿਆ ਦੇਣ ਵਾਲਾ ਚਮਤਕਾਰ ਹੈ, ਜਿਸ ਦਾ ਜ਼ਿਕਰ ਦੁਨੀਆਂ ਸਦਾ ਬੜੇ ਪਿਆਰ, ਡੂੰਘੇ ਅਦਬ ਤੇ ਸ਼ਰਧਾ ਨਾਲ ਕਰਦੀ ਰਹੇਗੀ, ਪਰ ਉਨਾਂ ਦੇ ਜੀਵਣ ਦੀ ਵਡਿਆਈ ਨਿਰੀ ਸ਼ਹੀਦੀ ਦੇ ਕਾਰਨ ਨਹੀਂ । ਇਹ ਸ਼ਹੀਦੀ ਤਾਂ ਉਸ ਮਹਾਨ ਸੁੰਦਰ ਜੀਵਨ ਦਾ ਇਕ ਕ੍ਰਿਸ਼ਮਾ ਸੀ ਜੋ ਜੀਵਤ ਭਾਵ ਤੋਂ ਮਰਣ ਪਿੱਛੋਂ ਉਪਜਿਆ ਸੀ ਤੇ ਉਸ ਜੀਵਣ ਦਾ ਇਕ ਅਮਲੀ ਤੇ ਪ੍ਰਤੱਖ ਸਬੂਤ ਸੀ। ਜੇ ਉਹ ਸ਼ਹੀਦ ਨਾ ਵੀ ਹੁੰਦੇ ਤਾਂ ਵੀ ਉਹ ਓਨੀ ਹੀ ਵੱਡੀ ਸ਼ਖ਼ਸੀਅਤ ਦੇ ਮਾਲਕ ਸਨ ਜਿੰਨੇ ਉਹ ਹੁਣ ਸਮਝੇ ਜਾਂਦੇ ਹਨ । ਉਹਨਾਂ ਦੀ ਸ਼ਹਾਦਤ ਕੋਈ ਐਵੇਂ ਚਾਨਸ ਜਾਂ ਅਚਾਨਕ ਘਟਨਾ ਨਹੀਂ ਸੀ । ਜੋ ਜੀਵਣ ਪ੍ਰੋਗਰਾਮ ਉਹਨਾਂ ਬਣਾਇਆ ਸੀ ਉਸ ਦਾ ਇਹ ਅਵੱਸ਼ ਤੇ ਕੁਦਰਤੀ ਨਤੀਜਾ ਸੀ—ਤੇ ਟਲ ਨਹੀਂ ਸਕਦਾ ਸੀ, ਜਿੰਨਾ ਚਿਰ ਉਹ ਆਪਣੇ ਵਿਸ਼ਵਾਸਾਂ, ਅਕੀਦਿਆਂ ਤੇ ਅਸੂਲਾਂ ਨੂੰ ਛੱਡਣ ਲਈ ਤਿਆਰ ਨਾ ਹੋ ਜਾਦੇ। ਜਿਹੜਾ ਮਨੁੱਖ ਕਿਸੇ ਉੱਤਮ ਧਰਮ ਦੇ ਕਾਰਜ ਨੂੰ ਅਪਨਾਉਂਦਾ ਹੈ,ਉਸ ਦੀ ਉਸ ਨੂੰ ਕੀਮਤ ਦੇਣੀ ਪੈਂਦੀ ਹੈ, ਕਿਉਂ ਕਿ ਹਰ ਚੰਗੀ ਚੀਜ਼ ਕੀਮਤ ਮੰਗਦੀ ਹੈ । ਜੇ ਉਹ ਨਿਰੀਪੁਰੀ ਜਾਨ ਹੀ ਬਚਾਉਣੀ ਚਾਹੁੰਦੇ ਤਾਂ ਉਹਨਾਂ ਲਈ ਕਈ ਰਸਤੇ ਸਨ । ਸਮੇਂ ਦੇ ਹਾਕਮਾਂ ਨਾਲ ਕੋਈ ਸਮਝੌਤਾ ਹੋ ਸਕਦਾ ਸੀ । ਬਾਣੀ ਵਿਚ ਦੋ ਖ਼ੁਸ਼ਾਮਦ ਦੇ ਅੱਖਰ ਪਾਣ ਨਾਲ ਜਾਨ ਬਚ



ਸਕਦੀ ਸੀ ।ਪਰ ਉਹਨਾਂ ਤਾਂ ਰਸਤਾ ਹੀ ਮਰਨ ਦਾ ਫੜਿਆ ਹੋਇਆ ਸੀ ਤੇ ਇਸ ਨੂੰ ਉਹ ਛੱਡ ਨਹੀਂ ਸਕਦੇ ਹਨ, ਕਿਉਂਕਿ ਉਸ ਰਸਤੇ ਦੀ ਬੁਨਿਆਦ ਹੋਰ ਸੀ । ਗੁਰੂ ਤੇਗ ਬਹਾਦਰ ਜੀ ਤਾਂ ਸਗੋਂ ਮਰਨ ਲਈ ਘਰੋਂ ਤਿਆਰ ਹੋ ਕੇ ਆਪ ਗਏ ਸਨ ਤੇ ਆਪਣੇ ਆਪ ਨੂੰ ਖ਼ੁਸ਼ੀ ਖ਼ੁਸੀ ਸਮੇਂ ਦੇ ਸਰਕਾਰ ਦੇ ਹਵਾਲੇ ਕੀਤਾ ਸੀ। ਜਾਨ ਉਹਨਾਂ ਨੂੰ ਵੀ ਬਹਤ ਪਿਆਰੀ ਸੀ, ਪਰ ਇਸ ਤੋਂ ਵੱਧ ਕੁਝ ਹੋਰ ਪਿਆਰਾ ਸੀ ।ਦੁਨੀਆਂ ਵਿਚ ਝੂਠ ਤੇ ਪਾਪ ਦਾ ਕਦੇ ਖ਼ਾਤਮਾ ਨਹੀਂ ਹੋਇਆ, ਇਸ ਲਈ ਸੱਚ ਤੇ ਝੂਠ ਦੀ ਟੱਕਰ ਸਦਾ ਹੁੰਦੀ ਰਹਿੰਦੀ ਹੈ ਤੇ ਹੁੰਦੀ ਰਹੇਗੀ । ਜਗਤ ਵਿਚ ਥਾਂ ਥਾਂ ਵਧੀਕੀਆਂ ਤੇ ਜ਼ੋਰ ਜ਼ੁਲਮ ਹੁੰਦੇ ਰਹਿੰਦੇ ਹਨ। ਕਿਤੇ ਸਮਾਜਿਕ ਵਿਤਕਰੇ, ਕਿਤੇ ਆਰਥਿਕ ਵਿਖੇਵੇਂ, ਕਿਤੇ ਗਵਾਂਢੀਆਂ ਦੇ ਧੱਕੇ, ਕਿਤੇ ਜਹਾਲਤ ਤੇ ਭਰਮਾਂ ਵਹਿਮਾਂ ਦੇ ਦੁਖਦਾਈ ਗੜ੍ਹ ਅਤੇ ਕਿਤੇ ਪੁਲੀਟੀਕਲ ਗ਼ੁਲਾਮੀਆਂ ਇਤਿਆਦਿਕ । ਕਈ ਕੁਝ ਹੁੰਦਾ ਵੇਖਦਾ ਹੋਇਆ ਧਰਮੀ ਤੇ ਸੱਚ ਦੇ ਰਾਹ ਤੁਰਨ ਵਾਲਾ ਪੁਰਸ਼ ਕਿਵੇਂ ਚੁਪ ਕੀਤਿਆਂ ਬਰਦਾਸ਼ਤ ਕਰ ਸਕਦਾ ਹੈ ? ਦੁਨੀਆਂਦਾਰਾਂ ਨਾਲ ਉਸ ਦੀ ਟੱਕਰ ਅਵੱਸ਼ ਹੋ ਜਾਂਦੀ ਹੈ । ਇਸੇ ਲਈ ਦਸਮ ਪਾਤਸ਼ਾਹ ਇਉਂ ਵਰ ਮੰਗਦੇ ਹੁੰਦੇ ਸਨ ਕਿ ਉਹ ਆਪਣੀ ਸਾਰੀ ਉਮਰ ਹੀ ਪਾਪ ਵਿਰੁੱਧ ਲੜਦੇ ਰਹਿਣ :-

"ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ।
ਨ ਡਰੋ ਅਰਿ ਸੋ ਜਬ ਜਾਇ ਲਰੋ, ਨਿਸਚੈ ਕਰਿ ਅਪੁਨੀ ਜੀਤ ਕਰੋਂ ।
ਅਰੁ ਸਿਖਹੋਂ ਆਪਨੇ ਹੀ ਮਨਕੋ, ਇਹ ਲਾਲਚ ਹਉ ਗੁਨ ਤਉ ਉਚਰੋਂ ।
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋਂ ॥
-੨੩੩ (ਚੰਡੀ ਚਰਿਤ੍ਰ ਪਾਤਿਸ਼ਾਹੀ ੧੦)

ਅਰਥਾਤ "ਹੇ ਵਾਹਿਗੁਰੂ, ਮੈਨੂੰ ਇਹ ਵਰ ਦਿਉ: ਮੈਂ ਸ਼ੁਭ ਕਰਮ ਕਰਨ ਤੋਂ ਕਦੇ ਨਾ ਟਲਾਂ, ਜਦ ਮੈਂ ਵਿਰੋਧੀ ਨਾਲ ਲੜਦਾ ਹੋਵਾਂ ਤਾਂ ਨਿਰਭਉ ਹੋ ਜਾਵਾਂ ਅਤੇ ਇਸ ਤਰ੍ਹਾਂ ਆਪਣੀ ਜਿੱਤ ਨੂੰ ਯਕੀਨੀ ਬਣਾ ਲਵਾਂ । ਮੈਂ ਆਪਣੀ ਸ਼ੁਧ ਆਤਮਾ ਦੀ ਅਵਾਜ਼ ਅਨੁਸਾਰ ਕੰਮ ਕਰਦਾ ਰਹਾਂ, ਮੈਨੂੰ ਕੇਵਲ ਇਕ ਹੀ ਲਾਲਚ ਹੋਵੇ ਕਿ ਤੇਰੇ ਗੁਣਾਂ ਦਾ ਉਚਾਰਨ ਕਰਦਾ ਰਹਾਂ ਅਤੇ ਆਖ਼ਰਕਾਰ ਜਦ ਮੌਤ ਦਾ ਸਮਾਂ ਆ ਬਣੇ ਤਾਂ ਧਰਮ ਦੀ ਜਦੋ ਜਹਿਦ ਕਰਦਾ ਹੀ ਮਰ ਜਾਵਾਂ ।

ਹਰੀ ਦੇ ਆਸ਼ਕ ਲੋਕਾਂ ਦਾ ਇਹੋ ਇਸ਼ਕ ਹੁੰਦਾ ਹੈ ਕਿ ਉਹ ਹਰੀ ਦੇ ਹੁਕਮ ਵਿਚ ਰਹਿ ਕੇ ਜਗਤ ਦੀ ਸੇਵਾ ਕਰਦੇ ਆਪਣੀ ਉਮਰ ਬਤੀਤ ਕਰਦੇ ਰਹਿਣ ਆਮ ਇਨਸਾਨਾਂ ਦੀ ਪਰਖ ਤਾਂ ਦਿਹਾੜੀ ਵਿਚ ਸੌ ਵਾਰੀ ਹੁੰਦੀ ਹੈ ਪਰ ਉਹ ਅੱਖਾਂ ਹੀ ਮੀਟ ਛੱਡਦੇ ਹਨ ਕਿ ਕੋਈ ਖ਼ਾਹ ਮਖ਼ਾਹ ਦੀ ਬਿਪਤਾ ਉਨ੍ਹਾਂ ਦੇ ਗਲ ਨਾ ਆ ਪਵੇ । ਪਰ ਜਿਸ ਦੀਆਂ ਅੱਖਾਂ ਖੁਲ੍ਹੀਆਂ ਹੁੰਦੀਆਂ ਹਨ ਕਿ ਕਿੰਨਾ ਕੁ ਚਿਰ ਬਚ ਬਚ ਕੇ ਕਦਮ ਰੱਖੇਗਾ । ਦੁਨੀਆਂਦਾਰ ਤਾਂ ਆਪਣੇ ਆਪ ਨੂੰ ਸਾਂਭ ਸਾਂਭ ਰੱਖਦੇ ਹਨ, ਪਰ ਰੱਬ ਦੇ ਬੰਦੇ ਕੀ ਕਰਨ ? ਉਹਨਾਂ ਨੂੰ ਛੇਤੀ ਜਾਂ ਦੇਰ ਨਾਲ ਨਿਰੇ ਦੁਨੀਆਂਦਾਰਾਂ ਨਾਲ ਸਾਂਝ ਤੋੜਨੀ ਪੈਂਦੀ ਹੈ । ਗੁਰੂ ਨਾਨਕ ਦੇਵ ਇਸ ਸਾਂਝ ਦਾ ਜ਼ਿਕਰ ਇਉਂ ਕਰਦੇ ਹਨ :

"ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥"

(ਵਾਰ ਮਾਝ ਮਹਲਾ ੧, ਅੰਗ ੧੪੫)

ਅਰਥਾਤ "ਭਗਤਾਂ ਤੇ ਦੁਨੀਆਂਦਰਾਂ ਦਾ ਮੇਲ ਨਹੀਂ ਹੋ ਸਕਦਾ ।

ਇਸ ਲਈ ਹੈਰਾਨੀ ਇਸ ਗੱਲ ਦੀ ਨਹੀਂ ਕਿ ਉਹ ਕਿਉਂ ਸ਼ਹੀਦ ਹੋਏ । ਹੈਰਾਨੀ ਸਗੋਂ ਤਦ ਹੁੰਦੀ ਹੈ ਜੇ ਉਹ ਬਚ ਕੇ ਨਿਕਲ ਜਾਂਦੇ । ਉਨ੍ਹਾਂ ਲਈ ਹੋਰ ਕੋਈ ਚਾਰਾ ਹੀ ਨਹੀਂ ਸੀ, ਕਿਉਂਕਿ ਉਹਨਾਂ ਆਪ ਮਿਸਾਲਾਂ ਬਣ ਕੇ ਦੂਜਿਆਂ ਨੂੰ ਸਹੀ ਕਿਸਮ ਦੇ ਮਰਣ ਦਾ ਰਾਹ ਵਿਖਾਣਾ ਸੀ ।

ਪਰ ਹਰ ਮਨੁੱਖ ਨੂੰ ਤੇ ਹਰ ਛੋਟੀ ਮੋਟੀ ਗੱਲ ਲਈ ਮਰਨ ਦਾ ਅਧਿਕਾਰ ਨਹੀਂ। ਗੁਰੂ ਸਾਹਿਬ ਮਰਨ ਨੂੰ ਸਸਤੀ ਜਿਹੀ ਘਟਨਾ ਨਹੀਂ ਬਨਾਣਾ ਚਾਹੁੰਦੇ ਸਨ । ਨਾ ਹਰ ਆਦਮੀ ਮਰਨ ਦਾ ਅਧਿਕਾਰੀ ਹੈ ਤੇ ਨਾ ਹੀ ਹਰ ਮੌਤ ਸ਼ਾਹਦਤ ਦਾ ਦਰਜਾ ਰੱਖਦੀ ਹੈ । ਭਾਵੇਂ ਮਰਨਾ ਬੜਾ ਔਖਾ ਹੁੰਦਾ ਹੈ ਪਰ ਦੁਨੀਆਂ ਦੇ ਇਤਿਹਾਸ ਵਿਚ ਕਈ ਲੋਕ ਵਾਹ ਵਾਹ ਦੀ ਖ਼ਾਤਰ, ਜਾਂ ਲੋਕ ਲਾਜ ਦੇ ਖ਼ਿਆਲ ਨਾਲ, ਜਾਂ ਹਠ ਤੇ ਜ਼ਿੱਦ ਵਿਚ ਆ ਕੇ ਜਾਂ ਅੰਨ੍ਹੇ ਤਅੱਸਬ ਦੇ ਅਸਰ ਹੇਠ ਜਾਂ ਕਿਸੇ ਵਕਤੀ ਜੋਸ਼ ਵਿਚ, ਜਾਨਾਂ ਵਾਰ ਦੇਂਦੇ ਰਹੇ ਹਨ । ਸਤੀਆਂ ਖ਼ੁਸ਼ੀ ਖ਼ੁਸ਼ੀ ਚਿਖਾ ਚੜ੍ਹ ਜਾਂਦੀਆਂ ਰਹੀਆਂ ਹਨ । ਹਿਟਲਰ ਵਰਗੇ ਦ੍ਰਿੜ੍ਹ ਆਦਮੀਆਂ ਨੇ ਆਪਣੇ ਬਣਾਏ ਪ੍ਰੋਗਰਾਮਾਂ ਦੀ ਪੂਰਤੀ ਲਈ ਆਪਣੇ ਆਪ ਨੂੰ ਬੇਅੰਤ ਕਸ਼ਟਾਂ ਵਿਚ ਪਾਇਆ ਸੀ । ਕਈ ਪੁਰਸ਼ ਰਣ ਵਿਚ ਸੂਰਮਗਤੀ ਕਰਦੇ ਮਰ ਜਾਂਦੇ ਰਹੇ ਹਨ । ਕਈ ਸ਼ਰਧਾਵਾਨ ਕਿਸੇ ਵਹਿਮ ਜਾਂ ਮਜ਼ਹਬੀ ਜਨੂੰਨ ਵਿਚ ਹੀ ਕਾਂਸੀ ਦੇ ਕਲਵਤਰ ਤੇ ਆਪਣੇ ਸਰੀਰ



ਦੇ ਦੋ ਟੋਟੇ ਕਰਵਾ ਲੈਂਦੇ ਰਹੇ ਹਨ । ਪਰ ਇਹ ਸਾਰੇ ਸ਼ਹੀਦ ਤਾਂ ਨਹੀਂ ਹੋ ਜਾਂਦੇ । ਗੁਰੂ ਅਰਜਨ ਦੇਵ ਜੀ ਆਪ ਕਹਿੰਦੇ ਹਨ :

**"ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥**
**ਤਉ ਭੀ ਹਉਮੈ ਮੈਲੁ ਨ ਜਾਵੈ ॥"**

(ਗਉੜੀ ਮਹਲਾ ੫, ਅੰਗ ੨੬੫)

ਅਰਥਾਤ "ਜੇ ਕੋਈ ਆਪਣੇ ਸਰੀਰ ਦੇ ਟੋਟੇ ਟੋਟੇ ਵੀ ਕਰਵਾ ਲਏ ਤਾਂ ਭੀ ਉਸ ਦੇ ਅੰਦਰ ਪਈ ਹਉਮੈਂ ਦੀ ਮੈਲ ਨਹੀਂ ਜਾਂਦੀ ।

ਆਰੰਭ ਦੇ ਸ਼ਬਦ ਵਿਚ ਵੀ ਉਹ ਕੁਝ ਇਹੋ ਖ਼ਿਆਲ ਇਸ ਤਰ੍ਹਾਂ ਦਿੰਦੇ ਹਨ :

**"ਮਰਣੋ ਮਰਣੁ ਕਹੈ ਸਭੁ ਕੋਈ ॥**
**ਸਹਜੇ ਮਰੈ ਅਮਰੁ ਹੋਇ ਸੋਈ ॥" (ਅੰਗ ੩੨੭)**

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ

"ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥
ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥"

(ਸਿਧੀ ਰਾਗ ਮਹਲਾ ੧, ਅੰਗ ੬੨)

ਅਰਥਾਤ "ਜੇ ਕੋਈ ਕਲਵਤ੍ਰ ਤੇ ਚੜ੍ਹ ਕੇ ਸਰੀਰ ਦੇ ਟੋਟੇ ਟੋਟੇ ਕਰਵਾ ਲਏ ਜਾਂ ਹਿਮਾਲਾ ਪਰਬਤ ਦੀ ਬਰਫ਼ ਵਿਚ ਆਪਣੇ ਆਪ ਨੂੰ ਗਲਵਾ ਦੇਵੇ ਤਾਂ ਵੀ ਉਸ ਦੇ ਮਨ ਵਿਚ ਪਏ ਰੋਗ ਜਾਂਦੇ ਨਹੀਂ ।"

ਅਮਰ ਉਹ ਨਹੀਂ ਹੁੰਦਾ ਜੋ ਬੇਲੋੜੀ ਜਾਨ ਗਵਾਂਦਾ ਹੈ,ਸਗੋਂ ਉਹ ਹੁੰਦਾ ਹੈ ਜੋ ਸਹਜ ਵਿਚ ਮਰਦਾ ਹੈ । ਇਹ ਐਸੀ ਮਰਨੀ ਹੈ ਜਿਸ ਦੇ ਮਰਿਆਂ ਮੁੜ ਮਰਨਾ ਨਹੀਂ ਪੈਂਦਾ । ਜਿਵੇਂ ਭਗਤ ਕਬੀਰ ਜੀ ਇਉਂ ਕਹਿੰਦੇ ਹਨ :

**"ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥**
**ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥"**

(ਸਲੋਕ ਕਬੀਰ ਜੀ, ਅੰਗ ੫੫੫)

ਅਰਥਾਤ "ਹੇ ਕਬੀਰ, ਮਰਦਾ ਤਾਂ ਸਾਰਾ ਸੰਸਾਰ ਹੈ, ਪਰ ਮਰਨ ਦੀ ਠੀਕ ਜਾ ਕਿਸੇ ਵਿਰਲੇ ਨੂੰ ਹੁੰਦੀ ਹੈ । ਜੋ ਠੀਕ ਜਾਚ ਨਾਲ ਮਰਦਾ ਹੈ, ਉਸ ਨੂੰ ਫਿਰ ਮਰਨਾ ਨਹੀਂ ਪੈਂਦਾ ।"

ਗੁਰੂ ਨਾਨਕ ਦੇਵ ਜੀ ਆਰੰਭ ਵਿਚ ਹੀ ਠੀਕ ਮਰਨੀ ਇਉਂ ਦੱਸ ਆਏ ਹਨ :

"ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥"
(ਅੰਗ ੫੭੯)

ਮਹਾਰਾਜ ਮਰਨ ਦਾ ਹੱਕ ਕੇਵਲ ਸੂਰਮੇ ਨੂੰ ਹੀ ਦਿੰਦੇ ਹਨ ਜੋ ਪਰਵਾਨ ਹੋ ਕੇ ਮਰਦਾ ਹੈ, ਜੋ ਜੀਵਤ ਭਾਵ ਤੋਂ ਮਰਦਾ ਹੈ । ਅਰਥਾਤ ਜੋ ਸਹਜ ਵਿਚ ਮਰਦਾ ਹੈ । ਉਸ ਦੇ ਜੀਵਨ ਵਿਚ ਸਹਜ ਆ ਗਿਆ ਹੁੰਦਾ ਹੈ। ਉਸ ਦੀ ਸ਼ਖ਼ਸੀਅਤ ਐਸੀ ਉੱਚੀ ਤੇ ਸੁੱਚੀ ਹੋ ਗਈ ਹੈ ਕਿ ਉਸ ਵਿਚ ਸੱਚ, ਪ੍ਰੇਮ, ਨਿੰਮ੍ਰਤਾ, ਖਿਮਾਂ, ਸੰਤੋਖ, ਧੀਰਜ, ਭਰੋਸਾ, ਆਦਿਕ ਦੈਵੀ ਗੁਣ ਪ੍ਰਬਲ ਰੂਪ ਵਿਚ ਪ੍ਰਵੇਸ਼ ਕਰ ਗਏ ਹਨ । ਭਾਈ ਗੁਰਦਾਸ ਜੀ ਕਹਿੰਦੇ ਹਨ ।

"ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ ॥"
(ਵਾਰ ਭਾਈ ਗੁਰਦਾਸ)

ਅਰਥਾਤ "ਸ਼ਹੀਦ ਉਹ ਹੈ ਜੋ ਸਬਰ ਸੰਤੋਖ ਵਿਚ ਰਹਿੰਦਾ ਹੈ ਤੇ ਭਰਮ, ਭਉ ਤੋਂ ਰਹਿਤ ਗਿਆ ਹੈ ।"

ਉਸ ਦੀ ਸ਼ਖ਼ਸੀਅਤ ਨਿੱਗਰ ਗੁਣਾਂ ਨਾਲ ਬਣੀ ਹੈ, ਐਸੀ ਸ਼ਖ਼ਸੀਅਤ ਜਿਸ ਦਾ ਧਰਮ ਤੇ ਨੇਕੀ ਨਾਲ ਪੱਕਾ ਤੇ ਸੁਭਾਵਿਕ ਨਾਤਾ ਹੋ ਗਿਆ ਹੈ । ਇਸ ਲਈ ਉਹ ਧਰਮ ਦੀ ਖ਼ਾਤਰ ਸੂਰਮਾ ਹੋ ਕੇ ਜਦੋ-ਜਹਿਦ ਕਰਦਾ ਹੈ, ਤੇ ਮਰਦਾ ਹੈ ।

"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥"
(ਮਾਰੂ ਕਬੀਰ ਜੀ, ਅੰਗ ੧੧੦੫)

ਅਰਥਾਤ "ਸੂਰਮਾ ਉਹ ਹੈ ਜੋ ਦੀਨ (ਧਰਮ) ਦੀ ਖ਼ਾਤਰ ਲੜਦਾ ਹੈ ।"

ਧਰਮ ਲਈ ਲੜਦਿਆਂ ਜੇ ਲੋੜ ਪਏ ਤਾਂ ਉਹ ਜਾਨ ਵੀ ਦੇ ਦਿੰਦਾ ਹੈ, ਅਰਥਾਤ ਜ਼ੋਰ, ਜ਼ੁਲਮ ਤੇ ਧੱਕਿਆਂ ਦੇ ਖਿਲਾਫ਼ ਲੜਦਾ ਹੋਇਆ ਉਹ



ਮਰਨ ਤਕ ਚਲਾ ਜਾਂਦਾ ਹੈ । ਉਹ ਸੱਚ ਤੇ ਧਰਮ ਦੀ ਬੁਨਿਆਦ 'ਤੇ ਖੜ੍ਹਾ ਹੈ, ਉਸ ਨੂੰ ਉਸ ਦੀ ਆਪਣੀ ਸ਼ੁੱਧ ਆਤਮਾ ਦੀ ਸੱਚੀ ਅਵਾਜ਼ ਪ੍ਰੇਰ ਕੇ ਇਸ ਰਾਹ 'ਤੇ ਪਾਂਦੀ ਹੈ । ਉਸ ਨੇ ਕੋਈ ਨਿੱਜੀ ਸੁਆਰਥ ਪੂਰਾ ਨਹੀਂ ਕਰਨਾ ਹੁੰਦਾ। ਉਹ ਕਿਸੇ ਹੱਠ, ਗੁੱਸੇ ਜਾਂ ਲੋਕ ਲਾਜ ਦੇ ਅਸਰ ਹੇਠ ਨਹੀਂ, ਨਿਰੋਲ ਧਰਮ ਦੀ ਖ਼ਾਤਰ ਤੇ ਖ਼ੁਸ਼ੀ ਖ਼ੁਸ਼ੀ ਜਾਨ ਦੀ ਬਾਜ਼ੀ ਲਾ ਰਿਹਾ ਹੁੰਦਾ ਹੈ । ਇਹੋ ਹੀ ਸਹਜ ਵਿਚ ਮਰਨਾ ਹੈ ।

ਇਸ ਵਿਚਾਰ ਦਾ ਭਾਵ ਇਹ ਹੈ ਕਿ ਸ਼ਹੀਦੀ ਲਈ ਘੱਟੋ ਘੱਟ ਦੋ ਜ਼ਰੂਰੀ ਸ਼ਰਤਾਂ ਸਾਹਮਣੇ ਆ ਖਲੋਂਦੀਆਂ ਹਨ । ਇਕ ਇਹ ਕਿ ਸ਼ਹੀਦ ਦਾ ਆਪਣਾ ਜੀਵਨ ਸੰਪੂਰਨ ਸੱਚਾ ਤੇ ਸੁੱਚਾ ਹੋਵੇ ਅਤੇ ਦੂਜੀ ਇਹ ਹੈ ਕਿ ਉਹ ਧਰਮ ਦੇ ਕਿਸੇ ਵੱਡੇ ਕੰਮ ਲਈ ਮਰੇ । ਇਹ ਦੋਵੇਂ ਸ਼ਰਤਾਂ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ਼ ਬਹਾਦਰ ਜੀ ਦੀਆਂ ਆਦਰਸ਼ਕ ਸ਼ਹੀਦੀਆਂ ਵਿਚ ਪ੍ਰਤੱਖ ਦਿੱਸਦੀਆਂ ਹਨ ਤੇ ਇਸੇ ਲਈ ਉਹ ਸ਼ਹੀਦਾਂ ਦੇ ਸਿਰਤਾਜ ਗਿਣੇ ਜਾਂਦੇ ਹਨ । ਉਨ੍ਹਾਂ ਦੀ ਸਾਰੀ ਹੀ ਉਮਰ ਸੇਵਾ ਵਿਚ ਗੁਜ਼ਰਦੀ ਹੈ । ਨੇਕੀ ਤੇ ਪਰਉਪਕਾਰ ਜੀਵਣ ਦਾ ਨਿਸ਼ਾਨਾ ਬਣ ਗਏ ਹਨ । ਅਸੀਂ ਵੇਖ ਆਏ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ ਕਈ ਸਾਲਾਂ ਦੀ ਅਣਥੱਕ ਮਿਹਨਤ ਨਾਲ ਬੜੇ ਬੜੇ ਕੰਮ ਕੀਤੇ ਸਨ, ਹਾਲਾਂਕਿ ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦੇ ਬੜੇ ਵਿਰੋਧੀ ਹਾਲਾਤ ਵਿਚ ਕੰਮ ਕਰਨਾ ਪਿਆ ਸੀ । ਘਰ ਵਿਚ ਵੱਡਾ ਭਰਾ ਪ੍ਰਿਥੀ ਚੰਦ ਬੜੀ ਭੈੜੀ ਕਿਸਮ ਦਾ ਵੈਰੀ ਸੀ ਅਤੇ ਅਤਿ ਈਰਖਾ ਨਾਲ ਸੜ ਬਲ ਰਿਹਾ ਸੀ । ਉਹ ਗੱਦੀ ਦਾ ਮਾਲਕ ਬਣਨਾ ਚਾਹੁੰਦਾ ਸੀ, ਭਾਵੇਂ ਇਹ ਗੱਦੀ ਉਸ ਲਈ ਕੋਈ ਜ਼ਿੰਮੇਵਾਰੀ ਜਾਂ ਸੇਵਾ ਦਾ ਅਵਸਰ ਨਹੀਂ ਸੀ ; ਸਗੋਂ ਧਨ, ਇੱਜ਼ਤ, ਤਾਕਤ ਤੇ ਦੁਨਿਆਵੀ ਪਰਤਾਪ ਵਧਾਣ ਲਈ, ਇਕ ਵਸੀਲਾ ਸੀ। ਮੁਕਾਬਲੇ 'ਤੇ ਗੁਰੂ ਹੋ ਬੈਠਾ ਤੇ ਪੰਥ ਵਿਚ ਦੋ ਪਾਰਟੀਆਂ ਬਣ ਗਈਆਂ। ਵੇਲੇ ਦੀ ਸਰਕਾਰ ਨੇ ਉਸ ਨੂੰ ਆਪਣੇ ਮਕਸਦਾਂ ਲਈ ਵਰਤਣ ਵਾਸਤੇ ਉਸ ਦੀ ਖ਼ੂਬ ਪਿੱਠ ਠੋਕੀ ਸੀ । ਉਸ ਨੂੰ ਡੇਹਰਾਦੂਨ ਜਾਗੀਰ ਵੀ ਦਿੱਤੀ ਗਈ ਤੇ ਸ਼ਾਹੀ ਦਰਬਾਰਾਂ ਵਿਚ ਉਸ ਦਾ ਚੰਗਾ ਆਦਰ ਮਾਣ ਹੋਣ ਲੱਗਾ । ਇਸ ਪਰਤਾਪ ਨੂੰ ਵੇਖ ਕੇ ਕਈ ਕਮਜ਼ੋਰ ਈਮਾਨ ਵਾਲੇ ਸਿੱਖ ਵੀ ਪ੍ਰਿਥੀ ਚੰਦ ਵੱਲ ਖਿੱਚੇ ਗਏ । ਏਧਰ ਮਾਇਆ ਦੀ ਥੁੜ੍ਹੋਂ ਲੰਗਰ ਵਿਚ ਮਿਸੀਆਂ ਹੀ ਪਕਦੀਆਂ ਸਨ, ਪਰ ਗੁਰੂ ਸਾਹਿਬ ਆਪਣੇ ਰਾਹਾਂ ਤੇ ਨਿੰਮ੍ਰਤਾ ਤੇ ਧੀਰਜ ਦੇ ਘਰ ਵਿਚ ਰਹਿੰਦੇ ਹੋਏ ਅਡੋਲ ਤੁਰਦੇ ਗਏ । ਉਹਨਾਂ ਦੂਜਿਆਂ ਦੀਆਂ ਵਧੀਕੀਆਂ ਦਾ

ਕਦੇ ਜ਼ਿਕਰ ਨਹੀਂ ਕੀਤਾ ਤੇ ਨਾ ਕਦੇ ਕਿਸੇ ਨੂੰ ਕੋਈ ਉਲਾਮ੍ਹਾ ਹੀ ਦਿੱਤਾ । ਉਹ ਆਪ ਇਉਂ ਦੱਸਦੇ ਹਨ :

**"ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤਹਾਰੋ ਕੀਓ॥੧॥ ਰਹਾਉ ॥**
**ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤਹਾਰੋ ਜੀਓ ॥**
**ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥੧॥**
**ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ ॥**
**ਸਾਧਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ ॥"**

(ਨਟ ਨਾਰਾਇਨ ਮਹਲਾ ੫, ਅੰਗ ੯੭੮

ਅਰਥਾਤ ਮੈਂ ਕਿਸੇ ਨੂੰ ਉਲ੍ਹਾਮਾ ਨਹੀਂ ਦਿੰਦਾ, ਹੇ ਵਾਹਿਗੁਰੂ ! ਮੈਂ ਤੇਰੇ ਕੀਤੇ ਨੂੰ ਮਿੱਠਾ ਕਰ ਕੇ ਮੰਨਿਆ ਹੈ । ਤੇਰੇ ਹੁਕਮ ਬੁਝ ਕੇ ਤੇ ਮੰਨ ਕੇ ਮੇਰੇ ਮਨ ਵਿਚ ਸੁਖ ਹੋ ਗਿਆ ਹੈ । ਹੁਣ ਮੈਂ ਤੇਰਾ ਨਾਮ ਸੁਣ ਕੇ ਹੀ ਜਿਊਂਦਾ ਹਾਂ । ਮੇਰੇ ਗੁਰੂ ਨੇ ਮੈਨੂੰ ਇਹ ਉਪਦੇਸ਼ ਦ੍ਰਿੜ੍ਹ ਕਰਾਇਆ ਹੈ ਕਿ ਏਥੇ, ਉੱਥੇ ਤੇ ਹਰ ਥਾਂ ਤੂੰ ਹੀ ਵਰਤ ਰਿਹਾ ਹੈਂ (ਇਸ ਲਈ ਗਿਲਾ ਜਾਂ ਉਲ੍ਹਾਮਾ ਕਿਸ ਲਈ ਤੇ ਕਿਉਂ ? ਜਦੋਂ ਤੋਂ ਇਸ ਭੇਦ ਦੀ ਸਮਝ ਪੈ ਗਈ ਹੈ ਤਦੋਂ ਤੋਂ ਸੁਖ ਹੀ ਸੁਖ ਵਰਤ ਗਿਆ ਹੈ । ਸਾਧ ਸੰਗਤ ਦਵਾਰਾ, ਮਨ ਵਿਚ ਐਸਾ ਚਾਨਣ ਹੋਇਆ ਹੈ ਕਿ ਕੋਈ ਦੂਜਾ (ਓਪਰਾ) ਹੁਣ ਦਿਸਦਾ ਹੀ ਨਹੀਂ ।"

ਇਸੇ ਭਾਵ ਦੇ ਕਈ ਹੋਰ ਬਚਨ ਉਹਨਾਂ ਦੇ ਮਿਲਦੇ ਹਨ ਜੋ ਹਰ ਪ੍ਰਕਾਰ ਦੇ ਤਪਤ ਹਿਰਦਿਆਂ ਨੂੰ ਠੰਢ ਪਾਣ ਵਾਲੇ ਹੁੰਦੇ ਹਨ ; ਜਿਵੇਂ :

"ਆਗੈ ਸੁਖੁ ਮੇਰੇ ਮੀਤਾ ॥ ਪਾਛੇ ਆਨਦੁ ਪ੍ਰਭਿ ਕੀਤਾ ॥"

(ਸਰੋਠਿ ਮਹਲਾ ੫, ਅੰਗ ੬੩੦)

ਅਰਥਾਤ "ਹੇ ਮਿਤ੍ਰ ਮੇਰੇ ਪ੍ਰਭੂ ਨੇ ਮੇਰੇ ਅੱਗੇ ਤੇ ਪਿੱਛੇ ਸਭ ਥਾਂ ਸੁਖ ਤੇ ਅਨੰਦ ਹੀ ਵਰਤਾਇਆ ਹੈ ।"

ਕਈ ਤਰ੍ਹਾਂ ਦੀਆਂ ਬਿਪਤਾਵਾਂ ਤੇ ਕਸ਼ਟਾਂ ਵਿਚ ਹੁੰਦਿਆਂ ਹੋਇਆਂ ਵੀ ਉਹ ਠੰਡੇ ਤੇ ਸ਼ਾਂਤ ਰਹੇ ਸਨ ਅਤੇ ਉਨ੍ਹਾਂ ਦੀ ਬਾਣੀ ਵਿਚ ਕਿਤੇ ਵੀ ਗਿਲਾ ਜਾਂ ਸ਼ਿਕਾਇਤ ਦਾ ਇਕ ਅੱਖਰ ਨਹੀਂ ਮਿਲਦਾ । ਚੰਦੂ, ਪ੍ਰਿਥੀ ਚੰਦ ਜਾਂ ਜਹਾਂਗੀਰ ਲਈ ਕਦੇ ਕੋਈ ਕੌੜਾ ਸ਼ਬਦ ਮੂੰਹੋਂ ਨਹੀਂ ਨਿਕਲਿਆ । ਨਿੰਮ੍ਰਤਾ,



ਗ਼ਰੀਬੀ ਤੇ ਪ੍ਰੇਮ-ਪਿਆਰ ਦੇ ਘਰ ਵਿਚ ਰਹਿ ਕੇ ਵਿਰੋਧੀਆਂ ਦਾ ਮੁਕਾਬਲਾ ਕੀਤਾ । ਪ੍ਰਿਥੀ ਚੰਦ ਨੇ ਕੁਝ ਭੁੱਲੜ ਸਿੱਖਾਂ ਨੂੰ ਕਿਸੇ ਹੱਦ ਤਕ ਕੁਰਾਹੇ ਵੀ ਪਾ ਲਿਆ ਸੀ ਪਰ ਉਸ ਦੇ ਅਸਰ ਨੂੰ ਗੁਰੂ ਜੀ ਨੇ ਸਹਿਜੇ ਸਹਿਜੇ, ਸੱਚ ਤੇ ਪ੍ਰੇਮ ਦੇ ਰਾਹ 'ਤੇ ਤੁਰਦਿਆਂ, ਕਾਇਲ ਕੀਤਾ । ਪ੍ਰਿਥੀ ਚੰਦ ਨੇ , ਨਵੇਂ ਦੁਨੀਆਂਦਾਰਾਂ ਦੀ ਤਰ੍ਹਾਂ, ਹੋਰ ਗੁੱਸਾ ਖਾਧਾ, ਏਥੋਂ ਤਕ ਕਿ ਉਸ ਨੇ ਆਪਣੇ ਭਤੀਜੇ (ਗੁਰੂ) ਹਰਿਗੋਬਿੰਦ ਜੀ ਨੂੰ ਮਾਰ ਦੇਣ ਦੀਆਂ ਸਾਜ਼ਸ਼ਾਂ ਵੀ ਕੀਤੀਆਂ, ਭਾਵੇਂ ਉਹ ਸਫਲ ਨਾ ਹੋਇਆ । ਗੁਰੂ ਸਾਹਿਬ ਜੀ ਦੀ ਥਾਂ ਥਾਂ ਨਿੰਦਾ ਕੀਤੀ ਗਈ, ਝੂਠੇ ਮੁਕੱਦਮੇ ਬਣਾਏ ਗਏ ਤੇ ਆਖਰ ਸੁਲਹੀ ਖ਼ਾਂ ਤੇ ਸੁਲਭੀ ਖਾਂ ਵੀ ਚਾੜ੍ਹ ਲਿਆਂਦੇ ਗਏ । ਪਰ ਗੁਰੂ ਜੀ ਅਡੋਲ ਸਨ, ਭਾਵੇਂ ਸਿੱਖ ਸੰਗਤ ਵਿਚ ਗੁੱਸਾ, ਘਬਰਾਹਟ ਤੇ ਬੇਦਿਲੀ ਵੀ ਆ ਗਈ ਸੀ । ਉਹਨਾਂ ਨੂੰ ਰੱਬ 'ਤੇ ਸਚਾਈ 'ਤੇ ਵਿਸ਼ਵਾਸ ਸੀ । ਐਨ ਉਸ ਸਮੇਂ ਦਾ ਉਚਾਰਨ ਕੀਤਾ । ਉਹਨਾਂ ਦਾ ਇਹ ਸ਼ਬਦ ਮਿਲਦਾ ਹੈ :

**"ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥**
**ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥**
**ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥**
**ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥"**

(ਆਸਾ ਮਹਲਾ ੫, ਅੰਗ ੩੭੧)

ਅਰਥਾਤ "ਪਹਿਲਾ ਮਸ਼ਵਰਾ ਮੇਰੇ ਸਭ ਇੱਛਕਾਂ ਵੱਲੋਂ ਇਹ ਦਿੱਤਾ ਗਿਆ ਹੈ ਕਿ ਮੈਂ ਚਿੱਠੀ-ਚਪੱਠੀ ਰਾਹੀਂ ਕੋਈ ਆਪਣੀ ਸੁਲਾਹ ਦਾ ਰਾਹ ਕੱਢਾਂ, ਫਿਰ ਇਹ ਹੈ ਕਿ ਮੈਂ ਦੋ ਆਦਮੀ, ਬਤੌਰ ਵਿਚੋਲੇ ਭੇਜਾਂ, ਤੇ ਫਿਰ ਇਹ ਕਿ ਕੋਈ ਨਾ ਕੋਈ ਸਮਝੌਤੇ ਦਾ ਠੋਸ ਉਪਾਉ ਕਰਾਂ, ਪਰ ਮੈਂ ਸਭ ਕੁਝ ਛੱਡ ਕੇ ਕੇਵਲ ਅਕਾਲ ਪੁਰਖ ਨੂੰ ਧਿਆਉਂਦਾ ਸਾਂ ਤੇ ਉਸ ਉੱਤੇ ਹੀ ਭਰੋਸਾ ਰਖਦਾ ਸਾਂ (ਕਿਉਂਕਿ ਮੇਰਾ ਪੱਖ ਸੱਚਾ ਹੈ) ਤੇ ਇਸ ਤੋਂ ਵੱਧ ਮੈਨੂੰ ਕੁਝ ਨਹੀਂ ਚਾਹੀਦਾ ।"

ਇਸ ਸਬਦ ਤੋਂ ਜ਼ਾਹਰ ਹੈ ਕਿ ਉਸ ਸਮੇਂ ਕਿੱਡੀ ਘਬਰਾਹਟ ਹੋ ਚੁੱਕੀ ਹੋਈ ਸੀ ਤੇ ਸੰਗਤਾਂ ਵੱਲੋਂ ਸੁਲਾਹ ਜਾਂ ਕਿਸੇ ਸਮਝੌਤੇ ਲਈ ਮਸ਼ਵਰੇ ਦਿੱਤੇ ਗਏ ਸਨ । ਪਰ ਗੁਰੂ ਸਾਹਿਬ ਅਟੱਲ ਵਿਸ਼ਵਾਸ ਵਿਚ ਪਹਾੜ ਦੀ

ਤਰ੍ਹਾਂ ਅਡੋਲ ਰਹੇ ਸਨ ਤੇ ਇਉਂ ਗਜਦੇ ਸਨ :

"ਸੁਲਹੀ ਤੇ ਨਾਰਾਇਣ ਰਾਖੁ ॥"

(ਬਿਲਾਵਲੁ ਮਹਲਾ ੫, ਅੰਗ ੮੨੫)

ਕੁਝ ਸਿੱਖਾਂ ਦਾ ਇਹ ਵਿਚਾਰ ਸੀ ਕਿ ਬਾਦਸ਼ਾਹ ਦੀ ਨਾਰਾਜ਼ਗੀ ਨਾਲ ਖ਼ਤਰਨਾਕ ਨਤੀਜੇ ਨਿਕਲ ਸਕਦੇ ਹਨ । ਮਹਾਰਾਜ ਨੇ ਇਸ ਦਾ ਉੱਤਰ ਇਹ ਦਿੱਤਾ ਸੀ :"ਅਸੂਲ 'ਤੇ ਚਲਦਿਆਂ ਮੇਲ-ਮਿਲਾਪ ਲਈ ਸਦਾ ਤਿਆਰ ਹਾਂ, ਛੱਡ ਕੇ ਨਹੀਂ । ਜੋ ਹੋਵੇ ਸੋ ਪਿਆ ਹੋਵੇ ਤੇ ਉਸ ਲਈ ਸਦਾ ਤਿਆਰ ਹਾਂ।"

ਏਡਾ ਬਲ ਸੀ ਉਹ ਮਹਾਨ ਸ਼ਖ਼ਸੀਅਤ ਵਿਚ, ਜੋ ਸ਼ਹੀਦੀ ਸਮੇਂ ਪੂਰੇ ਜੋਬਨ ਵਿਚ ਪ੍ਰਗਟ ਹੋਇਆ ਸੀ । ਦਿਲ ਹਿਲਾ ਦੇਣ ਵਾਲੇ ਤਸੀਹੇ ਦੇ ਕੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ ਸੀ, ਪਰ ਉਨ੍ਹਾਂ 'ਸੀ' ਤਕ ਨਹੀਂ ਸੀ ਕੀਤੀ। ਭਾਣਾ ਮਿੱਠਾ ਕਰਕੇ ਮੰਨਿਆ ਸੀ ਤੇ ਹੁਕਮੀ ਸੇਵਕ ਦਾ ਇਕ ਬੇ-ਮਿਸਾਲ ਨਮੂਨਾ ਬਣ ਕੇ ਵਿਖਾਇਆ ਸੀ । ਇਸ ਸਾਰੇ ਸਮੇਂ ਵਿਚ ਨਾ ਸਿਰਫ ਉਹ ਬਹਾਦਰਾਂ ਦੀ ਤਰ੍ਹਾਂ ਨਿਰਭੈ ਸਨ, ਸਗੋਂ ਪੂਰਨ ਤੌਰ 'ਤੇ ਨਿਰਵੈਰ ਵੀ ਰਹੇ ਸਨ । ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਉਨ੍ਹਾਂ ਦੀ ਜ਼ਬਾਨ 'ਤੇ ਸਨ :

**"ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥"**

(ਧਨਾਸਰੀ ਮਹਲਾ ੫, ਅੰਗ ੬੭੧)

ਦੁਸ਼ਮਨੀ ਦੇ ਜਜ਼ਬੇ ਤੇ ਬਦਲੇ ਦੀਆਂ ਖ਼ਾਹਸ਼ਾਂ, ਮਨੁੱਖ ਦੇ ਆਪ ਨੀਵਾਂ ਹੋਣ ਦੇ ਸਬੂਤ ਹੁੰਦੀਆਂ ਹਨ । ਮਹਾਂਪੁਰਸ਼ ਨਾ ਕਿਸੇ ਨੂੰ ਭੈ ਦਿੰਦੇ ਹਨ ਤੇ ਨਾ ਕਿਸੇ ਦਾ ਭੈ ਖਾਂਦੇ ਹਨ ।

ਸਪਾਈਨੋਜ਼ਾ ਨੇ ਠੀਕ ਕਿਹਾ :To hate is to acknowledge one's inferiority & one's fear. We don't hate a foe whom we are confident we can overcome."

ਅਰਥਾਤ "ਕਿਸੇ ਨਾਲ ਨਫ਼ਰਤ ਆਪਣੇ ਮੰਦੇਰਾਪਨ ਅਤੇ ਆਪਣੇ ਡਰ ਦਾ ਇਕਬਾਲ ਹੁੰਦਾ ਹੈ । ਅਸੀਂ ਉਸ ਵੈਰੀ ਨੂੰ ਨਫ਼ਰਤ ਨਹੀਂ ਕਰਦੇ, ਜਿਸ 'ਤੇ ਕਾਬੂ ਪਾ ਸਕਣ ਦਾ ਸਾਨੂੰ ਭਰੋਸਾ ਹੁੰਦਾ ਹੈ ।"

ਗੁਰੂ ਸਾਹਿਬ ਪੂਰਨ ਨਿਰਵੈਰ ਤੇ ਨਿਰਭੈ ਸਨ । ਉਹ ਪਹਿਲਾਂ



ਇਕ ਮਹਾਨ ਸ਼ਖ਼ਸੀਅਤ ਬਣੇ ਸਨ ਤੇ ਫੇਰ ਏਡੀ ਮਜ਼ਬੂਤ ਤੇ ਜ਼ੁਲਮੀ ਤਾਕਤ ਨਾਲ ਟਕਰਾਏ ਸਨ । ਕਈ ਅੰਜਾਣੇ ਇਤਿਹਾਸਕਾਰ ਉਹਨਾਂ ਦੀ ਸ਼ਹੀਦੀ ਦਾ ਕਾਰਨ ਦੀਵਾਨ ਚੰਦੂ ਨੂੰ ਮਿਥਦੇ ਹਨ । ਪਰ ਚੰਦੂ ਤਾਂ ਕੇਵਲ ਹਥਿਆਰ ਦੇ ਤੌਰ 'ਤੇ ਵਰਤਿਆ ਗਿਆ ਸੀ। ਅਸਲ ਟੱਕਰ ਤਾਂ ਉਨ੍ਹਾਂ ਦੀ ਵੇਲੇ ਦੀ ਸਰਕਾਰ ਨਾਲ ਸੀ ਜਿਸ ਨੂੰ ਕਿ ਗੁਰੂ ਸਾਹਿਬ ਦੀ ਮਹਾਨ ਸ਼ਖ਼ਸੀਅਤ ਆਪਣੇ ਲਈ ਖ਼ਤਰਾ ਹੋ ਕੇ ਭਾਸਦੀ ਸੀ । 'ਤੌਜ਼ਕੇ ਜਹਾਂਗੀਰੀ' ਤੋਂ ਸਾਫ਼ ਪ੍ਰਗਟ ਹੈ ਕਿ ਬਾਦਸ਼ਾਹ ਇਸ 'ਦੁਕਾਨਦਾਰੀ' ਨੂੰ ਕਿੰਨੇ ਚਿਰ ਤੋਂ ਬੰਦ ਕਰਨ ਦੀਆਂ ਸੋਚਾਂ ਸੋਚਦਾ ਰਿਹਾ ਸੀ । ਇਸ ਲਈ ਇਹ ਲੜਾਈ ਇਕ ਪਾਸੇ ਧਰਮ ਤੇ ਦੂਜੇ ਪਾਸੇ ਪਾਪ ਦੀ ਲੜਾਈ ਹੋਈ ਸੀ, ਜਿਸ ਵਿਚ ਗੁਰੂ ਸਾਹਿਬ ਨੂੰ ਸ਼ਹੀਦ ਹੋਣਾ ਪਿਆ ਸੀ ।

ਏਸੇ ਤਰ੍ਹਾਂ ਹੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਖ਼ਸੀਅਤ ਬੜੀ ਮਹਾਨ ਹੈ । ਛੋਟੀ ਉਮਰ ਵਿਚ ਉਨ੍ਹਾਂ ਦਾ ਸੁਭਾਉ ਕੁਝ ਵਧੇਰਾ ਵੈਰਾਗਮਈ ਤੇ ਉਪਰਾਮ ਸੀ ਤੇ ਮਾਤਾ ਗੰਗਾ ਜੀ ਨੂੰ ਫ਼ਿਕਰ ਵਿਚ ਪਾ ਦਿੰਦਾ ਸੀ । ਇਕ ਦਿਨ ਉਹਨਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਿਹਾ ਕਿ ਉਹ ਬਰਖ਼ੁਰਦਾਰ ਜੀ ਨੂੰ ਸਮਝਾਣ ਕਿ ਉਹ ਖ਼ੁਸ਼ ਰਿਹਾ ਕਰਨ । ਮਹਾਰਾਜ ਨੇ ਬੜੀ ਤਸੱਲੀ ਨਾਲ ਉੱਤਰ ਦਿਤਾ ਕਿ ਉਹਨਾਂ ਨੂੰ ਆਪਣੇ ਹਾਲ ਤੇ ਰਹਿਣ ਦਿੱਤਾ ਜਾਏ ਕਿਉਂਕਿ ਪੱਕ ਕੇ ਉਹ ਆਪੇ ਹੀ ਵੱਡੀ ਸ਼ਖ਼ਸੀਅਤ ਬਣਨਗੇ । ਉਹਨਾਂ ਇਹ ਵੀ ਕਿਹਾ ਕਿ ਉਹ ਕਿਸੇ ਮਹਾਨ ਕੰਮ ਲਈ ਤਿਆਰ ਹੋ ਰਹੇ ਹਨ ਤੇ ਦੇਸ਼ ਦੇ ਸਾਰੇ ਦੁੱਖਾਂ ਨੂੰ ਠੱਲ੍ਹ ਪਾਉਣ ਵਾਲੇ ਹੋਣਗੇ । ਸੋ, ਗੁਰੂ ਤੇਗ਼ ਬਹਾਦਰ ਪੂਰੇ ਵੀਹ ਸਾਲ ਆਪਣੇ ਮਨ ਅੰਦਰ ਹੀ ਵੜੇ ਰਹੇ ਸਨ । ਉਹਨਾਂ ਜਪ, ਤਪ, ਭਗਤੀ ਤੇ ਨਾਮ ਸਿਮਰਨ ਦੁਆਰਾ ਆਤਮਕ ਬਲ ਪ੍ਰਾਪਤ ਕਰ ਲਿਆ ਤੇ ਐਸੇ ਪੂਰਨ ਬ੍ਰਹਮ ਗਿਆਨੀ ਹੋਏ ਕਿ ਉਹਨਾਂ ਵਿਚ ਤਿਆਗ, ਕੁਰਬਾਨੀ, ਸੇਵਾ, ਪ੍ਰੇਮ, ਪਿਆਰ ਖਿਮਾ, ਸੰਤੋਖ ਦਇਆ ਆਦਿਕ ਗੁਣ ਹੈਰਾਨ ਕਰਨ ਵਾਲੀ ਹੱਦ ਤਕ ਪੁੱਜ ਗਏ । ਸਭ ਤੋਂ ਵੱਡੀ ਚੀਜ਼ ਉਹਨਾਂ ਦਾ ਉਹੋ ਤਿਆਗ ਹੈ, ਜਿਸ ਨੂੰ ਉਹਨਾਂ ਦੀ ਪਹਿਲੀ ਉਮਰ ਵਿਚ ਖ਼ੁਸ਼ਗਵਾਰ ਨਹੀਂ ਸਮਝਿਆ ਗਿਆ ਸੀ। ਇਸੇ ਤਿਆਗ ਨੇ ਹੀ ਪਿੱਛੋਂ ਉਨ੍ਹਾਂ ਦੀ ਸਾਰੀ ਸ਼ਖ਼ਸੀਅਤ ਬਣਾਈ ਸੀ ਤੇ ਇਸ ਤੋਂ ਹੀ ਬਾਕੀ ਸਭ ਗੁਣ ਸੁਤੇ ਨਿਕਲੇ ਸਨ । ਤਦੋਂ ਇਹ ਤਿਆਗ ਆਪੇ ਦਾ ਤਿਆਗ ਹੋ ਗਿਆ ਹੋਇਆ ਸੀ, ਆਖਰਕਾਰ ਉਹਨਾਂ ਦੇ ਸਾਰੇ ਕੰਨਾਂ ਵਿਚ ਆਪਾ ਰਿਹਾ ਹੀ ਨਹੀਂ ਸੀ । ਪੂਰੀ ਬੇਗ਼ਰਜ਼ੀ ਤੇ ਨਿਸ਼ਕਾਮਤਾ

ਨਾਲ ਉਹਨਾਂ ਦਾ ਜੀਵਨ ਚੱਲ ਰਿਹਾ ਸੀ ਜਿਸ ਵਿਚ ਖਾਣ, ਪੀਣ ਤੇ ਪਹਿਨਣ ਵਿਚ ਵੀ ਪੂਰੀ ਸਾਦਗੀ ਆ ਗਈ ਸੀ ।

ਅੱਠਵੇਂ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਸੋਢੀਆਂ ਨੇ ੨੨ ਵੱਖ ਵੱਖ ਮੰਜੀਆਂ ਤੇ ੨੨ ਗੁਰ-ਗੱਦੀਆਂ ਕਾਇਮ ਕਰ ਲਈਆਂ ਸਨ। ਪਰ ਆਪ ਨੇ ਆਪਣਾ ਕੋਈ ਹੱਕ ਨਹੀਂ ਜਤਾਇਆ, ਨਾ ਉਸ ਹੱਕ ਦੀ ਪ੍ਰਾਪਤੀ ਲਈ ਜਦੋ-ਜਹਿਦ ਕੀਤੀ, ਨਾ ਧੜਾ ਹੀ ਬਣਾਇਆ । ਚੁੱਪ ਕੀਤੇ ਲਾਂਭੇ ਹੋ ਬੈਠੇ, ਸਗੋਂ ਲੁਕ ਬੈਠੇ, ਕਿਉਂਕਿ ਉਹ ਹਰ ਤਰ੍ਹਾਂ ਨਿਰਇੱਛਤ ਸਨ। ਉਹ ਪੂਰਨ ਤਿਆਗੀ ਸਨ ਪਰ ਉਹਨਾਂ ਦੇ ਤਿਆਗ ਵਿਚ ਕੋਈ ਉਦਾਸੀ, ਰੁੱਖਾਪਨ ਜਾਂ ਬੇਸ਼ਰੀ ਉਪਰਾਮਤਾ ਨਹੀਂ ਰਹੀ ਸੀ । ਇਸ ਤਿਆਗ ਵਿਚ ਜ਼ਿਦ ਸੀ, ਸ਼ਕਤੀ ਸੀ, ਸੰਸਾਰ ਲਈ ਅਤੁੱਟ ਪਿਆਰ ਸੀ ਤੇ ਇਸ ਦੀਆਂ ਸਮੱਸਿਆਵਾਂ ਵਿਚ ਗਹਿਰੀ ਦਿਲਚਸਪੀ ਸੀ । ਪ੍ਰਚਾਰ ਲਈ ਉਹਨਾਂ ਲੰਮੇ ਲੰਮੇ ਪ੍ਰੋਗਰਾਮ ਬਣਾਏ ਸਨ । ਪੰਜਾਬ ਵਿਚ ਤਾਂ ਪਹਿਲੇ ਗੁਰੂਆਂ ਨੇ ਕਾਫ਼ੀ ਕੰਮ ਕੀਤਾ ਸੀ ਤੇ ਸਹਿਮੀ ਹੋਈ ਜਨਤਾ ਨੂੰ ਜਗਾ ਦਿੱਤਾ ਸੀ ; ਪਰ ਪੂਰਬ ਦੇਸ ਦੇ ਲੋਕ ਅਜੇ ਬੜੀ ਘਬਰਾਹਟ ਵਿਚ ਸਨ । ਮੁਸਲਮ ਹਾਕਮਾਂ ਦਾ ਰਾਜ ਇਕ ਲਾਹਨਤ ਹੋ ਕੇ ਰਹਿ ਗਿਆ ਸੀ । ਗੁਰੂ ਜੀ ਨੇ ਪੂਰਬ ਦੀ ਤਰਫ ਪੰਜ ਸਾਲ ਦਾ ਦੌਰਾ ਕੀਤਾ ਸੀ । ਇਕ ਰਾਜਾ ਰਾਮ ਸਿੰਘ ਆਸਾਮ ਦੇਸ 'ਤੇ ਹਮਲਾ ਕਰਨਾ ਚਾਹੁੰਦਾ ਸੀ। ਗੁਰੂ ਸਾਹਿਬ ਨੇ ਵਿਚ ਪੈ ਕੇ ਦੋਹਾਂ ਧਿਰਾਂ ਦੀ ਸੁਲ੍ਹਾ ਕਰਾ ਦਿੱਤੀ ਸੀ ਤੇ ਖ਼ੂਨ ਦੀਆਂ ਨਦੀਆਂ ਵਗਣੋਂ ਰੋਕ ਦਿੱਤੀਆਂ ਸਨ । ਉਹਨਾਂ ਦੀਆਂ ਕਈ ਜੀਵਣ ਸਾਖੀਆਂ ਹਨ ਜਿਨ੍ਹਾਂ ਤੋਂ ਉਹਨਾਂ ਦੀ ਡੂੰਘੀ ਪ੍ਰੇਮ ਅਵਸਥਾ ਪ੍ਰਗਟ ਹੁੰਦੀ ਹੈ । ਆਪਣੇ ਕਈ ਦੂਰ ਬੈਠੇ ਪ੍ਰੇਮੀਆਂ ਤੇ ਸ਼ਰਧਾਲੂਆਂ ਦੀਆਂ ਪ੍ਰੇਮ ਖਿੱਚਾਂ ਖਾ ਕੇ ਬੜੇ ਚਾਵ੍ਹਾਂ ਨਾਲ ਉਹਨਾਂ ਪਾਸ ਪੁੱਜੇ ਸਨ ਤੇ ਉਹਨਾਂ ਦੇ ਦੁਖ ਦਰਦ ਵੰਡੇ ਸਨ । ਆਗਰੇ ਦੀ ਇਕ ਮਾਈ ਭਾਗ ਭਰੀ ਦਾ ਪ੍ਰੇਮ ਨਾਲ ਪਿਆਰ ਕੀਤਾ ਪੁਸ਼ਾਕਾ, ਬੁਲਾਕੀ ਦਾਸ ਦਾ ਸੁੰਦਰ ਮਖ਼ਮਲੀ ਪਲੰਘ, ਚਾਚਾ ਫਾਗੋ ਦੀ ਸ਼ਰਧਾ ਵਿਚੋਂ ਨਿਕਲਿਆ ਇਕ ਮੰਦਰ ਤੇ ਇਹੋ ਜਿਹੀਆਂ ਕੁਝ ਹੋਰ ਪ੍ਰੇਮ ਦੀਆਂ ਖਿੱਚਾਂ ਉਹਨਾਂ ਨੂੰ ਘਰ ਬੈਠਣ ਨਹੀਂ ਦਿੰਦੀਆਂ ਸਨ । ਕੋਈ ਰੁਖਾ ਜਾਂ ਢਹਿੰਦੀਆਂ ਕਲਾਂ ਵਿਚ ਰਹਿੰਦਾ ਤਿਆਗੀ, ਇਸ ਕਿਸਮ ਦੇ ਪ੍ਰੇਮ ਦੀਆਂ ਖੇਡਾਂ ਕਿਵੇਂ ਖੇਡ ਸਕਦਾ ਸੀ? ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਹੋਰ ਕਿਸੇ ਗੁਰੂ ਨੇ ਵੀ ਏਨੇ ਲੰਮੇ ਸਫ਼ਰ ਨਹੀਂ ਕੀਤੇ, ਜਿੰਨੇ ਗੁਰੂ ਤੇਗ਼ ਬਹਾਦਰ ਜੀ ਨੇ ਕੀਤੇ ਸਨ । ਸਾਰਾ ਹੀ ਜੀਵਣ ਸੇਵਾ ਵਿਚ ਲੱਗਾ ਸੀ । ਪਰ ਸੱਚੀ ਗੱਲ



ਇਹ ਹੈ ਕਿ ਸੇਵਾ ਦਾ ਇਹ ਜੀਵਣ ਉਸ ਤਿਆਗ ਵਿਚੋਂ ਹੀ ਨਿਕਲਿਆ ਸੀ ਜਿਸ ਤਿਆਗ ਨੇ ਹੁਣ ਆਪਾ ਖ਼ਤਮ ਹੀ ਕਰ ਦਿੱਤਾ ਹੋਇਆ ਸੀ, ਅਤੇ ਉਸੇ ਤਿਆਗ ਤੋਂ ਹੀ ਨਿੰਮ੍ਰਤਾ, ਦਇਆ, ਖਿਮਾ, ਗ਼ਰੀਬੀ, ਆਦਿਕ ਕਈ ਕੀਮਤੀ ਦੈਵੀ ਗੁਣ ਨਿਕਲੇ ਸਨ । ਕੁਝ ਉਦਾਹਰਣਾਂ ਦੇਂਦੇ ਹਾਂ:

ਧੀਰ ਮੱਲ ਨੇ ਸ਼ੀਂਹੇਂ ਮਸੰਦ ਨਾਲ ਸਾਜ਼ਸ ਕਰਕੇ ਉਸ ਤੋਂ ਮਹਾ-ਰਾਜ 'ਤੇ ਗੋਲੀ ਚਲਵਾਈ । ਆਪ ਮਸਾਂ ਬਚੇ ਪਰ ਕਿਸੇ ਨਾਲ ਰੋਸ ਨਹੀਂ ਕੀਤਾ ਤੇ ਕੇਵਲ ਬਚ ਨਿਕਲਣ ਦੇ ਸ਼ੁਕਰ ਵਿਚ ਆਪਣਾ ਧਿਆਨ ਰੱਖਿਆ। ਮੱਖਣ ਸ਼ਾਹ ਸ਼ੀਂਹੇਂ ਨੂੰ ਫੜ ਲਿਆਇਆ ਪਰ ਮਹਾਰਾਜ ਨੇ ਉਸ ਨੂੰ ਮਾਫ਼ ਕਰਕੇ ਵਾਪਸ ਭੇਜ ਦਿਤਾ ਤੇ ਸਗੋਂ ਸਿੱਖਾਂ ਨੂੰ ਹੀ ਇਸ ਗੱਲੋਂ ਝਿੜਕਿਆ । ਰਾਮਰਾਏ ਨੇ ਵੀ ਕਈ ਤਰ੍ਹਾਂ ਵੈਰ ਕਮਾਏ । ਉਸ ਨੇ ਹਕੂਮਤ ਪਾਸ ਚੁਗ਼ਲੀਆਂ ਖਾਧੀਆਂ ਤੇ ਵਿਰੋਧ ਵਧਾਇਆ, ਪਰ ਆਪ ਪੂਰੇ ਨਿਰਵੈਰ ਰਹੇ । ਈਰਖਾ ਦਾ ਉੱਤਰ ਨਿੰਮ੍ਰਤਾ, ਮਿਠਾਸ ਤੇ ਪਿਆਰ ਵਿਚ ਰੱਖ ਦਿੱਤਾ । ਅੰਮ੍ਰਿਤਸਰ ਦੇ ਪੁਜਾਰੀਆਂ ਨੇ ਹਰਿਮੰਦਰ ਸਾਹਿਬ ਵੜਨੋਂ ਰੋਕ ਦਿੱਤਾ ਪਰ ਮਹਾਰਾਜ ਨੇ ਮੁਕਾਬਲਾ ਨਹੀਂ ਕੀਤਾ, ਸਗੋਂ ਚੁਪ ਕੀਤੇ ਬਹਰ ਜਾ ਡੇਰਾ ਲਾਇਆ ।

ਜੀਵਨ ਦੇ ਅੰਤ ਵਿਚ ਇਸੇ ਤਿਆਗ ਤੋਂ ਹੀ ਸ਼ਹੀਦੀ ਨੇ ਜਨਮ ਲਿਆ ਸੀ । ਕਸ਼ਮੀਰੀ ਪੰਡਤਾਂ ਦੀ ਫਰਿਆਦ ਤੇ ਮਹਾਰਾਜ ਨੇ ਸ਼ਹੀਦ ਹੋਣ ਲਈ ਆਪ ਚਾਲੇ ਪਾਏ ਤੇ ਗਿਣ ਮਿਥ ਕੇ ਤੇ ਠੰਢੇ ਦਿਲ ਨਾਲ ਸੋਚ ਵਿਚਾਰ ਕੇ ਗਏ ਤੇ ਆਪਣੇ ਸੁਪ੍ਰਤ ਗੁਰੂ ਗੋਬਿੰਦ ਸਿੰਘ ਜੀ ਦੀ ਪੂਰੀ ਪਰਵਾਨਗੀ ਨਾਲ ਗਏ ਤੇ ਉਸ ਅਜ਼ੀਜ਼ ਨੂੰ ਗੁਰ ਗੱਦੀ ਦੇ ਯੋਗ ਸਮਝ ਕੇ ਗੱਦੀ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਸਪੁਰਦ ਕਰਕੇ ਗਏ, ਸਗੋਂ ਅਜ਼ੀਜ਼ ਜੀ ਨੇ ਉਹਨਾਂ ਨੂੰ ਧਰਮ ਦੇ ਇਸ ਕਾਰਜ ਲਈ ਆਪ ਭੇਜਿਆ । ਇਸ ਤਰ੍ਹਾਂ ਦੀ ਸ਼ਹੀਦੀ ਦੀ ਹੋਰ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲੇਗੀ । ਲੋਕ ਸੂਲੀਆਂ 'ਤੇ ਵੀ ਚੜ੍ਹੇ ਹਨ ਪਰ ਉਹਨਾਂ ਨੂੰ ਫੜ ਫੜ ਕੇ ਸੂਲੀਆਂ ਚੜ੍ਹਇਆ ਜਾਂਦਾ ਰਿਹਾ ਪਰ ਇੱਥੇ ਅਲੌਕਿਕ ਖੇਡ ਇਹ ਵਰਤੀ ਸੀ ਕਿ ਸਾਕਾ ਉਹਨਾਂ ਆਪ ਵਰਤਾਇਆ ਸੀ। ਇਸ ਅਦੁੱਤੀ ਸ਼ਹੀਦੀ ਨੂੰ ਦਸਮ ਪਾਤਸ਼ਾਹ ਨੇ ਬਚਿੱਤ੍ਰ ਨਾਟਕ ਵਿਚ ਆਪ ਬਿਆਨ ਕੀਤਾ ਹੈ । ਇਸ ਦੀਆਂ ਕੁਝ ਸੱਤਰਾਂ ਪੇਸ਼ ਕਰਦੇ ਹਾਂ ਤਾਂ ਜੋ ਗੁਰੂ ਤੇਗ਼ ਬਹਾਦਰ ਜੀ ਦੀ ਮਹਾਨ ਸ਼ਖ਼ਸੀਅਤ ਪ੍ਰਗਟ ਹੋ ਕੇ ਦਿੱਸ ਪਏ:

ਤਿਲਕ-ਜੰਞੂ ਰਾਖਾ ਪ੍ਰਭ ਤਾਕਾ । ਕੀਨੋ ਬਡੋ ਕਲੂ ਮਹਿ ਸਾਕਾ ।

ਸਾਧਨ ਹੇਤਿ ਇਤੀ ਜਿਨਿ ਕਰੀ । ਸੀਸ ਦੀਆ ਪਰੁ ਸੀ ਨ ਉਚਰੀ ।੧੩

ਧਰਮ ਹੇਤ ਸਾਕਾ ਜਿਨਿ ਕੀਆ । ਸੀਸ ਦੀਆ ਪਰੁ ਸਿਰਰੁ ਨ ਦੀਆ ।

ਨਾਟਕ ਚੇਟਕ ਕੀਏ ਕੁਕਾਜਾ । ਪ੍ਰਭ ਲੋਗਨ ਕਹ ਆਵਤ ਲਾਜਾ । ੧੪

ਦੋਹਰਾ

ਠੀਕਰ ਫੋਰਿ ਦਿਲੀਸ ਸਿਰਿ , ਪ੍ਰਭਪੁਰਿ ਕੀਯਾ ਪਯਾਨ ।

ਤੇਗਬਹਾਦੁਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨਿ ।੧੫

ਤੇਗ ਬਹਾਦੁਰ ਕੇ ਚਲਤ, ਭਯੋ ਜਗਤ ਕੋ ਸੋਕ ।

ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕਿ । ੧੬

ਅਰਥਾਤ "ਧਰਮ ਦੇ ਰਾਖੇ ਮਹਾਰਾਜ ਗੁਰੂ ਤੇਗ਼ ਬਹਾਦਰ ਜੀ ਨੇ ਸਾਧਾਂ ਦੀ ਖ਼ਾਤਰ ਆਪਣੇ ਆਪ ਨੂੰ ਢਾਲ ਬਣਾਇਆ । ਉਹਨਾਂ ਸਿਰ ਤਾਂ ਦੇ ਦਿਤਾ ਪਰ ਮੂੰਹੋਂ 'ਸੀ' ਤਕ ਨਾ ਕੀਤੀ । ਇਹ ਸਾਕਾ ਧਰਮ ਦੀ ਪਾਲਣਾ ਵਿਚ ਵਰਤਾਇਆ ਗਿਆ । ਉਹਨਾਂ ਆਪਣਾ ਸਿਰ ਕਟਵਾ ਲਿਆ, ਪਰ ਧਰਮ 'ਤੇ ਕਾਇਮ ਰਹਿਣ ਦੀ ਦ੍ਰਿੜ੍ਹਤਾ ਨੂੰ ਨਹੀਂ ਛਡਿਆ । ਸਤਿਗੁਰੂ ਜੀ ਨੇ ਤਿਲਕ ਤੇ ਜੰਞੂ (ਭਾਵ ਹਿੰਦੂ ਧਰਮ) ਦੇ ਰਾਖੇ ਬਣ ਕੇ ਇਸ ਕਲਿਜੁਗ ਅੰਦਰ ਮਹਾਨ ਸਾਕਾ ਵਰਤਾਇਆ । ਦਿੱਲੀ ਦੇ ਸ਼ਾਹ (ਔਰੰਗਜ਼ੇਬ) ਦੇ ਸਿਰ ਆਪਣੇ ਸਰੀਰ ਦਾ ਠੀਕਰਾ ਭੰਨ ਕੇ ਦੇਵ ਲੋਕ ਚਲੇ ਗਏ । ਕਦੇ ਕਿਸੇ ਹੋਰ ਨੇ ਗੁਰੂ ਤੇਗ਼ ਬਹਾਦਰ ਜਿਹਾ ਧਰਮ ਦਾ ਕਰਤੱਵ ਨਹੀਂ ਕੀਤਾ । ਇਸ ਸਾਕੇ ਤੋਂ ਦੁਖਿਤ ਹੋ ਕੇ ਸਾਰਾ ਸੰਸਾਰ ਹਾਹਕਾਰ ਉੱਠਿਆ ਉਠ ਪਰ ਦੇਵ ਲੋਕ ਵਿਚ ਜੈ ਜੈ ਕਾਰ ਹੋਈ।"

ਇਹ ਸਤਰਾਂ ਧਿਆਨ ਨਾਲ ਪੜ੍ਹਨ ਵਾਲੀਆਂ ਹਨ । ਇਨ੍ਹਾਂ ਤੋਂ ਇਕ ਗੱਲ ਨਿਸ਼ਚਿਤ ਹੁੰਦੀ ਹੈ ਕਿ ਇਹ ਸਾਕਾ ਧਰਮ ਦੀ ਖ਼ਾਤਰ ਹੋਇਆ ਸੀ ਤੇ ਉਹਨਾਂ ਆਪ ਵਰਤਾਇਆ ਸੀ । ਸਰੀਰ ਦਾ ਠੀਕਰਾ ਕਿਸੇ ਛੋਟੇ ਮੋਟੇ ਕੰਮ ਲਈ ਨਹੀਂ, ਧਰਮ ਲਈ ਭੰਨਿਆ ਗਿਆ ਤੇ ਦਿੱਲੀ ਦੀ ਸਰਕਾਰ ਦੇ ਸਿਰ ਤੇ ਭੰਨਿਆ ਗਿਆ । ਉਹਨਾਂ ਦਾ ਟਾਕਰਾ ਇਕ ਮਜ਼ਬੂਤ ਤੇ ਜਥੇਬੰਦ ਜ਼ਾਲਮ ਸਰਕਾਰ ਨਾਲ, ਜਿਸ ਨੇ ਆਪਣੇ ਪੈਰ ਪੱਕੇ ਕਰਨ ਲਈ ਹੋਰ ਮੱਤਾਂ ਦਾ ਪ੍ਰਚਾਰ ਹੀ ਬੰਦ ਕੀਤਾ ਹੋਇਆ ਸੀ । ਮੰਦਰ ਤੇ ਸ਼ਿਵਾਲੇ ਗਿਰਾ ਦਿਤੇ ਜਾਂਦੇ ਸਨ ਤੇ ਅਨਮਤੀਆਂ ਨੂੰ ਧਰਮ ਛੱਡਣ 'ਤੇ ਮਜ਼ਬੂਰ ਹੋਣਾ ਪੈਂਦਾ ਸੀ ।



ਉਨ੍ਹਾਂ ਮਜ਼ਲੂਮ ਹਿੰਦੂਆਂ ਦੀ ਬਾਂਹ ਫੜੀ ਤੇ ਆਪਣੀ ਜਾਨ ਦੇ ਕੇ ਆਪਣੇ ਇਸ ਧਰਮ ਨੂੰ ਨਿਬਾਹਿਆ ਸੀ :

ਬਾਂਹੇ ਜਿਨਾ ਕੀ ਪਕੜੀਐ ਸਿਰ ਦੀਜੈ ਬਾਂਹ ਨ ਛੋਡੀਐ ॥

ਗੁਰੂ ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨ ਛੋਡੀਐ ॥"

ਹੋਰ: "ਸੀਸੁ ਦੀਆ ਪਰ ਸਿਰਰੁ ਨ ਦੀਆ ।"

ਦੁਨੀਆਂ ਦੇ ਸ਼ਹੀਦਾਂ ਵਿਚੋਂ ਕੇਵਲ ਗੁਰੂ ਤੇਗ਼ ਬਹਾਦਰ ਜੀ ਹੀ ਐਸੇ ਸ਼ਹੀਦ ਹੋਏ ਹਨ ਜੋ ਦੂਜੇ ਦੇ ਧਰਮ ਨੂੰ ਬਚਾਉਣ ਲਈ ਸ਼ਹੀਦ ਹੋਏ ਸਨ । ਉਹ ਆਪ ਤਿਲਕ-ਜੰਞੂ ਦੇ ਧਾਰਨੀ ਨਹੀਂ ਸਨ ਪਰ ਉਹ ਹਰ ਧਰਮ ਲਈ ਸੁਤੰਤਰਤਾ ਚਾਹੁੰਦੇ ਸਨ, ਅਰਥਾਤ ਹਰ ਧਰਮ ਨੂੰ ਆਪਣੇ ਆਪਣੇ ਥਾਂ, ਵਧਣ ਫੁਲਣ ਦੀ ਖੁਲ੍ਹ ਚਾਹੁੰਦੇ ਸਨ ।

ਕੁਝ ਇਸ ਤਰ੍ਹਾਂ ਦੇ ਉੱਤਮ ਵਿਚਾਰਾਂ ਦੇ ਅਸਰ ਹੇਠ ਵਾਲਟੇਅਰ ਨੇ ਰੂਸੋ (Rousseau) ਨੂੰ ਇਉਂ ਲਿਖਿਆ ਸੀ : "I do not agree with a word that you say but I will defend to the death your right to say it."

ਅਰਥਾਤ "ਜੋ ਤੁਸੀਂ ਕਹਿੰਦੇ ਹੋ, ਉਸ ਨਾਲ ਮੇਰਾ ਰਤਾ ਵੀ ਇਤਫ਼ਾਕ ਨਹੀਂ ਪਰ ਮੈਂ ਆਪ ਦੇ ਇਸ ਹੱਕ ਲਈ ਜੋ ਕੁਝ ਵੀ ਤੁਸੀਂ ਚਾਹੋ ਅਜ਼ਾਦੀ ਨਾਲ ਕਹਿ ਸਕੋ, ਮਰਣ ਪ੍ਰਯੰਤ ਲੜਦਾ ਰਹਾਂਗਾ ।"

ਵੇਖੋ, ਉਹਨਾਂ ਦੀ ਦ੍ਰਿੜ੍ਹਤਾ ਵਿਚੋਂ ਕਿੰਨੀ ਸ਼ਕਤੀ ਨਿਕਲੀ ਸੀ, ਇਸ ਗੱਲੋਂ ਪ੍ਰਗਟ ਹੁੰਦੀ ਹੈ ਕਿ ਉਹਨਾਂ ਹਰ ਕਸ਼ਟ ਨੂੰ ਹੱਸ ਹੱਸ ਕੇ ਤੇ ਖਿੜੇ ਮੱਥੇ ਸਹਾਰਿਆ ਸੀ । ਦਸਮ ਪਾਤਿਸ਼ਾਹ ਨੇ ਇਸ ਦ੍ਰਿੜ੍ਹਤਾ ਦਾ ਜ਼ਿਕਰ ਇਉਂ ਕੀਤਾ ਸੀ:

ਸੀਸੁ ਦੀਯਾ ਪਰੁ ਸੀ ਨ ਉਚਰੀ ।"

ਇਹ ਕੇਡੀ ਵੱਡੀ ਗੱਲ ਹੈ ਕਿਸੇ ਆਦਰਸ਼ ਲਈ ਲੜਦਿਆਂ ਉਸ ਵਿਚ ਲਗਾਤਾਰ ਏਨਾ ਧਿਆਨ ਹੋ ਜਾਣਾ ਕਿ ਦੱਖ ਕਸ਼ਟ ਭੁੱਲ ਹੀ ਜਾਣੇ ਕਿ ਜਿਵੇਂ ਹੈਨ ਹੀ ਨਹੀਂ । ਇਸ ਦਾ ਭਾਵ ਇਹ ਹੈ ਕਿ ਮਨ ਆਤਮ ਬਲ ਨਾਲ ਸ਼ਕਤੀਸਾਲੀ ਹੋਇਆ ਹੁੰਦਾ ਹੈ ਤੇ ਸਭ ਕਿਸਮ ਦੇ ਸਰੀਰਕ ਕਸ਼ਟਾਂ ਤੋਂ ਉਤਾਂਹ ਚਲਾ ਜਾਂਦਾ ਹੈ। ਬੇਸ਼ੱਕ ਗੁਰੂ ਸਾਹਿਬ ਦੀ ਮਹਾਨ ਆਤਮਾ ਬੇਹੱਦ

ਕੋਮਲ ਹੋ ਕੇ ਨਿੰਮ੍ਰਤਾ, ਗ਼ਰੀਬੀ ਤੇ ਪ੍ਰੇਮ ਪਿਆਰ ਨਾਲ ਲਬਾਲਬ ਭਰੀ ਰਹਿੰਦੀ ਸੀ ਪਰ ਦੁੱਖਾਂ ਦਾ ਟਾਕਰਾ ਕਰਨ ਲਈ ਉਹੋ ਆਤਮਾ ਪਰਬਤ ਵਾਂਗ ਉਚੀ ਤੇ ਮਜ਼ਬੂਤ ਵੀ ਹੋ ਗਈ ਸੀ । ਇਕ ਕਵੀ ਨੇ ਠੀਕ ਹੀ ਕਿਹਾ ਸੀ:

**"ਸੰਪਤ ਵਿਚ ਕੋਮਲ ਕਮਲ ਦਿਲ ਮਹਾਤਮਾ ਜਾਨ ।**

**ਪਰ ਅਪਦਾ ਵਿਚ ਸਖਤ ਹੋ ਪਰਬਤ ਸਿਲਾ ਸਮਾਨ ।"**

ਅਰਥਾਤ "ਮਹਾਤਮਾ ਲੋਕਾਂ ਦੇ ਦਿਲ ਜਿਥੇ ਸੁੱਖਾਂ ਵੇਲੇ ਅਤਿ ਕੋਮਲ ਰਹਿੰਦੇ ਹਨ ਓਥੇ ਕਸ਼ਟਾਂ ਸਮੇਂ ਪਰਬਤ ਦੀ ਨਿਆਈਂ ਅਹਿੱਲ ਹੋ ਜਾਂਦੇ ਹਨ।"

ਉੱਤੇ ਦੱਸੇ ਇਹਨਾਂ ਗੁਣਾਂ ਦੇ ਕਾਰਨ ਹੀ ਗੁਰੂ ਸਾਹਿਬ ਇਕ ਐਸੀ ਸ਼ਖ਼ਸੀਅਤ ਬਣੇ ਸਨ ਕਿ ਉਹ ਜ਼ੁਲਮ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟਕਰਾ ਸਕੇ ਸਨ ਕਿ ਉਹ ਜ਼ੁਲਮ ਦੀ ਤਾਕਤ ਸੀ, ਓਨੀ ਵੱਡੀ ਹੀ ਟਾਕਰੇ ਲਈ ਸ਼ਕਤੀ ਚਾਹੀਦੀ ਸੀ। ਇਹ ਕੁਦਰਤ ਦਾ ਨੇਮ ਹੈ । ਜਦ ਕਸ਼ਮੀਰੀ ਪੰਡਤ ਫਰਿਆਦੀ ਹੋ ਕੇ ਆਏ ਸਨ ਤਾਂ ਇਸੇ ਨੇਮ ਦੀ ਇਕ ਤਰ੍ਹਾਂ ਵਿਆਖਿਆ ਗੁਰੂ ਜੀ ਨੇ ਇਹ ਕੀਤੀ ਸੀ ਕਿ ਧਰਮ ਦੀ ਰਖਿਆ ਲਈ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦੀ ਲੋੜ ਹੈ ।

ਗੁਰੂ ਤੇਗ਼ ਬਹਾਦਰ ਜੀ ਸੱਚਮੁਚ ਇਕ ਉਹ ਸ਼ਖ਼ਸੀਅਤ ਸਨ ਜੋ ਧਰਮ ਦੀ ਰਖਿਆ ਲਈ ਵਧ ਤੋਂ ਵੱਧ ਯੋਗਤਾ ਰੱਖਦੇ ਸਨ । ਉਹਨਾਂ ਦੀ ਇਸ ਸ਼ਖ਼ਸੀਅਤ ਦਾ ਵਰਨਣ ਇਕ ਸ਼ਬਦ ਨਾਲ ਹੋ ਸਕਦਾ ਹੈ ਜੋ ਉਹਨਾਂ ਦੀ ਆਪਣੀ ਹੀ ਰਚਨਾ ਹੈ ਤੇ ਜਿਸ ਨੂੰ ਅੱਗੇ ਸਹਜ ਦੇ ਲੇਖ ਵਿਚ ਦਿੱਤਾ ਜਾ ਚੁਕਾ ਹੈ । ਇਹ ਸ਼ਬਦ-

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**" ਅੰ : ੬੩੩ ਨਾਲ ਸ਼ੁਰੂ ਹੁੰਦਾ ਹੈ। (ਸਾਰਾ ਸ਼ਬਦ ਓਥੋਂ ਵੇਖਿਆ ਜਾ ਸਕਦਾ ਹੈ)।

ਗੁਰੂ ਤੇਗ਼ ਬਹਾਦਰ, ਇਸ ਸ਼ਬਦ ਵਿਚ ਦੱਸੇ ਹੋਏ ਬ੍ਰਹਮ ਗਿਆਨੀ ਦੇ ਤਸਵੱਰ ਦੇ ਮਹਾਂਪੁਰਸ਼ ਸਨ । ਉਹਨਾਂ ਦੀ ਇਸ ਮਹਾਨ ਆਤਮਕ ਅਵਸਥਾ ਦਾ ਅਮਲੀ ਚਮਤਕਾਰ ਸ਼ਹੀਦੀ ਸਮੇਂ ਪਰਗਟ ਹੋਇਆ ਸੀ। ਪ੍ਰਮਾਤਮਾ ਦੇ ਅਟੱਲ ਹੁਕਮ ਦੇ ਸਹਾਮਣੇ ਉਹ ਠੰਢੇ, ਸ਼ਾਂਤ-ਚਿਤ ਤੇ ਅਡੋਲ ਰਹੇ ਸਨ । ਕਿਸੇ ਨੂੰ ਉਹਨਾਂ ਮੰਦਾ ਨਹੀਂ ਕਿਹਾ, ਕੋਈ ਉਲ੍ਹਾਮਾ ਨਹੀਂ ਦਿੱਤਾ,



ਪੀਰੀਆਂ ਦੇ ਲਾਲਚ ਜੁੱਤੀ ਦੀ ਨੋਕ ਨਾਲ ਠੁਕਰਾ ਦਿੱਤੇ । ਭਾਣਾ ਮੰਨਣ ਦੀ ਐਸੀ ਖੇਡ ਵਰਤਾਈ ਕਿ ਇਸ ਦਾ ਡੂੰਘਾ ਪ੍ਰਭਾਵ ਉਹਨਾਂ ਦੇ ਨਿਕਟਵਰਤੀ ਸਿੰਘਾਂ 'ਤੇ ਵੀ ਪਿਆ ਤੇ ਉਹਨਾਂ ਵੀ ਹੱਸ ਹੱਸ ਕੇ ਆਰਿਆਂ ਨੂੰ ਜੱਫੀਆਂ ਪਾਈਆਂ ਤੇ ਮੌਤ ਨੂੰ ਮਖ਼ੌਲ ਕੀਤੇ । ਧਰਮ ਦੀ ਰੱਖਿਆ ਲਈ ਮੌਤ ਨੂੰ ਇਸ ਤਰ੍ਹਾਂ ਜੀ ਆਇਆ ਕਹਿਣ ਦੀਆਂ ਮਿਸਾਲਾਂ ਘੱਟ ਹੀ ਮਿਲਦੀਆਂ ਹਨ । ਇਹ ਉਸ ਫ਼ਿਲਾਸਫ਼ਰ ਦੀ ਮਾਨਸਿਕ ਹਾਲਤ ਤੋਂ ਵੀ ਬਹੁਤ ਉਚੇਰੀ ਹਾਲਤ ਹੈ, ਜੋ ਮੌਤ ਸਾਹਮਣੇ ਖਲੋਤੀ ਵੇਖ ਕੇ ਵੀ ਆਪਣਾ ਰਵੱਈਆ ਇਸ ਤਰ੍ਹਾਂ ਪ੍ਰਗਟ ਕਰਦਾ ਸੀ:-

"We want to learn to laugh in the face of the inevitable, to smile even at the looming of death."

ਅਰਥਾਤ "ਅਸੀਂ ਇਹ ਸਿੱਖਣਾ ਚਾਹੁੰਦੇ ਹਾਂ ਕਿ ਅਟੱਲ ਹੁਕਮ ਦੇ ਸਾਹਮਣੇ ਹੱਸ ਦਿੱਤਾ ਜਾਏ ਤੇ ਪ੍ਰਤੱਖ ਸਾਹਮਣੇ ਦਿਸਦੀ ਮੌਤ ਵੱਲ ਮੁਸਕਰਾ ਛੱਡਿਆ ਜਾਵੇ ।"

ਉਤਲੀ ਵਿਚਾਰ ਤੋਂ ਸਪਸ਼ਟ ਦਿਸ ਪੈਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਸਹੀ ਅਰਥਾਂ ਵਿਚ ਮਹਾਨ ਸ਼ਹੀਦ ਹੋਏ ਹਨ । ਉਹਨਾਂ ਨੇ ਆਦਰਸ਼ਕ ਸ਼ਹੀਦੀ ਦੀਆਂ ਦੋ ਵੱਡੀਆਂ ਸ਼ਰਤਾਂ ਪੂਰੀਆਂ ਕਰਕੇ ਹੀ ਜਾਨ ਦੀ ਬਾਜ਼ੀ ਲਾਈ ਸੀ—ਇਕ ਇਹ ਸ਼ਰਤ ਹੈ ਕਿ ਉਹ ਆਪ ਬਹੁਤ ਵੱਡੇ ਮਹਾਂਪੁਰਸ਼ ਹੋ ਚੁੱਕੇ ਸਨ ਤੇ ਦੂਜੀ ਇਹ ਹੈ ਕਿ ਉਹ ਧਰਮ ਦੇ ਬਹੁਤ ਵੱਡੇ ਕੰਮ ਲਈ ਸ਼ਹੀਦ ਹੋਏ ਸਨ ।

## ਖ਼ਾਲਸਾ ਖੜਗਧਾਰੀ ਕਿਉਂ ?

**"ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ।**
**ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ ।੨੨।"**

(ਜ਼ਫ਼ਰਨਾਮਹ, ਪਾਤਸ਼ਾਹੀ ੧੦)

ਅਰਥਾਤ "ਜਦ ਜ਼ੁਲਮੀ ਹਾਲਾਤ ਨੂੰ ਬਦਲਣ ਦੇ ਹੋਰ ਸਾਰੇ ਹੀਲੇ ਅਸਫਲ ਹੁੰਦੇ ਹੋਣ ਤਾਂ ਧਰਮ ਦੀ ਰਖਿਆ ਲਈ ਤਲਵਾਰ ਦੀ ਵਰਤੋਂ ਹਲਾਲ ਹੋ ਜਾਂਦੀ ਹੈ।"

ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ
ਮੇਰਾ ਠਾਠਾ ਬਾਗਾ ॥੧॥ਬਾਹਰਿ ਸੂਤੁ ਸਗਲ
ਸਿਉ ਮਉਲਾ ॥ ਅਲਿਪਤੁ ਰਹਉ ਜੈਸੇ ਜਲ ਮਹਿ
ਕਉਲਾ ॥੧॥ ਰਹਾਉ ॥ ਮੁਖ ਕੀ ਬਾਤ ਸਗਲ
ਸਿਉ ਕਰਤਾ ॥ ਜੀਅ ਸੰਗਿ ਪ੍ਰਭੁ ਅਪੁਨਾ
ਧਰਤਾ ॥੨॥ ਦੀਸਿ ਆਵਤ ਹੈ ਬਹੁਤੁ ਭੀਹਾਲਾ ॥
ਸਗਲ ਚਰਨ ਕੀ ਇਹੁ ਮਨੁ ਰਾਲਾ ॥੩॥
ਨਾਨਕ ਜਨਿ ਗੁਰੁ ਪੂਰਾ ਪਾਇਆ ॥
ਅੰਤਰਿ ਬਾਹਰਿ ਏਕੁ ਦਿਖਾਇਆ ॥੪॥ ੩॥

(ਆਸਾ ਮਹਲਾ ੫, ਅੰਗ ੩੮੪)

ਅਰਥਾਤ "ਲੋਕਾਂ ਵਿਚ ਭਾਵੇਂ ਮੈਂ ਬੱਗੇ (ਚਿੱਟੇ) ਠਾਠ ਬਾਠ ਵਿਚ ਵਿਚਰਦਾ ਹਾਂ, ਪਰ ਮੇਰਾ ਮਨ ਸੱਚੇ ਨਾਮ ਵਿਚ ਜੁੜਿਆ ਰਹਿੰਦਾ ਹੈ । ਬਾਹਰੋਂ ਤਾਂ ਸਾਰੀ ਹੀ ਦੁਨੀਆਂ ਨਾਲ ਮੇਰਾ ਸੂਤ ਮਿਲਿਆ ਹੋਇਆ ਹੈ ਪਰ ਅੰਦਰੋਂ ਮੈਂ ਕੰਵਲ ਵਾਂਗ ਨਿਰਲੇਪ ਰਹਿੰਦਾ ਹਾਂ । ਮੂੰਹ ਦੀ ਗੱਲ ਤਾਂ ਮੈਂ ਸਾਰਿਆਂ ਨਾਲ ਕਰਦਾ ਹਾਂ ਪਰ ਮਨ ਅੰਦਰ ਕੇਵਲ ਮਾਲਕ ਨੂੰ ਵਸਾਈ ਰੱਖਦਾ ਹਾਂ । ਮੈਂ ਉੱਤੋਂ ਭਾਵੇਂ ਬੜਾ ਡਰਾਉਣਾ ਹੋ ਕੇ ਦਿਸ ਰਿਹਾ ਹਾਂ ਪਰ ਵਿਚੋਂ ਮੈਂ ਸਾਧਾਂ ਦੇ ਚਰਨਾਂ ਦੀ ਧੂੜ ਹਾਂ । ਹੇ ਨਾਨਕ ! ਇਸ ਦਾਸ ਨੂੰ ਹੁਣ ਪੂਰਾ ਗੁਰੂ ਮਿਲ ਗਿਆ ਹੈ ਜਿਸ ਨੇ ਅੰਦਰ ਬਾਹਰ ਇਕ ਹਰੀ ਹੀ ਵਰਤਦਾ ਵਿਖਾਲ ਦਿੱਤਾ ਹੈ ।"



ਇਹ ਉਤਲਾ ਸ਼ਬਦ ਹੈ ਤਾਂ ਗੁਰੂ ਅਰਜਨ ਦੇਵ ਜੀ ਦਾ, ਪਰ ਇਸ ਨੂੰ ਪੜ੍ਹ ਕੇ ਸੁਤੇ ਪ੍ਰਭਾਵ ਇਹ ਪੈਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ, ਗੁਰੂ ਅਰਜਨ ਦੇਵ ਜੀ ਦੀ ਆਤਮਾ ਵਿਚ ਦਾਖ਼ਲ ਹੋ ਕੇ ਉਹਨਾਂ ਦੀ ਜ਼ਬਾਨੀ ਆਪਣੇ ਜਜ਼ਬਾਤ ਪ੍ਰਗਟ ਕਰੇ ਰਹੇ ਹਨ । ਇਉਂ ਫ਼ਰਜ਼ ਕਰ ਲੈਂਦੇ ਹਾਂ ਕਿ ਸਿੱਖ ਸੰਗਤਾਂ ਬੈਠੀਆਂ ਹਨ ਤੇ ਗੁਰੂ ਹਰਿਗੋਬਿੰਦ ਸਾਹਿਬ ਬਾਦਸ਼ਾਹਾਂ ਵਾਲੀ ਠਾਠ ਬਾਠ ਵਿਚ ਸਜੇ ਉਹਨਾਂ ਨੂੰ ਸੰਬੋਧਨ ਕਰਕੇ ਇਸ ਸ਼ਬਦ ਦੁਆਰਾ ਉਹ ਸ਼ੰਕੇ ਦੂਰ ਕਰ ਰਹੇ ਹਨ ਜੋ ਗੁਰੂ ਸਾਹਿਬ ਦੀ ਆਪਣੀ ਗੱਦੀ-ਨਸ਼ੀਨੀ ਦੇ ਸਮੇਂ ਪੈ ਗਏ ਸਨ । ਉਸ ਸਮੇਂ ਦੀ ਸੰਖੇਪ ਝਾਕੀ ਇਉਂ ਹੈ :

ਬਾਬਾ ਬੁੱਢਾ ਜੀ ਨੇ ਰਿਵਾਜ ਅਨੁਸਾਰ, ਮੰਜੀ, ਸੇਹਲੀ ਤੇ ਟੋਪੀ ਗੁਰੂ ਜੀ ਦੇ ਸਾਹਮਣੇ ਰੱਖ ਦਿੱਤੀ, ਪਰ ਮਹਾਰਾਜ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਤੇ ਉੱਚੀ ਅਵਾਜ਼ ਨਾਲ ਕਿਹਾ ਕਿ ਮੰਜੀ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟਾ ਕਰ ਦਿੱਤੀ ਜਾਏ, ਟੋਪੀ ਸਾਧਾਂ ਦੇ ਹਵਾਲੇ ਹੋ ਜਾਏ ਤੇ ਸੇਹਲੀ ਖ਼ਜ਼ਾਨੇ ਵਿਚ ਹੀ ਦਾਖ਼ਲ ਹੋ ਜਾਣੀ ਚਾਹੀਦੀ ਹੈ । ਫਿਰ ਉਹਨਾਂ ਇੱਛਾ ਪ੍ਰਗਟ ਕੀਤੀ ਕਿ ਧਰਮ ਦੀ ਰੱਖਿਆ ਲਈ ਉਹਨਾਂ ਨੂੰ ਸ਼ਸਤਰ ਪਹਿਨਾਏ ਜਾਣ । ਬਾਬਾ ਬੁੱਢਾ ਜੀ ਨੇ ਤੁਰਤ ਇਕ ਤੇਗ਼ ਉਹਨਾਂ ਦੇ ਹਵਾਲੇ ਕੀਤੀ, ਜੋ ਮਹਾਰਾਜ ਨੇ ਸਜੇ ਪਾਸੇ ਪਾ ਲਈ । ਬਾਬਾ ਜੀ ਨੇ ਸਮਝਿਆ ਕਿ ਗੁਰੂ ਜੀ ਨੂੰ ਤੇਗ਼ ਪਹਿਨਣ ਦੀ ਸਹੀ ਮਰਯਾਦਾ ਸ਼ਾਇਦ ਭੁੱਲ ਗਈ ਹੈ, ਇਸ ਲਈ ਇਸ ਨੂੰ ਲਾਹ ਕੇ ਦੂਜੇ ਪਾਸੇ ਪਾ ਲੈਣ ਲਈ ਬੇਨਤੀ ਕੀਤੀ ਗਈ । ਪਰ ਗੁਰੂ ਜੀ ਨੇ ਬਾਬਾ ਜੀ ਨੂੰ ਰੋਕ ਦਿੱਤਾ ਤੇ ਕਿਹਾ ਕਿ ਇਹ ਮੀਰੀ ਦੀ ਤਲਵਾਰ ਹੈ, ਇਸ ਨੂੰ ਰਹਿਣ ਦਿੱਤਾ ਜਾਏ ਤੇ ਇਕ ਹੋਰ, ਪੀਰੀ ਦੀ ਤਲਵਰ ਖੱਬੇ ਪਾਸੇ ਪਾ ਦਿੱਤੀ ਜਾਏ। ਇਸ ਹੁਕਮ 'ਤੇ ਵੀ ਤੁਰਤ ਅਮਲ ਹੋ ਗਿਆ । ਫਿਰ ਗੁਰੂ ਸਾਹਿਬ ਸੇਹਲੀ ਤੇ ਟੋਪੀ ਨੂੰ ਮੱਥਾ ਟੇਕ ਕੇ ਤਖ਼ਤ 'ਤੇ ਹੋ ਬੈਠੇ ਤੇ ਹੁਕਮਨਾਮੇ ਜਾਰੀ ਕਰ ਦਿੱਤੇ ਗਏ ਕਿ ਅੱਗੋਂ ਤੋਂ ਸਿੱਖ ਸੰਗਤਾਂ ਮਾਇਆ ਦੀ ਥਾਂ ਸ਼ਸਤ੍ਰ, ਘੋੜੇ ਆਦਿਕ ਦੀ ਭੇਟਾ ਲਿਆਇਆ ਕਰਨ । ਆਪ ਹਰ ਰੋਜ਼ ਜਿਗਾ ਕਲਗੀ ਵਿਚ ਸਜ ਕੇ ਸਭਾ ਲਾਂਦੇ, ਬੀਰ ਰਸ ਵਿਚ ਜੋਧਿਆਂ ਤੇ ਸੂਰਬੀਰਾਂ ਦੀਆਂ ਵਾਰਾਂ ਗਾਂਵਦੇ, ਸ਼ਿਕਾਰ, ਘੋਲ ਤੇ ਖੇਡਾਂ ਵਿਚ ਸਿੱਖਾਂ ਨੂੰ ਲਾਈ ਰਖਦੇ, ਆਪਣੇ ਆਪ ਨੂੰ ਸੱਚਾ ਪਾਤਸ਼ਾਹ ਸਦਵਾਉਂਦੇ ਤੇ ਸ਼ਾਹੀ ਠਾਠ ਬਾਠ ਵਿਚ ਸਜਿਆਂ ਹੋਇਆਂ ਸਿੱਖਾਂ ਦੇ ਪ੍ਰਸਪਰ ਝਗੜੇ ਆਪਣੀਆਂ ਅਦਾਲਤਾਂ ਵਿਚ ਹੀ ਨਿਬੇੜਦੇ। ਇਹ ਸਾਰਾ

ਕੌਤਕ ਵੇਖ ਕੇ ਸਿੱਖ ਸੰਗਤਾਂ ਅੰਦਰ ਕਈ ਸ਼ੰਕੇ ਪੈਦਾ ਹੋ ਗਏ ਸਨ । ਉਹਨਾਂ ਲਈ ਇਹ ਸਮਝਣਾ ਔਖਾ ਹੋ ਗਿਆ ਸੀ ਤੇ ਇਉਂ ਸਮਝਣਾ ਗ਼ੈਰ ਕੁਦਰਤੀ ਵੀ ਨਹੀਂ ਸੀ ਕਿ ਫ਼ਕੀਰੀ ਤੇ ਸ਼ਾਹੀ ਠਾਠ, ਤਲਵਾਰ ਤੇ ਮਾਲਾ, ਪੀਰੀ ਤੇ ਮੀਰੀ, ਹਿੰਸਾ ਤੇ ਅਹਿੰਸਾ ਇਕੱਠੇ ਕਿਵੇਂ ਚੱਲ ਸਕਦੇ ਹਨ ?

ਇਸ ਸ਼ਬਦ ਦੁਆਰਾ ਇਕ ਐਸੇ ਮਹਾਂਪੁਰਸ਼ ਦੀ ਤਸਵੀਰ ਖਿੱਚ ਕੇ ਵਿਖਾਈ ਗਈ ਹੈ—ਜੋ ਇਹ ਮੰਨਦਾ ਹੈ ਕਿ ਇਸ ਤਰ੍ਹਾਂ ਹੋ ਸਕਦਾ ਹੈ ਤੇ ਇਹ ਵੀ ਮੰਨਦਾ ਹੈ ਕਿ ਕਿਸੇ ਖ਼ਾਸ ਸਮੇਂ ਧਰਮ ਦੀ ਰਖਿਆ ਲਈ ਇਸ ਤ੍ਰਹ੍ਹਾਂ ਹੋਣਾ ਵੀ ਚਾਹੀਦਾ ਹੈ । ਚੇਤਾ ਰਹੇ ਕਿ ਇਹ ਤਸਵੀਰ ਖਿੱਚਣ ਵਾਲੇ, ਸ਼ਾਂਤੀ ਤੇ ਪ੍ਰੇਮ ਦੇ ਪੁੰਜ, ਗੁਰੂ ਅਰਜਨ ਦੇਵ ਜੀ ਆਪ ਹਨ ਤੇ ਉਹਨਾਂ ਇਹ ਤਸਵੀਰ ਖਿੱਚੀ ਹੈ ਕਿਸੇ ਐਸੇ ਮਹਾਂਬਲੀ ਪਰ ਧਰਮੀ ਸੂਰਮੇ ਦੀ ਜੈਸੇ ਕਿ ਉਹਨਾਂ ਦੇ ਆਪਣੇ ਹੀ ਸਪੁੱਤ੍ਰ ਸਨ । ਜੇ ਗੁਰੂ ਹਰਿਗੋਬਿੰਦ ਸਾਹਿਬ ਤੋਂ ਏਸੇ ਸ਼ਬਦ ਦੀ ਵਿਆਖਿਆ ਕਰਾਈ ਜਾਏ ਤਾਂ ਉਹ ਆਪਣੇ ਨਿੱਜੀ ਜੀਵਨ ਨੂੰ ਸਾਹਮਣੇ ਰੱਖ ਕੇ ਕੁਝ ਇਉਂ ਕਹਿਣਗੇ :

ਸਾਧ ਸੰਗਤ ਜੀ, ਮੇਰਾ ਬਾਹਰਲਾ ਪਹਿਰਾਵਾ ਭਾਵੇਂ ਸ਼ਾਹਾਨਾ ਹੈ ਪਰ ਮੇਰੇ ਮਨ ਵਿਚ ਨਿਰੰਕਾਰ ਵੱਸਦਾ ਹੈ । ਬਾਹਰੋਂ ਮੇਰਾ ਸੂਤ ਸਭ ਨਾਲ ਮਿਲਿਆ ਦਿਸ ਰਿਹਾ ਹੈ,ਅਰਥਾਤ ਮੈਂ ਗ੍ਰਿਹਸਤੀ ਹਾਂ । ਮਾਤਾ ਪਿਤਾ, ਧੀਆਂ ਪੁੱਤਰਾਂ, ਭੈਣਾਂ ਭਰਾਵਾਂ, ਸੰਬੰਧੀਆਂ, ਸੱਜਣਾਂ-ਮਿੱਤਰਾਂ ਨਾਲ ਮੇਰਾ ਪ੍ਰੇਮ ਪਿਆਰ ਦਾ ਵਰਤ ਵਰਤਾਰਾ ਹੈ ਤੇ ਉਹਨਾਂ ਵੱਲ ਮੇਰੀਆਂ ਜੋ ਜ਼ਿੰਮੇਵਾਰੀਆਂ ਹਨ ਮੈਂ ਨਿਬਾਹੁੰਦਾ ਹਾਂ ; ਪਰ ਮੈਂ ਅੰਦਰੋਂ ਕੰਵਲ ਵਾਂਗ ਨਿਰਲੇਪ ਰਹਿੰਦਾ ਹਾਂ । ਮੈਂ ਮੂੰਹ ਨਾਲ ਕਥਾ, ਵਿਖਿਆਨ ਆਦਿਕ ਕਰਕੇ ਸਿੱਖ ਸੰਗਤਾਂ ਨੂੰ ਧਰਮ ਯੁੱਧ ਦੀ ਪ੍ਰੇਰਨਾ ਕਰਦਾ ਦਿਸਦਾ ਹਾਂ ਪਰ ਮੇਰੇ ਦਿਲ ਵਿਚ ਸਦਾ ਰੱਬ ਵਸਦਾ ਹੈ । ਸਮੇਂ ਤੇ ਹਾਲਾਤ ਅਨੁਸਾਰ ਮੈਂ ਕੇਵਲ ਰੂਪ ਵਟਾਇਆ ਹੈ । ਮੈਂ ਸ਼ਸਤ੍ਰਧਾਰੀ ਹੋ ਕੇ ਬੜੇ ਭਿਆਨਕ ਰੂਪ ਵਿਚ ਦਿਸ ਰਿਹਾ ਹਾਂ ਤੇ ਜੰਗ ਦੀਆਂ ਤਿਆਰੀਆਂ ਵਿਚ ਵੀ ਲੱਗਾਂ ਹਾਂ ਪਰ ਮੇਰਾ ਮਨ ਸਭ ਦੇ ਚਰਨਾਂ ਦੀ ਧੂੜ ਹੈ । ਇਹ ਨਾ ਸਮਝ ਲਿਆ ਜਾਏ ਕਿ ਸਿੱਖ ਧਰਮ ਦੇ ਬੁਨਿਆਦੀ ਨੇਮਾਂ ਵਿਚ ਕੋਈ ਤਬਦੀਲੀ ਆਂਦੀ ਗਈ ਹੈ। ਮੇਰੀ ਨਜ਼ਰ ਵਿਚ ਏਕਤਾ ਤੇ ਪ੍ਰੇਮ ਵੱਸ ਰਿਹਾ ਹੈ । ਪੂਰਨ ਗੁਰੂ ਨੇ ਮੈਨੂੰ ਅਜੇਹੀ ਪ੍ਰੇਮ ਦੀ ਨਜ਼ਰ ਬਖ਼ਸ਼ੀ ਹੈ ਕਿ ਮੈਂ ਸਭ ਵਿਚ ਰੱਬ ਵਰਤਦਾ ਵੇਖ ਸਕਦਾ ਹਾਂ, ਤੇ ਵੇਖਦਾ ਹਾਂ । ਮੇਰਾ



ਆਦਰਸ਼ ਹੈ : "**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ**" ਤੇ ਮੇਰੀ ਆਤਮਾ ਅੰਦਰ ਨਿੰਮ੍ਰਤਾ, ਗ਼ਰੀਬੀ ਖਿਮਾਂ ਦਇਆ ਆਦਿਕ ਦੈਵੀ ਗੁਣ ਠੀਕ ਤੋਲ ਮਾਪ ਵਿਚ ਵਰਤ ਰਹੇ ਹਨ।

ਇਸ ਵਿਆਖਿਆ ਦੁਆਰਾ ਸਿੱਖ ਜਗਤ ਦੇ ਸ਼ੰਕੇ ਸਹਜੇ ਸਹਜੇ ਨਵਿੱਰਤ ਹੁੰਦੇ ਗਏ ਸਨ ਤੇ ਭਾਈ ਗੁਰਦਾਸ ਜੀ ਵਰਗਿਆਂ ਨੇ ਵੀ ਮੂਹਰੇ ਹੋ ਕੇ ਇਉਂ ਨਾਹਰਾ ਲਾ ਦਿੱਤਾ ਸੀ, ਜੋ ਉਹਨਾਂ ਦੀ ਵਾਰ ਵਿਚ ਮਿਲ ਜਾਂਦਾ ਹੈ:-

**"ਅਰਜਨੁ ਕਾਇਆ ਪਲਟਿਕੈ ਮੂਰਤਿ ਹਰਗੋਬਿੰਦ ਸਵਾਰੀ ।"**

(ਵਾਰ ਭਾਈ ਗੁਰਦਾਸ)

ਅਰਥਾਤ "ਗੁਰੂ ਅਰਜਨ ਦੇਵ ਜੀ ਆਪ ਹੀ ਆਪਣਾ ਰੂਪ ਬਦਲ ਕੇ ਗੁਰੂ ਹਰਿਗੋਬਿੰਦ ਹੋਏ ਹਨ ?"

ਠੀਕ ਗੱਲ ਇਹੋ ਹੈ ਕਿ ਦਸ ਗੁਰੂ ਸਾਹਿਬਾਨ ਇਕ ਰੂਪ ਸਨ, ਭਾਵੇਂ ਸਮੇਂ ਤੇ ਹਾਲਾਤ ਅਨੁਸਾਰ ਉਹਨਾਂ ਦੇ ਕੰਮਾਂ ਵਿਚ ਕਿਤੇ ਕਿਤੇ ਜ਼ਾਹਰਾ ਵਖੇਵਾਂ ਵੀ ਦਿਸਦਾ ਹੈ । ਉਹਨਾਂ ਦਾ ਸਮੁੱਚਾ ਇਤਿਹਾਸ ਇਕ ਲੜੀ ਹੈ, ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ । ਉਹ ਕਿਸੇ ਸੋਚੇ ਹੋਏ ਪਲੈਨ ਅਨੁਸਾਰ ਕੰਮ ਕਰ ਰਹੇ ਸਨ, ਜਿਸ ਨੂੰ ਮੁਕੰਮਲ ਕਰਨ ਵਿਚ ਦੋ ਸਾਲ ਲੱਗਾ ਸੀ । ਕਿਸੇ ਇਮਾਰਤ ਦਾ ਕੇਵਲ ਇਕ ਪਾਸਾ ਵੇਖ ਕੇ ਸਹੀ ਅੰਦਾਜ਼ਾ ਨਹੀਂ ਲੱਗ ਸਕਦਾ ਕਿ ਇਸ ਦੀ ਆਖਰੀ ਤੇ ਮੁਕੰਮਲ ਸ਼ਕਲ ਕੀ ਹੈ ? ਸਿੱਖੀ ਦੀ ਸੁੰਦਰ ਇਮਾਰਤ ਨੂੰ ਦਸ ਮਹਾਂਪੁਰਸ਼ ਕਾਰੀਗਰਾਂ ਦੇ ਹੱਥ ਲੱਗੇ ਸਨ। ਉਹ ਦਸੇ ਹੀ ਕਿਉਂਕਿ ਇਕ ਰੂਪ ਸਨ , ਇਸ ਲਈ ਉਹਨਾਂ ਦੀ ਤਾਲੀਮ ਵਿਚ ਕੋਈ ਬੁਨਿਆਦੀ ਫ਼ਰਕ ਨਹੀਂ ਹੋ ਸਕਦਾ ਸੀ । ਸੱਤਾ ਬਲੰਵਡ ਦੀ ਵਾਰ ਇਉਂ ਬੋਲਦੀ ਹੈ :

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥"

(ਵਾਰ ਰਾਮਕਲੀ ਸਤਾ ਬਲਵੰਡ, ਅੰਗ ੯੬੬)

ਅਰਥਾਤ "ਜੋਤ ਅਤੇ ਜੁਗਤ ਓਹੋ ਸਨ, ਜੋ ਮਾਲਕ ਗੁਰੂ ਨਾਨਕ ਦੇ ਸਨ । ਮਾਲਕ ਕੇਵਲ ਰੂਪ ਬਦਲ ਲੈਂਦਾ ਸੀ ।"

ਅਸੀਂ ਵੇਖ ਆਏ ਹਾਂ ਕਿ ਗੁਰਿਆਈ ਦੀ ਉੱਚ ਪਦਵੀ ਬੜੀ ਜ਼ਿੰਮੇਵਾਰੀ ਸਮਝੀ ਜਾਂਦੀ ਸੀ ਤੇ ਇਸ ਪਦਵੀ ਲਈ ਯੋਗਤਾ ਦੀ ਪਰਖ ਚੰਗੀ

ਤਰ੍ਹਾਂ ਤਾਉ ਕਸੌਟੀ ਲਾ ਕੇ ਕੀਤੀ ਜਾਂਦੀ ਸੀ ਤਾਂ ਜੋ ਸਿੱਖੀ ਦੀ ਇਮਾਰਤ ਦੇ ਘੜਨ ਵਿਚ ਕੋਈ ਊਣਤਾਈ ਨਾ ਰਹਿ ਜਾਏ ।

ਸਤਾ ਬਲਵੰਡ ਦੀ ਵਾਰ ਵਿਚ ਵੀ ਇਹ ਬਾਤ ਇਸ ਤਰ੍ਹਾਂ ਆਈ ਹੈ :

"ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥" ਅੰਗ ੯੬੭

(ਵਾਰ ਰਾਮਕਲੀ ਸਤਾ ਬਲਵੰਡ)

ਅਰਥਾਤ "ਜਦ ਚੰਗੀ ਤਰ੍ਹਾਂ ਪਰਖ ਕਰ ਲਈ ਗਈ ਸੀ ਤਾਂ ਹੀ ਲਹਿਣਾ ਜੀ ਨੂੰ ਗੱਦੀ 'ਤੇ ਬਿਠਾਇਆ ਗਿਆ ਸੀ ।"

ਇਸ ਯੋਗਤਾ ਦੀ ਪਰਖ ਦੀਆਂ ਕਹਾਣੀਆਂ ਲੰਮੀਆਂ ਹਨ ਤੇ ਦਸਦੀਆਂ ਹਨ ਕਿ ਚੋਣ ਕਰਨ ਵਿਚ ਗ਼ਲਤੀ ਦੀ ਗੁੰਜਾਇਸ਼ ਨਹੀਂ ਰਹਿਣ ਦਿੱਤੀ ਜਾਂਦੀ ਸੀ । ਗੁਰੂ ਰਾਮਦਾਸ ਜੀ ਤੋਂ ਬਾਅਦ ਗੱਦੀ ਭਾਵੇਂ ਇਕ ਖ਼ਾਨਦਾਨ ਵਿਚ ਹੀ ਰਹੀ ਪਰ ਪਰਖ ਦੇ ਕੰਮ ਵਿਚ ਕੋਈ ਫ਼ਰਕ ਨਹੀਂ ਸੀ ਪੈਣ ਦਿੱਤਾ ਜਾਂਦਾ । ਗੁਰੂ ਰਾਮਦਾਸ ਜੀ ਨੇ ਦੋਹਾਂ ਵੱਡੇ ਪੱਤਰਾਂ ਨੂੰ ਛੱਡ ਕੇ ਗੁਰਿਆਈ ਦੇ ਯੋਗ ਸਭ ਤੋਂ ਛੋਟੇ ਪ੍ਰਤੁ, ਗੁਰੂ ਅਰਜਨ ਦੇਵ ਜੀ ਨੂੰ ਸਮਝਿਆ ਸੀ । ਦੁਨੀਆਂ ਜਾਣਦੀ ਹੈ ਕਿ ਇਸ ਚੋਣ ਵਿਚ ਕੋਈ ਭੁੱਲ ਨਹੀਂ ਸੀ ਹੋਈ। ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਖ਼ਸੀਅਤ ਦੇ ਮੁਕਾਬਲੇ ਤੇ ਨਾ ਕੋਈ ਪੁੱਤਰ ਸੀ ਤੇ ਨਾ ਕੋਈ ਸਿੱਖ । ਪਿਛੋਂ ਵੀ ਘੋਖਣ ਤੇ ਪੜਤਾਲਣ ਦਾ ਕੰਮ ਇਸੇ ਤਰ੍ਹਾਂ ਅਭੁੱਲ ਸਮਝਣਾ ਚਾਹੀਦਾ ਹੈ ।

ਗੁਰੂ ਹਰਿਗੋਬਿੰਦ ਜੀ ਨੇ ਸਾਰੇ ਪੁੱਤਰਾਂ ਨੂੰ ਛੱਡ ਕੇ ਗੱਦੀ ਪੋਤਰੇ ਨੂੰ ਦਿੱਤੀ ਸੀ । ਪੜਚੋਲ ਦੇ ਕੰਮ ਨੂੰ ਇਸ ਹੱਦ ਤਕ ਲਿਜਾਇਆ ਗਿਆ ਸੀ ਕਿ ਗੁਰੂ ਤੇਗ਼ ਬਹਾਦਰ ਜੈਸੇ ਮਹਾਂਪੁਰਸ਼ ਨੂੰ ਵੀ ਇਕ ਸਮੇਂ ਗੱਦੀ ਦੇ ਯੋਗ ਨਹੀਂ ਸਮਝਿਆ ਗਿਆ । ਜਦੋਂ ਸਮੇਂ ਨਾਲ ਪੱਕ ਕੇ ਉਹ ਇਸ ਪਦਵੀ ਲਈ ਪੂਰਨ ਤੌਰ 'ਤੇ ਯੋਗ ਹੋ ਗਏ ਸਨ ਤਾਂ ਗੱਦੀ 'ਤੇ ਸਥਾਪਤ ਹੋਏ ਸਨ । ਗੁਰੂ ਹਰਿਕ੍ਰਿਸ਼ਨ ਜੀ ਛੋਟੀ ਆਯੂ ਵਿਚ ਹੀ ਪ੍ਰਲੋਕ ਸਿਧਾਰੇ ਸਨ । ਉਹਨਾਂ ਵਿਚ ਸਾਰੇ ਗੁਣ ਭਾਵੇਂ ਬੀਜ ਰੂਪ ਵਿਚ ਮੌਜੂਦ ਸਨ, ਪਰ ਕਰਤਾਰ ਨੇ ਉਹਨਾਂ ਗੁਣਾਂ ਦੇ ਪ੍ਰਗਟ ਹੋਣ ਦਾ ਵਧੇਰੇ ਸਮਾਂ ਨਹੀਂ ਸੀ ਦਿੱਤਾ । ਛੇਵੇ ਤੇ ਦਸਵੇਂ ਪਾਤਸ਼ਾਹ ਦੀ ਯੋਗਤਾ ਆਪਣੇ ਆਪ ਪ੍ਰਗਟ ਹੈ । ਜੋ ਕੰਮ ਉਹਨਾਂ ਦੋਹਾਂ ਕੀਤਾ ਹੈ, ਉਹ ਕਿਸੇ ਹੋਰ ਨੇ ਕੀ ਕਰ ਸਕਣਾ ਸੀ । ਸਾਡਾ ਭਾਵ ਇਹ ਹੈ ਕਿ ਦਸਾਂ ਪਾਤਿਸ਼ਾਹੀਆਂ ਦੀ ਜੋਤ ਇਕ ਹੈ, ਅਰਥਾਤ ਉਹਨਾਂ ਦੀ ਆਤਮਿਕ ਉਸਾਰੀ



ਗੁਰੂ ਨਾਨਕ ਦੀ ਤਾਲੀਮ ਅਨੁਸਾਰ ਹੀ ਹੋਈ ਸੀ ਤੇ ਉਹ ਸਾਰੇ ਗੁਰੂ ਨਾਨਕ ਦਾ ਰੂਪ ਹੋ ਗਏ ਸਨ । ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸੇ ਗੱਲ ਨੂੰ ਬਚਿੱਤ੍ਰ ਨਾਟਕ ਵਿਚ ਸਪਸ਼ਟ ਕੀਤਾ ਹੈ :-

"ਨਾਨਕ ਅੰਗਦ ਕੋ ਬਪੁ ਧਰਾ। ਧਰਮ ਪ੍ਰਚੁਰਿ ਇਹ ਜਗ ਮੋ ਕਰਾ ।
ਅਮਰਦਾਸ ਪੁਨਿ ਨਾਮੁ ਕਹਾਯੋ । ਜਨੁ ਦੀਪਕ ਤੇ ਦੀਪ ਜਗਾਯੋ ।,
... ... ... ... ... ... ... ...
... ... ... ... ... ... ... ...
ਸ੍ਰੀ ਨਾਨਕ ਅੰਗਦਿ ਕਰਿ ਮਾਨਾ। ਅਮਰਦਾਸ ਅੰਗਦ ਪਹਿਚਾਨਾ ।
ਅਮਰਦਾਸ ਰਾਮ ਦਾਸ ਕਹਾਯੋ । ਸਾਧਨ ਲਖਾ ਮੂੜ੍ਹ ਨਹਿ ਪਾਯੋ ।੯
... ... ... ... ... ... ... ...
... ... ... ... ... ... ... ...
ਰਾਮਦਾਸ ਹਰਿ ਸੋ ਮਿਲਿ ਗਏ । ਗੁਰਤਾ ਦੇਤ ਅਰਜੁਨਹਿ ਭਏ ।
ਜਬ ਅਰਜਨੁ ਪ੍ਰਭ ਲੋਕਿ ਸਿਧਾਏ । ਹਰਿ ਗੋਬਿੰਦ ਤਿਹਠਾਂ ਠਹਰਾਏ।੧੧
ਹਰਿਗੋਬਿੰਦ ਪ੍ਰਭ ਲੋਕਿ ਸਿਧਾਰੇ । ਹਰੀ ਰਾਇ ਤਿਹਠਾਂ ਬੈਠਾਰੇ ।
ਹਰੀਕ੍ਰਿਸ਼ਨ ਤਿਨ ਕੇ ਸੁਤ ਵਏ ।ਤਿਨ ਤੇ ਤੇਗ ਬਹਾਦਰੁ ਭਏ ।੧੨

ਅਰਥਾਤ "ਗੁਰੂ ਨਾਨਕ ਨੇ ਗੁਰੂ ਅੰਗਦ ਦਾ ਸਰੀਰ ਲੈ ਲਿਆ ਤੇ ਇਸ ਜਗਤ ਵਿਚ ਧਰਮ ਦਾ ਪ੍ਰਚਾਰ ਕੀਤਾ । ਗੁਰੂ ਅੰਗਦ ਤੋਂ ਗੁਰੂ ਅਮਰਦਾਸ ਇਉਂ ਬਣੇ ਜਿਵੇਂ ਇਕ ਦੀਵੇ ਤੋਂ ਦੂਜਾ ਦੀਵਾ ਜਗ ਪੈਂਦਾ ਹੈ । ਸੋ ਗੁਰੂ ਨਾਨਕ ਨੇ ਪਹਿਲਾਂ ਗੁਰੂ ਅੰਗਦ ਦਾ ਰੂਪ ਲਿਆ, ਫਿਰ ਗੁਰੂ ਅਮਰਦਾਸ ਦਾ ਅਤੇ ਫੇਰ ਆਪ ਹੀ ਗੁਰੂ ਰਾਮਦਾਸ ਹੋ ਗਏ । ਪਰ ਇਸ ਗੱਲ ਦੀ ਸਮਝ ਸਾਧ ਜਨਾਂ ਨੂੰ ਹੀ ਆਈ, ਮੂਰਖਾਂ ਅੰਜਾਣਿਆਂ ਨੂੰ ਨਹੀਂ ...।"

ਵਖੇਵੇਂ ਅਤੇ ਭਿੰਨਤਾ ਦੇ ਗ਼ਲਤ ਕਿਆਸ ਦਾ ਤੋੜ ਫੋੜ ਹੋਰ ਵੀ ਇਉਂ ਕੀਤਾ ਹੈ :

"ਭਿੰਨ ਭਿੰਨ ਸਭ ਹੂੰ ਕਰਿ ਜਾਨਾ । ਏਕ ਰੂਪ ਕਿਨਹੂੰ ਪਹਿਚਾਨਾ ।
ਜਿਨ ਜਾਨਾ ਤਿਨ ਹੀ ਸਿਧਿ ਪਾਈ ।

ਬਿਨੁ ਸਮਝੇ ਸਿਧਿ ਹਾਥਿ ਨ ਆਈ ।"

ਅਰਥਾਤ "ਦਸਾਂ ਗੁਰੂਆਂ ਦਾ ਜ਼ਾਹਰਾ ਵਖੇਵਾਂ ਤਾਂ ਹਰ ਕੋਈ ਸਮਝ ਲੈਂਦਾ ਹੈ ਪਰ ਕੋਈ ਵਿਰਲਾ ਵਿਚਾਰਵਾਨ ਹੀ ਉਹਨਾਂ ਨੂੰ ਇਕ ਰੂਪ ਵੇਖਦਾ ਹੈ । ਜਿਸ ਨੇ ਇਸ ਤਰ੍ਹਾਂ ਵੇਖਿਆ ਹੈ ਉਸੇ ਨੂੰ ਸਿਧੀ ਪ੍ਰਾਪਤ ਹੋਈ ਹੈ । ਬਿਨਾਂ ਇਸ ਤਰ੍ਹਾਂ ਵੇਖਣ ਦੇ ਕਿਸੇ ਦੇ ਹੱਥ ਵੀ ਕਦੇ ਸਿਧੀ ਨਹੀਂ ਆਈ।"

ਸਿਧੀ ਦਾ ਏਥੇ ਭਾਵ ਸਫਲਤਾ ਹੈ । ਜਿਸ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਧਰਮ ਦੀ ਰਖਿਆ ਲਈ ਜ਼ੁਲਮ ਦੇ ਖਿਲਾਫ਼ ਲੜਨਾ ਧਰਮ ਦਾ ਵੱਡਾ ਕੰਮ ਹੈ, ਉਸ ਨੂੰ ਸਹੀ ਸੂਝ ਬੂਝ ਹੀ ਨਹੀਂ ਹੋ ਸਕਦੀ, ਤੇ ਉਸ ਦਾ ਜੀਵਨ ਅਸਫਲ ਰਹਿੰਦਾ ਹੈ । ਇਸ ਦੇ ਉਲਟ ਜਿਸ ਨੂੰ ਇਹ ਸੂਝ ਬੂਝ ਹੋ ਗਈ ਹੈ, ਉਸ ਲਈ ਗੁਰੂ ਹਰਿਗੋਬਿੰਦ ਜਾਂ ਗੁਰੂ ਦਸਮ ਪਾਤਿਸ਼ਹ ਦਾ ਸ਼ਸਤ੍ਰਧਾਰੀ ਰੂਪ ਵਿਚ ਪ੍ਰਗਟ ਹੋਣਾ ਇਸ ਸ਼ੱਕ ਦਾ ਕਾਰਨ ਨਹੀਂ ਬਣਦਾ ਕਿ ਉਹਨਾਂ ਦੇ ਖ਼ਿਆਲਾਂ ਵਿਚ ਗੁਰੂ ਨਾਨਕ ਦੇ ਖਿਆਲਾ ਨਾਲ ਕੋਈ ਵਖੇਵਾਂ ਆ ਗਿਆ ਸੀ ਜਾਂ ਉਹਨਾਂ ਦਾ ਰਾਹ ਗੁਰੂ ਨਾਨਕ ਜੀ ਦੇ ਰਾਹ ਤੋਂ ਵੱਖਰਾ ਹੋ ਗਿਆ ਸੀ ਖ਼ੈਰ !

ਏਥੇ ਪੁੱਜ ਕੇ ਅਸੀਂ ਹੁਣ ਇਹ ਵਿਚਾਰ ਕਰਨੀ ਹੈ ਕਿ ਧਰਮ ਦਾ ਤਲਵਾਰ ਨਾਲ ਕੀ ਸੰਬੰਧ ਹੈ ਅਤੇ ਗੁਰੂ ਸਾਹਿਬ ਜਿਹੇ ਮਹਾਂ ਤਿਆਗੀ ਫ਼ਕੀਰ ਨੂੰ ਤਲਵਾਰ ਮਿਆਨੋਂ ਕੱਢਣ ਦੀ ਕਿਉਂ ਲੋੜ ਪਈ ਸੀ ? ਇਸ ਦਾ ਉੱਤਰ ਲੈਣ ਲਈ ਸਾਨੂੰ ਉਸ ਸਮੇਂ ਦਾ ਪਿਛੋਕੜ ਵੇਖਣਾ ਪਏਗਾ,ਜਿਸ ਸਮੇਂ ਨੇ ਸਿੱਖ ਗੁਰੂਆਂ ਨੂੰ ਜਨਮ ਦਿੱਤਾ ਸੀ । ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਤੋਂ ਕੁਝ ਸਮਾਂ ਪਹਿਲਾ ਦੇ ਹਾਲਤ ਕੀ ਸਨ ? ਇਸ ਤੇ ਮੁਸਲਮਾਨ ਇਤਿਹਾਸਕਾਰਾਂ ਨੇ ਵੀ ਬਹੁਤ ਕੁਝ ਲਿਖਿਆ ਹੈ ਅਤੇ ਜੋ ਵਰਤਾਉ ਸਮੁੱਚੀ ਹਿੰਦੂ ਕੌਮ ਨਾਲ ਇਸਲਾਮੀ ਰਾਜ ਵਿਚ ਹੋ ਰਿਹਾ ਸੀ ਉਸ ਤੇ ਖ਼ੂਬ ਚਾਨਣਾ ਪਾਇਆ ਹੈ । ਅਸੀਂ ਏਥੇ ਕੇਵਲ ਮੁਸਲਮ ਇਤਿਹਾਸਕਾਰਾਂ ਦੀ ਜ਼ਬਾਨੀ ਕੁਝ ਵਾਕਿਆਤ ਪੇਸ਼ ਕਰਦੇ ਹਾਂ ਪਰ ਇਨ੍ਹਾਂ ਦਾ ਆਰੰਭ ਅਸੀਂ ਕੁਤਬਦੀਨ ਦੇ ਸਮੇਂ ਨਾਲ ਕਰਦੇ ਹਾਂ ।

ਉਸ ਸਮੇਂ ਮੁਸਲਮ ਹਾਕਮਾਂ ਦਾ ਸ਼ੁਗ਼ਲ, ਹਿੰਦੂ ਧਰਮ ਤੇ ਹਿੰਦੂ ਜਾਤੀ ਦਾ ਅਪਮਾਨ, ਬਣ ਗਿਆ ਹੋਇਆ ਸੀ । ਹਿੰਦੂ ਮੰਦਰ ਗਿਰਾਏ ਜਾਂਦੇ ਸਨ ਤੇ ਉਹਨਾਂ ਦੀ ਥਾਂ ਮਸਜਦਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਸਨ । ਕੁਤਬਦੀਨ ਨੇ



ਲੱਖਾਂ ਹਿੰਦਆਂ ਨੂੰ ਕਤਲ ਕਰਾਇਆ, ਉਹਨਾਂ ਦੇ ਮਾਲ ਧਨ ਲੁਟ ਲਏ ਗਏ ਤੇ ਉਹਨਾਂ ਦੇ ਪੁਸਤਕਾਲਯ, ਸਮੇਤ ਪੁਰਾਣੀਆਂ ਧਰਮ ਪੁਸਤਕਾਂ ਦੇ, ਸੜਵਾ ਦਿਤੇ ਗਏ । ਫਿਰ ਅਲਾਉਦੀਨ ਖਿਲਜੀ ਦੀ ਵਾਰੀ ਆਈ । ਇਸ ਰੱਬ ਦੇ ਬੰਦੇ ਨੇ ਜ਼ੁਲਮ ਦੇ ਪਿਛਲੇ ਸਾਰੇ ਰਿਕਾਰਡ ਤੋੜ ਦਿਤੇ ਸਨ । ਇਕ ਵਾਰ ਉਸ ਨੇ ਕਾਜ਼ੀ ਤੋਂ ਪੁਛਿਆ ਕਿ ਇਸਲਾਮੀ ਸ਼ਰਹ ਅਨੁਸਾਰ ਕਾਫ਼ਰਾਂ ਲਈ ਕੀ ਫੁਰਮਾਨ ਹੈ ? ਕਾਜ਼ੀ ਨੇ ਉਤਰ ਦਿਤਾ ਕਿ ਹਿੰਦੂ ਮਿੱਟੀ ਵਾਂਗ ਹਨ । ਜੇ ਮੋਮਨ ਉਹਨਾਂ ਤੋਂ ਚਾਂਦੀ ਮੰਗਣ ਤਾਂ ਉਹਨਾਂ ਨੂੰ ਸੋਨਾ ਹਾਜ਼ਰ ਕਰਨਾ ਚਾਹੀਦਾ ਹੈ ਤੇ ਜੇ ਉਹ ਉਹਨਾਂ ਦੇ ਮੂੰਹ ਵਿਚ ਥੁਕਣਾ ਚਾਹੁਣ ਤਾਂ ਉਹਨਾਂ ਨੂੰ ਮੂੰਹ ਖੋਲ੍ਹ ਦੇਣਾ ਚਾਹੀਦਾ ਹੈ । ਜੇ ਉਹ ਦੀਨ ਕਬੂਲ ਕਰ ਲੈਣ ਤਾਂ ਵਾਹ ਵਾਹ, ਨਹੀਂ ਤਾਂ ਤਸੀਹੇ ਦੇ ਕੇ ਮਾਰ ਦੇਣਾ ਤੇ ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰਨਾ, ਧਰਮ ਦਾ ਕੰਮ ਹੈ ; ਕਿਉਂਕਿ ਖ਼ੁਦਾ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਗ਼ੁਲਾਮ ਬਣਾਇਆ ਹੈ । ਅਲਾਉਦੀਨ ਹੱਸ ਕੇ ਕਹਿਣ ਲੱਗਾ ਕਿ ਉਹ ਤਾਂ ਅੱਗੇ ਹੀ ਇਸੇ ਤਰ੍ਹਾਂ ਸਮਝਦਾ ਹੈ ਤੇ ਕਰਦਾ ਹੈ । ਇਸ ਅੰਨ੍ਹੇ ਮੁਤਅਸਬ ਮੁਸਲਮਾਨ ਨੇ ਇਸਲਾਮ ਦੀ ਸ਼ਾਨ ਇਸ ਗੱਲ ਵਿਚ ਹੀ ਸਮਝੀ ਹੋਈ ਸੀ ਕਿ ਹਿੰਦੂਆਂ ਨੂੰ ਵੱਧ ਤੋਂ ਵੱਧ ਤਸੀਹੇ ਦਿਤੇ ਜਾਣੇ ਚਾਹੀਦੇ ਹਨ । ਇਤਿਹਾਸਕਾਰ ਕਹਿੰਦੇ ਹਨ ਕਿ ਉਸ ਨੇ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਬੱਚੇ ਕਤਲ ਕਰਾ ਦਿਤੇ ਸਨ ਤੇ ਏਥੋਂ ਮੁੜਦੀ ਵਾਰ ਵੀਹ ਹਜ਼ਾਰ ਹਿੰਦੂ ਇਸਤਰੀਆਂ ਬਤੌਰ ਨਿਜੀ ਟਹਿਲਣਾ ਤੇ ਹਜ਼ਾਰਾਂ ਮਰਦ ਗ਼ੁਲਾਮਾਂ ਦੀ ਹੈਸੀਅਤ ਵਿਚ ਆਪਣੇ ਨਾਲ ਲੈ ਗਿਆ ਸੀ ।ਇਸ ਕਿਸਮ ਦਾ ਉਹ ਭਿਆਨਕ ਜ਼ਾਲਮ ਸੀ ਕਿ ਉਸ ਨੇ ਆਪਣੇ ਵੀ ਸੱਕੇ ਭਰਾ ਤੇ ਭਤੀਜੇ ਦੀਆਂ ਚਮੜੀਆਂ ਬਾਗੀ ਹੋਣ ਦੇ ਦੋਸ਼ ਵਿਚ ਉਤਰਵਾਈਆਂ, ਫਿਰ ਉਹਨਾਂ ਦਾ ਮਾਸ ਰਿੰਨਵਾਇਆ ਤੇ ਇਹੋ ਮਾਸ ਉਹਨਾਂ ਦੇ ਬੱਚਿਆਂ ਨੂੰ ਖਵਾਇਆ ਸੀ । ਜੋ ਮਾਸ ਬਚ ਗਿਆ ਉਸ ਨੂੰ ਹਾਥੀਆਂ ਤੋਂ ਲਤੜਵਾਇਆ ਗਿਆ ਤੇ ਇਸ ਕਰਤੱਵ 'ਤੇ ਉਸ ਨੇ ਬੇਹਦ ਖ਼ੁਸ਼ੀ ਮਨਾਈ।

ਮੁਹੰਮਦ ਬਿਨ ਤੁਗਲਕ ਦੇ ਜ਼ੁਲਮਾਂ ਦੇ ਵਾਕਿਆਤ ਦਸਦਾ ਹੋਇਆ ਇਕ ਇਤਿਹਾਸਕਾਰ ਇਬਨ ਬਤੋਤਾ ਇਉਂ ਲਿਖਦਾ ਹੈ:- ਇਕ ਸਮੇਂ ਦਿੱਲੀ ਦੇ ਵਸਨੀਕਾਂ ਨੇ ਜ਼ੁਲਮਾਂ ਤੋਂ ਤੰਗ ਆ ਕੇ ਸ਼ਾਹ ਨੂੰ ਬੜੀ ਨਿੰਮ੍ਰਤਾ ਨਾਲ ਲਿਖਿਆ ਕਿ ਉਸ ਦੀ ਵਫ਼ਾਦਾਰ ਰਈਅਤ ਹਨ ਤੇ ਰਹਿਮ ਦੀ ਦਰਖ਼ਾਸਤ ਕਰਦੇ ਹਨ । ਇਕ ਕਸੂਰ ਬਦਲੇ ਉਹਨਾਂ ਨੂੰ ਹੁਕਮ ਮਿਲ ਗਿਆ ਕਿ ਉਹ

ਤੁਰਤ ਇਕ ਦਿਨ ਦੇ ਅੰਦਰ ਅੰਦਰ ਸਾਰਾ ਸ਼ਹਿਰ ਖ਼ਾਲੀ ਕਰਕੇ ਦੌਲਤਾਬਾਦ ਚਲੇ ਜਾਣ ਜੋ ਓਥੋਂ ਏਨੀ ਦੂਰ ਸੀ ਕਿ ਓਥੇ ਪਹੁੰਚਣ ਵਿਚ ਚਾਲੀ ਦਿਨ ਲੱਗ ਜਾਂਦੇ ਸਨ। ਮਿਆਦ ਗੁਜ਼ਰਨ ਤੋਂ ਬਾਅਦ ਜਦ ਰਾਤ ਨੂੰ ਸ਼ਹਿਰ ਦੀ ਤਲਾਸ਼ੀ ਲਈ ਗਈ ਤਾਂ ਇਕ ਅੰਨ੍ਹਾ ਤੇ ਇਕ ਬਿਮਾਰ ਮਿਲੇ । ਬੀਮਾਰ ਨੂੰ ਤਾਂ ਛੱਤ ਤੋਂ ਥੱਲੇ ਸੁਟਿਆ ਗਿਆ ਸੀ ਜੋ ਡਿਗਦੇ ਸਾਰ ਮਰ ਗਿਆ ਤੇ ਅੰਨ੍ਹੇ ਨੂੰ ਲੱਤਾਂ ਤੋਂ ਘਸੀਟ ਕੇ ਦੌਲਤਾਬਾਦ ਪੁਚਾਇਆ ਗਿਆ । ਓਥੇ ਅਪੜਨ ਤਕ ਅੰਨ੍ਹੇ ਦੇ ਸਰੀਰ ਦਾ ਸਾਰਾ ਹਿੱਸਾ ਰਾਹ ਵਿਚ ਝੜ ਗਿਆ । ਕੇਵਲ ਲੱਤ ਬਚੀ ਜੋ ਸ਼ਹਿਰ ਵਿਚ ਸੁੱਟੀ ਗਈ ਤਾਂ ਜੋ ਹੁਕਮ ਦੀ ਤਾਮੀਲ ਪੂਰੀ ਹੋਈ ਸਮਝੀ ਜਾ ਸਕੇ । ਫੀਰੋਜ਼ ਸ਼ਾਹ ਤੁਗ਼ਲਕ ਦੇ ਸਮੇਂ ਦੀ ਇਕ ਘਟਨਾ ਇਉਂ ਬਿਆਨ ਕੀਤੀ ਗਈ ਹੈ—ਜਦ ਉਸ ਨੇ ਭੂਪਾਲ ’ਤੇ ਹਮਲਾ ਕੀਤਾ ਤਾਂ ਅੱਗੋਂ ਕੋਈ ਮੁਕਾਬਲਾ ਨਾ ਹੋਇਆ ਸਗੋਂ ਹਥਿਆਰ ਸੁੱਟ ਦਿਤੇ ਗਏ। ਪਰ ਉਸ ਦੀ ਇਸ ਗੱਲ ਨਾਲ ਤਸੱਲੀ ਨਹੀਂ ਸੀ ਹੋਈ । ਸਾਰੇ ਦੇ ਸਾਰੇ ਮੰਦਰ ਗਿਰਾਏ ਤੇ ਉਹਨਾਂ ਮੰਦਰਾਂ ਦੇ ਬੁੱਤ ਮੰਗਵਾ ਕੇ ਆਪਣੇ ਕਿਲ੍ਹੇ ਦੇ ਸਾਹਮਣੇ ਲਟਕਾਏ ਗਏ। ਇਹਨਾਂ ਬੁੱਤਾਂ ਨੂੰ ਹਿੰਦੂਆਂ ਦੇ ਲਹੂ ਨਾਲ ਹਰ ਰੋਜ਼ ਧੁਵਾਇਆ ਜਾਂਦਾ ਸੀ ।

ਇਸ ਤੋਂ ਬਾਅਦ ਸਿਕੰਦਰ ਲੋਧੀ ਬਾਬਤ ਇਤਿਹਾਸਕਾਰਾਂ ਦਾ ਇਹ ਬਿਆਨ ਕਾਫ਼ੀ ਹੈ ਕਿ ਉਸ ਨੇ ਹਿੰਦੂ ਨੂੰ ਕੇਵਲ ਇਸ ਲਈ ਮਰਵਾ ਦਿੱਤਾ ਸੀ ਕਿ ਉਸ ਨੇ ਇਹ ਖ਼ਿਆਲ ਪ੍ਰਗਟ ਕਰਨ ਦੀ ਹਿੰਮਤ ਕੀਤੀ ਕਿ ਹਿੰਦੂ ਧਰਮ ਵੀ ਇਸਲਾਮ ਦੀ ਤਰ੍ਹਾਂ ਉੱਤਮ ਹੈ । ਇਹ ਸਿਕੰਦਰ ਉਹੋ ਹੈ ਜਿਸ ਨੇ ਕਬੀਰ ਜੀ ਵਰਗੇ ਮਹਾਤਮਾ ਨੂੰ ਕੇਵਲ ਖ਼ਿਆਲਾਂ ਦੇ ਫ਼ਰਕਾਂ ਕਰਕੇ ਸਖ਼ਤ ਤਸੀਹੇ ਦਿੱਤੇ ਸਨ ।

ਮੁੱਕਦੀ ਗੱਲ ਇਹ ਹੈ ਕਿ ਹਿੰਦੂ ਜਾਤੀ ਨੂੰ ਇਸ ਹੱਦ ਤਕ ਜ਼ਲੀਲ ਕਰ ਦਿੱਤਾ ਗਿਆ ਸੀ ਕਿ ਹਿੰਦੂ ਸ੍ਵੈ-ਮਾਨ ਦਾ ਆਪਣਾ ਸਾਰਾ ਖਿਆਲ ਹੀ ਛਡ ਚੁੱਕੇ ਸਨ ਤੇ ਸਮਝਣ ਲੱਗ ਪਏ ਸਨ ਕਿ ਕੁਦਰਤ ਨੂੰ ਇਹੋ ਮਨਜ਼ੂਰ ਹੈ ਤੇ ਇਹੋ ਠੀਕ ਹੈ । ਉਹਨਾਂ ਦੇ ਘਰ ਲੁੱਟੇ ਜਾਂਦੇ, ਔਰਤਾਂ ਬੇਇੱਜ਼ਤ ਕੀਤੀਆਂ ਜਾਂਦੀਆਂ ਤੇ ਉਹਨਾਂ ਨੂੰ ਬੱਚਿਆਂ ਸਮੇਤ ਆਨਿਆਂ ਤੋਂ ਵੇਚਿਆ ਜਾਂਦਾ । ਉਹਨਾਂ ਦੇ ਮੰਦਰ ਢਾਹ ਕੇ ਉਹਨਾਂ ਨੂੰ ਬਦੋਬਦੀ ਮੁਸਲਮਾਨ ਬਣਾਇਆ ਜਾਂਦਾ; ਪਰ ਵੇਖੋ ਕੁਦਰਤ ਦੇ ਰੰਗ ਕਿ ਉਹ ਚੂੰ ਕਰਨ ਜੋਗੇ ਵੀ ਨਹੀਂ ਰਹਿ



ਗਏ ਸਨ।

ਇਹ ਉਤਲੇ ਕੁਝ ਕੁ ਵਾਕਿਆਤ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨੀ ਤੋਂ ਪਹਿਲਾ ਦੇ ਹਨ । ਬਾਬਰ ਦੇ ਜ਼ੁਲਮਾਂ ਨੂੰ ਗੁਰੂ ਜੀ ਨੇ ਆਪਣੀ ਅੱਖੀ ਡਿੱਠਾ ਤੇ ਉਹਨਾਂ ਦੇ ਕੋਮਲ ਹਿਰਦੇ ਨੂੰ ਇਸ ਦਾ ਬੜਾ ਖੇਦ ਵੀ ਹੋਇਆ ਸੀ । ਏਮਨਾਬਾਦ ਦੇ ਬਾਜ਼ਾਰਾਂ ਵਿਚ ਖੜ੍ਹੇ ਹੋ ਕੇ ‘ਬਾਬਰ ਜਾਬਰ’ ਹੈ ਦਾ ਨਾਅਰਾ ਲਾਇਆ ਸੀ । ਅਸੀਂ ਜਿਨ੍ਹਾਂ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਬਾਬਰ ਦੇ ਅੱਤਿਆਚਾਰਾਂ ਦੀ ਕੋਈ ਹੱਦ ਨਹੀਂ ਰਹੀ ਸੀ ; ਜਿਵੇਂ : “ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦ ਨ ਆਇਆ ॥” ਦੇਸ਼ ਦੀ ਅੰਦਰੂਨੀ ਅਧੋਗਤੀ ਤੋਂ ਹੋਰ ਵੀ ਦੁਖਿਤ ਹੋ ਕੇ ਉਹਨਾਂ ਖ਼ੂਨ ਦੇ ਅੱਥਰੂ ਕੇਰੇ ਸਨ । ਲੋਧੀਆਂ ਦਾ ਰਾਜ ਅਤਿਅੰਤ ਕਮਜ਼ੋਰ ਹੋ ਚੁਕਾ ਸੀ ਤੇ ਦੇਸ਼ ਦੀ ਰਖਿਆ ਲਈ ਉਸ ਰਾਜ ਵਿਚ ਕੋਈ ਸ਼ਕਤੀ ਨਹੀਂ ਰਹੀ ਸੀ । ਗ਼ਰੀਬੀ, ਭਰਮ, ਵਹਿਮ, ਜਹਾਲਤ ਤੇ ਗ਼ਲਤ ਧਾਰਿਮਕ ਤਾਲੀਮ ਨੇ ਜਨਤਾ ਨੂੰ ਬਿਹਬਲ ਕੀਤਾ ਹੋਇਆ ਸੀ । ਇਕ ਪੁਰਖੀ ਰਾਜ ਵਿਚ ਉਸ ਦੀ ਕੋਈ ਵੀ ਸੁਣਵਾਈ ਨਹੀਂ ਸੀ ਹੁੰਦੀ ਅਤੇ ਸਭ ਪਾਸੇ ਅੰਨ੍ਹੀ ਘੜਮੱਸ ਮੱਚੀ ਹੋਈ ਸੀ । ਜਨਤਾ ਦੀ ਅਸਲ ਤਾਕਤ ਤਾਂ ਏਕਤਾ ਵਿਚ ਹੁੰਦੀ ਹੈ । ਪਰ ਮਜ਼ਹਬੀ ਫ਼ਰਕਾਂ ਕਰਕੇ ਹਿੰਦੂ ਮੁਸਲਮਾਨ ਇਕੱਠੇ ਨਹੀਂ ਚਲ ਸਕਦੇ ਸਨ । ਚਾਲਾਕ ਹਾਕਮ ਚੰਗੇ ਤੇ ਧਰਮ ਦੇ ਡਰ ਵਾਲੇ ਮੁਸਲਾਮਨਾਂ ਨੂੰ ਵੀ ਇਹ ਕਹਿਕੇ ਸੰਤੁਸ਼ਟ ਕਰ ਲੈਂਦੇ ਸਨ ਕਿ ਹਿੰਦੂ ‘ਕਾਫ਼ਰਾਂ’ ਨਾਲ ਸਖਤੀ ਭਰਿਆ ਵਰਤਾਉ ਇਸਲਾਮ ਦੀ ਸੇਵਾ ਹੈ। ਮਜ਼ਲੂਮ ਹਿੰਦੂ ਜਾਤ ਪਾਤ ਦੇ ਫ਼ਰਕਾਂ ਕਾਰਨ, ਪ੍ਰਸਪਰ ਫਟੇ ਰਹਿੰਦੇ ਸਨ ਤੇ ਹਰ ਪ੍ਰਕਾਰ ਦੀਆਂ ਵਧੀਕੀਆਂ ਚੁਪ ਕੀਤੇ ਸਹਾਰਦੇ ਸਨ । ਸ੍ਵੈ-ਮਾਨ ਇਸ ਹੱਦ ਤਕ ਖੋਇਆ ਗਿਆ ਸੀ ਕਿ ਰਾਜੂਪਤਾਂ ਜਿਹੇ ਬਹਾਦਰ ਵੀ ਮੁਸਲਾਮਨਾਂ ਨੂੰ ਆਪਣੀਆਂ ਲੜਕੀਆਂ ਦੇ ਕੇ ਫ਼ਖ਼ਰ ਮਹਿਸੂਸ ਕਰਦੇ ਸਨ । ਦੇਸ਼-ਪਿਆਰ ਜਾਂ ਕੌਮੀ ਅਣਖ ਦੇ ਜਜ਼ਬੇ ਖ਼ਤਮ ਕਰ ਦਿੱਤੇ ਗਏ ਸਨ । ਛੂਤ-ਛਾਤ ਦੇ ਹੁੰਦਿਆਂ ਏਕਤਾ ਦਾ ਖ਼ਿਆਲ ਸੁਪਨੇ ਤੋਂ ਵੱਧ ਹੈਸੀਅਤ ਨਹੀਂ ਰੱਖਦਾ । ਗ਼ਲਤ ਕਿਆਸ ਦੀ ਅਹਿੰਸਾ ਤੇ ਗ਼ਲਤ ਤਸੱਵਰ ਦੇ ਤਿਆਗ ਨੇ ਦੇਸ਼ ਦੇ ਸਹੀ ਆਗੂ ਤਾਂ ਪਹਿਲਾਂ ਹੀ ਲਾਂਭੇ ਕਰ ਦਿੱਤੇ ਹੋਏ ਸਨ । ਦੇਵੀ ਦੇਵਤਿਆਂ ਦੀ ਪੂਜਾ ਤੇ ਹੋਰ ਰਸਮੀ ਪੂਜਾ ਨੇ ਹਿੰਦੂਆਂ ਦੇ ਵਿਚਾਰ ਧੁੰਧਲੇ ਕਰ ਦਿੱਤੇ ਹੋਏ ਸਨ । ਫਿਰ ਉਹ ਆਪਣੀ ਰਾਖੀ ਕਿਸ ਧੁਰੇ ਤੇ ਖੜ੍ਹੇ ਹੋ ਕੇ ਕਰ ਸਕਦੇ ਸਨ? ਗ਼ਲਤ ਮਜ਼ਹਬੀ ਤਾਲੀਮ ਦਾ ਇਹ ਅਸਰ ਸੀ ਕਿ ਜਦ ਸ਼ਹਾਬਉਦੀਨ

ਨੇ ਆਪਣੀ ਜਿੱਤ ਹੁੰਦੀ ਨਾ ਵੇਖੀ ਅਤੇ ਉਸ ਨੇ ਫੌਜ਼ਾਂ ਦੀ ਪਹਿਲੀ ਕਤਾਰ ਵਿਚ ਗਊਆਂ ਕਰ ਦਿੱਤੀਆਂ ਤਾਂ ਅੱਗੋਂ ਹਿੰਦੂਆਂ ਨੇ ਆਪਣੇ ਸ਼ਸਤਰ ਵੀ ਸੁੱਟ ਦਿੱਤੇ ਸਨ, ਤਾਂ ਜੋ ਗਊਆਂ ਦਾ ਘਾਤ ਨ ਹੋ ਜਾਏ । ਗਊਆਂ ਤਾਂ ਬਚਾ ਲਈਆਂ ਗਈਆਂ ਪਰ ਬੱਚੇ ਤੇ ਔਰਤਾਂ ਕਤਲ ਤੇ ਬੇਇਜ਼ਤ ਹੋਏ ।

ਗੁਰੂ ਸਾਹਿਬ ਨੇ ਦੇਸ ਦੀ ਉੱਤੇ ਦੱਸੀ ਸਾਰੀ ਹਾਲਤ ਨੂੰ ਇਉਂ ਸੰਖੇਪ ਬਿਆਨ ਕੀਤਾ ਹੈ :

"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥"

(ਵਾਰ ਮਾਝ ਮਹਲਾ ੧, ਅੰਗ ੧੪੫)

ਅਰਥਾਤ "ਇਹ ਕਲਯੁਗ ਛੁਰੀ ਵਰਗਾ ਹੈ ਰਾਜੇ ਕਸਾਈਆਂ ਦੀ ਤਰ੍ਹਾਂ ਜ਼ਾਲਮ ਹਨ ਤੇ ਧਰਮ ਖੰਭ ਲਾ ਕੇ ਉੱਡ ਗਿਆ ਹੈ। ਮੱਸਿਆ ਦੀ ਰਾਤ ਵਾਂਗ ਕੂੜ ਰੂਪ ਹਨੇਰਾ ਪਸਰਿਆ ਹੈ ਤੇ ਸੱਚ, ਮੱਸਿਆ ਦੇ ਚੰਨ ਵਾਂਗ ਅਲੋਪ ਹੋ ਗਿਆ ਹੈ ਤੇ ਦਿਸਦਾ ਹੀ ਨਹੀਂ ਕਿ ਕਿੱਥੇ ਚੜ੍ਹਿਆ ਹੈ ? ਮੈਂ ਢੂੰਢ ਢੂੰਡ ਕੇ ਵਿਆਕੁਲ ਹੋਈ ਫਿਰਦੀ ਹਾਂ, ਕਿਉਂਕਿ ਸਭ ਪਾਸੇ ਹਨੇਰਾ ਹੈ ਤੇ ਰਾਹ ਦਿੱਸਦਾ ਨਹੀਂ ।

ਹੋਰ : **"ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮਰਦਾਰੁ॥"**

(ਵਾਰ ਸਾਰੰਗ ਮਹਲਾ ੧, ਅੰਗ ੧੨੪੨)

ਅਰਥਾਤ "ਕਲਿਜੁਗੀ ਲੋਕਾਂ ਵਿਚ ਕੁਤੇ ਦਾ ਸੁਭਾਵ ਵਰਤ ਰਿਹਾ ਹੈ ਤੇ ਉਹਨਾਂ ਦੀ ਖ਼ੁਰਾਕ ਵੀ ਮੁਰਦਾਰ (ਵੱਢੀ ਆਦਿਕ ਹਰਾਮ ਚੀਜ਼) ਹੋ ਗਈ ਹੈ ।"

ਹੋਰ : **"ਰਾਜੇ ਸੀਹ ਮੁਕਦਮ ਕੁਤੇ ॥"**

(ਵਾਰ ਮਹਲਾ ਮਹਲਾ ੧, ਅੰਗ ੧੨੮੮)

ਭਾਈ ਗੁਰਦਾਸ ਜੀ ਨੇ ਇਸੇ ਹਾਲਤ ਨੂੰ ਚਾਰ ਲਫ਼ਜ਼ਾਂ ਵਿਚ ਇਉਂ ਬਿਆਨ ਕਰ ਦਿੱਤਾ ਸੀ :

**"ਪਾਪ ਦਾ ਵਰਤਿਆ ਵਰਤਾਰਾ ॥"**



ਇਹ ਸੀ ਅਤੀ ਭਿਆਨਕ ਹਾਲਤ ਦੇਸ਼ ਦੀ, ਜਦ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ । ਉਸ ਸਮੇਂ ਦੇਸ਼ ਧਾਰਮਿਕ, ਸਮਾਜਿਕ, ਪੁਲੀਟੀਕਲ, ਆਰਥਕ, ਸਦਾਚਾਰਕ ਤੇ ਹੋਰ ਹਰ ਪਹਿਲੂਆਂ ਤੋਂ ਗਿਰਾਵਟ ਦੀ ਖੱਡ ਵਿਚ ਡਿੱਗਾ ਸੀ । ਇਸ ਅਧੋਗਤੀ ਵਿਚੋਂ ਉਹ ਇਸ ਨੂੰ ਕੱਢਣਾ ਤਾਂ ਚਾਹੁੰਦੇ ਸਨ, ਪਰ ਉਹਨਾਂ ਨੂੰ ਸਭ ਪਾਸੇ ਹਨੇਰਾ ਹੀ ਹਨੇਰਾ ਦਿੱਸਦਾ ਸੀ। ਹਾਲਾਤ ਨੂੰ ਉਹ ਬਦਲਣਾ ਤਾਂ ਚਾਹੁੰਦੇ ਸਨ, ਪਰ ਕਰਦੇ ਕੀ ? ਪੁਲੀਟੀਕਲ ਸੁਤੰਤਰਤਾ ਬੜੀ ਸਹਾਇਕ ਹੋ ਸਕਦੀ ਸੀ, ਪਰ ਲਿਆਂਦੀ ਕਿਵੇਂ ਜਾਏ ? ਰਾਜਸੀ ਤਾਕਤ ਉਸ ਵੇਲੇ ਉਨ੍ਹਾਂ ਲੋਕਾਂ ਪਾਸ ਸੀ, ਜਿਨ੍ਹਾਂ ਨੂੰ ਆਪ ਸ਼ੀਹ, ਕੁੱਤੇ ਤੇ ਕਸਾਈ ਕਹਿੰਦੇ ਸਨ ; ਕਿਉਂਕਿ ਮਨੁੱਖਾਂ ਵਾਲੀ ਕੋਈ ਗੱਲ ਉਹਨਾਂ ਵਿਚ ਹੀ ਨਹੀਂ ਸੀ । ਉਹਨਾਂ ਦੇ ਸਾਰੇ ਅਮਲ ਪਸ਼ੂਆਂ ਤੇ ਦਰਿੰਦਿਆਂ ਵਾਲੇ ਸਨ। ਅਜੇਹੇ ਹਾਕਮਾਂ ਤੋਂ ਜਨਤਾ ਨੂੰ ਛੁਟਕਾਰਾ ਕਿਵੇਂ ਮਿਲੇ ? ਗੁਰੂ ਸਾਹਿਬ ਨੇ ਇਸ ਸਾਰੀ ਹਾਲਤ ਨੂੰ ਵੇਖ ਕੇ ਬੜਾ ਦੁੱਖ ਮਹਿਸੂਸ ਕੀਤਾ ਸੀ ਪਰ ਉਹ ਘਬਰਾਏ ਨਹੀਂ ਸਨ ਤੇ ਨਾ ਢੇਰੀ ਢਾਹ ਕੇ ਹੱਥ ਤੇ ਹੱਥ ਧਰ ਬੈਠ ਗਏ ਸਨ। ਉਹਨਾਂ ਆਪਣਾ ਕੰਮ, ਆਪਣੇ ਨਿਮਾਣੇ ਤਰੀਕੇ ਨਾਲ, ਸ਼ੁਰੂ ਕੀਤਾ। ਪਹਿਲਾਂ ਦੇਸ਼ ਨੂੰ ਜਗਾਣਾ ਤੇ ਦਿਲਾਂ ਵਿਚ ਪਰੀਵਰਤਨ ਲਿਆਣੀ, ਸਭ ਤੋਂ ਵੱਡਾ ਤੇ ਜ਼ਰੂਰੀ ਕੰਮ ਸੀ । ਉਹ ਸਮਝਦੇ ਸਨ ਪਹਿਲਾਂ ਦਿਲਾਂ ਨੂੰ ਅਜ਼ਾਦ ਕਰ ਦਿੱਤਾ ਜਾਣਾ ਚਾਹੀਦਾ ਹੈ । ਜੇ ਮਾਨਸਿਕ ਗ਼ੁਲਾਮੀ ਦੀਆਂ ਜੜ੍ਹਾਂ ਕੱਟ ਦਿੱਤੀਆਂ ਜਾਣ ਤਾਂ ਮਨੁੱਖ ਹਰ ਗ਼ੁਲਾਮੀ ਨੂੰ ਜੋ ਬਾਹਰੋਂ ਆਉਂਦੀ ਹੈ, ਕੱਟਣ ਯੋਗ ਹੋ ਜਾਂਦਾ ਹੈ। ਇਸ ਖ਼ਿਆਲ ਨੂੰ ਸਹਾਮਣੇ ਰੱਖ ਕੇ ਉਨ੍ਹਾਂ ਦਾ ਆਪਣਾ ਕੰਮ ਤਾਂ ਸਾਫ਼ ਦਿੱਸਦਾ ਸੀ । ਪਰ ਇਹ ਲੰਮਾ ਸਮਾਂ ਮੰਗਦਾ ਸੀ ਕਿਉਂਕਿ ਮਨ ਅੰਦਰ ਵਸਦੀ ਗ਼ੁਲਾਮੀ ਦਾ ਕੱਟਣਾ ਸਗੋਂ ਵਧੇਰੇ ਕਠਨ ਹੁੰਦਾ ਹੈ । ਮਹਰਾਜ ਨੇ ਦੇਸ ਵਾਸੀਆਂ ਨੂੰ ਦਸਿਆ ਕਿ ਦੁੱਖ ਤੇ ਕਸ਼ਟ ਮਨੁੱਖ ਆਪ ਪੈਦਾ ਕਰ ਲੈਂਦੇ ਹਨ, ਕਿਉਂਕਿ ਪ੍ਰਮਾਤਮਾ ਨੂੰ ਭੁੱਲ ਜਾਂਦੇ ਹਨ । ਪਾਪ ਤੇ ਬੁਰਾਈ ਆਉਂਦੀ ਹੀ ਤਦੋਂ ਹੈ ਜਦ ਜੀਵ ਆਪਣੇ ਅਸਲ ਸਰੂਪ ਨੂੰ ਭੁੱਲ ਜਾਂਦੇ ਹਨ । ਸੱਚ, ਪਿਆਰ ਤੇ ਸੇਵਾ ਜੀਵਨ ਨੂੰ ਸਫਲਾ ਕਰਦੇ ਹਨ ਕਿਉਂਕਿ ਸ਼ੁੱਧ ਆਤਮਾ ਦੇ ਇਹ ਸੁਤੇ ਹੀ ਲਖਣ ਹੁੰਦੇ ਹਨ । ਸੱਚ ਦਾ ਧਾਰਨੀ ਆਪ ਹੀ ਜ਼ੁਲਮ ਤੇ ਧੱਕਿਆਂ ਦੇ ਖਿਲਾਫ਼ ਖੜ੍ਹਾ ਹੋ ਜਾਂਦਾ ਹੈ ਤੇ ਹਰ ਕੁਰਬਾਨੀ ਦੇਣ ਲਈ ਤਿਆਰ ਰਹਿੰਦਾ ਹੈ। ਉਸ ਨੂੰ ਮੌਤ ਦਾ ਭੈ ਨਹੀਂ ਹੁੰਦਾ ਕਿਉਂਕਿ ਧਰਮ, ਨੇਕੀ ਤੇ ਸੱਚ ਉਸ ਦੇ ਹੱਡਾਂ ਵਿਚ ਦਾਖ਼ਲ ਹੋ ਜਾਂਦਾ ਹੈ ਤੇ ਮੁੜ ਉਹ ਉਹਨਾਂ ਨੂੰ ਛੱਡ ਨਹੀਂ ਸਕਦਾ,

ਚਾਹੇ ਉਸ ਨੂੰ ਕਿੰਨੀਆਂ ਔਕੜਾਂ ਦਾ ਟਾਕਰਾ ਕਰਨਾ ਪੈ ਜਾਏ ।ਇਸ ਗੱਲ ਨੂੰ ਮੁਖ ਰੁਖ ਕੇ ਰੂਹਾਨੀ ਜਾਗ੍ਰਤੀ ਲਿਆਉਣ ਦਾ ਕੰਮ ਸਿੱਖ ਗੁਰੂਆਂ ਨੇ ਲੰਮਾ ਸਮਾਂ ਜਾਰੀ ਰਖਿਆ । ਓਧਰ ਮੁਗ਼ਲਾਂ ਦਾ ਰਾਜ ਚਲ ਰਿਹਾ ਸੀ । ਅਕਬਰ ਦੇ ਸਮੇਂ ਨੂੰ ਛੱਡ ਕੇ ਬਾਕੀ ਸਮੇਂ ਦਾ ਮੁਗ਼ਲ ਰਾਜ ਦੇਸ਼ ਲਈ ਇਕ ਲਾਹਨਤ ਬਣ ਚੁੱਕਾ ਸੀ । ਜਹਾਂਗੀਰ ਦੇ ਜ਼ੁਲਮ ਦੀਆਂ ਕਹਾਣੀਆਂ ਕਈ ਹਨ । ਕੁਝ ਵੰਨਗੀ ਮਾਤ੍ਰ ਹੀ ਏਥੇ ਦਿੰਦੇ ਹਾਂ :

ਇਕ ਵਾਰ ਸੌ ਆਦਮੀਆਂ ਨੂੰ, ਜਿਨ੍ਹਾਂ 'ਤੇ ਡਾਕੂ ਹੋਣ ਦਾ ਦੋਸ਼ ਸੀ, ਹੱਥਕੜੀਆਂ ਸਮੇਤ ਸ਼ਾਹ ਦੇ ਪੇਸ਼ ਕੀਤਾ ਗਿਆ । ਬਿਨਾਂ ਕਿਸੇ ਸੁਣਵਾਈ ਜਾ ਅਦਾਲਤੀ ਕਾਰਵਾਈ ਦੇ ਸ਼ਾਹ ਵੱਲੋਂ ਹੁਕਮ ਹੋ ਗਿਆ ਕਿ ਇਨ੍ਹਾਂ ਨੂੰ ਕਤਲ ਦੀ ਸਜ਼ਾ ਦਿੱਤੀ ਜਾਂਦੀ ਹੈ । ਉਹਨਾਂ ਡਾਕੂਆਂ ਦੇ ਆਗੂ 'ਤੇ ਕੁੱਤੇ ਛੱਡ ਕੇ ਉਸ ਦਾ ਸਰੀਰ ਪੜਵਾਇਆ ਗਿਆ । ਬਾਕੀ ਮੁਲਜ਼ਮਾਂ ਨੂੰ ਹੱਥ ਪੈਰ ਬੰਨ੍ਹ ਕੇ ਤੇ ਉਹਨਾਂ ਦੀਆਂ ਗਰਦਨਾਂ ਅੱਧੀਆਂ ਕੱਟ ਕੇ ਉਨ੍ਹਾਂ ਦੇ ਲਹੂ ਲੁਹਾਣ ਸਰੀਰਾਂ ਨੂੰ ਬਜ਼ਾਰਾਂ ਵਿਚ ਤਰੱਕਣ ਲਈ ਸੁੱਟ ਦਿਤਾ । ਆਦਮੀ ਦੇ ਰੂਪ ਵਿਚ ਇਹ ਹੈਵਾਨ ਐਸਾ ਜ਼ਾਲਮ ਸੀ ਕਿ ਨਿੱਕੀਆਂ ਨਿੱਕੀਆਂ ਗਲਤੀਆਂ ਦੀਆਂ ਸਜ਼ਾਵਾਂ ਵੀ, ਕੁੱਤਿਆਂ ਤੋਂ ਪੜਵਾਣਾ, ਹਾਥੀਆਂ ਤੋਂ ਲਤੜਵਾਣਾ, ਸੱਪਾਂ ਤੋਂ ਕਟਵਾਣਾ ਤੇ ਬੈਂਤਾਂ ਨਾਲ ਮਾਰ ਮਾਰ ਕੇ ਜਾਨਾਂ ਕਢਵਾਉਣਾ ਆਦਿਕ, ਮਿਥੀਆਂ ਹੁੰਦੀਆਂ ਸਨ ।ਦੋਸ਼ੀਆਂ ਦੇ ਕਤਲ ਖੁਲ੍ਹੇ ਬਾਜ਼ਾਰ ਕਰਵਾਏ ਜਾਂਦੇ ਸਨ ਤਾਂ ਜੋ ਦੂਜਿਆਂ ਨੂੰ ਵੀ ਕੰਨ ਹੋ ਜਾਣ । ਆਪਣੇ ਪੁੱਤਰ ਖੁਸਰੋ ਨਾਲ ਵੀ ਇਸ ਨੇ ਭੈੜੇ ਤੋਂ ਭੈੜਾ ਸਲੂਕ ਕੀਤਾ ਸੀ । ਬਗ਼ਾਵਤ ਦੇ ਦੋਸ਼ ਵਿਚ ਉਸ ਨੂੰ ਤਾਂ ਕੈਦ ਕਰ ਦਿੱਤਾ, ਪਰ ਉਹਦੇ ਇਕ ਸਾਥੀ ਨੂੰ ਬਲਦ ਦੇ ਕੱਚੇ ਚਮੜੇ ਵਿਚ ਤੇ ਦੂਜੇ ਸਾਥੀ ਨੂੰ ਖੋਤੇ ਦੇ ਚਮੜੇ ਵਿਚ ਸਿਉਂ ਦਿਤਾ ਗਿਆ—ਤੇ ਉਹਨਾਂ ਨੂੰ ਖੋਤਿਆਂ 'ਤੇ ਚੜ੍ਹਾ ਕੇ ਤੇ ਪੂਛ ਵੱਲ ਮੂੰਹ ਕਰਾ ਕੇ ਬਾਜ਼ਾਰਾਂ ਵਿਚ ਫਿਰਾਇਆ ਗਿਆ । ਜਦ ਚਮੜੇ ਸੁਕ ਗਏ ਤਾਂ ਉਹਨਾਂ ਦੋਹਾਂ ਦੀ ਸਾਹ ਘੁੱਟ ਕੇ ਮੌਤ ਹੋ ਗਈ । ਖੁਸਰੋ ਦੇ ਬਾਕੀ ਸਾਥੀ ਸੂਲੀ ਚਾੜ੍ਹੇ ਗਏ ਤੇ ਖੁਸਰੋ ਨੂੰ ਹਾਥੀ ਤੇ ਚੜ੍ਹਾ ਕੇ ਉਸ ਦੇ ਮੋਏ ਸਾਥੀਆਂ ਦੀ ਕਤਾਰ ਵਿਚੋਂ ਲੰਘਾਇਆ ਗਿਆ ਕਿ ਉਹ ਆਪਣੇ ਆਦਮੀਆਂ ਦੀ ਦੁਰਦਸ਼ਾ ਆਪਣੀ ਅੱਖੀਂ ਵੇਖ ਲਏ ।

ਇਹੋ ਜਹੇ ਸਨ ਹਾਲਾਤ ਜਿਨ੍ਹਾਂ ਵਿਚ ਸ਼ਾਂਤੀ ਤੇ ਪ੍ਰੇਮ ਦੇ ਪੁੰਜ ਗੁਰੂ ਅਰਜਨ ਦੇਵ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਅਹਿੰਸਾ ਦੀ ਰਖਿਆ



ਲਈ ਹਿੰਸਾ ਦੀ ਵਰਤੋਂ, ਭਾਵੇਂ ਉਹ ਕਿੰਨ ਵੀ ਦੁਖਦਾਈ ਚੀਜ਼ ਕਰਨੀ ਪੈ ਜਾਣੀ ਹੈ । ਉਹਨਾਂ ਆਪਣੇ ਸਪੁੱਤਰ ਗੁਰੂ ਹਰਿਗੋਬਿੰਦ ਜੀ ਨੰ ਹਦਾਇਤ ਕਰ ਛੱਡੀ ਹੋਈ ਸੀ ਕਿ ਸਮਾਂ ਸ਼ਾਇਦ ਆ ਰਿਹਾ ਹੈ ਕਿ ਧਰਮ ਦੀ ਰਖਿਆ ਤਲਵਾਰ ਨਾਲ ਕਰਨੀ ਪੈ ਜਾਏ ਤੇ ਇਸ ਲਈ ਉਹ ਤਿਆਰ ਰਹਿਣ, ਉਹਨਾਂ ਦਾ ਇਹ ਤੌਖਲਾ ਸਹੀ ਸਾਬਤ ਹੋਇਆ ।ਪਰ ਪਹਿਲਾਂ ਉਹ ਆਪ ਹੀ ਇਸ ਜ਼ਾਲਮ ਜਹਾਂਗੀਰ ਦੇ ਜ਼ੁਲਮਾਂ ਦਾ ਸ਼ਿਕਾਰ ਹੋਏ ਤੇ ਲੂੰ-ਕੰਡ ਖੜ੍ਹੇ ਕਰਨ ਵਾਲੇ ਤਸੀਹੇ ਦੇ ਕੇ ਉਹਨਾਂ ਨੂੰ ਸ਼ਹੀਦ ਕਰ ਦਿਤਾ ਗਿਆ ।ਫਿਰ ਵੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਸ਼ਹੀਦੀ ਨੂੰ ਜਾਤੀ ਰੰਜਸ਼ ਦਾ ਕਰਨ ਨਹੀਂ ਬਣਨ ਦਿੱਤਾ । ਉਸ ਮਹਾਂ ਜ਼ਾਲਮ ਸ਼ਾਹ ਨਾਲ ਸਗੋਂ ਮੇਲ ਜੋਲ ਵਧਾਇਆ ਤੇ ਉਸ ਨੂੰ ਬਦਲਣ ਦੇ ਯਤਨ ਵੀ ਕੀਤੇ। ਪਰ ਇਹ ਯਤਨ ਸਫਲ ਨਾ ਹੋਏ ਸਗੋਂ ਉਹਨਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ ਗਿਆ ਤੇ ਕਈ ਸਾਲ ਬਾਅਦ ਰਿਹਾਅ ਕੀਤਾ ਗਿਆ । ਹੁਣ ਉਨ੍ਹਾਂ ਨੂੰ ਸਾਫ਼ ਦਿਸ ਰਿਹਾ ਸੀ ਕਿ ਹਾਲਾਤ ਕੀ ਬਣਦੇ ਜਾ ਰਹੇ ਹਨ । ਫਿਰ ਵੀ ਉਹ ਹਿੰਸਾ ਦੇ ਰਾਹ ਪੈਣਾ ਨਹੀਂ ਚਾਹੁੰਦੇ ਸਨ, ਭਾਵੇਂ ਇਸ ਦੀ ਮੰਗ ਵੀ ਕਿੰਨੀ ਹੀ ਹੋ ਰਹੀ ਸੀ । ਹਿੰਸਾ ਤੋਂ ਜੋ ਬੁਰਾਈ ਨਿਕਲਦੀ ਹੈ ਉਸ ਦਾ ਉਨ੍ਹਾਂ ਨੂੰ ਭਲੀ ਪ੍ਰਕਾਰ ਪਤਾ ਸੀ । ਆਮ ਤੌਰ 'ਤੇ ਹਿੰਸਾ ਪਸ਼ੂਪੁਣੇ ਤੋਂ ਨਿਕਲਦੀ ਹੈ ਤੇ ਵਧੇਰਾ ਪਸ਼ੂ ਕਰ ਦਿੰਦੀ ਹੈ । ਫਿਰ ਇਹ ਮੰਨ ਲਿਆ ਜਾਂਦਾ ਹੈ ਕਿ ਇਸ਼ਕ ਤੇ ਲੜਾਈ ਵਿਚ ਪਿਆਂ ਸਭ ਕੁਝ ਜਾਇਜ਼ ਹੁੰਦਾ ਹੈ (All is fair in love & war) ।ਸਿੱਟਾ ਇਹ ਨਿਕਲਦਾ ਹੈ ਕਿ ਧਰਮ ਦੀਆਂ ਸਾਰੀਆਂ ਕੀਮਤਾਂ ਨਸ਼ਟ ਹੋ ਜਾਂਦੀਆਂ ਹਨ । ਇਸ ਖ਼ਤਰੇ ਦਾ ਗੁਰੂ ਸਾਹਿਬ ਨੂੰ ਹਰ ਵੇਲੇ ਅਹਿਸਾਸ ਰਹਿੰਦਾ ਸੀ ਤੇ ਉਹ ਹਿੰਸਾ ਦੇ ਰਾਹ ਪੈਣ ਤੋਂ ਸਦਾ ਸੰਕੋਚ ਵੀ ਕਰਦੇ ਰਹਿੰਦੇ ਸਨ, ਭਾਵੇਂ ਹਾਲਾਤ ਨੂੰ ਮੁਖ ਰਖ ਕੇ ਤਿਆਰੀ ਵੀ ਕਰਦੇ ਜਾ ਰਹੇ ਸਨ । ਜਦ ਉਹ ਬਿਲਕੁਲ ਮਜਬੂਰ ਹੋ ਗਏ ਸਨ ਤਾਂ ਵੀ ਥੋੜ੍ਹਾ ਹੀ ਸਮਾਂ ਸ਼ਕਤੀ ਦੀ ਵਰਤੋਂ ਕਰਕੇ ਕੰਮ ਨੂੰ ਫਿਰ ਅਹਿੰਸਾ ਦੇ ਰਾਹ ਪਾ ਗਏ ਸਨ । ਏਥੋਂ ਤਕ ਕਿ ਉਹਨਾਂ ਆਪਣੇ ਜਾਨਸ਼ੀਨ ਗੁਰੂ ਹਰਿਰਾਇ ਜੀ ਨੂੰ ਹੁਕਮ ਦਿਤਾ ਸੀ ਕਿ ਉਹ ਕਿਸੇ ਹਾਲਤ ਵਿਚ ਵੀ ਤਲਵਾਰ ਮਿਆਨੋਂ ਨਾ ਕੱਢਣ। ਸਾਡਾ ਭਾਵ ਇਹ ਹੈ ਕਿ ਉਹਨਾਂ ਅਹਿੰਸਾ ਨੂੰ ਹੀ ਸਿੱਖ ਧਰਮ ਦੀ ਬੁਨਿਆਦ ਬਣਾਈ ਰੱਖਿਆ ਸੀ।

ਹੁਣ ਅਸੀਂ ਔਰੰਗਜ਼ੇਬ ਦੇ ਸਮੇਂ ਤੇ ਆ ਪੁਜੇ ਹਾਂ । ਔਰੰਗਜ਼ੇਬ ਜਹਾਂਗੀਰ ਦਾ ਪੋਤਰਾ ਸੀ ਪਰ ਬਤੌਰ ਆਦਮੀ ਜਹਾਂਗੀਰ ਨਾਲੋਂ ਕਈ ਗੁਣਾਂ

ਵੱਧ ਜ਼ਾਲਮ ਤੇ ਮੁਤਅਸਬ ਸੀ । ਇਸ ਨੇ ਪਹਿਲਾਂ ਆਪਣੇ ਬਾਪ ਨੂੰ ਕੈਦ ਕਰ ਕੇ ਤੇ ਵੱਡੇ ਭਰਾ, ਦਾਰਾ ਸ਼ਕੋਹ ਤੇ ਛੋਟੇ ਭਰਾ ਮੁਰਾਦ ਨੂੰ ਕਤਲ ਕਰਕੇ ਆਪਣੇ ਲਈ ਰਾਜ ਤਖਤ ਦਾ ਰਾਹ ਸਾਫ ਕੀਤਾ ਸੀ । ਦਾਰਾ ਨੂੰ ਸਮੇਤ ਉਸ ਦੇ ਚੌਂਦਾ ਸਾਲ ਦੇ ਪੁੱਤਰ ਦੇ ਹਾਥੀ 'ਤੇ ਬਿਠਾਇਆ ਗਿਆ।ਉਸ ਦੇ ਟੋਟੇ ਕਰਾ ਕੇ ਉਸ ਦੀ ਲੋਥ ਹਾਥੀ 'ਤੇ ਰਖ ਕੇ ਉਸ ਨੂੰ ਬਾਜ਼ਾਰਾਂ ਵਿਚ ਫਿਰਾਇਆ ਗਿਆ, ਤਾਂ ਜੋ ਦੂਜਿਆਂ ਨੂੰ ਇਸ ਤੋਂ ਸਿਖਿਆ ਮਿਲੇ ਤੇ ਕਦੇ ਕੋਈ ਹੋਰ ਉਸ ਦੇ ਰਾਹ ਵਿਚ ਨਾ ਖੜੋਏ । ਉਸ ਦੀ ਵਹਿਸ਼ੀਆਨਾ ਕਰਤੂਤ ਨੇ ਕਈ ਚੰਗੇ ਮੁਸਲਮਾਨਾਂ ਨੂੰ ਸਖ਼ਤ ਪ੍ਰੇਸ਼ਾਨ ਕੀਤਾ ; ਪਰ ਉਸ ਨੇ ਮੁਸਲਮ ਜਨਤਾ ਦੀ ਹਮਦਰਦੀ ਇਹ ਐਲਾਨ ਕਰ ਕੇ ਪ੍ਰਾਪਤ ਕਰ ਲਈ ਸੀ ਉਹ ਹਿੰਦੂ ਕਾਫ਼ਰਾਂ ਨੂੰ ਖ਼ਤਮ ਕਰ ਕੇ ਰੱਖ ਦੇਵੇਗਾ ਅਤੇ ਉਸ ਦਾ ਭਰਾ ਦਾਰਾ, ਸੂਫੀ ਹੋਣ ਕਰਕੇ, ਇਹ ਕੰਮ ਨਹੀਂ ਕਰ ਸਕੇਗਾ । ਉਸ ਨੇ ਸਗੋਂ ਇਸ 'ਨੇਕ' ਕੰਮ ਵਿਚ ਰੋਕ ਬਣਨਾ ਸੀ, ਇਸ ਲਈ ਉਸ ਨੂੰ ਮਰਨਾ ਹੀ ਚਾਹੀਦਾ ਸੀ। ਤਖ਼ਤ 'ਤੇ ਬੈਠਦਿਆਂ ਹੀ ਉਸ ਨੇ ਹਿੰਦੂਆਂ ਦੇ ਸਫਾਏ ਦਾ ਪ੍ਰੋਗਰਾਮ ਬਣਾ ਲਿਆ । ਕੋਈ ਵੀ ਐਸੀ ਕਰੜਾਈ ਨਹੀਂ ਸੀ ਜੋ ਉਸ ਨੇ ਨਹੀਂ ਵਰਤੀ । ਪਹਿਲਾਂ ਹਿੰਦੂ ਧਰਮ ਦਾ ਪ੍ਰਚਾਰ ਬੰਦ ਕੀਤਾ। ਉਹਨਾਂ ਦੇ ਮੰਦਰ ਤੇ ਸਕੂਲ ਗਿਰਾਏ ਗਏ । ਸ਼ਾਹ ਦੇ ਹੁਕਮ ਅਨੁਸਾਰ ਨਾ ਉਹ ਨਵੇਂ ਮੰਦਰ ਬਣਾ ਸਕਦੇ ਹਨ ਤੇ ਨਾ ਧਾਰਮਿਕ ਜਲਸੇ ਕਰ ਸਕਦੇ ਸਨ । ਅਸੀਂ ਅੱਗੇ ਦੱਸ ਆਏ ਹਾਂ ਕਿ ਮੰਦਰਾਂ ਦਾ ਗਿਰਾਣਾ ਤਾਂ ਸਾਰੇ ਮੁਗਲ ਬਾਦਸ਼ਾਹਾਂ ਦਾ ਸ਼ੁਗਲ ਬਣ ਚੁੱਕਾ ਹੋਇਆ ਸੀ, ਜਿਸ ਦੀ ਤਸਦੀਕ ਭਾਈ ਗੁਰਦਾਸ ਜੀ ਨੇ ਇਉ ਕੀਤੀ ਹੈ:

**"ਠਾਕੁਰ ਦੁਆਰੇ ਢਾਹਿਕੈ ਤਿਹਿ ਠਉੜੀ ਮਾਸੀਤਿ ਉਸਾਰਾ ॥"**

(ਵਾਰ ਭਾਈ ਗੁਰਦਾਸ)

ਹਿੰਦੂ 'ਕਾਫਰਾਂ' ਨੂੰ ਮੁਸਲਮਾਨੀ ਰਾਜ ਵਿਚ ਰਹਿਣ ਦੇ ਕਾਰਨ ਜਜ਼ੀਆ ਦੇਣਾ ਪੈਂਦਾ ਸੀ ਜੋ ਜ਼ਮੀਨ ਦੇ ਖਿਰਾਜ ਨਾਲੋਂ ਵੱਖਰਾ ਸੀ । ਨਾ ਉਹ ਘੋੜੇ 'ਤੇ ਚੜ੍ਹ ਸਕਦੇ ਸਨ ਤੇ ਨਾ ਕੋਈ ਹਥਿਆਰ ਰੱਖ ਸਕਦੇ ਸਨ । ਸਰਕਾਰੀ ਨੌਕਰੀਆਂ ਦੇ ਹੱਕ ਉਹਨਾਂ ਨੂੰ ਕੇਵਲ ਉਸ ਸੂਰਤ ਵਿਚ ਪ੍ਰਾਪਤ ਹੁੰਦੇ ਸਨ ਜੇ ਉਹ ਇਸਲਾਮ ਮਤਿ ਪਰਵਾਣ ਕਰ ਲੈਣ। ਗੁਲਾਮ, ਕੌਮ ਦੀ ਹੈਸੀਅਤ ਵਿਚ ਉਹਨਾਂ ਦੇ ਲਿਬਾਸ, ਖ਼ੁਰਾਕ ਤੇ ਸਵਾਰੀ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਸਨ ਏਥੋਂ ਤਕ ਕਿ ਉਹਨਾਂ ਨੂੰ ਆਪਣੇ ਮੱਥੇ 'ਤੇ ਖ਼ਾਸ



ਖ਼ਾਸ ਨਿਸ਼ਾਨ ਲਾਣੇ ਹੁੰਦੇ ਸਨ, ਜੋ ਇਹ ਪ੍ਰਗਟ ਕਰਨ ਕਿ ਉਹ ਗ਼ੁਲਾਮ ਕੌਮ ਵਿਚੋਂ ਹਨ।

ਇਸ ਉਤਲੀ ਸਾਰੀ ਤਸਵੀਰ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕੋਈ ਮੁਬਾਲਗਾ ਨਹੀਂ ਕੀਤਾ ਸੀ ਜਦ ਉਹਨਾਂ ਵਕਤ ਦੇ ਹਾਕਮਾਂ ਨੂੰ ਕੁੱਤੇ, ਕਸਾਈ ਤੇ ਬਘਿਆੜ ਆਖਿਆ ਸੀ । ਜਿਵੇਂ ਸ਼ਿਕਾਰੀ ਤੇ ਕਸਾਈ ਰੋਜ਼ ਜਾਨਵਰ ਮਾਰਦੇ ਹਨ ਪਰ ਉਹਨਾਂ ਦੀ ਸੁਰਤ ਨੂੰ ਕੋਈ ਦੁਖ ਨਹੀਂ ਪਹੁੰਚਦਾ, ਸਗੋਂ ਉਹ ਇਸ ਤਰ੍ਹਾਂ ਸ਼ੌਕ ਲਈ ਕਰਦੇ ਹਨ—ਤਿਵੇਂ ਮਜਹਬੀ ਜਨੂੰਨ ਨਾਲ ਅੰਨ੍ਹੇ ਹੋਏ ਇਹ ਲੋਕ ਬੰਦਿਆਂ ਦੇ ਰੂਪ ਵਿਚ ਪਸ਼ੂ ਹਨ। ਇਹ ਸੱਚਮੁੱਚ ਹੀ ਕੁੱਤੇ ਤੇ ਬਘਿਆੜ ਹਨ । ਕੀ ਕਦੇ ਕੁੱਤੇ ਤੇ ਬਘਿਆੜ ਨਾਲ ਪ੍ਰੇਮ ਤੇ ਅਹਿੰਸਾ ਸਫਲ ਹੋ ਸਕਦੀ ਹੈ ਤੇ ਕਿੰਨਾ ਕੁ ਚਿਰ? ਕੀ ਗੁਰੂ ਤੇਗ਼ ਬਹਾਦਰ ਜੀ ਤੋਂ ਵੱਧ ਕੋਈ ਅਹਿੰਸਾ ਤੇ ਪ੍ਰੇਮ ਦਾ ਪੁਜਾਰੀ ਹੋ ਸਕਦਾ ਸੀ ? ਉਹਨਾਂ ਨੂੰ ਬਗੈਰ ਰਤਾ ਵੀ ਕਿਸੇ ਕਸੂਰ ਦੇ ਕਤਲ ਕਰਾ ਦਿਤਾ ਗਿਆ ਸੀ ਤੇ ਸਾਰੇ ਦੇਸ਼ ਵਿਚ ਹਾਹਾਕਾਰ ਮਚ ਗਈ ਸੀ । ਪਰ ਫਿਰ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਨਿਆਇ ਨੂੰ ਜਾਤੀ ਸਵਾਲ ਨਹੀਂ ਬਣਨ ਦਿੱਤਾ ; ਕਿਉਂਕਿ ਜਿਵੇਂ ਅਸੀਂ ਉੱਪਰ ਵੇਖਿਆ ਹੈ ਉਹਨਾਂ ਦੀ ਸੋਚਣੀ ਗੁਰੂ ਹਰਿਗੋਬਿੰਦ ਜੀ ਵਾਲੀ ਸੀ । ਹਿੰਸਾ ਨੂੰ ਉਹ ਵੀ ਬੁਰਾਈ ਸਮਝਦੇ ਸਨ । ਸਿੱਖੀ ਦੀ ਜ਼ਿੰਦ ਜਾਨ, ਪ੍ਰੇਮ ਤੇ ਅਹਿੰਸਾ ਵਿਚੋਂ ਮਿਥੀ ਹੋਈ ਸੀ :

**"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ।"**

**ਫਰੀਦ ਜੀ ਤਾਂ ਏਥੋਂ ਤਕ ਜਾਂਦੇ ਸਨ :**

**"ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨ੍ਾ ਨ ਮਾਰੇ ਘੁੰਮਿ ॥"**

**"ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ ॥"**

(ਸਲੋਕ ਫਰੀਦ, ਅੰਗ ੧੩੭੮)

ਅਰਥਾਤ "ਜੇ ਕੋਈ ਤੈਨੂੰ ਮੁੱਕੀਆਂ ਮਾਰਦਾ ਹੈ ਤਾਂ ਭੀ ਤੂੰ ਉਸ ਨੂੰ ਪਰਤ ਕੇ ਮੁੱਕੀ ਨਾ ਮਾਰ । ਸਗੋਂ ਉਸ ਦੇ ਪੈਰ ਚੁੰਮ ਕੇ ਚੁਪ ਕੀਤੇ ਆਪਣੇ ਘਰ ਚਲਾ ਜਾ ।"

ਗੁਰੂ ਅਰਜਨ ਦੇਵ ਜੀ ਦੇ ਇਹ ਬਚਨ ਦੇਣ ਵਾਲੇ ਹਨ:

"ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥

ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ

ਗਲ ਸਾਰੀ ॥ (ਸੋਰਠਿ ਮਹਲਾ ੫, ਅੰਗ ੬੨੮)

ਅਰਥਾਤ "ਨਿੰਮ੍ਰਤਾ ਮੇਰਾ ਗੁਰਜ ਹੈ ਤੇ ਸਭ ਦੀ ਚਰਨਧੂੜ ਹੋਣਾ ਮੇਰਾ ਖੰਡਾ ਹੈ । ਇਸ ਹਥਿਆਰ ਅੱਗੇ ਕੋਈ ਪਾਪੀ ਠਹਿਰ ਨਹੀਂ ਸਕਦਾ । ਪੂਰੇ ਗੁਰੂ ਨੇ ਮੈਨੂੰ ਇਹ ਸ੍ਰੇਸ਼ਟ ਗੱਲ ਦੱਸੀ ਹੈ।"

ਇਸ ਤਰ੍ਹਾਂ ਦੇ ਖ਼ਿਆਲ ਹੁੰਦਿਆਂ ਗੁਰੂ ਸਾਹਿਬ ਹਿੰਸਾ ਦਾ ਰਾਹ ਖ਼ੁਸ਼ੀ ਖ਼ੁਸ਼ੀ ਕਿਵੇਂ ਪਰਵਾਨ ਕਰ ਸਕਦੇ ਸਨ ? ਹਿੰਸਾ ਤਾਂ ਉਹਨਾਂ ਲਈ ਇਕ ਕੌੜਾ ਘੁੱਟ ਭਰਨ ਦੀ ਨਿਆਈਂ ਸੀ । ਪ੍ਰੇਮ ਤੇ ਸ਼ਾਂਤੀ ਦੇ ਸਾਰੇ ਰਾਹ ਉਹ ਪਹਿਲਾਂ ਵਰਤ ਚੁਕੇ ਸਨ । ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਤੇ ਹੋਰ ਵੱਡੀਆਂ ਵੱਡੀਆਂ ਹਸਤੀਆਂ ਕੁਰਬਾਨ ਕਰਵਾਈਆਂ ਗਈਆਂ ਸਨ । ਮੇਲ ਜੋਲ ਰਾਹੀਂ ਹਾਕਮਾਂ ਨੂੰ ਬਦਲਣ ਦੇ ਯਤਨ ਕੀਤੇ ਗਏ ਸਨ। ਮੇਜਰਨਾਮੇ (Representation) ਕਈ ਵਾਰ ਕੀਤੇ ਜਾ ਚੁਕੇ ਸਨ । ਵਿਧਾਨਕ ਐਜੀਟੇਸ਼ਨ ਉਸ ਸਮੇਂ ਹੋ ਨਹੀਂ ਸਕਦੀ ਸੀ, ਕਿਉਂਕਿ ਨਾ ਕੋਈ ਵਿਧਾਨ ਸੀ ਤੇ ਨਾ ਅੱਜ ਵਰਗੀ ਸਮੇਂ ਦੀ ਪਬਲਿਕ ਰਾਏ । ਇਕ ਪੁਰਖੀ ਰਾਜ ਵਿਚ ਸਭ ਪਾਸੇ ਅਨਿਆਇ ਵਰਤ ਰਿਹਾ ਸੀ । ਸ਼ਾਤੀ ਤੇ ਪ੍ਰੇਮ ਦੇ ਸਾਰੇ ਹੀਲੇ ਕੀਤੇ ਜਾਣ ਤੋਂ ਬਾਅਦ ਹਿੰਸਾ ਦੇ ਰਾਹ ਮਜਬੂਰਨ ਪੈਣਾ ਪਿਆ ਸੀ। ਇਹ ਭਾਵੇਂ ਹੈ ਤਾਂ ਸੀ ਕਿ ਇਕ ਕੌੜਾ ਘੁੱਟ, ਪਰ ਉਸ ਵੇਲੇ ਇਸ ਘੁੱਟ ਨੂੰ ਭਰਨਾ ਜ਼ਰੂਰੀ ਫ਼ਰਜ਼ ਬਣ ਗਿਆ ਸੀ । ਇਸ ਗੱਲ ਨੂੰ ਉਹਨਾਂ ਨੇ ਇਕ ਚਿੱਠੀ ਵਿਚ ਸਪਸ਼ਟ ਕੀਤਾ ਹੈ ਜੋ ਦੀਨੇ ਤੋਂ ਔਰੰਗਜ਼ੇਬ ਨੂੰ ਲਿਖੀ ਗਈ ਸੀ । ਇਸ ਚਿੱਠੀ ਨੂੰ ਉਹਨਾਂ ਜ਼ਫ਼ਰਨਾਮਾ (ਫਤਹਿਨਾਮਾ) ਆਖਿਆ ਸੀ । ਇਸ ਵਿਚ ਹੋਰ ਚੀਜ਼ਾਂ ਤੋਂ ਛੁੱਟ ਇਉਂ ਲਿਖਿਆ ਮਿਲਦਾ ਹੈ:

**"ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ।**

**ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ ।"**

ਜਦੋਂ ਅਨਿਆਇ ਤੇ ਬੁਰਾਈ ਨੂੰ ਕੱਟਣ ਦੇ ਸਾਰੇ ਯਤਨ ਅਸਫਲ ਹੁੰਦੇ ਹੋਣ ਤਾਂ ਸ਼ਸਤ੍ਰ ਦੀ ਵਰਤੋਂ ਜ਼ਾਇਜ਼ ਹੋ ਜਾਂਦੀ ਹੈ, ਅਰਥਾਤ ਕਿਸੇ ਵੱਡੇ ਧਰਮ ਦੇ ਕੰਮ ਲਈ ਹਿੰਸਾ ਦੀ ਵਰਤੋਂ ਦੀ ਆਗਿਆ ਹੈ ਤੇ ਉਹ ਵੀ ਤਾਂ ਜੇ ਹੋਰ ਸਭ ਹੀਲੇ ਅਸਫਲ ਹੋਏ ਹੋਣ ਤੇ ਇਸ ਨੂੰ ਕਿਸੇ ਮਹਾਂਪੁਰਸ਼ ਦੇ ਹੱਥਾਂ ਵਿਚ ਰੱਖ ਕੇ ਚਲਾਇਆ ਜਾਏ । ਇਹਨਾਂ ਸ਼ਰਤਾਂ ਦੇ ਅਧੀਨ ਇਸ



ਦੀ ਵਰਤੋਂ ਦਾ ਦਾਇਰਾ ਤੰਗ ਤੋਂ ਤੰਗ ਹੋ ਜਾਂਦਾ ਹੈ । ਜਦ ਔਰੰਗਜ਼ੇਬ ਜੇਹੇ ਜ਼ਾਲਮ ਦੇ ਸਾਹਮਣੇ ਮਹਾਰਾਜ ਇਕ ਤਰ੍ਹਾਂ ਆਪਣੀ ਸਫ਼ਾਈ ਪੇਸ਼ ਕਰ ਰਹੇ ਹਨ ਕਿ ਉਹਨਾਂ ਨੂੰ ਬੇਹੱਦ ਮਜਬੂਰੀ ਦੀ ਹਾਲਤ ਵਿਚ ਤਲਵਾਰ ਦੀ ਵਰਤੋਂ ਕਰਨੀ ਪਈ ਹੈ, ਤਾਂ ਇਹ ਸਮਝਣਾ ਔਖਾ ਨਹੀਂ ਕਿ ਖਾਲਸੇ ਨੂੰ ਸ਼ਸਤ੍ਰਧਾਰੀ ਕਰ ਦੇਣ ਦੇ ਬਾਵਜੂਦ ਵੀ ਸ਼ਸਤ੍ਰ ਦੇ ਵਰਤਣ ਦੀ ਆਗਿਆ ਕਿਸੇ ਗ਼ੈਰ ਮਾਮੂਲੀ ਹਾਲਤ ਵਿਚ ਹੀ ਦਿਤੀ ਗਈ ਸੀ । ਇਸ ਆਗਿਆ ਦਾ ਅਰਥ ਇਹ ਕਦੇ ਨਹੀ ਲਿਆ ਜਾ ਸਕਦਾ ਕਿ ਤਲਵਾਰ ਦੀ ਵਰਤੋਂ ਦੀ ਖੁਲ੍ਹੀ ਛੁੱਟੀ ਮਿਲ ਗਈ ਹੈ ਜਾਂ ਇਸ ਦਾ ਰੱਜ ਕੇ ਵਿਖਾਲਾ ਕਰਨਾ ਸਿੱਖੀ ਦਾ ਜ਼ਰੂਰੀ ਅੰਗ ਬਣ ਗਿਆ ਹੈ । ਪਹਿਲੇ ਖ਼ਤਰਾ ਇਹ ਸੀ ਧਰਮ ਦੇਸ਼ ਜਾਂ ਕੌਮ ਦੀ ਰੱਖਿਆ ਦਾ ਕੋਈ ਯੋਗ ਪ੍ਰਬੰਧ ਨਹੀਂ ਸੀ ।ਖ਼ਾਲਸੇ ਨੂੰ ਸ਼ਸਤ੍ਰਧਾਰੀ ਕਰਕੇ ਇਹ ਖ਼ਤਰਾ ਤਾਂ ਦੂਰ ਕਰ ਦਿਤਾ ਗਿਆ, ਪਰ ਇਸ ਦੇ ਉਲਟ ਹੁਣ ਖ਼ਤਰਾ ਇਹ ਹੋ ਸਕਦਾ ਹੈ ਕਿ ਕਿਤੇ ਸ਼ਸ੍ਰਤਾ ਦੀ ਵਰਤੋਂ ਬੇਲਗਾਮ ਹੋ ਕੇ ਨਾ ਕੀਤੀ ਜਾਏ । ਇਹਨਾਂ ਦੀ ਬੇਲਗਾਮ ਵਰਤੋਂ ਉਸੇ ਤਰ੍ਹਾਂ ਪਾਪ ਹੈ ਜਿਵੇਂ ਝੂਠ, ਨਿੰਦਾ ਆਦਿਕ ਪਾਪ ਹਨ। ਤਲਵਾਰ ਦੀ ਚਮਕ ਦਮਕ ਨੂੰ ਪੰਥਿਕ ਜੀਵਨ ਵਿਚ ਜ਼ਰੂਰਤ ਤੋਂ ਵੱਧ ਦਾਖ਼ਲ ਨਹੀਂ ਹੋਣ ਦੇਣਾ ਚਾਹੀਦਾ । ਖ਼ਾਲਸੇ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਉਸ ਨੂੰ ਜਦ ਖੰਡੇ ਦਾ ਅੰਮ੍ਰਿਤ ਦਿੱਤਾ ਗਿਆ ਸੀ ਤਾਂ ਇਸ ਵਿਚ ਪਤਾਸੇ ਵੀ ਪਾਏ ਗਏ ਸਨ ਤਾਂ ਜੋ ਜੇ ਖ਼ਾਲਸਾ ਕਦੇ ਖੰਡੇ ਦਾ ਰੂਪ ਲੈ ਲਵੇ ਤਾਂ ਅੰਦਰੋਂ ਪਤਾਸੇ ਦੀ ਮਿਠਾਸ ਗਵਾ ਨਾ ਬੈਠੇ । ਤਲਵਾਰ ਸਿੱਖੀ ਦਾ ਜ਼ਰੂਰੀ ਅੰਗ ਤਾਂ ਬਣਿਆ ਪਰ ਇਸ ਨੂੰ ਬੁਰਾਈ ਤੇ ਧੱਕਿਆਂ ਵਿਰੁੱਧ ਖੜ੍ਹੇ ਹੋਣ ਦਾ ਕੇਵਲ ਇਕ ਬੈਰੂਨੀ ਚਿੰਨ੍ਹ ਸਮਝਣਾ ਚਾਹੀਦਾ ਹੈ । ਦੁਨੀਆਂ ਵਿਚ ਕਈ ਤਰ੍ਹਾਂ ਦੇ ਧਕੇ ਹੁੰਦੇ ਰਹਿੰਦੇ ਹਨ, ਪਰ ਉਹਨਾਂ ਧਕਿਆਂ ਦੇ ਖਿਲਾਫ਼ ਹਰ ਵੇਲੇ ਤਲਵਾਰ ਨਾਲ ਨਹੀਂ ਲੜਿਆ ਜਾਣਾ ਹੁੰਦਾ । ਸ਼ਸ੍ਰਤ ਕੇਵਲ ਇਸ ਗੱਲ ਦਾ ਚਿੰਨ੍ਹ ਹੈ ਕਿ ਜ਼ੁਲਮਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਣਾ। ਪਰ ਜ਼ੁਲਮਾਂ ਦਾ ਟਾਕਰਾ ਸਦਾ ਸ਼ਸਤ੍ਰ ਨਹੀਂ, ਸ਼ਾਂਤਮਈ ਤੇ ਵਿਧਾਨਕ ਢੰਗਾਂ ਨਾਲ ਕਰਨਾ ਹੁੰਦਾ ਹੈ, ਜਿਵੇਂ ਕਿ ਬੇਅੰਤ ਸਿੱਖ ਸ਼ਹੀਦਾਂ ਨੇ ਕੀਤਾ ਸੀ ਤੇ ਜਿਨ੍ਹਾਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਆਪ ਸਨ । ਸ਼ਸਤ੍ਰ ਦੀ ਵਰਤੋਂ ਜਿਵੇਂ ਉੱਪਰ ਦਸਿਆ ਹੈ ਕੇਵਲ ਖਾਸ ਹਾਲਤ ਵਿਚ ਹੋਣੀ ਹੁੰਦੀ ਹੈ । ਇਹ ਅਫ਼ਸੋਸ ਦੀ ਗੱਲ ਹੈ ਕਿ ਦੁਨੀਆਂ ਨੂੰ ਨੂੰ ਤਲਵਾਰ ਦੀ ਚਮਕ ਦਮਕ ਕੁਝ ਵਧੇਰੇ ਦਿਸਣ ਲੱਗ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਕਰਦਿਆਂ ਵੀ ਉਹਨਾਂ ਦੀ ਬਹਾਦਰੀ

ਦੇ ਕਾਰਨਾਮਿਆਂ ਨੂੰ ਵਧੇਰੇ ਸਾਹਮਣੇ ਲਿਆਇਆ ਜਾਂਦਾ ਹੈ । ਇਹ ਠੀਕ ਹੈ ਕਿ ਉਹਨਾਂ ਜ਼ਾਲਮਾਂ ਨੂੰ ਨੀਵਾਂ ਕਰ ਵਿਖਾਇਆ ਤੇ ਇਕ ਮਜ਼ਬੂਤ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਤੇ ਧਰਮ ਦੀ ਪਾਲਣਾ ਬੇਮਿਸਾਲ ਕੁਰਬਾਨੀਆਂ ਦੇ ਕੇ ਕੀਤੀ । ਇਹ ਕੰਮ ਵੱਡਾ ਜ਼ਰੂਰ ਹੈ ਪਰ ਉਨ੍ਹਾਂ ਦੀ ਅਸਲ ਵਡਿਆਈ ਇਸ ਵਿਚ ਹੈ ਕਿ ਉਹ ਭਗਤ ਸਨ ਤੇ ਪੇਮ, ਦਇਆ, ਨਿੰਮ੍ਰਤਾ ਆਦਿਕ ਦੇਵੀ ਗੁਣਾਂ ਦੇ ਮਾਲਕ ਸਨ । ਜ਼ਾਲਮਾਂ ਨੂੰ ਨੀਵਾਂ ਕਰਨ ਦੇ ਹੀਲੇ ਜਾਂ ਸੂਰਬੀਰਤਾ ਦੇ ਕਰਤੱਵ ਕਈ ਹੋਰ ਵੀ ਕਰ ਸਕਦੇ ਸਨ । ਇਤਿਹਾਸ ਵਿਚ ਸੂਰਮਿਆਂ ਦੇ ਜੋਧਾਪਨ ਦੇ ਬੜੇ ਬੜੇ ਜ਼ਿਕਰ ਆਉਂਦੇ ਹਨ, ਪਰ ਉਹਨਾਂ ਦੇ ਇਹ ਕੰਮ ਉਨਾਂ ਨਾਲ ਹੀ ਮਿਟ ਜਾਂਦੇ ਰਹੇ ਹਨ, ਕਿਉਂਕਿ ਇਹ ਸ਼ੋਭਾ ਲਈ ਜਾਂ ਜਾਤੀ ਗ਼ਰਜ਼ਾਂ ਲਈ ਕੀਤੇ ਜਾਂਦੇ ਸਨ । ਪਰ ਗੁਰੂ ਜੀ ਦੀ ਲੜਾਈ ਧਰਮ ਦੀ ਲੜਾਈ ਸੀ । ਇਸ ਲਈ ਹੀ ਉਹਨਾਂ ਲੜਾਈਆਂ ਦੇ ਦੌਰਾਨ ਵੀ ਏਕਤਾ ਤੇ ਪ੍ਰੇਮ ਦਾ ਰਾਹ ਨਹੀਂ ਛਡਿਆ ਤੇ ਸਿੱਖਾਂ ਨੂੰ ਲੜਾਈ ਦੇ ਘਮਸਾਨਾਂ ਵਿਚ ਵੀ ਜੀਵਨ ਦੀਆਂ ਅਸਲ ਕੀਮਤਾਂ ਤੋਂ ਲਾਂਭੇ ਨਹੀਂ ਹੋਣ ਦਿੱਤਾ । ਭਾਈ ਘਨੱਈਏ ਜਿਹੇ ਸਿੰਘ ਦੁਸ਼ਮਨਾਂ ਦੀ ਸੈਨਾ ਦੇ ਜ਼ਖ਼ਮੀਆਂ ਦੀ ਸੇਵਾ ਵੀ ਪਿਆਰ ਤੇ ਸਿਦਕ-ਦਿਲੀ ਨਾਲ ਕਰਦੇ ਰਹੇ । ਦੁਨਿਆਵੀ ਲੜਾਈਆਂ ਮੁਲਕ ਮਾਰਨ, ਧਨ ਲੁੱਟਣ ਜਾਂ ਤਾਕਤ ਪ੍ਰਾਪਤ ਕਰਨ ਲਈ ਲੜੀਆਂ ਜਾਂਦੀਆਂ ਹਨ ; ਪਰ ਇਹਨਾਂ ਸੱਚ ਦੀਆਂ ਲੜਾਈਆਂ ਵਿਚ ਗੁਰੂ ਜੀ ਨੇ ਸਗੋਂ ਆਪਣਾ ਸਭ ਕੁਝ ਬਰਬਾਦ ਕਰਵਾ ਕੇ ਧਰਮ ਦੀ ਰਖਿਆ ਕੀਤੀ । ਉਹਨਾਂ ਦਾ ਕਿਸੇ ਨਾਲ ਵੈਰ ਨਹੀਂ ਸੀ । ਨਾ ਉਹ ਇਸਲਾਮ ਦੇ ਵਿਰੋਧੀ ਸਨ ਤੇ ਨਾ ਹਿੰਦੂਆਂ ਦੇ ਅੰਨੇ ਪੱਖੀ । ਉਹ ਕੇਵਲ ਧਰਮ ਦੇ ਪੱਖੀ ਸਨ ਤੇ ਕੇਵਲ ਜ਼ੁਲਮ ਦੇ ਵੈਰੀ ਸਨ। ਜ਼ਫ਼ਰਨਾਮੇ ਵਿਚ ਲਿਖਦੇ ਹਨ ਕਿ ਉਹ ਸ਼ਾਹ ਦੇ ਖਿਲਾਫ਼ ਇਸ ਲਈ ਨਹੀਂ ਕਿ ਉਹ ਮੁਸਲਮਾਨ ਹੈ, ਸਗੋਂ ਇਸ ਲਈ ਕਿ ਉਹ ਮੁਸਲਮਾਨ ਨਹੀਂ ਹੈ ਤੇ ਖੁਦਾ ਅਤੇ ਮੁਹੰਮਦ ਸਾਹਿਬ ਦੀ ਪਛਾਣ ਗਵਾ ਚੁੱਕਾ ਹੈ ।

ਉਹਨਾਂ ਦੀਆਂ ਲੜਾਈਆਂ ਕਿਉਂ ਕਿ ਧਰਮ ਦੀਆਂ ਲੜਾਈਆਂ ਸਨ—ਇਸ ਲਈ ਸੱਚੇ ਹਿੰਦੂ ਤੇ ਸੱਚੇ ਮੁਸਲਮਾਨ, ਦੋਹਾਂ ਹੀ ਉਨ੍ਹਾਂ ਦਾ ਸਾਥ ਦਿੱਤਾ ਸੀ । ਪੀਰ ਬੁਧੂ ਸ਼ਾਹ ਨੇ ਇਸ ਧਰਮ ਯੁੱਧ ਲਈ ਆਪਣੇ ਬੱਚੇ ਕੁਰਬਾਨ ਕਰਵਾਏ ਸਨ ।ਨਬੀ ਖ਼ਾਂ ਤੇ ਗਨੀ ਖ਼ਾਂ ਨੇ ਆਪਣੇ ਆਪ ਨੂੰ ਖ਼ਤਰਿਆਂ ਵਿਚ ਪਾ ਕੇ ਗੁਰੂ ਸਾਹਿਬ ਨੂੰ ਦੁਸ਼ਮਨ ਦੇ ਘੇਰੇ ਵਿਚੋਂ ਕਢਿਆ ਸੀ। ਇਹ ਜੰਗ ਦੁਨਿਆਵੀ ਜਿੱਤਾਂ ਜਾਂ ਕਿਸੇ ਇਕ ਦੀ ਤਾਕਤ ਬਨਾਣ ਲਈ



ਨਹੀਂ ਲੜੇ ਗਏ ਸਨ । ਜਿੱਤ ਹਾਰ ਦੀਆਂ ਕੀਮਤਾਂ ਤੇ ਮਿਆਰ ਵੀ ਹੋਰ ਸਨ:

**"ਜੀਤ ਹਾਰ ਕੀ ਸੋਝੀ ਕਰੀ ॥**
**ਤਉ ਇਸੁ ਘਰ ਕੀ ਕੀਮਤਿ ਪਰੀ ॥"**

(ਗਉੜੀ ਗੁਆਰੇਰੀ ਮਹਲਾ ੫) ਅੰਗ ੨੩੫

ਅਰਥਾਤ "ਜਿੱਤ ਤੇ ਹਾਰ ਦਾ ਅਸਲ ਅਰਥ ਪਤਾ ਲੱਗ ਗਿਆ ਹੈ, ਤਾਂ ਹੀ ਹੁਣ ਆਪਣੇ ਅਸਲ ਦੀ ਸਮਝ ਪਈ ਹੈ ।"

ਦੁਨਿਆਵੀ ਮਾਪ ਨਾਲ ਜਿੱਤ ਹਾਰ ਦੀਆਂ ਕੀਮਤਾਂ ਹੋਰ ਹੁੰਦੀਆਂ ਹਨ । ਜੋ ਪੁਰਸ਼ ਵਧੀਕੀਆਂ ਕਰਕੇ ਤਾਕਤ ਬਣਾਏ ਜਾਂ ਧਨ ਇਕੱਠਾ ਕਰੇ ਜਾਂ ਦੁਸ਼ਮਨ 'ਤੇ ਕਾਬੂ ਪਾਏ, ਉਹ ਜਿੱਤਿਆ ਸਮਝਿਆ ਜਾਂਦਾ ਹੈ ਤੇ ਜੋ ਈਮਾਨਦਾਰੀ ਵਿਚ ਤੁਰਦਾ ਹੋਇਆ ਗ਼ਰੀਬ ਰਹਿੰਦਾ ਹੈ ਉਹ ਹਾਰਿਆ ਸਮਝਿਆ ਜਾਂਦਾ ਹੈ । ਪਰ ਸੱਚ ਦੀਆਂ ਕੀਮਤਾਂ ਹੋਰ ਹੁੰਦੀਆਂ ਹਨ । ਜੋ ਧਰਮ ਲਈ ਜਦੋਂ-ਜਹਿਦ ਵਿਚ ਆਪਣੇ ਰਾਹ 'ਤੇ ਕਾਇਮ ਰਿਹਾ, ਭਾਵੇਂ ਕਿੰਨੇ ਵੀ ਦੁਖ ਕਸ਼ਟ ਉਸ ਦੇ ਰਾਹ ਵਿਚ ਆਏ ਹੋਣ । ਦੁਨਿਆਵੀ ਖ਼ਿਆਲ ਨਾਲ ਗੁਰੂ ਸਾਹਿਬ ਕਈ ਵਾਰ ਹਾਰੇ ਸਨ। ਉਹਨਾਂ ਚਾਰੇ ਹੀ ਸਾਹਿਬਜ਼ਾਦੇ ਸ਼ਹੀਦ ਕਰਵਾਏ ਸਨ । ਮਾਤਾ, ਪਿਤਾ, ਘਰ ਬਾਰ ਤੇ ਜਾਨ ਨਾਲੋਂ ਹੀ ਵੱਧ ਪਿਆਰੇ ਬੇਅੰਤ ਸਿਦਕੀ ਸਿੱਖ ਸ਼ਹੀਦ ਕਰਵਾਏ ਸਨ । ਕਈ ਵਾਰ ਆਪਣਿਆਂ ਨੇ ਵੀ ਗ਼ੱਦਾਰੀ ਕੀਤੀ ਸੀ । ਗੁਲਾਬੇ ਸਿੱਖ ਨੇ ਸਰਕਾਰ ਦੇ ਡਰ ਤੋਂ ਗੁਰੂ ਜੀ ਨੂੰ ਆਪਣੇ ਘਰ ਵੜਨ ਨਹੀਂ ਦਿੱਤਾ । ਫਤੇ ਜ਼ਿਮੀਂਦਾਰ ਤੋਂ ਘੋੜੀ ਮੰਗੀ ਪਰ ਉਸ ਨੇ ਨਾਂਹ ਕਰ ਦਿੱਤੀ ਸੀ ।ਫਿਰ ਉਨ੍ਹਾਂ ਦੇ ਕਈ ਸਾਥੀ ਵੀ ਕਮਜ਼ੋਰੀ ਵਿਚ ਆ ਕੇ ਸਾਥ ਛੱਡ ਗਏ ਸਨ, ਪਰ ਕਿਸੇ ਗੱਲ ਨੇ ਵੀ ਉਹਨਾਂ ਨੂੰ ਹਰਾਇਆ ਨਹੀਂ ਸੀ । ਸਗੋਂ ਐਨ ਉਸ ਵੇਲੇ ਉਨ੍ਹਾਂ ਜਫਰਨਾਮਾ ਲਿਖਿਆ ਕਿ ਉਹ ਨਾ ਸਿਰਫ਼ ਹਾਰੇ ਨਹੀਂ ਸਗੋਂ ਉਹਨਾਂ ਦੀ ਜਿੱਤ ਹੋਈ ਹੈ । ਉਹ ਲਿਖਦੇ ਹਨ "ਸ਼ਾਹ, ਤੂੰ ਚਾਰ ਸਾਹਿਬਜ਼ਾਦੇ ਮਾਰ ਕੇ ਆਪਣੀ ਜਿੱਤ ਸਮਝ ਰਿਹਾ ਹੈਂ, ਪਰ ਯਾਦ ਰਖ, ਤੇਰੀ ਹਾਰ ਹੋਈ ਹੈ ਤੇ ਮੇਰੀ ਜਿੱਤ ; ਕਿਉਂਕਿ ਜੋ ਚੰਗਾੜੀ ਮੈਂ ਲਾਣੀ ਸੀ ਉਹ ਲੱਗ ਚੁੱਕੀ ਹੈ ਤੇ ਇਹ ਬੁਝ ਨਹੀਂ ਸਕੇਗੀ।"

ਜੋ ਪੁਰਸ਼ ਧਰਮ ਲਈ ਲੜਦਾ ਹੈ—ਉਹ ਸਦਾ ਜਿੱਤਦਾ ਹੈ । ਉਹ ਵਾਹਿਗੁਰੂ ਦੇ ਹੁਕਮ ਵਿਚ ਹੁੰਦਾ ਹੈ ਤੇ ਜਿਸ ਕਾਰੇ ਵੀ ਲਾਇਆ ਜਾਂਦਾ ਹੈ,

ਲੱਗਦਾ ਹੈ, ਤੇ ਵਾਹਿਗੁਰੂ ਦੀ ਜਿੱਤ ਹੈ, ਇਸ ਲਈ ਧਰਮ ਲਈ ਲੜਦੇ ਦੀ ਸਦਾ ਹੀ ਜਿੱਤ ਹੈ । ਜੋ ਪੁਰਸ਼ ਇਸ ਤਰ੍ਹਾਂ ਹੁਕਮ ਦੀ ਖੇਡ ਖੇਡਦਾ ਹੈ, ਉਸ ਦੇ ਮਨ ਵਿਚ ਜਾਤੀ ਭਾਵਨਾ ਕੋਈ ਨਹੀਂ ਹੁੰਦੀ । ਨਾ ਉਸ ਨੂੰ ਕਿਸੇ ਨਾਲ ਵੈਰ ਹੁੰਦਾ ਹੈ ਤੇ ਨਾ ਕਿਸੇ ਦਾ ਡਰ ।

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਗੁਰੂ ਸਾਹਿਬ ਦਾ ਬਹਾਦਰ ਸ਼ਾਹ ਨਾਲ ਮਿੱਤ੍ਰਤਾਨਾ ਹੋ ਗਿਆ, ਪਰ ਜਦ ਉਸ ਨੇ ਮਰਹੱਟਿਆਂ ਨੂੰ ਦਬਾਣ ਲਈ ਮਦਦ ਮੰਗੀ ਤਾਂ ਉਹਨਾਂ ਨੇ ਇਸ ਮੰਗ ਨੂੰ ਨਫ਼ਰਤ ਨਾਲ ਠੁਕਰਾ ਦਿੱਤਾ । ਕੇਵਲ ਬਾਦਸ਼ਾਹ ਨੂੰ ਖੁਸ਼ ਕਰਨ ਲਈ ਜਾਂ ਉਸ ਦੀ ਮਿੱਤਰਤਾ ਦੀ ਖਾਤਰ ਮਰਹੱਟਿਆਂ ਦੀ ਬਹਾਦਰ ਕੌਮ ਨੂੰ ਦਬਾਣ ਵਿਚ ਉਹ ਕਿਵੇਂ ਸਹਾਈ ਹੋ ਸਕਦੇ ਸਨ ਤੇ ਆਪਣੇ ਬਣਾਏ ਅਸੂਲਾਂ ਨੂੰ ਛੱਡ ਸਕਦੇ ਸਨ? ਇਸ ਤਰ੍ਹਾਂ ਦੀਆਂ ਲੰਮੀਆਂ ਸੋਚਣੀਆਂ ਵਾਲੇ ਗੁਰੂ ਜੀ ਨੂੰ ਜੰਗਾਂ ਨਾਲ ਹੀ ਕਿਵੇਂ ਪਿਆਰ ਹੋ ਸਕਦਾ ਸੀ ? ਔਰੰਗਜ਼ੇਬ ਨੂੰ ਉਨ੍ਹਾਂ ਇਕ ਚਿੱਠੀ ਮਾਛੀਵਾੜੇ ਤੋਂ ਵੀ ਲਿਖੀ ਸੀ ਜਿਸ ਵਿਚ ਬੜੇ ਦਰਦ-ਭਰੇ ਦਿਲ ਨਾਲ ਉਸ ਨੂੰ ਹਲੂਣਾ ਦਿੱਤਾ ਸੀ ਕਿ ਉਹ ਰੱਬ ਦੀ ਖਲਕਤ ਨੂੰ ਖ਼ਾਹ ਮਖ਼ਾਹ ਮਰਵਾਣ ਦਾ ਕਾਰਨ ਨਾ ਬਣੇ । ਉਹਨਾਂ ਨੇ ਉਸ ਨੂੰ ਖਿਲਾੜੀਆਂ ਦੀ ਤਰ੍ਹਾਂ ਵੰਗਰਿਆ ਸੀ ਕਿ ਉਹ ਮੈਦਾਨ ਵਿਚ ਆਪ ਆਵੇ, ਸਾਰੀ ਖਲਕਤ ਨੂੰ ਕਿਉਂ ਮਰਵਾ ਰਿਹਾ ਹੈ? ਉਸ ਨੂੰ ਦਸਦੇ ਸਨ ਕਿ ਲੜਈ ਬੜੀ ਭਿਆਨਕ ਚੀਜ਼ ਹੁੰਦੀ ਹੈ—ਜਿਸ ਤੋਂ ਦੁੱਖ, ਕਸ਼ਟ ਤੇ ਬਰਬਾਦੀ ਅਵੱਸ਼ ਨਿਕਲਦੇ ਹਨ । ਉਸ ਨੂੰ ਪੇਸ਼ਕਸ ਵੀ ਕਰਦੇ ਸਨ ਕਿ ਦੋਹਾਂ ਧਿਰਾਂ ਦੀਆਂ ਫੌਜਾਂ ਤਿੰਨ ਮੀਲ ਦੀ ਵਿੱਥ ਤੇ ਖੜ੍ਹੀਆਂ ਹੋ ਜਾਣ ਤੇ ਵਿਚਕਾਰ (ਸ਼ਾਹ) ਆਪ ਦੋ ਸਵਾਰਾਂ ਸਮੇਤ ਆਵੇ ਤੇ ਉਹਨਾਂ (ਗੁਰੂ ਸਾਹਿਬਾਂ) ਇਕੱਲਿਆਂ ਨਾਲ ਲੜਾਈ ਲੜ ਕੇ ਝਗੜਾ ਖ਼ਤਮ ਕਰ ਲਏ ਤਾਂ ਜੋ ਦੁਨੀਆਂ ਵਿਚ ਅਮਨ ਸ਼ਾਂਤੀ ਵਰਤ ਜਾਏ । ਇਹ ਗੱਲਾਂ ਦੱਸਦੀਆਂ ਹਨ ਕਿ ਉਹ ਜੰਗਾਂ ਨੂੰ ਕਿਸ ਨਜ਼ਰ ਨਾਲ ਦੇਖਦੇ ਸਨ, ਅਰਥਾਤ ਜੰਗਾਂ ਨੂੰ ਉਹ ਸਦਾ ਹੀ ਕੌੜਾ ਘੁਟ ਸਮਝਦੇ ਰਹੇ ਸਨ ।ਜਿਵੇਂ ਸਰੀਰ ਦਾ ਕੋਈ ਅੰਗ ਇਸ ਹੱਦ ਤਕ ਵਿਗੜ ਜਾਏ ਕਿ ਉਸ ਦਾ ਇਲਾਜ ਤਾਂ ਹੋ ਨਾ ਸਕੇ ਤੇ ਉਹ ਸਾਰੇ ਸਰੀਰ ਲਈ ਖ਼ਤਰਾ ਵੀ ਬਣ ਗਿਆ ਹੋਵੇ, ਤਾਂ ਉਸ ਅੰਗ ਨੂੰ ਮਜਬੂਰਨ ਕੱਟਣਾ ਪੈ ਜਾਂਦਾ ਹੈ, ਤਿਵੇਂ ਸਾਰੇ ਸਮਾਜ ਦੀ ਭਲਾਈ ਲਈ ਗੰਦੇ ਰੋਗੀ ਅੰਗ ਨੂੰ ਕੱਟਣ ਦਾ ਜ਼ਿੰਮਾ ਉਹਨਾਂ ਨੂੰ ਲੈਣਾ ਪਿਆ ਸੀ। ਉਸ ਵੇਲੇ ਜੰਗ ਲੜਨਾ ਫ਼ਰਜ਼ ਬਣ ਗਿਆ ਸੀ ਤੇ ਇਸ ਫ਼ਰਜ਼ ਤੋਂ ਝਿਜਕਣਾ ਬੁਰਾਈ ਸੀ । ਪਰ



ਇਸ ਦੇ ਬਾਵਜੂਦ ਅਟੱਲ ਸਚਾਈ ਇਹ ਹੈ ਕਿ ਹਿੰਸਾ ਤੇ ਅਹਿੰਸਾ ਨੂੰ ਉਹਨਾਂ ਕਦੇ ਇਕ ਪੱਧਰ ਤੇ ਨਹੀਂ ਲਿਆਂਦਾ । ਹਿੰਸਾ ਬੁਰਾਈ ਹੈ ਤੇ ਅਹਿੰਸਾ ਜੀਵਨ ਦਾਤੀ । ਹਿੰਸਾ ਤੋਂ ਦੁਖ ਕਸ਼ਟ ਨਿਕਲਦੇ ਹਨ ਤੇ ਜੀਵਨ ਲੰਗੜਾ ਹੋ ਜਾਂਦਾ ਹੈ, ਪਰ ਅਹਿੰਸਾ ਤੇ ਪ੍ਰੇਮ ਹਰ ਮਨੁੱਖ ਦੇ ਕੁਦਰਤੀ ਧਰਮ ਹਨ ਤੇ ਹਰ ਕਿਸੇ ਦੇ ਵਾਧੇ ਲਈ ਜ਼ਰੂਰੀ ਹਨ।

ਹਿੰਦ ਦੇਸ਼ ਵਿਚ ਅਹਿੰਸਾ ਦਾ ਪ੍ਰਚਾਰ ਚਿਰਾਂ ਤੋ ਹੁੰਦਾ ਰਿਹਾ ਹੈ ਤੇ ਚੀਨ, ਯੂਨਾਨ ਤੇ ਜਾਪਾਨ ਆਦਿਕ ਦੇਸ਼ਾਂ ਦੇ ਮੱਤਾਂ ਦਾ ਨਿਚੋੜ ਹੀ ਇਕੋ ਅਹਿੰਸਾ ਹੀ । ਪਰ ਏਸ ਨੂੰ ਇਸ ਇੰਤਹਾ ਤਕ ਨਹੀਂ ਸੀ ਲਿਜਾਇਆ ਜਾਣਾ ਚਾਹੀਦਾ ਕਿ ਦੁਨੀਆਂ ਵਿਚ ਵਰਤ ਰਹੇ ਹਾਲਾਤ ਵੱਲੋਂ ਅੱਖਾਂ ਹੀ ਬੰਦ ਕਰ ਲਈਆਂ ਜਾਣ ।ਆਲੇ ਦੁਆਲੇ ਦੇ ਹਾਲਾਤ ਅਤੇ ਦੇਸ਼ ਦੀਆਂ ਸਮੱਸਿਆਵਾਂ ਨੂੰ ਯਥਾਰਵਾਦੀ ਹੋ ਕੇ ਵੇਖਣਾ ਧਰਮ ਦਾ ਮੁੱਢਲਾ ਫ਼ਰਜ਼ ਹੈ । ਜੇ ਸਾਰਾ ਜਗਤ ਇਕ ਹੈ ਤਾਂ ਉਸ ਵਿਚ ਵਰਤ ਰਹੇ ਹਾਲਤ ਤੋਂ ਬੇਪਰਵਾਹ ਹੋ ਜਾਣਾ ਧਰਮ ਦੀ ਬੁਨਿਆਦ ਕੱਟਣਾ ਹੈ । ਹਿੰਦ ਦੀ ਸ਼ਾਨਦਾਰ ਕਲਚਰ ਤੇ ਫ਼ਿਲਾਸਫ਼ੀ ਦੇ ਬਾਵਜੂਦ ਹਿੰਦਵਾਸੀ ਇਸੇ ਕਾਰਨ ਸਦੀਆਂ ਗ਼ੁਲਾਮ ਰਹੇ ਸਨ । ਦੁਨੀਆਂ ਉਸ ਧਰਮ ਨੂੰ ਲੰਮਾ ਸਮਾਂ ਕਿਵੇਂ ਪਰਵਾਣ ਕਰ ਸਕਦੀ ਹੈ ਜੋ ਉਸ ਦੀਆਂ ਸਮੱਸਿਆਵਾਂ ਦਾ ਅਮਲੀ ਹੱਲ ਨਹੀਂ ਲੱਭਦਾ ਤੇ ਨਿਰੀਆਂ ਅਸਮਾਨੀ ਗੱਲਾਂ ਵਿਚ ਲਾਈ ਰੱਖਦਾ ਹੈ ? ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਿਸ ਮੰਜ਼ਲ ’ਤੇ ਇਨਸਾਨ ਇਸ ਵੇਲੇ ਖੜ੍ਹਾ ਹੈ ਓਥੋਂ ਹਿੰਸਾ ਨੂੰ ਮੁਕੰਮਲ ਤੌਰ ’ਤੇ ਛਡਿਆ ਨਹੀਂ ਜਾ ਸਕਦਾ। ਦੁਨੀਆਂ ਹਿੰਸਾ ਤੇ ਅਹਿੰਸਾ ਦੀ ਫ਼ਰਜ਼ੀ ਬਹਿਸ ਵਿਚ ਪੈ ਕੇ ਧਰਮ ਦਾ ਰਾਹ ਹੀ ਭੁੱਲ ਜਾਂਦੀ ਹੈ । ਪਰ ਹਾਲਤ ਦੀਆਂ ਮਜ਼ਬੂਰੀਆਂ ਨੂੰ ਅੱਖੋਂ ਓਹਲੇ ਕਿਵੇਂ ਕੀਤਾ ਜਾ ਸਕਦਾ ਹੈ ? ਕੀ ਚੋਰਾਂ ਤੇ ਡਾਕੂਆਂ ਤੋਂ ਬਚਾਉ ਨਿਰੋਲ ਅਹਿੰਸਾ ਨਾਲ ਹੋ ਸਕਦਾ ਹੈ ? ਕੀ ਅੱਜ ਦੀਆਂ ਸਰਕਾਰਾਂ ਪੁਲਸ, ਫ਼ੌਜ ਤੇ ਹਥਿਆਰਾਂ ਨੂੰ ਕਤਈ ਬੰਦ ਕਰ ਸਕਦੀਆਂ ਹਨ? ਦੁਨੀਆਂ ਜਿਥੇ ਇਸ ਵੇਲੇ ਹੈ, ਓਥੇ ਮਨੁੱਖ ਜਾਤੀ ਦੀ ਇੱਜ਼ਤ, ਜਾਨ ਤੇ ਮਾਲ ਦੀ ਰਾਖੀ ਨਿਰੋਲ ਅਹਿੰਸਾ ਨਾਲ ਨਹੀਂ ਹੋ ਸਕਦੀ । ਇਹ ਹਾਲਾਤ ਦੀਆਂ ਮਜਬੂਰੀਆਂ ਹਨ ਜਿਨ੍ਹਾਂ ਨੂੰ ਨਜ਼ਰ-ਅੰਦਾਜ਼ ਕਰਨਾ ਧਰਮ ਦੀ ਤਾਕਤ ਕਮਜ਼ੋਰ ਕਰਨਾ ਹੈ। ਇਕੱਲੇ ਇਕੱਲੇ ਮਨੁੱਖਾਂ ਦੀਆਂ ਕਮਜ਼ੋਰੀਆਂ ਦਾ ਭਲਾ ਕਹਿਣਾ ਹੀ ਕੀ ਹੋਇਆ, ਜਦ ਮੁਹਜ਼ਬ ਸਰਕਾਰਾਂ ਵੀ ਪਸ਼ੂ ਬਿਰਤੀਆਂ ਦਾ ਤਿਆਗ ਕਰਨ ਨੂੰ ਤਿਆਰ ਨਹੀਂ ? ਹਿੰਦ ਨੂੰ ਇਸ ਬਾਬਤ ਕੁਝ ਸਜਰੇ ਤਜਰਬੇ ਵੀ ਹੋਏ ਸਨ।

ਪਹਿਲਾਂ ਚੀਨ ਨੇ ਤੇ ਫੇਰ ਪਾਕਿਸਤਾਨ ਨੇ ਬਿਨਾਂ ਕਾਰਨ ਆਜ਼ਾਦ ਭਾਰਤ 'ਤੇ ਹਮਲਾ ਕਰ ਦਿੱਤਾ ਸੀ । ਕੀ ਇਹ ਸੱਚ ਨਹੀਂ ਕਿ ਚੀਨ ਕਿਸੇ ਦਲੀਲ ਨੂੰ ਵੀ ਪਰਵਾਣ ਨਹੀਂ ਸੀ ਕਰਦਾ ? ਪਰੰਪਰਾ, ਇਤਿਹਾਸ, ਜੁਗਰਾਫੀਆ ਤੇ ਰਵਾਇਤ ਆਦਿਕ ਦੀ ਕੋਈ ਗੱਲ ਉਹ ਸੁਣਨ ਨੂੰ ਤਿਆਰ ਨਹੀਂ ਸੀ। ਉਸ ਲਈ ਸਰੱਹਦ ਦੀ ਰੇਖਾ ਓਹੋ ਸੀ ਜੋ ਉਹ ਆਪ ਮਨਾਉਣਾ ਚਾਹੁੰਦਾ ਸੀ। ਇਹੋ ਮਾਨਸਿਕ ਦਸ਼ਾ ਪਾਕਿਸਤਾਨ ਦੀ ਸੀ । ਇਸ ਤਰ੍ਹਾਂ ਦੇ ਹਾਲਾਤ ਵਿਚ ਦੇਸ ਦੀ ਇੱਜ਼ਤ ਤੇ ਅਜ਼ਾਦੀ ਨੂੰ ਬਚਾਣ ਦਾ ਕੀ ਤਰੀਕਾ ਰਹਿ ਜਾਂਦਾ ਹੈ? ਅਹਿੰਸਾ ਬੜਾ ਉੱਤਮ ਹਥਿਆਰ ਹੈ, ਜਿਸ ਨਾਲ ਵਿਰੋਧੀਆਂ ਦੇ ਦਿਲਾਂ ਅੰਦਰ ਤਬਦੀਲੀ ਲਿਆਉਣੀ ਹੁੰਦੀ ਹੈ ; ਪਰ ਕੀ ਇਸ ਲਈ ਦੇਸ਼ ਤਿਆਰ ਸੀ—ਤੇ ਕੀ ਇਸ ਦਾ ਅਸਰ ਖ਼ੂਨ-ਖ਼ਾਰ ਡਿਕਟੇਟਰਾਂ 'ਤੇ ਵੀ ਪੈ ਸਕਦਾ ਹੈ ਜਿਨ੍ਹਾਂ ਦੇ ਸਾਹਮਣੇ ਕੀਮਤਾਂ ਹੀ ਹੋਰ ਹੁੰਦੀਆਂ ਹੋਣ? ਕੀ ਕੁੱਤਿਆਂ ਤੇ ਬਘਿਆੜਾਂ ਨਾਲ ਵੀ ਦਿਲਾਂ ਦੀਆਂ ਤਬਦੀਲੀਆਂ ਦੀ ਆਸ ਕੀਤੀ ਜਾ ਸਕਦੀ? ਸਾਡਾ ਭਾਵ ਇਹ ਹੈ ਕਿ ਦੁਨੀਆਂ ਵਿਚ ਕਈ ਪ੍ਰਕਾਰ ਦੇ ਪਸ਼ੂ ਹਾਕਮਾਂ ਨਾਲ ਵਾਹ ਪੈ ਸਕਦਾ ਹੈ, ਜੋ ਅਹਿੰਸਾ ਨੂੰ ਸਮਝ ਨਹੀਂ ਸਕਦੇ।

ਇਸ ਮਜਬੂਰੀ ਦਾ ਅਹਿਸਾਸ ਅਹਿੰਸਾ ਦੇ ਵੱਡੇ ਵੱਡੇ ਹਾਮੀਆਂ ਨੂੰ ਵੀ ਸੀ । ਇਸ ਲਈ ਹੀ ਉਹਨਾਂ ਨੂੰ ਵੀ ਇਹ ਹੌਸਲਾ ਨਹੀਂ ਪੈਂਦਾ ਸੀ ਕਿ ਅਹਿੰਸਾ ਦੇ ਹੱਕ ਵਿਚ ਅਵਾਜ਼ ਕੱਢ ਕੇ, ਦੇਸ਼ ਦੀ ਮੁਕਾਬਲਾ ਸ਼ਕਤੀ ਕਮਜ਼ੋਰ ਕਰ ਦਿਤੀ ਜਾਏ। ਇਸ ਤੋਂ ਕਈ ਗੁਣਾਂ ਵੱਧ ਭੈੜੀ ਹਾਲਤ ਗੁਰੂ ਜੀ ਦੇ ਆਪਣੇ ਵੇਲੇ ਸੀ, ਜਿਸ ਨੇ ਉਨ੍ਹਾਂ ਨੂੰ ਮਜ਼ਬੂਰਨ ਅਹਿੰਸਾ ਦੇ ਰਾਹ ਪਾਇਆ ਸੀ । ਹਿੰਸਾ ਚਿੱਕੜ ਜ਼ਰੂਰ ਹੈ ਤੇ ਚਿੱਕੜ ਵਿਚ ਜਾਣਾ ਵੀ ਚੰਗਾ ਨਹੀਂ ਹੁੰਦਾ, ਪਰ ਕਿਸੇ ਡੁਬਦੇ ਨੂੰ ਕੱਢਣ ਲਈ ਤਾਂ ਜਾਣਾ ਹੀ ਪੈਂਦਾ ਹੈ ਤੇ ਜਾਣਾ ਚਾਹੀਦਾ ਵੀ ਹੈ । ਮਹਾਰਾਜ ਨੇ ਵੀ ਇਸ ਕੌੜੇ ਘੁੱਟ ਨੂੰ ਆਪਣਾ ਫ਼ਰਜ਼ ਜਾਣ ਕੇ ਭਰਿਆ ਸੀ । ਪਰ ਇਹ ਏਡਾ ਮੁਸ਼ਕਲ ਕੰਮ ਸੀ ਕਿ ਕੋਈ ਅਗੰਮੜਾ ਮਰਦ ਹੀ ਇਸ ਨੂੰ, ਮਨੁੱਖੀ ਕੀਮਤਾਂ ਬਚਾ ਕੇ, ਸਿਰੇ ਚਾੜ੍ਹ ਸਕਦਾ ਸੀ । ਏਸ ਮਹਾਨ ਕੰਮ ਲਈ ਨਿਰੇ ਕਿਸੇ ਸੂਰਬੀਰ ਦੀ ਲੋੜ ਨਹੀਂ ਸੀ, ਸੰਤ ਸਿਪਾਹੀ ਜਾਂ ਭਗਤ ਦੀ ਲੋੜ ਸੀ ਤਾਂ ਹੀ ਹਿੰਸਾ ਸਫਲ ਹਥਿਆਰ ਬਣ ਸਕਦਾ ਹੈ । ਭਾਈ ਗੁਰਦਾਸ ਜੀ ਇਉਂ ਬੋਲੇ ਸਨ :

"ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ ॥"



(ਵਾਰ ਭਾਈ ਗੁਰਦਾਸ)

ਅਰਥਾਤ "ਗੁਰੂ ਗੋਬਿੰਦ ਸਿੰਘ ਜੀ ਐਸੇ ਪ੍ਰਗਟ ਹੋਏ ਸਨ ਜੋ ਪ੍ਰਮਾਤਮਾ ਦਾ ਹੀ ਰੂਪ ਸਨ ।"

ਏਥੇ ਪੁੱਜ ਕੇ ਅਸੀਂ ਮਹਾਂਭਾਰਤ ਦੀ ਜੰਗ ਸਮੇਂ ਸ੍ਰੀ ਕ੍ਰਿਸ਼ਨ ਜੀ ਦੇ ਅਰਜਨ ਜੀ ਤਾਈਂ ਕੀਤੇ ਉਪਦੇਸ਼ ਦਾ ਜ਼ਿਕਰ ਕਰਨਾ ਉਚਿਤ ਸਮਝਦੇ ਹਾਂ। ਇਹ ਉਪਦੇਸ਼ ਗੀਤਾਂ ਵਿਚ ਦਰਜ਼ ਹੈ ਤੇ ਹਰ ਹਿੰਦੂ ਇਸ ਨੂੰ ਬੜੀ ਪਿਆਰ ਭਰੀ ਸ਼ਰਧਾ ਨਾਲ ਪਰਵਾਨ ਕਰਦਾ ਹੈ। ਅਰਜਨ ਜੀ ਨੇ ਜਦ ਆਪਣੇ ਵਿਰੋਧੀਆਂ ਦੀ ਫ਼ੌਜ ਵਿਚ ਆਪਣੇ ਹੀ ਭਰਾ ਭਾਈ ਤੇ ਸਨਬੰਧੀ ਖੜ੍ਹੇ ਵੇਖੇ ਤਾਂ ਉਹ ਕੰਬ ਉੱਠੇ ਤੇ ਉਹਨਾਂ ਲੜਨੋਂ ਇਨਕਾਰ ਕਰ ਦਿਤਾ । ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਜੀ ਨੂੰ ਪ੍ਰੇਰ ਕੇ ਉਹਨਾਂ ਦੇ ਹੱਥ ਤਲਵਾਰ ਫੜਾਈ । ਉਹਨਾਂ ਦੇ ਉਪਦੇਸ਼ ਦਾ ਸਾਰ ਇਹ ਹੈ ਕਿ ਧਰਮ ਲਈ ਲੜਨਾ ਧਰਮ ਹੈ ਤੇ ਮਹਾਂ ਉੱਤਮ ਕਰਮ ਹੈ- ਉਸ ਉਪਦੇਸ਼ ਦੀਆਂ ਕੁਝ ਸਤਰਾਂ ਦਿੰਦੇ ਹਾਂ :

"ਨਹੀ ਤੁਮਾਰੇ ਯੋਗ ਨਿਪੁੰਸਕਤਾ, ਯਹ ਕਰੋ ਨ ਤੁਮ ਸ੍ਵੀਕਾਰ ।
ਤੁਛ ਹਿਰਦੇ ਦੀ ਦੁਰਬਲਤਾ ਤਜ, ਉਠੋ ਯੁਧ ਕਰ ਅੰਗੀਕਾਰ ।"

ਫਿਰ ਇਉਂ ਕਿਹਾ ਹੈ –

"ਅਪਨਾ ਧਰਮ ਦੇਖ ਕਰ ਭੀ ਮਤ ਹੋਵੋ ਤੁਮ ਕੰਪਤ, ਹੇ
ਪਾਰਥ । ਨਹੀ ਸ੍ਰੇਅ ਕੁਛ ਭੀ ਖਤ੍ਰੀ ਕੇ ਲੀਏ ਯੁਧ ਕੇ
ਸਿਵਾ ਯਥਾਰਥ । ਖੁਲਾਂ ਤੁਮਾਰੇ ਲੀਏ ਵੀਰ ਵਰ
ਸੁਅਰਗ ਦੁਆਰ ਯਿਹ ਅਪਨੇ ਆਪ । ਸੁਖ ਸੁਭਾਗਵਾਨ
ਖਤਰੀ ਹੀ, ਪਾਤੇ ਐਸਾ ਯੁਧ ਅਪਾਪ । ਅਗਰ
ਕਦਾਚਿਤ ਨਹੀਂ ਕਰੋਗੇ ਤੁਮ ਇਹ ਪਰਮ ਧਰਮ
ਸੰਗ੍ਰਾਮ । ਖੋ ਕਰਕੇ ਨਿਜ ਧਰਮ, ਸੁਯਾਸ਼, ਤੁਮ ਲੋਗੇ
ਪਾਪ ਬਟੋਰ ਤਮਾਮ ॥"

ਅਗਾਂਹ ਹੋਰ ਦਸਿਆ ਹੈ ਕਿ ਯੋਧੇ ਦੀ ਨਜ਼ਰ ਧਰਮ ਯੁਧ ਕਰਦਿਆਂ ਕੈਸੀ ਹੁੰਦੀ ਹੈ :-

"ਵਿਜੈ ਪਰਾਜੇ, ਲਾਭ ਹਾਨ, ਸੁਖ ਦਾਨ, ਮਾਨ ਕਰ

ਏਕ ਸਮਾਨ । ਫਿਰ ਰਣ ਮਹਿ ਪ੍ਰਵਿਰਤ ਹੋਣੇ ਪਰ,

ਪਾਪ ਨ ਹੋਗਾ ਰੰਚਕ ਮਾਨ ।"

ਗੁਰੂ ਸਾਹਿਬ ਨੇ ਵੀ, ਧਰਮ ਦੀ ਰਖਿਆ ਲਈ, ਖਾਲਸੇ ਨੂੰ ਸ਼ਸਤ੍ਰਧਾਰੀ ਰੂਪ ਦਿਤਾ ਸੀ । ਇਸ ਦਾ ਭਾਵ ਇਹ ਹੈ ਕਿ ਖਾਲਸੇ ਨੇ ਸੰਤ ਸਿਪਾਹੀ ਹੋਣਾ ਹੈ । ਉਸ ਨੇ ਕਰਮ ਯੋਗੀ ਸੇਵਕ ਹੋ ਕੇ ਦੁਨੀਆਂ ਵਿਚ ਵਿਚਰਨਾ ਹੈ ਤੇ ਸੇਵਾ ਵਿਚ ਆਪਣਾ ਆਪ ਖ਼ਤਮ ਹੀ ਕਰ ਦੇਣਾ ਹੈ । ਸੰਤ ਤੇ ਸਿਪਾਹੀ ਦੋਹਾਂ ਦੇ ਗੁਣ ਉਸ ਵਿਚ ਆ ਜਾਣੇ ਹਨ । ਪ੍ਰੇਮ, ਗ਼ਰੀਬੀ, ਦਇਆ, ਖਿਮਾਂ ਆਦਿਕ ਦੈਵੀ ਗੁਣਾਂ ਦੇ ਨਾਲ ਨਾਲ ਉਸ ਵਿਚ ਬੀਰਤਾ, ਦ੍ਰਿੜ੍ਹਤਾ, ਸ੍ਵੈ ਮਾਨ ਅਤੇ ਸ਼ਕਤੀ ਉਤਪੰਨ ਹੋਣੇ ਹਨ, ਪਰ ਇਹ ਸਭ ਚੀਜ਼ਾਂ ਉਸ ਦੇ ਆਤਮਿਕ ਜੀਵਨ ਤੋਂ ਨਿਕਲਣੀਆਂ ਹਨ ਕਿਉਂਕਿ ਮੂਲ ਰੂਪ ਵਿਚ ਉਹ ਭਗਤ ਹੈ ਜਿਸ ਨੇ ਵਾਹਿਗੁਰੂ ਦੀ ਸੇਵਾ ਵਿਚ ਆਪਾ ਖ਼ਤਮ ਕੀਤਾ ਹੋਇਆ ਹੈ । ਉਹ ਨਿਰੇ ਸਿਪਾਹੀਆਂ ਵਾਂਗ ਬਾਹੂ ਬਲ ਦਾ ਧਾਰਨੀ ਨਹੀਂ ਤੇ ਨਾ ਹੀ ਜਰਮਨ ਫ਼ਿਲਾਸਫ਼ਰ ਨਿਟਸ਼ੇ ਦੇ ਕਿਆਸ ਦੀ ਸ਼ਕਤੀ ਦਾ ਉਪਾਸ਼ਕ ਹੈ। ਨਿਟਸ਼ੇ ਨੇ ਤਾਂ ਧਰਮ ਦੀਆਂ ਸਾਰੀਆਂ ਹੀ ਪ੍ਰਚੱਲਤ ਕੀਮਤਾਂ ਨੂੰ ਤੋੜ ਦਿੱਤਾ ਸੀ । ਉਹ ਕੁਝ ਇਸ ਤਰਾਂ ਕਹਿੰਦੇ ਸਨ : "ਹਉਂ ਦਾ ਤਿਆਗ ਕਮਜ਼ੋਰੀ ਤੇ ਬਰਬਾਦੀ ਦੇ ਰਾਹ 'ਤੇ ਪੈਣਾ ਹੈ । ਗ੍ਰਹਿਣ ਜਾਂ ਹਉਂ ਨੂੰ ਚੰਗੀ ਤਰ੍ਹਾਂ ਵਰਤਣਾ ਜੀਵਣ ਦਾ ਮਨੋਰਥ ਹੋਣਾ ਚਾਹੀਦਾ ਹੈ । ਕਮਜ਼ੋਰ ਪੁਰਸ਼ਾਂ ਨੂੰ ਦੁਨੀਆਂ ਵਿਚ ਕੋਈ ਥਾਂ ਨਹੀਂ ਤੇ ਜੀਵਣ ਦਾ ਹੱਕ ਕੇਵਲ ਤਕੜਿਆਂ ਨੂੰ ਪਹੁੰਚਦਾ ਹੈ । ਕੁਦਰਤ ਦਾ ਇਹ ਕਾਨੂੰਨ ਹੈ ਕਿ ਕੇਵਲ ਤਾਕਤਵਰ ਹੀ ਬਚਦੇ ਹਨ, ਬਾਕੀ ਪਿੱਛੇ ਰਹਿ ਜਾਂਦੇ ਹਨ ਜਾਂ ਮਾਰੇ ਜਾਂਦੇ ਹਨ । ਮੋਟੀ ਮੱਛੀ ਛੋਟੀਆਂ ਮੱਛੀਆਂ ਨੂੰ ਖਾਂਦੀ ਚਲੀ ਜਾਂਦੀ ਹੈ ਤੇ ਇਸ ਤਰ੍ਹਾਂ ਕਾਂਟੀ ਛਾਂਟੀ ਹੁੰਦੀ ਰਹਿੰਦੀ ਹੈ ਤੇ ਇਹ ਖੇਡ ਸਾਰੀ ਕੁਦਰਤ ਵਿਚ ਵਰਤ ਰਹੀ ਹੈ । ਜੇ ਇਹ ਠੀਕ ਹੈ ਕਿ ਜੀਵਣ ਘੋਲ ਹੈ, ਜਿਸ ਵਿਚ ਤਕੜੇ ਹੀ ਬਚਦੇ ਹਨ ਤਾਂ ਸ਼ਕਤੀ ਹੀ ਅੰਤਮ ਗੁਣ ਹੈ ਤੇ ਕਮਜ਼ੋਰੀ ਵਡਾ ਔਗੁਣ ਹੈ । ਬਰਾਬਰੀ ਤੇ ਲੋਕਤੰਤਰ ਕਾਂਟੀ ਛਾਂਟੀ ਦੇ ਕੁਦਰਤੀ ਕਾਨੂੰਨ ਦੇ ਉਲਟ ਹਨ, ਇਸ ਲਈ ਇਹਨਾਂ ਨੂੰ ਕੋਈ ਮਹਾਨਤਾ ਨਹੀਂ ਦਿੱਤੀ ਜਾਣੀ ਚਾਹੀਦੀ । ਜੇ ਬਰੁਾਈ ਮਾੜੀ ਹੁੰਦੀ ਤਾਂ ਹੁਣ ਤਕ ਖ਼ਤਮ ਹੋ ਜਾਂਦੀ । ਇਨਸਾਨ ਨੂੰ ਬਹੁਤੀ ਭਲਮਣਸਊ ਤੋਂ ਬਚਣਾ ਚਾਹੀਦਾ ਹੈ ਸਗੋਂ ਹਰ ਮਨੁੱਖ ਨੂੰ ਵਧੇਰਾ ਬੁਰਾ ਹੋਣਾ ਚਾਹੀਦਾ ਹੈ । ਮਨੁੱਖੀ



ਜਦੋ-ਜਹਿਦ ਦਾ ਮਨੋਰਥ ਆਮ ਜਨਤਾ ਨੂੰ ਚੁਕਣਾ ਨਹੀਂ ਸਗੋਂ ਸੋਹਣੀਆਂ ਤੇ ਬਲਵਾਨ ਸ਼ਖ਼ਸੀਅਤਾਂ ਦਾ ਵਿਕਾਸ ਕਰਨਾ ਹੈ ਆਦਿਕ।"

ਇਸ ਫ਼ਿਲਾਸਫ਼ੀ ਦੇ ਵੀ ਆਪਣੇ ਗੁਣ ਹਨ। ਸ਼ਕਤੀ ਦੀ ਉਪਾਸ਼ਨਾ ਚੰਗੀ ਗੱਲ ਸਮਝਣੀ ਚਾਹੀਦੀ ਹੈ। ਸਵਾਮੀ ਵਿਵੇਕਾ ਨੰਦ ਇਸ ਦੀ ਉਪਮਾ ਵਿਚ ਇਉਂ ਲਿਖਦੇ ਹਨ:-

"If there is sin in the world, it is weakness. Weakness is sin and weakness is death."

ਅਰਥਾਤ "ਦੁਨੀਆਂ ਅੰਦਰ ਪਾਪ ਕੇਵਲ ਕਮਜ਼ੋਰੀ ਹੈ । ਕਮਜ਼ੋਰੀ ਪਾਪ ਹੈ ਤੇ ਕਮਜ਼ੋਰੀ ਹੀ ਮੌਤ ਹੈ ।

ਪਰ ਇਸ ਸ਼ਕਤੀ ਦਾ ਆਧਾਰ ਆਤਮਿਕ ਸ਼ਕਤੀ ਹੋਣਾ ਚਾਹੀਦਾ ਹੈ। ਨਿਟਸ਼ੇ ਇਕ ਉੱਤਮ ਖ਼ਿਆਲ ਨੂੰ ਖਿੱਚ ਕੇ ਇੰਤਹਾ ਤਕ ਲੈ ਗਏ ਸਨ। ਇਸ ਦਾ ਹੀ ਇਹ ਸਿੱਟਾ ਨਿਕਲਿਆ ਸੀ ਕਿ ਹਿਟਲਰ ਨੇ ਜਰਮਨੀ ਨੂੰ ਸਾਰਾ ਜਗਤ ਫਤਹਿ ਕਰਨ ਦੇ ਰਾਹ 'ਤੇ ਪਾ ਦਿੱਤਾ ਸੀ ਅਤੇ ਇਸੇ ਦਾ ਫਲ ਜਰਮਨੀ ਹੁਣ ਤਕ ਭੁਗਤ ਰਿਹਾ ਹੈ । ਜਿਥੇ ਤਿਆਗ ਦੀ ਮਹਾਨ ਉੱਤਮ ਫਿਲਾਸਫੀ ਨੇ ਇੰਤਹਾ ਤਕ ਜਾ ਕੇ ਕਮਜ਼ੋਰੀ ਲਿਆਂਦੀ ਸੀ ਉਥੇ ਨਿਟੇਸ਼ ਦੀ ਫ਼ਿਲਾਸਫ਼ੀ ਨੇ ਜ਼ਾਲਮ ਤੇ ਸੰਗਦਿਲ ਰਾਖ਼ਸ਼ ਪੈਦਾ ਕਰ ਦਿਤੇ ਸਨ । ਜੇ ਇਕ ਪਾਸੇ ਤਿਆਗੀਆਂ ਨੇ ਦੁਨੀਆਂ ਦਾ ਆਤਮਘਾਤ ਕਰਾਇਆ ਸੀ ਤਾਂ ਦੂਜੇ ਪਾਸੇ ਗ੍ਰਹਿਣੀਆਂ ਨੇ ਇਸ ਨੂੰ ਬਰਬਾਦ ਕਰਕੇ ਹੀ ਰੱਖ ਦਿੱਤਾ ਸੀ । ਇਕ ਵਿਚਾਰਧਾਰਾ ਨੇ ਇਨਸਾਨ ਨੂੰ ਆਪਣੇ ਪੈਰਾਂ 'ਤੇ ਮਜ਼ਬੂਤ ਹੋ ਕੇ ਖੜ੍ਹੇ ਹੋਣ ਦੇ ਰਾਹੇ ਨਾ ਪਾਇਆ ਤੇ ਦੂਜੀ ਨੇ ਸੂਰਮੇ ਤਾਂ ਭਾਵੇ ਪੈਦਾ ਕੀਤੇ ਪਰ ਅੰਦਰਲੇ ਆਤਮਕਿ ਜੀਵਣ ਤੋਂ ਖ਼ਾਲੀ ਹੋਣ ਕਰ ਕੇ ਅਧੂਰੇ ਮਨੁੱਖ ਬਣਾਏ । ਮਹਾਰਾਜ ਇਹਨਾਂ ਦੋਹਾਂ ਇੰਤਹਾਵਾਂ ਤੋਂ ਬਚੇ ਤੇ ਇਹਨਾਂ ਵਿਚਾਰਧਾਰਾਵਾਂ ਵਿਚ ਜੋ ਭੁੱਲਾਂ ਆਈਆਂ ਸਨ ਉਹਨਾਂ ਨੂੰ ਨਿਖੇੜ ਕੇ ਵੱਖ ਕਰ ਦਿੱਤਾ ਤੇ ਸ਼ਕਤੀਸ਼ਾਲੀ ਭਗਤਾਂ ਨੂੰ ਜਨਮ ਦਿੱਤਾ।

ਉਤਲੇ ਲੇਖ ਨੂੰ ਸਮਾਪਤ ਕੀਤਾ ਜਾ ਚੁੱਕਾ ਹੈ ਪਰ ਏਥੇ ਅਸੀਂ ਕੁਝ ਜ਼ਰੂਰੀ ਬੇਨਤੀ ਕਰਨੀ ਉਚਿਤ ਸਮਝਦੇ ਹਾਂ । ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਜ਼ੁਲਮੀ ਰਾਜ ਨੂੰ ਨਸ਼ਟ ਕਰਨ ਲਈ ਸ਼ਸ਼ਤਰਧਾਰੀ ਖ਼ਾਲਸਾ ਤਿਆਰ ਕੀਤਾ ਸੀ, ਜਿਸ ਨੇ ਖੁਲ੍ਹ ਕੇ ਤਲਵਾਰ (ਕਿਰਪਾਨ)ਦੀ ਵਰਤੋਂ ਵੀ ਕੀਤੀ ਸੀ । ਪਰ

ਹਰ ਸਮਾਂ ਔਰੰਗਜ਼ੇਬੀ ਸਮਾਂ ਨਹੀਂ ਹੁੰਦਾ । ਇਸ ਲਈ ਇਸ ਤਲਵਾਰ ਨੂੰ ਵੀ ਹਰ ਸਮੇਂ ਦਾ ਰਾਜ ਬਦਲਣ ਲਈ ਨਹੀਂ ਵਰਤਿਆ ਜਾ ਸਕਦਾ । ਤਲਵਾਰ ਨੂੰ ਇਕ ਪਵਿੱਤ੍ਰ ਹਥਿਆਰ, ਇਕ ਪਵ੍ਰਿੱਤ ਧਾਰਮਿਕ ਸਾਧਨ ਬਣਾਇਆ ਗਿਆ ਸੀ, ਜਿਸ ਦੀ ਵਰਤੋਂ ਉੱਤੇ ਪਾਬੰਦੀ ਇਹ ਲਾਈ ਗਈ ਸੀ ਕਿ ਜਦੋਂ ਕੋਈ ਵੀ ਹੋਰ ਚਾਰਾ ਨਾ ਰਹਿ ਗਿਆ ਹੋਵੇ ਰਾਜ ਪਲਟੇ ਦਾ, ਅਤੇ ਜਨਤਾ ਬੇਹਦ ਦੁਖੀ ਹੋ ਗਈ ਹੋਵੇ, ਤਾਂ ਤਲਵਾਰ ਦੀ ਵਰਤੋਂ ਧਰਮ ਦਾ ਕਾਰਜ ਹੈ, ਨਹੀਂ ਤਾਂ ਇਹ ਤਲਵਾਰ ਦੀ ਦੁਰਵਰਤੋਂ ਹੈ ਤੇ ਪਾਪ ਹੈ । ਮਸਲਨ, ਅੱਜ ਦੇ ਭਾਰਤ ਵਿਚ ਪਰਜਾ-ਤੰਤਰ ਚਲ ਰਿਹਾ ਹੈ । ਇਹ ਇਕ ਪੁਰਖੀ ਰਾਜ ਨਹੀਂ ਇਹ ਜਨਤਾ ਦਾ ਇਕ ਤਰ੍ਹਾਂ ਦਾ ਆਪਣਾ ਰਾਜ ਹੈ ਜਿਸ ਨੂੰ ਜਨਤਾ ਨੇ ਆਪ ਚੁਣਿਆ ਹੈ ਤੇ ਜਨਤਾ ਦੇ ਹੀ ਆਪਣੇ ਬਣਾਏ ਕਾਨੂੰਨਾਂ ਦੇ ਆਧਾਰ ’ਤੇ ਇਹ ਚਲ ਰਿਹਾ ਹੈ। ਤਲਵਾਰ ਦੀ ਕਿਸੇ ਤਰ੍ਹਾਂ ਦੀ ਵੀ ਦੁਰਵਰਤੋਂ ਗੁਰੂ ਨਾਲ ਤੇ ਗੁਰਸਿੱਖੀ ਨਾਲ ਧਰੋਹ ਹੈ ਤੇ ਬਹੁਤ ਵੱਡੀ ਬੁਰਾਈ ਹੈ ।ਸਿੱਖੀ ਤਲਵਰ ਨਹੀਂ ਹੈ । ਇਸ ਦਾ ਸਹੀ ਸਰੂਪ, ਗੁਰੂ ਗ੍ਰੰਥ ਸਾਹਿਬ ਅੰਦਰ, ਸਤੇ ਬਲਵੰਡ ਦੀ ਵਾਰ ਰਾਹੀਂ ਇਉਂ ਬਿਆਨ ਕੀਤਾ ਗਿਆ ਹੈ ;

"ਨਾਨਕ ਰਾਜ ਚਲਾਇਆ ਸਤ ਕੋਟ ਸਤਾਨੀ ਨੀਂਵਦੇ"

ਅਰਥਾਤ "ਗੁਰੂ ਨਾਨਕ ਦੇਵ ਜੀ ਨੇ ਗੁਰ-ਸਿੱਖੀ ਰੂਪ ਆਪਣਾ ਰਾਜ ਚਲਾਇਆ ਸੀ ਜਿਸ ਨੂੰ ਉਹਨਾਂ 'ਸੱਚ ਦੇ ਕੋਟ (ਕਿਲ੍ਹੇ) ਤੇ 'ਸੱਚ' ਦੀਆਂ ਨੀਹਾਂ ਉੱਤੇ ਖੜ੍ਹਾ ਕੀਤਾ ਸੀ(ਉਸਾਰਿਆ ਸੀ) ਭਾਵ ਇਹ ਹੈ ਕਿ ਸਿੱਖੀ ਤੇ ਸਿੱਖਾਂ ਦੀ ਪਰਖ ਅਧਿਆਤਮਕ ਉਸਾਰੀ ਤੋਂ ਹੋਣੀ ਹੈ ਜਿਸ ਵਿਚ ਸੱਚ, ਪਿਆਰ, ਦਇਆ, ਨਿੰਮ੍ਰਤਾ, ਮਿਠਾਸ, ਗ਼ਰੀਬੀ, ਖਿਮਾਂ, ਧੀਰਜ, ਸੰਤੋਖ, ਦਇਆ, ਗਿਆਨ, ਵਿਚਾਰ, ਨਿਰਭੈਤਾ ਨਿਰਵੈਰਤਾ ਆਦਿਕ ਗੁਣ ਭਰਪੂਰ ਰੂਪ ਵਿਚ ਦਿਸਣੇ ਚਾਹੀਦੇ ਹਨ—ਜਿਨ੍ਹਾਂ ਤੋਂ ਅਹਿੰਸਾ, ਪ੍ਰੇਮ-ਪਿਆਰ ਤੇ ਸ਼ਾਂਤਮਈ ਦਾ ਬੋਲ-ਬਾਲਾ ਹੋਣਾ ਹੈ । ਜੇ ਇਹ ਨਹੀਂ ਤਾਂ ਤਲਵਾਰ ਦਾ ਕੁਝ ਵੀ ਮਨੋਰਥ ਨਹੀਂ ਰਹਿ ਜਾਂਦਾ । ਸਿੱਖ ਜਗਤ ਨੂੰ ਇਸ ਪੱਖ ਨੂੰ ਚੰਗੀ ਤਰ੍ਹਾਂ ਸਮਝ ਲੈਣ ਦੀ ਇਸ ਸਮੇਂ ਡਾਢੀ ਲੋੜ ਹੈ ।



# ਕਰਮ

**"ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥"**

ਜਪੁ ਜੀ ਗੁਰੂ ਨਾਨਕ ਦੇਵ ਜੀ ॥ (ਅੰਗ ੮)

ਅਰਥਾਤ-"ਆਪਣੇ ਆਪਣੇ ਕਰਮਾਂ ਅਨੁਸਾਰ ਕੋਈ ਜੀਵ ਰੱਬ ਦੇ ਨੇੜੇ ਹੋ ਜਾਂਦਾ ਹੈ ਤੇ ਕੋਈ ਉਸ ਤੋਂ ਦੂਰ ਚਲਾ ਜਾਂਦਾ ਹੈ ।"

"ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ
ਨ ਕੀਅ ॥ ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ
ਇਕੋ ਆਵਹੁ ਜਾਹੁ ॥ ੧॥ ਕਾਹੇ ਜੀਅ ਕਰਹਿ
ਚਤੁਰਾਈ ॥ ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥
ਤੇਰੇ ਜੀਅ ਜੀਆ ਕਾ ਤੋਹਿ ॥ ਕਿਤ ਕਉ ਸਾਹਿਬ
ਆਵਹਿ ਰੋਹਿ ॥ ਜੇ ਤੂ ਸਾਹਿਬ ਆਵਹਿ ਰੋਹਿ ॥ ਤੂ
ਓਨਾ ਕਾ ਤੇਰੇ ਓਹਿ ॥੨ ॥ ਅਸੀ ਬੋਲਵਿਗਾੜ
ਵਿਗਾੜਹ ਬੋਲ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥
ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ
ਘਟਿ ॥ ੩ ॥ ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥
ਆਪੁ ਪਛਾਣੈ ਬੂਝੈ ਸੋਇ ॥ ਗੁਰ ਪਰਸਾਦਿ ਕਰੇ ਬੀਚਾਰੁ ॥
ਸੋ ਗਿਆਨੀ ਦਰਗਹ ਪਰਵਾਣੁ ॥ ੪॥ ੩੦॥

ਸਿਰੀ ਰਾਗ ਮਹਲਾ ੧ ॥ (ਅੰਗ ੨੪)

ਅਰਥਾਤ—"ਜਿਤਨੇ ਵੀ ਜੀਵ ਪ੍ਰਮਾਤਮਾ ਨੇ ਪੈਦਾ ਕੀਤੇ ਹਨ, ਉਹਨਾਂ ਸਭਨਾਂ ਅੰਦਰ ਉਸ ਨੇ ਇਕ ਹੀ ਜੀਵਨ-ਸੋਝੀ ਪਾਈ ਹੈ, ਇਸ ਸੋਝੀ ਤੋਂ ਬਿਨਾਂ ਕੋਈ ਵੀ ਜੀਵ ਪੈਦਾ ਨਹੀਂ ਕੀਤਾ ਗਿਆ (ਭਾਵੇਂ ਸੋਝੀ ਦੀਆਂ ਮੰਜ਼ਲਾਂ ਵੱਖ ਵੱਖ ਹੁੰਦੀਆਂ ਹਨ) ਤੇ ਜਿਸ ਮੰਜ਼ਲ ’ਤੇ ਕਿਸੇ ਦੀ ਸੋਝੀ ਅੱਪੜੀ ਹੈ, ਉਸ ਅਨੁਸਾਰ ਹੀ ਉਸ ਦਾ ਜੀਵਨ ਅੰਦਰ ਰਾਹ ਬਣ ਜਾਂਦਾ ਹੈ । ਇਕ ਹੀ ਹਿਸਾਬ ਨਾਲ, ਇਕ ਹੀ ਅਭੁੱਲ ਕਾਨੂੰਨ ਨਾਲ, ਮਾਪ ਤੋਲ ਕੇ ਹਰ ਕਿਸੇ ਲਈ ਆਵਾਗਵਨ ਦਾ ਗੇੜ ਬਣਿਆ ਰਹਿੰਦਾ ਹੈ । ਇਸ ਲਈ, ਹੇ ਮੇਰੇ

ਮਨ, ਕਿਸ ਲਈ ਤੂੰ (ਬੇਲੋੜੀਆਂ) ਚਤੁਰਾਈਆਂ ਕਰਦਾ ਹੈਂ(ਕਿ ਇਉਂ ਹੋ ਗਿਆ, ਸੰਸਾਰੀ ਖੇਡ ਵਿਚ ਵਿਰੋਧੀਆਂ ਨੇ ਇਉਂ ਕੀਤਾ ਜਾਂ ਨਾ ਕੀਤਾ ਤੇ ਬੇਇਨਸਾਫ਼ੀਆਂ ਹੋਈਆਂ ਤੇ ਫਲ ਭੋਗਣੇ ਪਏ । ਯਾਦ ਰਹੇ ਕਿ ਸਭ ਓਸੇ ਦੇ ਹੱਥ ਹੈ ਤੇ ਓਸੇ ਦਾ ਹੀ ਅਟੱਲ ਹੁਕਮ ਵਰਤਦਾ ਹੈ ) ? ਉਹ ਹੀ ਤੈਨੂੰ ਇਸ ਕਿਸਮ ਦੀ ਸੋਝੀ ਦੇਣ ਵਾਲਾ ਹੈ ਤੇ ਇਸ ਸੋਝੀ ਨੂੰ ਦੇਣ ਵਿਚ ਜਾਂ ਇਸ ਨੂੰ ਤੈਥੋਂ ਮੁੜ ਵਾਪਸ ਲੈਣ ਵਿਚ ਵੀ ਰਤਾ ਦੇਰੀ ਨਹੀਂ ਕਰਦਾ, ਜਦੋਂ ਉਹਦਾ ਕਾਨੂੰਨ (ਹੁਕਮ) ਇਹ ਮੰਗ ਕਰਦਾ ਹੋਵੇ । ਕਰਮਾਂ ਦੇ ਚੱਕਰ ਵਿਚ ਇਸ ਤਰ੍ਹਾਂ ਪਏ ਮਨੁੱਖਾਂ ਨੂੰ ਵੇਖ ਕੇ ਮਹਾਰਾਜ ਦਾ ਹਿਰਦਾ ਤਰਸ ਨਾਲ ਭਰਦਾ ਹੈ ਤੇ ਪਰਮਾਤਮਾ ਨਾਲ ਉਹ ਇਉਂ ਗੱਲਾਂ ਕਰਦੇ ਹਨ : ਇਹ ਜੀਵ ਸਭ ਤੇਰੇ ਹਨ ਤੇ ਤੂੰ ਉਹਨਾਂ ਦਾ ਹੈਂ। ਫਿਰ, ਹੇ ਮਾਲਕ ! ਤੂੰ ਕਿਸ ਲਈ ਉਹਨਾਂ ਉੱਤੇ ਰੋਹ ਵਿਚ ਆਇਆ ਦਿਸ ਰਿਹਾ ਹੈਂ ? ਜੇ ਤੂੰ ਸੱਚਮੁੱਚ ਹੀ ਰੋਹ ਵਿਚ ਆਇਆ ਹੈਂ , ਤਾਂ ਤੇਰੀ ਬਖ਼ਸ਼ਿਸ਼ ਹੋ ਜਾਣੀ ਚਾਹੀਦੀ ਹੈ, ਕਿਉਂਕਿ ਆਖਰ ਤੂੰ ਉਨ੍ਹਾਂ ਦਾ ਹੈਂ ਤੇ ਉਹ ਤੇਰੇ ਹਨ। ਹੁਣ ਤਸਵੀਰ ਦਾ ਦੂਜਾ ਪਾਸਾ ਸਾਹਮਣੇ ਆ ਖੜ੍ਹੋਂਦਾ ਹੈ । ਜੀਵਾਂ ਦੇ ਕੀਤੇ ਕਰਮਾਂ ਦਾ ਫਲ ਉਸ ਦੀ ਮੇਹਰ ਹੋ ਕੇ ਦਿਸ ਪਿਆ ਹੈ, ਇਸ ਲਈ ਬੋਲ ਉੱਠਦੇ ਹਨ: ਹੇ ਮਾਲਕ ! ਅਸੀਂ ਬੇ-ਸੁਰੀਆਂ ਗੱਲਾਂ ਕਰਨ ਵਾਲੇ ਹਾਂ। ਤੂੰ ਸਦਾ ਹੀ ਆਪਣੀ ਮੇਹਰ ਦੀ ਨਜ਼ਰ ਨਾਲ ਵੇਖਦਾ ਹੈਂ ਤੇ ਠੀਕ ਤੋਲ ਤੋਲਦਾ ਹੈਂ । ਤੇਰਾ ਇਨਸਾਫ਼ ਤੇਰੀ ਮੇਹਰ ਦੋਵੇਂ ਇਕੱਠੇ ਚੱਲ ਰਹੇ ਹੁੰਦੇ ਹਨ। ਕੀਤੇ ਕਰਮਾਂ ਦਾ ਫਲ ਇਨਸਾਫ਼ ਹੈ ਤੇ ਇਸ ਦੇ ਕਾਰਨ ਹੋਇਆ ਸੁਧਾਰ ਮਿਹਰ ਬਣ ਜਾਂਦਾ ਹੈ । ਸੋ, ਇਨਸਾਫ਼ ਇਕ ਤਰ੍ਹਾਂ ਮਿਹਰ ਹੈ, ਜੀਵਨ ਦਾ ਰੁਖ਼ ਬਦਲਣ ਲਈ ਤੇ ਕਰਮਾਂ ਦੀ ਫਾਹੀ ਤੋਂ ਛੁਟਕਾਰਾ ਲੈਣ ਲਈ । ਯਾਦ ਰੱਖੋ ਕਿ ਜਿੱਥੇ ਅਮਲ ਠੀਕ ਹੋਣ ਉੱਥੇ ਸਮਝੋ ਸਿਆਣਪ ਪੂਰੀ ਹੁੰਦੀ ਹੈ । ਪਰ ਠੀਕ ਅਮਲਾਂ ਬਾਝੋਂ ਸਭ ਘਾਟਾ ਹੀ ਘਾਟਾ ਹੈ । ਨਾਨਕ ਪੁੱਛਦਾ ਹੈ: "ਗਿਆਨੀ ਕਿਸ ਨੂੰ ਕਹਿੰਦੇ ਹਨ ?" ਇਸ ਦਾ ਉੱਤਰ ਇਹ ਹੈ : "ਜੋ ਆਪੇ ਨੂੰ ਪਛਾਣਦਾ ਹੈ ਤੇ ਇਸ ਤਰ੍ਹਾਂ ਪ੍ਰਮਾਤਮਾ ਨੂੰ ਪਛਾਣ ਲੈਂਦਾ ਹੈ, ਓਹੋ ਗਿਆਨੀ ਹੈ । ਮੁੜ, ਗੁਰੂ ਦੀ ਕਿਰਪਾ ਨਾਲ ਉਹ ਠੀਕ ਵਿਚਾਰ ਕਰਦਾ ਹੈ ਤੇ ਹਰੀ ਦੀ ਦਰਗਾਹ ਵਿਚ ਕਬੂਲ ਪੈਂਦਾ ਹੈ ।"

ਇਸ ਨਿੱਕੇ ਜਿਹੇ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਇਨਸਾਨ ਦੇ ਲੰਮੇ ਇਤਿਹਾਸ 'ਤੇ ਸਮੁੱਚੀ ਨਜ਼ਰ ਮਾਰਦੇ ਹਨ ਅਤੇ ਇਸ ਇਤਿਹਾਸ ਦੀ ਸਾਰੀ ਤਸਵੀਰ ਥੋੜ੍ਹੇ ਸ਼ਬਦਾਂ ਵਿਚ ਪਰ ਬੜੀ ਕਾਮਯਾਬੀ ਨਾਲ, ਸਾਹਮਣੇ



ਲਿਆ ਵਿਖਾਂਦੇ ਹਨ । ਜੀਵਾਂ ਨੂੰ ਮਨੁੱਖਾ ਜੀਵਨ ਕਿਵੇਂ ਪ੍ਰਾਪਤ ਹੋਇਆ? ਇਹ ਜੀਵ ਕਿੱਥੋਂ ਆਇਆ ਹੈ ਤੇ ਕਿਉਂ ਆਇਆ ਹੈ ? ਅਰਥਾਤ ਇਸ ਦੇ ਆਵਣ ਦਾ ਪ੍ਰਯੋਜਨ ਕੀ ਹੈ ? ਇਹ ਕੀ ਕਰਦਾ ਹੈ ਤੇ ਆਪਣੇ ਰਸਤੇ ਤੋਂ ਖੁੰਝਦਾ ਹੈ ਤੇ ਦੁੱਖੀ ਹੁੰਦਾ ਹੈ ? ਇਸ ਨੂੰ ਕੀ ਕਰਨਾ ਚਾਹੀਦਾ ਹੈ ਕਿ ਆਪਣੇ ਜੀਵਨ ਨੂੰ ਸਫਲ ਕਰ ਲਏ ? ਇਹ ਹਨ ਕੁਝ ਕੁ ਪ੍ਰਸ਼ਨ, ਜੋ ਹਰ ਵਿਚਾਰਵਾਨ ਪੁਰਸ਼ ਦੇ ਮਨ ਵਿਚ ਉੱਠਦੇ ਰਹਿੰਦੇ ਹਨ । ਅਵਤਾਰਾਂ, ਗੁਰੂਆਂ ਤੇ ਪੈਗੰਬਰਾਂ ਨੇ ਆਪਣੇ ਆਪਣੇ ਖ਼ਿਆਲਾਂ ਅਨੁਸਾਰ ਇਹਨਾਂ ਦੇ ਉੱਤਰ ਦਿੱਤੇ ਹਨ ਤੇ ਮੁੜ ਇਹਨਾਂ ਦੇ ਆਧਾਰ 'ਤੇ ਹੀ ਅੱਡ ਅੱਡ ਮਜ਼ਹਬ ਵਜੂਦ ਵਿਚ ਆਏ ਹਨ । ਇਹਨਾਂ ਪ੍ਰਸ਼ਨਾਂ ਦਾ ਜੋ ਉੱਤਰ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਸੀ ਉਸ ਦਾ ਵਰਣਨ ਆਰੰਭ ਦੇ ਸ਼ਬਦ ਵਿਚ ਹੈ । ਰਹਾਉ ਦੀ ਤੁਕ ਵਿਚ ਪ੍ਰਸ਼ਨਾਂ ਦਾ ਸਮੁੱਚਾ ਉੱਤਰ ਇਉਂ ਦੇ ਕੇ ਗੁਰੂ ਸਾਹਿਬ ਵਿਚਾਰ ਦਾ ਆਰੰਭ ਕਰਦੇ ਹਨ :-

**"ਕਾਹੇ ਜੀਅ ਕਰਹਿ ਚਤੁਰਾਈ ॥**
**ਲੇਵੈ ਦੇਵੈ ਢਿਲ ਨ ਪਾਈ ॥"** **(ਅੰਗ ੨੫)**

ਮਨੁੱਖੀ ਸੁਭਾਉ ਦਾ ਇਹ ਖਾਸਾ ਹੈ ਕਿ ਉਹ ਆਪਣੀ ਹੀ ਅਕਲ ਤੇ ਚਤੁਰਾਈਆਂ ਨੂੰ ਵਿਸ਼ੇਸ਼ ਸਮਝਦਾ ਹੈ । ਜੀਵਨ ਸੋਝੀ ਦੇ ਅਧੀਨ ਜੁ ਹੋਇਆ। ਮੁਆਫ਼ਕ ਹਾਲਤ ਵਿਚ ਹੰਕਾਰ ਕਰਦਾ ਹੈ ਕਿ ਉਹ ਬੜਾ ਸਿਆਣਾ, ਦੂਰ-ਦਰਸ਼ੀ ਤੇ ਰਾਹਕਾਰ ਹੈ , ਜਿਵੇਂ ਭਗਤ ਰਵਿਦਾਸ ਜੀ ਨੇ ਦੱਸਿਆ ਹੈ :

**"ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥" (ਅੰ: ੪੮੭)**

ਅਰਥਾਤ—ਜਦ ਜੀਵ ਕੁਝ ਪ੍ਰਾਪਤ ਕਰ ਲੈਂਦਾ ਹੈ ਤਾਂ ਹੰਕਾਰ ਕਰਦਾ ਹੈ ਕਿ ਉਸ ਨੇ ਆਪਣੀ ਹਿੰਮਤ ਨਾਲ ਪ੍ਰਾਪਤ ਕੀਤਾ ਹੈ ।

ਜੇ ਵਿਰੋਧੀ ਹਾਲਾਤ ਪੈਦਾ ਹੋ ਜਾਣ ਤਾਂ ਵੀ ਚਤੁਰਾਈਆਂ ਹੀ ਕਰਦਾ ਹੈ, ਪਰ ਹੁਣ ਉਹਨਾਂ ਹਾਲਾਤਾਂ ਦਾ ਜ਼ਿੰਮੇਵਾਰ ਦੂਜਿਆਂ ਨੂੰ ਠਹਿਰਾਉਂਦਾ ਹੈ। ਆਪਣੀਆਂ ਗ਼ਲਤੀਆਂ ਜਾਂ ਕਮਜ਼ੋਰੀਆਂ ਨੂੰ ਲੁਕੋਂਦਾ ਹੈ ਤੇ ਰੱਬ ਨੂੰ ਜਾਂ ਦੂਜਿਆਂ ਨੂੰ ਉਲਾਂਭੇ ਦਿੰਦਾ ਹੈ, ਜਾਂ ਸ੍ਵੈ-ਤਰਸ ਵਿਚ ਰੋਂਦਾ ਪੁਕਾਰਦਾ ਹੈ ਕਿ ਉਹ ਦੂਜਿਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਇਆ ਹੈ । ਗੁਰੂ ਸਾਹਿਬ ਇਸ ਮਾਨਸਿਕ ਦਸ਼ਾ ਨੂੰ ਬਦਲਣਾ ਚਾਹੁੰਦੇ ਹਨ ਤੇ ਜੀਵ ਨੂੰ ਪੁੱਛਦੇ ਹਨ ਕਿ ਉਸ ਦੀ ਸਾਰੀ ਸਿਆਣਪ ਜਾਂ ਚਤੁਰਾਈ ਦਾ ਕਿੰਨਾ ਕੇ ਮੁੱਲ ਪੈ ਸਕਦਾ ਹੈ,

ਜਦੋਂ ਕਿ ਪ੍ਰਮਾਤਮਾ ਦੀ ਇਸ ਬੇਅੰਤ ਰਚਨਾ ਵਿਚ ਕੇਵਲ ਪ੍ਰਮਾਤਮਾ ਦਾ ਹੀ ਹੁਕਮ ਵਰਤਦਾ ਹੈ ? ਉਸ ਦੇ ਕਾਨੂੰਨ ਅਨੁਸਾਰ ਜਿਸ ਸੋਝੀ ਨੂੰ ਜੀਵ ਆਪਣੀ ਸਮਝਦੇ ਹਨ ਉਹ ਵੀ ਉਸ ਤੋਂ ਹੀ ਆਈ ਹੈ ਤੇ ਜਦੋਂ ਚਾਹੇ ਉਸ ਨੂੰ ਉਹ ਵਾਪਸ ਵੀ ਲੈ ਸਕਦਾ ਹੈ । ਉਸ ਦੇ ਹੀ ਕਾਨੂੰਨਾਂ ਅਨੁਸਾਰ ਸਗੋਂ ਜੋ ਵੀ ਚੀਜ਼ ਕਿਸੇ ਪਾਸ ਨਹੀਂ ਹੁੰਦੀ ਉਹ ਵੀ ਦੇ ਸਕਣ ਦੀ ਸ਼ਕਤੀ ਉਸ ਹਰੀ ਪਾਸ ਹੈ ਜੇ ਉਸ ਦੇ ਕਾਨੂੰਨਾਂ ਅਧੀਨ ਇਉਂ ਹੋ ਸਕਦਾ ਹੋਵੇ, ਕਿਉਂਕਿ :-

**"ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ ॥"**

**ਆਸਾ ਮਹਲਾ ੪ ॥ (ਅੰਗ ੪੫੦)**

ਅਰਥਾਤ—"ਕਿਸੇ ਜੀਵ ਦੇ ਹੱਥ ਵਿਚ ਕੁਝ ਵੀ ਨਹੀਂ ਹੈ, ਜੀਵ ਦੇ ਸਭ ਕਾਰਜ ਉਸ ਹਰੀ ਦੇ ਹੁਕਮਾਂ ਅਨੁਸਾਰ ਚਲਾਏ ਚੱਲਦੇ ਹਨ ।"

ਹੋਰ : **"ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥"**

ਗਉੜੀ ਸੁਖਮਨੀ ਮਹਲਾ ੫ ॥ (ਅੰ: ੨੮੪)

ਅਰਥਾਤ—"ਇਕ ਅੱਖ ਦੇ ਫੋਰ ਵਿਚ ਪਰ ਕਾਨੂੰਨਾਂ ਦੇ ਅਧੀਨ ਉਹ ਹਰੀ ਭਰ ਸਕਦਾ ਹੈ ਅਤੇ ਖ਼ਾਲੀ ਵੀ ਕਰ ਸਕਦਾ ਹੈ ।"

ਹੋਰ : **"ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥"**

ਬਿਹਾਗੜਾ ਮਹਲਾ ੯॥ (ਅੰਗ ੫੩੭)

ਅਰਥਾਤ—"ਖ਼ਾਲੀ ਭਰਨੇ ਤੇ ਭਰੇ ਖ਼ਾਲੀ ਕਰਨੇ, ਦੋਵੇਂ ਹੀ ਉਸ ਦੇ ਹੁਕਮ ਦੀ ਕਾਰ ਹਨ ।"

ਹੋਰ : **"ਆਖਣਿ ਜੋਰੁ ਚੁਪੈ ਨਹ ਜੋਰੁ ॥**
**ਜੋਰੁ ਨ ਮੰਗਣਿ ਦੇਣਿ ਨ ਜੋਰੁ ॥**
**ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥"**

**ਜਪੁ ਜੀ ਗੁਰੂ ਨਾਨਕ ॥ (ਅੰਗ ੭)**

ਅਰਥਾਤ—"ਜੀਵਾਂ ਦੇ ਆਪਣੇ ਵੱਸ ਨਾ ਕਹਿਣ ਹੈ, ਨਾ ਚੁੱਪ ਰਹਿਣ ਹੈ, ਨਾ ਮੰਗਣ ਹੈ, ਨਾ ਦੇਣ ਹੈ, ਨਾ ਜੀਣ ਹੈ ਤੇ ਨਾ ਮਰਨ ਹੀ ਹੈ, (ਸਭ ਹੁਕਮ ਵਿਚ ਹੋ ਰਿਹਾ ਹੈ ) ।"

ਇਸ ਤਰ੍ਹਾਂ ਗੁਰੂ ਸਾਹਿਬ ਜੀਵ ਨੂੰ ਉਸ ਦੀ ਹਉਮੈਂ ਦੀ ਤੁੱਛਤਾ ਦੱਸ



ਕੇ ਅਤੇ ਉਸ ਨੂੰ ਨਿਮ੍ਰਤਾ ਤੇ ਗ਼ਰੀਬੀ ਦੇ ਘਰ ਵਿਚ ਲੈ ਜਾ ਕੇ ਉਸ ਦੇ ਚੱਲ ਰਹੇ ਜੀਵਨ ਦੀ ਬੁਨਿਆਦ ਹੀ ਤੋੜਨਾ ਚਾਹੁੰਦੇ ਹਨ, ਜਿਸ ਨੂੰ ਆਰੰਭ ਦੇ ਸ਼ਬਦ ਵਿਚ '**ਸੁਰਤਿ**' ਆਖਿਆ ਸੀ, ਤਾਂ ਜੋ ਉਸ ਨੂੰ ਉਸ ਦੇ ਆਪਣੇ ਅਸਲ ਸਰੂਪ (ਅਰਥਾਤ ਪ੍ਰਮਾਤਮਾ) ਦਾ ਪਤਾ ਲੱਗ ਸਕੇ । ਉਸ ਨੂੰ ਪਤਾ ਹੀ ਨਹੀਂ ਕਿ ਸੁਰਤਿ ਜਾਂ ਸੋਝੀ ਉਸ ਦਾ ਆਪਾ ਨਹੀਂ, ਆਤਮਾ ਉਸ ਦਾ ਆਪਾ ਹੈ ।

ਏਥੇ ਅਸੀਂ ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਦੇ ਕੇ ਇਸ ਸੋਝੀ ਉੱਤੇ ਵਧੇਰੇ ਚਾਨਣਾ ਪਾਉਣਾ ਚਾਹੁੰਦੇ ਹਾਂ:-

**"ਦੇਹੀ ਮਾਟੀ ਬੋਲੈ ਪਉਣੁ ॥**
**ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥**
**ਮੂਈ ਸੁਰਤਿ ਬਾਦੁ ਅਹੰਕਾਰੁ ॥**
**ਓਹੁ ਨ ਮੂਆ ਜੋ ਦੇਖਣਹਾਰੁ ॥"**

**ਗਉੜੀ ਸੁਖਮਨੀ ਮਹਲਾ ੧ ॥ (ਅੰਗ ੧੫੨)**

ਅਰਥਾਤ—"ਸਰੀਰ ਮਿੱਟੀ ਹੈ, ਇਸ ਵਿਚ ਸਵਾਸਾਂ ਦੀ ਪਵਨ ਚੱਲ ਰਹੀ ਹੈ, ਹੇ ਗਿਆਨੀ ਪੁਰਸ਼ੋ ! ਫਿਰ ਦੱਸੋ ਕਿ ਮਰਦਾ ਕਉਣ ਹੈ ? (ਉੱਤਰ ਇਹ ਹੈ ਕਿ) ਸੋਝੀ (ਨੀਵੀਂ ਸੋਝੀ) ਖੁਦ ਮਰ ਜਾਂਦੀ ਹੈ ਤੇ ਇਸ ਦੇ ਮਰਨ ਨਾਲ ਝਗੜੇ ਕਰਨ ਵਾਲੀ ਬਿਰਤੀ ਅਤੇ ਹਉਮੈਂ ਦੋਵੇਂ ਹੀ ਮੁਕ ਜਾਂਦੇ ਹਨ । ਪਰ, ਵੇਖੋ, ਇਕੱਲੀ ਚੇਤਨ ਆਤਮਾ ਹੀ, ਜੋ ਨਿਰੀ ਦੇਖਣਹਾਰ ਹੋ ਕੇ ਰਹਿ ਗਈ ਹੈ, ਸਦੀਵੀ ਹੁੰਦੀ ਹੈ । ਇਸ ਤੋਂ ਇਹ ਸਿੱਟਾ ਨਿਕਲਿਆ ਹੈ ਕਿ ਜਿੰਨਾ ਚਿਰ ਇਹ ਆਤਮਾ ਜਾਗਦੀ ਨਹੀਂ, ਓਨਾ ਚਿਰ ਇਹ ਕੱਚੀ ਸੋਝੀ, ਇਹ ਨੀਵੀਂ ਸੋਝੀ, ਇਹ ਕਾਮ ਕ੍ਰੋਧ ਆਦਿਕ ਦੇ ਹੱਥਾਂ ਵਿਚ ਰਹਿੰਦੀ ਸੋਝੀ ਹੀ ਮਨੁੱਖਾ ਜੀਵਨ ਨੂੰ ਤੋਰਦੀ ਰਹਿੰਦੀ ਹੈ । ਇਸ ਦਾ ਇਹ ਅਰਥ ਵੀ ਹੋਇਆ ਕਿ ਹਰ ਇਨਸਾਨ ਜਦੋਂ ਸੰਸਾਰ ਵਿਚ ਜਨਮ ਲੈਂਦਾ ਹੈ ਤਾਂ ਉਹ ਆਵਾਗਵਨ ਦੇ ਚੱਕਰ ਵਿਚ ਹੀ ਹੁੰਦਾ ਹੈ ਤੇ ਜਿੰਨਾ ਚਿਰ ਉਹ ਆਪਣੇ ਯਤਨਾਂ ਨਾਲ, ਆਪਣੀ ਕਮਾਈ ਨਾਲ, ਆਪਣੀ ਆਤਮਾ ਨੂੰ ਜਗਮਗਾ ਨਹੀਂ ਲੈਂਦਾ, ਓਨਾ ਚਿਰ ਉਹ ਇਸ ਚੱਕਰ ਵਿਚ ਹੀ ਰਹੇਗਾ ਤੇ ਆਤਮਾ ਦੇ ਹੁੰਦਿਆਂ ਸੁੰਦਿਆਂ ਵੀ ਲੰਗੜਾ ਹੀ ਬਣਿਆ ਰਹੇਗਾ । ਇਨਸਾਨਾਂ ਦੀ ਇਸ ਕਤਾਰ ਵਿਚ ਗੁਰੂ, ਪੀਰ, ਅਵਤਾਰ, ਰਸੂਲ ਆਦਿਕ ਸਭ ਆ ਜਾਂਦੇ ਹਨ, ਪਿੱਛੋਂ ਭਾਵੇਂ ਆਪਣੀ ਕਮਾਈ ਨਾਲ, ਆਪਣੀ ਅਧਿਆਤਮਕ ਉਸਾਰੀ ਨਾਲ

ਹਰੇ ਭਰੇ ਹੋ ਕੇ, ਆਪਣੇ ਬੰਧਨਾਂ ਤੋਂ ਰਹਿਤ ਭਾਰੇ ਤੇ ਗਉਰੇ ਹੁੰਦੇ ਹੋਏ ਦੁਨੀਆਂ ਨੂੰ ਰਾਹ ਵਿਖਾਲਣ ਵਾਲੇ ਬਣ ਜਾਂਦੇ ਹਨ । ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖੀ ਸਰੀਰ, ਸਰੀਰ ਦੀਆਂ ਗੋਲਕਾਂ, ਗਿਆਨ-ਇੰਦਰੇ, ਦਿਮਾਗ਼, ਜਜ਼ਬੇ ਇਰਾਦੇ ਅਤੇ ਮਨ ਆਦਿਕ ਸਾਰੇ ਹੀ ਇਸ ਨੀਵੀਂ ਸੋਝੀ ਦੇ ਅਧੀਨ ਚੱਲਦੇ ਹਨ, ਭਾਵੇਂ ਇਹ ਆਤਮਾ ਤੋਂ ਭਿੰਨ ਹੁੰਦੇ ਹਨ । ਜਦੋਂ ਇਹ ਨੀਵੀਂ ਸੋਝੀ, ਸਮੇਤ ਇਸ ਦੇ ਸਾਰੇ ਹਥਿਆਰਾਂ ਦੇ ਨੀਵੇਂ ਪ੍ਰਭਾਵ ਨਸ਼ਟ ਹੋ ਜਾਣਗੇ, ਤਦੋਂ ਹੀ ਆਤਮਾ ਜਗਮਗ ਹੋ ਕੇ ਆਪਣੇ ਘਰ ਆਪਣੇ ਅਸਲ ਟਿਕਾਣੇ ਆ ਗਈ ਸਮਝਣੀ ਚਾਹੀਦੀ ਹੈ ।

ਆਰੰਭ ਦੇ ਸ਼ਬਦ ਦੀਆਂ ਪਹਿਲੀਆਂ ਕੁਝ ਸਤਰਾਂ ਵਿਚ ਵੀ ਇਹੋ ਖ਼ਿਆਲ ਦਿੱਤਾ ਗਿਆ ਸੀ । ਸਤਰਾਂ 'ਚ ਦੱਸਿਆ ਗਿਆ ਸੀ ਕਿ ਜੀਵਾਂ ਦੇ ਨੀਵੇਂ ਕਰਮਾਂ ਅਨੁਸਾਰ ਪ੍ਰਮਾਤਮਾ ਦੇ ਹੁਕਮਾਂ (ਕਾਨੂੰਨਾਂ) ਅਧੀਨ ਉਪਜੀ ਸੁਰਤੀ (ਸੋਝੀ, ਜੀਵਨ-ਸ਼ਕਤੀ, Life-force, Life-consciousness) ਮਨੁੱਖੀ ਜੀਵਨ ਨੂੰ ਚਲਾ ਰਹੀ ਹੈ ਤੇ ਆਤਮਾ ਨਿਰੀ ਦੇਖਣਹਾਰ ਹੋ ਕੇ ਰਹਿ ਗਈ ਹੈ । ਇਸ ਲਈ, ਵਾਸਤਵ ਵਿਚ ਪ੍ਰਮਾਤਮਾ ਦੀ ਜੋਤ, ਜਿਸ ਨੂੰ ਆਤਮਾ ਕਹੀਦਾ ਹੈ ਦੇ ਦਰਸ਼ਨ ਨਹੀਂ ਸਨ ਹੁੰਦੇ, ਪਰ ਇਹ ਦਰਸ਼ਨ, ਜੋ ਪ੍ਰਮਾਤਮਾ ਦੇ ਹੀ ਦਰਸ਼ਨ ਹੁੰਦੇ ਹਨ, ਹੁੰਦੇ ਤਦ ਹੀ ਹਨ ਜੇ ਪਹਿਲਾਂ ਖ਼ੁਦੀ ਜਾਂ ਆਪਾ-ਭਾਵ ਵਾਲੀ ਸੁਰਤੀ ਨੂੰ ਮਿਟਾਇਆ ਜਾਏ :

**"ਆਪੁ ਗਵਾਈਐ ਤਾ ਸਹੁ ਪਾਈਐ .....॥"**

**ਤਿਲੰਗ ਮਹਲਾ ੧ ॥ (ਅੰਗ ੭੨੨)**

ਅਰਥਾਤ-"ਆਪਾ ਭਾਵ ਮਿਟਾਇਆਂ, ਸਹੁ (ਪ੍ਰਮੇਸ਼ਰ-ਪਤੀ) ਪ੍ਰਾਪਤ ਹੋ ਜਾਂਦਾ ਹੈ ।"

ਪ੍ਰਮਾਤਮਾ ਦੇ ਦਰਸ਼ਨਾਂ ਲਈ ਇਹ ਪਹਿਲੀ ਤੇ ਲਾਜ਼ਮੀ ਸ਼ਰਤ ਹੈ, ਇਸ ਲਈ, ਇਸ ਵੱਲ ਇਸ਼ਾਰਾ ਰਹਾਉ ਦੀ ਤੁਕ ਵਿਚ ਪਹਿਲਾਂ ਹੀ ਕਰ ਦਿੱਤਾ ਗਿਆ ਹੈ । ਹਰ ਇਨਸਾਨ ਪ੍ਰਮਾਤਮਾ ਦੀ ਜੋਤ ਲੈ ਕੇ ਆਇਆ ਹੈ ; ਇਸ ਲਈ ਉਹ ਸਭ ਰੱਬੀ ਸ਼ਕਤੀਆਂ ਦਾ ਮਾਲਕ ਹੈ, ਭਾਵੇਂ ਇਹ ਸ਼ਕਤੀਆਂ ਉਸ ਅੰਦਰ ਬੀਜ ਰੂਪ ਵਿਚ ਹੀ ਹੁੰਦੀਆਂ ਹੋਣ । ਪਰ ਬੀਜ ਨੂੰ ਹਰ ਕੋਈ ਬੋਹੜ ਦੀ ਸ਼ਕਲ ਵੀ ਦੇ ਸਕਦਾ ਹੈ ਜੇ ਉਸ ਨੂੰ ਜੀਵਨ ਦਾ ਵੱਲ ਆ ਗਿਆ ਹੋਵੇ । ਇਹ ਵੱਲ ਸਿੱਖਣ ਲਈ ਸਮਾਂ ਤੇ ਮਿਹਨਤ ਲੱਗਦੇ ਹਨ । ਜੇ ਕੋਈ



ਐਵੇਂ, ਦਿਲ ਖ਼ੁਸ਼ ਕਰਨ ਲਈ ਆਪਣੇ ਆਪ ਨੂੰ ਰੱਬ ਦਾ ਸੇਵਕ ਹੋਣ ਦਾ ਦਰਜਾ ਦਿੰਦਾ ਫਿਰੇ ਤਾਂ ਉਸ ਨੂੰ ਕੋਈ ਰੋਕ ਨਹੀਂ ਸਕਦਾ, ਪਰ ਸੱਚ ਇਹ ਹੈ ਕਿ ਇਸ ਦਾ ਅਰਥ ਕੁਝ ਵੀ ਨਹੀਂ ਹੁੰਦਾ, ਜਿੰਨਾ ਚਿਰ ਬੀਜ ਨੂੰ ਬੀਜਣ ਦਾ ਰੂਪ ਨਾ ਦੇ ਲਿਆ ਜਾਏ । ਸੋ, ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਵੇਂ ਬੀਜ ਰੂਪ ਵਿਚ ਪ੍ਰਮਾਤਮਾ ਸਭਨਾਂ ਅੰਦਰ ਹੈ, ਪਰ ਸਾਰੇ ਉਸ ਨੂੰ ਪ੍ਰਾਪਤ ਨਹੀਂ ਕਰਦੇ, ਕਿਉਂਕਿ ਸਭ ਦੀ ਮਾਨਸਿਕ ਦਸ਼ਾ ਇਕੋ ਜਿਹੀ ਨਹੀਂ ਹੈ, ਜੀਵਾਂ ਦੀਆਂ ਮੌਜੂਦਾ ਹਾਲਤਾਂ ਵਿਚ ਫ਼ਰਕ ਹਨ । ਵਿਕਾਸ ਤਾਂ ਸੱਚ ਦਾ ਹੋ ਸਕਦਾ ਹੈ ਜਾਂ ਹੋ ਰਿਹਾ ਹੈ, ਪਰ ਵਿਕਾਸ ਦੀਆਂ ਮੰਜ਼ਲਾਂ ਵਿਚ ਫ਼ਰਕ ਹੋ ਜਾਂਦਾ ਹੈ, ਜਿੰਨਾ ਚਿਰ ਨੀਵੀਂ ਸੋਝੀ ਕਾਇਮ ਰਹਿੰਦੀ ਹੈ । ਏਸੇ ਲਈ ਗੁਰੂ ਜੀ ਕਹਿੰਦੇ ਹਨ:-

**'ਜੇਹੀ ਸੁਰਤਿ ਤੇਹਾ ਤਿਨ ਰਾਹੁ ॥' (ਅੰਗ ੨੪-੨੫)**

ਸੁਰਤ ਜਾਂ ਸੋਝੀ ਜੀਵਾਂ ਦੀ ਆਪਣੀ ਆਪਣੀ ਹੈ, ਭਾਵ ਇਹ ਕਿ ਉਨ੍ਹਾਂ ਦੇ ਮਨਾਂ ਦੀਆਂ ਹਾਲਤਾਂ ਇਕ ਨਹੀਂ, ਅੱਡ ਅੱਡ ਹੁੰਦੀਆਂ ਹਨ ਤੇ ਉਨ੍ਹਾਂ ਹਾਲਤਾਂ ਅਨੁਸਾਰ ਜੀਵਾਂ ਦੇ ਰਾਹ ਵੀ ਅੱਡ ਅੱਡ ਹੋਣੇ ਹੋਏ । ਜੇ ਸਭ ਜੀਆਂ ਦਾ ਮੁੱਢ ਏਸੇ ਇਕ ਜਨਮ ਤੋਂ ਹੋਇਆ ਹੁੰਦਾ ਤਾਂ ਉਹਨਾਂ ਦੀਆਂ ਹਾਲਤਾਂ ਵੀ ਇਕ ਹੀ ਹੋ ਸਕਦੀਆਂ ਸਨ । ਪਰ ਇਹ ਜੀਵ ਤਾਂ ਕਈ ਜਨਮ ਜਨਮਾਂਤਰੀ ਲੰਘਦਾ ਆ ਰਿਹਾ ਹੈ ; ਇਸ ਲਈ ਆਪਣੇ ਆਪਣੇ ਕਰਮਾਂ ਅਨੁਸਾਰ ਉਸ ਦੀਆਂ ਹਾਲਤਾਂ ਦਾ ਅੱਡ ਅੱਡ ਹੁੰਦੇ ਜਾਣਾ ਕੁਦਰਤੀ ਬਾਤ ਹੈ । ਸੋ, ਜੀਵਾਂ ਦੇ ਪ੍ਰਸਪਰ ਮੌਜੂਦਾ ਵੱਖੇਵੇਂ ਉਹਨਾਂ ਦੇ ਆਪਣੇ ਮੰਦੇ ਜਾਂ ਚੰਗੇ ਕਰਮਾਂ ਦਾ ਨਤੀਜਾ ਹਨ ਤੇ ਇਨ੍ਹਾਂ ਵੱਖੇਵਿਆਂ ਕਰਕੇ ਰਾਹ ਵੀ ਥੋੜ੍ਹੇ ਜਾਂ ਬਹੁਤ ਅੱਡ ਅੱਡ ਹੋ ਗਏ ਹਨ । ਚੰਗੇ ਜਾਂ ਮੰਦੇ ਕਰਮਾਂ ਤੋਂ ਸ਼ਖ਼ਸੀਅਤਾਂ ਵਿਚ ਵਖੇਵੇਂ ਕਿਵੇਂ ਹੋ ਜਾਂਦੇ ਹਨ । ਇਸ ਗੱਲ ਨੂੰ ਗੁਰੂ ਸਾਹਿਬ ਨੇ ਇਉਂ ਖੋਲ੍ਹਿਆ ਹੈ :

**"ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥ ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥ ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥ ਰਸਿ ਰਸਿ**

**ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥ ੨ ॥ ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥ ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥ ੩ ॥ ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥ ਮਾਰੂ ਮਹਲਾ ੧॥ (ਅੰਗ ੯੯੦)**

ਅਰਥਾਤ—"ਸਾਡਾ ਮਨ ਕਾਗ਼ਜ਼ ਹੈ, ਜਿਸ 'ਤੇ ਕਰਨੀ ਰੂਪੀ ਸਿਆਹੀ ਨਾਲ ਸਾਡੇ ਕਰਮ ਮੰਦੇ ਜਾਂ ਚੰਗੇ, ਲਿਖੇ ਜਾਂਦੇ ਹਨ । ਸਹਿਜੇ ਸਹਿਜੇ ਇਹ ਲੇਖ ਸਾਡੀ ਕਿਰਤ (ਸੁਭਾਵ) ਬਣ ਜਾਂਦੀ ਹੈ, ਜੋ ਸੰਸਕਾਰਾਂ ਦੇ ਰੂਪ ਵਿਚ ਪੱਕ ਕੇ ਸਾਨੂੰ ਕਰਮਾਂ ਦੇ ਚੱਕਰ ਵਿਚ ਤੋਰਦੀ ਹੈ । (ਕਰਮਾਂ ਦੇ ਅਸਰ ਨੂੰ ਜ਼ਾਇਲ ਕਰਨ ਲਈ ਮਨਾਂ ਅੰਦਰ ਗੁਣ ਭਰਨ ਦੀ ਲੋੜ ਹੁੰਦੀ ਹੈ ਤੇ ਗੁਣਾਂ ਦਾ ਖ਼ਜ਼ਾਨਾ ਹਰੀ ਆਪ ਹੈ । ਹੇ ਕਮਲੇ ਮਨ ! ਤੂੰ ਉਸ ਹਰੀ ਨੂੰ ਯਾਦ ਕਿਉਂ ਨਹੀਂ ਕਰਦਾ ਜਿਸ ਦੇ ਗੁਣਾਂ ਦਾ ਕੋਈ ਅੰਤ ਨਹੀਂ ਹੈ ? ਉਸ ਨੂੰ ਵਿਸਰਨ ਨਾਲ ਤੇਰੇ ਸਾਰੇ ਹੀ ਗੁਣ ਨਸ਼ਟ ਹੋ ਰਹੇ ਹਨ (ਅੱਗੇ ਕਰਮਾਂ ਦਾ ਮਸਲਾ ਅਲੰਕਾਰਾਂ ਨਾਲ ਸਜਾਇਆ ਗਿਆ ਹੈ । ਪਹਿਲਾਂ ਪੰਛੀ ਦਾ ਲੋਭ ਅਧੀਨ ਹੋ ਕੇ ਜਾਲ ਵਿਚ ਫਸਣ ਦਾ ਅਲੰਕਾਰ ਹੈ )। ਪੰਛੀ ਵਿਚਾਰੇ ਲਈ ਦਿਨ, ਰਾਤ ਸਗੋਂ ਹਰ ਘੜੀ ਜਾਲ ਵਿਛਿਆ ਪਿਆ ਹੈ (ਭਾਵ ਹਰ ਸਮੇਂ ਤੇ ਹਰ ਘੜੀ ਕੋਈ ਨਾ ਕੋਈ ਲੋਭ ਲਾਲਚ ਇਨਸਾਨ-ਪੰਛੀ ਨੂੰ ਆਪਣੇ ਅਸੂਲਾਂ ਤੋਂ ਡੇਗਣ ਲਈ ਆ ਖੜੋਂਦਾ ਹੈ ਤੇ ਉਹ ਰੋਜ਼ ਡਿੱਗਦਾ ਹੈ) ਤੇ ਸੁਆਦਾਂ ਵੱਸ ਹੋ ਕੇ ਉਹ ਚੋਗੇ ਚੁਗਣ ਤੁਰ ਪੈਂਦਾ ਹੈ ਤੇ ਜਾਲ ਵਿਚ ਫਸ ਜਾਂਦਾ ਹੈ । ਹੇ ਮੂਰਖ ਜੀਵ ! ਤੂੰ ਕਿਹੜੇ ਗੁਣਾਂ ਨਾਲ ਇਨ੍ਹਾਂ ਫਾਹੀਆਂ ਤੋਂ ਬਚ ਸਕੇਂਗਾ ? (ਅਗਾਂਹ ਭੱਠੀ ਦਾ ਅਲੰਕਾਰ ਹੈ) ਸਰੀਰ ਭੱਠੀ ਹੈ, ਮਨ ਉਸ ਅੰਦਰ ਲੋਹਾ ਹੈ, ਕਾਮ-ਾਦਿਕ ਅਗਨੀ ਹੈ, ਉੱਤੋਂ ਪਾਪ ਰੂਪੀ ਕੋਲਾ ਮਨ 'ਤੇ ਪੈਂਦਾ ਹੈ, ਚਿੰਤਾ ਸੰਨ੍ਹੀ ਹੈ —ਇਸ ਤਰ੍ਹਾਂ ਮਨ ਸੜ ਰਿਹਾ ਹੈ । ਇੰਵ ਨਿਕੰਮਾ ਹੋਇਆ ਇਹ ਲੋਹਾ-ਮਨ, ਮੁੜ ਸੋਨਾ ਵੀ ਹੋ ਸਕਦਾ ਹੈ, ਜੇ ਇਸ ਨੂੰ ਪੂਰਾ ਗੁਰੁ ਮਿਲੇ ਜਾਂ ਨਾਮ-ਅੰਮ੍ਰਿਤ ਦੀ ਦਾਤ ਦੁਆਰਾ ਇਸ ਦੀ ਸਾਰੀ ਮੈਲ ਦੂਰ ਕਰੇ; ਮੁੜ ਇਹ ਮਨ ਸਥਿਰ ਹੋ ਜਾਂਦਾ ਹੈ (ਭਾਵ ਇਸ ਦੀਆਂ ਸਾਰੀਆਂ ਭਟਕਣਾਵਾਂ ਮੁੱਕ ਜਾਂਦੀਆਂ ਹਨ)।"



ਇਸ ਸ਼ਬਦ ਵਿਚ ਗੁਰੂ ਜੀ ਨੇ ਕਰਮਾਂ ਦੇ ਮਸਲੇ ਨੂੰ ਸਾਫ਼-ਸਾਫ਼ ਖੋਲ੍ਹ ਵਿਖਾਇਆ ਹੈ । ਇਕ ਸਿਆਣੇ ਤੇ ਤਜਰਬੇਕਾਰ ਵੈਦ ਦੀ ਤਰ੍ਹਾਂ ਬੀਮਾਰ ਮਨੁੱਖ ਜਾਤੀ ਦੀ ਨਬਜ਼ ਫੜ ਕੇ ਉਸ ਨੂੰ ਅਲੰਕਾਰਾਂ ਦੁਆਰਾ ਸਮਝਾਇਆ ਹੈ ਕਿ ਉਹ ਬਰਬਾਦੀ ਦੇ ਰੁਖ਼ ਜਾ ਰਹੀ ਹੈ । ਪਰ ਇਸ ਦੇ ਨਾਲ ਨਾਲ ਉਸ ਜਾਤੀ ਨੂੰ ਇਲਾਜ ਵੀ ਦੱਸਿਆ ਹੈ । ਇਤਿਹਾਸ ਵਿਚ ਵੀ ਇਹ ਜ਼ਿਕਰ ਆਉਂਦਾ ਹੈ ਕਿ ਇਸ ਸ਼ਬਦ ਤੋਂ ਪ੍ਰੇਰਿਤ ਹੋ ਕੇ ਹੀ ਗੁਰੂ ਅਮਰਦਾਸ ਜੀ ਦੇ ਜੀਵਨ ਦਾ ਸਾਰਾ ਰੂਪ ਬਦਲ ਗਿਆ ਸੀ ਅਤੇ ਬੁਢੇਪੇ ਦੀ ਅਵਸਥਾ ਵਿਚ ਵੀ ਉਨ੍ਹਾਂ ਅੰਦਰ ਇਨਕਲਾਬ ਆ ਗਿਆ ਸੀ ।

ਸ਼ਬਦ ਦੀ ਸੰਖੇਪ ਵਿਚਾਰ ਇਹ ਹੈ, ਮਨ ਰੂਪੀ ਕਾਗ਼ਜ਼ ਉੱਤੇ ਕਰਨੀ ਰੂਪ ਸਿਆਹੀ ਨਾਲ ਚੰਗੇ ਜਾਂ ਮੰਦੇ ਲੇਖ ਲਿਖੇ ਜਾਂਦੇ ਹਨ । ਇਨ੍ਹਾਂ ਲੇਖਾਂ ਦੁਆਰਾ ਚੰਗੇ ਜਾਂ ਮੰਦੇ ਸੰਸਕਾਰਾਂ ਦੀ ਕ੍ਰਿਤ ਮਨ ' ਉੱਕਰੀ ਜਾਂਦੀ ਹੈ ਜੋ ਸੁਭਾਉ ਬਣ ਕੇ ਜੀਵਾਂ ਦੀ ਸਾਰੀ ਸ਼ਖ਼ਸੀਅਤ ਬਣਾਂਦੀ ਹੈ। ਫਿਰ ਇਹ ਕਿਰਤ ਮਨ ਦਾ ਪੱਕਾ ਹਿੱਸਾ ਬਣ ਜਾਂਦੀ ਹੈ ਤੇ ਮੁੜ ਸਾਰੇ ਕੰਮ ਇਸ ਕਿਰਤ ਦੇ ਅਧੀਨ ਹੀ ਹੁੰਦੇ ਹਨ । ਇਹ ਕੁਦਰਤੀ ਗੱਲ ਹੈ ਕਿ ਜਿਸ ਕਰਮ ਨੂੰ ਬਾਰ ਬਾਰ ਕੀਤਾ ਜਾਏ ਉਹ ਸਹਿਜੇ ਸਹਿਜੇ ਸੁਭਾਉ ਹੋ ਕੇ ਮਨੁੱਖ ਦਾ ਆਪਣਾ ਆਪ ਬਣ ਜਾਂਦਾ ਹੈ, ਇਹੋ ਹੀ ਉਸ ਦੀ '**ਸੁਰਤਿ**' ਹੈ। ਕ੍ਰੋਧਵਾਨ ਪੁਰਸ਼ ਕਿਤੋਂ ਗ਼ੈਬੀ ਅਸਮਾਨਾਂ 'ਚੋਂ ਨਹੀਂ ਉਤਰਦੇ, ਬਲਕਿ ਕ੍ਰੋਧ ਦੀ ਹੀ ਬਾਰ ਬਾਰ ਵਰਤੋਂ ਕੀਤਿਆਂ ਉਹ ਆਪਣੀ ਮਾਨਸਿਕ ਦਸ਼ਾ ਨੂੰ ਕ੍ਰੋਧ ਦੇ ਰੂਪ ਵਿਚ ਘੜਦੇ, ਪਕ-ਾਂਦੇ ਤੇ ਬਣਾਂਦੇ ਹਨ । ਫਿਰ ਕ੍ਰੋਧ ਉਹਨਾਂ ਦਾ ਓਨਾ ਹੀ ਆਪਣਾ ਹੋ ਜਾਂਦਾ ਹੈ ਜਿਵੇਂ ਹੱਥ ਤੇ ਪੈਰ ਆਪਣੇ ਹੁੰਦੇ ਹਨ । ਜਿਵੇਂ ਜਿਵੇਂ ਕਿਸੇ ਦੀ ਕਿਰਤ ਬਣਦੀ ਜਾਂਦੀ ਹੈ ਤਿਵੇਂ ਤਿਵੇਂ ਉਸ ਕਿਰਤ ਦੇ ਪਾਲਣ ਲਈ ਉਸ ਨੂੰ ਉਸ ਦੇ ਆਲੇ ਦੁਆਲੇ ਤੋਂ ਖ਼ੁਰਾਕ ਮਿਲਦੀ ਰਹਿੰਦੀ ਹੈ । ਕ੍ਰੋਧੀ ਪੁਰਸ਼ ਆਪਣੇ ਗੁੱਸੇ ਕੱਢਣ ਲਈ ਕਿਸੇ ਨਾ ਕਿਸੇ ਨੂੰ ਨਿਸ਼ਾਨਾ ਬਣਾ ਹੀ ਲੈਂਦੇ ਹਨ । ਨਿੱਕੀ ਨਿੱਕੀ ਗੱਲੋਂ ਉਹ ਖਿਝਦੇ ਤੇ ਲੜਦੇ ਰਹਿੰਦੇ ਹਨ । ਏਸੇ ਤਰ੍ਹਾਂ ਈਰਖਾਲੂ ਪੁਰਸ਼ ਐਵੇਂ ਕੁੜ੍ਹਦੇ ਤੇ ਦੂਜਿਆਂ ਨਾਲ ਘਿਰਣਾ ਕਰਦੇ ਰਹਿੰਦੇ ਹਨ। ਕਾਮੀ ਤੇ ਲੋਭੀ ਆਦਿਕ ਬੰਦਿਆਂ ਦੇ ਜੀਵਨ ਵੀ ਏਵੇਂ ਹੀ ਚੱਲਦੇ ਹਨ । ਇਸ ਵਿਚਾਰ ਦਾ ਭਾਵ ਇਹ ਹੈ ਕਿ ਮਾੜੇ ਕਰਮਾਂ ਦਾ ਫਲ ਜੀਵ ਦੇ ਅੰਦਰ ਹੀ ਬੁਰਾਈ ਦੇ ਰੂਪ ਵਿਚ ਦਾਖ਼ਲ ਹੋ ਜਾਂਦਾ ਹੈ । ਫਿਰ ਇਹ ਬੁਰਾਈ ਸੁਭਾਅ ਜਾਂ ਕਿਰਤ ਹੋ ਗਈ ਹੁੰਦੀ ਹੈ, ਜਿਸ ਦੇ ਸਾਹਮਣੇ ਉਸ ਦੀ ਕੋਈ ਪੇਸ਼ ਨਹੀਂ ਜਾਂਦੀ :-

ਹੋਰ : "**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ...॥**" (ਅੰ : ੯੯੦)

ਹੋਰ : "**ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥**"

ਵਾਰ ਸੋਰਠਿ ਮਹਲਾ ੨) (ਅੰਗ ੬੫੩)

ਅਰਥਾਤ—'ਸਭ ਜੀਵਾਂ ਦੇ ਨੱਕ ਵਿਚ ਹਰੀ ਦੇ ਹੁਕਮ ਦੀ ਨੱਥ ਪਈ ਹੁੰਦੀ ਹੈ ਤੇ ਇਸ ਲਈ ਇਹ ਨੱਥ ਮਾਲਕ ਦੇ ਹੀ ਹੱਥਾਂ ਵਿਚ ਹੁੰਦੀ ਹੈ। ਜਿਵੇਂ ਜਿਵੇਂ ਕਿਰਤ ਧੱਕੇ ਦੇਂਦੀ ਹੈ ਤਿਵੇਂ ਤਿਵੇਂ ਜੀਵ ਤੁਰਦੇ ਹਨ ।'

ਜਦ ਇਹ ਹਾਲਤ ਹੋ ਜਾਂਦੀ ਹੈ ਤਾਂ ਬੁਰਾਈ ਸੁੱਤੇ ਹੁੰਦੀ ਰਹਿੰਦੀ ਹੈ ਤੇ ਜੀਵ ਵਿਚਾਰੇ ਉਸ ਦੇ ਸਾਹਮਣੇ ਬੇਵੱਸ ਤੇ ਲਾਚਾਰ ਹੁੰਦੇ ਹਨ । ਕਈ ਵਾਰ ਪਛਤਾਂਦੇ ਵੀ ਹਨ ਤੇ ਅੱਗੋਂ ਤੋਬਾ ਵੀ ਕਰਦੇ ਹਨ, ਪਰ ਉਹਨਾਂ ਤੋਂ ਮਾੜੇ ਕਰਮ ਬਦੋ ਬਦੀ ਹੋ ਜਾਂਦੇ ਹਨ ; ਜਿਵੇਂ ਸ਼ਰਾਬੀ ਸ਼ਰਾਬ ਦੇ ਬੁਰੇ ਅਸਰਾਂ ਨੂੰ ਜਾਣਦਾ ਵੀ ਹੈ ਕਿ ਇਸ ਨਾਲ ਸਰੀਰ ਘਟਦਾ ਹੈ, ਅਕਲ 'ਤੇ ਪਰਦਾ ਪੈਂਦਾ ਹੈ ਤੇ ਕਈ ਕੋਹਝੀਆਂ ਬਦਨਾਮੀਆਂ ਖੱਟੀ ਦੀਆਂ ਹਨ ; ਪਰ ਜੇ ਕਿਤੋਂ ਸ਼ਰਾਬ ਦੀ ਮੁਸ਼ਕ ਆ ਜਾਏ ਤੇ ਦਿਨ ਵੀ ਠੰਢਾ ਹੋਵੇ ਤਾਂ ਉਹ ਝੱਟ ਹੀ ਸ਼ਰਾਬ ਦਾ ਸ਼ੌਕੀਨ ਸਾਥੀ ਲੱਭ ਲੈਂਦਾ ਹੈ । ਬੇਕਨ ਨੇ ਠੀਕ ਹੀ ਕਿਹਾ ਹੈ :-

"Nature is often hidden, sometimes over-come, seldom extinguished. Custom only doth alter of subdue nature. But let not a man trust victory over nature too far, for, nature will lay buried a great time and yet revive upon the occasion of temptation."

ਅਰਥਾਤ—"ਸੁਭਾਉ ਅਕਸਰ ਲੁਕਿਆ ਰਹਿੰਦਾ ਹੈ, ਕੁਝ ਸਮਾਂ ਕਾਬੂ ਵਿਚ ਵੀ ਆ ਜਾਂਦਾ ਹੈ, ਪਰ ਬਿਲਕੁਲ ਖ਼ਤਮ ਘੱਟ ਹੀ ਕੀਤਾ ਜਾ ਸਕਦਾ ਹੈ। ਰਿਵਾਜੀ ਮਸ਼ਕ ਇਸ ਨੂੰ ਕੇਵਲ ਬਦਲ ਜਾਂ ਦਬਾਅ ਛੱਡਦੀ ਹੈ, ਪਰ ਕਿਸੇ ਮਨੁੱਖ ਨੂੰ ਇਸ ਸੁਭਾਉ 'ਤੇ ਪੂਰੀ ਫ਼ਤਹਿ ਹੋ ਜਾਣ ਦਾ ਬਹੁਤਾ ਭਰੋਸਾ ਨਹੀਂ ਕਰਨਾ ਚਾਹੀਦਾ ; ਕਿਉਂਕਿ ਇਹ ਲੰਮੇ ਸਮੇਂ ਲਈ ਅੰਦਰ ਲੁਕ ਕੇ ਟਿਕਿਆ ਰਹਿੰਦਾ ਹੈ ਤੇ ਕਿਸੇ ਸਮੇਂ ਅਚਨਚੇਤ ਲਾਲਚ-ਵੱਸ ਹੋ ਕੇ ਫਿਰ ਪ੍ਰਗਟ ਹੋ ਜਾਂਦਾ ਹੈ ।"

ਇਸ ਕਿਰਤ ਤੋਂ ਇਨਸਾਨ ਇਤਨਾ ਮਜ਼ਬੂਰ ਹੈ ਕਿ ਉਸ ਦੀ ਅਕਲ, ਉਸ ਦਾ ਤਜਰਬਾ ਅਤੇ ਗੁਰੂਆਂ ਤੇ ਅਵਤਾਰਾਂ ਤੋਂ ਲਏ ਸਾਰੇ ਉਪਦੇਸ਼ ਧਰੇ ਦੇ ਧਰੇ ਰਹਿ ਜਾਂਦੇ ਹਨ । ਜੇ ਉਸ ਨੂੰ ਕਿਤੋਂ ਚਾਰ ਪਦਾਰਥ



ਵੀ ਮਿਲ ਜਾਣ ਤਾਂ ਵੀ ਉਹ ਆਪਣੇ ਸੁਭਾਉ ਅਨੁਸਾਰ ਉਹਨਾਂ ਦੀ ਵਰਤੋਂ ਕਰੇਗਾ ਤੇ ਅੰਮ੍ਰਿਤ ਨੂੰ ਵੀ ਬਿਖ ਕਰਕੇ ਰੱਖ ਦੇਵੇਗਾ ਤੇ ਇਹ ਉਸੇ ਤਰ੍ਹਾਂ ਜਿਵੇਂ ਹਾਥੀ ਨਹਾ ਕੇ ਮਿੱਟੀ ਉਡਾਂਦਾ ਹੈ ਤੇ ਆਪਣੇ ਹੀ ਸਿਰ ਪਾ ਲੈਂਦਾ ਹੈ । ਕਈ ਪੁਰਸ਼ ਐਸੇ ਹੀ ਹਨ ਜੋ ਉਂਞ ਤਾਂ ਸੁਭਾਉ ਦੇ ਗ਼ੁਲਾਮ ਹੁੰਦੇ ਹਨ ਪਰ ਆਪਣੀ ਇਸ ਮਜ਼ਬੂਰੀ ਨੂੰ ਜਾਣਦਿਆਂ ਹੋਇਆਂ, ਪਹਿਲਾਂ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਕਰ ਲੈਂਦੇ ਹਨ, ਫਿਰ ਆਪਣੀ ਸਫ਼ਾਈ ਵਿਚ ਦਲੀਲਾਂ ਵੀ ਲੱਭ ਲੈਂਦੇ ਹਨ । ਸ਼ਾਪਨਹਾਰ ਨੇ ਅਜਿਹੇ ਪੁਰਸ਼ਾਂ ਬਾਬਤ ਹੀ ਇਉਂ ਕਿਹਾ ਹੈ:-

"We don't want a thing because we have found reasons for it, we want reasons for it because we want it."

ਅਰਥਾਤ—"ਅਸੀਂ ਕੋਈ ਚੀਜ਼ ਇਸ ਲਈ ਨਹੀਂ ਚਾਹੁੰਦੇ ਕਿ ਇਸ ਦੀ ਪ੍ਰਾਪਤੀ ਲਈ ਸਾਨੂੰ ਕੋਈ ਦਲੀਲ ਲੱਭੀ ਹੈ, ਸਗੋਂ ਇਸ ਨੂੰ ਪ੍ਰਾਪਤ ਕਰਨ ਲਈ ਅਸੀਂ ਦਲੀਲਾਂ ਆਪ ਘੜ ਲੈਂਦੇ ਹਾਂ ।"

ਸੱਚਮੁੱਚ ਇਨਸਾਨ ਇਸ ਤਰ੍ਹਾਂ ਗ਼ੁਲਾਮ ਹੋ ਕੇ ਆਪਣੇ ਕਰਮ ਆਪ ਹੀ ਬੀਜਦਾ ਹੈ ਤੇ ਆਪ ਹੀ ਉਨ੍ਹਾਂ ਦਾ ਫਲ ਭੋਗਦਾ ਹੈ :-

**"ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥"**

**ਆਸਾ ਮਹਲਾ ੧ ॥ (ਅੰਗ ੪੩੩)**

ਅਰਥਾਤ—"ਮੈਂ ਕਿਸੇ ਨੂੰ ਦੋਸ਼ ਨਹੀਂ ਦਿੰਦਾ ਕਿਉਂਕਿ ਦੋਸ਼ ਮੇਰੇ ਆਪਣੇ ਕਰਮਾਂ ਦਾ ਹੀ ਹੁੰਦਾ ਹੈ । ਜੋ ਮੈਂ ਆਪ ਬੀਜਿਆ ਹੈ ਉਸ ਦਾ ਹੀ ਫਲ ਮੈਂ ਪਾਇਆ ਹੈ—ਫਿਰ ਦੱਸੋ ਮੈਂ ਕਿਉਂ ਕਿਸੇ ਨੂੰ ਦੋਸ਼ ਦਿਆਂ ?"

ਹੋਰ : "**ਅਹਿ ਕਰੁ ਕਰੇ ਸੁ ਅਹਿ ਕਰੁ ਪਾਏ**
**ਇਕ ਘੜੀ ਮੁਹਤੁ ਨ ਲਗੈ ॥**"

**ਮਾਰੂ ਡਖਣੇ ਮਹਲਾ ੫ (ਅੰਗ ੧੦੯੮)**

ਅਰਥਾਤ—"ਐਸ ਹੱਥ ਕਰੀਦਾ ਹੈ ਤੇ ਐਸ ਹੱਥ ਪਾ ਲਈਦਾ ਹੈ। ਇਸ ਤਰ੍ਹਾਂ ਆਪਣੇ ਕੀਤੇ ਕਰਮਾਂ ਦਾ ਫਲ ਪਾਉਣ ਵਿਚ ਬਹੁਤਾ ਸਮਾਂ ਵੀ ਨਹੀਂ ਲੱਗਦਾ ।"

ਹੋਰ : **"ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥"**

**(ਅੰਗ ੯੩੭)**

ਅਰਥਾਤ—"ਹੇ ਸਖੀ ਸਹੇਲੀ ਕਰਤਾਰ ਦਾ ਲਿਖਿਆ ਹੋਇਆ ਲੇਖ ਅਟੱਲ ਹੈ ।"

ਹੋਰ : **"ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥**

**ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ॥"**

**ਆਸਾ ਮਹਲਾ ੫ ॥ (ਅੰਗ ੪੬੧)**

ਅਰਥਾਤ—"ਜਿਸ ਬੁਰਾਈ ਨੂੰ ਜੀਵ ਨੇ ਦਿਨ ਰਾਤ ਕਮਾਇਆ ਹੈ, ਉਹ ਉਸ ਦੇ ਮੱਥੇ 'ਤੇ ਪ੍ਰਗਟ ਹੋ ਆਈ ਹੈ । ਜਿਸ ਹਰੀ ਤੋਂ ਤੁਸੀਂ ਲੁਕੋਣਾ ਚਾਹੁੰਦੇ ਹੋ, ਉਹ ਤਾਂ ਤੁਹਾਡੇ ਨਾਲ ਹੋ ਕੇ ਵੇਖ ਰਿਹਾ ਹੁੰਦਾ ਹੈ ।"

ਹੋਰ : **"ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥"**

**ਵਾਰ ਆਸਾ ਮਹਲਾ ੧॥ (ਅੰਗ ੪੭੦)**

ਅਰਥਾਤ—"ਚੰਗੇ ਜਾਂ ਮੰਦੇ ਕੀਤੇ ਹੋਏ ਕਰਮਾਂ ਦਾ ਫਲ ਆਪ ਹੀ ਭੋਗੀ ਦਾ ਹੈ ।"

ਮਾੜੇ ਕਰਮਾਂ ਦਾ ਫਲ ਠੀਕ ਮਾੜਾ ਹੈ ਤੇ ਹਰ ਐਸੇ ਕਰਮ ਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ, ਪਰ ਇਹ ਸਜ਼ਾ ਕਿਤੋਂ ਬਾਹਰੋਂ ਨਹੀਂ ਆਉਣੀ ਹੁੰਦੀ । ਦੁੱਖ ਤੇ ਕਸ਼ਟ ਆਪਣੇ ਹੀ ਅਮਲਾਂ ਦਾ ਨਤੀਜਾ ਹੁੰਦੇ ਹਨ ; ਜਿਵੇਂ ਚੰਗਿਆਈ ਆਪਣਾ ਫਲ ਆਪ ਹੈ, ਤਿਵੇਂ ਬੁਰਾਈ ਵੀ ਆਪਣਾ ਫਲ ਆਪ ਹੈ ਅਰਥਾਤ ਇਹ ਆਪਣੇ ਆਪ ਵਿਚ ਹੀ ਇਕ ਲਾਹਨਤ ਹੈ । ਇਨਾਂ ਅਰਥਾਂ ਵਿਚ ਪੁੰਨ ਤੇ ਪਾਪ ਨਿਰੇ ਕਹਿਣ-ਮਾਤਰ ਨਹੀਂ ਸਗੋਂ ਅਟੱਲ ਸੱਚਾਈਆਂ ਹਨ ਤੇ ਇਨ੍ਹਾਂ ਦਾ ਫਲ ਚੰਗਾ ਜਾਂ ਮੰਦਾ ਭੁਗਤਣਾ ਪੈਂਦਾ ਹੈ, ਸਭ ਕਿਸੇ ਨੂੰ ਇਸ ਦਾ ਲੇਖਾ ਦੇਣਾ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਇਸ ਗੱਲ ਨੂੰ ਜਪੁ ਜੀ ਵਿਚ ਇਉਂ ਸਮਝਾਉਂਦੇ ਹਨ:-

**"ਪੁੰਨੀ ਪਾਪੀ ਆਖਣੁ ਨਾਹਿ ॥**

**ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥"**

**ਜਪੁ ਜੀ, ਗੁਰੂ ਨਾਨਕ ॥ (ਅੰਗ ੪)**



ਅਰਥਾਤ—"ਇਹ ਪੁੰਨੀ ਹੈ ਤੇ ਉਹ ਪਾਪੀ ਹੈ, ਇਹ ਨਿਰੀਆਂ ਕਹਿਣ ਲਈ ਗੱਲਾਂ ਨਹੀਂ, ਕਿਉਂਕਿ ਹਰ ਕੋਈ ਆਪਣੇ ਕੀਤੇ ਨੂੰ ਆਪਣੇ ਮਨ ਅੰਦਰ ਲਿਖ ਰਿਹਾ ਹੁੰਦਾ ਹੈ ਤੇ ਉਸ ਦਾ ਜੀਵਨ ਉਹਨਾਂ ਕਰਮਾਂ ਅਨੁਸਾਰ ਹੀ ਤੁਰਦਾ ਹੈ ।"

ਮਹਾਤਮਾ ਬੁੱਧ ਜੀ ਦੀ ਫ਼ਿਲਾਸਫ਼ੀ ਦੀ ਸਾਰੀ ਬੁਨਿਆਦ ਹੀ ਕਰਮ ਹਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਹਰ ਮੰਦੇ ਕਰਮ ਦਾ ਫਲ ਮੰਦਾ ਹੈ ਤੇ ਅਵੱਸ਼ ਭੋਗਣਾ ਹੁੰਦਾ ਹੈ । ਹਰ ਕਾਰਨ ਦਾ ਫਲ ਜਾਂ ਅਸਰ ਦਾ ਨਤੀਜਾ ਅਟੱਲ ਹੈ ਤੇ ਰੋਕਿਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਦੇ ਵਿਚਾਰ ਫ਼ਿਲਾਸਫ਼ਰ ਸਪਾਈਨੋਜ਼ਾ ਦੇ ਵੀ ਸਨ । ਉਹ ਸਮਝਦੇ ਸਨ ਕਿ ਇਨਸਾਨ ਕਰਮਾਂ ਦੇ ਅਧੀਨ ਬੇ-ਵੱਸ ਹੋ ਜਾਂਦਾ ਹੈ ਕਿ ਉਸ ਦੀ ਸੁਤੰਤਰਤਾ ਰਹਿੰਦੀ ਹੀ ਨਹੀਂ ; ਕਿਉਂਕਿ ਉਸ ਨੇ ਉਹੋ ਕੁਝ ਕਰਨਾ ਹੁੰਦਾ ਹੈ ਜੋ ਕੁਦਰਤ ਨੇ ਉਸ ਤੋਂ ਉਸ ਦੇ ਕਰਮਾਂ ਦੇ ਕਾਰਨ ਕਰਾਣਾ ਹੁੰਦਾ ਹੈ । ਇਸ ਸੰਬੰਧੀ ਉਹਨਾਂ ਦੇ ਬਚਨ ਹਨ :-

"Men think themselves free in so far as they are conscious of their volitions and desires and are ignorant of the causes by which they are disposed to will and desire."

ਅਰਥਾਤ—"ਮਨੁੱਖ ਆਪਣੇ ਆਪ ਨੂੰ ਉਸ ਹੱਦ ਤਕ ਆਜ਼ਾਦ ਸਮਝਦੇ ਹਨ ਜਿਸ ਹੱਦ ਤਕ ਉਹ ਆਪਣੇ ਇਰਾਦੇ ਤੇ ਇੱਛਿਆਵਾਂ ਨੂੰ ਜਾਣਦੇ ਹਨ ਅਤੇ ਉਨ੍ਹਾਂ ਨੂੰ ਉਨ੍ਹਾਂ ਕਾਰਨਾਂ ਦਾ ਪਤਾ ਨਹੀਂ ਹੁੰਦਾ ਜੋ ਉਨ੍ਹਾਂ ਦੇ ਇਰਾਦੇ ਤੇ ਇੱਛਿਆਵਾਂ ਨੂੰ ਬਣਾਉਂਦੇ ਹਨ ।"

ਇਸ ਫ਼ਿਲਾਸਫ਼ਰ ਦਾ ਭਾਵ ਇਹ ਹੈ ਕਿ ਇਨਸਾਨ ਦੀ ਨਾ ਕੋਈ ਆਪਣੀ ਮਰਜ਼ੀ ਹੈ ਤੇ ਨਾ ਕੋਈ ਆਪਣਾ ਆਜ਼ਾਦ ਇਰਾਦਾ ਹੀ ਹੈ । ਉਸ ਨੂੰ ਕਾਰਨਾਂ ਦਾ ਪਤਾ ਨਾ ਹੋਣ ਕਰਕੇ ਹੀ ਉਹ ਆਪਣੇ ਆਪ ਨੂੰ ਸੁਤੰਤਰ ਸਮਝੀ ਬੈਠਾ ਹੈ ।

ਗੁਰਮਤਿ, ਜਿੱਥੇ ਕਰਮਾਂ ਦੇ ਮਸਲੇ ਦੀ ਇਸ ਹੱਦ ਤਕ ਤਾਂ ਪੁਸ਼ਟੀ ਕਰਦੀ ਹੈ ਕਿ ਕਰਮਾਂ ਦਾ ਪ੍ਰਭਾਵ ਬਹੁਤ ਹੱਦ ਤਕ ਅਟੱਲਵਾਂ ਹੈ, ਉੱਥੇ ਇਸ ਨੂੰ ਏਥੋਂ ਤਕ ਨਹੀਂ ਲਿਜਾਇਆ ਗਿਆ ਕਿ ਇਨਸਾਨ ਨਿਰਾ ਕਠਪੁਤਲੀ ਹੈ

ਤੇ ਉਸ ਦੀ ਆਪਣੀ ਸੁਤੰਤਰਤਾ ਮੂਲੋਂ ਹੈ ਹੀ ਨਹੀਂ । ਇਹ ਠੀਕ ਹੈ ਕਿ ਉਸ ਦੇ ਪਿਛਲੇ ਕਰਮਾਂ ਦਾ ਅਸਰ ਉਸ ਦੇ ਅੰਦਰ ਇਕੱਠਾ ਹੋ ਕੇ ਉਸ ਦੀ ਕ੍ਰਿਤ ਬਣੀ ਰਹਿੰਦੀ ਹੈ ਤੇ ਉਸ ਦੇ ਭਵਿੱਖਤ 'ਤੇ ਡੂੰਘਾ ਅਸਰ ਵੀ ਪਾਂਦੀ ਹੈ । ਇਹ ਵੀ ਠੀਕ ਹੈ ਕਿ ਉਸ ਦੀਆਂ ਹੋਰ ਵੀ ਕਈ ਮਜ਼ਬੂਰੀਆਂ ਹਨ। ਉਸ ਨੇ ਆਪਣੇ ਮਾਤਾ-ਪਿਤਾ ਦੀਆਂ ਸ਼ਖ਼ਸੀਅਤਾਂ ਦਾ ਤੇ ਆਲੇ-ਦੁਆਲੇ ਦੇ ਹਾਲਾਤ ਦਾ ਵੀ ਅਸਰ ਕਬੂਲਿਆ ਹੁੰਦਾ ਹੈ। ਇਹੋ ਜਿਹੀਆਂ ਉਸ ਦੀਆਂ ਕਈ ਹੋਰ ਮਜ਼ਬੂਰੀਆਂ ਵੀ ਹੋ ਸਕਦੀਆਂ ਹਨ, ਜਿਨ੍ਹਾਂ ਨੇ ਉਸ ਦੀ ਆਜ਼ਾਦੀ ਮਹਿਦੂਦ ਕਰ ਦਿੱਤੀ ਹੋਈ ਹੈ, ਪਰ ਪ੍ਰਮਾਤਮਾ ਨੇ ਉਸ ਦੇ ਸੁਧਾਰ ਲਈ ਰਾਹ ਵੀ ਬਣਾਇਆ ਹੋਇਆ ਹੈ । ਕੀ ਉਸ ਨੇ ਉਸ ਨੂੰ ਦਿਮਾਗ਼ ਦੁਆਰਾ ਸ਼ਕਤੀ ਦੀ ਦਾਤ ਨਹੀਂ ਦਿੱਤੀ ਹੋਈ, ਜੋ ਹੋਰ ਜੋਨੀਆਂ ਵਿਚ ਨਾ ਹੋਣ ਦੇ ਬਰਾਬਰ ਹੈ? ਇਸ ਸ਼ਕਤੀ ਨਾਲ ਉਸ ਨੂੰ ਅੰਦਰ ਦੀ ਜੋਤ ਜਗਾ ਲੈਣ ਦੀ ਯੋਗਤਾ ਵੀ ਪ੍ਰਾਪਤ ਹੈ ਭਾਵੇਂ ਇਸ ਨੂੰ ਉਹ ਵਰਤੇ ਜਾਂ ਨਾ ਵਰਤੇ । ਪੂਰਾ ਸੁਤੰਤਰ ਤਾਂ ਉਹ ਠੀਕ ਨਹੀਂ, ਪਰ ਇਸ ਦਾ ਇਹ ਭਾਵ ਵੀ ਨਹੀਂ ਕਿ ਉਸ ਤੋਂ ਕੁਝ ਹੋ ਹੀ ਨਹੀਂ ਸਕਦਾ । ਜਿਵੇਂ ਜੀਨ ਪਾਲ ਸਾਰਟਰ (Jeen paul sartre) ਦਾ ਇਹ ਖ਼ਿਆਲ ਗ਼ਲਤ ਹੈ ਕਿ ਇਨਸਾਨ ਹਰ ਤਰ੍ਹਾਂ ਸੁਤੰਤਰ ਹੈ ਤਿਵੇਂ ਇਹ ਖ਼ਿਆਲ ਵੀ ਦਰੁੱਸਤ ਨਹੀਂ ਕਿ ਉਹ ਨਿਰਾ ਮਸ਼ੀਨ ਹੈ ਤੇ ਉਸ ਦੇ ਆਪਣੇ ਵੱਸ ਕੁਝ ਵੀ ਨਹੀਂ ਹੈ । ਇਹ ਤਾਂ ਪਦਾਰਥਵਾਦ ਹੋਇਆ ਜੋ ਨਿਰਾਸ਼ਾਵਾਦ ਦੇ ਰਾਹ ਪਾ ਦਿੰਦਾ ਹੈ । ਇਸ ਦਾ ਅਵੱਸ਼ ਨਤੀਜਾ ਇਹ ਹੁੰਦਾ ਹੈ ਕਿ ਇਨਸਾਨ ਤੋਂ ਉਸ ਦੇ ਆਪਣੇ ਸਾਰੇ ਯਤਨ ਤੇ ਉੱਦਮ ਖੋਹੇ ਜਾਂਦੇ ਹਨ ਤੇ ਉਹ ਆਲਸੀ ਤੇ ਨਿਤਾਣਾ ਹੋ ਕੇ ਰਹਿ ਜਾਂਦਾ ਹੈ। ਗੁਰੂ ਸਾਹਿਬ ਦਰਮਿਆਨਾ ਰਸਤਾ ਹੀ ਮੰਨਦੇ ਹਨ । ਇਨਸਾਨ ਦੀ ਆਜ਼ਾਦੀ ਮਹਿਦੂਦ ਹੋਣ ਦੇ ਬਾਵਜੂਦ ਹਰ ਕੋਈ ਕਰਮਾਂ ਦੀ ਫ਼ਾਹੀ ਕੱਟਣ ਦੀ ਸ਼ਕਤੀ ਵੀ ਰੱਖਦਾ ਹੈ । ਇਹ ਗੱਲ ਆਸਾਨ ਭਾਵੇਂ ਨਾ ਹੋਵੇ ਪਰ ਸੰਭਵ ਜ਼ਰੂਰ ਹੈ । ਭਗਤ ਸਧਨਾ ਜੀ ਕਹਿੰਦੇ ਹਨ :-

**"ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥**
**ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥"**

**ਬਿਲਾਵਲ ਸਧਨਾ ਜੀ ॥ (ਅੰਗ ੮੫੮)**

ਅਰਥਾਤ—ਹੇ ਜਗਤ ਦੇ ਗੁਰੂ, ਪ੍ਰਮਾਤਮਾ, ਤੇਰੀ ਵਡਿਆਈ ਕੀ ਹੋਈ, ਜੇ ਤੇਰੇ ਪਾਸ ਆਇਆਂ ਵੀ ਮੇਰੇ ਕਰਮ ਨਸ਼ਟ ਨਹੀਂ ਹੋਣੇ ? ਕਿਸੇ



ਜੀਵ ਨੂੰ ਸ਼ੇਰ ਦੀ ਸ਼ਰਣ ਲੈਣ ਦੀ ਕੀ ਲੋੜ ਪਈ ਹੈ ਜੇ ਫਿਰ ਵੀ ਉਸ ਨੂੰ ਗਿੱਦੜ ਖਾਂਦੇ ਰਹਿਣ ?

ਹੋਰ :**"ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ ॥"**

**ਧਨਾਸਰੀ ਮਹਲਾ ੫ ॥ (ਅੰਗ ੬੮੩)**

ਅਰਥਾਤ—"ਚਿਰਾਂ ਦੇ ਕਮਾਏ ਪਾਪ ਵੀ ਸਾਧ ਸੰਗਤ ਦੁਆਰਾ ਮਿਟ ਜਾਂਦੇ ਹਨ, ਸਗੋਂ ਸਾਧ ਸੰਗਤ ਦੁਆਰਾ ਮੂਏ ਵੀ ਮਾਨੋਂ ਜੀ ਪੈਂਦੇ ਹਨ।"

ਹੋਰ : **ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥**

**ਬਾਰਹ ਮਾਹਾ ਮਾਂਝ ਮਹਲਾ ੫ ॥ (ਅੰਗ ੧੩੩)**

ਅਰਥਾਤ—"ਹੇ ਰਾਮ ! ਕਰਮਾਂ ਦੀ ਕਿਰਤ ਕਮਾਈ ਦੇ ਕਾਰਨ ਵਿਛੜਿਆਂ ਹੋਇਆਂ ਜੀਵਾਂ ਨੂੰ ਆਪਣੀ ਕਿਰਪਾ ਦੁਆਰਾ ਮੇਲ ਲਵੋ ।"

ਭਾਵ ਇਹ ਹੈ ਕਿ ਮਾੜੇ ਕਰਮਾਂ ਦੀ ਕਿਰਤ ਦੇ ਕਾਰਨ ਭਾਵੇਂ ਹਰੀ ਨਾਲ ਵਿਛੋੜਾ ਜ਼ਰੂਰ ਹੋ ਜਾਂਦਾ ਹੈ ਪਰ ਹਰ ਕੋਈ ਆਪਣੇ ਯਤਨਾਂ ਨਾਲ ਯੋਗਤਾ ਪ੍ਰਾਪਤ ਕਰਕੇ ਉਸ ਦੀ ਮਿਹਰ ਦਾ ਪਾਤਰ ਵੀ ਬਣ ਜਾਂਦਾ ਹੈ ਤੇ ਫਿਰ ਵਿਛੋੜਾ ਦੂਰ ਵੀ ਹੋ ਜਾਂਦਾ ਹੈ । ਸ਼ਬਦ ਦੀ ਕਮਾਈ ਨਾਲ ਨਾਮ ਦਾ ਪ੍ਰਤਾਪ, ਸਾਧ ਸੰਗਤ ਦਾ ਮੇਲ, ਇਹ ਸਭ ਵਸੀਲੇ ਹਨ ਜੋ ਕਰਮਾਂ ਦੀ ਕੈਦ ਤੋਂ ਛੁਟਕਾਰਾ ਦਿਵਾ ਸਕਦੇ ਹਨ । ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ:-

**"ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥"**

**ਬਾਰਹ ਮਾਹਾ ਮਾਂਝ ਮਹਲਾ ੫ ॥ (ਅੰਗ ੧੩੫)**

ਅਰਥਾਤ—"ਸਾਧ ਸੰਗਤ ਦੀ ਪ੍ਰੇਰਨਾ ਵਿਚ ਹੋ ਕੇ ਸਭ ਸੋਚਾਂ ਤੇ ਫ਼ਿਕਰ ਲੱਥ ਜਾਂਦੇ ਹਨ ।"

ਮੁੱਕਦੀ ਗੱਲ ਇਹ ਹੈ ਹਰ ਮਨੁੱਖ ਆਪਣੀ ਕਿਸਮਤ ਆਪ ਬਣਾ ਸਕਦਾ ਹੈ । ਸਾਇੰਸ ਅਤੇ ਸਨਅੱਤ ਦੇ ਇਸ ਯੁੱਗ ਅੰਦਰ ਇਨਸਾਨ ਨੇ ਆਪਣੀ ਦਿਮਾਗ਼ੀ ਸ਼ਕਤੀ ਨਾਲ ਅਜਿਹੇ ਕ੍ਰਿਸ਼ਮੇ ਕਰ ਵਿਖਾਏ ਹਨ ਕਿ ਕਿਸੇ ਲਈ ਹੁਣ ਇਹ ਕਹਿਣਾ ਕਿ ਉਹ ਨਿਰੀ-ਪੁਰੀ ਮਸ਼ੀਨ ਹੈ ਜਾਂ ਕੁਦਰਤ ਦੇ ਹੱਥਾਂ ਵਿਚ ਕੁਠਪਤਲੀ ਹੈ, ਕੋਈ ਅਰਥ ਨਹੀਂ ਰੱਖਦਾ । ਕਿਸੇ ਵੇਲੇ ਜਦ ਕੁਦਰਤ ਦੀਆਂ ਸ਼ਕਤੀਆਂ 'ਤੇ ਇਨਸਾਨ ਦਾ ਕਾਬੂ ਨਹੀਂ ਸੀ ਹੁੰਦਾ ਤੇ ਡਰ

ਦੇ ਮਾਰੇ ਉਹ ਦੇਵੀ ਦੇਵਤੇ ਘੜ ਲੈਂਦਾ ਸੀ ਤੇ ਉਨ੍ਹਾਂ ਦੀ ਪੂਜਾ ਵੀ ਕਰਦਾ ਸੀ, ਉਸ ਵੇਲੇ ਉਸ ਲਈ ਇਹ ਸਮਝਣਾ ਸ਼ਾਇਦ ਗ਼ੈਰ-ਕੁਦਰਤੀ ਨਹੀਂ ਸੀ ਕਿ ਉਸ ਦੇ ਆਪਣੇ ਹੱਥਾਂ ਵਿਚ ਕੁਝ ਨਹੀਂ ਤੇ ਕੁਦਰਤ ਵੱਲੋਂ ਹੀ ਉਸ ਦੀ ਚੰਗੀ ਜਾਂ ਮੰਦੀ ਕਿਸਮਤ ਬਣਾ ਦਿੱਤੀ ਗਈ ਹੈ ਜੋ ਬਦਲ ਨਹੀਂ ਸਕਦੀ। ਪਰ ਹੁਣ ਇਹ ਵਿਚਾਰਧਾਰਾ ਕਿ ਕਿਸਮਤਾਂ ਪਹਿਲੇ ਹੀ ਬਣ ਚੁੱਕੀਆਂ ਹੋਈਆਂ ਹਨ (Determinism) ਤੇ ਆਪਣੇ ਵੱਸ ਕੁਝ ਚੱਲ ਨਹੀਂ ਸਕਦੀ। ਇਨਸਾਨ ਦੀ ਹਿੰਮਤ ਨੇ ਗ਼ਰੀਬੀ, ਬੀਮਾਰੀ ਤੇ ਜਹਾਲਤ 'ਤੇ ਕਾਬੂ ਪਾ ਲਿਆ ਹੈ, ਸਿਹਤ ਦੇ ਨਿਯਮਾਂ ਦੀ ਪਾਲਣਾ ਕਰਕੇ ਉਮਰਾਂ ਲੰਮੀਆਂ ਕਰ ਲਈਆਂ ਹਨ। ਮਨੁੱਖ ਇਹ ਸਮਝਣ ਲੱਗ ਪਿਆ ਹੈ ਕਿ ਕੁਦਰਤ ਦੀਆਂ ਪ੍ਰਬਲ ਸ਼ਕਤੀਆਂ ਆਪਣੀ ਸੇਵਾ ਵਿਚ ਲਾ ਕੇ ਉਹਨਾਂ ਤੋਂ ਬੜੇ ਬੜੇ ਕੰਮ ਕੱਢ ਸਕੀਦੇ ਹਨ। ਉਹ ਸਾਇੰਸਦਾਨ ਤੇ ਫ਼ਿਲਾਸਫ਼ਰ ਜੋ ਸਦਾ ਦਲੀਲ ਦੀ ਕਸਵੱਟੀ ਨਾਲ ਹਰ ਸੱਚਾਈ ਦੀ ਪਰਖ ਚਾਹੁੰਦੇ ਸਨ, ਹੁਣ ਆਪ ਵੀ ਉੱਤਲੇ ਵਿਚਾਰਾਂ ਦੀ ਪੁਸ਼ਟੀ ਕਰਦੇ ਹਨ। ਇਕ ਫ਼ਰਾਂਸੀਸੀ ਫ਼ਿਲਾਸਫ਼ਰ ਬਰਗਸਨ, ਇੱਥੋਂ ਤਕ ਕਹਿੰਦੇ ਹਨ:-

"It is ridiculous and shameful that men should be machines and ridiculous and shameful that their philosophy should describe them so."

ਅਰਥਾਤ—"ਇਹ ਹਾਸੋ-ਹੀਣੀ ਤੇ ਸ਼ਰਮਨਾਕ ਗੱਲ ਹੈ ਕਿ ਮਨੁੱਖਾਂ ਨੂੰ ਮਸ਼ੀਨ ਸਮਝ ਲਿਆ ਜਾਏ। ਉਹ ਵਿਚਾਰਧਾਰਾ ਵੀ ਹਾਸੋ-ਹੀਣੀ ਤੇ ਸ਼ਰਮਨਾਕ ਹੈ ਜੋ ਉਹਨਾਂ ਨੂੰ ਮਸ਼ੀਨ ਕਰਕੇ ਬਿਆਨ ਕਰੇ।"

ਅੱਗੇ ਜਾ ਕੇ ਇਹੋ ਵਿਦਵਾਨ ਫਿਰ ਲਿਖਦੇ ਹਨ—

"Life is more than its machinery. It is a power that can grow, that restore itself."

ਅਰਥਾਤ—"ਜੀਵਨ ਆਪਣੇ ਮਸ਼ੀਨੀ ਪੁਰਜ਼ਿਆਂ ਤੋਂ ਵਧੇਰੀ ਕੋਈ ਚੀਜ਼ ਹੈ। ਇਹ ਸ਼ਕਤੀ ਹੈ ਜੋ ਫਲ-ਫੂਲ ਸਕਦੀ ਹੈ ਤੇ ਆਪਣੇ ਆਪ ਨੂੰ ਸੁਰਜੀਤ ਕਰਕੇ ਆਪਣੇ ਅਸਲ ਟਿਕਾਣੇ 'ਤੇ ਲਿਆ ਸਕਦੀ ਹੈ।"

ਇਸ ਤੋਂ ਹੋਰ ਅਗਾਂਹ ਉਹ ਇਉਂ ਵੀ ਕਹਿੰਦੇ ਹਨ :

"If determinism were right and every act were



the automatic and mechanical resultant of pre-existent forces, motive would flow into action with lubricated ease. But on the contrary choice is burdensome and effortful. If requires resolution against impulse, habit or sloth."

ਭਾਵ : "ਜੇ ਕਿਸਮਤਾਂ ਪਹਿਲਾਂ ਹੀ ਬਣੀਆਂ ਹੋਈਆਂ ਹਨ ਤੇ ਸਾਡਾ ਹਰ ਅਮਲ ਪਹਿਲੇ ਹੀ ਬਣੀਆਂ ਸ਼ਕਤੀਆਂ ਦੇ ਅਧੀਨ ਹੋ ਕੇ ਆਪਣੇ ਆਪ ਹੀ ਚੱਲਦੇ ਜਾਣਾ ਹੈ, ਤਾਂ ਸਾਡੇ ਮੰਤਵ ਸਾਡੇ ਅਮਲਾਂ ਵਿਚ ਆਸਾਨੀ ਨਾਲ ਵਗਣੇ ਚਾਹੀਦੇ ਹਨ। ਪਰ ਹੁੰਦਾ ਸਗੋਂ ਇਸ ਦੇ ਉਲਟ ਹੈ, ਕਿਉਂਕਿ ਚੋਣ ਮੁਸ਼ਕਲ ਹੋ ਰਹੀ ਹੈ ਅਤੇ ਸਾਡੀਆਂ ਆਦਤਾਂ, ਸਾਡੇ ਆਲਸ ਤੇ ਸਾਡੀਆਂ ਰੁਚੀਆਂ ਦੇ ਖ਼ਿਲਾਫ਼ ਸਾਨੂੰ ਦ੍ਰਿੜ੍ਹ ਇਰਾਦੇ ਦੀ ਲੋੜ ਪੈਂਦੀ ਹੈ।"

ਕੁਝ ਵੀ ਹੋਵੇ ਮਨੁੱਖ ਦਾ ਵਿਕਾਸ ਤਾਂ ਹੋ ਹੀ ਰਿਹਾ ਹੈ ਤੇ ਉਹ ਅਗਾਂਹ ਵਧਦਾ ਜਾ ਰਿਹਾ ਹੈ। ਉਹ ਨਿਰਾ ਮਸ਼ੀਨ ਕਿਵੇਂ ਹੋਇਆ ਜਦ ਅਸੀਂ ਜਾਣਦੇ ਹਾਂ ਕਿ ਮਸ਼ੀਨ ਦਾ ਕਦੇ ਵਿਕਾਸ ਨਹੀਂ ਹੋ ਸਕਦਾ। ਇਹ ਠੀਕ ਹੈ ਕਿ ਜੀਵ ਸਮੁੰਦਰ ਦੀਆਂ ਲਹਿਰਾਂ ਵਾਂਙ ਛਿੰਨ ਭੰਗਰ ਹਨ। ਲਹਿਰਾਂ ਵਾਂਙ ਹੀ ਇਹ ਉੱਠਦੇ ਹਨ ਅਤੇ ਫੇਰ ਲਹਿਰਾਂ ਵਾਂਙ ਹੀ ਝੱਟ ਪਟ ਮੁੱਕ ਹੀ ਜਾਂਦੇ ਹਨ। ਇਹ ਪ੍ਰਸਪਰ ਲੜਦੇ ਤੇ ਇਕ ਦੂਜੇ ਦੇ ਲਹੂ ਵੀ ਵੀਟਦੇ ਰਹਿੰਦੇ ਹਨ ਤੇ ਇਸ ਤਰ੍ਹਾਂ ਦੁੱਖਾਂ ਕਲੇਸ਼ਾਂ ਵਿਚ ਵਾਧਾ ਵੀ ਕਰਦੇ ਰਹਿੰਦੇ ਹਨ, ਪਰ ਇਹ ਵੀ ਠੀਕ ਹੈ ਕਿ ਇਹਨਾਂ ਵਿਚੋਂ ਹੀ ਗੁਰੂ ਨਾਨਕ , ਸ੍ਰੀ ਰਾਮ, ਮਹਾਤਮਾ ਬੁੱਧ, ਸ੍ਰੀ ਈਸਾ ਜੀ ਆਦਿਕ, ਕਈ ਮਹਾਂਪੁਰਸ਼ ਪੈਦਾ ਹੋ ਚੁੱਕੇ ਹਨ, ਜਿਨ੍ਹਾਂ ਨੇ ਆਤਮ ਵਿਕਾਸ ਦੀਆਂ ਵੱਡੀਆਂ ਵੱਡੀਆਂ ਮੰਜ਼ਲਾਂ ਵੀ ਤੈਅ ਕਰ ਲਈਆਂ ਸਨ। ਇਹ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਇਨਸਾਨ ਦੇ ਆਪਣੇ ਹੱਥਾਂ ਵਿਚ ਵੀ ਬਹੁਤ ਕੁਝ ਹੈ। ਲੋੜ ਆਤਮ ਵਿਚ ਪੁੱਜਣ ਦੀ ਹੈ ਜਿੱਥੇ ਆਪਣੇ ਹੀ ਕੀਤੇ ਯਤਨਾਂ ਨਾਲ ਕਰਮਾਂ ਦਾ ਸਾਰਾ ਅਸਰ ਹੀ ਜ਼ਾਇਲ ਕੀਤਾ ਜਾ ਸਕਦਾ ਹੈ।

ਏਥੇ ਕੁਝ ਹੋਰ ਬਾਤਾਂ ਸਾਫ਼ ਕੀਤੇ ਜਾਣ ਵਾਲੀਆਂ ਵੀ ਹਨ ਜਦੋਂ ਕਿ ਕਰਮਾਂ ਦੇ ਗੰਭੀਰ ਮਸਲੇ ਨੂੰ ਹੌਲੀਆਂ ਹੌਲੀਆਂ ਗੱਲਾਂ ਨਾਲ ਜੋੜ ਕੇ ਧੁੰਦਲਾ ਕਰ ਦਿੱਤਾ ਜਾਂਦਾ ਹੈ। ਮਸਲਨ, ਗੁਰਬਾਣੀ ਵਿਚ ਲੇਖੇ ਲਿਖੇ ਜਾਣ ਦਾ ਜ਼ਿਕਰ ਕਿਸ ਖ਼ਿਆਲ ਨਾਲ ਥਾਂ ਥਾਂ ਆਉਂਦਾ ਰਹਿੰਦਾ ਹੈ ਜਿਵੇਂ :-

**"ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥"**

**ਵਾਰ ਰਾਮਕਲੀ ਮਹਲਾ ੩(ਅੰਗ ੯੫੩)**

ਅਰਥਾਤ—"ਰੱਬ ਵਹੀ ਕੱਢੀ ਬੈਠਾ ਹੈ ਤੇ ਸਭ ਕਿਸੇ ਤੋਂ ਉਸ ਦੇ ਕਰਮਾਂ ਦਾ ਲੇਖਾ ਮੰਗਦਾ ਹੈ ।"

ਇਸ ਤਰ੍ਹਾਂ ਕਈ ਥਾਈਂ ਅਜ਼ਰਾਈਲ, ਧਰਮਰਾਜ, ਚਿੱਤਰ-ਗੁਪਤ ਆਦਿਕ ਦੇ ਜ਼ਿਕਰ ਵੀ ਆਉਂਦੇ ਹਨ , ਜਿਵੇਂ :-

**"ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥"**

**ਵਾਰ ਆਸਾ ਮਹਲਾ ੧ ॥ (ਅੰਗ ੪੬੩)**

ਅਰਥਾਤ—'ਉਸ ਹਰੀ ਨੇ ਜੀਵ ਪੈਦਾ ਕਰਕੇ ਉਹਨਾਂ ਦੇ ਕਰਮਾਂ ਦਾ ਲੇਖਾ ਲਿਖਣ ਲਈ ਧਰਮ ਰਾਜ ਨਿਯਤ ਕੀਤਾ ਹੋਇਆ ਹੈ ।'

ਐਨ ਇਸੇ ਤਰ੍ਹਾਂ ਹੀ, ਨਰਕ ਜਾਂ ਸੁਰਗ ਭੋਗਣੇ, ਬੇਤਰਨੀ ਨਦੀ ਦੇ ਭਿਆਨਕ ਦ੍ਰਿਸ਼, ਪੁਰਸਲਾਤ ਦੇ ਦੁਹੇਲੇ ਪੰਥ, ਦੋਜ਼ਖ ਦੀਆਂ ਪੀੜਾਂ ਅਤੇ ਧਰਮ ਰਾਜ ਤੇ ਉਸ ਦੇ ਦੋ ਮੁਨਸ਼ੀਆਂ—ਚਿੱਤਰ ਗੁਪਤ ਦੇ ਲਿਖੇ ਲੇਖੇ ਆਦਿਕ, ਕਈ ਜ਼ਿਕਰ ਗੁਰਬਾਣੀ ਵਿਚ ਮਿਲਦੇ ਹਨ । ਪਰ ਇਹਨਾਂ ਸਭਨਾਂ ਦਾ ਨਿਰਾ ਅੱਖਰੀ ਅਰਥ ਨਹੀਂ, ਸਪਿਰਿਟ (ਭਾਵਨਾ) ਲੈਣਾ ਹੁੰਦਾ ਹੈ । ਆਮ ਦੁਨੀਆਂ ਲਈ ਤਸਵੀਰਾਂ ਦੀ ਸ਼ਕਲ ਵਿਚ ਜਾਂ ਅਲੰਕਾਰਕ ਢੰਗਾਂ ਨਾਲ ਕੀਤੇ ਬਿਆਨ ਵਧੇਰੀ ਆਸਾਨੀ ਨਾਲ ਸਮਝ ਆ ਜਾਂਦੇ ਹਨ । ਗੁਰੂ ਸਾਹਿਬਾਨ ਇਸ ਕਿਸਮ ਦੀ ਉਤਲੀ ਤਕਨੀਕ ਜਾਂ ਸ਼ਬਦਾਵਲੀ ਵਰਤ ਕੇ ਕੇਵਲ ਇਹ ਦੱਸਣਾ ਚਾਹੁੰਦੇ ਸਨ ਕਿ ਮਾੜੇ ਕਰਮਾਂ ਦਾ ਫਲ ਮਾੜਾ ਹੁੰਦਾ ਹੈ ਤੇ ਚੰਗੇ ਕਰਮਾਂ ਦਾ ਫਲ ਚੰਗਾ ਹੁੰਦਾ ਹੈ ; ਜਿਵੇਂ ਪੁਰਾਣਾਂ ਦੀਆਂ ਪ੍ਰਚੱਲਤ ਸਾਖੀਆਂ, ਬਤੌਰ ਉਦਾਹਰਣਾਂ ਦੇ ਕੇ, ਉਨ੍ਹਾਂ ਨੇ ਕੋਈ ਸਿੱਖਿਆ ਦ੍ਰਿੜ੍ਹ ਕਰਾਉਣੀ ਹੁੰਦੀ ਸੀ ਅਤੇ ਸਾਖੀਆਂ ਦੇ ਸੱਚ ਜਾਂ ਝੂਠ ਦੀ ਕੋਈ ਜ਼ਿੰਮੇਵਾਰੀ ਉਨ੍ਹਾਂ ਦੀ ਨਹੀਂ ਹੋ ਜਾਂਦੀ ਸੀ, ਤਿਵੇਂ ਲੇਖੇ ਲਿਖੇ ਜਾਣ ਤੇ ਉਹਨਾਂ ਅਨੁਸਾਰ ਫਲ ਪ੍ਰਾਪਤ ਹੋਣੇ ਦੱਸ ਕੇ ਇਹ ਖ਼ਿਆਲ ਦੇਣਾ ਹੁੰਦਾ ਸੀ ਕਿ ਹਰ ਕੋਈ ਆਪਣੇ ਕੀਤੇ ਕਰਮਾਂ ਦਾ ਜ਼ਿੰਮੇਵਾਰ ਆਪ ਬਣੇ ; ਕਿਉਂਕਿ ਹਰ ਕਿਸੇ ਨੇ ਆਪਣੇ ਕਰਮਾਂ ਦਾ ਫਲ ਵੀ ਆਪ ਹੀ ਭੋਗਣਾ ਹੈ ; ਪਰ ਉਹ ਕਿਵੇਂ ਭੋਗਣਾ ਹੁੰਦਾ ਹੈ ? ਇਸ ਦੀ ਵਿਆਖਿਆ ਪਹਿਲਾਂ ਹੀ ਪੇਸ਼ ਕੀਤੀ ਜਾ ਚੁੱਕੀ ਹੈ , ਵੇਖੋ



**"ਕਰਣੀ ਕਾਗਦ ਮਨੁ ਮਸਵਾਣੀ..."**)।

ਯਾਦ ਰਹੇ ਕਿ ਮਹਾਂਪੁਰਸ਼ ਸਦਾ ਲੋਕਾਂ ਦੀ ਬੋਲੀ ਵਿਚ ਹੀ ਆਪਣੇ ਖ਼ਿਆਲ ਦੱਸਦੇ ਆਏ ਹਨ—ਐਸੀ ਬੋਲੀ ਜਿਸ ਨੂੰ ਆਮ ਲੋਕ ਛੇਤੀ ਨਾਲ ਸਮਝ ਸਕਣ । ਸਪਾਈਨੋਜ਼ਾ ਵਿਦਵਾਨ ਆਪ ਭਾਵੇਂ ਯਹੂਦੀ ਸਨ ਪਰ ਉਹਨਾਂ ਨੂੰ ਆਪਣੇ ਮਤਿ ਤੇ ਈਸਾਈ ਮਤਿ ਵਿਚ ਕੋਈ ਬੁਨਿਆਦੀ ਫ਼ਰਕ ਨਹੀਂ ਸੀ ਦਿਸਦਾ , ਭਾਵੇਂ ਉਸ ਸਮੇਂ ਦੇ ਆਮ ਯਹੂਦੀ ਤੇ ਈਸਾਈ ਇਕ ਦੂਜੇ ਦੀ ਜਾਨ ਦੇ ਤਿਹਾਏ ਬਣੇ ਹੋਏ ਸਨ । ਫਿਰ ਵੀ ਉਹ ਗ਼ੈਰ-ਜ਼ਰੂਰੀ ਚੀਜ਼ਾਂ ਨੂੰ ਕੋਈ ਅਹਿਮੀਅਤ ਨਹੀਂ ਸੀ ਦਿੰਦੇ । ਇਸੇ ਲਈ ਹੀ ਉਨ੍ਹਾਂ ਨੂੰ ਨਵੀਂ ਤੇ ਪੁਰਾਣੀ ਟੈਸਟੇਮੈਂਟ ਵਿਚ ਵੀ ਕੋਈ ਫ਼ਰਕ ਨਹੀਂ ਸੀ ਦਿੱਸਦਾ । ਉਹ ਕਹਿੰਦੇ ਸਨ:-

"The language of the Bible is deliberately metaphorical of allegorical. It adopts to the capacities of the popular mind and talks in their language. Certain things are stated merely as a concession to the understanding of the people and their imperfect knowledge."

ਅਰਥਾਤ—"ਅੰਜੀਲ ਦੀ ਬੋਲੀ ਜਾਣ ਬੁੱਝ ਕੇ ਅਲੰਕਾਰਾਂ ਤੇ ਤਸ਼ਬੀਹਾਂ ਪੂਰਤ ਰੱਖੀ ਗਈ ਹੈ । ਉਸ ਨੂੰ ਆਮ ਲੋਕਾਂ ਦੀ ਸਮਝ ਸਕਤੀ ਅਨੁਸਾਰ ਢਾਲਿਆ ਤੇ ਉਹਨਾਂ ਦੀ ਬੋਲੀ ਵਿਚ ਹੀ ਦੱਸਿਆ ਗਿਆ ਹੈ । ਕਈ ਗੱਲਾਂ ਕੇਵਲ ਉਹਨਾਂ ਦੀ ਸਮਝ ਤੇ ਅਪੂਰਨ ਜਾਣਕਾਰੀ ਨੂੰ ਮੁੱਖ ਰੱਖ ਕੇ ਕਹੀਆਂ ਗਈਆਂ ਹਨ ।"

ਇਸੇ ਤਰ੍ਹਾਂ ਹੀ ਸੰਤਾਯਾਨਾ ਨੇ ਵੀ ਕਿਹਾ ਹੈ :

"The idea that religion contains a literal and not symbolic representation of truth is an impossible idea. We should rather honour the piety and understand the poetry embodied in the fables."

ਅਰਥਾਤ—"ਧਰਮ ਦੀਆਂ ਸੱਚਾਈਆਂ ਦੱਸਣ ਲਈ ਜੋ ਚਿੰਨ੍ਹ ਵਰਤੇ ਜਾਂਦੇ ਹਨ ਉਹਨਾਂ ਦਾ ਨਿਰਾ ਅੱਖਰੀ ਭਾਵ ਲੈਣਾ ਇਕ ਅਣਹੋਣਾ ਵਿਚਾਰ ਹੈ। ਸਗੋਂ ਕਹਾਣੀਆਂ ਦੇ ਪਿੱਛੇ ਜੋ ਪਵਿੱਤਰ ਭਾਵਨਾ ਹੈ ਉਸ ਦੀ ਕਦਰ ਕਰਨੀ ਤੇ ਕਾਵਿ-ਰਚਨਾ ਦੀ ਖ਼ੂਬਸੂਰਤੀ ਲੱਭਣੀ ਚਾਹੀਦੀ ਹੈ ।"

ਸੱਚੀ ਗੱਲ ਇਹ ਹੈ ਕਿ ਜਿਸ ਕਿਸੇ ਪਾਸ ਦੁਨੀਆਂ ਲਈ ਕੋਈ ਪੈਗ਼ਾਮ ਹੁੰਦਾ ਹੈ ਉਹ ਉਸ ਨੂੰ ਇਸ ਤਰ੍ਹਾਂ ਦੇਣਾ ਚਾਹੁੰਦਾ ਹੈ ਕਿ ਇਸ ਨੂੰ ਸਮਝਣਾ ਦੁਨੀਆਂ ਲਈ ਵਧੇਰੇ ਆਸਾਨ ਹੋ ਜਾਏ। ਪਰ ਜਦੋਂ ਦੁਨੀਆਂ ਨਿਰੇ ਅੱਖਰੀ ਅਰਥਾਂ ਵਿਚ ਪੈ ਜਾਂਦੀ ਹੈ ਤੇ ਅਸਲ ਸਪਿਰਿਟ ਲਾਂਭੇ ਰਹਿ ਜਾਂਦੀ ਹੈ ਤਾਂ ਸਮਝੋ ਕਿ ਉਹ ਕੁਰਾਹੇ ਪੈ ਗਈ ਹੈ। ਲਿਖੇ ਲਿਖਾਏ ਲੇਖਾਂ 'ਤੇ ਵਿਸ਼ਵਾਸ ਬਣਾਉਣੇ, ਗ਼ੈਬੀ ਦੇਵਤਿਆਂ ਤੇ ਫ਼ਰਿਸ਼ਤਿਆਂ ਦੇ ਹੱਥਾਂ ਵਿਚ ਕਿਸਮਤਾਂ ਮੰਨਣੀਆਂ ਤੇ ਉਹਨਾਂ ਨੂੰ ਬਦਲਣ ਲਈ ਹਵਨ ਪੁੰਨ ਕਰਨੇ ਕਰਾਣੇ ਅਤੇ ਜੋਤਸ਼ੀਆਂ, ਪੰਡਤਾਂ, ਨਜੂਮੀਆਂ ਤੇ ਹੱਥ ਵੇਖਣ ਵਾਲਿਆਂ ਦੇ ਮਗਰ ਮਗਰ ਪਾਗਲ ਹੋਏ ਫਿਰਨਾ ਆਦਿਕ ਕਈ ਭਰਮ ਵਹਿਮ ਹਨ, ਜਿਨ੍ਹਾਂ ਦਾ ਸ਼ਿਕਾਰ ਦੁਨੀਆਂ ਇਸੇ ਕਾਰਨ ਹੋ ਜਾਂਦੀ ਹੈ । ਅਜੇ ਇਹ ਗੱਲ ਵੀ ਬਹੁਤ ਪੁਰਾਣੀ ਨਹੀਂ ਹੋਈ ਕਿ ਅਸ਼ਟਾਗ੍ਰਹ ਦੇ ਸਮੇਂ ਭਾਰਤ ਦੇ ਕਈ ਲੋਕ ਦੇਸ਼ ਦੀ ਸ਼ਕਤੀ, ਧਨ ਤੇ ਸਮਾਂ, ਪਾਗਲਾਂ ਦੀ ਤਰ੍ਹਾਂ ਬਰਬਾਦ ਕਰਦੇ ਰਹੇ ਤੇ ਭਾਰਤ ਦੂਜੇ ਦੇਸ਼ਾਂ ਲਈ ਮਖੌਲ ਬਣਿਆ ਰਿਹਾ । ਇਸ ਕਿਸਮ ਦੀ ਬੇਸਮਝੀ ਨੂੰ ਸਾਹਮਣੇ ਰੱਖ ਕੇ ਹੀ ਅੰਜੀਲ ਵਿਚ ਇਉਂ ਲਿਖਿਆ ਮਿਲਦਾ ਹੈ :-

"The letter killeth, it is the spirit that giveth life."

ਅਰਥਾਤ—"ਧਰਮ ਪੁਸਤਕਾਂ ਦਾ ਨਿਰਾ ਅੱਖਰੀ ਅਰਥ ਗੁਮਰਾਹ ਕਰ ਦਿੰਦਾ ਹੈ । ਅੱਖਰ ਦੇ ਪਿੱਛੇ ਜੋ ਭਾਵਨਾ ਹੁੰਦੀ ਹੈ, ਉਸ ਤੋਂ ਹੀ ਸਹੀ ਜੀਵਨ ਮਿਲਦਾ ਹੈ ।"

ਗੁਰੂ ਸਾਹਿਬ ਦੇ ਉਪਦੇਸ਼ ਦਾ ਖਾਸਾ ਵੀ ਇਹ ਸੀ ਕਿ ਜਿੱਥੇ ਅਸੂਲੀ ਇਖ਼ਤਲਾਫ਼ (Dispute)ਬੜੇ ਜ਼ੋਰ ਨਾਲ ਪੇਸ਼ ਕੀਤਾ ਗਿਆ ਹੁੰਦਾ ਸੀ ਉੱਥੇ ਗ਼ੈਰ ਜ਼ਰੂਰੀ ਚੀਜ਼ਾਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਸੀ । ਮਿਸਾਲ ਲਈ, ਜਦ ਉਹਨਾਂ ਕੇਵਲ ਇਹ ਦੱਸਣਾ ਹੁੰਦਾ ਸੀ ਕਿ ਪਾਪਾਂ ਦਾ ਫਲ ਮਾੜਾ ਹੈ, ਤਾਂ ਉਹਨਾਂ ਲਈ ਇਹ ਗੱਲ ਕਹਿਣੀ ਗ਼ੈਰ-ਜ਼ਰੂਰੀ ਹੋ ਜਾਂਦੀ ਸੀ ਕਿ ਫਲ ਅਜ਼ਰਾਈਲ ਰਾਹੀਂ ਪਾਈਦਾ ਹੈ ਜਾਂ ਧਰਮਰਾਜ ਰਾਹੀਂ ਜਾਂ ਇਹਨਾਂ ਤੋਂ ਵੀ ਵੱਖਰਾ ਕਿਸੇ ਹੋਰ ਤਰ੍ਹਾਂ ਨਾਲ । ਇਸ ਤਰ੍ਹਾਂ ਹੀ ਜਮੂਦਤਾਂ ਵੱਲੋਂ ਨਰਕਾਂ ਵਿਚ ਸੁੱਟੇ ਜਾਣ ਜਾਂ ਦੋਜ਼ਖ ਦੀ ਅੱਗ ਵਿਚ ਸੜ ਕੇ ਦੁੱਖ ਪਾਉਣ ਦੇ ਜ਼ਿਕਰਾਂ ਨੂੰ ਵੀ ਇਹਨਾਂ ਦੇ ਪਿੱਛੇ ਛਿਪੇ ਭਾਵ ਜਾਂ ਸਪਿਰਿਟ ਨੂੰ ਹੀ ਗ੍ਰਹਿਣ ਕਰਾਣਾ



ਮਨੋਰਥ ਹੁੰਦਾ ਹੈ ਤੇ ਉਹ ਇਹ ਹੈ ਕਿ ਮਾੜੇ ਕਰਮਾਂ ਤੋਂ ਦੁੱਖ ਨਿਕਲਦਾ ਹੈ ਤੇ ਚੰਗੇ ਕਰਮਾਂ ਤੋਂ ਸੁਖ । ਅਸੀਂ ਪਿੱਛੇ ਵੇਖਿਆ ਹੀ ਹੈ ਕਿ ਬੁਨਿਆਦੀ ਤੌਰ 'ਤੇ ਇਸ ਗੱਲ ਨੂੰ ਕਈ ਥਾਈਂ ਸਪੱਸ਼ਟ ਵੀ ਕਰ ਦਿੱਤਾ ਗਿਆ ਹੈ ਕਿ ਹਰ ਮਨੁੱਖ ਆਪਣੇ ਕਰਮਾਂ ਦਾ ਅਸਰ ਆਪਣੇ ਅੰਦਰ ਦਾਖ਼ਲ ਕਰ ਰਿਹਾ ਹੁੰਦਾ ਹੈ ਜੋ ਉਸ ਦੀ ਕ੍ਰਿਤ ਹੋ ਕੇ ਉਸ ਨੂੰ ਚੰਗਾ ਜਾਂ ਮੰਦਾ ਬਣਾ ਰਹੀ ਹੁੰਦੀ ਹੈ ਤੇ ਇਹੋ ਵਾਸਤਵ ਵਿਚ ਕਰਮਾਂ ਦਾ ਫਲ ਭੋਗਣਾ ਹੈ । ਇਸ ਤਰ੍ਹਾਂ ਨਾਲ ਮਾੜੀ ਕਿਰਤ ਦੇ ਅਧੀਨ ਰਹਿੰਦਾ ਹੋਇਆ ਜੀਵ ਜੋ ਕਰਮ ਕਰਦਾ ਹੈ ਉਸ ਤੋਂ ਦੁੱਖ ਜਾਂ ਬੁਰਾਈ ਨਿਕਲਦੀ ਹੈ । ਇਸੇ ਕਿਰਤ ਦੇ ਫਲ ਨੂੰ ਪਿੱਛੇ ਭੱਠੀ ਦੇ ਜਾਲ ਦੇ ਦ੍ਰਿਸ਼ਟਾਂਤਾਂ ਨਾਲ ਸਮਝਾਇਆ ਵੀ ਗਿਆ ਸੀ । ਆਰੰਭ ਵਿਚ ਆਏ ਸ਼ਬਦ ਦੀ ਪਹਿਲੀ ਸਤਰ ਵਿਚ ਵੀ ਇਸੇ ਵਿਚਾਰ ਨੂੰ ਥੋੜ੍ਹੇ ਸ਼ਬਦਾਂ ਵਿਚ ਇਉਂ ਬਿਆਨ ਕੀਤਾ ਗਿਆ ਸੀ :-

**"ਜੇਹੀ ਸੁਰਤਿ ਤੇਹਾ ਤਿਨ ਰਾਹੁ ॥" (ਅੰਗ ੨੪-੨੫)**

ਜਨਮਾਂ ਜਨਮਾਂ ਦੇ ਕੀਤੇ ਕਰਮ ਜੀਵ ਦੇ ਮਨ ਦੇ ਅੰਦਰਲੇ ਹਿੱਸੇ ਵਿਚ ਇਕੱਠੇ ਹੋਏ ਰਹਿੰਦੇ ਹਨ ਤੇ ਉਸ ਦੇ ਆ ਰਹੇ ਜੀਵਨ ਦਾ ਰਾਹ ਜਾਂ ਉਸ ਦਾ ਭਵਿੱਖਤ ਬਣਾਂਦੇ ਹਨ । ਫਿਰ ਇਹੋ ਕਰਮ ਹੀ ਉਸ ਦੇ ਆਵਾਗਵਨ ਦਾ ਕਾਰਨ ਬਣਦੇ ਹਨ :

**"ਲੇਖਾ ਇਕੋ ਆਵਹੁ ਜਾਹੁ ॥" (ਅੰਗ ੨੫)**

ਪ੍ਰਮਾਤਮਾ ਦੇ ਮਾਪ ਤੋਲ ਦਾ ਹਿਸਾਬ ਜਾਂ ਅਸੂਲ ਇਕ ਹੀ ਹੈ, ਜਿਸ ਅਨੁਸਾਰ ਸਭ ਦਾ ਲੇਖਾ ਲਿਖਿਆ ਜਾਂਦਾ ਹੈ ਤੇ ਇਹ ਅਸੂਲ ਏਨਾ ਅਭੁੱਲ ਹੈ ਕਿ ਗ਼ਲਤੀ ਕਿਤੇ ਲੱਗ ਹੀ ਨਹੀਂ ਸਕਦੀ । ਕੱਚ ਪਕਾਈ ਦਾ ਠੀਕ ਨਿਰਣਾ ਇਸ ਅਸੂਲ ਜਾਂ ਇਸ ਨੇਮ ਅਨੁਸਾਰ ਹੀ ਹੋ ਜਾਂਦਾ ਹੈ ਤੇ ਫਿਰ ਉਸ ਹਿਸਾਬ ਦੇ ਮੁਤਾਬਕ ਜੀਵ, ਜਨਮ ਮਰਨ ਦੇ ਗੇੜਿਆਂ ਵਿਚ ਪੈ ਜਾਂਦਾ ਹੈ ।

ਗੁਰੂ ਸਾਹਿਬ ਇਸ ਬੇਲੋੜੀ ਬਹਿਸ ਵਿਚ ਨਹੀਂ ਪੈਂਦੇ ਕਿ ਕਰਮ ਪਹਿਲਾਂ ਸਨ ਜਾਂ ਜਨਮ ਪਹਿਲਾਂ ਹੋਇਆ ਸੀ । ਇਹ ਪਰਾਭੌਤਿਕ ਮਸਲੇ ਹਨ, ਜਿਨ੍ਹਾਂ ਦਾ ਮਨੁੱਖ ਦੇ ਚੱਲ ਰਹੇ ਜੀਵਨ ਨਾਲ ਕੋਈ ਸੰਬੰਧ ਨਹੀਂ ਹੁੰਦਾ। ਕੋਈ ਦੱਸ ਸਕਦਾ ਹੈ ਕਿ ਜਨਮ ਤੋਂ ਬਿਨਾਂ ਕਰਮ ਕਿਵੇਂ ਹੋਏ ਸਨ ਤੇ ਜੇ ਕਰਮ ਹੀ ਜਨਮ ਮਰਨ ਦਾ ਕਾਰਨ ਸਨ ਤਾਂ ਕਰਮ ਪਹਿਲਾਂ ਕਿਵੇਂ ਹੋਏ ਸਨ? ਕਬੀਰ ਜੀ ਇਸ ਦਾ ਉੱਤਰ ਇਉਂ ਪੁੱਛਦੇ ਹਨ :-

**"ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥"**

**ਗੋਂਡ ਕਬੀਰ ਜੀ ॥ (ਅੰਗ ੮੭੦)**

ਅਰਥਾਤ—"ਜੇ ਤੁਸੀਂ ਇਹ ਸਮਝਦੇ ਹੋ ਕਿ ਜੀਵ ਕਰਮਾਂ ਦਾ ਬੱਧਾ ਹੈ ਤਾਂ ਉਸ ਨੂੰ ਪਹਿਲੇ ਪਹਿਲ ਕਰਮ ਕਿੱਥੋਂ ਮਿਲੇ ਸਨ ?"

ਇਹ ਤਾਂ ਉਸੇ ਤਰ੍ਹਾਂ ਦੀ ਨਾ ਮੁੱਕਣ ਵਾਲੀ ਗੱਲ ਹੈ, ਜਿਵੇਂ ਕੋਈ ਇਸ ਗੱਲ ਦਾ ਉੱਤਰ ਮੰਗੇ ਕਿ ਪਹਿਲਾਂ ਕੁੱਕੜੀ ਸੀ ਕਿ ਅੰਡਾ ਸੀ ? ਮਹਾਰਾਜ ਸਮਝਾਉਂਦੇ ਹਨ ਕਿ ਇਹ ਪਰਾਭੌਤਿਕ ਮਸਲੇ ਹਨ, ਜਿਨ੍ਹਾਂ ਦਾ ਕੋਈ ਉੱਤਰ ਨਹੀਂ ਹੋ ਸਕਦਾ । ਇਹਨਾਂ ਮਸਲਿਆਂ ਨੂੰ ਛੱਡ ਕੇ ਮਨੁੱਖਾਂ ਦੇ ਪਿੱਛੇ ਕੀਤੇ ਕਰਮਾਂ ਵੱਲ ਧਿਆਨ ਕਰੋ, ਜੋ ਹੁਣ ਉਹਨਾਂ ਲਈ ਆਵਗਵਨ ਦਾ ਕਾਰਨ ਬਣੇ ਹੋਏ ਹਨ । ਕਰਮਾਂ ਦੇ ਆਪਣੇ ਨਿਯਮਾਂ ਅਨੁਸਾਰ ਜੀਵ ਓਹੋ ਜਨਮ ਲੈਂਦਾ ਲੱਗਦਾ ਹੈ ਜੋ ਉਸ ਦੀ ਕਿਰਤ ਨੂੰ ਪਰਵਾਣ ਹੁੰਦਾ ਹੈ ਤੇ ਜਿਸ ਰਾਹੀਂ ਉਸ ਦੇ ਸੁਭਾਉ ਦੀ ਪੂਰਤੀ ਹੋ ਜਾਂਦੀ ਹੈ ।

ਕ੍ਰਿਤ ਦੇ ਬੱਧੇ ਜੀਵ ਨੂੰ ਕਸ਼ਟ ਉਠਾਉਂਦੇ ਵੇਖ ਕੇ ਮਹਾਰਾਜ ਦੇ ਕੋਮਲ ਹਿਰਦੇ ਤੋਂ ਇਹ ਤੜਪ ਉੱਠਦੀ ਹੈ :-

**"ਤੇਰੇ ਜੀਅ ਜੀਆ ਕਾ ਤੋਹਿ ॥**

**ਕਿਤ ਕਉ ਸਾਹਿਬ ਆਵਹਿ ਰੋਹਿ ॥" (ਅੰਗ ੨੫)**

ਇਹ ਕਹਿੰਦਿਆਂ ਸਾਰ ਹੀ ਉਹਨਾਂ ਦੇ ਸਾਹਮਣੇ ਇਕ ਹੋਰ ਸੱਚਾਈ ਆ ਖੜੋਂਦੀ ਹੈ ; ਉਹ ਵੇਖ ਲੈਂਦੇ ਹਨ ਕਿ ਪ੍ਰਮਾਤਮਾ ਤਾਂ ਨਿਰੀ ਮਿਹਰ ਦਾ ਹੀ ਘਰ ਹੈ । ਉਸ ਦੀ ਮਿਹਰ ਤੋਂ ਬਿਨਾਂ ਕੁਝ ਹੋਰ ਨਿਕਲ ਹੀ ਕਿਵੇਂ ਸਕਦਾ ਹੈ ? ਇਸ ਲਈ ਝੱਟ ਬੋਲ ਉੱਠਦੇ ਹਨ :-

**"ਅਸੀ ਬੋਲਵਿਗਾੜ ਵਿਗਾੜਹ ਬੋਲ ॥**

**ਤੂ ਨਦਰੀ ਅੰਦਰਿ ਤੋਲਹਿ ਤੋਲ ॥" (ਅੰਗ ੨੫)**

ਪਾਠਕ ਵੇਖ ਸਕਦੇ ਹਨ ਕਿ ਗੁਰੂ ਜੀ ਦੇ ਮਨ ਅੰਦਰ, ਜਿਵੇਂ ਜਿਵੇਂ ਫੁਰਨੇ ਉੱਠਦੇ ਹਨ ਤਿਵੇਂ ਤਿਵੇਂ ਬਾਹਰ ਆਉਂਦੇ ਜਾਂਦੇ ਹਨ ਤੇ ਕਈ ਵਾਰ ਦੋ ਜ਼ਾਹਿਰਾ ਵਿਰੋਧੀ ਵਿਚਾਰ ਸਾਹਮਣੇ ਆ ਜਾਂਦੇ ਦਿਸਦੇ ਹਨ । ਏਥੇ ਉਹਨਾਂ ਦੇ ਸਾਹਮਣੇ ਇਹ ਤਸਵੀਰ ਵੀ ਆ ਗਈ ਹੈ ਕਿ ਅਸੀਂ ਜੀਵ ਬੋਲ-ਵਿਗਾੜ ਹਾਂ ਜੋ ਆਪਣੀ ਜਾਣਕਾਰੀ ਦੇ ਘਾਟੇ ਦੇ ਕਾਰਨ ਪ੍ਰਮਾਤਮਾ ਦੇ ਵਿਸਮਾਦੀ ਹੁਕਮ ਦੀ ਪਛਾਣ ਨਹੀਂ ਕਰਦੇ ਤੇ ਉਸ ਨੂੰ ਉਲਾਂਭੇ ਦਿੰਦੇ ਰਹਿੰਦੇ ਹਾਂ । ਮਿਸਾਲ



ਲਈ, ਜੋ ਮਨੁੱਖ ਨਿਰਾ ਖਾਣ ਪੀਣ ਦੇ ਆਹਰਾਂ ਵਿਚ ਰਹਿੰਦਾ ਹੈ ਉਸ ਦਾ ਜੀਵਨ ਗ਼ੈਰ-ਕੁਦਰਤੀ ਹੋ ਜਾਂਦਾ ਹੈ, ਜਿਸ ਵਿਚੋਂ ਦੁੱਖ ਤੇ ਰੋਗ ਨਿਕਲਣੇ ਅਵੱਸ਼ ਹੁੰਦੇ ਹਨ, ਪਰ ਉਹ ਰੋਗਾਂ ਦੇ ਕਾਰਨਾਂ ਨੂੰ ਬਾਹਰ ਢੂੰਡਦਾ ਫਿਰਦਾ ਹੈ। ਉਸ ਨੂੰ ਇਹ ਭੁੱਲ ਜਾਂਦਾ ਹੈ ਕਿ ਇਸ ਦਾ ਜ਼ਿੰਮੇਵਾਰ ਉਹ ਖ਼ੁਦ ਆਪ ਹੈ । ਆਪਣੀ ਬੇਸਮਝੀ ਦੇ ਕਾਰਨ ਉਹ ਗਿਲੇ ਕਰਦਾ ਹੈ ਤੇ ਆਪਣੀ ਕਿਸਮਤ ਜਾਂ ਆਪਣੇ ਕਰਮਾਂ ਨੂੰ ਗਾਲ੍ਹਾਂ ਵੀ ਕੱਢਦਾ ਰਹਿੰਦਾ ਹੈ । ਉਸ ਨੂੰ ਇਹ ਵੀ ਭੁੱਲ ਜਾਂਦਾ ਹੈ ਕਿ ਉਸ ਲਈ ਇਹ ਕੋਈ ਬਿਪਤਾ ਨਹੀਂ ਸੀ ਆਈ ਸਗੋਂ ਉਸ ਦੇ ਰੋਗਾਂ ਨੂੰ ਕੱਟਣ ਲਈ ਜ਼ਰੂਰੀ ਸੀ ਤੇ ਇਸ ਨੂੰ ਵੀ ਰੱਬ ਦੀ ਮਿਹਰ ਹੀ ਸਮਝਣਾ ਚਾਹੀਦਾ ਹੈ । ਬੇਸੁਰੇ ਭੋਗ ਭੋਗਣ ਨਾਲ ਜੋ ਜ਼ਹਿਰ ਅੰਦਰ ਪੈਦਾ ਹੋ ਗਿਆ ਸੀ ਉਸ ਨੂੰ ਕੱਟਣ ਦਾ ਪ੍ਰਬੰਧ ਹਰੀ ਦੀ ਕੁਦਰਤ ਨੇ ਆਪ ਕੀਤਾ ਹੋਇਆ ਹੈ। ਇਸ ਜ਼ਹਿਰ ਨੂੰ ਕੱਢਣ ਸਮੇਂ, ਪੀੜ ਜ਼ਰੂਰ ਹੁੰਦੀ ਹੈ ; ਪਰ ਇਹ ਪੀੜ ਹੈ ਉਸ ਦੀ ਆਪਣੀ ਗ਼ਲਤੀ ਦਾ ਨਤੀਜਾ । ਜਿਸ ਨੂੰ ਉਹ ਪੀੜ ਕਹਿੰਦਾ ਹੈ, ਗੁਰੂ ਸਾਹਿਬ ਉਸੇ ਨੂੰ ਰੱਬ ਦੀ ਮਿਹਰ ਕਹਿੰਦੇ ਹਨ। ਫੋੜਿਆਂ, ਬੁਖ਼ਾਰ ਤੇ ਜ਼ੁਕਾਮ ਆਦਿਕ ਰਾਹੀਂ ਇਹ ਜ਼ਹਿਰ ਬਾਹਰ ਕੱਢ ਦਿੱਤਾ ਜਾਂਦਾ ਹੈ; ਪਰ ਅਣਜਾਣ ਜੀਵ ਫੋੜੇ ਤੇ ਜ਼ੁਕਾਮ ਨੂੰ ਵੇਖਦਾ ਰਹਿੰਦਾ ਹੈ ਜਾਂ ਕਿਸੇ ਆਏ ਰੋਗ ਦੀ ਤੜਫਾਣ ਤੇ ਦੁੱਖ ਦੇਣ ਵਾਲੇ ਪਹਿਲੂ ਵੱਲ ਹੀ ਨਜ਼ਰ ਰੱਖਦਾ ਹੈ ਤੇ ਉਸ ਦੇ ਕਾਰਨ ਤੇ ਅੰਤਮ ਸ਼ਕਲ ਵੱਲ ਉਸ ਦਾ ਧਿਆਨ ਹੀ ਨਹੀਂ ਜਾਂਦਾ। ਜਦ ਮਾਂ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਉਸ ਸਮੇਂ ਦੀਆਂ ਪੀੜਾਂ ਕੁਦਰਤ ਦੇ ਕਾਨੂੰਨ ਅਨੁਸਾਰ ਹਨ, ਬੁਰਾਈ ਨਹੀਂ ; ਇਹਨਾਂ ਪੀੜਾਂ ਤੋਂ ਹੀ ਇਕ ਸੁੰਦਰ ਰਚਨਾ ਰਚੀ ਜਾ ਰਹੀ ਹੁੰਦੀ ਹੈ । ਉਹ ਪ੍ਰਮਾਤਮਾ ਸਭ ਜੀਵਾਂ ਦੀਆਂ ਲੋੜਾਂ ਨੂੰ ਜਾਣਦਾ ਹੈ ਤੇ ਉਹਨਾਂ ਦੀ ਪੂਰਤੀ ਆਪਣੇ ਕਾਨੂੰਨਾਂ ਅਨੁਸਾਰ ਕਰਦਾ ਹੈ। ਸੋ, ਇਕ ਪਾਸੇ '**ਜੇਹਾ ਬੀਜੈ ਸੋ ਲੁਣੇ**' ਦਾ ਅਸੂਲ ਚੱਲ ਰਿਹਾ ਹੁੰਦਾ ਹੈ ਤੇ ਦੂਜੇ ਪਾਸੇ ਉਸ ਦੀ ਦਇਆ ਜਾਂ ਕਰਮ (ਬਖ਼ਸ਼ਿਸ਼) ਅਮਲ ਵਿਚ ਲਿਆਂਦੀ ਗਈ ਹੁੰਦੀ ਹੈ । ਇਸ ਲਈ ਜੀਵਾਂ ਨੂੰ ਉਹਨਾਂ ਦੇ ਕੀਤੇ ਕਰਮਾਂ ਦਾ ਫਲ ਉਸ ਦੀ ਮਿਹਰ ਹੈ, ਉਹਨਾਂ ਨਾਲ ਕੋਈ ਧੱਕਾ ਨਹੀਂ। ਉਸ ਦਾ ਇਨਸਾਫ਼ ਤੇ ਉਸ ਦੀ ਬਖ਼ਸ਼ਿਸ਼ ਇਕੱਠੇ ਚੱਲ ਰਹੇ ਹੁੰਦੇ ਹਨ । ਭੁਲੇਖਾ ਉਦੋਂ ਲੱਗਦਾ ਹੈ ਜਦੋਂ ਇਹ ਬਖ਼ਸ਼ਿਸ਼ ਕੋਈ ਭਿਆਨਕ ਰੂਪ ਧਾਰਦੀ ਹੈ ; ਜਿਵੇਂ ਕਦੇ ਕਦੇ ਇਹ ਕੱਟ-ਵੱਢ ਦੀ ਸ਼ਕਲ ਲੈ ਲੈਂਦੀ ਹੈ । ਜੇ ਰੋਗੀ ਨੂੰ ਬਚਾਣ ਲਈ ਉਸ ਦਾ ਹੱਥ ਕੱਟਣਾ ਪੈ ਜਾਏ ਤਾਂ ਇਸ ਨੂੰ ਕੋਈ ਜ਼ੁਲਮ ਤਾਂ

ਨਹੀਂ ਕਹਿੰਦਾ । ਕਿਸੇ ਕਾਤਲ ਨੂੰ ਡੰਨ ਦੇਣਾ ਉਸ ਦੇ ਕੀਤੇ ਦਾ ਫਲ ਵੀ ਹੈ ਤੇ ਉਸ ਦੇ ਸੁਧਾਰ ਲਈ ਜ਼ਰੂਰੀ ਹੋਣ ਕਰਕੇ ਉਸ 'ਤੇ ਦਇਆ ਵੀ ਹੈ; ਨਹੀਂ ਤਾਂ ਉਹ ਕਈਆਂ ਹੋਰਨਾਂ ਨੂੰ ਮਾਰੇਗਾ ਤੇ ਆਪਣੀ ਆਤਮਾ ਨੂੰ ਵੀ ਮਲੀਨ ਕਰਦਾ ਜਾਏਗਾ । ਡਾਕਟਰ ਦੀ ਦਵਾਈ ਕੌੜੀ ਹੋ ਸਕਦੀ ਹੈ ਤੇ ਇਸ ਨੂੰ ਮਰੀਜ਼ ਕਈ ਵਾਰ ਲਾਹਨਤ ਵੀ ਸਮਝ ਲੈਂਦਾ ਹੈ ਪਰ ਇਹੋ ਦਵਾਈ ਉਸ ਦੇ ਰੋਗ ਕੱਟ ਕੇ ਉਸ ਨੂੰ ਨਵਾਂ ਤੇ ਤਾਜ਼ਾ ਵੀ ਕਰ ਦਿੰਦੀ ਹੈ । ਮਾਂ ਦੀ ਚਪੇੜ ਪਿਆਰ ਤੋਂ ਵੀ ਨਿਕਲ ਸਕਦੀ ਹੈ ਜੋ ਬੱਚੇ ਦੇ ਸੁਧਾਰ ਦਾ ਕਾਰਨ ਬਣਦੀ ਹੈ। ਇਸ ਲਈ ਦੁੱਖ ਇਕ ਤਰ੍ਹਾਂ ਦਾਰੂ ਹੈ । ਰੱਬ ਦੀ ਵਿਸ਼ਾਲ ਰਚਨਾ ਵਿਚ ਦੁੱਖਾਂ ਤੇ ਕਸ਼ਟਾਂ ਦੀ ਵੀ ਕੋਈ ਜ਼ਰੂਰੀ ਥਾਂ ਹੁੰਦੀ ਹੈ । ਇਹ ਗੱਲ ਵੱਖਰੀ ਹੈ ਕਿ ਇਨਸਾਨ ਦੀ ਮਹਿਦੂਦ ਨਜ਼ਰ ਸਾਰੀ ਤਸਵੀਰ ਨੂੰ ਵੇਖ ਨਹੀਂ ਸਕਦੀ। ਉਹ ਆਪਣੀ ਤੁੱਛ ਸਮਝ ਅਨੁਸਾਰ ਕੁਦਰਤ ਦੀ ਬੇਅੰਤ ਤੇ ਅਸਰਚਜ ਖੇਡ ਨੂੰ ਆਪਣੀਆਂ ਖ਼ੁਦਗਰਜ਼ੀਆਂ ਦੇ ਅਧੀਨ ਚਲਾਉਣਾ ਚਾਹੁੰਦਾ ਹੈ ਤੇ ਜਦ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਇਸ ਨੂੰ ਅਨਿਆਇ ਸਮਝ ਲੈਂਦਾ ਹੈ । ਉਸ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਉਸ ਲਈ ਕਿਹੜੀ ਚੀਜ਼ ਚੰਗੀ ਹੈ ਤੇ ਕਿਹੜੀ ਮਾੜੀ ਹੈ । ਕਿਸੇ ਵੇਲੇ ਜਿਸ ਚੀਜ਼ ਨੂੰ ਉਹ ਬਹੁਤ ਕੀਮਤੀ ਸਮਝ ਕੇ ਉਸ ਦੀ ਪ੍ਰਾਪਤੀ ਲਈ ਤਰਲੇ ਲੈਂਦਾ ਫਿਰਦਾ ਸੀ, ਉਹੋ ਚੀਜ਼ ਦੂਜੇ ਵੇਲੇ ਲਾਹਨਤ ਸਾਬਤ ਹੋ ਜਾਂਦੀ ਹੈ । ਮਨ ਦੀ ਕਿਸੇ ਵੈਰਾਗ-ਭਰੀ ਹਾਲਤ ਵਿਚ ਰਾਗ ਬੜਾ ਸੁਖਦਾਈ ਹੁੰਦਾ ਹੈ, ਪਰ ਉਹੋ ਰਾਗ ਦੁੱਖ ਸਮੇਂ ਕੌੜਾ ਹੋ ਦਿੱਸਦਾ ਹੈ । ਸੋਹਣੀ ਜਾਂ ਕੋਝੀ, ਚੰਗੀ ਜਾਂ ਮੰਦੀ ਚੀਜ਼ਾਂ ਦੇ ਤਸੱਵਰ ਮਨੁੱਖ ਦੀ ਆਪਣੀ ਆਪਣੀ ਹਾਲਤ ਅਨੁਸਾਰ ਬਣਦੇ ਤੇ ਬਦਲਦੇ ਰਹਿੰਦੇ ਹਨ । ਫ਼ਿਲਾਸਫ਼ਰ ਸਪਾਈਨੋਜ਼ਾ ਨੇ ਠੀਕ ਕਿਹਾ ਸੀ ਕਿ ਹਰ ਮਨੁੱਖ ਆਪਣੀ ਸਮਝ ਅਨੁਸਾਰ ਤੇ ਆਪਣੇ ਮਨ ਦੀ ਹਾਲਤ ਅਨੁਸਾਰ ਚੀਜ਼ਾਂ ਨੂੰ ਚੰਗਾ ਜਾਂ ਮੰਦਾ ਕਹਿੰਦਾ ਰਹਿੰਦਾ ਹੈ। ਐਨ ਇਸੇ ਤਰ੍ਹਾਂ ਹੀ ਉਸ ਦੇ ਦੁੱਖ-ਸੁੱਖ ਸੰਬੰਧੀ ਵਿਚਾਰ ਤੇ ਫ਼ੈਸਲੇ ਹੁੰਦੇ ਹਨ, ਜਿਨ੍ਹਾਂ ਨੂੰ ਉਹ ਆਪਣੇ ਦੁੱਖ ਕਹਿੰਦਾ ਹੈ, ਉਹਨਾਂ ਦੁੱਖਾਂ ਦੀ ਪੜਚੋਲ ਕੀਤਿਆਂ ਉਸ ਨੂੰ ਪਤਾ ਲੱਗ ਸਕਦਾ ਹੈ ਕਿ ਇਨ੍ਹਾਂ ਦੁੱਖਾਂ ਦਾ ਆਉਣਾ ਕੁਦਰਤੀ ਨਿਯਮਾਂ ਅਨੁਸਾਰ ਜ਼ਰੂਰੀ ਸੀ ਤੇ ਇਸ ਵਿਚ ਉਸ ਦੀ ਆਪਣੀ ਹੀ ਭਲਾਈ ਸੀ। ਜਿਵੇਂ ਇਕੱਲੇ ਇਕੱਲੇ ਮਨੁੱਖਾਂ ਦੇ ਜੀਵਨ ਵਿਚ ਦੁੱਖ ਉਹਨਾਂ ਦੀ ਭਲਾਈ ਲਈ ਆਉਂਦੇ ਹਨ—ਤਿਵੇਂ ਹੀ ਜਦ ਇਹ ਦੁੱਖ ਕੌਮਾਂ 'ਤੇ ਆਉਂਦੇ ਹਨ ਤਾਂ ਇਹਨਾਂ ਦਾ ਮੰਤਵ ਵੀ ਭਲਾਈ ਹੀ ਹੁੰਦਾ ਹੈ—ਨਿਰਜਿੰਦ ਹੋਈਆਂ



ਕੌਮਾਂ ਵਿਚ ਮੁੜ ਜ਼ਿੰਦਗੀ ਲਿਆਉਣ ਦਾ ਇਹ ਸਾਧਨ ਸਮਝਣਾ ਚਾਹੀਦਾ ਹੈ। ਜਦ ਏਮਨਾਬਾਦ ਦੀ ਕਤਲੇਆਮ ਹੋਈ ਸੀ ਤਾਂ ਦੁਨੀਆਂ ਹੈਰਾਨ ਹੋ ਕੇ ਪੁੱਛਦੀ ਸੀ ਕਿ ਰੱਬ ਹੈ ਜਾਂ ਨਹੀਂ—ਜੇ ਹੈ ਤਾਂ ਕੀ ਉਹ ਜ਼ਾਲਮਾਂ ਦੀ ਜਿੱਤ ਕਰਾਉਣ ਵਾਲਾ ਹੈ? ਪਰ ਗੁਰੂ ਜੀ ਨੇ ਪਹਿਲਾਂ ਹੀ ਕਹਿ ਦਿੱਤਾ ਹੋਇਆ ਸੀ ਕਿ ਹਿੰਦੀ ਮਰਨ ਦੇ ਰਾਹੇ ਜਾ ਰਹੇ ਹਨ । ਇਹ ਕੁਦਰਤ ਦਾ ਕਾਨੂੰਨ ਹੈ ਜਿਸ ਦੀ ਮਾਰ ਤੋਂ ਕੋਈ ਬਚ ਨਹੀਂ ਸਕਦਾ । ਰੱਬ ਦੀ ਕੁਦਰਤ ਆਪਣੀ ਸਾਰੀ ਖੇਡ, ਬੱਝਵੇਂ ਨੇਮਾਂ ਅਨੁਸਾਰ ਚਲਾ ਰਹੀ ਹੈ ; ਜਿਵੇਂ ਦਿਸਦੀ ਪਿਸਦੀ ਦੁਨੀਆਂ ਦੇ ਆਪਣੇ ਨੇਮ ਹਨ, ਤਿਵੇਂ ਇਖ਼ਲਾਕੀ ਜਾਂ ਆਤਮਿਕ ਦੁਨੀਆਂ ਦੇ ਵੀ ਆਪਣੇ ਆਪਣੇ ਨੇਮ ਹਨ। ਜੋ ਪੁਰਸ਼ ਇਹਨਾਂ ਨੇਮਾਂ ਨੂੰ ਤੋੜਦਾ ਹੈ ਉਸ ਨੂੰ ਉਹਨਾਂ ਹੀ ਨੇਮਾਂ ਅਧੀਨ ਸਜ਼ਾ ਮਿਲਦੀ ਹੈ, ਪਰ ਇਸ ਸਜ਼ਾ ਦੇ ਪਿੱਛੇ ਉਸ ਦੀ ਮਿਹਰ ਲੁਕੀ ਹੁੰਦੀ ਹੈ । ਇਹਨਾਂ ਨੇਮਾਂ ਨੂੰ ਭਾਵੇਂ ਕੋਈ ਠੀਕ ਸਮਝੇ ਜਾਂ ਗ਼ਲਤ, ਉਹ ਆਪਣੇ ਤਰੀਕੇ ਨਾਲ ਚੱਲਦੇ ਰਹਿੰਦੇ ਹਨ । ਜੋ ਮਨੁੱਖ ਆਪਣਾ ਜੀਵਨ ਉਹਨਾਂ ਨੇਮਾਂ ਅਨੁਸਾਰ ਜਾਂ ਰੱਬੀ ਹੁਕਮਾਂ ਅਨੁਸਾਰ ਕਰ ਲੈਂਦਾ ਹੈ ਉਸ ਨੂੰ ਸਭ ਸੁਖ ਪ੍ਰਾਪਤ ਹੋ ਜਾਂਦੇ ਹਨ । ਇਸੇ ਜੀਵਨ ਨੂੰ ਹੀ ਕੁਦਰਤੀ ਜੀਵਨ ਕਿਹਾ ਜਾਂਦਾ ਹੈ । ਇਸ ਜੀਵਨ ਵਿਚ ਜਿਊ ਕੇ ਹੀ ਪਤਾ ਲੱਗਦਾ ਹੈ ਕਿ ਆਵਾਗਵਨ ਵੀ ਰੱਬ ਦੀ ਇਕ ਭਾਰੀ ਮਿਹਰ ਕਹੀ ਜਾ ਸਕਦੀ ਹੈ । ਜੋ ਪੁਰਸ਼ ਆਪਣਾ ਜੀਵਨ ਵਿਅਰਥ ਗਵਾ ਬੈਠਦੇ ਹਨ, ਉਹਨਾਂ ਨੂੰ ਹੋਰ ਜਨਮ ਦੇ ਕੇ ਸੁਧਾਰ ਲਈ ਮੌਕਾ ਦੇਣਾ ਓਸੇ ਤਰ੍ਹਾਂ ਦੀ ਭਲਾਈ ਹੈ ਜਿਵੇਂ ਇਮਤਿਹਾਨ ਵਿਚ ਫੇਲ੍ਹ ਹੋਏ ਬੱਚੇ ਨੂੰ ਇਕ ਹੋਰ ਇਮਤਿਹਾਨ ਦਾ ਸਮਾਂ ਦੇਣਾ । ਦਾਣਾ ਕੇਵਲ ਓਹੋ ਮੁੜ ਉੱਗਦਾ ਹੈ ਜੋ ਅਜੇ ਕੱਚਾ ਹੈ ਪਰ ਜੋ ਭੁੱਜ ਕੇ ਪੱਕ ਜਾਂਦਾ ਹੈ, ਉਹ ਮੁੜ ਉੱਗਦਾ ਨਹੀਂ । ਪੱਕਾ ਹੋਇਆ ਫਲ ਕਦੇ ਟਾਹਣੀ ਨਾਲ ਨਹੀਂ ਰਹਿ ਸਕਦਾ, ਉਹ ਮਾਲਕ ਦੇ ਘਰ ਪੁੱਜਦਾ ਹੈ। ਪੁੱਤਰ ਨੂੰ ਪਿਉ ਖੁਸ਼ੀ ਖੁਸ਼ੀ ਅਖਾੜੇ ਘੁਲਣ ਲਈ ਮੁੜ ਮੁੜ ਕਿਉਂ ਭੇਜਦਾ ਹੈ ? ਘੋਲ ਤੋਂ ਲੱਗੀ ਸੱਟ-ਪੇਟ ਦੀ ਵੀ ਉਹ ਪ੍ਰਵਾਹ ਕਿਉਂ ਨਹੀਂ ਕਰਦਾ ? ਇਸ ਲਈ ਕਿ ਉਹ ਬੱਚੇ ਨੂੰ ਇਸ ਤਰ੍ਹਾਂ ਹੀ ਪੱਕਾ ਕਰ ਸਕਦਾ ਹੈ । ਗੁਰੂ ਜੀ ਨੇ ਇੱਥੇ ਆਵਾਗਵਨ ਨੂੰ ਵੀ ਰੱਬ ਦੀ ਮਿਹਰ ਹੀ ਕਿਹਾ ਹੈ । ਆਰੰਭਕ ਸ਼ਬਦ ਵਿਚ ਹੀ ਹੋਰ ਅੱਗੇ ਚੱਲ ਕੇ ਗੁਰੂ ਜੀ ਦੱਸਦੇ ਹਨ ਕਿ ਕਰਮਾਂ ਦੇ ਫਲਾਂ ਤੋਂ ਬਚਣ ਲਈ ਸਫਲ ਰਾਹ ਇਹ ਹੈ ਕਿ ਆਪਣੀ ਕਰਨੀ ਨੂੰ, ਆਪਣੀ ਕ੍ਰਿਤ ਨੂੰ ਦਰੁੱਸਤ ਕਰ ਲਿਆ ਜਾਵੇ :-

"ਜਹ ਕਰਣੀ ਤਹ ਪੂਰੀ ਮਤਿ ॥
ਕਰਣੀ ਬਾਝਹੁ ਘਟੇ ਘਟਿ ॥" (ਅੰਗ ੨੫)

ਇਸ ਤੋਂ ਹੋਰ ਅਗਾਂਹ ਜਾ ਕੇ ਤੇ ਅਖ਼ੀਰ ਵਿਚ ਮਹਾਰਾਜ ਸਫਲ ਜੀਵਨ ਵਾਲੇ ਗਿਆਨੀ ਦੀ ਤਸਵੀਰ ਵਿਖਾਂਦੇ ਹਨ । ਆਪ ਕਹਿੰਦੇ ਹਨ ਕਿ ਅਸਲ ਗਿਆਨੀ ਉਹ ਹੁੰਦਾ ਹੈ ਜੋ ਆਪੇ ਨੂੰ ਪਛਾਣਦਾ ਹੈ:-

"ਆਪੁ ਪਛਾਣੈ ਬੂਝੈ ਸੋਇ ॥" (ਅੰਗ ੨੫)

ਜੋ ਆਪਣੇ ਆਪ ਨੂੰ ਪਛਾਣਦਾ ਹੈ, ਉਹ ਆਪਣੇ ਮਨ ਦੀਆਂ ਤਰੁੱਟੀਆਂ, ਸਬੂਤੀਆਂ ਨੂੰ ਚੰਗੀ ਤਰ੍ਹਾਂ ਵੇਖ ਲੈਂਦਾ ਹੈ ਤੇ ਆਪਣੇ ਸਾਰੇ ਜੀਵਨ ਨੂੰ ਹਰੀ ਦੇ ਵਰਤ ਰਹੇ ਬੇਅੰਤ ਹੁਕਮ ਨਾਲ ਇਕ-ਸੁਰ ਕਰ ਲੈਂਦਾ ਹੈ । ਹਉਮੈਂ ਤੋਂ ਹੀ ਤਾਂ ਇਹ ਅਵਾਗਵਨ ਦਾ ਚੱਕਰ ਚੱਲਿਆ ਸੀ । ਏਸੇ ਨੇ ਹੀ 'ਜੀਵ-ਆਤਮਾ' ਨੂੰ ਪਰਮਾਤਮਾ ਤੋਂ ਨਿਖੇੜਿਆ ਸੀ । ਇਸ ਨੇ ਹੀ ਮਾਇਆ ਦੇ ਪਰਦੇ ਹੇਠ ਤੇ ਤਿੰਨ ਗੁਣਾਂ ਦੇ ਪ੍ਰਭਾਵਾਂ ਹੇਠ ਜੀਵ ਨੂੰ ਕਰਮਾਂ ਦੇ ਚੱਕਰ ਵਿਚ ਪਾ ਦਿੱਤਾ ਸੀ, ਜਿਸ ਦੇ ਕਾਰਨ ਇਸ ਨੂੰ ਸੱਚ ਦੀ ਸਮਝ ਹੀ ਨਹੀਂ ਪੈਂਦੀ ਸੀ ।

ਸੋ ਇਸ ਹਉਮੈਂ ਨੂੰ ਖ਼ਤਮ ਕਰਕੇ ਰੱਬ ਦੀ ਰਜ਼ਾ ਨਾਲ ਇਕ-ਸੁਰ ਹੋਣ ਦਾ ਵੱਲ ਸਿੱਖਣਾ ਪੈਂਦਾ ਹੈ । ਫਿਰ ਸਭ ਠੀਕ ਹੋ ਜਾਂਦਾ ਹੈ। ਕਰਮਾਂ ਦੀ ਖੇਡ, ਜਿਸ ਵਿਚ ਹੁਣ ਹਰ ਕੋਈ ਪਿਆ ਹੈ, ਏਸੇ ਤਰ੍ਹਾਂ ਹੀ ਖ਼ਤਮ ਹੁੰਦੀ ਹੈ। ਅਸਾਂ ਉੱਪਰ ਵੇਖਿਆ ਹੈ ਕਿ ਕਰਮਾਂ ਦੇ ਚੱਕਰ ਦਾ ਆਰੰਭ ਪ੍ਰਮਾਤਮਾ ਤੋਂ ਹੀ ਹੋਇਆ ਸੀ ਤੇ ਇਸ ਚੱਕਰ ਨੂੰ ਖ਼ਤਮ ਵੀ ਉਹ ਪ੍ਰਮਾਤਮਾ ਆਪ ਹੀ ਕਰਦਾ ਹੈ । ਜਦ ਗੁਰੂ ਦੇ ਹਵਾਲੇ ਹੋ ਕੇ ਹਉਮੈਂ ਨੂੰ ਮਾਰ ਦਿੱਤਾ ਜਾਂਦਾ ਹੈ ਤਾਂ ਹੀ ਅਸਲ ਆਪੇ ਦੀ, ਜਾਂ ਜੋਤ ਸਰੂਪ ਦੀ ਪਛਾਣ ਹੋ ਜਾਂਦੀ ਹੈ ਤੇ ਹਰੀ ਨਾਲ ਅਭੇਦ ਹੋ ਸਕੀਦਾ ਹੈ । ਉਸ ਮੰਡਲ ਵਿਚ ਪੁੱਜ ਕੇ ਕਰਮਾਂ ਦੀ ਫਾਹੀ ਆਪਣੇ ਆਪ ਟੁੱਟ ਜਾਂਦੀ ਹੈ । ਫਿਰ ਸਭ ਮਾਇਕੀ ਭੁੱਖਾਂ ਮੁੱਕ ਜਾਂਦੀਆਂ ਹਨ ਤੇ ਸਿੱਟੇ ਵਜੋਂ ਸਦੈਵੀ ਅਨੰਦ ਪ੍ਰਾਪਤ ਹੋ ਜਾਂਦਾ ਹੈ ।

ਪਿੱਛੇ ਅਸਾਂ ਗੁਰੂ ਨਾਨਕ ਦੇਵ ਜੀ ਦਾ ਇਕੋ ਸ਼ਬਦ, ਸਿਰੀ ਰਾਗ ਵਿਚੋਂ ਲੈ ਕੇ, **'ਕਰਮਾਂ'** ਦੇ ਮਸਲੇ ਦਾ ਕਈ ਪੱਖਾਂ ਤੋਂ ਅਧਿਐਨ ਕੀਤਾ ਹੈ। ਇਸੇ ਤਰ੍ਹਾਂ ਹੀ ਅਸੀਂ ਸਭ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਵਿਚੋਂ ਇਕ ਇਕ ਸ਼ਬਦ ਦੁਆਰਾ ਇਸ ਮਸਲੇ ਨੂੰ ਵਿਖਾਲ ਸਕਦੇ ਹਾਂ, ਮਸਲਨ ਗੁਰੂ



ਅਰਜਨ ਦੇਵ ਜੀ ਦਾ ਇਹ ਸ਼ਬਦ ਵੇਖੋ :-

"ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥
ਮਾਝ ਮਹਲਾ ੫ ॥ (ਅੰਗ ੧੩੫)

"ਕੱਤਕ ਦੇ ਮਹੀਨੇ ਨੂੰ ਓਟ ਬਣਾ ਕੇ ਗੁਰੂ ਸਾਹਿਬ ਜੀਵਾਂ ਨੂੰ ਇਉਂ ਸੁਨੇਹਾ ਦਿੰਦੇ ਹਨ—ਹਰ ਕਿਸੇ ਨੂੰ ਆਪਣੇ ਕੀਤੇ ਕਰਮਾਂ ਦੀ ਕਮਾਈ ਦਾ ਫਲ ਭੋਗਣਾ ਪੈਂਦਾ ਹੈ, ਇਸ ਲਈ ਹੋਰ ਕਿਸੇ ਨੂੰ ਦੋਸ਼ ਦੇਣਾ ਠੀਕ ਨਹੀਂ ਹੁੰਦਾ। ਯਾਦ ਰੱਖੋ ਕਿ ਪ੍ਰਮੇਸ਼ਰ ਨੂੰ ਭੁੱਲ ਕੇ ਸਭ ਰੋਗ (ਸਰੀਰਕ, ਮਾਨਸਿਕ ਤੇ ਅਧਿਆਤਮਕ) ਉਪਜਦੇ ਹਨ, ਪ੍ਰਮਾਤਮਾ ਨੂੰ ਕੰਡ ਦੇਣ ਨਾਲ ਜਨਮ ਜਨਮਾਂਤਰਾਂ ਦੇ ਵਿਛੋੜੇ ਉਸ ਨਾਲ ਹੋ ਜਾਂਦੇ ਹਨ । ਮਾਇਕੀ ਪਦਾਰਥਾਂ ਦੇ ਭੋਗ-ਵਿਲਾਸ ਤਾਂ ਇਕ ਪਲ ਵਿਚ ਕੌੜੇ ਹੋ ਜਾਂਦੇ ਹਨ । ਕੋਈ ਵੀ ਹੋਰ ਜੀਵ ਵਿਚ ਪੈ ਕੇ ਕਿਸੇ ਨੂੰ ਉਸ ਦੇ ਪਾਪਾਂ ਤੋਂ ਛੁਟਕਾਰਾ ਨਹੀਂ ਦਿਵਾ ਸਕਦਾ, ਇਸ ਲਈ ਕਿਸ ਪਾਸ ਜਾ ਕੇ ਕੋਈ ਆਪਣਾ ਦੁੱਖ ਰੋਂਦਾ ਫਿਰੇ । ਧੁਰ ਤੋਂ ਹੀ ਕਰਮਾਂ ਦਾ ਲੇਖਾ ਮਾਨੋਂ ਲਿਖਿਆ ਹੁੰਦਾ ਹੈ ਤੇ ਇਸ ਦਾ ਫਲ ਭੋਗਣਾ ਹੀ ਪੈਂਦਾ ਹੈ। ਪਰ ਜੇ ਵੱਡੇ ਭਾਗਾਂ ਨਾਲ ਕਿਸੇ ਨੂੰ ਮੇਰਾ ਪ੍ਰਭੂ ਮਿਲ ਪਏ ਤਾਂ ਉਸ ਦੇ ਸਭ ਵਿਛੋੜੇ ਸਦੀਵੀ ਤੌਰ 'ਤੇ ਮੁੱਕ ਜਾਂਦੇ ਹਨ, ਸਮੇਤ ਸਭ ਕਿਸਮ ਦੇ ਦੁੱਖ ਕਸ਼ਟਾਂ ਦੇ ਵੀ। ਇਸ ਲਈ, ਹੇ ਮੇਰੇ ਸਾਹਿਬ ਪ੍ਰਮਾਤਮਾ, ਹੇ ਸਭ ਦੇ ਬੰਧਨ ਕੱਟਣ ਵਾਲੇ ਪਮਾਤਮਾ, ਆਪ ਹੀ ਮੇਰੀ ਰੱਖਿਆ ਕਰੋ। ਸੋ ਕੱਤਕ ਦਾ ਸੁਨੇਹਾ ਹਰ ਕਿਸੇ ਲਈ ਇਹ ਹੈ ਕਿ ਸਾਧ ਸੰਗਤ ਦੁਆਰਾ ਸਭ ਦੁੱਖ, ਫ਼ਿਕਰ ਝੋਰੇ ਮੁੱਕ ਜਾਂਦੇ ਹਨ।"

ਇਸ ਸ਼ਬਦ ਦਾ ਸਮੁੱਚਾ ਭਾਵ ਇਹ ਹੈ ਕਿ ਹਰ ਮਨੁੱਖ ਆਪਣੇ ਕਰਮ ਦਾ ਆਪ ਜ਼ਿੰਮੇਵਾਰ ਹੈ । ਜਿਸ ਸ਼ਕਲ ਵਿਚ ਵੀ ਇਸ ਵੇਲੇ ਕੋਈ ਹੈ, ਉਹ ਉਸਦੇ ਆਪਣੇ ਕੀਤੇ ਕਰਮਾਂ ਤੋਂ ਹੀ ਉਪਜੀ ਹੈ । ਉਸ ਦਾ ਹਰ ਅਮਲ, ਚੰਗਾ ਜਾਂ ਮੰਦਾ, ਉਸ ਦੀ ਚੰਗੀ ਜਾਂ ਮੰਦੀ ਸ਼ਖ਼ਸੀਅਤ ਬਣਾ ਗਿਆ ਹੈ :

**"ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥**

**ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ॥"**

**ਆਸਾ ਮਹਲਾ ੫ ॥ (ਅੰਗ ੪੬੧)**

'ਜੋ ਕੁਛ, ਹੇ ਜੀਵ ਤੂੰ ਕੀਤਾ ਹੈ, ਉਹ ਤੇਰੇ ਮੱਥੇ ਉੱਤੇ ਮਾਨੋਂ ਲਿਖਿਆ ਗਿਆ ਹੈ । ਕੀ ਤੂੰ ਉਸ ਲਿਖੇ ਲੇਖ ਨੂੰ ਹਰੀ ਤੋਂ ਲੁਕੋ ਸਕਦਾ ਹੈਂ? ਜੋ ਤੇਰੇ ਅੰਦਰ ਹੋ ਕੇ ਸਭ ਕੁਝ ਵੇਖ ਰਿਹਾ ਹੈ ।'

ਹੋਰ : **ਚਿਤ ਗੁਪਤ ਕਰਮਹਿ ਜਾਨ ॥ (ਅੰਗ ੮੩੮)**

ਚਿਤਰ ਗੁਪਤ, ਜੀਵਾਂ ਦੇ ਆਪਣੇ ਹੀ ਕਰਮ ਹਨ ਜੋ ਉਨ੍ਹਾਂ ਦੇ ਅੰਦਰ ਲਿਖੇ ਹੋਏ ਹਨ । ਪਰ ਕਰਮਾਂ ਦੀ ਫਾਹੀ ਤੋਂ ਛੁਟਕਾਰਾ ਇਉਂ ਹੁੰਦਾ ਹੈ :

**'ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥**

**ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥'**

**ਸੋਰਠਿ ਮਹਲਾ ੫ ॥ (ਅੰਗ ੬੧੪)**

ਅਰਥਾਤ—'ਸੰਤ ਜਨਾਂ ਨੇ ਮੈਨੂੰ 'ਨਾਮ' ਦੀ ਦਾਤ ਬਖ਼ਸ਼ੀ ਹੈ, ਜਿਸ ਨਾਲ ਮੇਰੇ ਸਾਰੇ ਭੁਲੇਖੇ ਲਹਿ ਗਏ ਹਨ । ਦੱਸੋ, ਹੁਣ ਧਰਮਰਾਜ ਦੀ ਕੀ ਪੇਸ਼ ਜਾਂਦੀ ਹੈ, ਜਦੋਂ ਸਭ ਕਰਮਾਂ ਦੇ ਮੇਰੇ ਹਿਸਾਬ ਕਿਤਾਬ ਹੀ ਫਾੜ ਦਿੱਤੇ ਗਏ ਹੋਣ ?'

ਹੋਰ : **ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥**

**ਸੋਰਠਿ ਮਹਲਾ ੫ (ਅੰਗ ੬੧੨)**

"ਨਾਨਕ ਨੂੰ, ਗੁਰੂ ਨੇ ਭਗਤੀ ਦੇ ਭੰਡਾਰ ਹੀ ਬਖ਼ਸ਼ ਦਿੱਤੇ ਹਨ ਤੇ ਮੁੜ ਇਸ ਕਾਰਨ ਕੀਤੇ ਕਰਮਾਂ ਦਾ ਲੇਖਾ ਲੈਣਾ ਛੱਡ ਹੀ ਦਿੱਤਾ ਹੈ ।



# ਅਪੀਲ

ਸੇਵਕ ਕਉ ਸੇਵਾ ਬਨਿ ਆਈ ॥

ਹੁਕਮੁ ਬੂਝਿ ਪਰਮ ਪਦੁ ਪਾਈ ॥

ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਮਾਹੌਲ ਵਿਚ ਅਤੇ ਗੁਰਬਾਣੀ ਦੀ ਸਿੱਖਿਆ 'ਤੇ ਚੱਲਦਿਆਂ ਭਗਤ ਪੂਰਨ ਸਿੰਘ ਜੀ ਨੇ ਲਾਹੌਰ ਵਿਖੇ ਨਿਸ਼ਕਾਮ ਸੇਵਾ ਦਾ ਕੰਮ ਆਰੰਭ ਕੀਤਾ ਸੀ, ਉਸ ਨੂੰ ਅੰਮ੍ਰਿਤਸਰ ਪਹੁੰਚ ਕੇ ਅਮਲੀ ਜਾਮਾ ਪਹਿਨਾਇਆ ਗਿਆ । ਦੇਸ਼ ਦੀ ਵੰਡ ਸਮੇਂ ੧੮ ਅਗਸਤ ੧੯੪੭ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰਫ਼ਿਊਜੀ ਕੈਂਪ ਵਿਚ ਪੁੱਜ ਕੇ ਭਗਤ ਜੀ ਨੇ ਦੁੱਖੀ ਮਨੁੱਖਤਾ ਦੀ ਸੇਵਾ ਬੜੀ ਸ਼ਿੱਦਤ ਨਾਲ ਆਰੰਭ ਕਰ ਦਿੱਤੀ ਜੋ ਕਿ ਹੈਜ਼ੇ ਦੀ ਵਜ੍ਹਾ ਕਾਰਨ ਉਸ ਵੇਲੇ ਦੀ ਲੋੜ ਬਣ ਗਈ ਸੀ। ਇਸ ਤੋਂ ਪਿੱਛੋਂ ਉਹਨਾਂ ਨੇ ਕਦੀ ਪਿੱਛੋਂ ਭੌਂ ਕੇ ਨਹੀਂ ਵੇਖਿਆ ਅਤੇ ਮੌਜੂਦਾ ਰੂਪ ਵਿਚ ਪਿੰਗਲਵਾੜਾਂ ਬਣਨ ਤਕ ਇਸ ਦੇ ਬਾਨੀ ਨੂੰ ਦਿਨ ਰਾਤ ਇਕ ਇਕ ਕਰਕੇ ਸਖ਼ਤ ਘਾਲਣਾ ਘਾਲਣੀ ਪਈ । ਪਿੰਗਲਵਾੜਾ ਵਿਚ ਇਸ ਵੇਲੇ ੧੭੧੭ ਲਾਚਾਰ ਰੋਗੀ ਹਨ ਜਿਨ੍ਹਾਂ ਦੀ ਧਰਮ, ਜਾਤ, ਨਸਲ ਜਾਂ ਰੰਗ ਦੇ ਵਿਤਕਰੇ ਦੇ ਸੇਵਾ ਸੰਭਾਲ ਕੀਤੀ ਜਾਂਦੀ ਹੈ । ਇਹਨਾਂ ਵਿਚ ਲਾਚਾਰ, ਅਪਾਹਿਜ, ਬਿਮਾਰ ਅਤੇ ਪਾਗਲ ਔਰਤਾਂ, ਮਰਦ, ਬੱਚੇ ਅਤੇ ਬੁੱਢੇ ਸ਼ਾਮਿਲ ਹਨ । ਇਹਨਾਂ ਵਿਚੋਂ ਕੁਝ ਨਾ ਠੀਕ ਹੋਣ ਵਾਲੇ ਅਤੇ ਭਿਆਨਕ ਰੋਗਾਂ ਤੋਂ ਗ੍ਰਸਤ ਰੋਗੀ ਸ਼ਾਮਲ ਹਨ।

ਇਸ ਤੋਂ ਇਲਾਵਾ, ਬਹੁਤ ਸਾਰਾ ਸਾਹਿਤ ਛਾਪ ਕੇ ਮੁਫ਼ਤ ਵੰਡਿਆ ਜਾਂਦਾ ਹੈ । ਗ਼ਰੀਬ ਬੱਚਿਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾਂਦੀ ਹੈ । ਅਪਾਹਿਜਾਂ ਨੂੰ ਮੁਫ਼ਤ ਬਣਾਵਟੀ ਅੰਗ ਲਗਾਏ ਜਾਂਦੇ ਹਨ ਅਤੇ ਵਾਤਾਵਰਣ ਦੀ ਸੰਭਾਲ ਅਤੇ ਸ਼ੁੱਧਤਾ ਲਈ ਸਰਕਾਰੀ ਅਤੇ ਸਾਂਝੀਆਂ ਥਾਵਾਂ ਤੇ ਮੁਫ਼ਤ ਰੁੱਖ ਲਗਾਏ ਜਾਂਦੇ ਹਨ, ਇਤਿਆਦਿ।

ਪਿੰਗਲਵਾੜੇ ਦਾ ਰੋਜ਼ ਦਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਵੀ ਵੱਧ ਹੈ ਜੋ ਕਿ ਦਾਨੀ ਸੱਜਣਾਂ ਅਤੇ ਪਿੰਗਲਵਾੜੇ ਦੇ ਹਿਤੈਸ਼ੀਆਂ ਵਲੋਂ ਦਿੱਤੇ ਦਾਨ ਅਤੇ ਸਹਾਇਤਾ ਨਾਲ ਚੱਲਦਾ ਹੈ । ਦਾਨੀ ਸੱਜਣਾਂ ਨੂੰ ਸਨਿਮਰ ਅਪੀਲ ਕੀਤੀ ਜਾਂਦੀ ਹੈ ਕਿ ਸੰਸਥਾਂ ਨੂੰ ਮਨੀਆਰਡਰ, ਬੈਂਕ ਡਰਾਫਟ ਅਤੇ ਚੈੱਕ ਰਾਹੀਂ ਦਾਨ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਇਸ ਸ਼ੁੱਭ ਕੰਮ ਨੂੰ ਜਾਰੀ ਰੱਖਿਆ ਜਾਵੇ।

ਡਾ: ਇੰਦਰਜੀਤ ਕੌਰ
ਮੁੱਖ ਸੇਵਿਕਾ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ ।
ਫ਼ੋਨ : 0183-2584586, 2584713, ਫ਼ੈਕਸ : 0183-2584586
E-mail: pingalwara57@gmail.com Website: pingalwara.org